# BHARTI KAAV SHAASHTAR DE SANDHARAB VICH GURU ARJAN DEV JI DI BANI DA ADHYAN

Thesis Submitted For the Award of the Degree of

## DOCTOR OF PHILOSOPHY

**in**

**Punjabi**

**By**

**Hardevinder Singh**

**Registration No. 41800092**

**Supervised By**

**Dr. Harpreet Singh (UID-17259)**

**Punjabi Department (Associate Professor)**

**Lovely Professional University**

Transforming Education Transforming India

**LOVELY PROFESSIONAL UNIVERSITY**
**PUNJAB**
**2023**

## ਸਵੈ-ਘੋਸ਼ਣਾ

ਮੈਂ ਹਰਦਵਿੰਦਰ ਸਿੰਘ ਇਹ ਘੋਸ਼ਣਾ ਕਰਦਾ ਹਾਂ ਕਿ '**ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਅਧਿਐਨ**' ਵਿਸ਼ੇ ਉੱਤੇ ਪੀ-ਐੱਚ.ਡੀ. (ਪੰਜਾਬੀ) ਦੀ ਡਿਗਰੀ ਲਈ ਪ੍ਰਸਤੁਤ ਇਸ ਖੋਜ-ਪ੍ਰਬੰਧ ਵਿਚਲਾ ਸਮੁੱਚਾ ਖੋਜ-ਕਾਰਜ ਨਿਰੋਲ ਮੇਰਾ ਆਪਣਾ ਹੈ ਅਤੇ ਇਹ ਮੇਰਾ ਮੌਲਿਕ ਖੋਜ-ਕਾਰਜ ਹੈ। ਇਸ ਤੋਂ ਪਹਿਲਾਂ ਇਹ ਖੋਜ-ਪ੍ਰਬੰਧ ਅਤੇ ਇਸ ਵਿਚਲਾ ਕੋਈ ਵੀ ਖੋਜ-ਕਾਰਜ ਕਿਸੇ ਵੀ ਯੂਨੀਵਰਸਿਟੀ ਵਿਚ ਕਿਸੇ ਵੀ ਡਿਗਰੀ ਲਈ ਪ੍ਰਸਤੁਤ ਨਹੀਂ ਕੀਤਾ ਗਿਆ ਹੈ।

ਹਰਦਵਿੰਦਰ ਸਿੰਘ
20/4/2023

**(Signature of Scholar)**

Name of the scholar: **Hardevinder Singh**

Registration No.: **41800092**

Department/school: **Department of Punjabi / School of Social Sciences & Languages**


University: **Lovely Professional University, Phagwara, Punjab**

Date: **20-04-2023**

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਹਰਦਵਿੰਦਰ ਸਿੰਘ ਨੇ '**ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਅਧਿਐਨ**' ਵਿਸ਼ੇ ਉੱਤੇ ਪੀ-ਐੱਚ.ਡੀ. (ਪੰਜਾਬੀ) ਦੀ ਡਿਗਰੀ ਲਈ ਪ੍ਰਸਤੁਤ ਇਸ ਖੋਜ-ਪ੍ਰਬੰਧ ਨੂੰ ਮੇਰੀ ਨਿਗਰਾਨੀ ਹੇਠ ਤਿਆਰ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਰਚਨਾ ਹੈ। ਇਸ ਤੋਂ ਪਹਿਲਾਂ ਇਹ ਖੋਜ-ਪ੍ਰਬੰਧ ਕਿਸੇ ਵੀ ਯੂਨੀਵਰਸਿਟੀ ਵਿਚ ਕਿਸੇ ਵੀ ਡਿਗਰੀ ਲਈ ਪ੍ਰਸਤੁਤ ਨਹੀਂ ਕੀਤਾ ਗਿਆ।

ਖੋਜਾਰਥੀ ਨੇ ਇਸ ਖੋਜ-ਪ੍ਰਬੰਧ ਵਿਚ ਡਾਕਟਰਲ ਬੋਰਡ ਦੇ ਵਿਦਵਾਨਾਂ ਦੁਆਰਾ ਦਿੱਤੇ ਗਏ ਸਾਰੇ ਸੁਝਾਵਾਂ ਅਨੁਸਾਰ ਸੋਧ ਕਰ ਦਿੱਤੀ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਪੀ-ਐੱਚ.ਡੀ. (ਪੰਜਾਬੀ) ਦੀ ਡਿਗਰੀ ਲਈ ਪ੍ਰਸਤੁਤ ਕਰਨ ਦੀ ਆਗਿਆ ਦਿੰਦਾ ਹਾਂ।



**(Signature of Supervisor)**

Name of supervisor: **Dr. Harpreet Singh**

Designation: **Associate Professor**

Department/school: **Department of Punjabi / School of Social Sciences & Languages**

University: **Lovely Professional University, Phagwara, Punjab**

Date: **20-04-2023**

# ਭੂਮਿਕਾ

ਭਾਰਤੀ ਕਾਵਿ-ਸ਼ਾਸਤਰ ਦੀ ਆਪਣੀ ਅਮੀਰ, ਮੌਲਿਕ ਅਤੇ ਗੌਰਵਸ਼ਾਲੀ ਪਰੰਪਰਾ ਹੈ। ਪੁਰਾਤਨ ਸਮੇਂ ਤੋਂ ਲੈ ਕੇ ਆਧੁਨਿਕ ਸਮੇਂ ਵਿਚ ਵੀ ਸਾਹਿਤਿਕ ਆਲੋਚਨਾ ਦੇ ਖੇਤਰ ਵਿਚ ਭਾਰਤੀ ਕਾਵਿ-ਸ਼ਾਸਤਰ ਨੂੰ ਵਿਸ਼ੇਸ਼ ਕਸਵੱਟੀ ਮੰਨਿਆ ਜਾਂਦਾ ਰਿਹਾ ਹੈ, ਕਿਉਂਕਿ ਭਾਰਤੀ ਕਾਵਿ-ਸ਼ਾਸਤਰ ਦਾ ਆਧਾਰ ਕਿਸੇ ਰਚਨਾ ਦੇ ਕਲਾਤਮਕ ਜਾਂ ਸਾਹਿਤਿਕ ਗੁਣਾਂ ਨੂੰ ਪਛਾਣਨਾ ਅਤੇ ਵਿਸ਼ਲੇਸ਼ਣ ਕਰਨਾ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰਮਤਿ ਦੇ ਬਾਣੀਕਾਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਦੇ ਤੌਰ ਤੇ ਵਿਸ਼ੇਸ ਪਹਿਚਾਣ ਸਥਾਪਿਤ ਕੀਤੀ ਹੈ। ਅਧਿਆਤਮਕ ਗੁਰੂ ਦੇ ਤੌਰ ਤੇ ਗੁਰੂ ਅਰਜਨ ਦੇਵ ਜੀ ਦਾ ਚਿੰਤਨ ਅੱਜ ਵੀ ਸਾਰਥਿਕ ਅਤੇ ਪ੍ਰਾਸੰਗਿਕ ਮੰਨਿਆ ਜਾਂਦਾ ਹੈ, ਪਰ ਚਿੰਤਨ ਦੇ ਪ੍ਰਭਾਵਸ਼ਾਲੀ ਅਤੇ ਗ੍ਰਹਿਣਯੋਗ ਹੋਣ ਪਿਛੇ ਕਾਰਜਸ਼ੀਲ ਕਲਾਤਮਕ ਅਤੇ ਸਿਰਜਨਾਤਮਕ ਤੱਤਾਂ ਦੀ ਪਹਿਚਾਣ ਕਰਨਾ ਇਸ ਖੋਜ-ਕਾਰਜ ਦਾ ਮੁੱਖ ਮੰਤਵ ਜਾਂ ਉਦੇਸ਼ ਹੈ। ਸੋ ਇਸ ਖੋਜ-ਕਾਰਜ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿਚ ਅਧਿਐਨ ਕਰਨਾ ਅਤੇ ਗੁਰੂ ਜੀ ਦੀ ਬਾਣੀ ਵਿਚਲੇ ਰੂਪਾਤਮਕ ਤੱਤਾਂ ਦੀ ਪਛਾਣ ਕਰਕੇ ਗੁਰੂ-ਕਵੀ, ਸਾਹਿਤਕਾਰ ਜਾਂ ਲੇਖਕ ਦੇ ਰੂਪ ਵਿਚ ਗੁਰੂ ਜੀ ਦੀ ਵਿਲੱਖਣਤਾ ਜਾਂ ਨਿਵੇਕਲੇਪਣ ਨੂੰ ਪ੍ਰਸਤੁਤ ਕਰਨ ਦਾ ਉਪਰਾਲਾ ਹੈ।

ਭਾਰਤੀ ਕਾਵਿ-ਸ਼ਾਸਤਰ ਦਾ ਆਧਾਰ ਕਵਿਤਾ ਦੇ ਕਲਾਤਮਕ / ਸਾਹਿਤਿਕ ਗੁਣਾਂ ਨੂੰ ਪਛਾਣਨਾ ਹੈ। ਕਿਸੇ ਵੀ ਸਾਹਿਤਕ ਰਚਨਾ (ਕਵਿਤਾ, ਵਾਰਤਕ) ਦਾ ਆਧਾਰ ਸਾਹਿਤਕਾਰ ਜਾਂ ਕਵੀ ਦਾ ਨਿਵੇਕਲਾ ਜਾਂ ਵਿਲੱਖਣ ਅਨੁਭਵ, ਸ਼ਬਦਾਂ ਦੀ ਚੋਣ ਅਤੇ ਵਿਚਾਰਾਂ ਨੂੰ ਸ਼ਬਦਾਂ ਰਾਹੀਂ ਪ੍ਰਸਤੁਤ ਕਰਨ ਦੀ ਲਿਖਣ ਸ਼ੈਲੀ ਹੁੰਦੀ ਹੈ। ਜਦੋਂ ਜੀਵਨ ਜਾਂ ਪ੍ਰਕ੍ਰਿਤੀ ਵਿਚੋਂ ਅਦਭੁਤ ਜਾਂ ਦਿਲਚਸਪ ਦ੍ਰਿਸ਼ ਕਵੀ ਜਾਂ ਲੇਖਕ ਨੂੰ ਪ੍ਰਭਾਵਿਤ ਕਰਦੇ ਹਨ ਤਾਂ ਉਸ ਦੇ ਹਿਰਦੇ ਵਿਚ ਆਨੰਦ ਦਾ ਹੜ੍ਹ ਆ ਜਾਂਦਾ ਹੈ ਅਤੇ ਇਹ ਹੜ੍ਹ ਸਾਹਿਤਕਾਰ ਜਾਂ ਕਵੀ ਸ਼ਬਦਾਂ ਰਾਹੀਂ ਵਿਲੱਖਣ ਢੰਗ ਨਾਲ ਪਾਠਕਾਂ ਦੇ ਸਾਹਮਣੇ ਪ੍ਰਸਤੁਤ ਕਰਦਾ ਹੈ। ਚੰਗੇ ਸਾਹਿਤ ਵਿਚ ਰੂਪ ਤੇ

ਵਿਚਾਰ ਦੀ ਅਨੁਕੂਲਤਾ ਹੁੰਦੀ ਹੈ ਕਿਉਂਕਿ ਰੂਪ ਦੀ ਸੁੰਦਰਤਾ ਵਿਚ ਵਿਚਾਰ ਦੀ ਸੁੰਦਰਤਾ ਅਤੇ ਵਿਚਾਰ ਦੀ ਸੁੰਦਰਤਾ ਵਿਚ ਰੂਪ ਦੀ ਸੁੰਦਰਤਾ ਹੁੰਦੀ ਹੈ। ਹਰ ਸਾਹਿਤਕ ਰਚਨਾ ਦੇ ਦੋ ਭਾਗ ਹੁੰਦੇ ਹਨ : ਵਸਤੂ ਅਤੇ ਰੂਪ। ਜਿੱਥੇ ਵਸਤੂ ਦਾ ਸੰਬੰਧ ਰਚਨਾ ਦੀ ਵਿਚਾਰ ਸਮੱਗਰੀ, ਵਿਚਾਰਧਾਰਾਈ ਆਧਾਰ ਭਾਵ 'ਕੀ' ਨਾਲ ਹੈ, ਉੱਥੇ ਰੂਪ ਦਾ ਸੰਬੰਧ ਰਚਨਾ ਦੇ ਵਸਤੂ-ਵਿਧਾਨ, ਸ਼ਿਲਪ-ਵਿਧਾਨ, ਕਲਾ-ਕੁਸ਼ਲਤਾ, ਕਲਾਤਮਕ ਜੁਗਤਾਂ ਅਰਥਾਤ 'ਕਿਵੇਂ' ਨਾਲ ਸੰਬੰਧਿਤ ਹੁੰਦਾ ਹੈ। 'ਕਿਵੇਂ' ਦਾ ਸੰਬੰਧ ਸਾਹਿਤਕ ਰਚਨਾ ਦੇ ਮੁਲਾਂਕਣ ਜਾਂ ਸਮੀਖਿਆ ਦੇ ਨਾਲ ਹੈ ਜਿਸ ਵਿਚ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ (ਰਸ, ਧੁਨੀ, ਅਲੰਕਾਰ, ਰੀਤੀ, ਵਕ੍ਰੋਕਤੀ, ਔਚਿਤਯ) ਦੇ ਆਧਾਰ ਤੇ ਮੁਲਾਂਕਣ ਕੀਤਾ ਜਾਂਦਾ ਹੈ।

ਪੁਰਾਤਨ ਸਮੇਂ ਤੋਂ ਲੈ ਕੇ ਹੁਣ ਤੱਕ ਕਵਿਤਾ ਜਾਂ ਕਾਵਿ ਦੇ ਸ਼ਿਲਪ-ਵਿਧਾਨ / ਕਲਾਤਮਕ ਜੁਗਤਾਂ ਦੀ ਸਮੀਖਿਆ ਜਾਂ ਮੁਲਾਂਕਣ ਕਰਨ ਲਈ ਰਸ ਸਿਧਾਂਤ, ਧੁਨੀ ਸਿਧਾਂਤ, ਅਲੰਕਾਰ ਸਿਧਾਂਤ, ਰੀਤੀ ਸਿਧਾਂਤ, ਵਕ੍ਰੋਕਤੀ ਸਿਧਾਂਤ, ਔਚਿਤਯ ਸਿਧਾਂਤ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿਚ ਜਦੋਂ ਕਿਸੇ ਸਾਹਿਤਕ ਰਚਨਾ ਦਾ ਅਧਿਐਨ ਕੀਤਾ ਜਾਂਦਾ ਹੈ ਤਾਂ ਉਸ ਰਚਨਾ ਵਿਚਲੀ ਸ਼ਿਲਪ-ਵਿਧਾਨ ਦੀ ਭੂਮਿਕਾ, ਵਿਲੱਖਣਤਾ ਅਤੇ ਪ੍ਰਮਾਣਿਕਤਾ ਨੂੰ ਸਥਾਪਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਜਾਂਦਾ ਹੈ। ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ ਦੇ ਅਨੁਸਾਰ ਕਿਸੇ ਵੀ ਸਾਹਿਤਕ ਰਚਨਾ (ਕਵਿਤਾ) ਦਾ ਮੁਲਾਂਕਣ ਕਰਨ ਸਮੇਂ ਇਹ ਅਧਿਐਨ ਕਰਨ ਦਾ ਯਤਨ ਕੀਤਾ ਜਾਂਦਾ ਹੈ ਕਿ ਕਵੀ ਨੇ ਕਵਿਤਾ ਦੀ ਸ਼ਬਦਾਵਲੀ ਨੂੰ ਸਰਲ, ਰੌਚਕ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਕਿਹੋ ਜਿਹੇ ਉਪਰਾਲੇ ਕੀਤੇ ਹਨ?

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਅਤੇ ਸਿੱਖਾਂ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਧਾਰਮਿਕ ਗੁਰੂ ਹੋਣ ਦੇ ਨਾਲ-ਨਾਲ ਇਕ ਉੱਚ ਦਰਜ਼ੇ ਦੇ ਗੁਰੂ-ਕਵੀ ਜਾਂ ਰਚਨਾਕਾਰ ਵੀ ਸਨ, ਜਿਨ੍ਹਾਂ ਨੇ ਗੁਰਬਾਣੀ ਵਿਚਲੀ ਵਿਚਾਰਧਾਰਾ ਨੂੰ ਇਸ ਵਿਲੱਖਣ ਢੰਗ ਨਾਲ ਪ੍ਰਸਤੁਤ ਕੀਤਾ ਹੈ ਕਿ ਉਹ ਆਸਾਨੀ ਨਾਲ ਪਾਠਕਾਂ ਜਾਂ ਸਾਧਕਾਂ ਨੂੰ ਸਮਝ ਆ ਸਕੇ ਅਤੇ ਅਰਥ ਵਧੇਰੇ ਸਰਲ, ਰੌਚਕ, ਪ੍ਰਭਾਵਸ਼ਾਲੀ ਅਤੇ ਗ੍ਰਹਿਣਯੋਗ ਬਣ ਸਕਣ। ਇਸ

ਖੋਜ-ਪ੍ਰਬੰਧ ਵਿਚ ਗੁਰੂ ਅਰਜਨ ਦੇਵ ਜੀ ਦੀ ਸਮੁੱਚੀ ਗੁਰਬਾਣੀ ਵਿਚਲੀ ਵਿਲੱਖਣਤਾ, ਕਲਾਤਮਕਤਾ, ਸਿਰਜਨਾਤਮਕਤਾ ਅਤੇ ਸ਼ਿਲਪ-ਵਿਧਾਨ ਨਾਲ ਸੰਬੰਧਿਤ ਗੁਣਾਂ ਨੂੰ ਸਮਝਣ ਅਤੇ ਪਰਖਣ ਲਈ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ (ਰਸ, ਅਲੰਕਾਰ, ਧੁਨੀ, ਰੀਤੀ, ਵਕ੍ਰੋਕਤੀ ਅਤੇ ਔਚਿਤਯ) ਦੇ ਸੰਦਰਭ ਵਿਚ ਅਧਿਐਨ ਕਰਨ ਦਾ ਨਿਵੇਕਲਾ ਉਪਰਾਲਾ ਜਾਂ ਯਤਨ ਕੀਤਾ ਗਿਆ ਹੈ। ਇਸੇ ਕਰਕੇ ਇਸ ਖੋਜ-ਪ੍ਰਬੰਧ ਦਾ ਸਿਰਲੇਖ **'ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਅਧਿਐਨ'** ਰੱਖਿਆ ਗਿਆ ਹੈ।

ਗੁਰੂ ਅਰਜਨ ਦੇਵ ਜੀ ਜੀ ਦੀ ਸ਼ਖ਼ਸੀਅਤ ਉੱਚ-ਗੁਣਾਂ ਦੀ ਧਾਰਨੀ ਹੈ ਕਿਉਂਕਿ ਗੁਰੂ ਜੀ ਦੁਆਰਾ ਰਚੀ ਗਈ ਬਾਣੀ ਰਹੱਸਵਾਦ, ਆਦਰਸ਼ਵਾਦ ਅਤੇ ਅਧਿਆਤਮਕ ਦਾ ਸਿਖਰ ਹੈ। ਗੁਰੂ ਜੀ ਦੀ ਸਮੁੱਚੀ ਗੁਰਬਾਣੀ ਜਿੱਥੇ ਅਧਿਆਤਮਕਵਾਦ ਦੀਆਂ ਰਮਜਾਂ ਦਾ ਕਾਵਿ-ਬਿਰਤਾਂਤ ਹੈ, ਉੱਥੇ ਪਰਲੋਕ ਦੇ ਨਾਲ-ਨਾਲ ਲੋਕ ਦੀ ਵੀ ਸਮੁੱਚੀ ਅਗਵਾਈ ਕਰਨ ਦੇ ਸਮਰੱਥ ਹੈ। ਅੱਜ ਸਦੀਆਂ ਦੇ ਬਾਅਦ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਗੁਰਬਾਣੀ ਦੀ ਪ੍ਰਾਸੰਗਿਕਤਾ ਬਣੀ ਹੋਈ ਹੈ, ਕਿਉਂਕਿ ਸਮੁੱਚੀ ਗੁਰਬਾਣੀ ਦਾ ਮੁੱਖ ਪ੍ਰਯੋਜਨ ਮਨੁੱਖ ਦੀ ਸ਼ਖਸੀਅਤ ਦਾ ਸਰਵਪੱਖੀ ਵਿਕਾਸ ਕਰਨਾ ਹੈ। ਗੁਰੂ ਅਰਜਨ ਦੇਵ ਜੀ ਉੱਚ ਦਰਜ਼ੇ ਦੇ ਗੁਰੂ-ਕਵੀ, ਸਾਹਿਤਕਾਰ ਜਾਂ ਲੇਖਕ ਸਨ, ਜਿੰਨ੍ਹਾਂ ਦੀ ਵਿਲੱਖਣ ਜਾਂ ਨਿਵੇਕਲੀ ਕਾਵਿ-ਪ੍ਰਕਿਰਿਆ ਨੂੰ ਇਸ ਖੋਜ-ਕਾਰਜ ਦੁਆਰਾ ਪ੍ਰਮਾਣਿਤ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ।

ਇਸ ਖੋਜ-ਪ੍ਰਬੰਧ ਦੇ ਉਦੇਸ਼ਾਂ ਦੀ ਪ੍ਰਾਪਤੀ ਲਈ ਅਤੇ ਖੋਜ-ਕਾਰਜ ਨੂੰ ਪ੍ਰਣਾਲੀਬੱਧ ਰੂਪ ਵਿਚ ਨੇਪਰੇ ਚਾੜ੍ਹਨ ਲਈ ਖੋਜ-ਪ੍ਰਬੰਧ ਨੂੰ ਛੇ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ **'ਖੋਜ-ਕਾਰਜ : ਸਿਧਾਂਤਕ ਪਰਿਪੇਖ'** ਦਾ ਮੁੱਖ ਉਦੇਸ਼ ਖੋਜ-ਪ੍ਰਬੰਧ ਦੇ ਵਿਸ਼ੇ, ਖੇਤਰ, ਸਾਰਥਿਕਤਾ, ਪੂਰਵ ਖੋਜ ਸਰਵੇਖਣ, ਪਹੁੰਚ ਵਿਧੀ, ਗੁਰੂ ਅਰਜਨ ਦੇਵ ਜੀ ਦੀ ਸ਼ਖ਼ਸੀਅਤ ਅਤੇ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ ਬਾਰੇ ਸਿਧਾਂਤਕ ਜਾਣਕਾਰੀ ਪ੍ਰਸਤੁਤ ਕਰਨਾ ਹੈ। ਦੂਜੇ ਅਧਿਆਇ **'ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ : ਰਸ ਸੰਪਰਦਾਇ'** ਦਾ ਮੁੱਖ ਉਦੇਸ਼ ਗੁਰੂ ਅਰਜਨ ਦੇਵ ਜੀ ਦੀ ਸਮੁੱਚੀ ਬਾਣੀ ਦਾ ਰਸ ਸਿਧਾਂਤ,

ਰਸ ਦੀ ਪ੍ਰਕਿਰਿਆ (ਵਿਭਾਵ, ਅਨੁਭਾਵ, ਸੰਚਾਰੀ ਭਾਵ, ਸਥਾਈ ਭਾਵ) ਅਤੇ ਰਸ ਦੀਆਂ ਵਿਭਿੰਨ ਕਿਸਮਾਂ ਦੇ ਸੰਦਰਭ ਵਿਚ ਰਸ ਸਿਧਾਂਤ ਦੀ ਭੂਮਿਕਾ ਤੇ ਸਾਰਥਿਕਤਾ ਦਾ ਅਧਿਐਨ ਕਰਨਾ ਹੈ। ਤੀਜੇ ਅਧਿਆਇ **'ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ : ਧੁਨੀ ਸੰਪਰਦਾਇ'** ਦਾ ਮੁੱਖ ਉਦੇਸ਼ ਗੁਰੂ ਅਰਜਨ ਦੇਵ ਜੀ ਦੀ ਸਮੁੱਚੀ ਬਾਣੀ ਵਿਚੋਂ ਅਭਿਧਾ, ਲਕਸ਼ਣਾਂ ਅਤੇ ਵਿਅੰਜਨਾ ਸ਼ਬਦ ਸ਼ਕਤੀਆਂ ਨੂੰ ਪ੍ਰਸਤੁਤ ਕਰਨਾ ਹੈ। ਚੌਥੇ ਅਧਿਆਇ **'ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ : ਅਲੰਕਾਰ ਸੰਪਰਦਾਇ'** ਦਾ ਮੁੱਖ ਉਦੇਸ਼ ਗੁਰੂ ਅਰਜਨ ਦੇਵ ਜੀ ਦੀ ਸਮੁੱਚੀ ਬਾਣੀ ਵਿਚੋਂ ਸ਼ਬਦ ਅਲੰਕਾਰਾਂ, ਅਰਥ ਅਲੰਕਾਰਾਂ ਅਤੇ ਸ਼ਬਦਾਰਥ ਅਲੰਕਾਰਾਂ ਦੀ ਪਛਾਣ ਕਰਨਾ ਅਤੇ ਉਨ੍ਹਾਂ ਦੀ ਕਲਾਤਮਕਤਾ ਨੂੰ ਸਮਝਣਾ ਹੈ। ਪੰਜਵੇਂ ਅਧਿਆਇ **'ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ : ਰੀਤੀ ਸੰਪਰਦਾਇ'** ਦਾ ਮੁੱਖ ਉਦੇਸ਼ ਗੁਰੂ ਅਰਜਨ ਦੇਵ ਜੀ ਦੀ ਸਮੁੱਚੀ ਬਾਣੀ ਵਿਚੋਂ ਵੈਦਰਭੀ ਰੀਤੀ, ਗੌੜੀ ਰੀਤੀ ਅਤੇ ਪਾਂਚਾਲੀ ਰੀਤੀ ਦੇ ਸਰੂਪ ਦੁਆਰਾ ਅਧਿਐਨ ਕਰਨ ਦਾ ਉਪਰਾਲਾ ਕਰਨਾ ਹੈ। ਛੇਵੇਂ ਅਧਿਆਇ **'ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ : ਵਕ੍ਰੋਕਤੀ ਅਤੇ ਔਚਿਤਯ ਸੰਪਰਦਾਇ'** ਦਾ ਮੁੱਖ ਉਦੇਸ਼ ਗੁਰੂ ਅਰਜਨ ਦੇਵ ਜੀ ਦੀ ਸਮੁੱਚੀ ਬਾਣੀ ਵਿਚੋਂ ਵਕ੍ਰੋਕਤੀ ਅਤੇ ਔਚਿਤਯ ਸਿਧਾਂਤਾਂ ਦੇ ਲੱਛਣਾਂ ਅਤੇ ਗੁਣਾਂ ਦੀ ਤਲਾਸ਼ ਕਰਦੇ ਹੋਏ ਉਨ੍ਹਾਂ ਦੀ ਸਾਰਥਿਕਤਾ ਨੂੰ ਪਛਾਣਨਾ ਹੈ।

ਪਹਿਲੇ ਅਧਿਆਇ **'ਖੋਜ-ਕਾਰਜ : ਸਿਧਾਂਤਕ ਪਰਿਪੇਖ'** ਵਿਚ ਇਹ ਪ੍ਰਸਤੁਤ ਦਾ ਉਪਰਾਲਾ ਕੀਤਾ ਗਿਆ ਹੈ ਕਿ ਖੋਜ ਜਾਂ ਰਿਸਰਚ ਇਕ ਅਜਿਹੀ ਤਕਨੀਕ ਹੈ ਜਿਸ ਵਿਚ ਵੱਖ-ਵੱਖ ਨਿਯਮਾਂ, ਢੰਗਾਂ ਅਤੇ ਸਾਧਨਾਂ ਦੀ ਵਰਤੋਂ ਕਰਕੇ ਕਿਸੇ ਨਵੇਂ ਸੰਕਲਪ ਜਾਂ ਸਮੱਸਿਆ ਦਾ ਹੱਲ ਲੱਭਣ ਦਾ ਯਤਨ ਕੀਤਾ ਜਾਂਦਾ ਹੈ। ਖੋਜ-ਕਾਰਜ ਵਿਚ ਖੋਜਾਰਥੀ ਗਿਆਨ ਦੇ ਵੱਖ-ਵੱਖ ਸਰੋਤਾਂ ਅਤੇ ਵੱਖ-ਵੱਖ ਖੋਜ-ਢੰਗਾਂ ਰਾਹੀਂ ਖੋਜ ਨਾਲ ਸੰਬੰਧਿਤ ਤੱਥਾਂ ਨੂੰ ਇੱਕਠੇ ਕਰਦਾ ਹੈ ਤੇ ਫਿਰ ਘੋਖਵੀਂ ਜਾਂਚ, ਛਾਣ ਬੀਣ, ਤੁਲਨਾ ਅਤੇ ਪ੍ਰਮਾਣਿਕਤਾ ਦੁਆਰਾ ਸਿਧਾਂਤ ਜਾਂ ਸੰਕਲਪ ਨੂੰ ਪਾਠਕਾਂ ਜਾਂ ਸਮਾਜ ਦੇ ਸਾਹਮਣੇ ਪ੍ਰਸਤੁਤ ਕਰਦਾ ਹੈ। ਖੋਜ-ਕਾਰਜ ਲਈ ਚੁਣੇ ਗਏ ਵਿਸ਼ੇ ਦੇ ਨਿਵੇਕਲੇਪਣ ਅਤੇ ਮੌਲਿਕਤਾ ਲਈ ਹੁਣ ਤੱਕ ਹੋਏ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਿਤ ਪੂਰਵ ਖੋਜ-ਕਾਰਜਾਂ ਦਾ ਸਰਵੇਖਣ ਇਸੇ ਅਧਿਆਇ ਵਿਚ ਕੀਤਾ ਗਿਆ ਹੈ। ਇਸ ਉਪਰੰਤ ਇਸ

ਅਧਿਆਇ ਵਿਚ ਖੋਜ-ਕਾਰਜ ਦੇ ਵਿਸ਼ੇ ਦੀ ਸਾਰਥਿਕਤਾ ਦਾ ਸਪੱਸ਼ਟੀਕਰਨ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ (ਰਸ, ਧੁਨੀ, ਅਲੰਕਾਰ, ਰੀਤੀ, ਵਕ੍ਰੋਕਤੀ ਅਤੇ ਔਚਿਤਯ) ਦੀ ਕੀ ਉਪਯੋਗਤਾ ਹੈ ਤੇ ਇਹ ਸਿਧਾਂਤ ਗੁਰੂ ਅਰਜਨ ਦੇਵ ਜੀ ਦੀ ਸਮੁੱਚੀ ਬਾਣੀ ਦੀ ਵਰਤਮਾਨ ਸੰਚਾਰ ਪ੍ਰਕਿਰਿਆ ਵਿਚ ਕੀ ਮਹੱਤਵ ਰੱਖਦੇ ਹਨ? ਅਸੀਂ ਇਸ ਖੋਜ-ਕਾਰਜ ਦੁਆਰਾ ਇਹ ਲੱਭਣ ਜਾਂ ਪ੍ਰਮਾਣਿਤ ਕਰਨ ਦਾ ਉਪਰਾਲਾ ਕਰਾਂਗੇ ਕਿ ਗੁਰੂ ਜੀ ਦੀ ਬਾਣੀ ਵਿਚ ਵਰਤੇ ਗਏ ਅੱਖਰ, ਸ਼ਬਦ, ਵਾਕ, ਰਸ, ਅਲੰਕਾਰ, ਸ਼ਬਦ-ਸ਼ਕਤੀਆਂ, ਰੀਤੀ ਅਤੇ ਵਕ੍ਰੋਕਤੀ ਗੁਰਬਾਣੀ ਵਿਚਲੀ ਵਿਚਾਰਧਾਰਾ ਦੇ ਅਰਥਾਂ ਨੂੰ ਵਧੇਰੇ ਸਰਲ, ਰੌਚਕ, ਸਪੱਸ਼ਟ, ਵਿਲੱਖਣ, ਪ੍ਰਭਾਵਸ਼ਾਲੀ ਅਤੇ ਗ੍ਰਹਿਣਸ਼ੀਲ ਕਿਵੇਂ ਬਣਾਉਂਦੇ ਹਨ? ਇਸ ਖੋਜ-ਕਾਰਜ ਦੀ ਸਾਰਥਿਕਤਾ ਇਹ ਪ੍ਰਮਾਣਿਤ ਕਰਨ ਵਿਚ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੀ ਰਚਨਾ ਕਰਦੇ ਸਮੇਂ ਆਪਣੇ ਭਾਵ ਜਾਂ ਸੰਕਲਪ ਦੇ ਅਰਥ ਨੂੰ ਵਧੇਰੇ ਸਪੱਸ਼ਟ, ਵਿਲੱਖਣ, ਦ੍ਰਿੜ ਅਤੇ ਗ੍ਰਹਿਣਯੋਗ ਬਣਾਉਣ ਲਈ ਕਿਹੋ ਜਿਹੀਆਂ ਕਲਾਤਮਕ ਜਾਂ ਸ਼ਿਲਪ-ਵਿਧਾਨ ਨਾਲ ਸੰਬੰਧਿਤ ਜੁਗਤਾਂ ਦੀ ਵਰਤੋਂ ਕੀਤੀ ਹੈ?

ਇਸ ਉਪਰੰਤ ਪਹਿਲੇ ਅਧਿਆਇ ਵਿਚ ਖੋਜ-ਕਾਰਜ ਦੇ ਉਦੇਸ਼ਾਂ ਬਾਰੇ ਜਾਣਕਾਰੀ ਪ੍ਰਸਤੁਤ ਕੀਤੀ ਗਈ ਹੈ। ਇਸ ਖੋਜ-ਪ੍ਰਬੰਧ ਦਾ ਸਭ ਤੋਂ ਪਹਿਲਾ ਉਦੇਸ਼ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪੇਸ਼ ਅਧਿਆਤਮਕ ਦਰਸ਼ਨ ਨੂੰ ਭਾਰਤੀ ਕਾਵਿ-ਸ਼ਾਸਤਰ (ਰਸ, ਧੁਨੀ, ਅਲੰਕਾਰ, ਰੀਤੀ, ਵਕ੍ਰੋਕਤੀ, ਔਚਿਤਯ) ਦੇ ਨਿਯਮਾਂ ਅਨੁਸਾਰ ਵਿਚਾਰਨਾ ਹੈ। ਇਸ ਖੋਜ-ਕਾਰਜ ਦਾ ਦੂਜਾ ਉਦੇਸ਼ ਗੁਰੂ ਜੀ ਦੀ ਬਾਣੀ ਵਿਚ ਪੇਸ਼ ਰਚਨਾ ਦੀ ਸਿਰਜਨਾਤਮਕ ਤੇ ਸੁਹਜਾਤਮਕ ਪੇਸ਼ਕਾਰੀ ਪਿੱਛੇ ਛੁਪੇ ਕਾਰਜਸ਼ੀਲ ਭਾਵਾਂ ਦੀ ਨਿਸ਼ਾਨਦੇਹੀ ਕਰਨਾ ਹੈ। ਇਸ ਖੋਜ-ਕਾਰਜ ਦਾ ਤੀਜਾ ਉਦੇਸ਼ ਕਲਾਤਮਕ ਪ੍ਰਾਸੰਗਿਕਤਾ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਸ਼ਿਲਪ-ਵਿਧਾਨ ਦੀ ਭੂਮਿਕਾ ਅਤੇ ਪ੍ਰਮਾਣਿਕਤਾ ਨੂੰ ਸਥਾਪਤ ਕਰਨਾ ਹੈ। ਇਸ ਖੋਜ-ਕਾਰਜ ਦਾ ਚੌਥਾ ਉਦੇਸ਼ ਜਾਂ ਮੰਤਵ ਗੁਰੂ ਜੀ ਦੀ ਬਾਣੀ ਦੇ ਕਾਵਿ-ਸ਼ਾਸਤਰੀ ਅਧਿਐਨ ਦੁਆਰਾ ਭਾਰਤੀ ਕਾਵਿ-ਸ਼ਾਸਤਰੀ ਸਿਧਾਂਤਾਂ ਦੀ ਆਧੁਨਿਕ ਆਲੋਚਨਾ ਵਿਚ ਸਾਰਥਿਕਤਾ ਨੂੰ ਨਿਰਧਾਰਿਤ ਕਰਨਾ ਅਤੇ

ਭਾਰਤੀ ਕਾਵਿ ਸ਼ਾਸਤਰ ਸਿਧਾਂਤਾਂ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੇ ਸਥਾਨ ਅਤੇ ਵਿਲੱਖਣਤਾ ਨੂੰ ਨਿਸਚਿਤ ਕਰਨਾ ਹੈ।

ਇਸ ਅਧਿਆਇ ਵਿਚ ਖੋਜ-ਕਾਰਜ ਨਾਲ ਸੰਬੰਧਿਤ ਖੋਜ-ਕਾਰਜ ਦੀਆਂ ਕਿਸਮਾਂ (ਵਿਸ਼ਲੇਸ਼ਣਾਤਮਕ ਖੋਜ, ਗੁਣਾਤਮਕ ਖੋਜ ਅਤੇ ਨਿਗਮਨ ਖੋਜ), ਖੋਜ ਡਿਜਾਇਨ, ਖੋਜ-ਕਾਰਜ ਦੀਆਂ ਪਹੁੰਚ ਵਿਧੀਆਂ (ਪਾਠ ਮੁਲੰਕਣ ਵਿਧੀ, ਸਰਬਗਰਾਹੀ-ਉਦਾਰਚਿਤ), ਖੋਜ-ਦ੍ਰਿਸ਼ਟੀ (ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤ) ਨੂੰ ਪ੍ਰਸਤੁਤ ਕੀਤਾ ਗਿਆ ਹੈ।

ਇਸ ਖੋਜ-ਕਾਰਜ ਦਾ ਮੁੱਖ ਆਧਾਰ ਗੁਰੂ ਅਰਜਨ ਦੇਵ ਜੀ ਦੇ ਦੁਆਲੇ ਉਸਾਰਿਆ ਗਿਆ ਹੈ। ਗੁਰੂ ਜੀ ਦੀ ਸ਼ਖ਼ਸੀਅਤ / ਜੀਵਨ-ਸ਼ੈਲੀ, ਬਾਣੀ-ਸੰਸਾਰ ਅਤੇ ਸਾਹਿਤਿਕ ਯੋਗਦਾਨ ਦੇ ਅਧਿਐਨ ਨੂੰ ਇਸ ਅਧਿਆਇ ਵਿਚ ਸ਼ਾਮਿਲ ਕੀਤਾ ਗਿਆ ਹੈ, ਜਿਸ ਦੁਆਰਾ ਉਨ੍ਹਾਂ ਦੀ ਰਚਨਾ-ਪ੍ਰਕਿਰਿਆ ਦੇ ਆਧਾਰ ਅਤੇ ਸਥਾਨ ਨੂੰ ਸਪੱਸ਼ਟ ਕੀਤਾ ਜਾ ਸਕੇ। ਇਸ ਖੋਜ-ਕਾਰਜ ਦੀ ਖੋਜ-ਦ੍ਰਿਸ਼ਟੀ / ਪਹੁੰਚ ਵਿਧੀ (Research Approach) ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ (ਰਸ, ਧੁਨੀ, ਅਲੰਕਾਰ, ਰੀਤੀ, ਵਕ੍ਰੋਕਤੀ ਅਤੇ ਔਚਿਤਯ) ਨੂੰ ਬਣਾਇਆ ਗਿਆ ਹੈ। ਸੋ ਪਹਿਲੇ ਅਧਿਆਇ ਵਿਚ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ ਦੀ ਸਿਧਾਂਤਕ ਚਰਚਾ ਜਾਂ ਜਾਣਕਾਰੀ ਖੋਜ-ਕਾਰਜ ਦਾ ਮੁੱਖ ਵਿਸ਼ਾ ਬਣ ਜਾਂਦੇ ਹਨ, ਕਿਉਂਕਿ ਇੰਨ੍ਹਾਂ ਸਿਧਾਂਤਾਂ ਦੀ ਸਿਧਾਂਤਕ ਜਾਣਕਾਰੀ ਤੋਂ ਬਿਨਾ ਅਧਿਆਇ ਦੂਜੇ, ਤੀਜੇ, ਚੌਥੇ, ਪੰਜਵੇਂ ਅਤੇ ਛੇਵੇਂ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਮੁਲਾਂਕਣ / ਅਧਿਐਨ / ਵਿਸ਼ਲੇਸ਼ਣ ਸੰਭਵ ਨਹੀਂ ਹੈ।

ਦੂਜੇ ਅਧਿਆਇ **'ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ : ਰਸ ਸੰਪਰਦਾਇ'** ਰਾਹੀਂ ਇਹ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਜਾਵੇਗਾ ਕਿ ਗੁਰੂ ਅਰਜਨ ਦੇਵ ਜੀ ਦੁਆਰਾ ਗੁਰਬਾਣੀ ਵਿਚ ਵਰਤੇ ਗਏ ਵੱਖ-ਵੱਖ ਰਸ ਕਿਸੇ ਭਾਵ ਜਾਂ ਸੰਕਲਪ ਦੇ ਅਰਥ ਨੂੰ ਵਧੇਰੇ ਸਪੱਸ਼ਟ, ਸਰਲ, ਰੌਚਕ ਅਤੇ ਗ੍ਰਹਿਣਯੋਗ ਬਣਾਉਣ ਲਈ ਕਿਵੇਂ ਭੂਮਿਕਾ ਨਿਭਾਉਂਦੇ ਹਨ? ਗੁਰੂ ਅਰਜਨ ਬਾਣੀ ਵਿਚ ਰਸ ਜੋ ਵਿਭਿੰਨ ਰੂਪਾਂ ਵਿਚ ਉਜਾਗਰ

ਹੋਇਆ ਹੈ, ਉਸ ਰਸ ਦਾ ਮੁੱਖ ਪ੍ਰਯੋਜਨ ਕੇਵਲ ਮਨੁੱਖ ਦੀ ਸ਼ਖਸੀਅਤ ਦਾ ਅਧਿਆਤਮਕ ਵਿਕਾਸ ਕਰਨਾ ਹੈ। ਇਸ ਉਪਰੰਤ ਦੂਜੇ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਰਸ ਦੀ ਪ੍ਰਕਿਰਿਆ ਦਾ ਵਿਸ਼ਲੇਸ਼ਣ ਵਿਭਾਵ, ਅਨੁਭਾਵ, ਸੰਚਾਰੀ ਭਾਵ ਅਤੇ ਸਥਾਈ ਭਾਵ ਦੇ ਆਧਾਰ ਤੇ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਰਸ ਸਿਧਾਂਤ ਦੀ ਭੂਮਿਕਾ ਜਾਂ ਸਾਰਥਿਕਤਾ ਦਾ ਅਧਿਐਨ ਰਸ ਦੀਆਂ ਵਿਭਿੰਨ ਕਿਸਮਾਂ (ਸ਼੍ਰਿੰਗਾਰ ਰਸ, ਹਾਸਯ ਰਸ, ਕਰੁਣਾ ਰਸ, ਰੌਦ੍ਰ ਰਸ, ਵੀਰ ਰਸ, ਭਿਆਨਕ ਰਸ, ਬੀਭਤਸ ਰਸ, ਅਦਭੁਤ ਰਸ, ਸ਼ਾਂਤ ਰਸ, ਵਾਤਸਲ ਰਸ, ਭਗਤੀ ਰਸ) ਦੇ ਆਧਾਰ 'ਤੇ ਉਦਾਹਰਨਾਂ ਸਹਿਤ ਵਿਸ਼ਲੇਸ਼ਣ ਕੀਤਾ ਜਾਵੇਗਾ ਅਤੇ ਉਨ੍ਹਾਂ ਦੀ ਵਰਤੋਂ ਨੂੰ ਸਮਝਣ ਦਾ ਉਪਰਾਲਾ ਕੀਤਾ ਜਾਵੇਗਾ।

ਇਸ ਖੋਜ-ਪ੍ਰਬੰਧ ਦੇ ਤੀਜੇ ਅਧਿਆਇ **'ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ : ਧੁਨੀ ਸੰਪਰਦਾਇ'** ਦਾ ਉਦੇਸ਼ ਜਾਂ ਮੰਤਵ ਸ਼ਬਦ-ਸ਼ਕਤੀਆਂ (ਅਭਿਧਾ ਸ਼ਬਦ ਸ਼ਕਤੀ, ਲਕਸ਼ਣਾਂ ਸ਼ਬਦ ਸ਼ਕਤੀ ਅਤੇ ਵਿਅੰਜਨਾ ਸ਼ਬਦ ਸ਼ਕਤੀ) ਦੇ ਵੱਖ-ਵੱਖ ਪੱਖਾਂ ਦੇ ਆਧਾਰ 'ਤੇ ਵਿਸ਼ਲੇਸ਼ਣ ਕਰਦੇ ਹੋਇਆਂ ਇਸ ਦੇ ਮਹੱਤਵ ਨੂੰ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਸੰਦਰਭ ਵਿਚ ਵਿਚਾਰਨ ਦਾ ਇਕ ਅਨੋਖਾ ਉਪਰਾਲਾ ਜਾਂ ਯਤਨ ਕੀਤਾ ਜਾਵੇਗਾ। ਕਵਿਤਾ ਵਿਚ ਸ਼ਬਦ ਬਹੁ-ਪਰਤੀ, ਬਹੁ-ਪਾਸਾਰੀ ਅਤੇ ਬਹੁ-ਅਰਥੀ ਹੁੰਦੇ ਹਨ ਕਿਉਂਕਿ ਇਕੋ ਹੀ ਸ਼ਬਦ ਦੁਆਰਾ ਕਈ ਭਾਵਾਂ ਜਾਂ ਅਰਥਾਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਸ਼ਬਦ ਦੇ ਬਹੁ-ਪਰਤੀ, ਬਹੁ-ਪਾਸਾਰੀ ਅਤੇ ਬਹੁ-ਅਰਥੀ ਸੁਭਾ ਕਰਕੇ ਹੀ ਸੰਸਕ੍ਰਿਤ ਦੇ ਵਿਦਵਾਨਾਂ ਨੇ ਸ਼ਬਦ ਦੀਆਂ ਇਕ ਤੋਂ ਵਧੇਰੇ ਸ਼ਬਦ-ਸ਼ਕਤੀਆਂ (ਅਭਿਧਾ, ਲਕਸ਼ਣਾ, ਵਿਅੰਜਨਾ) ਮੰਨੀਆਂ ਹਨ, ਜਿੰਨ੍ਹਾਂ ਦੇ ਰਾਹੀਂ ਇਕ ਹੀ ਸ਼ਬਦ ਦੇ ਵੱਖ-ਵੱਖ ਅਰਥਾਂ ਨੂੰ ਪ੍ਰਗਟ ਕੀਤਾ ਜਾਂਦਾ ਹੈ। ਤੀਜੇ ਅਧਿਆਇ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਸ਼ਬਦ-ਸ਼ਕਤੀਆਂ ਦੇ ਆਧਾਰ 'ਤੇ ਅਧਿਐਨ ਕਰਦੇ ਹੋਏ ਇਸ ਦੀ ਕਲਾਤਮਕ ਅਤੇ ਸੁਹਜਾਤਮਕ ਵਿਸ਼ੇਸ਼ਤਾਵਾਂ ਨੂੰ ਪਛਾਣਨ ਦਾ ਨਿਵੇਕਲਾ ਉਪਰਾਲਾ ਕੀਤਾ ਜਾਵੇਗਾ।

ਇਸ ਖੋਜ-ਪ੍ਰਬੰਧ ਵਿਚਲਾ ਚੌਥਾ ਅਧਿਆਇ **'ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ: ਅਲੰਕਾਰ ਸੰਪਰਦਾਇ'** ਦਾ ਮੁੱਖ ਉਦੇਸ਼ ਜਾਂ ਮੰਤਵ ਕੇਵਲ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚੋਂ ਵੱਖ-ਵੱਖ ਅਲੰਕਾਰਾਂ ਨੂੰ ਖੋਜਣਾ ਜਾਂ ਲੱਭਣਾਂ ਹੀ ਨਹੀਂ, ਸਗੋਂ ਇਹ ਵੀ ਸਿੱਧ ਕਰਨਾ ਹੈ ਕਿ ਇੱਕ ਉੱਚ-ਕੋਟੀ ਦੇ ਧਾਰਮਿਕ ਸਾਹਿਤਕਾਰ ਜਾਂ ਗੁਰੂ-ਕਵੀ ਦੇ ਰੂਪ ਵਿਚ ਗੁਰੂ ਅਰਜਨ ਦੇਵ ਜੀ ਨੇ ਹਰ ਇਕ ਭਾਵ ਨੂੰ ਉਜਾਗਰ ਕਰਨ ਲਈ, ਵਿਸ਼ੇ ਨੂੰ ਵਧੇਰੇ ਗ੍ਰਹਿਣਯੋਗ, ਪ੍ਰਭਾਵਸ਼ਾਲੀ ਬਣਾਉਣ ਲਈ ਅਤੇ ਉਹਨਾਂ ਭਾਵਾਂ ਦਾ ਸਰਲ ਤਰੀਕੇ ਨਾਲ ਪਾਠਕਾਂ ਤੱਕ ਸੰਚਾਰ ਕਰਨ ਲਈ ਅਲੰਕਾਰਾਂ ਦੀ ਵਰਤੋਂ ਕਿਸ ਪੱਧਰ ਤੱਕ ਕੀਤੀ ਹੈ? ਇਸ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਸਮੁੱਚੀ ਬਾਣੀ ਨੂੰ ਸ਼ਬਦ ਅਲੰਕਾਰਾਂ (ਅਨੁਪ੍ਰਾਸ ਅਲੰਕਾਰ, ਯਮਕ ਅਲੰਕਾਰ, ਸ਼ਲੇਸ਼ ਅਲੰਕਾਰ, ਵੀਪਸਾ ਅਲੰਕਾਰ, ਧੁਨੀ ਚਿੱਤਰ ਅਤੇ ਵਕ੍ਰੋਕਤੀ ਅਲੰਕਾਰ), ਅਰਥ ਅਲੰਕਾਰਾਂ (ਉਪਮਾ ਅਲੰਕਾਰ, ਰੂਪਕ ਅਲੰਕਾਰ, ਦ੍ਰਿਸ਼ਟਾਂਤ ਅਲੰਕਾਰ, ਅਤਿਕਥਨੀ ਅਲੰਕਾਰ, ਲੋਕੋਕਤੀ ਅਲੰਕਾਰ, ਵਿਰੋਧ ਅਲੰਕਾਰ, ਲੇਸ਼ ਅਲੰਕਾਰ, ਲਲਿਤ ਅਲੰਕਾਰ, ਕਾਵਿ ਲਿੰਗ ਅਲੰਕਾਰ, ਪ੍ਰਤੀਪ ਅਲੰਕਾਰ, ਅਸੰਭਵ ਅਲੰਕਾਰ, ਵਚਿੱਤਰ ਅਲੰਕਾਰ, ਪ੍ਰਸ਼ਨ ਅਲੰਕਾਰ, ਉੱਤਰ ਅਲੰਕਾਰ, ਵਿਆਜ ਨਿੰਦਾ ਅਲੰਕਾਰ ਅਤੇ ਵਿਰੋਧ ਅਲੰਕਾਰ) ਅਤੇ ਸ਼ਬਦਾਰਥ ਅਲੰਕਾਰਾਂ (ਸਸ੍ਰਿਸ਼ਨੀ ਅਲੰਕਾਰ, ਸ਼ੰਕਰ ਅਲੰਕਾਰ) ਦੇ ਸੰਦਰਭ ਵਿਚ ਘੋਖਣ ਜਾਂ ਵਿਚਾਰਨ ਦਾ ਨਿਵੇਕਲਾ ਉਪਰਾਲਾ ਜਾਂ ਯਤਨ ਕੀਤਾ ਜਾਵੇਗਾ।

ਇਸ ਖੋਜ-ਪ੍ਰਬੰਧ ਵਿਚਲਾ ਪੰਜਵਾਂ ਅਧਿਆਇ **'ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ: ਰੀਤੀ ਸੰਪਰਦਾਇ'** ਰਾਹੀਂ ਇਹ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਜਾਵੇਗਾ ਕਿ ਗੁਰੂ ਅਰਜਨ ਦੇਵ ਜੀ ਗੁਰਬਾਣੀ ਵਿਚ ਵਰਤੀਆਂ ਗਈਆਂ ਵੱਖ-ਵੱਖ ਰੀਤੀਆਂ (ਵੈਦਰਭੀ, ਗੌੜੀ, ਪਾਂਚਾਲੀ) ਦੀ ਵਰਤੋਂ ਆਪਣੇ ਭਾਵ ਜਾਂ ਸੰਕਲਪ ਦੇ ਅਰਥ ਨੂੰ ਵਧੇਰੇ ਸਪੱਸ਼ਟ, ਸਰਲ, ਰੌਚਕ ਅਤੇ ਗ੍ਰਹਿਣਯੋਗ ਬਣਾਉਣ ਲਈ ਕਿਸ ਪੱਧਰ ਤੱਕ ਕੀਤੀ ਹੈ। ਆਧੁਨਿਕ ਆਲੋਚਨਾ ਵਿਚ 'ਸ਼ੈਲੀ' ਨੂੰ ਜੋ ਸਥਾਨ ਪ੍ਰਾਪਤ ਹੈ, ਉਹੋ ਸਥਾਨ ਭਾਰਤੀ ਕਲਾਸੀਕਲ ਸਮਾਲੋਚਨਾਂ ਵਿਚ 'ਰੀਤੀ' ਨੂੰ ਪ੍ਰਾਪਤ ਸੀ। ਭਾਰਤੀ ਕਾਵਿ-ਸ਼ਾਸਤਰ ਦੇ ਅਨੁਸਾਰ ਕਵਿਤਾ ਜਾਂ

ਕਾਵਿ ਵਿਚ ਕਵੀ ਦੀ ਲਿਖਣ ਦੀ ਵਿਧੀ, ਢੰਗ ਅਤੇ ਜੁਗਤੀ ਨੂੰ ਰੀਤੀ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਇਸ ਅਧਿਆਇ ਵਿਚ ਕ੍ਰਮਵਾਰ ਵੈਦਰਭੀ ਰੀਤੀ, ਗੌੜੀ ਰੀਤੀ ਅਤੇ ਪਾਂਚਾਲੀ ਰੀਤੀ ਦੇ ਸਰੂਪ ਨੂੰ ਗੁਰੂ ਅਰਜਨ ਦੇਵ ਜੀ ਦੀ ਸਮੁੱਚੀ ਗੁਰਬਾਣੀ ਦੇ ਸੰਦਰਭ ਵਿਚ ਪ੍ਰਸਤੁਤ ਕਰਨ ਦਾ ਵਿਲੱਖਣ ਉਪਰਾਲਾ ਜਾਂ ਯਤਨ ਕੀਤਾ ਜਾਵੇਗਾ।

ਇਸ ਖੋਜ-ਪ੍ਰਬੰਧ ਵਿਚਲੇ ਅੰਤਿਮ ਅਤੇ ਛੇਵੇਂ ਅਧਿਆਇ **'ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ: ਵਕ੍ਰੋਕਤੀ ਅਤੇ ਔਚਿਤਯ ਸੰਪਰਦਾਇ'** ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਵਕ੍ਰੋਕਤੀ ਅਤੇ ਔਚਿਤਯ ਦਾ ਨਿਰੂਪਣ ਕੀਤਾ ਜਾਵੇਗਾ। ਕਵੀ ਜਾਂ ਲੇਖਕ ਕਵਿਤਾ ਦਾ ਨਿਰਮਾਣ ਕਰਦੇ ਸਮੇਂ ਸ਼ਬਦ ਜਾਂ ਵਾਕ ਪ੍ਰਬੰਧ ਵਿਚ ਅਜਿਹੀ ਕਲਾ-ਜੁਗਤ ਜੜ ਦਿੰਦਾ ਹੈ ਕਿ ਉਸ ਕਵਿਤਾ ਵਿਚੋਂ ਕੋਈ ਅਨੋਖਾ ਚਮਤਕਾਰ ਅਤੇ ਹੈਰਾਨੀ ਜਨਕ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ। ਇਸ ਅਨੋਖੇ ਚਮਤਕਾਰ ਦਾ ਕਾਰਣ ਇਹ ਹੈ ਕਿ ਕਵੀ ਕਵਿਤਾ ਨੂੰ ਸਿਰਜਦੇ ਸਮੇਂ ਇਕ ਵੱਖਰੀ ਸ਼ਬਦ-ਵਿਉਂਤ ਜਾਂ ਵਾਕ-ਵਿਉਂਤ ਦੀ ਵਰਤੋਂ ਕਰਦਾ ਹੈ ਜਿਸ ਦੁਆਰਾ ਉਹ ਕੋਈ ਨਵਾਂ ਵਿਅੰਗ, ਅੰਦਾਜ਼ ਜਾਂ ਸੰਦਰਭ ਪੈਦਾ ਕਰ ਸਕੇ। ਕਵਿਤਾ ਵਿਚਲੇ ਅਜਿਹੇ ਨਵੇਂ ਵਿਅੰਗ, ਸੰਦਰਭ ਜਾਂ ਅੰਦਾਜ਼ ਨੂੰ ਭਾਰਤੀ ਕਾਵਿ-ਸ਼ਾਸਤਰ ਵਿਚ ਆਚਾਰੀਆਂ ਕੁੰਤਕ ਨੇ ਵਕ੍ਰੋਕਤੀ ਦਾ ਨਾਂ ਦਿੱਤਾ ਹੈ। ਵਕ੍ਰੋਕਤੀ ਉਹ ਵਰਨਣ ਸ਼ੈਲੀ ਹੈ ਜਿਸ ਵਿਚ ਪ੍ਰਚਲਿਤ ਜਾਂ ਪ੍ਰਸਿੱਧ ਸ਼ਬਦਾਂ ਤੋਂ ਬਗੈਰ, ਕਵੀ ਦੀ ਪ੍ਰਤਿਭਾ ਤੋਂ ਪੈਦਾ ਹੋਏ ਚਮਤਕਾਰ ਵਿਚ ਕਿਸੇ ਪਾਠਕ ਜਾਂ ਸਰੋਤੇ ਨੂੰ ਆਨੰਦਿਤ ਕਰਨ ਦੀ ਯੋਗਤਾ ਹੁੰਦੀ ਹੈ। ਕਿਸੇ ਕਵਿਤਾ ਜਾਂ ਕਾਵਿ-ਰਚਨਾ ਵਿਚ ਕਿਸੇ ਸਿਧਾਂਤ ਜਾਂ ਸੰਕਲਪ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਲਈ ਜਦੋਂ ਕਵੀ ਦੁਆਰਾ ਕਿਸੇ ਸ਼ਬਦ, ਅੱਖਰ ਜਾਂ ਲਫ਼ਜ਼, ਵਾਕ ਨੂੰ ਉਚਿਤ, ਸਹੀ ਜਾਂ ਢੁਕਵੀਂ ਥਾਂ 'ਤੇ ਟਿਕਾਇਆ ਜਾਂਦਾ ਹੈ ਤਾਂ ਉੱਥੇ ਔਚਿਤਯ ਸਿਧਾਂਤ ਹੁੰਦਾ ਹੈ। ਔਚਿਤਯ ਸਿਧਾਂਤ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਕਵਿਤਾ ਜਾਂ ਕਾਵਿ ਰਚਨਾ ਵਿਚ ਹਰ ਅੱਖਰ, ਹਰ ਸ਼ਬਦ ਜਾਂ ਹਰ ਵਾਕ ਉਚਿਤ ਜਾਂ ਯੋਗ ਥਾਂ ਤੇ ਹੋਣਾ ਬਹੁਤ ਜਰੂਰੀ ਹੈ। ਇਸ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਨੂੰ ਵਕ੍ਰੋਕਤੀ ਦੀਆਂ

ਕਿਸਮਾਂ ਅਤੇ ਔਚਿਤਯ ਦੀਆਂ ਕਿਸਮਾਂ ਦੇ ਸੰਦਰਭ ਵਿਚ ਘੋਖਣ ਜਾਂ ਵਿਚਾਰਨ ਦਾ ਨਿਵੇਕਲਾ ਉਪਰਾਲਾ ਕੀਤਾ ਜਾਵੇਗਾ।

ਅੰਤ ਵਿਚ ਸਾਰ ਤੇ ਸਥਾਪਨਾਵਾਂ ਅਧੀਨ ਸਮੁੱਚੇ ਖੋਜ-ਕਾਰਜ ਵਿਚ ਉਭਰਦੇ ਨਤੀਜਿਆਂ ਸੰਬੰਧੀ ਨਿਰਣਾਇਕ ਕਥਨ ਕਲਮਬੱਧ ਕੀਤੇ ਗਏ ਹਨ। ਇਸ ਖੋਜ-ਕਾਰਜ ਅਧੀਨ ਜਿਹੜੀਆਂ ਪੁਸਤਕਾਂ ਜਾਂ ਸਾਮਿਗ੍ਰੀ ਦੀ ਸਹਾਇਤਾ ਲਈ ਗਈ ਹੈ, ਉਸ ਦਾ ਵੇਰਵਾ ਪੁਸਤਕ-ਸੂਚੀ ਵਿਚ ਦਿੱਤਾ ਗਿਆ ਹੈ।

ਇਸ ਖੋਜ-ਕਾਰਜ ਦੇ ਵਿਸ਼ੇ ਦੀ ਚੋਣ, ਖੋਜ-ਕਾਰਜ ਨੂੰ ਆਰੰਭ ਕਰਨ ਅਤੇ ਖੋਜ-ਪ੍ਰਬੰਧ ਨੂੰ ਅੰਤਿਮ ਰੂਪ ਦੇਣ ਵਿਚ ਮੇਰੇ ਨਿਗਰਾਨ ਡਾ. ਹਰਪ੍ਰੀਤ ਸਿੰਘ ਜੀ (ਐਸੋਸੀਏਟ ਪ੍ਰੋਫੈਸਰ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ) ਨੇ ਬੜੀ ਸੁਹਿਰਦਤਾ ਤੇ ਵਿਦਵਤਾਪੂਰਨ ਢੰਗ ਨਾਲ ਮੇਰੀ ਰਹਿਨੁਮਾਈ ਕੀਤੀ। ਉਨ੍ਹਾਂ ਦੁਆਰਾ ਦਿੱਤੀ ਸੁਯੋਗ ਅਗਵਾਈ ਸਦਕਾ ਹੀ ਮੈਂ ਇਸ ਖੋਜ-ਕਾਰਜ ਨੂੰ ਸਹੀ ਦਿਸ਼ਾ ਵਿਚ ਤੋਰਦਿਆਂ ਇਕ ਮੁਕੰਮਲ ਪ੍ਰਬੰਧ ਵਿਚ ਬੰਨ੍ਹ ਸਕਿਆ ਹਾਂ। ਇਸ ਲਈ ਮੈਂ ਉਨ੍ਹਾਂ ਦਾ ਆਭਾਰੀ ਹਾਂ ਅਤੇ ਸਦਾ ਉਨ੍ਹਾਂ ਦਾ ਰਿਣੀ ਰਹਾਂਗਾ।

ਮੈਂ ਸਤਿਕਾਰਯੋਗ ਡਾ. ਪਵਿੱਤਰ ਪ੍ਰਕਾਸ਼ ਜੀ (Associate Dean & HOS, School of Humanities) ਅਤੇ ਡਾ. ਕਿਰਨਦੀਪ ਸਿੰਘ ਜੀ (HOD, School of Humanities) ਦਾ ਤਹਿ-ਦਿਲੋਂ ਧੰਨਵਾਦੀ ਹਾਂ ਜਿੰਨ੍ਹਾਂ ਦੀ ਛਤਰ-ਛਾਇਆ ਹੇਠ ਮੈਂ ਨਾ ਕੇਵਲ ਖੋਜ-ਕਾਰਜ ਪੂਰਾ ਕੀਤਾ ਸਗੋਂ ਜ਼ਿੰਦਗੀ ਦੇ ਕੁਝ ਅਜਿਹੇ ਸਬਕ ਵੀ ਸਿੱਖੇ ਜਿਹੜੇ ਮੇਰੇ ਲਈ ਸਾਰੀ ਉਮਰ ਲਈ ਲਾਹੇਵੰਦ ਰਹਿਣਗੇ।

ਮੈਂ ਡਾ. ਵਿਨੋਦ ਕੁਮਾਰ ਜੀ, ਡਾ. ਸਤਵੰਤ ਜੀ, ਡਾ. ਸੋਨਾ ਜੀ, ਡਾ. ਯਾਦਵਿੰਦਰ ਜੀ ਅਤੇ ਵਿਭਾਗ ਦੇ ਬਾਕੀ ਸਾਰੇ ਪ੍ਰੋਫੈਸਰ ਸਾਹਿਬਾਨ ਦਾ ਬਹੁਤ ਹੀ ਸ਼ੁਕਰਗੁਜ਼ਾਰ ਹਾਂ। ਇਨ੍ਹਾਂ ਵਿਦਵਾਨਾਂ ਦੀਆਂ ਦਿੱਤੀਆਂ ਸੇਧਾਂ ਸਦਕਾ ਹੀ ਮੈਂ ਖੋਜ-ਕਾਰਜ ਦੀਆਂ ਖ਼ਾਮੀਆਂ ਨੂੰ ਪਛਾਣ ਕੇ ਦੂਰ ਕਰਨ ਦੇ ਕਾਬਿਲ ਹੋਇਆ ਹਾਂ। ਇਸ ਦੇ ਨਾਲ ਹੀ ਮੈਂ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਰਿਸਰਚ ਵਿਭਾਗ ਦੇ ਡਾ. ਰੇਖਾ ਜੀ ਅਤੇ ਉਨ੍ਹਾਂ ਦੇ

ਸਮੂਹ ਸਟਾਫ਼ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦੀ ਹਾਂ ਜਿੰਨ੍ਹਾਂ ਨੇ ਬੜੇ ਹੀ ਸੂਤਰਬੱਧ ਢੰਗ ਨਾਲ ਇਸ ਖੋਜ-ਕਾਰਜ ਦੀਆਂ ਗਤੀਵਿਧੀਆਂ ਨੂੰ ਉਲੀਕਿਆ ਅਤੇ ਸਮੇਂ-ਸਮੇਂ ਮੇਰੇ ਸ਼ੰਕਿਆਂ ਦਾ ਨਿਵਾਰਨ ਕੀਤਾ।

ਮੈਂ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੀ ਲਾਇਬ੍ਰੇਰੀ ਦੇ ਸਮੂਹ ਸਟਾਫ਼, ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਗੁਰੂ ਰਾਮਦਾਸ ਲਾਇਬ੍ਰੇਰੀ, ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਭਾਈ ਗੁਰਦਾਸ ਲਾਇਬ੍ਰੇਰੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਮੂਹ ਸਟਾਫ਼ ਦਾ ਤਹਿ-ਦਿਲੋਂ ਧੰਨਵਾਦੀ ਹਾਂ ਜਿੰਨ੍ਹਾਂ ਨੇ ਲੋੜੀਂਦੀ ਖੋਜ-ਸਾਮਿਗ੍ਰੀ ਭਾਲਣ ਤੇ ਹਾਸਿਲ ਕਰਨ ਵਿਚ ਮੇਰੀ ਸਹਾਇਤਾ ਕੀਤੀ।

ਮੈਂ ਡਾ. ਮਨਜਿੰਦਰ ਸਿੰਘ (ਮੁਖੀ ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ), ਪ੍ਰੋ. ਮਨਜੀਤ ਸਿੰਘ (ਸਾਬਕਾ ਜਥੇਦਾਰ, ਸ੍ਰੀ ਅਕਾਲ ਤਖਤ ਸਾਹਿਬ, ਅੰਮ੍ਰਿਤਸਰ), ਡਾ. ਅਲੰਕਾਰ ਸਿੰਘ (ਮੁੱਖੀ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ) ਅਤੇ ਡਾ. ਗੁਰਪ੍ਰੀਤ ਸਿੰਘ (ਅਸਿਸਟੈਂਟ ਪ੍ਰੋਫੈਸਰ, ਗੁਰੂ ਨਾਨਕ ਕਾਲਜ, ਦੋਰਾਹਾ) ਦਾ ਸ਼ੁਕਰਗੁਜ਼ਾਰ ਹਾਂ, ਜਿੰਨ੍ਹਾਂ ਨਾਲ ਕੀਤੀ ਵਿਚਾਰ-ਚਰਚਾ ਇਸ ਖੋਜ-ਕਾਰਜ ਲਈ ਲਾਹੇਵੰਦ ਸਾਬਿਤ ਹੋਈ। ਮੈਂ ਉਨ੍ਹਾਂ ਬੁੱਧੀਜੀਵੀਆਂ ਅਤੇ ਵਿਦਵਾਨਾਂ ਦਾ ਵੀ ਰਿਣੀ ਹਾਂ ਜਿਨ੍ਹਾਂ ਦੀ ਖੋਜ-ਸਮਿਗ੍ਰੀ ਨੂੰ ਮੈਂ ਖੋਜ-ਕਾਰਜ ਵਿਚ ਸਿੱਧੇ ਜਾਂ ਅਸਿੱਧੇ ਤੌਰ 'ਤੇ ਵਰਤਿਆ।

ਮੈਂ ਆਪਣੀ ਪਤਨੀ ਪਰਮਜੀਤ ਕੌਰ, ਪੁੱਤਰ ਗੁਰਵੰਸ਼ ਸਿੰਘ, ਮਾਤਾ ਬਲਬੀਰ ਕੌਰ ਅਤੇ ਹੋਰ ਸਾਰੇ ਪਰਿਵਾਰਿਕ ਮੈਂਬਰਾਂ ਦਾ ਵੀ ਸਦਾ ਰਿਣੀ ਰਹਾਂਗਾ ਜਿੰਨ੍ਹਾਂ ਨੇ ਹਰ ਸਮੇਂ ਮੇਰਾ ਸਾਥ ਦਿੱਤਾ, ਮੇਰੀ ਹਰ ਨਿਰਾਸ਼ਾ ਨੂੰ ਆਸ਼ਾ ਵਿਚ ਬਦਲਿਆ ਅਤੇ ਖੋਜ-ਕਾਰਜ ਲਈ ਮੇਰੀ ਆਰਥਿਕ ਸਹਾਇਤਾ ਕੀਤੀ ਜਿਸ ਕਾਰਨ ਇਹ ਖੋਜ-ਕਾਰਜ ਸਫਲਤਾ ਸਹਿਤ ਸੰਪੂਰਨ ਹੋ ਸਕਿਆ।

ਅੰਤ ਵਿਚ ਮੈਂ ਛਾਪੇਖਾਨੇ ਨਾਲ ਸੰਬੰਧਿਤ ਉਨ੍ਹਾਂ ਸਾਰੇ ਸੱਜਣਾਂ ਦਾ ਵੀ ਧੰਨਵਾਦੀ ਹਾਂ ਜਿੰਨ੍ਹਾਂ ਨੇ ਇਸ ਖੋਜ-ਪ੍ਰਬੰਧ ਨੂੰ ਕਿਤਾਬੀ ਰੂਪ ਪ੍ਰਦਾਨ ਕੀਤਾ। ਕਾਇਨਾਤ ਨੂੰ ਸਿਰਜਣ ਤੇ ਸੰਭਾਲਣ ਵਾਲੀ ਉਸ ਅਗੰਮੀ

ਸ਼ਕਤੀ ਅੱਗੇ ਨਤਮਸਤਕ ਹੁੰਦਿਆਂ ਮੈਂ ਇਹ ਖੋਜ-ਕਾਰਜ ਗਿਆਨ ਦੇ ਉਸ ਅਮੁੱਕ ਸੋਮੇ ਨੂੰ ਸਮਰਪਿਤ ਕਰਦਾ ਹਾਂ।

ਇੱਥੇ ਇਹ ਦੱਸਣਾ ਬਹੁਤ ਜ਼ਰੂਰੀ ਹੋਵੇਗਾ ਕਿ ਭਾਵੇਂ ਇਸ ਖੋਜ-ਕਾਰਜ ਨੂੰ ਸੀਮਾਂ ਤੇ ਸਮਰੱਥਾ ਸਹਿਤ ਨੇਪਰੇ ਚਾੜ੍ਹਿਆ ਗਿਆ ਹੈ, ਪਰੰਤੂ ਇਸ ਵਿਚ ਸਥਾਪਿਤ ਨਿਰਣੇ ਖੋਜ-ਕਾਰਜ ਦੇ ਅੰਤਿਮ ਹੋਣ ਦੀ ਪੁਸ਼ਟੀ ਨਹੀਂ ਕਰਦੇ ਹਨ, ਕਿਉਂਕਿ ਸਾਹਿਤ ਵਰਗੀ ਗਤੀਸ਼ੀਲ ਸਿਰਜਣਾਤਮਕ ਕਲਾ ਸੰਬੰਧੀ ਪਲ-ਪਲ ਬਦਲਦੀ ਤੇ ਸੰਭਾਵੀ ਜ਼ਿੰਦਗੀ ਦੇ ਪਰਿਪੇਖ ਵਿਚ ਗੱਲ ਕਰਦਿਆਂ ਕੋਈ ਅੰਤਿਮ ਨਿਰਣਾ ਦੇਣਾ ਸੰਭਵ ਨਹੀਂ ਹੈ। ਇਸ ਲਈ ਇਸ ਖੋਜ-ਕਾਰਜ ਦੇ ਨਤੀਜੇ ਇਕ ਕਾਲ-ਸੀਮਾਂ ਦੇ ਅੰਤਰਗਤ ਸਾਰਥਕ ਤੇ ਸਥਾਪਿਤ ਤਾਂ ਹਨ ਪਰ ਸੰਬੰਧਿਤ ਵਿਸ਼ੇ ਦੇ ਸੰਬੰਧ ਵਿਚ ਅੰਤਿਮ ਨਹੀਂ ਕਹੇ ਜਾ ਸਕਦੇ।

ਹਰਦਵਿੰਦਰ ਸਿੰਘ
20/4/2023

ਮਿਤੀ: 20-04-2023

(ਹਰਦਵਿੰਦਰ ਸਿੰਘ)

ਤਤਕਰਾ


ਪੰਨਾ

**ਭੂਮਿਕਾ** iv-xix

**ਅਧਿਆਇ ਪਹਿਲਾ**

**1. ਖੋਜ-ਕਾਰਜ : ਸਿਧਾਂਤਕ ਪਰਿਪੇਖ** 1-162

1.1. ਖੋਜ-ਕਾਰਜ : ਸਿਧਾਂਤਕ ਪਰਿਪੇਖ 3-4

1.2. ਖੋਜ-ਕਾਰਜ : ਵਿਸ਼ਾ ਤੇ ਖੇਤਰ 5

1.3. ਪੂਰਵ ਖੋਜ ਦਾ ਸਰਵੇਖਣ 5-21

1.4. ਖੋਜ-ਕਾਰਜ ਦੀ ਸਾਰਥਿਕਤਾ 21-22

1.5. ਖੋਜ ਕਾਰਜ ਦੇ ਉਦੇਸ਼ 22-23

1.6. ਖੋਜ-ਕਾਰਜ ਦੀ ਖੋਜ-ਵਿਧੀ ਜਾਂ ਪਹੁੰਚ ਵਿਧੀ 23-25

1.7. ਸ੍ਰੀ ਗੁਰੂ ਅਰਜਨ ਦੇਵ ਜੀ : ਸ਼ਖ਼ਸੀਅਤ ਅਤੇ ਸਾਹਿਤਿਕ ਯੋਗਦਾਨ 25-55

1.8. ਭਾਰਤੀ ਕਾਵਿ-ਸ਼ਾਸਤਰ : ਸਿਧਾਂਤਕ ਪਰਿਪੇਖ 56-58

1.8.1. ਰਸ 58-90

1.8.2. ਧੁਨੀ 91-112

1.8.3. ਅਲੰਕਾਰ 113-142

1.8.4. ਰੀਤੀ 142-152

1.8.5. ਵਕ੍ਰੋਕਤੀ 152-158

1.8.6. ਔਚਿਤਯ 159-162

**ਅਧਿਆਇ ਦੂਜਾ**

**2. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ : ਰਸ ਸੰਪਰਦਾਇ** 163-218

2.1. ਗੁਰੂ ਅਰਜਨ ਦੇਵ ਜੀ ਦੀ ਬਾਣੀ ਅਤੇ ਰਸ ਸਿਧਾਂਤ 166-167

2.2. ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਰਸ ਦੀ ਪ੍ਰਕਿਰਿਆ ਦਾ ਵਿਸ਼ਲੇਸ਼ਣ 168-172

2.3. ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਰਸ ਦੀਆਂ ਵਿਭਿੰਨ ਕਿਸਮਾਂ ਦਾ ਅਧਿਐਨ 172-216

2.4. ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਰਸ ਸਿਧਾਂਤ ਦੀ ਭੂਮਿਕਾ ਜਾਂ ਸਾਰਥਿਕਤਾ 217-218

**ਅਧਿਆਇ ਤੀਜਾ**

**3. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ: ਧੁਨੀ ਸੰਪਰਦਾਇ** 219-252

3.1. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਅਭਿਧਾ ਸ਼ਬਦ ਸ਼ਕਤੀ ਦਾ ਪ੍ਰਸਤੁਤੀਕਰਨ 226-235

3.2. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲਕਸ਼ਣਾਂ ਸ਼ਬਦ ਸ਼ਕਤੀ ਦਾ ਪ੍ਰਸਤੁਤੀਕਰਨ

235-244

3.3. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਵਿਅੰਜਨਾ ਸ਼ਬਦ ਸ਼ਕਤੀ ਦਾ ਪ੍ਰਸਤੁਤੀਕਰਨ

244-252

**ਅਧਿਆਇ ਚੌਥਾ**

**4. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ: ਅਲੰਕਾਰ ਸੰਪਰਦਾਇ** 253-317

4.1. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਸ਼ਬਦ ਅਲੰਕਾਰਾਂ ਦੀ ਪੇਸ਼ਕਾਰੀ 256-281

4.2. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਅਰਥ ਅਲੰਕਾਰਾਂ ਦੀ ਪੇਸ਼ਕਾਰੀ 281-313

4.3. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਸ਼ਬਦਾਰਥ ਅਲੰਕਾਰਾਂ ਦੀ ਪੇਸ਼ਕਾਰੀ

313-317

**ਅਧਿਆਇ ਪੰਜਵਾਂ**

**5. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ: ਰੀਤੀ ਸੰਪਰਦਾਇ** 318-358

5.1. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਵੈਦਰਭੀ ਰੀਤੀ ਦਾ ਸਰੂਪ 341-345

5.2. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਗੌੜੀ ਰੀਤੀ ਦਾ ਸਰੂਪ 346-348

5.3. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪਾਂਚਾਲੀ ਰੀਤੀ ਦਾ ਸਰੂਪ 348-358

**ਅਧਿਆਇ ਛੇਵਾਂ**

**6. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ: ਵਕ੍ਰੋਕਤੀ ਅਤੇ ਔਚਿਤਯ ਸੰਪਰਦਾਇ** 359-474

6.1. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਵਕ੍ਰੋਕਤੀ ਦਾ ਨਿਰੂਪਣ 361-415

6.2. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਔਚਿਤਯ ਦਾ ਨਿਰੂਪਣ 415-474

**ਸਾਰ ਅਤੇ ਸਥਾਪਨਾ** 475-484

**ਪੁਸਤਕ-ਸੂਚੀ** 485-493

## ਅਧਿਆਇ ਪਹਿਲਾ

## 1. ਖੋਜ-ਕਾਰਜ : ਸਿਧਾਂਤਕ ਪਰਿਪੇਖ

1.1. ਖੋਜ-ਕਾਰਜ : ਵਿਸ਼ਾ ਤੇ ਖੇਤਰ

1.2. ਪੂਰਵ ਖੋਜ ਦਾ ਸਰਵੇਖਣ

1.3. ਖੋਜ-ਕਾਰਜ ਦੀ ਸਾਰਥਿਕਤਾ

1.4. ਖੋਜ ਦਾ ਉਦੇਸ਼

1.5. ਖੋਜ-ਕਾਰਜ ਦੀ ਖੋਜ-ਵਿਧੀ ਜਾਂ ਪਹੁੰਚ ਵਿਧੀ

1.6. ਸ੍ਰੀ ਗੁਰੂ ਅਰਜਨ ਦੇਵ ਜੀ : ਸ਼ਖ਼ਸੀਅਤ ਅਤੇ ਸਾਹਿਤਿਕ ਯੋਗਦਾਨ

1.7. ਭਾਰਤੀ ਕਾਵਿ-ਸ਼ਾਸਤਰ : ਸਿਧਾਂਤਕ ਪਰਿਪੇਖ

1.7.1. ਰਸ

1.7.2. ਧੁਨੀ

1.7.3. ਅਲੰਕਾਰ

1.7.4. ਰੀਤੀ

1.7.5. ਵਕ੍ਰੋਕਤੀ

1.7.6. ਔਚਿਤਯ

# ਅਧਿਆਇ ਪਹਿਲਾ

## ਖੋਜ-ਕਾਰਜ: ਸਿਧਾਂਤਕ ਪਰਿਪੇਖ

ਗੁਰੂ ਅਰਜਨ ਦੇਵ ਜੀ ਨੂੰ ਸਿੱਖਾਂ ਦੇ ਪੰਜਵੇਂ ਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ, ਸ਼ਹੀਦਾਂ ਦੇ ਸਿਰਤਾਜ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਵਿਚੋਂ ਸਭ ਤੋਂ ਵੱਧ ਬਾਣੀ ਦੀ ਰਚਨਾ ਕਰਨ ਵਾਲੇ ਗੁਰੂ ਕਵੀ ਦੇ ਨਾਲ-ਨਾਲ ਇੱਕਤੀ ਰਾਗਾਂ ਵਿਚੋਂ ਤੀਹ ਰਾਗਾਂ ਦੀ ਵਰਤੋਂ ਕਰਨ ਦਾ ਵੀ ਮਾਣ ਪ੍ਰਾਪਤ ਹੈ। ਇਸ ਖੋਜ ਕਾਰਜ ਵਿਚ ਅਸੀਂ ਇਹ ਦੱਸਣ ਦਾ ਨਿਵੇਕਲਾ ਉਪਰਾਲਾ ਜਾਂ ਯਤਨ ਕਰਾਂਗੇ ਕਿ ਗੁਰੂ ਜੀ ਨੇ ਆਪਣੀ ਕਲਾਤਮਕਤਾ ਤੇ ਸੁਹਜਾਤਮਕਤਾ ਰਾਹੀਂ ਆਪਣੀ ਗੁਰਬਾਣੀ ਵਿਚ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ (ਰਸ, ਅਲੰਕਾਰ, ਧੁਨੀ, ਰੀਤੀ, ਵਕ੍ਰੋਕਤੀ ਅਤੇ ਔਚਿਤਯ) ਦੀ ਵਰਤੋਂ ਕਰਦੇ ਹੋਏ ਆਪਣੇ ਭਾਵ ਜਾਂ ਸੰਕਲਪ ਨੂੰ ਵਧੇਰੇ ਸਰਲ, ਰੌਚਕ, ਸਪੱਸ਼ਟ, ਵਚਿੱਤਰ ਅਤੇ ਗ੍ਰਹਿਣਯੋਗ ਬਣਾਉਣ ਦਾ ਉਪਰਾਲਾ ਕਿਸ ਪੱਧਰ ਤੱਕ ਕੀਤਾ ਹੈ? ਅਧਿਆਇ ਪਹਿਲੇ ਵਿਚ ਅਸੀਂ ਖੋਜ-ਕਾਰਜ ਦੇ ਵਿਸ਼ੇ ਤੇ ਖੇਤਰ, ਪੂਰਵ ਖੋਜ-ਕਾਰਜ ਦੇ ਸਰਵੇਖਣ, ਖੋਜ-ਕਾਰਜ ਦੀ ਸਾਰਥਿਕਤਾ, ਖੋਜ-ਕਾਰਜ ਦੇ ਉਦੇਸ਼, ਖੋਜ-ਕਾਰਜ ਦੀ ਪਹੁੰਚ ਵਿਧੀ, ਗੁਰੂ ਅਰਜਨ ਦੇਵ ਜੀ ਦੀ ਸ਼ਖਸੀਅਤ, ਸਾਹਿਤਿਕ ਯੋਗਦਾਨ ਅਤੇ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ ਸਿਧਾਂਤਕ ਬਾਰੇ ਜਾਣਕਾਰੀ ਦੇਣ ਦਾ ਉਪਰਾਲਾ ਜਾਂ ਯਤਨ ਕਰਾਂਗੇ।

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਬਾਣੀ ਦੇ ਬੋਹਿਥਾ (ਜਹਾਜ਼) ਸਨ, ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਮਹਾਨ ਕਾਰਜ ਕਰਦੇ ਹੋਏ ਮਾਨਵਤਾ ਦੀ ਅਥਾਹ ਸੇਵਾ ਕੀਤੀ। ਗੁਰੂ ਜੀ ਨੇ ਆਪਣੀ ਬਾਣੀ ਵਿਚ ਆਮ ਲੋਕਾਂ ਨੂੰ ਲੋਕ ਅਤੇ ਪਰਲੋਕ ਨੂੰ ਸਫਲ ਕਰਨ ਦਾ ਉੱਤਮ ਆਦੇਸ਼ ਸਿਰਜਿਆ। ਗੁਰੂ ਅਰਜਨ ਬਾਣੀ ਦਾ ਸੰਵਾਦ ਅਜੋਕੇ ਯੁਗ ਵਿਚ ਵੀ ਉਨ੍ਹਾਂ ਹੀ ਸਾਰਥਿਕ ਅਤੇ ਪ੍ਰਾਸੰਗਿਕ ਹੈ ਜਿੰਨ੍ਹਾਂ ਕਿ ਮੱਧਕਾਲੀ ਸਮੇਂ ਵਿਚ ਸਾਰਥਿਕ ਸੀ। ਸੋ ਜਿੱਥੇ ਆਪ ਇਕ ਉੱਤਮ ਚਿੰਤਕ, ਗੁਰੂ ਅਤੇ ਦਾਰਸ਼ਨਿਕ ਸਥਾਪਿਤ ਹੋਏ ਹਨ ਉੱਥੇ ਆਪ ਨੇ ਆਪਣੀ ਇਕ ਨਿਪੁੰਨ ਲੇਖਕ, ਕਵੀ ਜਾਂ ਸਾਹਿਤਕਾਰ ਵਜੋਂ ਵੀ ਵਿਸ਼ੇਸ਼

ਪਛਾਣ ਸਥਾਪਿਤ ਕੀਤੀ ਹੈ। ਗੁਰੂ ਅਰਜਨ ਦੇਵ ਜੀ ਇਕ ਧਾਰਮਿਕ ਗੁਰੂ ਹੋਣ ਦੇ ਨਾਲ-ਨਾਲ ਇਕ ਵਧੀਆ ਗੁਰੂ ਕਵੀ ਤੇ ਧਾਰਮਿਕ ਸ਼ਾਇਰ ਵੀ ਸਨ ਜਿਹਨਾਂ ਦੁਆਰਾ ਆਪਣੀ ਬਾਣੀ ਵਿਚ ਵਰਤੇ ਗਏ ਰਸ ਦਿਲਾਂ ਨੂੰ ਪਿਘਲਾਉਣ, ਮਨ ਨੂੰ ਲੀਨ ਕਰਨ, ਦਿਲ ਦੀਆਂ ਹਰਕਤਾਂ ਨੂੰ ਇਕਸੁਰ ਕਰਨ, ਨੇਤਰਾਂ ਨੂੰ ਸੇਜਲ ਬਣਾਉਣ, ਸਰੀਰ ਨੂੰ ਰੋਮਾਂਚਿਤ ਕਰਨ ਅਤੇ ਬੋਲਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਦੀ ਸਮਰੱਥਾ ਰੱਖਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਬਾਣੀ ਸੰਸਾਰ ਗੁਣਾਤਮਕ ਅਤੇ ਗਿਣਾਤਮਕ ਪੱਖੋਂ ਉਚ ਕੋਟੀ ਦਾ ਹੈ। ਉਹਨ੍ਹਾਂ ਦੀ ਬਾਣੀ ਸਮੁੱਚੇ ਮਨੁੱਖੀ ਜਗਤ ਦੀ ਅਗਵਾਈ ਕਰਦੀ ਹੈ ਅਤੇ ਆਪਣੀ ਵਿਚਾਰ ਸਮੱਗਰੀ ਕਰਕੇ ਵਿਸ਼ਿਸ਼ਟ ਅਤੇ ਵਿਲੱਖਣ ਸਾਹਿਤ ਦੇ ਘੇਰੇ ਵਿਚ ਆ ਜਾਂਦੀ ਹੈ। ਨਿਰਸੰਦੇਹ ਸ੍ਰੀ ਗੁਰੂ ਅਰਜਨ ਦੇਵ ਜੀ ਉਚ ਕੋਟੀ ਦੇ ਗੁਰੂ / ਸਾਧਕ / ਉਪਦੇਸ਼ਕ ਹੋਏ ਹਨ ਪਰੰਤੂ ਅਸੀਂ ਇਸ ਖੋਜ ਕਾਰਜ ਵਿਚ ਉਹਨਾਂ ਦੀ ਬਾਣੀ ਜਾਂ ਕਾਵਿ ਦਾ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ (ਰਸ, ਅਲੰਕਾਰ, ਧੁਨੀ, ਰੀਤੀ, ਵਕ੍ਰੋਕਤੀ, ਔਚਿਤਯ) ਵਿਚੋਂ ਰਸ ਸਿਧਾਂਤ ਦੇ ਨਿਯਮਾਂ ਅਨੁਸਾਰ ਮੁਲਾਂਕਣ ਕਰਨ ਦਾ ਯਤਨ ਕਰਾਂਗੇ।

**1. ਖੋਜ-ਕਾਰਜ : ਸਿਧਾਂਤਕ ਪਰਿਪੇਖ :-** ਖੋਜ ਸ਼ਬਦ ਲਈ ਹਿੰਦੀ ਭਾਸ਼ਾ ਵਿਚ 'ਅਨੁਸੰਧਾਨ' ਜਾਂ 'ਸ਼ੋਧ' ਅਤੇ ਅੰਗਰੇਜ਼ੀ ਭਾਸ਼ਾ ਵਿਚ 'ਰਿਸਰਚ' (Research) ਸ਼ਬਦ ਵਰਤਿਆ ਜਾਂਦਾ ਹੈ। 'Research' ਸ਼ਬਦ ਦੋ ਸ਼ਬਦਾਂ 'Re' ਅਤੇ 'Search' ਦੇ ਸੁਮੇਲ ਤੋਂ ਬਣਿਆ ਹੈ। 'Re' ਸ਼ਬਦ ਦਾ ਅਰਥ ਹੈ 'ਮੁੜ' ਜਾਂ 'ਦੁਬਾਰਾ' ਅਤੇ 'Search' ਸ਼ਬਦ ਦਾ ਅਰਥ ਹੈ 'ਭਾਲ' ਜਾਂ 'ਤਲਾਸ਼'। ਰਿਸਰਚ ਜਾਂ ਖੋਜ ਇਕ ਅਜਿਹੀ ਪ੍ਰਕਿਰਿਆ ਹੈ, ਜਿਸ ਵਿੱਚ ਖੋਜਕਾਰ ਵੱਖ-ਵੱਖ ਗਿਆਨ ਦੇ ਸਰੋਤਾਂ ਤੋਂ ਵੱਖਰੇ-ਵੱਖਰੇ ਖੋਜ-ਢੰਗਾਂ ਰਾਹੀਂ ਖੋਜ ਨਾਲ ਸੰਬੰਧਿਤ ਤੱਥ ਇਕੱਠੇ ਕਰਦਾ ਹੈ ਤੇ ਫਿਰ ਘੋਖਵੀਂ ਜਾਂਚ ਜਾਂ ਛਾਣ ਬੀਣ, ਤੁਲਨਾ ਅਤੇ ਪ੍ਰਮਾਣਿਕਤਾ ਦੁਆਰਾ ਸੰਕਲਪ ਜਾਂ ਸਿਧਾਂਤ ਨੂੰ ਪਾਠਕਾਂ ਜਾਂ ਸਮਾਜ ਦੇ ਸਾਹਮਣੇ ਪ੍ਰਗਟ ਜਾਂ ਪ੍ਰਸਤੁਤ ਕਰਦਾ ਹੈ। ਰਿਸਰਚ ਇਕ ਅਜਿਹੀ ਤਕਨੀਕ ਹੈ ਜਿਸ ਵਿਚ ਵੱਖ-ਵੱਖ ਖੋਜ ਨਿਯਮਾਂ, ਢੰਗਾਂ ਅਤੇ ਸਾਧਨਾਂ ਦੀ ਵਰਤੋਂ ਕਰਕੇ ਕਿਸੇ ਸਮੱਸਿਆ ਦਾ ਹੱਲ ਲੱਭਣ ਦਾ ਯਤਨ ਕੀਤਾ ਜਾਂਦਾ ਹੈ। ਡਾ. ਪਿਆਰ ਸਿੰਘ ਨੇ ਆਪਣੀ ਪੁਸਤਕ 'ਖੋਜ ਸਿਧਾਂਤ ਤੇ

ਵਿਵਹਾਰ ' ਰਾਹੀਂ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਖੋਜ-ਕਾਰਜ ਦਾ ਸੰਬੰਧ ਗਿਆਤ ਤੋਂ ਅਗਿਆਤ ਵੱਲ, ਨਵੇਂ ਤੱਥਾਂ ਦੀ ਭਾਲ ਅਤੇ ਨਵੇਂ ਤੱਥਾਂ ਦੀ ਸਹੀ ਢੰਗ ਨਾਲ ਵਿਆਖਿਆ ਕਰਨ ਦੇ ਨਾਲ ਹੈ।

ਖੋਜ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਵਿਚ ਅਸੀਂ ਪ੍ਰਾਪਤ ਸਥਿਤੀਆਂ ਵਿਚ ਕਿਸੇ ਵਿਅਕਤੀ, ਵਸਤੂ ਜਾਂ ਵਿਚਾਰ ਸੰਬੰਧੀ ਕੁਝ ਨਿਯਮ ਜਾਂ ਨਤੀਜੇ ਨਿਰਧਾਰਿਤ ਕਰਨ ਦਾ ਯਤਨ ਕਰਦੇ ਹਾਂ। ਕਿਸੇ ਸਮੱਸਿਆ ਜਾਂ ਪ੍ਰਸ਼ਨ ਦਾ ਪ੍ਰਣਾਲੀਬੱਧ ਅਤੇ ਵਿਗਿਆਨਕ ਅਧਿਐਨ ਕਰ ਕੇ ਕਿਸੇ ਨਤੀਜੇ ਜਾਂ ਨਿਸ਼ਕਰਸ਼ 'ਤੇ ਪਹੁੰਚਣਾ ਹੀ ਖੋਜ / ਰਿਸਰਚ ਹੈ। ਸਾਹਿਤਿਕ ਖੋਜ ਨਾਲ ਸੰਬੰਧਿਤ ਵੱਖ-ਵੱਖ ਖੋਜਕਾਰਾਂ ਨੇ ਇਹ ਪ੍ਰਮਾਣਿਕ ਜਾਂ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਸਾਹਿਤ ਦਾ ਮੁਢਲਾ ਸੰਬੰਧ ਮਨੁੱਖ ਅਤੇ ਸਮਾਜ ਨਾਲ ਹੈ। ਸਾਹਿਤਿਕ ਖੋਜ ਵਿਚ ਨਿਰੰਤਰ ਗਤੀਸ਼ੀਲ ਤੇ ਪਰਿਵਰਤਨਸ਼ੀਲ ਵਰਤਾਰੇ ਦੇਖਣ ਨੂੰ ਮਿਲਦੇ ਹਨ, ਕਿਉਂਕਿ ਮਨੁੱਖੀ ਵਿਵਹਾਰ ਤੇ ਸਮਾਜ ਵਿਚ ਗਤੀਸ਼ੀਲ ਤੇ ਪਰਿਵਰਤਨਸ਼ੀਲ ਵਰਤਾਰੇ ਦੇਖਣ ਨੂੰ ਮਿਲਦੇ ਰਹਿੰਦੇ ਹਨ। ਸਾਹਿਤਿਕ ਖੋਜ ਦੀ ਪ੍ਰਕਿਰਤੀ ਦੂਸਰੀਆਂ ਖੋਜਾਂ ਨਾਲੋਂ ਥੋੜੀ ਵੱਖਰੀ ਕਿਸਮ ਦੀ ਹੁੰਦੀ ਹੈ ਕਿਉਂਕਿ ਸਾਹਿਤਕ-ਖੋਜ ਮਨੁੱਖ ਤੇ ਸਮਾਜ ਦੋਵਾਂ ਨੂੰ ਸਹੀ ਤੇ ਸਾਰਥਿਕ ਸੋਝੀ ਜਾਂ ਗਿਆਨ ਦਿੰਦੀ ਹੈ। ਸਾਹਿਤਿਕ-ਖੋਜ ਮਨੁੱਖੀ ਵਿਵਹਾਰ ਤੇ ਸਮਾਜਿਕ ਵਰਤਾਰਿਆਂ ਨੂੰ ਸਮਝਣ ਲਈ ਲਾਹੇਵੰਦ ਹੈ, ਕਿਉਂਕਿ ਸਾਹਿਤਿਕ-ਖੋਜ ਨੂੰ ਭੌਤਿਕ ਵਿਗਿਆਨ ਅਤੇ ਰਸਾਇਣ ਵਿਗਿਆਨ ਵਾਂਗ ਕਿਸੇ ਬੱਝਵੇਂ ਨਤੀਜਿਆਂ ਵਿੱਚ ਨਹੀਂ ਬੰਨ੍ਹਿਆ ਜਾ ਸਕਦਾ ਹੈ। ਕਿਸੇ ਵੀ ਖੋਜ ਕਾਰਜ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਉਸ ਖੋਜ-ਕਾਰਜ ਦੇ ਮੁੱਢਲੇ ਪੜਾਵਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ, ਜਿੰਨ੍ਹਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:-

1. ਅਜਿਹੀ ਸਮੱਸਿਆ ਜਾਂ ਪ੍ਰਸ਼ਨ ਜੋ ਸਮਾਧਾਨ ਦੀ ਉਡੀਕ ਵਿਚ ਹੋਵੇ।

2. ਪ੍ਰਮਾਣ ਜਾਂ ਆਧਾਰ-ਸਮੱਗਰੀ, ਜੋ ਖੋਜਕਾਰ ਨੇ ਇੱਕਠੀ ਕੀਤੀ ਹੋਵੇ।

3. ਆਧਾਰ-ਸਮੱਗਰੀ ਦੀ ਸਾਰਥਿਕਤਾ ਨੂੰ ਜਾਣਨ ਲਈ ਉਸ ਦਾ ਘੋਖਵਾਂ ਵਿਸ਼ਲੇਸ਼ਣ ਅਤੇ ਵਿਆਖਿਆ।

੫. ਨਿਸ਼ਕਰਸ਼ ਜੋ ਪ੍ਰਮਾਣਿਤ ਤੱਥਾਂ ਜਾਂ ਪ੍ਰਮਾਣਾਂ ਉੱਤੇ ਆਧਾਰਿਤ ਹੋਵੇ ਅਤੇ ਸਮੱਸਿਆ ਦਾ ਸਹੀ-ਸਹੀ ਸਮਾਧਾਨ ਜਾਂ ਹੱਲ ਦੱਸ ਦੇਵੇ।

**1.1 ਖੋਜ-ਕਾਰਜ : ਵਿਸ਼ਾ ਤੇ ਖੇਤਰ:-** ਕਿਸੇ ਵੀ ਵਿਸ਼ੇ ਦੇ ਖੋਜ-ਕਾਰਜ ਲਈ ਇਕ ਢੁਕਵੇਂ ਵਿਸ਼ੇ ਦੀ ਚੋਣ ਬਹੁਤ ਮਹੱਤਵਪੂਰਨ ਪੜਾਅ ਹੈ। ਇਸ ਖੋਜ-ਕਾਰਜ ਦਾ ਵਿਸ਼ਾ ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਅਧਿਐਨ ਚੁਣਿਆ ਗਿਆ ਹੈ। ਇਹ ਵਿਸ਼ਾ ਆਪਣੇ-ਆਪ ਵਿੱਚ ਮੌਲਿਕ ਤੇ ਨਿਵੇਕਲਾ ਹੈ, ਕਿਉਂਕਿ ਇਸ ਵਿਸ਼ੇ ਨਾਲ ਸੰਬੰਧਿਤ ਅਜੇ ਤੱਕ ਕੋਈ ਵੀ ਖੋਜ-ਕਾਰਜ ਨਹੀਂ ਹੋਇਆ ਹੈ। ਇਹ ਖੋਜ ਕਾਰਜ ਇਸ ਕਰਕੇ ਨਿਵੇਕਲਾ ਹੈ, ਕਿਉਂਕਿ ਇਸ ਖੋਜ ਕਾਰਜ ਦੁਆਰਾ ਇਹ ਖੋਜਣ ਦਾ ਨਿਵੇਕਲਾ ਉਪਰਾਲਾ ਕੀਤਾ ਜਾ ਰਿਹਾ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਛੇ ਭਾਰਤੀ ਕਾਵਿ-ਸ਼ਾਸਤਰੀ ਸਿਧਾਂਤਾਂ (ਰਸ, ਧੁਨੀ, ਅਲੰਕਾਰ, ਰੀਤੀ, ਵਕ੍ਰੋਕਤੀ ਅਤੇ ਔਚਿਤਯ) ਦੀ ਕੀ ਉਪਯੋਗਤਾ ਹੈ ਤੇ ਇਹ ਸਿਧਾਂਤ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਦੀ ਵਰਤਮਾਨ ਸੰਚਾਰ ਪ੍ਰਕਿਰਿਆ ਵਿਚ ਕੀ ਮਹੱਤਵ ਰੱਖਦੇ ਹਨ। ਇਹ ਖੋਜ-ਕਾਰਜ ਇਸ ਤੱਥ ਉੱਤੇ ਆਧਾਰਿਤ ਹੈ ਕਿ ਗੁਰੂ ਅਰਜਨ ਦੇਵ ਜੀ ਇਕ ਧਾਰਮਿਕ ਗੁਰੂ ਹੋਣ ਦੇ ਨਾਲ-ਨਾਲ ਇਕ ਉੱਚ ਕੋਟੀ ਜਾਂ ਉੱਚ ਦਰਜੇ ਦੇ ਰਚਨਾਕਾਰ (ਲੇਖਕ, ਕਵੀ ਜਾਂ ਸ਼ਾਇਰ) ਵੀ ਸਨ ਕਿਵੇਂ? ਇਸ ਖੋਜ ਦੁਆਰਾ ਅਸੀਂ ਇਹ ਦੇਖਣ ਦਾ ਉਪਰਾਲਾ ਜਾਂ ਯਤਨ ਕਰਾਂਗੇ ਕਿ ਗੁਰੂ ਜੀ ਦੀ ਗੁਰਬਾਣੀ ਵਿਚ ਵਰਤੇ ਗਏ ਵਰਣ ਜਾਂ ਅੱਖਰ, ਸ਼ਬਦ, ਵਾਕ, ਰਸ, ਅਲੰਕਾਰ, ਸ਼ਬਦ-ਸ਼ਕਤੀਆਂ (ਅਭਿਧਾ, ਲਕਸ਼ਣਾ ਅਤੇ ਵਿਅੰਜਨਾ), ਰੀਤੀ ਅਤੇ ਵਕ੍ਰੋਕਤੀ ਗੁਰਬਾਣੀ ਦੇ ਅਰਥਾਂ ਨੂੰ ਵਧੇਰੇ ਸਰਲ, ਸਪੱਸ਼ਟ, ਵਿਲੱਖਣ, ਪ੍ਰਭਾਵਸ਼ਾਲੀ ਅਤੇ ਗ੍ਰਹਿਣਸ਼ੀਲ ਕਿਵੇਂ ਬਣਾਉਂਦੇ ਹਨ? ਅਸੀਂ ਇਸ ਖੋਜ-ਕਾਰਜ ਰਾਹੀਂ ਉਹਨਾਂ ਦੀ ਸੰਪੂਰਨ ਬਾਣੀ ਨੂੰ ਭਾਰਤੀ ਕਾਵਿ ਸ਼ਾਸਤਰ ਦੇ ਛੇ ਸਿਧਾਂਤਾਂ ਦੇ ਵੱਖ-ਵੱਖ ਨਿਯਮਾਂ ਅਨੁਸਾਰ ਘੋਖਣ ਜਾਂ ਪਰਖਣ ਦਾ ਨਿਵੇਕਲਾ ਉਪਰਾਲਾ ਕਰਾਂਗੇ।

**1.2. ਪੂਰਵ ਖੋਜ ਦਾ ਸਰਵੇਖਣ:** ਨਿਵੇਕਲੇ ਅਤੇ ਮੌਲਿਕ ਖੋਜ-ਵਿਸ਼ੇ ਦੀ ਚੋਣ ਲਈ ਵੱਖ-ਵੱਖ ਯੂਨੀਵਰਸਿਟੀਆ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਸੰਬੰਧੀ ਹੋਏ ਖੋਜ-ਕਾਰਜ ਦੀ ਜਾਣਕਾਰੀ

ਹਾਸਿਲ ਕੀਤੀ ਗਈ ਹੈ। ਪੰਜਾਬੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਸੰਬੰਧੀ ਹੁਣ ਤੱਕ ਹੋਏ ਖੋਜ-ਕਾਰਜ ਦਾ ਵੇਰਵਾ ਇਸ ਪ੍ਰਕਾਰ ਹੈ :-

- ਖੋਜਾਰਥੀ :- ਕਰਤਾਰ ਸਿੰਘ ਸੂਰੀ

  ਖੋਜ ਪ੍ਰਬੰਧ :- ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ : ਇਕ ਤੁਲਨਾਤਮਕ ਅਧਿਐਨ

  ਯੂਨੀਵਰਸਿਟੀ :-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ

  ਸਾਲ :- 1967

- ਖੋਜਾਰਥੀ :- ਮਹਿੰਦਰ ਕੌਰ ਗਿੱਲ

  ਖੋਜ ਪ੍ਰਬੰਧ :-ਗੁਰੂ ਅਰਜਨ ਦੇਵ : ਜੀਵਨ ਤੇ ਬਾਣੀ

  ਯੂਨੀਵਰਸਿਟੀ :-ਦਿੱਲੀ ਯੂਨੀਵਰਸਿਟੀ ਦਿੱਲੀ

  ਸਾਲ :- 1974

- ਖੋਜਾਰਥੀ :- ਰਾਜਿੰਦਰਜੀਤ ਕੌਰ ਢੀਂਡਸਾ

  ਖੋਜ ਪ੍ਰਬੰਧ :-ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਰਹੱਸਵਾਦ

  ਯੂਨੀਵਰਸਿਟੀ :-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ

  ਸਾਲ :- 1975

- ਖੋਜਾਰਥੀ :- ਸੁਰਜੀਤ ਸਿੰਘ

  ਖੋਜ ਪ੍ਰਬੰਧ :-ਸੁਖਮਨੀ : ਇਕ ਆਲੋਚਨਾਤਮਕ ਅਧਿਐਨ

ਯੂਨੀਵਰਸਿਟੀ :-ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ

ਸਾਲ :-1976

- ਖੋਜਾਰਥੀ :- ਗੁਣਵੰਤ ਕੌਰ ਅਨੰਦ

  ਖੋਜ ਪ੍ਰਬੰਧ :-ਬਾਰਾਮਾਂਹ ਮਾਝ ਦਾ ਆਲੋਚਨਾਤਮਕ ਅਧਿਐਨ

  ਯੂਨੀਵਰਸਿਟੀ :- ਪੰਜਾਬ ਯੂਨੀਵਰਸਿਟੀ ਚੰਡੀਗੜ੍ਹ

  ਸਾਲ :-1980

- ਖੋਜਾਰਥੀ :- ਅਮਰਜੀਤ ਢੀਂਗਰਾ

  ਖੋਜ ਪ੍ਰਬੰਧ :-ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ-ਤੱਤ

  ਯੂਨੀਵਰਸਿਟੀ :-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ

  ਸਾਲ :- 1982

- ਖੋਜਾਰਥੀ :- ਜੋਗਿੰਦਰ ਸਿੰਘ

  ਖੋਜ ਪ੍ਰਬੰਧ :-ਸੁਖਮਨੀ ਦਾ ਦਾਰਸ਼ਨਿਕ ਆਧਾਰ

  ਯੂਨੀਵਰਸਿਟੀ :- ਪੰਜਾਬ ਯੂਨੀਵਰਸਿਟੀ ਚੰਡੀਗੜ੍ਹ

  ਸਾਲ :- 1984

- ਖੋਜਾਰਥੀ :- ਜੋਗਿੰਦਰਪਾਲ ਸਿੰਘ

  ਖੋਜ ਪ੍ਰਬੰਧ :-ਵਾਰਕਾਰ ਗੁਰੂ ਅਰਜਨ ਦੇਵ

ਯੂਨੀਵਰਸਿਟੀ :-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ

ਸਾਲ :- 1985

- ਖੋਜਾਰਥੀ :- ਮਲਕੀਤ ਸਿੰਘ ਬਾਜਵਾ

  ਖੋਜ ਪ੍ਰਬੰਧ :-ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਪ੍ਰਾਪਤ ਸਰੋਦੀ ਅੰਸ਼

  ਯੂਨੀਵਰਸਿਟੀ :-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ

  ਸਾਲ :- 1987

- ਖੋਜਾਰਥੀ :- ਮੇਵਾ ਸਿੰਘ ਸਿੱਧੂ

  ਖੋਜ ਪ੍ਰਬੰਧ :-ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਨੈਤਿਕਤਾ

  ਯੂਨੀਵਰਸਿਟੀ :-ਪੰਜਾਬੀ ਯੂਨੀਵਰਸਿਟੀ ਪਟਿਆਲਾ

  ਸਾਲ :- 1991

- ਖੋਜਾਰਥੀ :- ਦਰਸ਼ਨ ਕੌਰ

  ਖੋਜ ਪ੍ਰਬੰਧ :-ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪ੍ਰਾਪਤ ਸਾਂਸਕ੍ਰਿਤਕ ਮੁੱਲ

  ਯੂਨੀਵਰਸਿਟੀ :-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ

  ਸਾਲ :- 1995

- ਖੋਜਾਰਥੀ :- ਕੰਵਲਜੀਤ ਸਿੱਧੂ

  ਖੋਜ ਪ੍ਰਬੰਧ :-ਗੁਰੂ ਅਰਜਨ ਬਾਣੀ ਦਾ ਚਿੰਨ੍ਹ ਵਿਗਿਆਨਕ ਅਧਿਐਨ

ਯੂਨੀਵਰਸਿਟੀ :-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ

ਸਾਲ :- 2004

- ਖੋਜਾਰਥੀ :- ਇੰਦਰਜੀਤ ਕੌਰ

  ਖੋਜ ਪ੍ਰਬੰਧ :- ਗੁਰੂ ਅਰਜਨ ਦੇਵ ਜੀ ਦੀ ਬਾਣੀ : ਸੰਕਲਪ ਪ੍ਰਬੰਧ

  ਯੂਨੀਵਰਸਿਟੀ :-ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ

  ਸਾਲ :-2008

- ਖੋਜਾਰਥੀ :- ਨਵਦੀਪ ਸਿੰਘ

  ਖੋਜ ਪ੍ਰਬੰਧ :-ਗੁਰੂ ਅਰਜਨ ਦੇਵ ਜੀ ਦੀ ਬਾਣੀ : ਕਿਰਿਆ ਰੂਪਾਂ ਦੀ ਬਣਤਰ

  ਯੂਨੀਵਰਸਿਟੀ :-ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ

  ਸਾਲ :- 2010

- ਖੋਜਾਰਥੀ :- ਨਿਰਮਲ ਸਿੰਘ

  ਖੋਜ ਪ੍ਰਬੰਧ :-ਸੁਖਮਨੀ ਸਾਹਿਬ ਦੇ ਰਹੱਸਵਾਦ ਦਾ ਦਾਰਸ਼ਨਿਕ ਵਿਸ਼ਲੇਸ਼ਣ

  ਯੂਨੀਵਰਸਿਟੀ :-ਪੰਜਾਬੀ ਯੂਨੀਵਰਸਿਟੀ ਪਟਿਆਲਾ

  ਸਾਲ :- 2014

- ਖੋਜਾਰਥੀ :-ਹਰਪ੍ਰੀਤ ਕੌਰ

ਖੋਜ ਪ੍ਰਬੰਧ :-ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਅਧਿਆਤਮਕ ਉੱਨਤੀ ਦਾ ਸਾਧਨਾ ਮਾਰਗ

ਤੇ

ਉਦੇਸ਼ (ਸੁਖਮਨੀ ਸਾਹਿਬ ਦੇ ਸੰਦਰਭ ਵਿਚ)

ਯੂਨੀਵਰਸਿਟੀ :-ਪੰਜਾਬੀ ਯੂਨੀਵਰਸਿਟੀ ਪਟਿਆਲਾ

ਸਾਲ :-2017

ਕਰਤਾਰ ਸਿੰਘ ਸੂਰੀ ਨੇ 'ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ : ਇਕ ਤੁਲਨਾਤਮਕ ਅਧਿਐਨ' ਆਪਣੇ ਖੋਜ ਪ੍ਰਬੰਧ ਅੰਦਰ ਕੇਵਲ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸੰਤ ਦਾਦੂ ਦਿਆਲ ਦਾ ਤੁਲਨਾਤਮਕ ਅਧਿਐਨ ਕੀਤਾ ਹੈ, ਪਰੰਤੂ ਇਸ ਖੋਜ ਕਾਰਜ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਨੂੰ ਭਾਰਤੀ ਕਾਵਿ-ਸ਼ਾਸਤਰ ਦੇ ਸਿਧਾਂਤਾਂ (ਰਸ, ਧੁਨੀ, ਅਲੰਕਾਰ, ਰੀਤੀ, ਵਕ੍ਰੋਕਤੀ, ਔਚਿਤਯ) ਅਨੁਸਾਰ ਵਾਚਦਿਆਂ ਇਸ ਦੀ ਸੰਚਾਰ-ਪ੍ਰਕਿਰਿਆ ਨੂੰ ਸਮਝਣ ਦਾ ਉਪਰਾਲਾ ਹੈ, ਜੋ ਕਿ ਸਮੁੱਚੇ ਪਾਠਕਾਂ ਜਾਂ ਸਰੋਤਿਆਂ ਲਈ ਸਹਾਇਕ ਹੈ।

ਮਹਿੰਦਰ ਕੌਰ ਗਿੱਲ ਨੇ 'ਗੁਰੂ ਅਰਜਨ ਦੇਵ : ਜੀਵਨ ਤੇ ਬਾਣੀ' ਆਪਣੇ ਖੋਜ ਪ੍ਰਬੰਧ ਅੰਦਰ ਸਿੱਖਾਂ ਦੇ ਪੰਜਵੇ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਅਤੇ ਉਹਨਾਂ ਦੀ ਸੰਪੂਰਨ ਗੁਰਬਾਣੀ ਦਾ ਅਧਿਐਨ ਕੀਤਾ ਹੈ ਪਰੰਤੂ ਇਸ ਖੋਜ ਕਾਰਜ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਨੂੰ ਭਾਰਤੀ ਕਾਵਿ-ਸ਼ਾਸਤਰ ਦੇ ਸਿਧਾਂਤਾਂ ਅਨੁਸਾਰ ਵਾਚਦਿਆਂ ਇਹ ਸਿੱਧ ਕਰਨ ਦਾ ਉਪਰਾਲਾ ਹੈ ਕਿ ਗੁਰੂ ਅਰਜਨ ਦੇਵ ਜੀ ਧਾਰਮਿਕ ਗੁਰੂ ਹੋਣ ਦੇ ਨਾਲ-ਨਾਲ ਇਕ ਵਧੀਆ ਰਚਨਾਕਾਰ, ਲੇਖਕ ਜਾਂ ਕਵੀ ਵੀ ਸਨ।

ਰਾਜਿੰਦਰਜੀਤ ਕੌਰ ਢੀਂਡਸਾ ਨੇ 'ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਰਹੱਸਵਾਦ' ਆਪਣੇ ਖੋਜ ਪ੍ਰਬੰਧ ਅੰਦਰ ਗੁਰੂ ਅਰਜਨ ਦੇਵ ਜੀ ਬਾਣੀ ਵਿਚਲੇ ਰਹੱਸਵਾਦ ਦਾ ਨਿਵੇਕਲੇ ਢੰਗ ਨਾਲ ਅਧਿਐਨ ਕੀਤਾ ਹੈ, ਪਰੰਤੂ ਇਸ ਖੋਜ ਕਾਰਜ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਨੂੰ ਭਾਰਤੀ ਕਾਵਿ-ਸ਼ਾਸਤਰ ਦੇ

ਸਿਧਾਂਤਾਂ ਅਨੁਸਾਰ ਵਾਚਦਿਆਂ ਇਹ ਸਿੱਧ ਕਰਨ ਦਾ ਉਪਰਾਲਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਭਾਰਤੀ ਕਾਵਿ-ਸ਼ਾਸਤਰ ਦੇ ਪੱਖ ਤੋਂ ਕਿੰਨੀ ਕੁ ਸਾਰਥਿਕ, ਵਿਲੱਖਣ, ਪ੍ਰਭਾਵਸ਼ਾਲੀ ਅਤੇ ਗ੍ਰਹਿਣਸ਼ੀਲ ਹੈ।

ਸੁਰਜੀਤ ਸਿੰਘ ਨੇ 'ਸੁਖਮਨੀ : ਇਕ ਆਲੋਚਨਾਤਮਕ ਅਧਿਐਨ' ਆਪਣੇ ਖੋਜ ਪ੍ਰਬੰਧ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ 'ਸੁਖਮਨੀ ਸਾਹਿਬ' ਦਾ ਆਲੋਚਨਾਤਮਕ ਅਧਿਐਨ ਕੀਤਾ ਹੈ ਜੋ ਕੇਵਲ ਇਕ ਬਾਣੀ ਤੱਕ ਸੀਮਿਤ ਹੈ, ਪਰੰਤੂ ਇਸ ਖੋਜ ਕਾਰਜ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਨੂੰ ਆਧਾਰ ਬਣਾ ਕੇ ਭਾਰਤੀ ਕਾਵਿ-ਸ਼ਾਸਤਰ ਦੇ ਸਿਧਾਂਤਾਂ ਅਨੁਸਾਰ ਵਾਚਣ ਦਾ ਨਿਵੇਕਲਾ ਉਪਰਾਲਾ ਹੈ।

ਗੁਣਵੰਤ ਕੌਰ ਅਨੰਦ ਨੇ 'ਬਾਰਾਮਾਂਹ ਮਾਝ ਦਾ ਆਲੋਚਨਾਤਮਕ ਅਧਿਐਨ' ਆਪਣੇ ਖੋਜ ਪ੍ਰਬੰਧ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਬਾਰਾਮਾਂਹ ਮਾਝ ਦਾ ਆਲੋਚਨਾਤਮਕ ਅਧਿਐਨ ਕੀਤਾ ਹੈ। ਇਸ ਬਾਣੀ ਦਾ ਉਚਾਰਣ ਸੰਗਰਾਂਦ ਵਾਲੇ ਦਿਨ ਗੁਰਦੁਆਰੇ ਅੰਦਰ ਕੀਤਾ ਜਾਂਦਾ ਹੈ। ਇਸ ਬਾਣੀ ਅੰਦਰ ਆਤਮਾ ਅਤੇ ਪਰਮਾਤਮਾ ਦੇ ਮਿਲਾਪ ਦਾ ਵਰਨਣ ਦੇਸੀ ਬਾਰਾਂ ਮਹੀਨਿਆਂ (ਚੇਤ, ਵੈਸਾਖ, ਜੇਠ, ਹਾੜ, ਸਾਉਣ, ਭਾਦੋਂ, ਅੱਸੂ, ਕੱਤਕ, ਮੱਘਰ, ਪੋਹ, ਮਾਘ, ਫੱਗਣ) ਦੇ ਅਨੁਸਾਰ ਕੀਤਾ ਗਿਆ ਹੈ, ਪਰੰਤੂ ਇਸ ਖੋਜ ਕਾਰਜ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਨੂੰ ਭਾਰਤੀ ਕਾਵਿ-ਸ਼ਾਸਤਰ ਦੇ ਸਿਧਾਂਤਾਂ ਅਨੁਸਾਰ ਵਾਚਦਿਆਂ ਇਸ ਦੀ ਸੰਚਾਰ-ਪ੍ਰਕਿਰਿਆ ਨੂੰ ਸਮਝਣ ਦਾ ਨਿਵੇਕਲਾ ਉਪਰਾਲਾ ਹੈ।

ਅਮਰਜੀਤ ਢੀਂਗਰਾ ਨੇ 'ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ-ਤੱਤ' ਆਪਣੇ ਖੋਜ ਪ੍ਰਬੰਧ ਅੰਦਰ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚਲੇ ਵੱਖ-ਵੱਖ ਲੋਕ ਤੱਤਾਂ ਦਾ ਅਧਿਐਨ ਕੀਤਾ ਹੈ। ਲੋਕ ਤੱਤਾਂ ਵਿਚ ਜੀਵਨ ਦੀ ਸੱਚਾਈ ਨੂੰ ਬਿਆਨ ਕੀਤਾ ਹੁੰਦਾ ਹੈ, ਜੋ ਕੇਵਲ ਬਾਣੀ ਦੇ ਇਕ ਪੱਖ ਤੱਕ ਸੀਮਿਤ ਹੈ ਪਰੰਤੂ ਇਸ ਖੋਜ ਕਾਰਜ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਨੂੰ ਭਾਰਤੀ ਕਾਵਿ-ਸ਼ਾਸਤਰ ਦੇ ਸਿਧਾਂਤਾਂ ਜਾਂ ਵੱਖ-ਵੱਖ ਤੱਤਾਂ ਅਨੁਸਾਰ ਵਾਚਣ ਦਾ ਯਤਨ ਹੈ।

ਜੋਗਿੰਦਰ ਸਿੰਘ ਨੇ 'ਸੁਖਮਨੀ ਦਾ ਦਾਰਸ਼ਨਿਕ ਆਧਾਰ' ਆਪਣੇ ਖੋਜ ਪ੍ਰਬੰਧ ਅੰਦਰ ਗੁਰੂ ਅਰਜਨ ਦੇਵ ਜੀ ਦੀ ਕੇਵਲ ਇਕ ਬਾਣੀ 'ਸੁਖਮਨੀ ਸਾਹਿਬ' ਵਿਚਲੇ ਦਾਰਸ਼ਨਿਕ ਆਧਾਰ ਦਾ ਹੀ ਅਧਿਐਨ ਕੀਤਾ ਗਿਆ ਹੈ ਪਰੰਤੂ ਇਸ ਖੋਜ ਕਾਰਜ ਵਿਚ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਨੂੰ ਭਾਰਤੀ ਕਾਵਿ-ਸ਼ਾਸਤਰ ਦੇ ਸਿਧਾਂਤਾਂ ਅਨੁਸਾਰ ਵਾਚਦਿਆਂ ਇਹ ਸਿੱਧ ਕਰਨ ਦਾ ਉਪਰਾਲਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਕਾਵਿ-ਸ਼ਾਸਤਰ ਦੇ ਪੱਖ ਤੋਂ ਕਿੰਨੀ ਕੁ ਸਾਰਥਿਕ ਹੈ।

ਜੋਗਿੰਦਰਪਾਲ ਸਿੰਘ ਨੇ 'ਵਾਰਕਾਰ ਗੁਰੂ ਅਰਜਨ ਦੇਵ' ਆਪਣੇ ਖੋਜ ਪ੍ਰਬੰਧ ਅੰਦਰ ਸਿੱਖਾਂ ਦੇ ਪੰਜਵੇ ਗੁਰੂ ਅਰਜਨ ਦੇਵ ਜੀ ਨੂੰ ਕੇਵਲ ਇਕ ਵਾਰਕਾਰ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਪਰੰਤੂ ਇਸ ਖੋਜ ਕਾਰਜ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਨੂੰ ਭਾਰਤੀ ਕਾਵਿ-ਸ਼ਾਸਤਰ ਦੇ ਸਿਧਾਂਤਾਂ ਅਨੁਸਾਰ ਵਾਚਦਿਆਂ ਇਹ ਦੇਖਣ ਦਾ ਨਿਵੇਕਲਾ ਉਪਰਾਲਾ ਹੈ ਕਿ ਗੁਰੂ ਅਰਜਨ ਦੇਵ ਜੀ ਧਾਰਮਿਕ ਗੁਰੂ ਹੋਣ ਦੇ ਨਾਲ-ਨਾਲ ਇਕ ਵਧੀਆ ਰਚਨਾਕਾਰ, ਲੇਖਕ ਜਾਂ ਕਵੀ ਵੀ ਸਨ।

ਮਲਕੀਤ ਸਿੰਘ ਬਾਜਵਾ ਨੇ 'ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਪ੍ਰਾਪਤ ਸਰੋਦੀ ਅੰਸ਼' ਆਪਣੇ ਖੋਜ ਪ੍ਰਬੰਧ ਅੰਦਰ ਗੁਰੂ ਅਰਜਨ ਦੇਵ ਜੀ ਬਾਣੀ ਵਿਚਲੇ ਪ੍ਰਾਪਤ ਸਰੋਦੀ ਅੰਸ਼ (Musical Tune) ਦੇ ਆਧਾਰ ਦਾ ਅਧਿਐਨ ਕੀਤਾ ਹੈ ਪਰੰਤੂ ਇਸ ਖੋਜ ਕਾਰਜ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਨੂੰ ਭਾਰਤੀ ਕਾਵਿ-ਸ਼ਾਸਤਰ ਦੇ ਸਿਧਾਂਤਾਂ ਅਨੁਸਾਰ ਵਾਚਦਿਆਂ ਇਹ ਦੱਸਣ ਦਾ ਨਿਵੇਕਲਾ ਉਪਰਾਲਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਭਾਰਤੀ ਕਾਵਿ-ਸ਼ਾਸਤਰ ਦੇ ਪੱਖ ਤੋਂ ਕਿੰਨੀ ਕੁ ਸਾਰਥਿਕ ਹੈ।

ਮੇਵਾ ਸਿੰਘ ਸਿੱਧੂ ਨੇ 'ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਨੈਤਿਕਤਾ' ਆਪਣੇ ਖੋਜ ਪ੍ਰਬੰਧ ਅੰਦਰ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚਲੇ ਵੱਖ-ਵੱਖ ਨੈਤਿਕ ਤੱਤਾਂ ਦਾ ਅਧਿਐਨ ਕੀਤਾ ਹੈ। ਨੈਤਿਕ ਤੱਤਾਂ ਵਿਚ ਜੀਵਨ ਦੀ ਸੱਚਾਈ ਨੂੰ ਬਿਆਨ ਕੀਤਾ ਹੁੰਦਾ ਹੈ ਜੋ ਕੇਵਲ ਬਾਣੀ ਦੇ ਇਕ ਪੱਖ ਤੱਕ ਹੀ ਸੀਮਿਤ

ਹੈ ਪਰੰਤੂ ਇਸ ਖੋਜ ਕਾਰਜ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਨੂੰ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ ਜਾਂ ਵੱਖ-ਵੱਖ ਤੱਤਾਂ ਅਨੁਸਾਰ ਵਿਚਾਰਨ  ਜਾਂ ਘੋਖਣ ਦਾ ਨਿਵੇਕਲਾ ਯਤਨ ਹੈ।

ਦਰਸ਼ਨ ਕੌਰ ਨੇ 'ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪ੍ਰਾਪਤ ਸਾਂਸਕ੍ਰਿਤਕ ਮੁੱਲ' ਆਪਣੇ ਖੋਜ ਪ੍ਰਬੰਧ ਅੰਦਰ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਵਿਚ ਪ੍ਰਾਪਤ ਸਾਂਸਕ੍ਰਿਤਕ ਜਾਂ ਸਭਿਆਚਾਰਕ ਮੁੱਲਾਂ ਦਾ ਅਧਿਐਨ ਕੀਤਾ ਹੈ, ਪਰੰਤੂ ਇਸ ਖੋਜ ਕਾਰਜ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਨੂੰ ਭਾਰਤੀ ਕਾਵਿ-ਸ਼ਾਸਤਰ ਦੇ ਸਿਧਾਂਤਾਂ ਅਨੁਸਾਰ ਵਾਚਦਿਆਂ ਇਹ ਦੱਸਣ ਦਾ ਉਪਰਾਲਾ ਹੈ ਕਿ ਗੁਰੂ ਅਰਜਨ ਦੇਵ ਜੀ ਧਾਰਮਿਕ ਗੁਰੂ ਹੋਣ ਦੇ ਨਾਲ-ਨਾਲ ਇਕ ਵਧੀਆ ਰਚਨਾਕਾਰ ਜਾਂ ਲੇਖਕ ਵੀ ਸਨ।

ਕੰਵਲਜੀਤ ਸਿੱਧੂ ਨੇ 'ਗੁਰੂ ਅਰਜਨ ਬਾਣੀ ਦਾ ਚਿੰਨ੍ਹ ਵਿਗਿਆਨਕ ਅਧਿਐਨ' ਆਪਣੇ ਖੋਜ ਪ੍ਰਬੰਧ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਚਿੰਨ੍ਹ ਵਿਗਿਆਨਕ ਅਧਿਐਨ ਕੀਤਾ ਹੈ ਪਰੰਤੂ ਇਸ ਖੋਜ ਕਾਰਜ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਨੂੰ ਭਾਰਤੀ ਕਾਵਿ-ਸ਼ਾਸਤਰ ਦੇ ਸਿਧਾਂਤਾਂ (ਰਸ, ਧੁਨੀ, ਅਲੰਕਾਰ, ਰੀਤੀ, ਵਕ੍ਰੋਕਤੀ, ਔਚਿਤਯ) ਅਨੁਸਾਰ ਵਾਚਦਿਆਂ ਇਸ ਦੀ ਸੰਚਾਰ-ਪ੍ਰਕਿਰਿਆ ਨੂੰ ਸਮਝਣ ਦਾ ਨਿਵੇਕਲਾ ਉਪਰਾਲਾ ਹੈ ਜੋ ਕਿ ਸਮੁੱਚੇ ਪਾਠਕਾਂ ਜਾਂ ਸਰੋਤਿਆਂ ਲਈ ਬਹੁਤ ਸਹਾਇਕ ਹੈ।

ਇੰਦਰਜੀਤ ਕੌਰ ਨੇ 'ਗੁਰੂ ਅਰਜਨ ਦੇਵ ਜੀ ਦੀ ਬਾਣੀ : ਸੰਕਲਪ ਪ੍ਰਬੰਧ' ਆਪਣੇ ਖੋਜ ਪ੍ਰਬੰਧ ਅੰਦਰ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚਲੇ ਵੱਖ-ਵੱਖ ਸੰਕਲਪ ਪ੍ਰਬੰਧ ਦਾ ਅਧਿਐਨ ਕੀਤਾ ਗਿਆ ਹੈ, ਪਰੰਤੂ ਇਸ ਖੋਜ ਕਾਰਜ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਨੂੰ ਭਾਰਤੀ ਕਾਵਿ-ਸ਼ਾਸਤਰ ਦੇ ਸਿਧਾਂਤਾਂ ਜਾਂ ਵੱਖ-ਵੱਖ ਤੱਤਾਂ ਅਨੁਸਾਰ ਵਾਚਣ ਦਾ ਯਤਨ ਹੈ।

ਨਵਦੀਪ ਸਿੰਘ ਨੇ 'ਗੁਰੂ ਅਰਜਨ ਦੇਵ ਜੀ ਦੀ ਬਾਣੀ : ਕਿਰਿਆ ਰੂਪਾਂ ਦੀ ਬਣਤਰ' ਆਪਣੇ ਖੋਜ ਪ੍ਰਬੰਧ ਅੰਦਰ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪ੍ਰਾਪਤ ਵੱਖ-ਵੱਖ ਕਿਰਿਆ ਰੂਪਾਂ (ਵਰਤਮਾਨ ਕਾਲ, ਹੁਕਮੀ ਭਵਿੱਖਤ, ਭਵਿੱਖਤ, ਭੂਤ-ਕਾਲ, ਕਰਤਰੀ ਵਾਚ, ਕਰਮ ਵਾਚ, ਕਾਰਦੰਤਕ) ਦੀ ਬਣਤਰ ਦਾ

ਅਧਿਐਨ ਕੀਤਾ ਹੈ, ਪਰੰਤੂ ਇਸ ਖੋਜ ਕਾਰਜ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਨੂੰ ਭਾਰਤੀ ਕਾਵਿ-ਸ਼ਾਸਤਰ ਦੇ ਸਿਧਾਂਤਾਂ ਅਨੁਸਾਰ ਵਾਚਦਿਆਂ ਇਹ ਦੱਸਣ ਦਾ ਨਿਵੇਕਲਾ ਉਪਰਾਲਾ ਹੈ ਕਿ ਗੁਰੂ ਅਰਜਨ ਦੇਵ ਜੀ ਧਾਰਮਿਕ ਗੁਰੂ ਹੋਣ ਦੇ ਨਾਲ-ਨਾਲ ਇਕ ਵਧੀਆ ਲੇਖਕ ਜਾਂ ਰਚਨਾਕਾਰ ਵੀ ਸਨ।

ਨਿਰਮਲ ਸਿੰਘ ਨੇ 'ਸੁਖਮਨੀ ਸਾਹਿਬ ਦੇ ਰਹੱਸਵਾਦ ਦਾ ਦਾਰਸ਼ਨਿਕ ਵਿਸ਼ਲੇਸ਼ਣ' ਆਪਣੇ ਖੋਜ ਪ੍ਰਬੰਧ ਅੰਦਰ ਗੁਰੂ ਅਰਜਨ ਦੇਵ ਜੀ ਦੀ ਬਾਣੀ ਸੁਖਮਨੀ ਸਾਹਿਬ ਦੇ ਰਹੱਸਵਾਦ ਦਾ ਦਾਰਸ਼ਨਿਕ ਵਿਸ਼ਲੇਸ਼ਣ ਦਾ ਅਧਿਐਨ ਕੀਤਾ ਹੈ। ਇਸ ਬਾਣੀ ਵਿਚ ਉਸ ਸਥਾਈ ਸੁਖ ਦੇ ਸਰੂਪ ਅਤੇ ਪ੍ਰਾਪਤੀ ਦੀ ਵਿਧੀ ਬਾਰੇ ਬੋਧ ਕਰਵਾਇਆ ਗਿਆ ਹੈ, ਜੋ ਮਨੁੱਖੀ ਜੀਵਨ ਦਾ ਲਕਸ਼ ਜਾਂ ਉਦੇਸ਼ ਹੈ, ਪਰੰਤੂ ਇਸ ਖੋਜ ਕਾਰਜ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਨੂੰ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ ਅਨੁਸਾਰ ਵਾਚਣ ਦਾ ਨਿਵੇਕਲਾ ਯਤਨ ਜਾਂ ਉਪਰਾਲਾ ਹੈ।

ਹਰਪ੍ਰੀਤ ਕੌਰ ਨੇ 'ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਅਧਿਆਤਮਕ ਉੱਨਤੀ ਦਾ ਸਾਧਨਾ ਮਾਰਗ ਤੇ ਉਦੇਸ਼ (ਸੁਖਮਨੀ ਸਾਹਿਬ ਦੇ ਸੰਦਰਭ ਵਿਚ)' ਆਪਣੇ ਖੋਜ ਪ੍ਰਬੰਧ ਅੰਦਰ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਅਧਿਆਤਮਕ ਉੱਨਤੀ ਦਾ ਸਾਧਨਾ ਮਾਰਗ (ਨਾਮ-ਸਿਮਰਨ) ਤੇ ਉਦੇਸ਼ (ਮਨੁੱਖੀ ਜੀਵਨ ਦਾ ਮੰਤਵ) ਦਾ ਅਧਿਐਨ ਕੀਤਾ ਹੈ, ਪਰੰਤੂ ਇਸ ਖੋਜ ਕਾਰਜ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਨੂੰ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ ਅਨੁਸਾਰ ਵਾਚਦਿਆਂ ਇਹ ਦੱਸਣ ਦਾ ਨਿਵੇਕਲਾ ਉਪਰਾਲਾ ਹੈ ਕਿ ਗੁਰੂ ਅਰਜਨ ਦੇਵ ਜੀ ਧਾਰਮਿਕ ਗੁਰੂ ਹੋਣ ਦੇ ਨਾਲ-ਨਾਲ ਇਕ ਵਧੀਆ ਰਚਨਾਕਾਰ (ਲੇਖਕ ਜਾਂ ਕਵੀ) ਵੀ ਸਨ।

ਪੰਜਾਬੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ, ਬਾਣੀ, ਯੋਗਦਾਨ ਅਤੇ ਸ਼ਹੀਦੀ ਨਾਲ ਸੰਬੰਧਿਤ ਹੁਣ ਤੱਕ ਛੱਪ ਚੁੱਕੀਆਂ ਵੱਖ-ਵੱਖ ਪੁਸਤਕਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

| ਲੜੀ ਨੰਬਰ | ਪੁਸਤਕ ਦਾ ਨਾਮ | ਲੇਖਕ |
|---|---|---|
| 1 | ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ | ਕਰਤਾਰ ਸਿੰਘ ਸੂਰੀ |
| 2 | ਜੀਵਨ ਕਥਾ ਸ੍ਰੀ ਗੁਰੂ ਅਰਜਨ ਦੇਵ ਜੀ | ਤਿਰਲੋਕ ਸਿੰਘ ਗਿਆਨੀ |
| 3 | ਪਰਤੱਖ-ਹਰਿ ਗੁਰੂ ਅਰਜਨ ਦੇਵ | ਪ੍ਰਿੰ. ਸਤਿਬੀਰ ਸਿੰਘ |
| 4 | ਗੁਰੂ ਅਰਜਨ ਵਿਟਹੁ ਗੁਰਬਾਣੀ | ਨਰੈਣ ਸਿੰਘ |
| 5 | ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਖ਼ਸੀਅਤ | ਨਰੈਣ ਸਿੰਘ |
| 6 | ਗੁਰੂ ਅਰਜਨ ਦੇਵ ਜੀਵਨ ਤੇ ਬਾਣੀ | ਡਾ. ਮਹਿੰਦਰ ਕੌਰ ਗਿੱਲ |
| 7 | ਗੁਰੂ ਅਰਜਨ ਦੇਵ ਜੀਵਨ ਤੇ ਰਚਨਾ | ਡਾ. ਗੁਰਸ਼ਰਨ ਕੌਰ ਜੱਗੀ |
| 8 | ਗੁਰੂ ਅਰਜਨ ਦੇਵ ਜੀ ਦੀ ਅਮਰ ਰਚਨਾ ਵਾਰ ਮਾਰੂ ਅਤੇ ਸਲੋਕ ਡਖਣੇ | ਲਾਲ ਸਿੰਘ ਬੇਦੀ |
| 9 | ਗੁਰੂ ਅਰਜਨ ਦੇਵ | ਡਾ. ਵਜ਼ੀਰ ਸਿੰਘ |
| 10 | ਗੁਰੂ ਅਰਜਨ ਦੇਵ ਜੀਵਨ ਅਤੇ ਰਚਨਾ | ਲਾਲ ਸਿੰਘ ਗਿਆਨੀ |
| 11 | ਸ੍ਰੀ ਗੁਰੂ ਅਰਜਨ ਦੇਵ ਪ੍ਰਤੱਖ ਹਰਿ | ਐੱਮ.ਜੀ.ਗੁਪਤਾ |
| 12 | ਗੁਰੂ ਅਰਜਨ ਦੇਵ ਜੀ ਦਾ ਰਹੱਸਵਾਦ | ਰਾਜਿੰਦਰਜੀਤ ਕੌਰ ਢੀਂਡਸਾ |
| 13 | ਗੁਰੂ ਅਰਜਨ ਦੇਵ ਜੀਵਨ ਤੇ ਬਾਣੀ | ਅੰਮ੍ਰਿਤਪਾਲ 'ਪਾਲ' |

| | | |
|---|---|---|
| 14 | ਗੁਰੂ ਅਰਜਨ ਦੇਵ ਜੀ ਜੀਵਨ ਗਾਥਾ | ਚਰਨ ਸਿੰਘ ਭੋਰਛੀ |
| 15 | ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਬਿਰਤਾਂਤ-1 | ਡਾ. ਕਿਰਪਾਲ ਸਿੰਘ |
| 16 | ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਬਿਰਤਾਂਤ-2 | ਡਾ. ਕਿਰਪਾਲ ਸਿੰਘ |
| 17 | ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਬਿਰਤਾਂਤ-3 | ਡਾ. ਕਿਰਪਾਲ ਸਿੰਘ |
| 18 | ਗੁਰੂ ਅਰਜਨ ਬਾਣੀ ਰਾਗ ਰਤਨਾਕਰ | ਡਾ. ਗੁਰਨਾਮ ਸਿੰਘ |
| 19 | ਗੁਰੂ ਅਰਜਨ ਦੇਵ ਸ਼ਹੀਦੀ ਅਤੇ ਰਚਨਾ | ਡਾ. ਜੋਧ ਸਿੰਘ |
| 20 | ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ | ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ |
| 21 | ਜਪਉ ਜਿਨ ਅਰਜਨ ਦੇਵ ਗੁਰੂ | ਸੰਤੋਖ ਸਿੰਘ ਬਿਬੇਕਸਰ |
| 22 | ਸ੍ਰੀ ਗੁਰੂ ਅਰਜਨ ਦੇਵ ਜੀ ਦੀ (ਜੀਵਨੀ) | ਸੇਵਾ ਸਿੰਘ ਮਾਸਟਰ |
| 23 | ਸ਼ਹੀਦਾ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ | ਸੇਵਾ ਸਿੰਘ ਮਾਸਟਰ |
| 24 | ਸ੍ਰੀ ਗੁਰੂ ਅਰਜਨ ਦੇਵ ਜੀ: ਜੀਵਨ ਗਾਥਾ ਤੇ ਸਿਧਾਂਤ | ਕਿਰਪਾਲ ਸਿੰਘ ਚੰਦਨ |
| 25 | ਕਲਜੁਗੀ ਜਹਾਜ਼ ਅਰਜਨ ਗੁਰੂ | ਧਰਮ ਪ੍ਰਚਾਰ ਕਮੇਟੀ, ਐੱਸ.ਜੀ.ਪੀ.ਸੀ. |
| 26 | ਗੁਰੂ ਅਰਜਨ ਦੇਵ ਜੀ: ਜੀਵਨ ਤੇ ਸ਼ਖ਼ਸੀਅਤ | ਪਰਮਜੀਤ ਸਿੰਘ ਪੰਮੀ |

| | | |
|---|---|---|
| 27 | ਗੁਰੂ ਅਰਜਨ ਦੇਵ ਜੀ | ਡਾ. ਰਮਿੰਦਰ ਕੌਰ |

ਕਰਤਾਰ ਸਿੰਘ ਸੂਰੀ ਦੁਆਰਾ ਰਚਿਤ ਪੁਸਤਕ 'ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ' ਦੇ ਅਧਿਐਨ ਉਪਰੰਤ ਗੁਰੂ ਅਰਜਨ ਦੇਵ ਜੀ ਅਤੇ ਸੰਤ ਦਾਦੂ ਦਿਆਲ ਦੇ ਜੀਵਨ, ਬਾਣੀ, ਯੋਗਦਾਨ ਬਾਰੇ ਜਾਣਕਾਰੀ ਮਿਲਦੀ ਹੈ। ਇਸ ਪੁਸਤਕ ਦਾ ਸੰਬੰਧ ਕੇਵਲ ਵਿਚਾਰਾਤਮਕ ਪੱਧਰ ਤੇ ਵਸਤੂ ਨਾਲ ਜੁੜਿਆ ਹੋਇਆ ਹੈ। ਪਰੰਤੂ ਇਸ ਖੋਜ ਕਾਰਜ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਗੁਰਬਾਣੀ ਨੂੰ ਭਾਰਤੀ ਕਾਵਿ-ਸ਼ਾਸਤਰ ਦੇ ਸਿਧਾਂਤਾਂ ਅਨੁਸਾਰ ਵਾਚਣ ਜਾਂ ਘੋਖਣ ਦਾ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ ਜੋ ਕਿ ਆਪਣੇ-ਆਪ ਵਿਚ ਇਕ ਨਿਵੇਕਲਾ ਵਿਸ਼ਾ ਹੈ।

ਤਿਰਲੋਕ ਸਿੰਘ ਗਿਆਨੀ ਦੁਆਰਾ ਰਚਿਤ ਪੁਸਤਕ 'ਜੀਵਨ ਕਥਾ ਗੁਰੂ ਅਰਜਨ ਦੇਵ ਜੀ' ਦੇ ਅਧਿਐਨ ਉਪਰੰਤ ਸਿੱਖ ਧਰਮ ਦੇ ਪੰਜਵੇਂ ਗੁਰੂ ਅਰਜਨ ਦੇਵ ਜੀ ਦੇ ਜੀਵਨ, ਗੁਰਬਾਣੀ ਅਤੇ ਸਾਹਿਤਿਕ ਯੋਗਦਾਨ ਬਾਰੇ ਜਾਣਕਾਰੀ ਮਿਲਦੀ ਹੈ। ਇਸ ਪੁਸਤਕ ਦਾ ਸੰਬੰਧ ਕੇਵਲ ਗੁਰੂ ਅਰਜਨ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਜਾਣਕਾਰੀ ਨੂੰ ਪ੍ਰਸਤੁਤ ਕਰਨਾ ਹੈ ਪਰੰਤੂ ਇਸ ਖੋਜ-ਕਾਰਜ ਦਾ ਸੰਬੰਧ ਗੁਰੂ ਅਰਜਨ ਦੇਵ ਜੀ ਦੇ ਰੂਪਾਤਮਕ ਜਾਂ ਕਲਾਤਮਕ ਪੱਖ ਨਾਲ ਹੈ।

ਪ੍ਰਿੰਸੀਪਲ ਸਤਿਬੀਰ ਸਿੰਘ ਦੁਆਰਾ ਰਚਿਤ ਪੁਸਤਕ 'ਪਰਤੱਖ-ਹਰਿ ਗੁਰੂ ਅਰਜਨ ਦੇਵ' ਦੇ ਅਧਿਐਨ ਉਪਰੰਤ ਗੁਰੂ ਅਰਜਨ ਦੇਵ ਜੀ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਸੰਪਾਦਕ ਦੇ ਰੂਪ ਵਿਚ ਪ੍ਰਸਤੁਤ ਹੋਏ ਹਨ। ਇਸ ਪੁਸਤਕ ਤੋਂ ਗੁਰੂ ਅਰਜਨ ਦੇਵ ਜੀ ਦੇ ਜੀਵਨ ਅਤੇ ਬਾਣੀ-ਸੰਸਾਰ ਬਾਰੇ ਜਾਣਕਾਰੀ ਮਿਲਦੀ ਹੈ ਪਰੰਤੂ ਇਸ ਖੋਜ-ਕਾਰਜ ਰਾਹੀਂ ਗੁਰੂ ਅਰਜਨ ਦੇਵ ਜੀ ਦੀ ਗੁਰੂ-ਕਵੀ ਦੇ ਰੂਪ ਵਿਚ ਰੂਪਾਤਮਕ / ਕਲਾਤਮਕ ਵਿਲੱਖਣਤਾ ਨੂੰ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ।

ਨਰੈਣ ਸਿੰਘ ਦੁਆਰਾ ਰਚਿਤ ਪੁਸਤਕਾਂ 'ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਖ਼ਸੀਅਤ' ਅਤੇ 'ਗੁਰੂ ਅਰਜਨ ਵਿਟਹੁ ਗੁਰਬਾਣੀ' ਦੇ ਅਧਿਐਨ ਉਪਰੰਤ ਗੁਰੂ ਅਰਜਨ ਦੇਵ ਜੀ ਦੇ ਜੀਵਨ, ਸ਼ਖ਼ਸੀਅਤ ਅਤੇ ਗੁਰਬਾਣੀ ਬਾਰੇ ਜਾਣਕਾਰੀ ਮਿਲਦੀ ਹੈ ਪਰੰਤੂ ਇਸ ਖੋਜ-ਕਾਰਜ ਰਾਹੀਂ ਗੁਰੂ ਅਰਜਨ ਦੇਵ ਜੀ ਦੇ ਪ੍ਰਭਾਵਸ਼ਾਲੀ ਅਤੇ ਗ੍ਰਹਿਣਯੋਗ ਚਿੰਤਨ ਦੇ ਪਿਛੇ ਕਾਰਜਸ਼ੀਲ ਕਲਾਤਮਕ ਅਤੇ ਸਿਰਜਨਾਤਮਕ ਤੱਤਾਂ ਦੀ ਪਹਿਚਾਣ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ।

ਡਾ. ਮਹਿੰਦਰ ਕੌਰ ਗਿੱਲ ਦੁਆਰਾ ਰਚਿਤ ਪੁਸਤਕ 'ਗੁਰੂ ਅਰਜਨ ਦੇਵ ਜੀਵਨ ਤੇ ਬਾਣੀ' ਦੇ ਅਧਿਐਨ ਉਪਰੰਤ ਗੁਰੂ ਅਰਜਨ ਦੇਵ ਜੀ ਦੇ ਜੀਵਨ ਅਤੇ ਸੰਪੂਰਨ ਗੁਰਬਾਣੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਮਿਲਦੀ ਹੈ ਪਰੰਤੂ ਇਸ ਖੋਜ-ਕਾਰਜ ਰਾਹੀਂ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ (ਰਸ, ਧੁਨੀ, ਅਲੰਕਾਰ, ਰੀਤੀ, ਵਕ੍ਰੋਕਤੀ, ਔਚਿਤਯ) ਦੇ ਸੰਦਰਭ ਵਿਚ ਅਧਿਐਨ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ।

ਡਾ. ਗੁਰਸ਼ਰਨ ਕੌਰ ਜੱਗੀ ਦੁਆਰਾ ਰਚਿਤ ਪੁਸਤਕ 'ਗੁਰੂ ਅਰਜਨ ਦੇਵ ਜੀਵਨ ਤੇ ਰਚਨਾ' ਦੇ ਅਧਿਐਨ ਉਪਰੰਤ ਗੁਰੂ ਅਰਜਨ ਦੇਵ ਜੀ ਦੇ ਜੀਵਨ ਅਤੇ ਰਚਨਾ ਸੰਸਾਰ (ਗੁਰਬਾਣੀ) ਬਾਰੇ ਵਿਸਥਾਰਪੂਰਵਕ ਜਾਣਕਾਰੀ ਮਿਲਦੀ ਹੈ ਪਰੰਤੂ ਇਸ ਖੋਜ-ਕਾਰਜ ਰਾਹੀਂ ਗੁਰੂ ਅਰਜਨ ਦੇਵ ਜੀ ਦੀ ਇਕ ਗੁਰੂ-ਕਵੀ ਜਾਂ ਸਾਹਿਤਕਾਰ ਦੇ ਰੂਪ ਵਿਚ ਵਿਸ਼ਿਸ਼ਟ ਪ੍ਰਤਿਭਾ ਉਭਰ ਕੇ ਦ੍ਰਿਸ਼ਟੀਗੋਚਰ ਹੁੰਦੀ ਹੈ।

ਲਾਲ ਸਿੰਘ ਬੇਦੀ ਦੁਆਰਾ ਰਚਿਤ ਪੁਸਤਕ 'ਗੁਰੂ ਅਰਜਨ ਦੇਵ ਜੀ ਦੀ ਅਮਰ ਰਚਨਾ ਵਾਰ ਮਾਰੂ ਅਤੇ ਸਲੋਕ ਡਖਣੇ' ਦੇ ਅਧਿਐਨ ਉਪਰੰਤ ਗੁਰੂ ਅਰਜਨ ਦੇਵ ਜੀ ਦੀ ਵਾਰ ਮਾਰੂ ਅਤੇ ਸਲੋਕ ਡਖਣੇ ਬਾਰੇ ਵਿਸਥਾਰਪੂਰਵਕ ਜਾਣਕਾਰੀ ਮਿਲਦੀ ਹੈ ਪਰੰਤੂ ਇਸ ਖੋਜ-ਕਾਰਜ ਰਾਹੀਂ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚਲੇ ਰੂਪਾਤਮਕ ਤੱਤਾਂ ਦੀ ਪਛਾਣ ਕਰਕੇ ਗੁਰੂ-ਕਵੀ, ਸਾਹਿਤਕਾਰ / ਲੇਖਕ ਦੇ ਰੂਪ ਵਿਚ ਗੁਰੂ ਜੀ ਦੀ ਵਿਲੱਖਣਤਾ ਜਾਂ ਨਿਵੇਕਲੇਪਣ ਨੂੰ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਡਾ. ਵਜ਼ੀਰ ਸਿੰਘ ਦੁਆਰਾ ਰਚਿਤ ਪੁਸਤਕ 'ਗੁਰੂ ਅਰਜਨ ਦੇਵ' ਦੇ ਅਧਿਐਨ ਉਪਰੰਤ ਗੁਰੂ ਅਰਜਨ ਦੇਵ ਜੀ ਦੇ ਜਨਮ, ਪਰਿਵਾਰ, ਧਾਰਮਿਕ ਅਤੇ ਸਾਹਿਤਿਕ ਯੋਗਦਾਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਮਿਲਦੀ ਹੈ ਪਰੰਤੂ ਇਸ ਖੋਜ-ਕਾਰਜ ਰਾਹੀਂ ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਦਾ ਵਿਸ਼ਲੇਸ਼ਣ ਕਰਦਿਆਂ ਬਾਣੀ-ਰਚਨਾ ਦੇ ਪਿਛੋਕੜ ਵਿਚ ਕਾਰਜਸ਼ੀਲ ਸ਼ਿਲਪ-ਵਿਧਾਨ / ਕਲਾਤਮਕ ਜੁਗਤਾਂ ਦੀ ਵਿਲੱਖਣਤਾ ਨੂੰ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਲਾਲ ਸਿੰਘ ਗਿਆਨੀ ਦੁਆਰਾ ਰਚਿਤ ਪੁਸਤਕ 'ਗੁਰੂ ਅਰਜਨ ਦੇਵ ਜੀਵਨ ਅਤੇ ਰਚਨਾ' ਦੇ ਅਧਿਐਨ ਉਪਰੰਤ ਗੁਰੂ ਅਰਜਨ ਦੇਵ ਜੀ ਦੇ ਜੀਵਨ, ਰਚਨਾ ਜਾਂ ਬਾਣੀ-ਸੰਸਾਰ ਅਤੇ ਸਾਹਿਤਿਕ ਯੋਗਦਾਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਮਿਲਦੀ ਹੈ ਪਰੰਤੂ ਇਸ ਖੋਜ-ਕਾਰਜ ਰਾਹੀਂ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਸਰਲ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਰੂਪ ਵਿਚ ਕਿਵੇਂ ਪ੍ਰਸਤੁਤ ਹੋਈ ਹੈ, ਇਸ ਪ੍ਰਸ਼ਨ ਨੂੰ ਨਿਵੇਕਲੇ ਢੰਗ ਨਾਲ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਐੱਮ.ਜੀ.ਗੁਪਤਾ ਦੁਆਰਾ ਰਚਿਤ ਪੁਸਤਕ 'ਸ੍ਰੀ ਗੁਰੂ ਅਰਜਨ ਦੇਵ ਪ੍ਰਤੱਖ ਹਰਿ' ਦੇ ਅਧਿਐਨ ਉਪਰੰਤ ਗੁਰੂ ਅਰਜਨ ਦੇਵ ਜੀ ਦੇ ਸਮਾਜਿਕ, ਧਾਰਮਿਕ ਅਤੇ ਸਾਹਿਤਿਕ ਯੋਗਦਾਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਮਿਲਦੀ ਹੈ। ਇਸ ਪੁਸਤਕ ਦੇ ਅਧਿਐਨ ਤੋਂ ਜਾਣਕਾਰੀ ਪ੍ਰਾਪਤ ਹੁੰਦੀ ਹੈ ਕਿ ਗੁਰੂ ਅਰਜਨ ਬਾਣੀ ਦਾ ਮੁੱਖ ਪ੍ਰਯੋਜਨ ਮਨੁੱਖ ਦੀ ਸ਼ਖ਼ਸੀਅਤ ਦਾ ਸਰਵਪੱਖੀ ਵਿਕਾਸ ਕਰਨਾ ਹੈ, ਪਰੰਤੂ ਇਸ ਖੋਜ-ਕਾਰਜ ਰਾਹੀਂ ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਵਿਚਲੀ ਵਿਲੱਖਣਤਾ, ਕਲਾਤਮਕਤਾ, ਸਿਰਜਨਾਤਮਕਤਾ ਅਤੇ ਸ਼ਿਲਪ-ਵਿਧਾਨ ਨਾਲ ਸੰਬੰਧਿਤ ਗੁਣਾਂ ਨੂੰ ਨਿਵੇਕਲੇ ਢੰਗ ਨਾਲ ਸਮਝਣ ਅਤੇ ਪਰਖਣ ਦਾ ਉਪਰਾਲਾ ਕੀਤਾ ਗਿਆ ਹੈ।

ਰਾਜਿੰਦਰਜੀਤ ਕੌਰ ਢੀਂਡਸਾ ਦੁਆਰਾ ਰਚਿਤ ਪੁਸਤਕ 'ਗੁਰੂ ਅਰਜਨ ਦੇਵ ਜੀ ਦਾ ਰਹੱਸਵਾਦ' ਦੇ ਅਧਿਐਨ ਉਪਰੰਤ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚਲੇ ਰਹੱਸਵਾਦ ਨੂੰ ਸਮਝਣ ਦਾ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ, ਪਰੰਤੂ ਇਸ ਖੋਜ-ਕਾਰਜ ਰਾਹੀਂ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਦੀ ਸ਼ਬਦਾਵਲੀ ਨੂੰ ਸਰਲ, ਰੌਚਕ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਯਤਨਾਂ ਜਾਂ ਗੁਣਾਂ ਨੂੰ ਨਿਵੇਕਲੇ ਢੰਗ ਨਾਲ ਸਮਝਣ ਅਤੇ ਪਰਖਣ ਦਾ ਉਪਰਾਲਾ ਕੀਤਾ ਗਿਆ ਹੈ।

ਅੰਮ੍ਰਿਤਪਾਲ 'ਪਾਲ' ਦੁਆਰਾ ਰਚਿਤ ਪੁਸਤਕ 'ਗੁਰੂ ਅਰਜਨ ਦੇਵ ਜੀਵਨ ਤੇ ਬਾਣੀ' ਦੇ ਅਧਿਐਨ ਉਪਰੰਤ ਗੁਰੂ ਅਰਜਨ ਦੇਵ ਜੀ ਜੀਵਨ, ਬਾਣੀ-ਸੰਸਾਰ, ਸਮਾਜਿਕ, ਧਾਰਮਿਕ ਅਤੇ ਸਾਹਿਤਿਕ ਯੋਗਦਾਨ ਨੂੰ ਸਮਝਣ ਦਾ ਉਪਰਾਲਾ ਕੀਤਾ ਗਿਆ ਹੈ, ਪਰੰਤੂ ਇਸ ਖੋਜ-ਕਾਰਜ ਰਾਹੀਂ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤ ਗੁਰੂ ਅਰਜਨ ਦੇਵ ਜੀ ਦੀ ਸਮੁੱਚੀ ਬਾਣੀ ਦੀ ਵਰਤਮਾਨ ਸੰਚਾਰ ਪ੍ਰਕਿਰਿਆ ਵਿਚ ਕੀ ਮਹੱਤਵ ਰੱਖਦੇ ਹਨ, ਨੂੰ ਨਿਵੇਕਲੇ ਢੰਗ ਨਾਲ ਸਮਝਣ ਅਤੇ ਪਰਖਣ ਦਾ ਉਪਰਾਲਾ ਕੀਤਾ ਗਿਆ ਹੈ।

ਚਰਨ ਸਿੰਘ ਭੋਰਛੀ ਦੁਆਰਾ ਰਚਿਤ ਪੁਸਤਕ 'ਗੁਰੂ ਅਰਜਨ ਦੇਵ ਜੀ ਜੀਵਨ ਗਾਥਾ' ਦੇ ਅਧਿਐਨ ਉਪਰੰਤ ਗੁਰੂ ਅਰਜਨ ਦੇਵ ਜੀ ਦੇ ਜੀਵਨ ਅਤੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਨੂੰ ਸਮਝਣ ਦਾ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ, ਪਰੰਤੂ ਇਸ ਖੋਜ-ਕਾਰਜ ਰਾਹੀਂ ਇਹ ਦੇਖਣ ਦਾ ਵਿਲੱਖਣ ਜਾਂ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ ਕਿ ਗੁਰੂ ਅਰਜਨ ਦੇਵ ਜੀ ਦੁਆਰਾ ਵਰਤੇ ਗਏ ਅੱਖਰ, ਸ਼ਬਦ, ਵਾਕ, ਰਸ, ਅਲੰਕਾਰ, ਸ਼ਬਦ ਸ਼ਕਤੀਆਂ, ਰੀਤੀ, ਵਕ੍ਰੋਕਤੀ ਅਤੇ ਔਚਿਤਯ ਗੁਰਬਾਣੀ ਵਿਚਲੀ ਵਿਚਾਰਧਾਰਾ ਦੇ ਅਰਥਾਂ ਨੂੰ ਵਧੇਰੇ ਸਰਲ, ਸਪੱਸ਼ਟ, ਰੌਚਕ, ਗ੍ਰਹਿਣਸ਼ੀਲ ਅਤੇ ਪ੍ਰਭਾਵਸ਼ਾਲੀ ਕਿਵੇ ਬਣਾਉਂਦੇ ਹਨ?

ਡਾ. ਕਿਰਪਾਲ ਸਿੰਘ ਦੁਆਰਾ ਰਚਿਤ ਤਿੰਨ ਪੁਸਤਕਾਂ 'ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਬਿਰਤਾਂਤ-1', 'ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜੀਵਨ ਬਿਰਤਾਂਤ-2' ਅਤੇ 'ਸ੍ਰੀ ਗੁਰੂ ਅਰਜਨ ਦੇਵ ਜੀ ਦਾ

ਜੀਵਨ ਬਿਰਤਾਂਤ-3' ਦੇ ਅਧਿਐਨ ਉਪਰੰਤ ਗੁਰੂ ਅਰਜਨ ਦੇਵ ਜੀ ਦੇ ਜੀਵਨ, ਸੰਪੂਰਨ ਗੁਰਬਾਣੀ ਅਤੇ ਜੀਵਨ ਨਾਲ ਸੰਬੰਧਿਤ ਵੱਖ-ਵੱਖ ਘਟਨਾਵਾਂ ਨੂੰ ਸਮਝਣ ਦਾ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ, ਪਰੰਤੂ ਇਸ ਖੋਜ-ਕਾਰਜ ਰਾਹੀਂ ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਨੂੰ ਰਸ, ਧੁਨੀ, ਅਲੰਕਾਰ, ਰੀਤੀ, ਵਕ੍ਰੋਕਤੀ ਅਤੇ ਔਚਿਤਯ ਸਿਧਾਂਤ ਅਨੁਸਾਰ ਸਮਝਣ ਅਤੇ ਪਰਖਣ ਦਾ ਵਿਲੱਖਣ ਉਪਰਾਲਾ ਕੀਤਾ ਗਿਆ ਹੈ।

ਉਪਰੋਕਤ ਗੁਰੂ ਜੀ ਦੇ ਜੀਵਨ, ਬਾਣੀ, ਸਾਹਿਤਿਕ ਦੇਣ ਅਤੇ ਸ਼ਹੀਦੀ ਨਾਲ ਸੰਬੰਧਿਤ ਪੂਰਵ ਖੋਜ-ਪ੍ਰਬੰਧਾਂ ਅਤੇ ਹੁਣ ਤੱਕ ਛੱਪ ਚੁੱਕੀਆਂ ਵੱਖ-ਵੱਖ ਪੁਸਤਕਾਂ ਦੇ ਵਿਸ਼ਿਆ ਦਾ ਇਸ ਖੋਜ-ਕਾਰਜ (***ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿੱਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਅਧਿਐਨ***) ਦੇ ਵਿਸ਼ੇ-ਖੇਤਰ ਨਾਲ ਕੋਈ ਵੀ ਸੰਬੰਧ ਨਹੀਂ ਹੈ, ਕਿਉਂਕਿ ਪੂਰਵ ਖੋਜ-ਕਾਰਜਾਂ ਅਤੇ ਪੁਸਤਕਾਂ ਦਾ ਵਿਸ਼ਾ ਸੰਬੰਧਿਤ ਖੋਜ ਕਾਰਜ ਦੇ ਵਿਸ਼ੇ ਨਾਲ਼ ਮੇਲ ਨਹੀਂ ਖਾਂਦਾ ਹੈ। ਸਾਰੇ ਪੂਰਵ ਖੋਜ-ਕਾਰਜਾਂ ਅਤੇ ਪੁਸਤਕਾਂ ਦੇ ਵਿਸ਼ਿਆ ਦਾ ਸੰਬੰਧ ਕੇਵਲ ਗੁਰੂ ਅਰਜਨ ਦੇਵ ਜੀ ਦੇ ਜੀਵਨ, ਬਾਣੀ, ਸਾਹਿਤਿਕ ਦੇਣ, ਸੁਖਮਨੀ ਸਾਹਿਬ ਦੇ ਤੁਲਨਾਤਮਕ ਅਧਿਐਨ, ਬਾਰਹਮਾਹ ਮਾਝ ਦੇ ਤੁਲਨਾਤਮਕ ਅਧਿਐਨ, ਅਰਜਨ-ਬਾਣੀ ਵਿਚ ਰਹੱਸਵਾਦ, ਅਰਜਨ-ਬਾਣੀ ਵਿਚ ਲੋਕ-ਤੱਤ, ਅਰਜਨ-ਬਾਣੀ ਵਿਚ ਨੈਤਿਕਤਾ ਆਦਿ ਨਾਲ ਹੈ, ਪਰੰਤੂ ਇਸ ਖੋਜ ਦਾ ਸੰਬੰਧ ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਅਧਿਐਨ ਨਾਲ ਹੈ, ਜੋ ਕਿ ਉਪਰੋਕਤ ਦਿੱਤੇ ਗਏ ਸਾਰੇ ਖੋਜ-ਪ੍ਰਬੰਧਾਂ ਅਤੇ ਪੁਸਤਕਾਂ ਦੇ ਵਿਸ਼ਿਆ ਨਾਲੋਂ ਵਿਲੱਖਣ / ਨਿਵੇਕਲਾ ਹੈ।

**1.3. ਖੋਜ-ਕਾਰਜ ਦੀ ਸਾਰਥਿਕਤਾ:-** ਇਸ ਖੋਜ-ਕਾਰਜ ਰਾਹੀਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਦਾ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ (ਰਸ, ਧੁਨੀ, ਅਲੰਕਾਰ, ਰੀਤੀ, ਵਕ੍ਰੋਕਤੀ ਅਤੇ ਔਚਿਤਯ) ਦੇ ਸੰਦਰਭ ਵਿਚ ਅਧਿਐਨ ਕੀਤਾ ਜਾਵੇਗਾ। ਗੁਰੂ ਅਰਜਨ ਦੇਵ ਜੀ ਦਾ ਗੁਰਬਾਣੀ ਸੰਸਾਰ ਗੁਣਾਤਮਕ ਪੱਖੋਂ ਉਚ ਕੋਟੀ ਦਾ ਹੈ ਕਿਉਂਕਿ ਉਹਨਾਂ ਦੀ ਬਾਣੀ ਅਜੋਕੇ ਸਮੇਂ ਵਿਚ ਵੀ ਸਮੁੱਚੇ ਮਨੁੱਖੀ ਜਗਤ ਦੀ ਅਗਵਾਈ ਅਤੇ ਮਾਰਗ-ਦਰਸ਼ਕ ਕਰਦੀ ਹੈ। ਨਿਰਸੰਦੇਹ ਗੁਰੂ ਅਰਜਨ ਦੇਵ ਜੀ ਉਚ ਕੋਟੀ ਦੇ ਗੁਰੂ / ਸਾਧਕ /

ਉਪਦੇਸ਼ਕ ਹੋਏ ਹਨ, ਪਰੰਤੂ ਅਸੀਂ ਇਸ ਖੋਜ ਕਾਰਜ ਵਿਚ ਉਹਨਾਂ ਦੀ ਬਾਣੀ ਜਾਂ ਕਾਵਿ ਦਾ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ ਦੇ ਨਿਯਮਾਂ ਅਨੁਸਾਰ ਮੁਲਾਂਕਣ ਕਰਨ ਦਾ ਨਿਵੇਕਲਾ ਯਤਨ ਕਰਾਂਗੇ। ਇਕ ਸਾਧਕ ਤੇ ਗੁਰੂ ਦੇ ਤੌਰ ਤੇ ਆਪ ਦੀ ਚੇਤਨਾ ਤੇ ਚਿੰਤਨ ਗੌਰਵਸ਼ਾਲੀ ਹੈ, ਪਰੰਤੂ ਇਕ ਲੇਖਕ, ਰਚਨਾਕਾਰ ਜਾਂ ਕਵੀ ਦੇ ਰੂਪ ਵਿਚ ਆਪ ਦੀ ਰਚਨਾ ਭਾਰਤੀ ਕਾਵਿ-ਸ਼ਾਸਤਰ ਦੇ ਨਿਯਮਾਂ ਦੀ ਕਿੰਨੀ ਕਿ ਜਾਂ ਕਿਸ ਪੱਧਰ ਦੀ ਪਾਲਣਾ ਕੀਤੀ ਹੈ, ਇਸ ਨੂੰ ਪ੍ਰਸਤੁਤ ਅਤੇ ਸਥਾਪਿਤ ਕਰਨ ਦਾ ਨਿਵੇਕਲਾ ਉਪਰਾਲਾ ਇਸ ਖੋਜ-ਕਾਰਜ ਰਾਹੀਂ ਪ੍ਰਗਟਾਉਣ ਦਾ ਉਪਰਾਲਾ ਕੀਤਾ ਗਿਆ ਹੈ, ਜੋ ਕਿ ਆਪਣੇ ਆਪ ਵਿਚ ਇਕ ਨਿਵੇਕਲਾ ਪਹਿਲੂ ਹੈ। ਆਪ ਜੀ ਦੀ ਬਾਣੀ ਨੂੰ ਸੰਗੀਤ ਤੇ ਰਾਗਾਂ ਅਨੁਸਾਰ ਤਾਂ ਵਿਚਾਰਿਆ ਗਿਆ ਹੈ, ਪਰੰਤੂ ਭਾਰਤੀ ਕਾਵਿ-ਸ਼ਾਸਤਰ ਦੇ ਸਿਧਾਂਤਾਂ ਅਤੇ ਨਿਯਮਾਂ ਅਨੁਸਾਰ ਵਿਚਾਰਨਾ ਇਕ ਨਿਵੇਕਲਾ ਉਪਰਾਲਾ ਹੈ।

**1.4. ਖੋਜ ਦਾ ਉਦੇਸ਼:-** ਹਰ ਖੋਜ ਕਾਰਜ ਦਾ ਕੋਈ ਨਾ ਕੋਈ ਉਦੇਸ਼ ਜਰੂਰ ਹੁੰਦਾ ਹੈ, ਜਿਸ ਨੂੰ ਆਧਾਰ ਬਣਾ ਕੇ ਖੋਜਾਰਥੀ ਆਪਣੀ ਖੋਜ ਨੂੰ ਸੰਪੂਰਨ ਕਰਦਾ ਹੈ। ਇੱਥੇ ਇਸ ਖੋਜ ਕਾਰਜ ਦੇ ਵੱਖ-ਵੱਖ ਉਦੇਸ਼ਾਂ ਨੂੰ ਨਿਮਨਲਿਖਿਤ ਨੁਕਤਿਆਂ ਅਧੀਨ ਵਿਚਾਰਿਆ ਜਾ ਸਕਦਾ ਹੈ:

1.4.1. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪੇਸ਼ ਅਧਿਆਤਮਕ ਦਰਸ਼ਨ ਨੂੰ ਕਾਵਿ-ਸ਼ਾਸਤਰ (ਰਸ, ਧੁਨੀ, ਅਲੰਕਾਰ, ਰੀਤੀ, ਵਕ੍ਰੋਕਤੀ, ਔਚਿਤਯ) ਦੇ ਨਿਯਮਾਂ ਅਨੁਸਾਰ ਵਿਚਾਰਨਾ।

1.4.2. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪੇਸ਼ ਰਚਨਾ ਦੀ ਸਿਰਜਨਾਤਮਕ ਤੇ ਸੁਹਜਾਤਮਕ ਪੇਸ਼ਕਾਰੀ ਪਿੱਛੇ ਛੁਪੇ ਕਾਰਜਸ਼ੀਲ ਭਾਵਾਂ ਦੀ ਨਿਸ਼ਾਨਦੇਹੀ ਕਰਨਾ।

1.4.3. ਕਲਾਤਮਕ ਪ੍ਰਾਸੰਗਿਕਤਾ ਦੇ ਸੰਦਰਭ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਸ਼ਿਲਪ-ਵਿਧਾਨ ਦੀ ਭੂਮਿਕਾ ਅਤੇ ਪ੍ਰਮਾਣਿਕਤਾ ਨੂੰ ਸਥਾਪਤ ਕਰਨਾ।

1.4.4. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਕਾਵਿ-ਸ਼ਾਸਤਰੀ ਅਧਿਐਨ ਦੁਆਰਾ ਭਾਰਤੀ ਕਾਵਿ-ਸ਼ਾਸਤਰੀ ਸਿਧਾਂਤਾਂ ਦੀ ਆਧੁਨਿਕ ਆਲੋਚਨਾ ਵਿਚ ਸਾਰਥਿਕਤਾ ਨੂੰ ਨਿਰਧਾਰਿਤ ਕਰਨਾ।

1.4.5. ਭਾਰਤੀ ਕਾਵਿ ਸ਼ਾਸਤਰ ਸਿਧਾਂਤਾਂ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੇ ਸਥਾਨ ਅਤੇ ਵਿਲੱਖਣਤਾ ਨੂੰ ਨਿਸਚਿਤ ਕਰਨਾ।

**1.5. ਖੋਜ-ਕਾਰਜ ਦੀ ਖੋਜ-ਵਿਧੀ ਜਾਂ ਪਹੁੰਚ ਵਿਧੀ:-** ਖੋਜ ਵਿਧੀ (Research Methodology) ਪ੍ਰਣਾਲੀਬੱਧ ਤਰੀਕੇ ਨਾਲ ਖੋਜ-ਕਾਰਜ ਨਾਲ ਸੰਬੰਧਿਤ ਸਮੱਸਿਆ ਨੂੰ ਹੱਲ ਕਰਨ ਦਾ ਇਕ ਸਿਸਟਮ ਹੈ। ਖੋਜ-ਵਿਧੀ ਦੇ ਅੰਤਰਗਤ ਖੋਜ ਦੇ ਢੰਗ / ਤਰੀਕੇ / ਤਕਨੀਕਾਂ (Research Methods), ਖੋਜ ਦੀ ਪਹੁੰਚ ਵਿਧੀ (Research Approach) ਅਤੇ ਖੋਜ ਦੀ ਵਿਉਂਤ (Research Design) ਆਦਿ ਦੀ ਵਿਉਂਤ ਨੂੰ ਵਿਚਾਰਿਆ ਜਾਂਦਾ ਹੈ, ਕਿਉਂਜੋ ਖੋਜ ਕਾਰਜ ਨੂੰ ਵਿਗਿਆਨਕ ਤੇ ਤਰਕਸੰਗਤ ਬਣਾਉਣ ਲਈ ਕਿਸੇ ਵਿਸ਼ੇਸ਼ ਖੋਜ ਵਿਧੀ ਨੂੰ ਲਾਗੂ ਕਰਨਾ ਜ਼ਰੂਰੀ ਹੈ। ਹਰੇਕ ਅਨੁਸ਼ਾਸਨ ਵਿਚ ਇਕ ਵੱਖਰੀ ਕਿਸਮ ਦੀ ਖੋਜ ਵਿਧੀ ਅਪਣਾਈ ਜਾਂਦੀ ਹੈ। ਇਸ ਖੋਜ ਕਾਰਜ ਲਈ ਪਾਠ ਮੁਲੰਕਣ ਵਿਧੀ , ਵਿਸ਼ਲੇਸ਼ਣਾਤਮਕ ਵਿਧੀ ਅਤੇ ਸਰਬਗਰਾਹੀ-ਉਦਾਰਚਿਤ (Eclectic) ਖੋਜ-ਵਿਧੀਆਂ ਨੂੰ ਆਧਾਰ ਅਪਣਾਇਆ ਜਾਵੇਗਾ। ਇਸ ਖੋਜ ਕਾਰਜ ਲਈ ਸਾਡਾ ਮੂਲ ਆਧਾਰਗਤ ਸੋਮਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਹੈ, ਜਿਸ ਦਾ ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿੱਚ ਅਧਿਐਨ ਕਰਨਾ ਹੈ, ਇਸ ਲਈ ਅਰਜਨ ਦੇਵ ਜੀ ਦੀ ਬਾਣੀ ਦੇ ਮੂਲ ਪਾਠ ਦਾ ਅਧਿਐਨ ਪਾਠ ਮੁਲੰਕਣ ਵਿਧੀ ਦੁਆਰਾ ਪੂਰਾ ਕੀਤਾ ਜਾਵੇਗਾ। ਸਰਬਗਰਾਹੀ-ਉਦਾਰਚਿਤ ਖੋਜ-ਵਿਧੀ ਦੇ ਅੰਤਰਗਤ ਸੰਬੰਧਿਤ ਖੋਜ ਕਾਰਜ ਦਾ ਅਧਿਐਨ ਸ਼ਰਧਾ, ਭਗਤੀ ਭਾਵਨਾ ਦੀ ਬਜਾਏ ਤਰਕ ਦੇ ਆਧਾਰ 'ਤੇ ਕੀਤਾ ਜਾਵੇਗਾ।

ਖੋਜ ਦੇ ਤਰੀਕਿਆਂ ਤੋਂ ਭਾਵ ਉਹ ਸਾਰੇ ਢੰਗਾਂ, ਸਾਧਨਾਂ ਜਾਂ ਤਕਨੀਕਾਂ ਤੋਂ ਹੈ ਜੋ ਖੋਜ ਦੇ ਸੰਚਾਲਨ ਲਈ ਖੋਜਾਰਥੀ ਦੁਆਰਾ ਵਰਤੀਆਂ ਜਾਂਦੀਆਂ ਹਨ। ਖੋਜ ਵਿਧੀ ਦੇ ਢੰਗਾਂ, ਸਾਧਨਾਂ ਜਾਂ ਤਰੀਕਿਆਂ ਦੇ ਅੰਤਰਗਤ ਉਹ ਸਾਰੇ ਤਰੀਕੇ ਜਾਂ ਢੰਗ ਸ਼ਾਮਿਲ ਕੀਤੇ ਜਾਂਦੇ ਹਨ ਜੋ ਖੋਜਾਰਥੀ ਦੁਆਰਾ ਖੋਜ-ਕਾਰਜ ਨਾਲ ਸੰਬੰਧਿਤ ਸਮੱਸਿਆ ਦਾ ਅਧਿਐਨ ਕਰਦੇ ਸਮੇਂ ਵਰਤੇ ਜਾਂਦੇ ਹਨ। ਇਸ ਖੋਜ-ਕਾਰਜ ਵਿਚ ਅਸੀਂ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਅਤੇ ਦੂਸਰੇ ਅਨੁਸ਼ਾਸਨਾਂ ਦੀਆਂ ਵਿਧੀਆਂ ਤੇ ਗਿਆਨ ਸਰੋਤ ਪੁਸਤਕਾਂ ਦਾ

ਅਧਿਐਨ ਵੀ ਸ਼ਾਮਿਲ ਕਰਾਂਗੇ। ਗੁਰਬਾਣੀ ਵਿਚਲੀਆਂ ਗੂੜ੍ਹ ਰਮਜ਼ਾਂ ਨੂੰ ਸਮਝਣ ਲਈ ਪ੍ਰਸਿੱਧ ਵਿਦਵਾਨਾਂ ਦੀਆਂ ਲਿਖਤਾਂ ਅਤੇ ਗੁਰਬਾਣੀ ਦੇ ਟੀਕਿਆਂ ਦੀ ਮਦਦ ਵੀ ਲਈ ਜਾਵੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਸਾਹਿਤ ਨਾਲ ਸੰਬੰਧਿਤ ਲਾਇਬ੍ਰੇਰੀਆਂ ਦਾ ਅਧਿਐਨ ਫੀਲਡ ਵਰਕ ਰਾਹੀਂ ਕੀਤਾ ਜਾਵੇਗਾ। ਆਪਣੇ ਖੋਜ ਕਾਰਜ ਨੂੰ ਨੇਪਰੇ ਚਾੜਨ ਲਈ ਕਿਸੇ ਇਕ ਵਿਧੀ 'ਤੇ ਨਿਰਭਰ ਰਹਿਣ ਦੀ ਬਜਾਏ ਲੋੜ ਮੁਤਾਬਿਕ ਵੱਖ-ਵੱਖ ਵਿਧੀਆਂ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ, ਜਿਸ ਦੇ ਆਧਾਰ ਤੇ ਅਸੀਂ ਆਪਣੇ ਵਿਸ਼ੇ ਦਾ ਅਧਿਐਨ, ਵਿਸ਼ਲੇਸ਼ਣ ਤੇ ਮੁਲਾਂਕਣ ਕਰ ਸਕਾਂਗੇ। ਇਸ ਤੋਂ ਇਲਾਵਾ ਵਿਸ਼ੇ ਨਾਲ ਸੰਬੰਧਿਤ ਆਲੋਚਨਾਤਮਕ ਕਾਰਜ, ਜਨਮ ਸਾਖੀ ਸਾਹਿਤ, ਟੀਕਾ ਸਾਹਿਤ, ਪਰਚੀਆਂ, ਪੱਤ੍ਰਕਾਵਾਂ ਅਤੇ ਵਿਸ਼ੇਸ਼ ਅੰਕ, ਅਖ਼ਬਾਰਾਂ ਤੇ ਰਸਾਲੇ ਆਦਿ ਦਾ ਅਧਿਐਨ ਕੀਤਾ ਜਾਵੇਗਾ।

ਸਮੁੱਚੀ ਖੋਜ ਨੂੰ ਸਲੀਕੇ ਅਤੇ ਵਿਧੀਵਤ ਰੂਪ ਵਿਚ ਨੇਪਰੇ ਚਾੜ੍ਹਨ ਲਈ ਖੋਜ- ਕਾਰਜ ਨੂੰ ਵਿਉਂਤਣਾ ਬਹੁਤ ਲਾਜ਼ਮੀ ਹੁੰਦਾ ਹੈ। ਖੋਜ-ਕਾਰਜ ਦੀ ਇਸੇ ਵਿਉਂਤਬੰਦੀ ਨੂੰ ਖੋਜ-ਕਾਰਜ ਦੀ ਵਿਉਂਤ (Research Design) ਕਿਹਾ ਜਾਂਦਾ ਹੈ। ਖੋਜ ਡਿਜ਼ਾਇਨ ਇਹ ਨਿਸ਼ਚਿਤ ਕਰਦੀ ਹੈ ਕਿ ਖੋਜਾਰਥੀ ਖੋਜ-ਕਾਰਜ ਦੇ ਆਰੰਭ ਤੋਂ ਲੈ ਕੇ ਖੋਜ ਦੇ ਮੁਕੰਮਲ ਹੋਣ ਤੱਕ ਕੀ-ਕੀ ਕਰੇਗਾ, ਕਿਸ ਵਿਧੀ ਨਾਲ ਕਰੇਗਾ ਅਤੇ ਕਿਹੜੇ-ਕਿਹੜੇ ਢੰਗਾਂ ਜਾਂ ਸਾਧਨਾਂ ਦੀ ਵਰਤੋਂ ਕਰੇਗਾ? ਇਸ ਖੋਜ-ਕਾਰਜ ਵਿਚ ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਅਧਿਐਨ ਨੂੰ ਵਿਸ਼ੇ ਵਜੋਂ ਚੁਣਿਆ ਗਿਆ ਹੈ। ਇਹ ਇਕ ਸਾਹਿਤਕ ਖੋਜ ਹੈ ਜਿਸ ਦਾ ਉਦੇਸ਼ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿਚ ਅਧਿਐਨ ਕਰਨਾ ਅਤੇ ਗੁਰੂ ਜੀ ਦੀ ਬਾਣੀ ਵਿਚਲੇ ਰੂਪਾਤਮਕ ਅਤੇ ਸ਼ਿਲਪ-ਵਿਧਾਨ ਨਾਲ ਸੰਬੰਧਿਤ ਤੱਤਾਂ ਦੀ ਪਛਾਣ ਕਰਕੇ ਗੁਰੂ-ਕਵੀ, ਸਾਹਿਤਕਾਰ ਜਾਂ ਲੇਖਕ ਦੇ ਰੂਪ ਵਿਚ ਗੁਰੂ ਜੀ ਦੀ ਵਿਲੱਖਣਤਾ ਜਾਂ ਨਿਵੇਕਲੇਪਣ ਨੂੰ ਪ੍ਰਸਤੁਤ ਕਰਨ ਦਾ ਉਪਰਾਲਾ ਹੈ।

ਖੋਜ-ਦ੍ਰਿਸ਼ਟੀ ਜਾਂ ਪਹੁੰਚ ਵਿਧੀ (Research Approach) ਖੋਜ-ਕਾਰਜ ਨਾਲ ਜੁੜੀਆਂ ਹੋਈਆਂ ਅਧਿਐਨ ਪ੍ਰਣਾਲੀਆਂ ਜਾਂ ਪਹੁੰਚ ਵਿਧੀਆਂ ਨਾਲ ਸੰਬੰਧਿਤ ਸੰਕਲਪ ਹੈ। ਹਰੇਕ ਖੋਜ-ਕਾਰਜ ਦਾ ਆਧਾਰ

ਕੋਈ ਨਾ ਕੋਈ ਪਹੁੰਚ ਵਿਧੀ ਜ਼ਰੂਰ ਹੁੰਦੀ ਹੈ। ਪਹੁੰਚ ਵਿਧੀ ਤੋਂ ਭਾਵ ਖੋਜਾਰਥੀ ਦੁਆਰਾ ਸਮੱਸਿਆ ਦੇ ਅਧਿਐਨ ਲਈ ਵਰਤੇ ਗਏ ਸਿਧਾਂਤ ਜਾਂ ਦ੍ਰਿਸ਼ਟੀ ਤੋਂ ਹੈ। ਇਸ ਖੋਜ-ਕਾਰਜ ਦਾ ਆਧਾਰ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ (ਰਸ, ਧੁਨੀ, ਅਲੰਕਾਰ, ਰੀਤੀ, ਵਕ੍ਰੋਕਤੀ, ਔਚਿਤਯ) ਨੂੰ ਬਣਾਇਆ ਗਿਆ ਹੈ।

ਇਸ ਖੋਜ-ਕਾਰਜ ਦਾ ਸਰੂਪ ਵਿਸ਼ਲੇਸ਼ਣਾਤਮਕ, ਗੁਣਾਤਮਕ ਅਤੇ ਨਿਗਮਨ ਹੈ। ਵਿਸ਼ਲੇਸ਼ਣਾਤਮਕ ਖੋਜ (Analytical Research) ਵਿਚ ਖੋਜਾਰਥੀ ਪਹਿਲਾਂ ਤੋਂ ਹੀ ਪ੍ਰਾਪਤ ਸਮੱਗਰੀ, ਜਾਣਕਾਰੀ ਜਾਂ ਤੱਥਾਂ ਦਾ ਆਲੋਚਨਾਤਮਕ ਵਿਸ਼ਲੇਸ਼ਣ ਜਾਂ ਅਧਿਐਨ ਕਰਦਾ ਹੈ। ਇਸ ਖੋਜ-ਕਾਰਜ ਵਿਚ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਦਾ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ ਦੇ ਆਧਾਰ 'ਤੇ ਵਿਸ਼ਲੇਸ਼ਣਾਤਮਕ ਮੁਲਾਂਕਣ ਕੀਤਾ ਜਾਵੇਗਾ। ਗੁਣਾਤਮਕ ਖੋਜ (Qualitative Research) ਗੁਣ, ਵਿਸ਼ੇਸ਼ਤਾ ਜਾਂ ਸੁਭਾਓ ਉੱਤੇ ਕੇਂਦਰਿਤ ਹੁੰਦੀ ਹੈ ਭਾਵ ਗੁਣਾਤਮਕ ਖੋਜ ਵਿਚ ਵਿਚਾਰਾਂ ਅਤੇ ਮਨੁੱਖੀ ਵਿਵਹਾਰ ਨੂੰ ਸਮਝਣ ਦਾ ਨਿਵੇਕਲਾ ਜਾਂ ਵਿਲੱਖਣ ਉਪਰਾਲਾ ਜਾਂਦਾ ਹੈ। ਇਸ ਖੋਜ ਕਾਰਜ ਵਿਚ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ ਦੇ ਆਧਾਰ 'ਤੇ ਗੁਰੂ ਅਰਜਨ ਦੇਵ ਜੀ ਦੀ ਇਕ ਗੁਰੂ-ਕਵੀ ਜਾਂ ਸਾਹਿਤਕਾਰ ਦੇ ਰੂਪ ਵਿਚ ਸਾਹਿਤਿਕ ਗੁਣਾਂ ਨੂੰ ਪਛਾਣਨ ਦਾ ਵਿਲੱਖਣ ਉਪਰਾਲਾ ਕੀਤਾ ਜਾ ਰਿਹਾ ਹੈ। ਨਿਗਮਨ ਖੋਜ (Deductive Research) ਵਿਚ ਪੂਰਵ ਜਾਂ ਪਹਿਲਾਂ ਤੋਂ ਹੀ ਨਿਸ਼ਚਿਤ ਸਿਧਾਂਤ ਦੇ ਆਧਾਰ 'ਤੇ ਕਿਸੇ ਸਾਹਿਤਿਕ ਕਿਰਤ ਜਾਂ ਰਚਨਾ ਦਾ ਵਿਸ਼ਲੇਸ਼ਣ ਜਾਂ ਮੁਲਾਂਕਣ ਕੀਤਾ ਜਾਂਦਾ ਹੈ। ਇਸ ਖੋਜ ਕਾਰਜ ਵਿਚ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ ਦੇ ਆਧਾਰ 'ਤੇ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਦਾ ਵਿਸ਼ਲੇਸ਼ਣਾਤਮਕ, ਸਿਰਜਨਾਤਮਕ ਅਤੇ ਸੁਹਜਾਤਮਕ ਅਧਿਐਨ ਕਰਨ ਦਾ ਨਿਵੇਕਲਾ ਜਾਂ ਵਿਲੱਖਣ ਉਪਰਾਲਾ ਕੀਤਾ ਜਾਵੇਗਾ।

**1.6 ਸ੍ਰੀ ਗੁਰੂ ਅਰਜਨ ਦੇਵ ਜੀ : ਸ਼ਖ਼ਸੀਅਤ ਅਤੇ ਸਾਹਿਤਿਕ ਯੋਗਦਾਨ :-** ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂ ਨਾਨਕ ਗੱਦੀ ਦੇ ਪੰਜਵੇਂ ਵਾਰਿਸ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਕ, ਸੰਤ, ਕਵੀ ਤੇ ਮਹਾਨ ਸ਼ਹੀਦ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਬਾਣੀ ਰਚਨਾ, ਬਾਣੀ ਪਰਖਣ ਤੇ ਬਾਣੀ ਸੰਭਾਲਣ ਦੇ ਪੱਖ ਤੋਂ

ਬੇਹੱਦ ਮਹੱਤਵਪੂਰਨ ਸਥਾਨ ਰਿਹਾ ਹੈ। ਆਪ ਜੀ ਨੂੰ ਸ੍ਰੀ ਗੁਰੂ ਅਮਰਦਾਸ (ਨਾਨਾ ਜੀ) ਵੱਲੋਂ 'ਦੋਹਿਤਾ ਬਾਣੀ ਦਾ ਬੋਹਿਥਾ (ਜਹਾਜ਼)' ਹੋਣ ਦਾ ਵਰਦਾਨ ਪ੍ਰਾਪਤ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਇਕ ਨੇਕ ਇਨਸਾਨ, ਵਧੀਆ ਆਗੂ, ਅਕਾਲ ਪੁਰਖ ਦਾ ਭਾਣਾ ਮੰਨਣ ਵਾਲੇ ਦਰਵੇਸ਼ ਵੀ ਮੰਨੇ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਸ਼ੇ ਪੱਖੋਂ ਉੱਚ ਦਰਜੇ ਅਤੇ ਅਧਿਆਤਮਕਤਾ ਦੀ ਸਿਖਰ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਮਨੁੱਖੀ ਆਤਮਾ ਨੂੰ ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨੂੰ ਤਿਆਗਣ ਅਤੇ ਉਸ ਪਰਮਾਤਮਾ ਦੇ ਹੁਕਮ ਨੂੰ ਪਛਾਣਨ ਦਾ ਸੁਨੇਹਾ ਜਾਂ ਪੈਗ਼ਾਮ ਦਿੰਦੀ ਹੈ। ਗੁਰੂ ਜੀ ਦੀ ਬਾਣੀ ਸਤਿ ਦਾ ਪ੍ਰਕਾਸ਼ ਹੈ, ਹਰ ਧਰਮ, ਹਰ ਜਾਤ ਅਤੇ ਹਰ ਦੇਸ਼ ਸਭ ਲਈ ਸਾਂਝੀ ਹੈ। ਜੋ ਇਸ ਬਾਣੀ ਨੂੰ ਸਮਝਦਾ ਹੈ, ਇਸ ਵਿਚ ਆਏ ਵਿਚਾਰਾਂ ਅਨੁਸਾਰ ਜੀਵਨ ਬਤੀਤ ਕਰਦਾ ਹੈ, ਉਸ ਵਿਅਕਤੀ ਵਿਚੋਂ ਵਧੀਆ ਸ਼ਖ਼ਸੀਅਤ ਦੀ ਝਲਕ ਦਿਖਾਈ ਦਿੰਦੀ ਹੈ।

ਗੁਰੂ ਅਰਜਨ ਦੇਵ ਜੀ ਦੀ ਧਾਰਮਿਕ ਅਤੇ ਸਾਹਿਤਿਕ ਦੇਣ ਬਹੁਤ ਮਹੱਤਵਪੂਰਨ ਹੈ। ਆਪ ਜੀ ਦੀ ਅਣਥੱਕ ਮਿਹਨਤ ਤੇ ਦੂਰ ਅੰਦੇਸ਼ ਦ੍ਰਿਸ਼ਟੀ ਸਦਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕਾਰਜ 1604 ਈ. ਵਿਚ ਸੰਪੂਰਨ ਹੋਇਆ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਬੇਸ਼ਕ ਮੱਧਕਾਲ ਦੀ ਵਿਰਾਸਤ ਹੈ, ਪਰ ਇਸ ਵਿਚ ਪੇਸ਼ ਧਾਰਨਾਵਾਂ, ਸੰਕਲਪ, ਅੰਤਰਦ੍ਰਿਸ਼ਟੀਆਂ, ਕਦਰਾਂ-ਕੀਮਤਾਂ ਤੇ ਸੰਦੇਸ਼ ਅਜੋਕੇ ਮਨੁੱਖ ਲਈ ਵੀ ਉਨ੍ਹੇ ਹੀ ਸਾਰਥਕ ਤੇ ਪ੍ਰਾਸੰਗਿਕ ਹਨ ਜਿੰਨੀਆਂ ਮੱਧਕਾਲ ਵਿਚ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜੋ ਅਜੋਕੇ ਸਮੇਂ ਵਿੱਚ ਕੇਵਲ ਸਿੱਖ ਧਰਮ ਨੂੰ ਮੰਨਣ ਵਾਲਿਆਂ ਦੇ ਗੁਰੂ ਹੀ ਨਹੀਂ ਬਲਕਿ ਸਮੁੱਚੇ ਮਾਨਵ-ਜਗਤ ਦੀ ਅਗਵਾਈ ਕਰਦੇ ਹਨ। ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਸਿੱਖ-ਸੰਸਾਰ ਦੇ ਨਾਲ-ਨਾਲ ਵਿਸ਼ਵ-ਮਾਨਵ ਦੀਆਂ ਸਮੱਸਿਆਵਾਂ ਦੀ ਨਿਸ਼ਾਨਦੇਹੀ ਕਰਦਿਆਂ ਉਨ੍ਹਾਂ ਦੇ ਸਮਾਧਾਨ ਦੇ ਸੰਭਾਵੀ ਹਲ ਵੀ ਦਰਸਾਉਂਦੇ ਹਨ। ਗਿਆਨੀ ਲਾਲ ਸਿੰਘ ਜੀ ਦੇ ਅਨੁਸਾਰ :

> ਗੁਰੂ ਅਰਜਨ ਦੇਵ ਜੀ ਨੇ 1430 ਪੰਨਿਆਂ ਦੇ ਇੰਨੇ ਵੱਡੇ ਆਕਾਰ ਦੇ ਗ੍ਰੰਥ ਵਿਚ ਕਿਧਰੇ ਵੀ ਆਪਾ ਵਿਰੋਧ ਨਹੀਂ ਆਉਣ ਦਿੱਤਾ। ਸ਼ਬਦ-ਜੋੜਾਂ ਤੱਕ ਦੀ ਇਕਸਾਰਤਾ ਵੀ ਪੂਰੀ ਤਰ੍ਹਾਂ ਨਿਭਾਈ ਹੈ। ਆਪ

ਦੀ ਕਵਿਤਾ ਵਿੱਚ ਸਾਰੇ ਰਸਾਂ ਦੀ ਝਲਕ ਮਿਲਦੀ ਹੈ। ਵੈਰਾਗ ਦੇ ਬਿਆਨ ਸਮੇਂ ਵਲਵਲਾ ਅਤਿ ਤੀਖਣ ਹੋ ਜਾਂਦਾ ਹੈ। ਆਪ ਦੀ ਬੋਲੀ ਦੇ ਪਿਛੋਕੜ ਵਿੱਚ ਫਰੀਦ, ਕਬੀਰ, ਨਾਨਕ, ਜੈਦੇਵ, ਨਾਮਦੇਵ ਅਤੇ ਰਵਿਦਾਸ ਆਦਿ ਸੰਤਾਂ ਦੀਆਂ ਬੋਲੀਆਂ ਦੀ ਨਿਰਮਲ ਧਾਰਾ ਵਹਿ ਰਹੀ ਹੈ। ਸੰਸਕ੍ਰਿਤ, ਅਪਭ੍ਰੰਸ਼, ਫਾਰਸੀ, ਬ੍ਰਿਜਭਾਸ਼ਾ, ਲਹਿੰਦੀ, ਸਿੰਧੀ, ਮੁਲਤਾਨੀ ਤੇ ਰਾਜਸਥਾਨੀ ਆਦਿ ਬੋਲੀਆਂ ਦੀ ਸ਼ਬਦਾਵਲੀ ਇਨ੍ਹਾਂ ਦੀ ਰਚਨਾ ਵਿੱਚ ਮੋਤੀਆਂ ਵਾਂਗ ਡਲ੍ਹਕਦੀ ਹੈ। (***ਪਾਲ, ਗੁਰੂ ਅਰਜਨ ਦੇਵ ਜੀਵਨ ਤੇ ਬਾਣੀ*** 188)

ਉਪਰੋਕਤ ਵਿਚਾਰ ਦੇ ਸੰਦਰਭ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਸਾਰ ਦਾ ਇਹ ਇਕੋ ਇਕ ਧਾਰਮਿਕ ਗ੍ਰੰਥ ਹੈ ਜਿਸਨੂੰ 'ਗੁਰੂ' ਦੀ ਪਦਵੀ ਪ੍ਰਾਪਤ ਹੈ। ਸਿੱਖ ਧਰਮ ਨਾਲ ਜੁੜੇ ਸ਼ਰਧਾਲੂ ਆਪਣੇ ਜਨਮ ਤੋਂ ਲੈ ਕੇ ਮੌਤ ਤਕ ਸਫਰ ਕਰਨ ਦੇ ਸਾਰੇ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚਲੀ ਬਾਣੀ ਵੱਖ ਵੱਖ ਧਰਮਾਂ, ਜਾਤੀਆਂ, ਵਰਗਾਂ, ਸ਼੍ਰੇਣੀਆਂ ਨਾਲ ਸੰਬੰਧਤ ਮਹਾਨ ਸੰਤ ਪੁਰਸ਼ਾਂ ਦੀ ਹੈ। ਇਨ੍ਹਾਂ 36 ਬਾਣੀਕਾਰਾਂ ਵਿੱਚ ਛੇ ਸਿੱਖ ਗੁਰੂਆਂ (ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ), ਪੰਦਰਾਂ ਭਗਤਾਂ (ਭਗਤ ਫਰੀਦ, ਭਗਤ ਕਬੀਰ, ਭਗਤ ਤ੍ਰਿਲੋਚਨ, ਭਗਤ ਬੈਣੀ, ਭਗਤ ਰਵਿਦਾਸ, ਭਗਤ ਨਾਮਦੇਵ, ਭਗਤ ਧੰਨਾ, ਭਗਤ ਜੈਦੇਵ, ਭਗਤ ਭੀਖਨ, ਭਗਤ ਸੈਣ, ਭਗਤ ਪੀਪਾ,ਭਗਤ ਸਧਨਾ,ਭਗਤ ਸੂਰਦਾਸ, ਭਗਤ ਪਰਮਾਨੰਦ, ਭਗਤ ਰਾਮਾਨੰਦ), ਗਿਆਰਾਂ ਭੱਟਾਂ (ਭੱਟ ਕਲਸਹਾਰ ਜੀ, ਭੱਟ ਜਾਲਪ ਜੀ, ਭੱਟ ਕੀਰਤ ਜੀ, ਭੱਟ ਭਿਖਾ ਜੀ, ਭੱਟ ਸਲੁ ਜੀ, ਭੱਟ ਭਲ ਜੀ, ਭੱਟ ਨਲ ਜੀ, ਭੱਟ ਗਯੰਦ ਜੀ, ਭੱਟ ਮਥੁਰਾ ਜੀ, ਭੱਟ ਬਲ ਜੀ, ਭੱਟ ਹਰਿਬੰਸ ਜੀ) ਅਤੇ ਚਾਰ ਗੁਰੂ-ਦਰਬਾਰ ਦੇ ਸਿੱਖ ਸੇਵਕ ਬਾਣੀਕਾਰ (ਸੱਤਾ ਜੀ, ਬਲਵੰਡ ਜੀ, ਬਾਬਾ ਸੁੰਦਰ ਜੀ, ਭਾਈ ਮਰਦਾਨਾ ਜੀ) ਜਨ-ਕਲਿਆਣ ਦੀ ਲੋਚਾ ਰੱਖਣ ਵਾਲਿਆਂ ਦੀ ਬਾਣੀ ਨੂੰ ਸਾਂਭਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਹੀਂ

ਉਸ ਸਮੇਂ ਦੀਆਂ ਸਾਰੀਆਂ ਇਤਿਹਾਸਿਕ, ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਸਭਿਆਚਾਰਕ ਗਤੀਵਿਧੀਆਂ ਦਾ ਗਿਆਨ ਹੁੰਦਾ ਹੈ। ਪਿਆਰਾ ਸਿੰਘ ਪਦਮ ਦੇ ਅਨੁਸਾਰ:

> ਗੁਰੂ ਅਰਜਨ ਦੇਵ (1563-1606 ਈਸਵੀ) ਪੰਜਾਬ ਦੇ ਮਹਾਨ ਸੰਤ ਕਵੀ ਹੋਏ ਸਨ, ਜਿਨ੍ਹਾਂ ਸੁੱਚੀ ਸੱਚੀ ਗੁਰਬਾਣੀ ਤੇ ਉੱਚੀ ਕੁਰਬਾਨੀ ਰਾਹੀਂ ਜ਼ਿੰਦਗੀ ਦਾ ਲਾਸਾਨੀ ਮਹੱਲ ਉਸਾਰਿਆ। ਉਨ੍ਹਾਂ ਦੀ ਸਰਵ-ਪੱਖੀ ਪ੍ਰਭੁਤਾ ਦੇ ਤਮਾਮ ਗਰੀਬਾਂ, ਅਮੀਰਾਂ, ਵਿਦਵਾਨਾਂ, ਅਵਿਦਵਾਨਾਂ, ਹਿੰਦੂਆਂ, ਮੁਸਲਮਾਨਾਂ, ਪੰਜਾਬੀਆਂ ਤੇ ਗੈਰ-ਪੰਜਾਬੀਆਂ ਸਭ ਨੇ ਗੁਣ ਗਾਏ। ਪਿਆਰਾ ਸਿੰਘ ਪਦਮ ਦੇ ਅਨੁਸਾਰ ਜੇਕਰ ਮਹਾਨ ਗੁਰੂ ਦੀ ਵਡਿਆਈ ਨੂੰ ਭਾਈ ਗੁਰਦਾਸ ਵਰਗੇ ਪੰਜਾਬੀ ਵਿਦਵਾਨ ਨੇ ਗਾਇਆ ਤਾਂ ਸ਼ੇਖ ਅਬੂ ਫਜ਼ਲ ਵਰਗੇ ਪੰਜਾਬੋਂ ਬਾਹਰ ਦੇ ਪ੍ਰਸਿੱਧ ਆਲਮ ਦੀ ਕਲਮ ਵੀ ਉਸ ਦੀ ਹਾਮੀ ਭਰਨੋਂ ਨਹੀਂ ਰੁਕੀ। (***ਪਾਲ, ਗੁਰੂ ਅਰਜਨ ਦੇਵ ਜੀਵਨ ਤੇ ਬਾਣੀ*** 189)

ਗੁਰੂ ਅਰਜਨ ਦੇਵ ਜੀ ਇਕ ਅਧਿਆਤਮਕ ਜਾਂ ਧਾਰਮਿਕ ਗੁਰੂ ਹੋਣ ਦੇ ਨਾਲ-ਨਾਲ ਇਕ ਸਮਾਜ-ਸੁਧਾਰਕ ਵੀ ਸਨ, ਜਿਨ੍ਹਾਂ ਨੇ ਆਪਣੀ ਗੁਰਬਾਣੀ ਰਾਹੀਂ ਸਭ ਧਰਮਾਂ ਦੇ ਲੋਕਾਂ ਨੂੰ ਸਿੱਧੇ ਰਸਤੇ ਪਾਉਣ ਦਾ ਯਤਨ ਕੀਤਾ। ਗੁਰੂ ਅਰਜਨ ਦੇਵ ਜੀ ਨੂੰ ਸਾਂਤੀ ਦੇ ਪੁੰਜ ਵੀ ਕਿਹਾ ਜਾਂਦਾ ਹੈ, ਕਿਉਂਕਿ ਉਹ ਸਿੱਖ ਧਰਮ ਦੇ ਅਜਿਹੇ ਗੁਰੂ ਹੋਏ ਸਨ, ਜਿਨ੍ਹਾਂ ਦੀ ਸ਼ਹੀਦੀ ਨੇ ਛੇਵੇਂ ਗੁਰੂ ਹਰਗੋਬਿੰਦ ਜੀ ਨੂੰ 'ਮੀਰੀ' ਅਤੇ 'ਪੀਰੀ' ਦੋ ਤਲਵਾਰਾਂ ਧਾਰਨ ਕਰਨ ਲਈ ਪ੍ਰੇਰਿਤ ਕੀਤਾ। ਆਪ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਨਿਰਮਾਣ ਕਾਰਜ, ਤਰਨ ਤਾਰਨ ਦੇ ਨਗਰ ਦਾ ਨਿਰਮਾਣ ਕਾਰਜ, ਕੋਹੜ ਦੇ ਰੋਗ ਨਾਲ ਗ੍ਰਸਤ ਕੋਹੜੀਆਂ ਦੀ ਰਿਹਾਇਸ਼ ਤੇ ਇਲਾਜ ਲਈ ਕੋਹੜੀ-ਘਰ ਦਾ ਨਿਰਮਾਣ, ਸ੍ਰੀ ਹਰਿਗੋਬੰਦਪੁਰ, ਛੇਹਰਟਾ ਸਾਹਿਬ, ਕਰਤਾਰਪੁਰ (ਜਲੰਧਰ) ਦੀ ਸਥਾਪਨਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕਾਰਜ ਵੀ ਕੀਤਾ ਸੀ। ਗੁਰੂ ਅਰਜਨ ਦੇਵ ਜੀ ਨੇ 30 ਰਾਗਾਂ ਵਿਚ ਸ਼ਬਦ, ਅਸ਼ਟਪਦੀਆਂ, ਛੰਤ, ਪਹਰੇ, ਬਾਰਾਂਮਾਹ ਮਾਝ, ਵਾਰਾਂ, ਸਲੋਕ, ਬਾਵਨ ਅਖਰੀ, ਸੁਖਮਨੀ, ਬਿਰਹੜੇ, ਦਿਨ-ਰੈਣਿ, ਥਿਤੀ, ਗੁਣਵੰਤੀ, ਅੰਜੁਲੀਆਂ, ਸੋਲਹੇ, ਸਲੋਕ ਸਹਸਕ੍ਰਿਤੀ, ਗਾਥਾ, ਫੁਨਹੇ, ਚਉਪਦੇ, ਮੁਦਾਵਣੀ ਆਦਿ ਰਚਨਾਵਾਂ ਦੀ ਰਚਨਾ ਕੀਤੀ। ਗੁਰੂ ਅਰਜਨ ਦੇਵ ਜੀ ਪੰਜਾਬੀ, ਹਿੰਦੀ,

ਸੰਸਕ੍ਰਿਤ ਅਤੇ ਫ਼ਾਰਸੀ ਵਿੱਦਿਆ ਵਿਚ ਪੂਰੀ ਮੁਹਾਰਤ ਰਖਦੇ ਸਨ। ਡਾ. ਰੋਸਨ ਲਾਲ ਆਹੂਜਾ ਦੇ ਅਨੁਸਾਰ

:

> ਪੰਚਮ ਗੁਰੂ ਜੀ ਕੇਵਲ ਸੰਤ ਹੀ ਨਹੀਂ ਸਨ, ਸਗੋਂ ਇਕ ਗ੍ਰਿਹਿਸਥੀ ਵੀ ਸਨ। ਉਨ੍ਹਾਂ ਦੇ ਭਗਤ ਵੀ ਸਨ ਤੇ ਵੈਰੀ ਵੀ। ਭਾਈ ਬੁੱਢਾ ਤੇ ਭਾਈ ਗੁਰਦਾਸ ਵਰਗੇ ਸ਼ਰਧਾਲੂ ਵੀ ਸਨ ਤੇ ਸਾਜ਼ਸ਼ਾਂ ਕਰਨ ਵਾਲੇ ਵਿਦਰੋਹੀ ਸੇਵਕ ਵੀ। ਵਜ਼ੀਰ ਖਾਨ ਤੇ ਸਮਰਾਟ ਅਕਬਰ ਜਿਹੇ ਹਿਤੈਸ਼ੀ ਵੀ ਸਨ ਤੇ ਸੁਲਹੀ ਖਾਨ ਤੇ ਸਮਰਾਟ ਜਹਾਂਗੀਰ ਵਰਗੇ ਨਿਰਦਈ ਸ਼ੱਤਰੂ ਹਾਕਮ ਵੀ। ਜਿੱਥੇ ਉਨ੍ਹਾਂ ਨੇ ਸੰਤੋਖਸਰ, ਅੰਮ੍ਰਿਤਸਰ ਤੇ ਰਾਮਸਰ ਬਣਾਏ, ਰਾਮਦਾਸਪੁਰੇ ਨੂੰ ਪੂਰਾ ਕੀਤਾ ਤੇ ਤਰਨ ਤਾਰਨ ਦੀ ਨੀਂਹ ਰੱਖੀ, ਉਥੇ ਪ੍ਰਿਥੀਏ ਦੇ ਵਿਰੋਧ ਦੇ ਕਾਰਣ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਕਸ਼ਟ ਵੀ ਝੱਲਣੇ ਪਏ। ਇਸ ਲਈ ਆਪ ਦਾ ਜੀਵਨ ਅਨੁਭਵ ਕੇਵਲ ਆਤਮਕ ਜਾਂ ਸਿਧਾਂਤਕ ਨਹੀਂ ਸਗੋਂ ਸੰਸਾਰਕ ਵੀ ਹੈ, ਯਥਾਰਥਕ ਵੀ ਹੈ, ਪਦਾਰਥਕ ਵੀ ਹੈ, ਇੱਕ ਰੰਗ ਨਹੀਂ, ਬਹੁ ਰੰਗਾ ਵੀ ਹੈ। ਉਨ੍ਹਾਂ ਵਿੱਚ ਇਤਨੀ ਗੰਭੀਰਤਾ, ਇਤਨੀ ਮਿਠਾਸ, ਇਤਨੀ ਸ਼ਾਂਤੀ ਤੇ ਸਹਿਨਸ਼ੀਲਤਾ ਸੀ ਕਿ ਉਹ ਦੁੱਖਾਂ ਨੂੰ ਅੰਮ੍ਰਿਤ ਸਮਝ ਕੇ ਪੀ ਗਏ। ਇਸ ਲਈ ਮੈਨੂੰ ਉਨ੍ਹਾਂ ਦੀ ਜੀਵਨ-ਫਿਲਾਸਫ਼ੀ ਵਿਚ ਚਾਰ ਸਿਧਾਂਤ ਮੁਖ ਜਾਪਦੇ ਹਨ :- ਆਪਣੇ ਕਰਤਾ ਵਿਚ ਅੱਟਲ ਨਿਸ਼ਚਾ, ਨਿਰਲੇਪਤਾ, ਲੋਕ-ਸੇਵਾ ਤੇ ਅਹਿੰਸਾ। (***ਪਾਲ, ਗੁਰੂ ਅਰਜਨ ਦੇਵ ਜੀਵਨ ਤੇ ਬਾਣੀ*** 190)

ਹਰ ਮਨੁੱਖ ਦੇ ਜੀਵਨ ਵਿਚ 'ਭਾਣਾ' ਸ਼ਬਦ ਬਹੁਤ ਖਾਸ ਥਾਂ ਰੱਖਦਾ ਹੈ। ਜਦੋਂ ਵੀ ਅਸੀਂ ਗੁਰੂ ਅਰਜਨ ਦੇਵ ਜੀ ਦੇ ਜੀਵਨ ਵੱਲ ਝਾਤ ਮਾਰਦੇ ਹਾਂ ਤਾਂ ਭਾਣਾ ਮੰਨਣ ਦੀ ਪਹਾੜ ਜਿੱਡੀ ਸਿੱਖਿਆ ਸਾਡੇ ਸਾਹਮਣੇ ਆ ਜਾਂਦੀ ਹੈ। "ਤੇਰਾ ਕੀਆ ਮੀਠਾ ਲਾਗੈ" ਦਾ ਮਧੁਰ ਵਾਕ ਅਸੀਂ ਗੁਰੂ ਅਰਜਨ ਦੇਵ ਜੀ ਤੋਂ ਤਪਦੀ ਲੋਹ ਉਤੇ ਬੈਠਿਆਂ ਤੇ ਸੜਦੀ ਰੇਤ ਦੇ ਕੜਛਿਆਂ ਨੂੰ ਸਹਾਰਦਿਆਂ ਵਾਲੀ ਅਸਹਿ ਹਾਲਤ ਵਿੱਚ ਸੁਣਦੇ ਹਾਂ। ਏਸੇ ਭਾਣਾ ਮੰਨਣ ਦੀ ਸਿੱਖਿਆ ਨੇ ਅਨੇਕਾਂ ਤਪਦੀਆਂ ਰੂਹਾਂ ਨੂੰ ਠਾਰਿਆ ਅਤੇ ਮੁਸ਼ਕਿਲ ਦੀਆਂ ਸਥਿੱਤੀਆਂ ਵਿੱਚ ਵੀ

ਡੋਲਦੇ ਮਨ੍ਹਾਂ ਨੂੰ ਅਡੋਲ ਰੱਖਿਆ। ਗੁਰੂ ਅਰਜਨ ਦੇਵ ਜੀ ਨੇ ਉਸ ਪਰਮਾਤਮਾ ਦਾ ਭਾਣਾ ਮੰਨ ਕੇ ਸਾਡੇ ਲਈ ਇਕ ਵੱਡੀ ਮਿਸਾਲ ਕਾਇਮ ਕੀਤੀ ਹੈ। ਡਾ. ਦੀਵਾਨ ਸਿੰਘ ਦੇ ਅਨੁਸਾਰ :

> ਗੁਰੂ ਅਰਜਨ ਸਾਹਿਬ ਦੀ ਕਵਿਤਾ ਅਧਿਆਤਮਕ ਅਨੁਭਵ ਦੀ ਕਵਿਤਾ ਹੈ। ਇਸਦਾ ਰਹੱਸਵਾਦੀ ਅੰਸ਼ ਇਸਦਾ ਪ੍ਰਧਾਨ ਅੰਗ ਹੈ। ਸੰਗੀਤ ਦੀ ਨਿਪੁੰਨਤਾ ਅਤੇ ਅਨੁਕੂਲਤਾ ਇੱਕ ਹੋਰ ਵੱਡੀ ਵਿਸ਼ੇਸ਼ਤਾ ਹੈ। ਗੁਰੂ ਸਾਹਿਬ ਦੀ ਅਦੁੱਤੀ ਪ੍ਰਤਿਭਾ, ਸੂਖ਼ਮ ਵਿਸ਼ੇ ਦੀਆਂ ਬਾਰੀਕੀਆਂ ਅਤੇ ਡੂੰਘਾਈਆਂ ਨੂੰ ਅਤੀ ਯੋਗ ਅਤੇ ਢੁਕਵੇਂ ਕਾਵਿਕ ਪ੍ਰਗਟਾਅ ਅਤੇ ਸ਼ੈਲੀ ਵਿੱਚ ਅਭੇਦ ਕਰਕੇ ਰੱਬੀ ਸਰੂਰ ਵਾਲੀ ਕਵਿਤਾ ਦੇ ਰੂਪ ਵਿੱਚ ਪੇਸ਼ ਕਰਦੀ ਹੈ। ਪੂਰਨ ਸਿੰਘ ਦੇ ਕਹਿਣ ਅਨੁਸਾਰ ਸੰਸਾਰ ਦੀ ਸਭ ਤੋਂ ਮਹਾਨ ਕਵਿਤਾ ਇਹੀ ਹੈ ਅਰਥਾਤ ਸਾਧ ਬਚਨ ਜੋ ਆਵੇਸ਼ ਹੈ, ਇਲਹਾਮ ਹੈ, ਅਨੁਭਵ ਹੈ, ਆਮਦ ਹੈ। ਵੇਦ, ਉਪਨਿਸ਼ਦ, ਗੀਤਾ, ਅੰਜੀਲ, ਕੁਰਾਨ ਆਦਿ ਪੱਧਰ ਦੀ ਕਵਿਤਾ ਇਹੀ ਹੈ ਜਿਸਨੂੰ ਗੁਰੂ ਅਰਜਨ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਇਕੱਠੇ ਕੀਤਾ। ਫਿਰਦੌਸੀ, ਸ਼ੈਕਸਪੀਅਰ, ਹੋਮਰ, ਕਾਲੀਦਾਸ, ਦਾਂਤੇ ਆਦਿ ਸਭ ਇਸ ਪੱਧਰ ਤੋਂ ਹੇਠਾਂ ਹਨ। (***ਪਾਲ, ਗੁਰੂ ਅਰਜਨ ਦੇਵ ਜੀਵਨ ਤੇ ਬਾਣੀ*** 191)

ਗੁਰੂ ਅਰਜਨ ਦੇਵ ਜੀ ਨੂੰ ਗੋਇੰਦਵਾਲ ਦੇ ਵਾਤਾਵਰਣ ਨੇ ਬਹੁਤ ਪ੍ਰਭਾਵਿਤ ਕੀਤਾ ਜਿਥੇ ਕੋਲ ਵਗਦੇ ਦਰਿਆ, ਆਲੇ ਦੁਆਲੇ ਦੀਆਂ ਲਹਿਰਾਂਦੀਆਂ ਫਸਲਾਂ, ਮੋਰਾਂ ਦੀਆਂ ਪੈਲਾਂ ਕਿਸੇ ਮਨ ਨੂੰ ਵੀ ਕਵਿਤਾ ਦੇ ਰੰਗ ਵਿੱਚ ਰੰਗ ਸਕਦੀਆਂ ਹਨ। ਗੁਰੂ ਅਰਜਨ ਦੇਵ ਜੀ ਨੂੰ ਗੁਰੂ ਰਾਮਦਾਸ ਜੀ ਦੀ ਭਾਵਨਾ ਤੇ ਸ਼ਰਧਾ, ਬੀਬੀ ਭਾਨੀ ਜੀ ਦੀ ਕੁਰਬਾਨੀ, ਸੇਵਾ ਤੇ ਪ੍ਰੇਮ ਵਿਰਸੇ ਵਿੱਚ ਮਿਲਿਆ ਸੀ। ਵਿਦਿਆ, ਸੰਗਤ, ਅਧਿਐਨ ਤੇ ਤਜਰਬਾ ਗੁਰੂ ਅਰਜਨ ਦੇਵ ਜੀ ਨੇ ਆਪਣੀ ਪਹਿਲੀ ਉਮਰ ਵਿੱਚ ਦੋਹੀਂ ਹੱਥੀਂ ਲਿਆ। ਪੰਜਾਬੀ ਵਿੱਚ ਉਸ ਸਮੇਂ ਤੱਕ ਕਿਸੇ ਨੇ ਵੀ ਕਵਿਤਾ ਲਿਖਣ ਲਈ ਆਪਣੇ ਆਪ ਨੂੰ ਇਤਨਾ ਤਿਆਰ ਨਹੀਂ ਕੀਤਾ ਸੀ, ਨਾ ਹੀ ਕਿਸੇ ਨੂੰ ਇੰਨ੍ਹਾ ਢੁਕਵਾਂ ਵਾਤਾਵਰਣ ਮਿਲਿਆ ਸੀ, ਜਿੰਨ੍ਹਾ ਗੁਰੂ ਅਰਜਨ ਦੇਵ ਜੀ ਨੂੰ ਮਿਲਿਆ ਸੀ। ਗੁਰੂ

ਅਰਜਨ ਦੇਵ ਜੀ ਨੇ ਇਸ ਵਾਤਾਵਰਣ ਤੋਂ ਪ੍ਰਭਾਵਿਤ ਹੋ ਕੇ ਜੋ ਕੁਝ ਲਿਖਿਆ ਉਸ ਵਿੱਚ ਮਿਠਾਸ, ਗੰਭੀਰਤਾ ਅਤੇ ਪ੍ਰੇਮ ਦਾ ਨਿਖਰਨਾ ਕੁਦਰਤੀ ਜਾਂ ਸੁਭਾਵਿਕ ਗੱਲ ਸੀ।

ਆਪ ਦੇ ਜੀਵਨ ਵਿੱਚ ਦੁੱਖ ਕਲੇਸ਼ ਦੀ ਮਾਤਰਾ ਵਿਰੋਧੀਆਂ ਕਾਰਨ ਜਿੰਨੀ ਵੱਧ ਸੀ, ਉਨੀ ਹੀ ਆਪ ਦੀ ਬਾਣੀ ਸ਼ਾਂਤੀ ਪ੍ਰਦਾਨ ਕਰਨ ਵਾਲੀ ਹੈ। ਆਪ ਦੀ ਬਾਣੀ ਆਸ਼ਾਵਾਦ ਨਾਲ ਭਰੀ ਹੋਈ ਹੈ ਅਤੇ ਉਸ ਵਿੱਚ ਨਿਰਾਸ਼ਤਾ ਦਾ ਕਿਤੇ ਨਾਮ ਤੱਕ ਨਹੀਂ ਹੈ। ਡਾ. ਤਾਰਨ ਸਿੰਘ ਦੇ ਅਨੁਸਾਰ :

> ਗੁਰੂ ਅਰਜਨ ਦੇਵ ਜੀ ਦੀ ਸਾਰੀ ਰਚਨਾ ਇਸ ਗੱਲ ਤੇ ਜ਼ੋਰ ਦਿੰਦੀ ਹੈ ਕਿ ਪ੍ਰਭੂ ਭਗਤੀ ਦੁਆਰਾ ਸਾਰੀਆਂ ਆਸਾਂ ਪੂਰਨ ਹੁੰਦੀਆਂ ਹਨ, ਸਾਰੇ ਭੈਅ ਦੂਰ ਹੁੰਦੇ ਹਨ, ਸਾਰੇ ਸੁਖ ਪ੍ਰਾਪਤ ਹੁੰਦੇ ਹਨ ਤੇ ਸਾਰੇ ਦੁਖ ਨਾਸ਼ ਹੁੰਦੇ ਹਨ। ਆਪ ਸਾਰੀ ਮਨੁੱਖਤਾ ਨੂੰ ਆਸ਼ਾ, ਖੁਸ਼ੀ ਤੇ ਸ਼ਾਂਤੀ ਦਾ ਸੰਦੇਸ਼ ਦਿੰਦੇ ਹਨ। ਆਪ ਦੀ ਨਿਗਰਾਨੀ ਤੇ ਕਰੜੀ ਮਿਹਨਤ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕਾਰਜ ਸੰਪੂਰਨ ਹੋਇਆ। ਆਪ ਨੇ ਸਿੱਖ ਗੁਰੂਆ, ਭਗਤਾਂ, ਭੱਟਾ, ਗੁਰੂ ਘਰ ਦੇ ਸੇਵਕਾਂ ਆਦਿ ਦੀ ਬਾਣੀ ਕਈ ਵਾਰ ਅੱਖਰ-ਅੱਖਰ ਕਰਕੇ ਪੜ੍ਹੀ ਤੇ ਉਸਨੂੰ ਬੜੀ ਨਿਪੁੰਨ ਤੇ ਸੂਝਵਾਨ ਵਿਉਂਤ ਅਨੁਸਾਰ ਸੰਪਾਦਿਤ ਕੀਤਾ। ਇਸ ਅਧਿਐਨ ਨੇ ਆਪ ਦੀ ਪ੍ਰਤਿਭਾ ਨੂੰ ਹੋਰ ਚਮਕਾਇਆ। (***ਪਾਲ, ਗੁਰੂ ਅਰਜਨ ਦੇਵ ਜੀਵਨ ਤੇ ਬਾਣੀ*** 192)

ਗੁਰੂ ਅਰਜਨ ਦੇਵ ਦੀ ਬਾਣੀ ਦਾ ਵਿਸ਼ਾ ਓਹੀ ਹੈ, ਜੋ ਪਹਿਲੇ ਚਾਰ ਸਿੱਖ ਗੁਰੂ ਸਾਹਿਬਾਨ ਦਾ ਹੈ ਜਿਵੇਂ ਗ੍ਰਿਹਸਥ ਜੀਵਨ ਧਾਰਨ ਕਰਨਾ, ਨਾਮ ਦਾ ਸਿਮਰਨ, ਦਸਾਂ ਨਹੁੰਆਂ ਦੀ ਕਿਰਤ ਕਮਾਈ ਤੇ ਜੋਰ, ਬੇਸਹਾਰਾ ਅਤੇ ਗਰੀਬਾਂ ਦੀ ਸਹਾਇਤਾ ਕਰਨਾ, ਰੱਬ ਦਾ ਡਰ, ਜੀਵਨ ਨਾਲ ਸੰਬੰਧਿਤ ਸਮੱਸਿਆਵਾਂ ਦਾ ਬਹਾਦਰੀ ਨਾਲ ਮੁਕਾਬਲਾ ਕਰਨਾ, ਆਸ਼ਾਵਾਦੀ ਤੇ ਸ਼ਾਤ ਚਿੱਤ ਰਹਿਣਾ ਆਦਿ। ਗੁਰੂ ਦੇ ਅਨੁਸਾਰ ਇਸ ਸੰਸਾਰ ਵਿੱਚ ਸਭ ਕੁਝ ਉਸ ਪਰਮਾਤਮਾ ਦੇ ਹੁਕਮ ਨਾਲ ਹੀ ਹੋ ਰਿਹਾ ਹੈ, ਜਦੋ ਤੱਕ ਮਨੁੱਖ ਆਪਣੇ ਹਉਮੈ

ਦੇ ਆਸਰੇ ਤੁਰਦਾ, ਉਸਦੇ ਹੁਕਮ ਨੂੰ ਨਹੀਂ ਪਛਾਣਦਾ, ਉਦੋਂ ਤੱਕ ਓਸਨੂੰ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਗੁਰੂ ਅਰਜਨ ਦੇਵ ਜੀ ਦੇ ਪਿਤਾ ਦਾ ਨਾਮ ਗੁਰੂ ਰਾਮਦਾਸ ਜੀ ਅਤੇ ਮਾਤਾ ਦਾ ਨਾਮ ਬੀਬੀ ਭਾਨੀ ਜੀ ਸੀ। ਆਪ ਜੀ ਦਾ ਜਨਮ 1563 ਈ. ਨੂੰ ਗੋਇੰਦਵਾਲ ਸਾਹਿਬ ਵਿਖੇ ਆਪਣੇ ਨਾਨਕੇ ਘਰ ਹੋਇਆ ਸੀ। ਆਪ ਜੀ ਦਾ ਸੰਬੰਧ ਸੋਢੀ ਵੰਸ਼ ਨਾਲ ਸੀ। ਆਪ ਜੀ ਦੇ ਦੋ ਵੱਡੇ ਭਰਾ ਪ੍ਰਿਥੀ ਚੰਦ ਅਤੇ ਮਹਾਦੇਵ ਸਨ। ਆਪ ਨੇ ਆਪਣੇ ਜੀਵਨ ਦੇ ਮੁਢਲੇ ਦਸ ਸਾਲ ਗੋਇੰਦਵਾਲ ਸਾਹਿਬ ਵਿਖੇ ਹੀ ਗੁਜ਼ਾਰੇ ਸਨ। ਆਪ ਨੇ ਆਪਣੇ ਨਾਨਾ ਅਮਰਦਾਸ ਜੀ ਦੀ ਨਿਗਰਾਨੀ ਵਿਚ ਬਾਬਾ ਬੁੱਢਾ ਜੀ ਪਾਸੋਂ ਗੁਰਮੁਖੀ ਸਿਖੀ ਅਤੇ ਗੁਰਬਾਣੀ ਦਾ ਅਧਿਐਨ ਵੀ ਕੀਤਾ ਸੀ। ਭਾਈ ਗੁਰਦਾਸ ਅਤੇ ਭਾਈ ਸਾਵਣ ਮੱਲ ਆਪ ਜੀ ਦੇ ਸਹਿਪਾਠੀ ਸਨ। ਆਪ ਨੇ ਸੰਸਕ੍ਰਿਤ ਤੇ ਦੇਵਨਾਗਰੀ ਦੀ ਵਿਦਿਆ ਪਾਂਧੇ ਕੇਸੋ ਤੇ ਗੋਪਾਲ ਪਾਸੋਂ ਅਤੇ ਫ਼ਾਰਸੀ ਦੀ ਵਿਦਿਆ ਪਿੰਡ ਦੇ ਸਰਕਾਰੀ ਸਕੂਲ ਵਿਚ ਹਾਸਲ ਕੀਤੀ। ਜਦੋਂ ਆਪ ਗਿਆਰਾਂ ਵਰ੍ਹਿਆਂ ਦੇ ਹੋਏ ਤਾਂ ਆਪ ਜੀ ਦੇ ਪਿਤਾ ਆਪ ਨੂੰ 'ਚੱਕ ਰਾਮਦਾਸ ਪੁਰ' ਲੈ ਗਏ ਸਨ। ਆਪ ਆਪਣੇ ਮਾਤਾ-ਪਿਤਾ ਦੇ ਬਹੁਤ ਹੀ ਆਗਿਆਕਾਰੀ ਸਪੁੱਤਰ ਸਨ।

ਗੁਰੂ ਅਰਜਨ ਦੇਵ ਜੀ ਦਾ ਵਿਆਹ 1586 ਈ. ਵਿਚ ਮਾਤਾ ਗੰਗਾ ਜੀ ਨਾਲ ਪਿੰਡ ਮਉ ਤਹਿਸੀਲ ਫਿਲੋਰ ਜ਼ਿਲ੍ਹਾ ਜਲੰਧਰ ਵਿਖੇ ਹੋਇਆ, ਜਿਥੇ ਇਤਿਹਾਸਕ ਗੁਰਦਵਾਰਾ ਵੀ ਹੈ। ਉਸ ਗੁਰਦਵਾਰੇ ਵਿਚ ਹਰ ਸਾਲ ਗੁਰੂ ਅਰਜਨ ਦੇਵ ਜੀ ਦੇ ਵਿਆਹ ਦੀ ਪਵਿੱਤਰ ਯਾਦ ਵਿਚ ਮੇਲਾ ਲੱਗਦਾ ਹੈ। 14 ਜੂਨ 1595 ਈ. ਨੂੰ ਗੁਰੂ ਕੀ ਵਡਾਲੀ, ਛੇਹਰਟੇ ਦੇ ਨੇੜੇ ਜਿਲ੍ਹਾ ਅੰਮ੍ਰਿਤਸਰ ਵਿਖੇ ਆਪ ਜੀ ਦੇ ਘਰ ਗੁਰੂ ਹਰਗੋਬਿੰਦ ਜੀ ਦਾ ਜਨਮ ਹੋਇਆ ਸੀ। ਪ੍ਰਿਥੀ ਚੰਦ ਨੇ ਗੁਰੂ ਹਰਗੋਬਿੰਦ ਨੂੰ ਮਾਰਨ ਦੇ ਬਹੁਤ ਯਤਨ ਕੀਤੇ ਪਰੰਤੂ ਸਾਰੇ ਅਸਫ਼ਲ ਰਹੇ। ਜਦੋਂ ਇਸ ਬਾਰੇ ਸਾਰੀ ਜਾਣਕਾਰੀ ਗੁਰੂ ਅਰਜਨ ਦੇਵ ਜੀ ਨੂੰ ਪ੍ਰਾਪਤ ਹੋਈ ਤਾਂ ਗੁਰੂ ਜੀ ਨੇ ਪ੍ਰਿਥੀ ਚੰਦ ਨੂੰ 'ਮੀਣਾ' ਕਹਿ ਕੇ ਫ਼ਿਟਕਾਰ ਪਾਈ ਸੀ।

ਗੁਰੂ ਰਾਮਦਾਸ ਜੀ ਦੇ ਤਿੰਨ ਪੁੱਤਰ ਸਨ - ਪ੍ਰਿਥੀ ਚੰਦ, ਮਹਾਂਦੇਵ ਅਤੇ ਅਰਜਨ ਦੇਵ। ਪ੍ਰਿਥੀ ਚੰਦ ਅਤੇ ਮਹਾਂਦੇਵ ਦੀਆਂ ਗੈਰ-ਅਧਿਆਤਮਕ ਕਾਰਵਾਈਆਂ ਨੂੰ ਸਾਹਮਣੇ ਰੱਖਦਿਆਂ ਗੁਰੂ ਰਾਮਦਾਸ ਜੀ ਨੇ ਇਹ ਮਹਿਸੂਸ ਕੀਤਾ ਕਿ ਪ੍ਰਿਥੀ ਚੰਦ ਅਤੇ ਮਹਾਂਦੇਵ ਗੁਰਗੱਦੀ ਦੇ ਅਧਿਕਾਰੀ ਨਹੀਂ ਹਨ, ਇਸ ਲਈ ਗੁਰੂ ਰਾਮਦਾਸ ਜੀ ਨੇ ਪਰੀਖਿਆ ਵਿਚ ਖਰੇ ਉਤਰਨ ਵਾਲੇ ਸਭ ਤੋਂ ਛੋਟੇ ਸਪੁੱਤਰ ਅਰਜਨ ਦੇਵ ਨੂੰ ਗੁਰਗੱਦੀ ਦਾ ਵਾਰਿਸ ਘੋਸ਼ਿਤ ਕਰ ਦਿੱਤਾ। ਪ੍ਰਿਥੀ ਚੰਦ ਅਤੇ ਮਹਾਂਦੇਵ ਨੇ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਦਿੱਤੇ ਜਾਣ ਤੇ ਬਹੁਤ ਵਿਰੋਧ ਕੀਤਾ। ਗੁਰੂ ਰਾਮਦਾਸ ਜੀ ਨੇ ਵੱਡੇ ਦੋਵਾਂ ਪੁੱਤਰਾਂ ਨੂੰ ਬਹੁਤ ਸਮਝਾਇਆ, ਕੇਸਰ ਸਿੰਘ ਛਿੱਬਰ ਦੇ ਅਨੁਸਾਰ :

ਪ੍ਰਿਥੀਏ ਮਹਾਂਦੇਵ ਨੂੰ ਸਮਝਾਇਆ।

ਟਿਕਾ ਗੁਰਿਆਈ ਦਾ ਅਰਜਨ ਦੇ ਮਥੇ ਲਾਇਆ।

ਪ੍ਰਿਥੀਆ ਦੁਖ ਕਰ ਕੇ ਅਤਿ ਰੋਇਆ।

ਟਿਕੇ ਦੀ ਵਾਰੀ ਸੀ ਆਹੀ ਮੈਨੂੰ ਏ ਕੀ ਹੋਇਆ।

ਗੁਰੂ ਰਾਮਦਾਸ ਚਲਾਣੇ ਦੇ ਸਮੇਂ ਬਚਨ ਇਹ ਕੀਤਾ।

ਜੋ ਬਚਨ ਵਡਿਆਂ ਦਾ ਮੰਨੇ ਤਿਨੇ ਹੀ ਜੀਤਾ। *(ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ, ਚਰਣ ਚੌਥਾ)*

ਗੁਰਗੱਦੀ ਨਾ ਮਿਲਣ ਕਰਕੇ ਪ੍ਰਿਥੀ ਚੰਦ ਸਹਾਰ ਨਾ ਸਕਿਆ ਅਤੇ ਉਸ ਨੇ ਗੁਰੂ ਅਰਜਨ ਲਈ ਕਈ ਸਮੱਸਿਆਵਾਂ ਖੜੀਆਂ ਕਰਨੀਆਂ ਸੁਰੂ ਕਰ ਦਿੱਤੀਆਂ। ਸਭ ਤੋਂ ਪਹਿਲਾਂ ਉਸ ਨੇ ਆਪਣੀ ਵੱਖਰੀ ਗੁਰਗੱਦੀ ਕਾਇਮ ਕਰ ਲਈ ਅਤੇ ਫਿਰ ਕੁਝ ਮਸੰਦਾਂ ਨਾਲ ਮਿਲ ਕੇ ਗੁਰੂ ਘਰ ਦੀ ਭੇਟਾਂ ਆਪ ਰੱਖਣ ਲੱਗ ਪਿਆ। ਇਸ ਤਰਾਂ ਗੁਰੂ ਅਰਜਨ ਦੇਵ ਜੀ ਦੀ ਆਮਦਨ ਘੱਟਣ ਨਾਲ ਲੰਗਰ ਦੀ ਸਮੱਗਰੀ ਦਿਨੋ ਦਿਨ ਘੱਟਣ ਲੱਗੀ। ਪ੍ਰਿਥੀ ਚੰਦ ਨੇ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਹਰਗੋਬਿੰਦ ਨੂੰ ਵੀ ਮਾਰਨ ਦੇ ਬਹੁਤ ਯਤਨ ਕੀਤੇ

ਪਰੰਤੂ ਸਾਰੇ ਅਸਫ਼ਲ ਰਹੇ। ਜਦੋਂ ਇਸ ਬਾਰੇ ਸਾਰੀ ਜਾਣਕਾਰੀ ਗੁਰੂ ਅਰਜਨ ਦੇਵ ਜੀ ਨੂੰ ਪ੍ਰਾਪਤ ਹੋਈ ਤਾਂ ਗੁਰੂ ਜੀ ਨੇ ਪ੍ਰਿਥੀ ਚੰਦ ਨੂੰ 'ਮੀਣਾ' ਕਹਿ ਕੇ ਫ਼ਿਟਕਾਰਾਂ ਪਾਈਆਂ। ਗੁਰੂ ਅਰਜਨ ਦੇਵ ਜੀ ਨੇ ਧਰਮ ਦੇ ਪ੍ਰਚਾਰ ਲਈ ਕਈ ਉਸਾਰੀ ਕਾਰਜ ਕੀਤੇ, ਜਿਵੇਂ ਗੁਰੂ ਰਾਮਦਾਸ ਜੀ ਦੁਆਰਾ ਸ਼ੁਰੂ ਕੀਤੇ ਸ਼ਹਿਰ ਅੰਮ੍ਰਿਤਸਰ ਦੀ ਉਸਾਰੀ ਦਾ ਕਾਰਜ ਜਾਰੀ ਰੱਖਣਾ, 1588 ਈ. ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਸਾਈਂ ਮੀਆਂ ਮੀਰ ਚਿਸ਼ਤੀ ਪਾਸੋਂ ਰਖਵਾਇਆ, ਪਵਿੱਤਰ ਸਰੋਵਰ ਦੀ ਉਸਾਰੀ (ਅੰਮ੍ਰਿਤਸਰ), 1590 ਈ. ਵਿਚ ਸ੍ਰੀ ਤਰਨ ਤਾਰਨ ਨਗਰ ਦੀ ਨੀਂਹ ਰੱਖੀ, ਪਵਿੱਤਰ ਸਰੋਵਰ ਦੀ ਉਸਾਰੀ (ਤਰਨ ਤਾਰਨ), 1593 ਈ. ਨੂੰ ਜਲੰਧਰ ਦੇ ਨੇੜੇ ਕਰਤਾਰਪੁਰ ਨਗਰ ਵਸਾਇਆ, 1595 ਈ. ਨੂੰ ਅੰਮ੍ਰਿਤਸਰ ਦੇ ਨੇੜੇ ਵਡਾਲੀ ਨਗਰ ਵਸਾਇਆ ਅਤੇ ਔੜ ਨੂੰ ਖਤਮ ਕਰਨ ਲਈ 'ਛੇਹਰਟਾ' ਵਾਲਾ ਖੂਹ ਖੁਦਵਾਇਆ।

ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਕ ਸ੍ਰੀ ਗੁਰੂ ਗ੍ਰੰਥ ਸਾਹਿਬ, ਜਿਸ ਨੂੰ ਆਦਿ ਗ੍ਰੰਥ ਸਾਹਿਬ ਕਰਕੇ ਵੀ ਜਾਣਿਆ ਜਾਂਦਾ ਹੈ, ਮੱਧਕਾਲੀਨ ਅਧਿਆਤਮ ਵਿਚਾਰ, ਧਰਮ ਚਿੰਤਨ, ਸਾਹਿਤਕ ਉਭਾਰ ਅਤੇ ਸਭਿਆਚਾਰਕ ਉਥਾਨ ਦਾ ਇਕ ਵਿਲੱਖਣ ਤੇ ਮਹਾਨ ਗ੍ਰੰਥ ਹੈ। ਇਸ ਦਾ ਸੰਕਲਨ 1604 ਈ. ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਨ -ਕਲਿਆਣ ਲਈ ਕੀਤਾ ਜਿਸ ਵਿਚ ਭਾਰਤੀ ਧਰਮ ਦਰਸ਼ਨ ਵਿਚ ਵਾਪਰਨ ਵਾਲੀ ਪੰਜ ਸੌ ਵਰ੍ਹਿਆਂ ਦੀ ਰਾਸ-ਪੂੰਜੀ ਸਾਂਭ ਕੇ ਰੱਖੀ ਮਿਲਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਭ ਤੋਂ ਵੱਡੀ ਗੁਰੂ ਕਵੀ ਜਾਂ ਰਚਨਾਕਾਰ ਕਹਿਣਾ ਗਲਤ ਨਹੀਂ ਹੋਵੇਗਾ। ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਤੋਂ ਪਹਿਲਾਂ ਜੋ ਬਾਣੀ-ਸੰਕਲਨ ਤਿਆਰ ਹੋਏ, ਉਨ੍ਹਾਂ ਵਿਚ ਬਾਣੀ ਕਿਸੇ ਕ੍ਰਮਬੱਧ ਰੂਪ ਵਿਚ ਸੰਕਲਿਤ ਨਹੀਂ ਸੀ। ਇਸ ਬਾਣੀ ਨੂੰ ਕ੍ਰਮਬੱਧ ਰੂਪ ਦੇਣ ਦੀ ਸਥਿਤੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਪੈਦਾ ਹੋਈ, ਕਿਉਂਕਿ ਗੁਰਗੱਦੀ ਨਾ ਮਿਲਣ ਕਰਕੇ ਨਾਰਾਜ਼ ਵਿਅਕਤੀਆਂ ਵੱਲੋਂ ਗੁਰਬਾਣੀ ਵਿਚ ਕੱਚੀ ਬਾਣੀ ਨੂੰ ਸ਼ਾਮਿਲ ਕਰਨ ਦੇ ਯਤਨ ਪਹਿਲਾਂ ਤੋਂ ਹੀ ਸ਼ੁਰੂ ਹੋ ਗਏ ਸਨ। ਪ੍ਰਿਥੀ ਚੰਦ ਨੂੰ ਜਦੋਂ ਗੁਰਗੱਦੀ ਨਾ ਮਿਲੀ ਤਾਂ ਉਸ ਦੇ ਪੁੱਤਰ ਮਨੋਹਰ ਦਾਸ ਮਿਹਰਬਾਨ ਨੇ ਆਪਣੀ ਬਾਣੀ ਕਵੀ ਛਾਪ 'ਨਾਨਕ' ਦੇ ਅਧੀਨ ਰਚਣੀ ਆਰੰਭ ਕਰ ਦਿੱਤੀ, ਜਿਸ ਨੂੰ ਕੱਚੀ-ਬਾਣੀ ਕਿਹਾ ਜਾਂਦਾ ਹੈ। ਇਸ ਪ੍ਰਕਾਰ ਦੀ ਕੱਚੀ-ਬਾਣੀ ਨੇ ਸਿੱਖਾਂ ਦੇ ਮਨ

ਵਿਚ ਦੁਬਿਧਾ ਪੈਦਾ ਕਰ ਦਿੱਤੀ ਅਤੇ ਇਹ ਨਿਖੇੜਨਾ ਔਖਾ ਹੋ ਗਿਆ ਕਿ ਕਿਹੜੀ ਬਾਣੀ ਸੱਚੀ ਹੈ ਅਤੇ ਕਿਹੜੀ ਬਾਣੀ ਕੱਚੀ ਹੈ। ਇਸ ਅਵਸਥਾ ਨੂੰ ਵੇਖ ਕੇ ਹੀ ਗੁਰੂ ਅਰਜਨ ਦੇਵ ਜੀ ਦੇ ਮਨ ਅੰਦਰ ਸੱਚੀ ਬਾਣੀ ਦੀ ਬੀੜ ਬੰਨ੍ਹਣ ਦਾ ਫੁਰਨਾ ਫੁਰਿਆ।

ਗੁਰੂ ਅਰਜਨ ਦੇਵ ਜੀ ਨੇ ਭਾਈ ਸੰਤ ਦਾਸ, ਹਰੀਆ, ਸੁੱਖਾ, ਮਨਸਾ ਰਾਮ ਦੀ ਸਹਾਇਤਾ ਨਾਲ ਵੱਖ-ਵੱਖ ਸਰੋਤਾਂ ਤੋਂ ਬਾਣੀ ਦਾ ਉਤਾਰਾ ਕਰਵਾ ਕੇ ਮੂਲ ਪੋਥੀਆਂ ਸੰਬੰਧਿਤ ਵਿਅਕਤੀਆਂ ਨੂੰ ਵਾਪਸ ਭੇਜ ਦਿੱਤੀਆਂ। ਇਸ ਪ੍ਰਕਾਰ ਇਕਤਰਿਤ ਕੀਤੀ ਬਾਣੀ ਨੂੰ ਗੁਰੂ ਜੀ ਨਾਲ ਨਾਲ ਵਾਚਦੇ ਜਾਂਦੇ ਅਤੇ ਜਿਥੇ ਲੋੜ ਹੁੰਦੀ ਉੱਥੇ ਆਵੱਸ਼ਕ ਸੁਧਾਈ ਵੀ ਕਰਦੇ ਜਾਂਦੇ। ਇਸ ਸੋਧੀ ਹੋਈ ਬਾਣੀ ਨੂੰ ਅੰਤਿਮ ਤੌਰ ਤੇ ਬੀੜ ਦੇ ਰੂਪ ਵਿਚ ਲਿਖਣ ਦਾ ਗੌਰਵ ਭਾਈ ਗੁਰਦਾਸ ਨੂੰ ਬਖਸ਼ਿਆ। ਭਾਈ ਗੁਰਦਾਸ ਨੇ ਬੜੀ ਮਿਹਨਤ, ਲਗਨ ਅਤੇ ਸਿਦਕ ਨਾਲ ਬੀੜ ਲਿਖਣ ਦਾ ਕੰਮ 1604 ਈ. ਵਿਚ ਮੁਕੰਮਲ ਕੀਤਾ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਉਨ੍ਹਾਂ ਭਗਤਾਂ, ਸੰਤਾਂ, ਫਕੀਰਾਂ ਅਤੇ ਸਾਧਕਾ ਦੀਆਂ ਬਾਣੀਆਂ ਨੂੰ ਹੀ ਸ਼ਾਮਿਲ ਕੀਤਾ ਜੋ ਨਿਰਗੁਣ ਭਗਤੀ ਧਾਰਾ ਨਾਲ ਸੰਬੰਧਿਤ ਸਨ। ਸਾਰੀ ਬਾਣੀ ਵਿਚ ਗੁਰੂ ਜੀ ਨੇ ਸ਼ਬਦ-ਜੋੜਾਂ ਅਤੇ ਲਗਾਂ-ਮਾਤ੍ਰਾਵਾਂ ਵਰਤਣ ਵਿਚ ਇਕਸਾਰਤਾ ਲਿਆਂਦੀ ਅਤੇ ਨਿਸ਼ਚਿਤ ਵਿਆਕਰਣ ਅਨੁਸਾਰ ਢਾਲਿਆ। ਦਿੱਲੀ ਤਖ਼ਤ ਦੇ ਬਾਦਸ਼ਾਹ ਜਹਾਂਗੀਰ ਨੇ ਆਪਣੀ ਸਵੈ-ਜੀਵਨੀ 'ਤੁਜ਼ਕ-ਇ-ਜਹਾਂਗੀਰੀ' ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਕਾਰਨਾਂ ਨੂੰ ਸਪਸ਼ਟ ਕਰਦਿਆਂ ਹੋਇਆਂ ਲਿਖਿਆ ਹੈ :

> ਗੋਇੰਦਵਾਲ ਵਿਚ ਬਿਆਸ ਦਰਿਆ ਦੇ ਕਿਨਾਰੇ ਅਰਜਨ ਨਾਮ ਦਾ ਇਕ ਹਿੰਦੂ ਰਹਿੰਦਾ ਹੈ, ਜਿਸ ਨੇ ਬਹੁਤ ਸਾਰੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਆਪਣੇ ਮਗਰ ਲਾ ਰੱਖਿਆ ਹੈ। ਮੈਂ ਉਸ ਦੇ ਖਿਲਾਫ ਸਬੂਤ ਇਕੱਠੇ ਕਰ ਰਿਹਾ ਹਾਂ, ਪਰੰਤੂ ਅਜਿਹਾ ਮੌਕਾ ਨਹੀਂ ਮਿਲ ਰਿਹਾ ਸੀ। ਅਖੀਰ ਵਿਚ ਮੈਨੂੰ ਇਕ ਅਜਿਹਾ ਮੌਕਾ ਮਿਲ ਹੀ ਗਿਆ, ਜਦੋਂ ਖੁਸਰੋ ਦੀ ਮੁਲਾਕਾਤ ਅਰਜਨ ਨਾਲ ਗੋਇੰਦਵਾਲ ਵਿਖੇ ਹੋਈ ਤਾਂ ਅਰਜਨ ਨੇ ਖੁਸਰੋ ਦੇ ਮੱਥੇ ਤੇ ਤਿਲਕ ਲਗਾ ਕੇ ਉਸ ਲਈ ਸ਼ੁਭ ਕਾਮਨਾਵਾਂ ਪ੍ਰਗਟ ਕੀਤੀਆਂ। ਜਦੋਂ ਮੈਨੂੰ ਇਸ ਗੱਲ ਦਾ ਪਤਾ ਚੱਲਿਆ ਤਾਂ ਮੈਂ ਹੁਕਮ ਦਿੱਤਾ ਕਿ ਅਰਜਨ ਦੀ

ਜਾਇਦਾਦ ਜ਼ਬਤ ਕਰ ਲਈ ਜਾਵੇ ਅਤੇ ਉਸ ਨੂੰ ਤਸੀਹੇ ਦੇ ਕੇ ਖ਼ਤਮ ਕਰ ਦਿੱਤਾ ਜਾਵੇ। (***ਪ੍ਰੋ. ਬ੍ਰਹਮਜਗਦੀਸ਼ ਸਿੰਘ, ਗੁਰੂ ਅਰਜਨ ਦੇਵ ਜੀ ਜੀਵਨ ਅਤੇ ਬਾਣੀ*** 19)

ਗੁਰੂ ਅਰਜਨ ਦੇਵ ਜੀ ਉਪਰ ਅਥਾਹ ਜ਼ੁਲਮ ਕੀਤੇ ਗਏ, ਗੁਰੂ ਜੀ ਨੂੰ ਗਰਮ ਤਵੀ ਤੇ ਬਿਠਾਇਆ ਗਿਆ, ਸੀਸ ਉਪਰ ਗਰਮ ਰੇਤ ਪਾਈ ਗਈ, ਗਰਮ ਪਾਣੀ ਦੇ ਕੜਾਹੇ ਵਿਚ ਉਬਾਲਿਆ ਗਿਆ ਅਤੇ ਜਦੋਂ ਗੁਰੂ ਜੀ ਦਾ ਸਰੀਰ ਛਾਲੇ-ਛਾਲੇ ਹੋ ਗਿਆ ਤਾਂ ਵਧੇਰੇ ਤਕਲੀਫ਼ ਦੇਣ ਵਾਸਤੇ ਰਾਵੀ ਦਰਿਆ ਵਿਚ ਡੋਬ ਦਿੱਤੇ ਗਏ। ਇਨ੍ਹਾਂ ਤਸੀਹਿਆਂ ਦੇ ਕਾਰਣ ਗੁਰੂ ਅਰਜਨ ਦੇਵ ਜੀ 1606 ਈ ਨੂੰ ਸ਼ਹੀਦ ਹੋ ਗਏ।

**ਬਾਣੀ-ਰਚਨਾ :-** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 36 ਬਾਣੀਕਾਰਾਂ ਵਿਚੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਭ ਤੋਂ ਵੱਧ ਬਾਣੀ ਦਰਜ਼ ਹੈ। ਆਪ ਜੀ ਨੇ 31 ਰਾਗਾਂ ਵਿਚੋਂ 30 ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਸੁਖਮਨੀ ਸਾਹਿਬ, ਬਾਰਹਮਾਹ ਮਾਝ, ਬਾਵਨ ਅੱਖਰੀ, ਵਾਰਾਂ, ਥਿਤੀ, ਬਿਰਹੜੇ, ਅੰਜਲੀਆਂ, ਸੋਹਿਲੇ ਆਦਿ ਸ਼ਾਮਲ ਹਨ। ਡਾ. ਗੁਰਸ਼ਰਨ ਕੌਰ ਜੱਗੀ ਨੇ ਆਪ ਜੀ ਦੀਆਂ ਬਾਣੀਆਂ ਦਾ ਰੂਪਾਕਾਰਿਕ ਵਰਗੀਕਰਣ ਹੇਠ ਲਿਖੇ ਅਨੁਸਾਰ ਕੀਤਾ ਹੈ :-

**ਵੱਡ-ਆਕਾਰੀ ਰਚਨਾਵਾਂ :-** ਸੁਖਮਨੀ ਸਾਹਿਬ, ਬਾਵਨ ਅਖਰੀ, ਬਾਰਹਮਾਹ, ਰੁਤੀ ਅਤੇ ਥਿਤੀ।

**ਲਘੂ-ਆਕਾਰੀ ਰਚਨਾਵਾਂ :-** ਪਹਰੇ, ਦਿਨ-ਰੈਣ, ਬਿਰਹੜੇ, ਗੁਣਵੰਤੀ, ਅੰਜਲੀਆਂ।

**ਵਾਰਾਂ :-** ਰਾਗ ਗਉੜੀ, ਰਾਗ ਗੂਜਰੀ, ਰਾਗ ਜੈਤਸਰੀ, ਰਾਗ ਰਾਮਕਲੀ, ਰਾਗ ਮਾਰੂ, ਰਾਗ ਬਸੰਤ।

**ਮੁਕਤਕ ਰਚਨਾਵਾਂ :-** ਚਉਪਦੇ, ਅਸ਼ਟਪਦੀਆਂ, ਛੰਤ, ਸੋਲਹੇ, ਸਲੋਕ, ਪਉੜੀਆਂ, ਸਵੱਯੇ।

**ਕਾਵਿ-ਰੂਪ ਪੱਖੋਂ ਵਰਗੀਕਰਣ:-** ਪਦੇ, ਅਸ਼ਟਪਦੀਆਂ, ਛੰਤ, ਸਲੋਕ, ਵਾਰ, ਪਉੜੀ, ਕਾਫ਼ੀ, ਬਾਰਾਂਮਾਹ, ਬਾਵਨ ਅੱਖਰੀ, ਪਹਿਰ, ਥਿਤੀ, ਰੁਤੀ, ਫੁਨਹੇ, ਸੁਖਮਨੀ, ਬਿਹਰੜੇ, ਅੰਜੁਲੀ, ਦਿਨ ਰੈਣਿ, ਗੁਣਵੰਤੀ, ਸਵੈਯੇ, ਚਉਬਲੇ ਅਤੇ ਮੁੰਦਾਵਣੀ ਆਦਿ।

**ਭਾਵ ਪੱਖੋਂ ਵਰਗੀਕਰਣ:-** ਰੱਤੀ ਭਾਵ, ਹਾਸ ਭਾਵ, ਸ਼ਾਂਤ ਭਾਵ, ਵਾਤਸਲਯ ਭਾਵ, ਸ਼ੋਕ ਭਾਵ, ਕ੍ਰੋਧ ਭਾਵ, ਹੈਰਾਨੀ ਭਾਵ, ਘ੍ਰਿਣਾ ਭਾਵ, ਉਤਸ਼ਾਹ ਭਾਵ ਅਤੇ ਭੈ ਭਾਵ।

**ਰਾਗ ਪੱਖੋਂ ਵਰਗੀਕਰਣ:-** ਸਿਰੀ ਰਾਗ, ਮਾਝ ਰਾਗ, ਗਉੜੀ ਰਾਗ, ਆਸਾ ਰਾਗ, ਗੂਜਰੀ ਰਾਗ, ਦੇਵਗੰਧਾਰੀ ਰਾਗ, ਬਿਹਾਗੜਾ ਰਾਗ, ਵਡਹੰਸ ਰਾਗ, ਸੋਰਿਠ ਰਾਗ, ਧਨਾਸਰੀ ਰਾਗ, ਜੈਤਸਰੀ ਰਾਗ, ਟੋਡੀ ਰਾਗ, ਬੈਰਾੜੀ ਰਾਗ, ਤਿਲੰਗ ਰਾਗ, ਸੂਹੀ ਰਾਗ, ਬਿਲਾਵਲ ਰਾਗ, ਗੋਂਡ ਰਾਗ, ਰਾਮਕਲੀ ਰਾਗ, ਨਟਨਰਾਇਣ ਰਾਗ, ਮਾਲੀ ਗਉੜਾ ਰਾਗ, ਮਾਰੂ ਰਾਗ, ਤੁਖਾਰੀ ਰਾਗ, ਕੈਦਾਰਾ ਰਾਗ, ਭੈਰਉ ਰਾਗ, ਬਸੰਤ ਰਾਗ, ਸਾਰੰਗ ਰਾਗ, ਮਲਾਰ ਰਾਗ, ਕਾਨੜਾ ਰਾਗ, ਕਲਿਆਨ ਰਾਗ ਅਤੇ ਪ੍ਰਭਾਤੀ ਰਾਗ।

## ਵੱਡ-ਆਕਾਰੀ ਰਚਨਾਵਾਂ

**ਸੁਖਮਨੀ ਸਾਹਿਬ :-** ਗੁਰੂ ਅਰਜਨ ਦੇਵ ਜੀ ਨੇ ਗਉੜੀ ਰਾਗ ਵਿਚ ਇਸ ਬਾਣੀ ਵਿਚ ਆਪਣੇ ਅਧਿਆਤਮਕ ਵਿਚਾਰ ਪ੍ਰਗਟ ਕੀਤੇ ਹਨ। ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੀਆਂ ਬਾਣੀਆਂ ਨਾਲੋਂ ਆਕਾਰ ਵਿਚ ਵੱਡੀ ਜਾਂ ਲੰਬੇਰੀ ਹੈ। ਇਸ ਬਾਣੀ ਵਿਚ 24 ਸਲੋਕ ਅਤੇ 24 ਅਸ਼ਟਪਦੀਆਂ ਹਨ। ਹਰ ਅਸ਼ਟਪਦੀ ਵਿਚ ਅੱਠ (8) ਪਦੇ ਅਤੇ ਹਰ ਪਦੇ ਵਿਚ ਦਸ (10) ਪੰਕਤੀਆਂ ਹਨ। ਇਸ ਬਾਣੀ ਵਿਚ ਉਸ ਸਥਾਈ ਸੁਖ ਦੇ ਸਰੂਪ ਅਤੇ ਪ੍ਰਾਪਤੀ ਦੀ ਵਿਧੀ ਬਾਰੇ ਬੋਧ ਕਰਵਾਇਆ ਗਿਆ ਹੈ, ਜੋ ਮਨੁੱਖੀ ਜੀਵਨ ਦਾ ਲਕਸ਼ ਜਾਂ ਮਨੋਰਥ ਹੈ। 'ਸੁਖਮਨੀ' ਦੇ ਵਿਦਵਾਨਾਂ ਨੇ ਵੱਖ-ਵੱਖ ਅਰਥ ਕੀਤੇ ਹਨ - ਕਿਸੇ ਨੇ ਇਸ ਨੂੰ 'ਮਨ ਨੂੰ ਸੁਖ ਦੇਣ ਵਾਲੀ ਬਾਣੀ' ਕਿਹਾ ਹੈ ਅਤੇ ਕਿਸੇ ਨੇ 'ਸੁਖਾਂ ਦੀ ਮਣੀ' ਕਿਹਾ ਹੈ। ਇਸ ਸੁਖ ਦੀ ਸਥਿਤੀ ਨੂੰ ਸਪੱਸ਼ਟ ਕਰਦਿਆ ਹੋਇਆਂ ਗੁਰੂ ਜੀ ਦੱਸਦੇ ਹਨ ਕਿ :-

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥

ਭਗਤ ਜਨਾ ਕੈ ਮਨਿ ਬਿਸ੍ਰਾਮੁ॥ (262)

'ਸੁਖਮਨੀ' ਵਿਚ ਪਰਮਾਤਮਾ ਜਾਂ ਪ੍ਰਭੂ ਦੇ ਨਾਮ ਸਿਮਰਨ ਨੂੰ ਸਭ ਕਰਮਾਂ-ਧਰਮਾਂ ਤੋਂ ਉੱਚਾ ਦੱਸਿਆ ਗਿਆ ਹੈ। ਨਾਮ ਸਿਮਰਨ ਨਾਲ ਸਭ ਪਾਪ, ਦੁੱਖ, ਕਲੇਸ਼ ਮਿਟ ਜਾਂਦੇ ਹਨ ਅਤੇ ਹਰ ਪਾਸੇ ਸੁੱਖ-ਸ਼ਾਂਤੀ ਫੈਲ ਜਾਂਦੀ ਹੈ। ਨਾਮ ਸਿਮਰਨ ਦੁਆਰਾ ਮਨੁੱਖ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਤੋਂ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਇਸ ਬਾਣੀ ਵਿਚ ਗੁਰਮਤਿ ਦਰਸ਼ਨ ਦੇ ਮੂਲ ਆਧਾਰ ਤੱਥਾਂ ਦੀ ਜਾਣਕਾਰੀ ਤੋਂ ਇਲਾਵਾ ਇਸ ਦਰਸ਼ਨ ਤੋਂ ਪ੍ਰਾਪਤ ਹੋਣ ਵਾਲੀਆਂ ਅਵਸਥਾਵਾਂ ਤੇ ਉਪਲੱਬਧੀਆਂ ਦਾ ਵੀ ਗਿਆਨ ਮਿਲਦਾ ਹੈ। ਅੱਜ ਦਾ ਮਨੁੱਖ ਦੁਨਿਆਵੀ ਸੁਖ ਦੀ ਪ੍ਰਾਪਤੀ ਲਈ ਭਟਕ ਰਿਹਾ ਹੈ, ਪਰ ਇਹ ਸੁਖ ਕਈ ਦੁੱਖਾਂ ਦਾ ਕਾਰਣ ਬਣਦੇ ਹਨ। ਸੁਖਮਨੀ ਸਾਹਿਬ ਭਟਕਦੇ ਮਨਾਂ ਨੂੰ ਸ਼ਾਂਤ ਕਰਨ ਵਾਲੀ ਸੰਤ ਬਾਣੀ ਹੈ ਕਿਉਂਕਿ ਇਸ ਬਾਣੀ ਵਿਚ ਸਾਰੇ ਸੁੱਖਾਂ ਦਾ ਮੂਲ ਪਰਮਾਤਮਾ ਦਾ ਨਾਮ-ਸਿਮਰਨ ਦੱਸਿਆ ਹੈ। ਸੋ ਇਸ ਤਰ੍ਹਾਂ ਇਸ ਰਚਨਾ ਵਿਚ ਮਨੁੱਖ ਨੂੰ ਸੰਸਾਰਿਕ ਜੀਵਨ ਦੇ ਨਾਲ-ਨਾਲ ਅਧਿਆਤਮਿਕ ਮਾਰਗ ਉੱਪਰ ਚੱਲਣ ਦੀ ਜੁਗਤ ਵੀ ਦੱਸੀ ਹੈ।

**ਬਾਰਹਮਾਹ :-** ਲੋਕ ਕਾਵਿ ਪਰੰਪਰਾ ਵਿਚ ਪ੍ਰਾਪਤ ਰੂਪਾਕਾਰ 'ਬਾਰਹਮਾਹ' ਦੀ ਰਚਨਾ ਗੁਰੂ ਅਰਜਨ ਦੇਵ ਜੀ ਨੇ 'ਮਾਝ' ਰਾਗ ਵਿਚ ਜੀਵਾਤਮਾ ਦੀ ਅਧਿਆਤਮਕ ਵੇਦਨਾ ਨੂੰ ਰੂਪਮਾਨ ਕਰਨ ਲਈ ਕੀਤੀ ਹੈ। ਇਸ ਬਾਣੀ ਦੇ ਕੁੱਲ 14 ਪਦੇ ਹਨ। ਪਹਿਲੇ ਪਦੇ ਵਿਚ ਬਾਣੀ ਦੀ ਪ੍ਰਸਤਾਵਨਾ ਪੇਸ਼ ਹੋਈ ਹੈ। ਇਸ ਤੋਂ ਬਾਅਦ ਚੇਤ ਤੋਂ ਸ਼ੁਰੂ ਕਰਕੇ ਕ੍ਰਮਵਾਰ ਫ਼ੱਗਣ ਤਕ ਵੱਖ-ਵੱਖ ਬਾਰਾਂ ਮਹੀਨਿਆਂ ਦੇ ਚਰਿੱਤਰ ਅਤੇ ਜੀਵਾਤਮਾ ਦੇ ਕਰਤੱਵ ਬਾਰੇ ਨਿਰਦੇਸ਼ ਦਿੱਤੇ ਗਏ ਹਨ। ਅੰਤਿਮ ਪਦੇ ਵਿਚ ਗੁਰੂ ਸਾਹਿਬ ਨੇ ਨਿਸ਼ਕਰਸ਼ ਦੀ ਸਥਾਪਨਾ ਕਰਦਿਆ ਹੋਇਆ ਲਿਖਿਆ ਹੈ ਕਿ ਸਾਰੇ ਮਹੀਨੇ ਅਤੇ ਮਹੂਰਤ ਸ਼ੁਭ ਹਨ ਕਿਉਂਕਿ ਜਿਸ ਉਪਰ ਪ੍ਰਭੂ ਦੀ ਕਿਰਪਾ ਹੋ ਜਾਂਦੀ ਹੈ, ਉਸਦਾ ਪਾਰਉਤਾਰਾ ਹੋ ਜਾਂਦਾ ਹੈ। ਜਿਵੇਂ :-

ਮਾਹ ਦਿਵਸ ਮੂਰਤ ਭਲੇ ਜਿਨ ਕਉ ਨਦਰਿ ਕਰੇ॥

ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥ (662)

ਇਸ ਰਚਨਾ ਵਿਚ ਪਰਮਾਤਮਾ ਤੋਂ ਵਿਛੜੇ ਹੋਏ ਵਿਅਕਤੀ ਦੀ ਅਵਸਥਾ ਦਾ ਚਿਤਰਣ ਕੀਤਾ ਗਿਆ ਹੈ ਅਤੇ ਨਾਲ-ਨਾਲ ਗੁਰੂ ਦੇ ਸਹਿਯੋਗ ਨਾਲ ਮਿਲਾਪ ਅਤੇ ਸੰਯੋਗ ਸੁਖ ਵਲ ਵੀ ਸੰਕੇਤ ਕੀਤਾ ਗਿਆ ਹੈ। 'ਬਾਰਹਮਾਹ' ਸ਼ਾਸਤਰੀ ਕਾਵਿ ਰੀਤੀ ਵਿਚਲੇ 'ਰਿਤੂ ਵਰਣਨ' ਦੇ ਸਮਾਨ ਇਕ ਲੋਕ-ਕਾਵਿ ਰੂਪ ਹੈ ਜਿਸ ਵਿਚ ਪਹਿਲਾਂ ਵਿਯੋਗ ਅਵਸਥਾ ਦਾ ਚਿਤਰਣ ਹੁੰਦਾ ਹੈ ਅਤੇ ਅੰਤ ਵਿਚ ਮਿਲਨ ਦੀਆਂ ਸੰਭਾਵਨਾਵਾਂ ਨੂੰ ਪ੍ਰਗਟ ਕੀਤਾ ਜਾਂਦਾ ਹੈ। ਗੁਰੂ ਅਰਜਨ ਦੇਵ ਦੇ ਅਨੁਸਾਰ ਜਿਵੇਂ ਦੁੱਧ ਦੇਣ ਤੋਂ ਬਿਨਾਂ ਗਊ ਕਿਸੇ ਕੰਮ ਦੀ ਨਹੀਂ ਹੁੰਦੀ, ਪਾਣੀ ਤੋਂ ਬਿਨਾਂ ਖੇਤੀ ਕੁਮਲਾ ਜਾਂਦੀ ਹੈ, ਬਿਲਕੁਲ ਇਸੇ ਤਰ੍ਹਾਂ ਜਿੰਨੀ ਦੇਰ ਜੀਵ-ਆਤਮਾ ਨੂੰ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ, ਉਤਨੀ ਦੇਰ ਉਹ ਅਸ਼ਾਂਤ ਅਤੇ ਬੇਚੈਨ ਰਹਿੰਦੀ ਹੈ।

**ਬਾਵਨ ਅੱਖਰੀ :-** ਗਉੜੀ ਰਾਗ ਵਿਚ ਰਚੀ ਗਈ ਇਹ ਬਾਣੀ ਦੇਵਨਾਗਰੀ ਵਰਨਮਾਲਾ ਦੇ 52 ਅੱਖਰਾਂ 'ਤੇ ਆਧਾਰਿਤ ਹੈ, ਜੋ ਕਿ ਗੁਰੂ ਅਤੇ ਪਰਮਾਤਮਾ ਦੀ ਮਹਿਮਾ ਦਾ ਬਖਾਣ ਜਾਂ ਵਰਨਣ ਕਰਦੀ ਹੈ। ਇਹ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨੇ 250 ਤੋਂ 261 ਤੱਕ ਸੰਕਲਿਤ ਹੈ। ਇਸ ਬਾਣੀ ਦੀਆਂ ਕੁਲ 55 ਪਉੜੀਆਂ ਹਨ। ਹਰ ਪਉੜੀ ਦੇ ਆਰੰਭ ਵਿਚ ਇਕ-ਇਕ ਸਲੋਕ ਦਿੱਤਾ ਗਿਆ ਹੈ। ਬਾਣੀ ਦੇ ਮੁੱਢ ਵਿਚ ਮੰਗਲਾਚਰਣ ਹੈ, ਜੋ ਸਲੋਕ ਰੂਪ ਵਿਚ ਹੈ। ਇਸ ਸਲੋਕ ਵਿਚ ਗੁਰੂ ਜੀ ਆਪਣੇ ਗੁਰਦੇਵ ਨੂੰ ਨਮਸਕਾਰ ਕਰਦੇ ਹਨ ਜੋ ਪਰਮਾਤਮਾ ਦਾ ਹੀ ਰੂਪ ਹੈ :

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥

ਗੁਰਦੇਵ ਸਖਾ ਅਗਿਆਨ ਭੰਜਨ ਗੁਰਦੇਵ ਬੰਧਿਮ ਸਹੋਦਰਾ॥

ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ॥

ਗੁਰਦੇਵ ਸਾਂਤਿ ਸਤਿ ਬੁਧਿ ਮੂਰਿਤ ਗੁਰਦੇਵ ਪਾਰਸ ਪਰਸ ਪਰਾ॥ (250)

ਇਹ ਰਚਨਾ ਦੇਵਨਾਗਰੀ ਵਰਨਮਾਲਾ ਦੇ ਆਧਾਰ ਤੇ ਲਿਖੀ ਗਈ ਹੈ। ਇਸ ਵਿਚ ਵਰਣਾਂ ਅਤੇ ਮਾਤਰਾਵਾਂ ਦੀ ਕੁੱਲ ਗਿਣਤੀ 52 ਹੈ। ਇਸ ਦੇ 29 ਵਰਣਾਂ ਦਾ ਕ੍ਰਮ ( ਕ ਤੋਂ ਵ ਤੱਕ) ਗੁਰਮੁਖੀ ਲਿਪੀ ਨਾਲ ਮੇਲ ਖਾਂਦਾ

ਹੈ। ਇਸ ਰਚਨਾ ਵਿਚ ਗੁਰਮਤਿ ਦੇ ਸਿਧਾਂਤਾ - ਗੁਰੂ ਦੀ ਮਹਿਮਾ, ਅਨੇਕਤਾ ਤੋਂ ਏਕਤਾ ਵੱਲ ਦੀ ਯਾਤਰਾ, ਨਾਮ-ਜਪ ਅਤੇ ਸਾਧ-ਸੰਗਤ ਉੱਤੇ ਬਲ ਦਿੱਤਾ ਗਿਆ ਹੈ।

**ਰੁਤੀ :-** ਗੁਰੂ ਅਰਜਨ ਦੇਵ ਜੀ ਨੇ ਰਾਮਕਲੀ ਰਾਗ ਵਿਚ ਇਸ ਰਚਨਾ ਵਿਚ ਮੁੱਖ ਰੁੱਤਾਂ ਦੇ ਆਧਾਰ ਤੇ ਆਪਣੇ ਅਧਿਆਤਮਕ ਵਿਚਾਰ ਪ੍ਰਗਟ ਕੀਤੇ ਹਨ। ਰੁੱਤੀ ਇਕ ਛੰਤ ਹੈ ਜਿਸਦੇ ਅੱਠ ਬੰਦ ਹਨ, ਹਰ ਬੰਦ ਵਿਚ ਛੇ ਤੁਕਾਂ ਜਾਂ ਲਾਇਨਾਂ ਹਨ, ਹਰ ਇਕ ਬੰਦ ਨਾਲ ਦੋ-ਦੋ ਸ਼ਲੋਕ ਅੰਕਿਤ ਕੀਤੇ ਗਏ ਹਨ ਅਥਵਾ ਇਸ ਵਿਚ 16 ਸਲੋਕ ਦਰਜ ਹਨ ਅਤੇ ਸਾਰੇ ਸਲੋਕ ਦੋ ਤੁਕੇ ਹਨ। ਇਸ ਰਚਨਾ ਦੇ ਮੰਗਲਾਚਰਣ ਵਿਚ ਗੁਰੂ ਅਰਜਨ ਦੇਵ ਜੀ ਨੇ ਸਾਨੂੰ ਇਹ ਸਮਝਾਉਣ ਦਾ ਯਤਨ ਕੀਤਾ ਹੈ ਕਿ ਹਰੀ ਜਾਂ ਪਰਮਾਤਮਾ ਦੇ ਗੁਣਾਂ ਨੂੰ ਕਿਸੇ ਖਾਸ ਰੁੱਤ ਵਿਚ ਗਾਉਣ ਦੀ ਥਾਂ ਹਰ ਸਮੇਂ ਗਾਉਂਦੇ ਰਹਿਣਾ ਚਾਹੀਦਾ ਹੈ। ਉਹ ਰੁੱਤ ਸੁਹਾਵਣੀ ਹੈ ਜਿਸ ਵਿਚ ਹਰੀ ਜਾਂ ਪਰਮਾਤਮਾ ਦੇ ਗੁਣ ਗਾਏ ਜਾਣ। ਜਿਵੇਂ :

ਜਸ ਗਾਵਹੁ ਵਡਭਾਗੀਹੋ ਕਰਿ ਕਿਰਪਾ ਭਗਵੰਤ ਜੀਉ।

ਰੁਤੀ ਮਾਹ ਮੂਰਤ ਘੜੀ ਗੁਣ ਉਚਰਤ ਸੋਭਾਵੰਤ ਜੀਉ। (927)

ਰੁੱਤਾਂ ਦਾ ਆਰੰਭ ਕ੍ਰਮਵਾਰ ਬਸੰਤ (ਚੇਤ-ਵਿਸਾਖ), ਗ੍ਰੀਸ਼ਮ (ਜੇਠ-ਹਾੜ), ਬਰਖਾ (ਸਾਵਣ-ਭਾਦਰੋਂ), ਸਰਦ (ਅਸੂ-ਕੱਤਕ), ਸਿਸੀਅਰ (ਮੱਘਰ-ਪੋਹ), ਹਿਮਕਰ (ਮਾਘ-ਫੱਗਣ) ਦੇ ਅਨੁਸਾਰ ਹੈ। ਇਹ ਰਚਨਾ ਭਾਰਤੀ ਮਹਾਕਾਵਿ ਪਰੰਪਰਾ ਦੇ ਖਟ-ਰਿਤੂ ਵਰਨਣ ਦੇ ਅਨੁਸਾਰ ਲਿਖੀ ਗਈ ਹੈ। ਖਟ-ਰਿਤੂ ਵਰਨਣ ਵਿਚ ਨਾਇਕਾ ਦੀ ਮਨੋਦਸ਼ਾ ਨੂੰ ਛੇ ਰੁੱਤਾਂ ਦੇ ਸੰਦਰਭ ਵਿਚ ਚਿਤਰਿਆ ਜਾਂਦਾ ਹੈ ਜਿਸ ਵਿਚ ਆਮ ਤੌਰ ਤੇ ਵਿਯੋਗ ਤੋਂ ਸੰਯੋਗ ਸੁੱਖ ਵਲ ਵਿਕਾਸ ਹੁੰਦਾ ਹੈ। ਹਿਮਕਰ ਰੁੱਤ ਦੇ ਪ੍ਰਸੰਗ ਵਿਚ ਮਹਾ ਮਿਲਣ ਦੇ ਚਿਤ੍ਰਣ ਵਿਚ ਧਰਮ-ਸਾਧਨਾ ਤੋਂ ਹੋਣ ਵਾਲੀ ਅਧਿਆਤਮਿਕ ਉਪਲੱਬਧੀ ਨੂੰ ਬੜੇ ਸਜੀਵ ਢੰਗ ਨਾਲ ਪ੍ਰਸਤੁਤ ਕੀਤਾ ਗਿਆ ਹੈ। ਜਿਵੇਂ :

ਸੁਖੀ ਸਹੇਲੀ ਗਾਉ ਮੰਗਲੋ ਗ੍ਰਿਹਿ ਆਏ ਹਰਿ ਕੰਤ ਜੀਉ।

ਗ੍ਰਿਹਿ ਲਾਲ ਆਏ ਮਨਿ ਧਿਆਏ ਸੇਜ ਸੁੰਦਰਿ ਸੋਹੀਆ।

ਵਣੁ ਤ੍ਰਿਣੁ ਤ੍ਰਿਭਵਣ ਭਏ ਹਰਿਆ ਦੇਖਿ ਦਰਸਨ ਮੋਹੀਆ।

ਮਿਲੇ ਸੁਆਮੀ ਇਛ ਪੁੰਨੀ ਮਨਿ ਜਪਿਆ ਨਿਰਮਲ ਸੰਤ ਜੀਉ। (929)

**ਥਿਤੀ :-** ਗਉੜੀ ਰਾਗ ਵਿਚ ਸੰਕਲਿਤ ਇਸ ਰਚਨਾ ਵਿਚ ਸਲੋਕ-ਪਉੜੀ ਕ੍ਰਮ ਅਨੁਸਾਰ ਥਿਤਾਂ ਨੂੰ ਉਨ੍ਹਾਂ ਦੇ ਅਧਿਆਤਮਿਕ ਸੰਦਰਭ ਵਿਚ ਚਿਤਰਿਆ ਗਿਆ ਹੈ। ਇਸ ਬਾਣੀ ਦੀਆਂ 17 ਪਉੜੀਆਂ ਹਨ ਅਤੇ ਹਰ ਪਉੜੀ ਦੇ ਆਰੰਭ ਵਿਚ ਇਕ ਸਲੋਕ ਹੈ। ਇਸ ਬਾਣੀ ਦੀਆਂ ਵੱਖ-ਵੱਖ ਪਉੜੀਆਂ ਵਿਚ ਪ੍ਰਭੂ ਦੇ ਸਿਮਰਨ ਨੂੰ ਹੋਰ ਸਭ ਕਰਮ-ਕਾਂਡਾਂ ਤੋਂ ਸ੍ਰੇਸ਼ਟ ਅਤੇ ਅਰਥਪੂਰਨ ਦੱਸਿਆ ਗਿਆ ਹੈ। ਗੁਰੂ ਜੀ ਨੇ ਸਪੱਸ਼ਟ ਕੀਤਾ ਹੈ ਕਿ ਭਰਮ-ਭੁਲੇਖਿਆਂ, ਦੁਰਮਤਿ, ਮਾਇਆ, ਵਿਕਾਰਾਂ, ਮੰਤਰਾਂ-ਤੰਤਰਾਂ, ਨਿੰਦਾ-ਚੁਗ਼ਲੀ, ਤ੍ਰਿਸ਼ਨਾ ਅਤੇ ਕਰਮ-ਕਾਂਡਾਂ ਤੋਂ ਮੁਕਤ ਹੋਏ ਬਗੈਰ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ। ਕੇਵਲ ਉਹ ਪਰਮਾਤਮਾ ਹੀ ਸਮੁੱਚੇ ਬ੍ਰਹਿਮੰਡ ਵਿਚ ਸਮਾਇਆ ਹੋਇਆ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਕੇਵਲ ਉਸੇ ਵਿਅਕਤੀ ਨੂੰ ਸ੍ਰੇਸ਼ਠ, ਉੱਚੀ ਕੁਲ ਵਾਲਾ, ਪਵਿੱਤਰ ਜਾਂ ਗਿਆਨੀ ਕਿਹਾ ਜਾ ਸਕਦਾ ਹੈ, ਜੋ ਪਰਮਾਤਮਾ ਜਾਂ ਪ੍ਰਭੂ ਦੀ ਬੰਦਗੀ ਜਾਂ ਨਾਮ-ਸਿਮਰਨ ਕਰਦਾ ਹੈ। ਜਿਵੇਂ :

ਸੋ ਸੁਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ॥

ਸੋ ਸੂਰਾ ਕੁਲਵੰਤੁ ਸੋਇ ਜਿਨਿ ਭਜਿਆ ਭਗਵੰਤ॥

ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ਉਧਰੈ ਸਿਮਰਿ ਚੰਡਾਲ॥

ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲ॥ (300)

## ਲਘੂ-ਆਕਾਰੀ ਰਚਨਾਵਾਂ

**ਪਹਰੇ** :- ਪਹਰੇ ਲਿਖਣ ਦੀ ਪਰੰਪਰਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਨੇ ਕੀਤਾ ਸੀ। ਗੁਰੂ ਅਰਜਨ ਦੇਵ ਜੀ ਨੇ ਸਿਰੀ ਰਾਗ ਵਿਚ ਇਸ ਬਾਣੀ ਦੀ ਰਚਨਾ ਕੀਤੀ ਸੀ। ਇਸ ਵਿਚ ਕੁਲ ਪੰਜ ਬੰਦ ਹਨ ਅਤੇ ਹਰ ਇਕ ਬੰਦ ਵਿਚ ਛੇ-ਛੇ ਤੁਕਾਂ ਜਾਂ ਲਾਇਨਾਂ ਹਨ। ਇਸ ਬਾਣੀ ਵਿਚ ਮਨੁੱਖ ਨੂੰ ਵਣਜਾਰਾ ਕਹਿ ਕੇ ਸੰਬੋਧਨ ਕੀਤਾ ਗਿਆ ਹੈ , ਜੋ ਰਾਤ ਕਿਧਰੇ ਪਰਦੇਸ ਵਿਚ ਕੱਟਦਾ ਹੈ ਅਤੇ ਰਾਤ ਦਾ ਇਕ-ਇਕ ਪਹਿਰ ਅੱਖਾਂ ਵਿਚ ਕੱਢ ਦਿੰਦਾ ਹੈ। ਗੁਰੂ ਜੀ ਨੇ ਮਨੁੱਖਾ ਜੀਵਨ ਨੂੰ ਰਾਤ ਕਿਹਾ ਹੈ ਅਤੇ ਜੀਵਨ ਦੀਆਂ ਚਾਰ ਅਵਸਥਾਵਾਂ ਨੂੰ ਚਾਰ ਪਹਰੇ ਕਿਹਾ ਹੈ। ਪਹਿਲੇ ਪਹਰ ਵਿਚ ਜਨਮ ਧਾਰਨ ਕਰਨ ਅਤੇ ਬਾਲਪਣ ਦਾ ਵਰਣਨ ਹੈ, ਦੂਜੇ ਪਹਰ ਵਿਚ ਜੁਆਨੀ ਦਾ ਚਿਤਰਣ ਹੈ ਜਿਸ ਵਿਚ ਮਨੁਖ ਹੰਕਾਰ ਵਿਚ ਮਸਤ ਚੰਗੇ-ਮਾੜੇ ਦੀ ਪਹਿਚਾਣ ਨਹੀਂ ਕਰ ਸਕਦਾ, ਤੀਜੇ ਪਹਰ ਵਿਚ ਮਨੁਖ ਸੰਸਾਰਿਕ ਮੋਹ ਮਾਇਆ ਵਿਚ ਮਸਤ ਹੋ ਕੇ ਉਸ ਪਰਮਾਤਮਾ ਨੂੰ ਵਿਸਾਰ ਬੈਠਦਾ ਹੈ, ਚੌਥੇ ਪਹਰ ਵਿਚ ਅੰਤਿਮ ਸਮਾਂ ਨੇੜੇ ਆ ਜਾਂਦਾ ਹੈ ਉਦੋਂ ਅਗਲਾ ਜਨਮ ਸੁਧਾਰਨ ਲਈ ਉਸ ਲਈ ਪਰਮਾਤਮਾ ਦਾ ਨਾਮ-ਸਿਮਰਨ ਕਰਨਾ ਬਹੁਤ ਜਰੂਰੀ ਹੈ। ਇਸ ਰਚਨਾ ਵਿਚ ਗੁਰੂ ਜੀ ਨੇ ਜਿਗਿਆਸੂ ਨੂੰ ਬੜੀ ਸਰਲਤਾ ਨਾਲ ਮਨੁੱਖਾ ਜੀਵਨ ਦੀ ਵਾਸਤਵਿਕਤਾ ਦਾ ਬੋਧ ਜਾਂ ਗਿਆਨ ਕਰਵਾਇਆ ਹੈ।

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਰਿ ਪਾਇਤਾ ਉਦਰੈ ਮਾਹਿ॥

ਦਸੀ ਮਾਸੀ ਮਾਨਸੁ ਕੀਆ ਵਣਜਾਰਿਆ ਮਿਤ੍ਰਾ ਕਰਿ ਮੁਹਲਤਿ ਕਰਮ ਕਮਾਹਿ॥ (77)

**ਦਿਨ-ਰੈਣਿ :-** ਇਸ ਬਾਣੀ ਦੀ ਰਚਨਾ ਗੁਰੂ ਅਰਜਨ ਦੇਵ ਜੀ ਨੇ ਮਾਝ ਰਾਗ ਵਿਚ ਕੀਤੀ ਸੀ। ਇਸ ਬਾਣੀ ਵਿਚ ਕੁੱਲ ਚਾਰ ਬੰਦ ਹਨ ਅਤੇ ਹਰ ਬੰਦ ਵਿਚ ਕ੍ਰਮਵਾਰ 9, 10, 8, 9 ਤੁਕਾਂ ਜਾਂ ਲਾਇਨਾਂ ਹਨ। ਇਸ ਬਾਣੀ ਦਾ ਸਿਰਲੇਖ 'ਦਿਨ-ਰੈਣਿ' ਇਸ ਲਈ ਰੱਖਿਆ ਗਿਆ ਹੈ ਕਿਉਂਕਿ ਇਸ ਵਿਚ ਮਨੁੱਖ ਨੂੰ ਉਹ ਸਾਰੇ ਸ਼ੁਭ ਕਰਮ ਜਾਂ ਕੰਮ ਦੱਸੇ ਗਏ ਹਨ, ਜੋ ਉਸ ਨੂੰ ਆਪਣੇ ਜੀਵਨ ਵਿਚ ਦਿਨ-ਰਾਤ ਕਰਨੇ ਚਾਹੀਦੇ ਹਨ।

ਇਸ ਬਾਣੀ ਵਿਚ ਗੁਰੂ ਜੀ ਨੇ ਮਨੁੱਖਾ ਜੀਵਨ ਨੂੰ ਸਫਲ ਬਣਾਉਣ ਲਈ ਕੀ ਕਰਨਾ ਚਾਹੀਦਾ ਹੈ?, ਉਸ ਉੱਤੇ ਪ੍ਰਕਾਸ਼ ਪਾਇਆ ਹੈ। ਜਿਵੇ :

ਦਿਨ ਰੈਣਿ ਜਿ ਪ੍ਰਭ ਕੰਉ ਸੇਵਦੇ ਤਿਨ ਕੈ ਸਦ ਬਲਿਹਾਰ॥ (136)

**ਬਿਰਹੜੇ :-** ਇਸ ਬਾਣੀ ਦੀ ਰਚਨਾ ਗੁਰੂ ਅਰਜਨ ਦੇਵ ਜੀ ਨੇ ਆਸਾ ਰਾਗ ਵਿਚ ਕੀਤੀ ਸੀ। ਇਸ ਬਾਣੀ ਵਿਚ ਤਿੰਨ ਅਸ਼ਟਪਦੀਆਂ, ਹਰ ਅਸ਼ਟਪਦੀ ਵਿਚ ਅੱਗੋਂ ਅੱਠ-ਅੱਠ ਬੰਦ ਅਤੇ ਹਰ ਬੰਦ ਇਕ-ਇਕ ਪੰਕਤੀ ਦਾ ਹੈ। 'ਬਿਰਹੜਾ' ਉਸ ਲੋਕ ਗੀਤ ਨੂੰ ਕਿਹਾ ਜਾਂਦਾ ਹੈ, ਜਿਸ ਵਿਚ ਬਿਰਹੋਂ ਜਾਂ ਵਿਛੋੜੇ ਦੀ ਗੱਲ ਕਹੀ ਗਈ ਹੋਵੇ। ਇਸ ਬਾਣੀ ਵਿਚ ਵਿਛੋੜੇ ਦੀ ਪੀੜ ਅਤੇ ਮਿਲਨ ਦੀ ਖਿੱਚ ਨੂੰ ਬੜੀ ਭਾਵਨਾਮਈ ਸ਼ੈਲੀ ਵਿਚ ਪ੍ਰਸਤੁਤ ਕੀਤਾ ਗਿਆ ਹੈ। ਇਸ ਬਾਣੀ ਦੀ ਹਰ ਇਕ ਤੁਕ ਵਿਚ 'ਪਿਆਰੇ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਜਿਵੇਂ :

ਸਭ ਬਿਧਿ ਤੁਮ ਹੀ ਜਾਨਤੇ ਪਿਆਰੇ ਕਿਸੁ ਪਹਿ ਕਹਉ ਸੁਨਾਇ॥ (432)

**ਗੁਣਵੰਤੀ :-** ਇਸ ਬਾਣੀ ਦੀ ਰਚਨਾ ਗੁਰੂ ਅਰਜਨ ਦੇਵ ਜੀ ਨੇ ਸੂਹੀ ਰਾਗ ਵਿਚ ਕੀਤੀ ਸੀ। ਇਹ ਬਾਣੀ ਕੁੱਲ ਤੇਰ੍ਹਾਂ (13) ਤੁਕਾਂ ਦੀ ਰਚਨਾ ਹੈ। ਸੂਹੀ ਰਾਗ ਵਿਚ ਗੁਰੂ ਨਾਨਕ ਦੀਆਂ ਦੋ ਸੰਖਿਪਤ ਜਾਂ ਛੋਟੀਆਂ ਰਚਨਾਵਾਂ (ਸੁਚਜੀ ਅਤੇ ਕੁਚਜੀ) ਗੁਰਮੁਖ ਅਤੇ ਮਨਮੁਖ ਦੇ ਨਾਲ ਸੰਬੰਧਿਤ ਹਨ। ਇਸ ਬਾਣੀ ਦੀਆਂ ਪਹਿਲੀਆਂ ਪੰਜ ਤੁਕਾਂ ਵਿਚ ਜਿਗਿਆਸਾ ਦੇ ਭਾਵ ਪ੍ਰਗਟਾਏ ਗਏ ਹਨ ਅਤੇ ਅਗਲੀਆਂ ਛੇ ਤੁਕਾਂ ਵਿਚ ਜਿਗਿਆਸਾ ਦਾ ਸਮਾਧਾਨ ਦੱਸਿਆ ਗਿਆ ਹੈ। ਨਿਮਰਤਾ ਦੀ ਸੂਚਕ ਪਹਿਲੀ ਤੁਕ ਅੰਤ ਤੇ ਦੋਹਰਾਈ ਗਈ ਹੈ। ਜਿਵੇਂ :

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥ (763)

**ਅੰਜੁਲੀਆਂ :-** ਇਸ ਬਾਣੀ ਦੀ ਰਚਨਾ ਗੁਰੂ ਅਰਜਨ ਦੇਵ ਜੀ ਨੇ ਕੀਤੀ ਸੀ। ਅੰਜੁਲੀਆਂ ਚਾਰ ਹਨ, ਦੋ ਮਾਰੂ ਰਾਗ ਦੇ ਪਦਿਆਂ ਵਿਚ ਅਤੇ ਦੋ ਅਸ਼ਟਪਦੀਆਂ ਦੇ ਪ੍ਰਸੰਗ ਵਿਚ। 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ'

ਵਿਚ ਜੁੜੇ ਹੋਏ ਹੱਥਾਂ ਨੂੰ ਅੰਜੁਲੀ ਕਹਿ ਕੇ ਇਸ ਨੂੰ ਭਾਣਾ ਮੰਨਣ ਲਈ ਹੱਥ ਜੋੜਨ ਲਈ ਕਿਹਾ ਗਿਆ ਹੈ। ਇਸ ਬਾਣੀ ਦੀਆਂ ਪਹਿਲੀਆਂ ਦੋ ਅੰਜੁਲੀਆਂ ਜਾਂ ਸ਼ਬਦਾਂ ਵਿਚ ਮਨੁੱਖ ਨੂੰ ਆਪਣੇ ਆਪ ਨੂੰ ਹਰੀ ਜਾਂ ਪਰਮਾਤਮਾ ਅੱਗੇ ਅਰਪਿਤ ਕਰਨ ਦੀ ਪ੍ਰੇਰਨਾ ਮਿਲਦੀ ਹੈ, ਕਿਉਂਕਿ ਪਰਮਾਤਮਾ ਇਸ ਸੰਸਾਰ ਦੀ ਸਿਰਜਨਾ ਕਰਦਾ ਹੈ, ਪਰ ਜੀਵ ਉਸ ਪਰਮਾਤਮਾ ਨੂੰ ਭੁੱਲ ਜਾਂਦਾ ਹੈ, ਉਧਰ ਪਰਮਾਤਮਾ ਸਦਾ ਉਸ ਦੀ ਦੇਖ ਭਾਲ ਕਰਦਾ ਹੈ। ਇਸ ਬਾਣੀ ਵਿਚ ਅਸ਼ਟਪਦੀਆਂ ਦੇ ਪ੍ਰਸੰਗ ਦੀਆਂ ਅੰਜੁਲੀਆਂ ਵਿਚ ਮਾਇਆ ਦੀ ਵਿਵਸਥਾ ਦਾ ਵਰਣਨ ਕੀਤਾ ਗਿਆ ਹੈ। ਇਸ ਬਾਣੀ ਰਾਹੀਂ ਗੁਰੂ ਜੀ ਹਰ ਇਕ ਮਨੁੱਖ ਨੂੰ ਇਹ ਸਮਝਾਉਦੇ ਹਨ ਕਿ ਮੋਹ ਮਾਇਆ ਨੂੰ ਤਿਆਗ ਕੇ ਉਸ ਪਰਮਾਤਮਾ ਦੀ ਭਗਤੀ ਵਿਚ ਲੱਗਣਾ ਚਾਹੀਦਾ ਹੈ, ਕਿਉਂਕਿ ਇਹ ਸੰਸਾਰ ਤਾਂ ਚਲਾਇਮਾਨ ਜਾਂ ਨਸ਼ਟਮਾਨ ਹੈ। ਜਿਵੇ :-

ਬਿਰਖੈ ਹੇਠਿ ਸਭ ਜੰਤ ਇਕਠੇ॥

ਇਕਿ ਤਤੇ ਇਕਿ ਬੋਲਨਿ ਮਿਠੇ॥

ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ॥ (1019)

**ਵਾਰਾਂ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ 22 ਵਾਰਾਂ ਵਿਚੋਂ 6 ਵਾਰਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਹੁਤ ਵਡਮੁੱਲੀ ਦੇਣ ਹੈ। ਇਹ ਵਾਰਾਂ ਰਾਗ ਗਉੜੀ, ਰਾਗ ਗੂਜਰੀ, ਰਾਗ ਜੈਤਸਰੀ, ਰਾਗ ਰਾਮਕਲੀ, ਰਾਗ ਮਾਰੂ ਅਤੇ ਰਾਗ ਬਸੰਤ ਵਿਚ ਰਚੀਆਂ ਗਈਆਂ ਹਨ। ਵਾਰ ਪੰਜਾਬੀ ਭਾਸ਼ਾ ਦਾ ਉਹ ਮੌਲਿਕ ਕਾਵਿ-ਰੂਪ ਹੈ, ਜਿਸ ਵਿਚ ਕਿਸੇ ਯੁੱਧ ਦੇ ਨਾਇਕ ਦਾ ਜਸ ਗਾਇਨ ਕੀਤਾ ਗਿਆ ਹੋਵੇ। ਵਾਰ ਵਿਚ ਮੁੱਖ ਤੌਰ ਤੇ ਵੀਰ ਰਸ ਪ੍ਰਧਾਨ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦੀਆਂ ਵਾਰਾਂ ਵਿਚ ਵੀ ਵੀਰ ਰਸ ਪ੍ਰਧਾਨ ਹੈ। ਜਿਵੇਂ :-

ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥

ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥

ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ॥

ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ॥ (1096)

ਗੁਰੂ ਅਰਜਨ ਦੇਵ ਜੀ ਨੇ ਰਾਗ ਗਉੜੀ, ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਅਤੇ ਬਸੰਤ ਵਿਚ ਛੇ ਵਾਰਾਂ ਰਚੀਆਂ ਗਈਆਂ ਹਨ, ਜਿਨ੍ਹਾਂ ਬਾਰੇ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ :-

**ਗਉੜੀ ਕੀ ਵਾਰ :-** ਇਸ ਵਾਰ ਵਿਚ ਕੁੱਲ 21 ਪਉੜੀਆਂ ਹਨ, ਹਰ ਇਕ ਪਉੜੀ ਵਿਚ ਪੰਜ-ਪੰਜ ਤੁਕਾਂ ਜਾਂ ਲਾਇਨਾਂ ਹਨ, ਹਰ ਇਕ ਪਉੜੀ ਨਾਲ ਦੋ-ਦੋ ਸਲੋਕ ਦਰਜ ਹਨ। ਇਸ ਵਾਰ ਵਿਚਲੇ ਸਲੋਕ ਅਤੇ ਪਉੜੀਆਂ ਦੇ ਵਿਸ਼ੇ ਹਨ - ਨਾਮ-ਸਿਮਰਨ, ਪਰਮਾਤਮਾ ਤੇ ਅਟੱਲ ਭਰੋਸਾ, ਪਰਮਾਤਮਾ ਦੀ ਸਰਬ ਵਿਆਪਕਤਾ ਅਤੇ ਸਰਬ ਸ਼ਕਤੀਮਾਨਤਾ ਅਤੇ ਮਾਇਆ ਦੇ ਮਾੜੇ ਪਭਾਵਾਂ ਉੱਤੇ ਚਾਨਣਾ। ਇਸ ਵਾਰ ਦੇ ਆਰੰਭ ਵਿਚ ਨਿਰਦੇਸ਼ ਵਜੋਂ ਲਿਖਿਆ ਹੈ - "ਰਾਇ ਕਮਾਲਦੀ ਮੋਜਦੀ ਕੀ ਵਾਰ ਕੀ ਧੁਨਿ ਗਾਵਣੀ।" 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਅਨੁਸਾਰ - "ਬਾਰ ਦੇਸ਼ ਦਾ ਸਰਦਾਰ ਕਮਾਲੁੱਦੀਨ ਸੀ, ਉਸ ਨੇ ਆਪਣੇ ਭਰਾ ਸਾਰੰਗ ਨੂੰ ਜ਼ਹਿਰ ਦੇ ਦਿੱਤਾ ਸੀ। ਸਾਰੰਗ ਦੀ ਮੌਤ ਦੇ ਬਾਅਦ ਉਸ ਦੀ ਪਤਨੀ ਆਪਣੇ ਨਾਬਾਲਗ ਪੁੱਤਰ ਮੁਅੱਜ਼ੁਦੀਨ ਨੂੰ ਨਾਲ ਲੈ ਕੇ ਪੇਕੇ ਚਲੀ ਗਈ। ਜਦੋਂ ਮੁਅੱਜ਼ੁਦੀਨ ਵੱਡਾ ਹੋਇਆ ਤਾਂ ਉਸ ਨੇ ਆਪਣੀ ਫੌਜ ਲਿਆ ਕੇ ਕਮਾਲੁੱਦੀਨ ਨਾਲ ਲੜਿਆ ਅਤੇ ਉਸ ਨੂੰ ਮਾਰ ਦਿੱਤਾ। ਢਾਢੀਆਂ ਨੇ ਇਸ ਵਾਰਤਾ ਨੂੰ ਵਾਰ ਵਿਚ ਗਾਵਿਆ ਹੈ, ਉਸੇ ਧੁਨੀ ਉੱਤੇ ਇਸ ਵਾਰ ਨੂੰ ਗਾਉਣ ਦਾ ਨਿਰਦੇਸ਼ ਹੈ। ਦੇਖੋ:

ਏਕੁ ਜਿ ਸਾਜਨੁ ਮੈ ਕੀਆ ਸਰਬ ਕਲਾ ਸਮਰਥੁ॥

ਜੀਉ ਹਮਾਰਾ ਖੰਨੀਐ ਹਰਿ ਮਨ ਤਨ ਸੰਦੜੀ ਵਥੁ॥ (322)

**ਗੂਜਰੀ ਕੀ ਵਾਰ:-** ਇਸ ਵਾਰ ਵਿਚ ਕੁੱਲ 21 ਪਉੜੀਆਂ ਹਨ, ਹਰ ਪਉੜੀ ਦੇ ਦੋ-ਦੋ ਸਲੋਕ ਵੀ ਹਨ, ਇਸ ਤਰ੍ਹਾਂ ਸਲੋਕਾਂ ਦੀ ਗਿਣਤੀ 42 ਹੈ। ਪਉੜੀਆਂ ਅਤੇ ਸਲੋਕਾਂ ਦੇ ਵਿਸ਼ੇ ਇਕ-ਸਮਾਨ ਨਹੀਂ ਹਨ, ਕਿਉਂਕਿ ਪਉੜੀਆਂ ਪਰਮਾਤਮਾ ਅਤੇ ਗੁਰੂ ਦੀ ਮਹਿਮਾ ਅਤੇ ਜਸ ਗਾਉਂਦੀਆਂ ਹਨ, ਜਦ ਕਿ ਸਲੋਕਾਂ ਵਿਚ ਨਾਮ-ਸਿਮਰਨ, ਸਤਿਸੰਗ, ਗੁਰੂ-ਕ੍ਰਿਪਾ ਅਤੇ ਸ਼ੁਭ ਕਰਮ ਕਰਨ ਲਈ ਪ੍ਰੇਰਨਾ ਦਿੱਤੀ ਹੈ। ਇਸ ਵਾਰ ਵਿਚ ਪਉੜੀਆਂ ਦੀ ਭਾਸ਼ਾ ਪੰਜਾਬੀ ਪ੍ਰਭਾਵਿਤ ਬ੍ਰਜ ਹੈ, ਪਰ ਸਲੋਕਾਂ ਦੀ ਭਾਸ਼ਾ ਪੰਜਾਬੀ ਪ੍ਰਭਾਵਿਤ ਬ੍ਰਜ, ਸ਼ੁੱਧ ਪੰਜਾਬੀ ਅਤੇ ਲਹਿੰਦੀ ਤਿੰਨ ਰੂਪ ਹਨ। ਦੇਖੋ:

ਜੀਅ ਕੀ ਬਿਰਥਾ ਹੋਇ ਸੁ ਗੁਰ ਪਹਿ ਅਰਦਾਸਿ ਕਰਿ॥

ਛੋਡਿ ਸਿਆਣਪ ਸਗਲ ਮਨੁ ਤਨੁ ਅਰਪਿ ਧਰਿ॥ (519)

**ਰਾਮਕਲੀ ਕੀ ਵਾਰ:-** ਇਸ ਵਾਰ ਵਿਚ ਕੁੱਲ 22 ਪਉੜੀਆਂ ਹਨ, ਹਰ ਇਕ ਪਉੜੀ ਵਿਚ ਅੱਠ-ਅੱਠ ਤੁਕਾਂ ਜਾਂ ਲਾਇਨਾਂ ਹਨ, ਹਰ ਪਉੜੀ ਨਾਲ ਦੋ-ਦੋ ਸਲੋਕ ਹਨ। ਡਾ. ਮਹਿੰਦਰ ਕੌਰ ਗਿੱਲ ਅਨੁਸਾਰ ਇਸ ਵਾਰ ਵਿਚ ਵਿਸ਼ੇ ਦਾ ਵਿਸ਼ਲੇਸ਼ਣ ਦੋ-ਪੱਖੀ ਹੈ ਅਤੇ ਦੋਹਾਂ ਪੱਖਾਂ ਦਾ ਚਿਤਰਣ ਕਰਕੇ ਜਿੱਤ ਅਧਿਆਤਮਕ ਪੱਖ ਦੀ ਵਿਖਾਈ ਗਈ ਹੈ। ਇਸ ਵਾਰ ਦੇ ਅਨੁਸਾਰ ਸਰਬ ਸ੍ਰੇਸਠ ਸਾਧਨਾ ਉਸ ਪਰਮਾਤਮਾ ਦੀ ਭਗਤੀ ਹੈ ਅਤੇ ਮੋਹ-ਮਾਇਆ ਪਿੱਛੇ ਮਨ ਨੂੰ ਡੁਲਾਉਣ ਦੀ ਥਾਂ ਉਸ ਪਰਮਾਤਮਾ ਦੀ ਭਗਤੀ ਵਿਚ ਲੀਨ ਹੋਣਾ ਲਾਭਕਾਰੀ ਹੈ। ਦੇਖੋ:

ਜੈਸਾ ਸਤਿਗੁਰ ਸੁਣੀਦਾ ਤੈਸੋ ਹੀ ਮੈ ਡੀਠੁ॥

ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥ (957)

**ਜੈਤਸਰੀ ਕੀ ਵਾਰ:-** ਇਸ ਵਾਰ ਵਿਚ ਕੁੱਲ 20 ਪਉੜੀਆਂ ਹਨ, ਹਰ ਇਕ ਪਉੜੀ ਵਿਚ ਪੰਜ-ਪੰਜ ਤੁਕਾਂ ਜਾਂ ਲਾਇਨਾਂ ਹਨ, ਹਰ ਪਉੜੀ ਵਿਚ ਦੋ-ਦੋ ਸਲੋਕ ਹਨ। ਇਸ ਵਾਰ ਦਾ ਪਾਠ ਘਰ ਵਿਚ ਮੌਤ ਹੋ ਜਾਣ ਉਪਰੰਤ ਕੀਤਾ ਜਾਂਦਾ ਹੈ, ਕਿਉਂਕਿ ਇਸ ਵਾਰ ਵਿਚ ਮਨ ਨੂੰ ਇਹ ਸਿੱਖਿਆ ਦਿੱਤੀ ਗਈ ਹੈ ਕਿ ਸੁਪਨ

ਮਨੋਰਥ ਚੀਜ਼ਾਂ ਵਿਚ ਦਿਲ ਲਾਉਣ ਦੀ ਥਾਂ ਉਸ ਪਰਮਾਤਮਾ ਦਾ ਨਾਮ-ਸਿਮਰਨ ਕਰਨਾ ਚਾਹੀਦਾ ਹੈ, ਜਿਸ ਵਿਚ ਸਾਰੇ ਸੁਖ ਅਤੇ ਮੁਕਤੀ ਹੈ। ਦੇਖੋ:

ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥

ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘ ਨਾਸਨ ਜਗਦੀਸੁਰਹ॥ (705)

**ਮਾਰੂ ਵਾਰ:-** ਇਸ ਵਾਰ ਵਿਚ ਕੁੱਲ 23 ਪਉੜੀਆਂ ਹਨ, ਹਰ ਇਕ ਹਰ ਇਕ ਪਉੜੀ ਵਿਚ ਅੱਠ-ਅੱਠ ਤੁਕਾਂ ਜਾਂ ਲਾਇਨਾਂ ਹਨ, ਹਰ ਪਉੜੀ ਤੋਂ ਪਹਿਲਾਂ ਤਿੰਨ-ਤਿੰਨ ਸਲੋਕ ਹਨ। ਇਸ ਵਾਰ ਦੇ ਸਲੋਕਾਂ ਦੇ ਅਨੁਸਾਰ ਜੀਵ-ਆਤਮਾ ਪਰਮਾਤਮਾ ਤੋਂ ਵਿਛੜ ਕੇ ਦੁਖੀ ਹੈ, ਉਸ ਦੇ ਮਨ ਵਿਚ ਪਰਮਾਤਮਾ ਨੂੰ ਮਿਲਣ ਦੀ ਤੀਬਰ ਇੱਛਾ ਹੈ, ਪਰ ਮੋਹ-ਮਾਇਆ ਦੇ ਬੰਧਨਾਂ ਤੋਂ ਮੁਕਤ ਨਹੀਂ ਹੋ ਸਕਦੀ। ਮਾਇਆ ਤੋਂ ਮੁਕਤੀ ਪ੍ਰਾਪਤ ਕਰਨ ਲਈ ਗੁਰੂ ਦੀ ਸਿਖਿਆ, ਸਾਧ-ਸੰਗਤ, ਹਰਿ-ਭਗਤੀ, ਸ਼ੁਭ ਕਰਮ ਅਤੇ ਨਾਮ-ਸਿਮਰਨ ਵਰਗੇ ਉਪਾਅ ਦੱਸੇ ਗਏ ਹਨ। ਪਉੜੀਆਂ ਵਿਚ ਉਸ ਪਰਮਾਤਮਾ ਦੀ ਸਿਫ਼ਤ ਅਤੇ ਮਹਿਮਾ ਦਾ ਵਰਣਨ ਕੀਤਾ ਹੈ। ਦੇਖੋ:

ਜਾ ਮੂ ਪਸੀ ਹਠ ਮੈ ਪਿਰੀ ਮਹਿਜੈ ਨਾਲਿ॥

ਹਭੇ ਡੁਖ ਉਲਾਹਿਅਮੁ ਨਾਨਕ ਨਦਰਿ ਨਿਹਾਲਿ॥ (1095)

ਜਾ ਤੂ ਮੇਰੇ ਵਲਿ ਹੈ ਤਾ ਕਿਆ ਮੁਹਛੰਦਾ॥

ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥ (1096)

**ਬਸੰਤ ਕੀ ਵਾਰ:-** ਇਹ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਾਰੀਆਂ ਵਾਰਾਂ ਨਾਲੋਂ ਛੋਟੀ ਵਾਰ ਹੈ। ਇਸ ਵਾਰ ਵਿਚ ਪੰਜ-ਪੰਜ ਤੁਕਾਂ ਦੀਆਂ ਕੁੱਲ ਤਿੰਨ ਪਉੜੀਆਂ ਜਾਂ ਪਦੇ ਹਨ, ਪਰ ਨਾਲ ਕੋਈ ਵੀ ਸਲੋਕ ਦਰਜ ਨਹੀਂ ਹੈ। ਇਸ ਵਾਰ ਵਿਚ ਗੁਰੂ ਜੀ ਨੇ ਮਨੁੱਖ ਨੂੰ ਸੰਸਾਰਿਕ ਵਿਸ਼ੇ ਵਾਸਨਾਵਾਂ (ਕਾਮ, ਕਰੋਧ, ਲੋਭ,

ਮੋਹ, ਹੰਕਾਰ) ਤੋਂ ਹਟ ਕੇ ਉਸ ਪਰਮਾਤਮਾ ਦੇ ਨਾਮ-ਸਿਮਰਨ ਵੱਲ ਪ੍ਰੇਰਿਆ ਹੈ। ਇਸ ਵਾਰ ਵਿਚ ਬੀਰ ਰਸ ਦੀ ਝਲਕ ਵੀ ਦੇਖਣ ਨੂੰ ਮਿਲਦੀ ਹੈ। ਦੇਖੋ:

ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥

ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥ (1193)

## ਮੁਕਤਕ ਰਚਨਾਵਾਂ

**ਚਉਪਦੇ :-** 'ਚਉਪਦਾ' ਚਾਰ ਪਦਾਂ ਵਾਲਾ ਛੰਦ ਜਾਂ ਇਕ ਕਾਵਿ ਰੂਪ ਹੈ। ਇਹ ਇਕ ਪ੍ਰਤੀਗਾਤਮਕ ਬਾਣੀ ਹੈ, ਜਿਸ ਵਿਚ ਛੰਦਾਂ ਦੀ ਬੰਦਸ਼ ਨਾਲੋਂ ਰਾਗਾਂ ਦੇ ਅਨੁਸਾਸ਼ਨ ਨੂੰ ਸਵੀਕਾਰ ਕੀਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਨੇ ਕੁੱਲ 1349 ਪਦੇ ਰਚੇ ਹਨ, ਇਨ੍ਹਾਂ ਪਦਿਆਂ ਵਿਚ ਗੁਰੂ ਜੀ ਨੇ ਪਰਮਾਤਮਾ ਦੇ ਨਾਮ ਦੀ ਵਡਿਆਈ, ਗੁਰੂ ਦਾ ਮਹੱਤਵ, ਨਾਮ-ਸਿਮਰਨ ਦੀ ਮਹੱਤਤਾ, ਮੋਹ-ਮਾਇਆ ਦਾ ਤਿਆਗ, ਰੱਬ ਦਾ ਭਾਣਾ ਮੰਨਣਾ ਅਤੇ ਸ਼ੁਭ ਕੰਮ ਕਰਨ ਆਦਿ ਵਿਸ਼ਿਆਂ ਦਾ ਵਰਣਨ ਕੀਤਾ ਹੈ।

**ਅਸ਼ਟਪਦੀਆਂ :-** ਅਸ਼ਟਪਦੀ ਇਕ ਕਾਵਿ ਰੂਪ ਹੈ, ਜਿਸ ਨੂੰ ਅੱਠ ਪਦਿਆਂ ਦੀ ਰਚਨਾ ਵੀ ਕਿਹਾ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਕੁੱਲ 92 ਅਸ਼ਟਪਦੀਆਂ ਦੀ ਰਚਨਾ ਕੀਤੀ ਹੈ, ਜਿਨ੍ਹਾਂ ਵਿਚੋਂ 13 ਅਸ਼ਟਪਦੀਆਂ ਇਕ ਤੁਕੀਆਂ, 22 ਅਸ਼ਟਪਦੀਆਂ ਦੋ ਤੁਕੀਆਂ, 9 ਅਸ਼ਟਪਦੀਆਂ ਤਿੰਨ ਤੁਕੀਆਂ, 23 ਅਸ਼ਟਪਦੀਆਂ ਚਾਰ ਤੁਕੀਆਂ, 1 ਅਸ਼ਟਪਦੀਆਂ ਛੇ ਤੁਕੀ ਅਤੇ 24 ਅਸ਼ਟਪਦੀਆਂ ਦਸ ਤੁਕੀਆਂ ਹਨ। ਇਨ੍ਹਾਂ ਅਸ਼ਟਪਦੀਆਂ ਵਿਚ ਗੁਰੂ ਜੀ ਨੇ ਪਰਮਾਤਮਾ ਦੇ ਨਾਮ ਦੀ ਵਡਿਆਈ, ਗੁਰੂ ਦਾ ਮਹੱਤਵ, ਨਾਮ-ਸਿਮਰਨ ਦੀ ਮਹੱਤਤਾ, ਮੋਹ-ਮਾਇਆ ਦਾ ਤਿਆਗ, ਰੱਬ ਦਾ ਭਾਣਾ ਮੰਨਣਾ ਅਤੇ ਸ਼ੁਭ ਕੰਮ ਕਰਨ ਆਦਿ ਵਿਸ਼ਿਆਂ ਦਾ ਵਰਣਨ ਕੀਤਾ ਹੈ।

**ਛੰਤ :-** ਗੁਰੂ ਅਰਜਨ ਦੇਵ ਜੀ ਦੇ ਛੰਤ ਸਿਰਲੇਖ ਦੇ ਅਧੀਨ 62 ਪਦੇ ਹਨ, ਜਿਨ੍ਹਾਂ ਵਿਚ ਜੀਵ-ਆਤਮਾ ਰੂਪੀ ਨਾਇਕਾ ਨੂੰ ਬਿਰਹੋਂ ਦੀ ਅਨੁਭੂਤੀ, ਸੰਯੋਗ ਦੀ ਅਭਿਲਾਖਾ, ਪ੍ਰਿਯ ਦੀ ਪ੍ਰਤੀਖਿਆ ਅਤੇ ਕਦੇ-ਕਦੇ

ਪ੍ਰਾਪਤ ਹੋਣ ਵਾਲੇ ਸੰਯੋਗ ਸੁੱਖ ਦੀਆਂ ਭਾਵਨਾਵਾਂ ਆਦਿ ਦੀ ਅਭਿਵਿਅਕਤੀ ਕੀਤੀ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਛੰਤ ਨੂੰ ਪਦ-ਕਾਵਿ ਮੰਨਿਆ ਹੈ, ਪਰ ਛੰਤ ਅਸਲ ਵਿਚ 'ਛੰਦ' ਦਾ ਹੀ ਤਦਭਵ (ਸੰਸਕ੍ਰਿਤ ਭਾਸ਼ਾ ਤੋਂ ਪੰਜਾਬੀ ਭਾਸ਼ਾ ਵਿਚ ਪ੍ਰਵਰਤਿਤ ਹੋ ਕੇ ਆਏ ਸ਼ਬਦ) ਰੂਪ ਹੈ। ਜਿਸ ਤਰ੍ਹਾਂ ਲੋਕ ਜੀਵਨ ਵਿਚ ਵਿਆਹ ਦੇ ਮੌਕੇ ਲਾੜਾ ਆਪਣੀਆਂ ਸਾਲੀਆਂ ਨੂੰ ਛੰਦ ਸੁਣਾਂਦਾ ਹੈ, ਉਸੇ ਪਰੰਪਰਾ ਵਿਚ ਛੰਤ-ਵਿਧਾਨ ਦੇ ਅੰਤਰਗਤ ਮੰਗਲਮਈ ਪਦਾਂ ਨੂੰ ਰੱਖਿਆ ਜਾ ਸਕਦਾ ਹੈ।

**ਸੋਲਹੇ :-** ਗੁਰੂ ਅਰਜਨ ਦੇਵ ਜੀ ਦੇ ਮਾਰੂ ਰਾਗ ਵਿਚ ਸੋਲਹੇ ਸਿਰਲੇਖ ਦੇ ਅਧੀਨ 14 ਪਦੇ ਹਨ, ਜਿਨ੍ਹਾਂ ਵਿਚ ਪਰਮਾਤਮਾ ਦੀ ਉਸਤਤ, ਸ੍ਰਿਸ਼ਟੀ ਦੀ ਉਤਪਤੀ, ਪਰਮਾਤਮਾ ਦੀ ਸਰਬ-ਵਿਆਪਕਤਾ, ਆਤਮਾ-ਪਰਮਾਤਮਾ ਆਦਿ ਵਿਸ਼ਿਆਂ ਦਾ ਚਿਤਰਣ ਹੋਇਆ ਹੈ। ਜਿਵੇਂ ਚਾਰ ਬੰਦਾਂ ਨੂੰ 'ਚਉਪਦਾ', ਅੱਠ ਬੰਦਾਂ ਨੂੰ 'ਅਸ਼ਟਪਦੀ' ਕਿਹਾ ਜਾਂਦਾ ਹੈ, ਉਸੇ ਤਰ੍ਹਾਂ ਸੋਲ੍ਹਾਂ (16) ਬੰਦਾਂ ਨੂੰ 'ਸੋਲਹਾ' ਕਿਹਾ ਜਾਂਦਾ ਹੈ, ਪਰ ਇਹ ਜ਼ਰੂਰੀ ਨਹੀਂ ਕਿ ਸਾਰੇ ਸੋਲਹੇ 16 ਬੰਦਾਂ ਦੇ ਹੋਣ, ਇਨ੍ਹਾਂ ਵਿਚ ਵਾਧ ਘਾਟ ਹੋ ਸਕਦੀ ਹੈ।

**ਸਲੋਕ :-** ਗੁਰੂ ਅਰਜਨ ਦੇਵ ਜੀ ਦੇ ਸਲੋਕ ਸਿਰਲੇਖ ਦੇ ਅਧੀਨ 545 ਬੰਦ ਹਨ। ਸਲੋਕ ਕਾਵਿ ਪੰਕਤੀਆਂ ਦਾ ਉਹ ਸਮੂਹ ਹੈ ਜਿਸ ਵਿਚ ਕੋਈ ਇਕ ਵਿਚਾਰ ਜਾਂ ਭਾਵ ਆਦਿ ਤੋਂ ਅੰਤ ਤੱਕ ਚਲਦਾ ਹੋਵੇ ਅਤੇ ਉਸ ਦਾ ਸਮੁੱਚਾ ਅਤੇ ਬੱਝਵਾਂ ਪ੍ਰਭਾਵ ਪਵੇ। ਇਨ੍ਹਾ ਸਲੋਕਾਂ ਵਿਚ ਰੂਪ ਦੀ ਪ੍ਰਧਾਨਤਾ ਨਾਲੋਂ ਵਿਚਾਰ ਪੱਖ ਦੀ ਪ੍ਰਧਾਨਤਾ ਹੁੰਦੀ ਹੈ। ਇਨ੍ਹਾਂ ਸਲੋਕਾਂ ਦਾ ਵਿਸ਼ਾ ਖੇਤਰ ਬਹੁਤ ਵਿਸ਼ਾਲ ਹੈ, ਕਿਉਂਕਿ ਇਨ੍ਹਾਂ ਵਿਚ ਪਰਮਾਤਮਾ, ਸ੍ਰਿਸ਼ਟੀ, ਮੁਕਤੀ, ਧਰਮ ਸਾਧਨਾ, ਕਰਮ-ਕਾਂਡਾਂ ਅਤੇ ਬਾਹਰਲੇ ਦਿਖਾਵੇ ਦਾ ਖੰਡਨ ਆਦਿ ਦੇਖਿਆ ਜਾ ਸਕਦਾ ਹੈ।

## ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚਲੇ ਵਿਸ਼ੇ

**ਬ੍ਰਹਮ ਦਾ ਸੰਕਲਪ :-** ਗੁਰੂ ਅਰਜਨ ਦੇਵ ਦੀ ਬਾਣੀ ਦੀ ਵਿਚਾਰਧਾਰਾ ਬ੍ਰਹਮ ਦੀ ਹੋਂਦ 'ਤੇ ਕੇਂਦਰਿਤ ਹੈ, ਕਿਉਂਕਿ ਗੁਰੂ ਜੀ ਦੀ ਸਮੁੱਚੀ ਬਾਣੀ ਵਿਚ ਬ੍ਰਹਮ ਜਾਂ ਪਰਮਾਤਮਾ ਦੀ ਹੋਂਦ ਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ।

ਗੁਰੂ ਅਰਜਨ ਦੇਵ ਨੇ ਉਸ ਪਰਮਾਤਮਾ ਨੂੰ ਨਿਰਗੁਣ ਬ੍ਰਹਮ ਦੇ ਰੂਪ ਵਿਚ ਸਵੀਕਾਰ ਕੀਤਾ ਹੈ। ਸੁਖਮਨੀ ਸਾਹਿਬ ਵਿਚ ਗੁਰੂ ਜੀ ਨੇ ਕਿਹਾ ਹੈ ਕਿ ਇਸ ਸਾਰੀ ਸ੍ਰਿਸ਼ਟੀ ਦਾ ਸਿਰਜਨਹਾਰ ਉਹ ਪਰਮਾਤਮਾ ਹੈ, ਜੋ ਇਸ ਸੰਸਾਰ ਵਿਚ ਕਣ-ਕਣ ਵਿਚ ਪਸਰਿਆ ਹੋਇਆ ਹੈ। ਜਿਵੇ :

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥

ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥

ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ॥

ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰ॥ (276)

**ਜਗਤ ਦਾ ਸੰਕਲਪ :-** ਗੁਰੂ ਅਰਜਨ ਦੇਵ ਜੀ ਦੀ ਬਾਣੀ ਅਨੁਸਾਰ ਇਸ ਜਗਤ ਜਾਂ ਸੰਸਾਰ ਦਾ ਰਚਨਹਾਰਾ ਉਹ ਪਰਮਾਤਮਾ ਹੈ, ਜੋ ਇਸ ਜਗਤ ਦੇ ਕਣ-ਕਣ ਵਿਚ ਰਚਿਆ ਹੋਇਆ ਹੈ। ਗੁਰੂ ਅਰਜਨ ਦੇਵ ਜੀ ਇਸ ਜਗਤ ਨੂੰ ਨਾਸ਼ਮਾਨ ਮੰਨਦੇ ਹਨ, ਕਿਉਂਕਿ ਇਸ ਸੰਸਾਰ ਵਿਚ ਉਸ ਪਰਮਾਤਮਾ ਤੋਂ ਬਿਨ੍ਹਾਂ ਸਭ ਕੁਝ ਨਸ਼ਟ ਹੋਣ ਵਾਲੀ ਵਸਤੂ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਇਹ ਜਗਤ ਜਾਂ ਸੰਸਾਰ ਉਸ ਅਕਾਲ ਪੁਰਖ ਦੇ ਹੁਕਮ ਦੀ ਖੇਡ ਹੈ। ਜਿਵੇਂ :

ਆਪਨ ਖੇਲ ਆਪਿ ਵਰਤੀਜਾ॥

ਨਾਨਕ ਕਰਨੈਹਾਰੁ ਨ ਦੂਜਾ॥ (290)

**ਜੀਵ ਦਾ ਸੰਕਲਪ :-** ਗੁਰੂ ਅਰਜਨ ਦੇਵ ਜੀ ਅਨੁਸਾਰ ਮਨੁੱਖ ਉਸ ਪਰਮਾਤਮਾ ਦਾ ਹੀ ਅੰਸ਼ ਹੈ, ਕਿਉਂਕਿ ਪ੍ਰਭੂ ਦੀ ਕਿਰਪਾ ਦੁਆਰਾ ਹੀ ਮਨੁੱਖ ਦੇ ਹਿਰਦੇ ਅੰਦਰ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਅਤੇ ਜਨਮ-ਮਰਨ ਦਾ ਬੰਧਨ ਵੀ ਕੱਟਿਆ ਜਾਂਦਾ ਹੈ। ਗੁਰੂ ਜੀ ਦੇ ਅਨੁਸਾਰ ਆਤਮਾ ਸੰਸਾਰਿਕ ਬੰਧਨ ਵਿਚ ਪੈ ਕੇ ਜੀਵ-ਆਤਮਾ ਕਹਿਲਾਉਂਦੀ ਹੈ ਅਤੇ ਪਿਛਲੇ ਜਨਮ ਦੇ ਕਰਮਾਂ ਅਨੁਸਾਰ ਹੀ ਸੁੱਖ-ਦੁੱਖ ਭੋਗਦੀ ਹੈ ਅਤੇ ਜਨਮ-

ਮਰਨ ਦੇ ਗੇੜ ਵਿਚ ਫਸੀ ਰਹਿੰਦੀ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਨਾਮ-ਸਿਮਰਨ, ਸਤਿ-ਸੰਗਤ ਅਤੇ ਉਸ ਪਰਮਾਤਮਾ ਨੂੰ ਮਨ ਵਿਚ ਵਸਾਉਣ ਨਾਲ ਜੀਵ ਨੂੰ ਮੋਕਸ਼ ਦੀ ਪ੍ਰਾਪਤੀ ਹੋ ਸਕਦੀ ਹੈ। ਜਿਵੇਂ :

ਅੰਮ੍ਰਿਤ ਬਾਣੀ ਸਤਿਗੁਰੂ ਪੂਰੇ ਕੀ ਜਿਸ ਕ੍ਰਿਪਾਲ ਹੋਵੇ ਤਿਸੁ ਰਿਦੈ ਵਸੇਹਾ॥

ਆਵਣ ਜਾਣਾ ਤਿਸੁ ਕਾ ਕਟੀਐ ਸਦਾ ਸਦਾ ਸੁਖ ਹੋਹਾ॥ (960)

**ਗੁਰੂ ਦਾ ਸੰਕਲਪ :-** ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਅਨੁਸਾਰ ਗੁਰੂ ਜਾਂ ਸਤਿਗੁਰੂ ਉਸ ਪਰਮਾਤਮਾ ਦਾ ਅੰਸ਼ ਹੈ, ਜਿਸ ਤੋਂ ਬਿਨ੍ਹਾਂ ਮਨੁੱਖ ਦਾ ਆਤਮਕ ਵਿਕਾਸ ਸੰਭਵ ਨਹੀਂ, ਕਿਉਂਕਿ ਕੇਵਲ ਗੁਰੂ ਹੀ ਇਸ ਸੰਸਾਰ ਵਿਚ ਲੀਨ ਹੋਏ ਮਨੁੱਖ ਨੂੰ ਸੋਝੀ ਪ੍ਰਦਾਨ ਕਰਦਾ ਹੈ ਅਤੇ ਨਾਮ-ਸਿਮਰਨ ਦੀ ਪ੍ਰੇਰਨਾ ਦਿੰਦਾ ਹੈ। ਜਿਵੇਂ :

ਗੁਰੂ ਪਰਮੇਸੁਰੁ ਪੂਜੀਐ ਮਨਿ ਤਨਿ ਲਾਇ ਪਿਆਰੁ॥

ਸਤਿਗੁਰੁ ਦਾਤਾ ਜੀਅ ਕਾ ਸਭਸੈ ਦੇਇ ਆਧਾਰੁ॥

ਸਤਿਗੁਰੁ ਬਚਨ ਕਮਾਵਣੇ ਸਚਾ ਏਹੁ ਵੀਚਾਰੁ॥

ਬਿਨੁ ਸਾਧੂ ਸੰਗਤਿ ਰਤਿਆ ਮਾਇਆ ਮੋਹੁ ਸਭੁ ਛਾਰੁ

ਸਾਧੂ ਸੰਗਤਿ ਮਨਿ ਵਸੈ ਪੂਰਨ ਹੋਵੈ ਘਾਲੁ॥

ਮੇਰੇ ਸਾਜਨ ਹਰਿ ਹਰਿ ਨਾਮੁ ਸਮਾਲਿ॥ (52)

**ਨਾਮ-ਸਿਮਰਨ ਦਾ ਸੰਕਲਪ :-** ਗੁਰੂ ਅਰਜਨ ਦੇਵ ਜੀ ਦੀ ਸਮੁੱਚੀ ਬਾਣੀ ਵਿਚ ਪਰਮਾਤਮਾ ਦੇ ਨਾਮ-ਸਿਮਰਨ ਨੂੰ ਸਭ ਤੋਂ ਉੱਤਮ ਅਤੇ ਸ਼ੁਭ ਕਰਮ ਮੰਨਿਆ ਗਿਆ ਹੈ, ਕਿਉਂਕਿ ਨਾਮ-ਸਿਮਰਨ ਤੋਂ ਬਿਨ੍ਹਾਂ ਪਰਮਾਤਮਾ ਦੀ ਪ੍ਰਾਪਤੀ ਅਸੰਭਵ ਹੈ। ਇਸੇ ਕਰਕੇ ਗੁਰੂ ਜੀ ਦੀ ਬਾਣੀ ਵਿਚ ਗੁਰ-ਮੰਤਰ ਵਿਚਾਰਨ ਅਤੇ

ਧਿਆਉਣ ਉੱਤੇ ਵਾਰ-ਵਾਰ ਜੋਰ ਦਿੱਤਾ ਗਿਆ ਹੈ। ਗੁਰੂ ਜੀ ਦੇ ਅਨੁਸਾਰ ਉਠਦਿਆਂ, ਬਹਿੰਦਿਆਂ, ਸੁੱਤਿਆਂ, ਜਾਗਦਿਆਂ ਤੇ ਸਾਰੇ ਕੰਮ ਕਰਦਿਆਂ ਉਸ ਪਰਮਾਤਮਾ ਦਾ ਨਾਮ-ਸਿਮਰਨ ਕਰਨਾ ਚਾਹੀਦਾ ਹੈ।ਜਿਵੇਂ :

ਹਰਿ ਧਨ ਸਚੀ ਰਾਸਿ ਹੈ ਕਿਨੈ ਵਿਰਲੈ ਜਾਤਾ॥

ਤਿਸੈ ਪਰਾਪਤਿ ਭਾਇਰਹੁ ਜਿਸੁ ਦੇਇ ਬਿਧਾਤਾ॥ (319)

**ਸਾਧ ਸੰਗਤ ਦਾ ਸੰਕਲਪ :-** ਗੁਰੂ ਅਰਜਨ ਦੇਵ ਦੇ ਅਨੁਸਾਰ ਸਾਧ ਸੰਗਤ ਵਿਚ ਨਾਮ ਦੇ ਸਿਮਰਨ ਕਰਨ ਦੀ ਚੇਟਕ ਲੱਗਦੀ ਹੈ। ਜਿਥੇ ਸਤਿਗੁਰ ਦੇ ਸ਼ਬਦ ਦੀ ਵਿਚਾਰ ਹੈ, ਉਥੇ ਸਤਿਸੰਗ ਹੈ। ਗੁਰੂ ਜੀ ਦੇ ਅਨੁਸਾਰ ਸਾਧ ਸੰਗਤ ਨਾਲ ਹੀ ਮਨੁੱਖ ਦੀ ਸ਼ਖਸੀਅਤ ਦੀ ਉੱਨਤੀ ਹੁੰਦੀ ਹੈ ਅਤੇ ਹਿਰਦੇ ਵਿਚ ਵਿਸ਼ਵ ਪਿਆਰ ਦੀ ਜੋਤ ਜੱਗਦੀ ਹੈ। ਗੁਰੂ ਜੀ ਅਨੁਸਾਰ ਸਾਧ ਸੰਗਤ ਵਿਚ ਅਜਿਹੀ ਤਾਕਤ ਹੈ ਕਿ ਪਿੰਗਲੇ ਵੀ ਪਰਬਤ ਚੜ੍ਹ ਸਕਣ ਦੇ ਸਮਰੱਥ ਹੋ ਜਾਂਦੇ ਹਨ, ਉਸ ਵਿਚ ਅਜਿਹੀ ਤਬਦੀਲੀ ਆਉਂਦੀ ਹੈ ਜਿਵੇਂ ਉਹ ਬਿੱਲੀ ਤੋਂ ਸ਼ੇਰ ਬਣ ਗਿਆ ਹੋਵੇ। ਕੂੜਿਆਰ ਤੋਂ ਸਚਿਆਰ ਬਣਨ ਲਈ ਸਾਧ ਸੰਗਤ ਦੀ ਓਟ ਲੈਣੀ ਬਹੁਤ ਜਰੂਰੀ ਹੈ।ਜਿਵੇਂ :

ਪਿੰਗਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥

ਅੰਧਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥

ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ॥

ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ॥ (809)

**ਹੁਕਮ ਦਾ ਸੰਕਲਪ :-** ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਰੱਬ ਦੇ 'ਹੁਕਮ' ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ, ਕਿਉਂਕਿ ਹੁਕਮ ਨਾਲ ਵਿਅਕਤੀ ਵਿਚ ਦੀਨਤਾ, ਨਿਮਰਤਾ, ਹਲੀਮੀ ਦਾ ਸੰਚਾਰ ਅਤੇ ਹਉਮੈ ਦਾ ਨਾਸ਼ ਹੁੰਦਾ ਹੈ। ਜਿਸ ਵਿਅਕਤੀ ਨੂੰ ਰੱਬ ਦੇ ਹੁਕਮ ਦਾ ਅਹਿਸਾਸ ਹੋ ਜਾਂਦਾ ਹੈ, ਉਸ ਨੂੰ ਰੱਬ ਤੋਂ ਸਿਵਾਏ ਹੋਰ ਕੁਝ ਵੀ ਦਿਖਾਈ ਨਹੀਂ ਦਿੰਦਾ ਹੈ। ਗੁਰੂ ਜੀ ਦੇ ਅਨੁਸਾਰ ਹੁਕਮ ਜਾਂ ਭਾਣਾ ਮੰਨਣ ਨਾਲ ਮਨੁੱਖ ਵਿਚ

ਨਿਮਰਤਾ ਦਾ ਭਾਵ ਪੈਦਾ ਹੁੰਦਾ ਹੈ, ਜੋ ਕਿ ਨਾਮ-ਸਿਮਰਨ ਲਈ ਬਹੁਤ ਜਰੂਰੀ ਹੈ, ਕਿਉਂਕਿ ਪਰਮਾਤਮਾ ਦੇ ਹੁਕਮ ਤੋਂ ਬਿਨਾ ਇਸ ਸੰਸਾਰ ਵਿਚ ਪੱਤੇ ਦਾ ਹਿੱਲਣਾ ਵੀ ਅਸੰਭਵ ਹੈ। ਜਿਵੇਂ :

ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ॥

ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ॥ (523)

**ਹਉਮੈ ਦਾ ਸੰਕਲਪ :-** ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਅਨੁਸਾਰ ਹਉਮੈ ਇਕ ਅਜਿਹੀ ਬਿਰਤੀ ਹੈ, ਜੋ ਜੀਵ-ਆਤਮਾ ਨੂੰ ਪਰਮਾਤਮਾ ਤੋਂ ਵੱਖ ਕਰ ਕੇ ਰੱਖਦੀ ਹੈ ਅਤੇ ਦੋਹਾਂ ਦੇ ਮਿਲਾਪ ਵਿਚ ਰੁਕਾਵਟ ਦਾ ਕਾਰਣ ਬਣਦੀ ਹੈ। ਹਉਮੈ ਸਾਡੀ ਅਗਿਆਨ ਦੀ ਉਹ ਅਵਸਥਾ ਹੈ ਜੋ ਮਨੁੱਖ ਨੂੰ ਪਰਮਾਤਮਾ ਤੋਂ ਦੂਰ ਰੱਖਦੀ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਹਉਮੈ ਕਾਰਣ ਮਨੁੱਖ ਬਾਰ-ਬਾਰ ਜਨਮ-ਮਰਨ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ, ਪਰੰਤੂ ਜੇਕਰ ਮਨੁੱਖ ਸੱਚੇ ਮਨ ਨਾਲ ਪਰਮਾਤਮਾ ਦੇ ਨਾਮ ਦਾ ਸਿਮਰਨ ਕਰੇ ਜਾਂ ਸਤਿਸੰਗ ਵਿਚ ਬੈਠੇ ਤਾਂ ਉਹ ਹਉਮੈ ਵਰਗੇ ਭਿਆਨਕ ਰੋਗਾਂ (ਕਾਮ, ਕਰੋਧ, ਲੋਭ, ਮੋਹ) ਤੋਂ ਬਚ ਸਕਦਾ ਹੈ। ਜਿਵੇਂ :

ਚਾਰੇ ਜੁਗ ਮੈ ਸੋਧਿਆ ਵਿਣੁ ਸੰਗਤਿ ਅਹੰਕਾਰ ਨ ਭਗੈ॥ (1098)

**ਮਾਇਆ ਦਾ ਸੰਕਲਪ :-** ਗੁਰੂ ਅਰਜਨ ਦੇਵ ਜੀ ਅਨੁਸਾਰ ਸੰਸਾਰਿਕ ਵਸਤਾਂ ਦੀ ਮੋਹ-ਮਾਇਆ ਮਨੁੱਖ ਨੂੰ ਪਰਮਾਤਮਾ ਤੋਂ ਦੂਰ ਕਰਦੀ ਹੈ। ਜਦੋਂ ਮਾਇਆ (ਧਨ, ਦੌਲਤ) ਮਨੁੱਖ ਦੀ ਮਹਿਬੂਬਾ ਬਣ ਜਾਂਦੀ ਹੈ ਤਾਂ ਉਸ ਦੇ ਚੇਤਨ ਅਤੇ ਅਚੇਤਨ ਮਨ ਵਿਚ ਮਾਇਆ ਦੀ ਹਵਸ ਛਾ ਜਾਂਦੀ ਹੈ। ਜਿਵੇਂ :

ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥

ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ॥

ਆਰਜਾ ਗਈ ਵਿਹਾਇ ਧੰਧੈ ਧਾਇਆ॥

ਪੂਰਨ ਭਏ ਨ ਕਾਮ ਮੋਹਿਆ ਮਾਇਆ॥ (707)

**ਗੁਰੂ ਅਰਜਨ ਦੇਵ ਜੀ ਦਾ ਵਿਅਕਤਿਤਵ :-** ਡਾ. ਗੁਰਸ਼ਰਨ ਕੌਰ ਜੱਗੀ ਦੇ ਵਿਚਾਰ ਅਨੁਸਾਰ ਮਹਾਂਪੁਰਸ਼ ਸੰਸਾਰ ਵਿਚ ਕਦੇ-ਕਦੇ ਪ੍ਰਗਟ ਹੁੰਦੇ ਹਨ, ਜੋ ਆਪਣੀ ਸਾਧਨਾ ਰਾਹੀਂ ਧਰਮ ਦਾ, ਸਮਾਜ ਦਾ, ਸਮੁੱਚੀ ਮਨੁੱਖਤਾ ਦਾ ਸੁਧਾਰ ਅਤੇ ਪਾਰ-ਉਤਾਰਾ ਕਰਦੇ ਹਨ। (**ਗੁਰੂ ਅਰਜਨ ਦੇਵ ਜੀ ਜੀਵਨ ਤੇ ਰਚਨਾ** 23) ਗੁਰੂ ਅਰਜਨ ਦੇਵ ਜੀ ਵੀ ਅਜਿਹੇ ਤਪੱਸਵੀ ਮਹਾਂਪੁਰਸ਼ ਸਨ, ਜਿਨ੍ਹਾਂ ਨੇ ਇਸ ਸੰਸਾਰ ਵਿਚ ਜਨਮ ਲੈ ਕੇ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਦੂਰ ਕੀਤਾ ਅਤੇ ਆਪਣਾ ਬਲਿਦਾਨ ਦੇ ਕੇ ਮਨੁੱਖਤਾ ਨੂੰ ਗੌਰਵਪੂਰਨ ਆਤਮ ਸਤਿਕਾਰ ਨਾਲ ਜਿਉਣ ਦਾ ਮਾਰਗ ਦੱਸਿਆ। ਡਾ. ਮਹਿੰਦਰ ਕੌਰ ਗਿੱਲ ਨੇ ਆਪਣੀ ਪੁਸਤਕ "ਗੁਰੂ ਅਰਜਨ ਦੇਵ : ਜੀਵਨ ਤੇ ਬਾਣੀ" ਵਿਚ ਗੁਰੂ ਅਰਜਨ ਦੇਵ ਜੀ ਦੇ ਜੀਵਨ-ਚਰਿਤਰ ਦੇ ਆਧਾਰ ਤੇ ਗੁਰੂ ਜੀ ਦੇ ਵਿਅਕਤਿਤਵ ਨਾਲ ਸੰਬੰਧਿਤ ਕੁਝ ਸਿੱਟੇ ਕੱਢੇ ਹਨ : ਪਰੰਪਰਾ ਪਾਲਕ, ਵਧੀਆ ਸੰਪਾਦਕ, ਵਧੀਆ ਰਚਨਾਕਾਰ, ਵਧੀਆ ਸੰਸਥਾਪਕ, ਸਹਿਨਸ਼ੀਲ ਸਾਧਕ, ਨਿਮਰਤਾ ਦੇ ਪੁਜਾਰੀ, ਨਿਰਵੈਰ, ਨਿਡਰ, ਰਹੱਸਵਾਦੀ ਸਾਧਕ ਆਦਿ। (40-47) ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਵਿਚੋਂ ਨਿਮਰਤਾ ਦੀ ਸੁਰ ਦਿਖਾਈ ਦਿੰਦੀ ਹੈ।ਜਿਵੇਂ :

ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ।

ਹਉ ਸੰਮਲਿ ਥਕੀ ਜੀ ਓਹੁ ਕਦੇ ਨ ਬੋਲੈ ਕਉਰਾ।

ਹਉ ਬਿਸਮੁ ਭਈ ਜੀ ਹਰਿ ਦਰਸਨੁ ਦੇਖਿ ਅਪਾਰਾ।

ਮੇਰਾ ਸੁੰਦਰ ਸੁਆਮੀ ਜੀ ਹਉ ਚਰਨ ਕਮਲ ਪਗ ਛਾਰਾ।

ਪ੍ਰਭ ਪੇਖਤ ਜੀਵਾ ਠੰਡੀ ਥੀਵਾ ਤਿਸੁ ਜੇਵਡੁ ਅਵਰੁ ਨ ਕੋਈ। (784)

**ਗੁਰੂ ਅਰਜਨ ਦੇਵ ਜੀ ਦੀ ਸਾਹਿਤਿਕ ਦੇਣ :-** ਗੁਰੂ ਅਰਜਨ ਦੇਵ ਜੀ ਦੀ ਪੰਜਾਬੀ ਸਾਹਿਤ ਨੂੰ ਬਹੁਤ ਮਹਾਨ ਦੇਣ ਹੈ, ਕਿਉਂਕਿ ਨਾ ਕੇਵਲ ਆਕਾਰ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਦੀ ਬਾਣੀ ਬਹੁਤ ਜਿਆਦਾ ਜਾਂ ਅਧਿਕ ਹੈ, ਸਗੋਂ ਵਿਸ਼ੇ ਦੀ ਦ੍ਰਿਸ਼ਟੀ ਤੋਂ ਵੀ ਬਹੁਤ ਵਿਸ਼ਾਲ ਅਤੇ ਬਹੁ-ਦਿਸ਼ਾਵੀ ਹੈ। ਗੁਰੂ ਅਰਜਨ ਦੇਵ ਜੀ ਅਧਿਆਤਮਿਕ ਗੁਰੂ ਤੋਂ ਇਲਾਵਾ ਇਕ ਧਾਰਮਿਕ ਲੇਖਕ ਜਾਂ ਰਚਨਾਕਾਰ (ਕਵੀ, ਸ਼ਾਇਰ) ਵੀ ਸਨ, ਕਿਉਂਕਿ ਉਨ੍ਹਾਂ ਦੀ ਬਾਣੀ ਆਪਣੇ ਕਰਤੱਵ ਤੋਂ ਇਲਾਵਾ ਕਵਿਤਾ ਦੇ ਕਰਤੱਵ ਵੀ ਨਿਭਾਉਂਦੀ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਜਿੱਥੇ ਧਾਰਮਿਕ ਜੀਵਨ-ਜੁਗਤ ਦਾ ਸੰਦੇਸ਼ ਦਿੰਦੀ ਹੈ, ਉੱਥੇ ਇਕ ਸਫਲ ਕਵਿਤਾ ਦੇ ਗੁਣਾਂ ਜਾਂ ਨਿਯਮਾਂ ਤੇ ਵੀ ਖਰੀ ਉਤਰਦੀ ਹੈ। ਗੁਰੂ ਜੀ ਦੀ ਬਾਣੀ ਵਿਚਲੇ ਕਾਵਿ-ਗੁਣ ਰਸਾਤਮਕਤਾ, ਰਾਗਬੱਧਤਾ, ਵੱਖ-ਵੱਖ ਕਾਵਿ ਰੂਪਾਂ ਦੀ ਵਰਤੋਂ, ਛੰਦਬੱਧਤਾ, ਵੱਖ-ਵੱਖ ਬਿੰਬਾਂ ਦੀ ਵਰਤੋਂ, ਅਲੰਕਾਰਾਂ ਦੀ ਵਰਤੋਂ, ਸਰਲ ਅਤੇ ਪ੍ਰਭਾਵਸ਼ਾਲੀ ਭਾਸ਼ਾ ਦੀ ਵਰਤੋਂ ਸੱਚਮੁਚ ਗੁਰੂ ਅਰਜਨ ਦੇਵ ਦੀ ਸਾਹਿਤਿਕ, ਸਮਾਜਿਕ, ਸਭਿਆਚਾਰਕ ਅਤੇ ਧਾਰਮਿਕ ਦੇਣ ਵਿਚ ਆਪਣਾ ਇਤਿਹਾਸਿਕ ਮਹੱਤਵ ਰੱਖਦੇ ਹਨ।

ਅੱਜ ਵਿਗਿਆਨ ਦੇ ਯੁੱਗ ਵਿਚ ਹਰ ਇਕ ਮਨੁੱਖ ਭਟਕ ਰਿਹਾ ਹੈ, ਉਹ ਕਾਹਲੀ ਵਿਚ ਹੈ, ਉਸ ਦੇ ਤਨ-ਮਨ ਨੂੰ ਟਿਕਾਓ ਨਹੀਂ ਹੈ, ਕਿਉਂਕਿ ਵਿਗਿਆਨ ਨੇ ਉਸਨੂੰ ਭਟਕਣ ਲਈ ਸਾਧਨ (ਮੋਬਾਇਲ, ਕੰਪਿਊਟਰ, ਇੰਟਰਨੈੱਟ) ਮਹੁੱਈਆ ਕਰ ਦਿੱਤੇ ਹਨ। ਦੁਨਿਆਵੀ ਸੁਖ ਕਈ ਦੁੱਖਾਂ ਦਾ ਕਾਰਣ ਬਣ ਰਹੇ ਹਨ, ਕਿਉਂਕਿ ਹਰ ਇਕ ਮਨੁੱਖ ਦੁਨਿਆਵੀ ਸੁੱਖਾਂ ਨੂੰ ਪ੍ਰਾਪਤ ਕਰਨ ਲਈ ਕਈ ਹੋਰ ਕੁਕਰਮ ਕਰ ਰਿਹਾ ਹੈ। ਹਰ ਮਨੁੱਖ ਸੁੱਖ ਦੀ ਭਾਲ ਵਿਚ ਇਧਰ-ਉਧਰ ਭਟਕ ਰਿਹਾ ਹੈ। ਗੁਰੂ ਸਾਹਿਬਾਨ ਦੀ ਬਾਣੀ ਸਤਿ ਦਾ ਪ੍ਰਕਾਸ਼ ਹੈ, ਪੜ੍ਹਿਆ ਜਾਂ ਅਣਪੜ੍ਹਿਆ ਜੋ ਇਸ ਨੂੰ ਸਮਝਦਾ ਹੈ, ਬਾਣੀ ਦੇ ਸਿਧਾਂਤਾਂ ਅਨੁਸਾਰ ਜੀਵਨ ਬਤੀਤ ਕਰਦਾ ਹੈ, ਉਸ ਨੂੰ ਸੁਖ ਅਤੇ ਸ਼ਾਂਤੀ ਪ੍ਰਾਪਤ ਹੁੰਦੀ ਹੈ। ਇਹ ਬਾਣੀ ਹਰ ਧਰਮ, ਜਾਤ, ਦੇਸ਼ ਆਦਿ ਸਭ ਲਈ ਸਾਂਝੀ ਹੈ।

**1.7 ਭਾਰਤੀ ਕਾਵਿ-ਸ਼ਾਸਤਰ : ਸਿਧਾਂਤਕ ਪਰਿਪੇਖ : -** 'ਕਾਵਿ-ਸ਼ਾਸਤਰ' ਦੋ ਸ਼ਬਦਾਂ 'ਕਾਵਿ' ਅਤੇ 'ਸ਼ਾਸਤਰ' ਨੂੰ ਮਿਲ ਕੇ ਬਣਿਆ ਹੈ। 'ਕਾਵਿ' ਤੋਂ ਭਾਵ ਉਹ ਸਮੁੱਚਾ ਸਾਹਿਤ ਹੈ, ਜਿਸ ਵਿਚ ਕੋਮਲ ਤੇ ਖ਼ੂਬਸੂਰਤ ਸ਼ਬਦ ਵਰਤੇ ਗਏ ਹੋਣ, ਜਿੱਥੇ ਗੂੜ੍ਹੇ ਅਰਥਾਂ ਦੀ ਵਰਤੋਂ ਹੋਵੇ, ਆਮ ਲੋਕਾਂ ਨੂੰ ਅਰਥ ਸੌਖੀ ਤਰ੍ਹਾਂ ਸਮਝ ਆ ਜਾਣ, ਜਿਸ ਵਿਚ ਦਲੀਲਾਂ ਹੋਣ, ਜਿਥੇ ਕਾਵਿ-ਰਸ ਦੀਆਂ ਧਾਰਾਂ ਵਹਿੰਦੀਆਂ ਹੋਣ। 'ਸ਼ਾਸਤਰ' ਦੇ ਡਿਕਸ਼ਨਰੀ ਅਰਥ ਤਾਂ ਆਦੇਸ਼, ਆਗਿਆ, ਅਸੂਲ ਜਾਂ ਨਿਯਮਾਵਲੀ ਆਦਿ ਹਨ ਪ੍ਰੰਤੂ ਇਸ ਦਾ ਇਕ ਹੋਰ ਅਰਥ ਵੀ ਹੈ ਕਿ ਸ਼ਾਸਤਰ ਕਿਸੇ ਖਾਸ ਵਿਸ਼ੇ ਦਾ ਉਹ ਸਾਰਾ ਗਿਆਨ ਹੈ, ਜਿਸ ਨੂੰ ਠੀਕ-ਠਾਕ ਖ਼ਾਸ ਤਰਤੀਬ ਨਾਲ ਰੱਖਿਆ ਗਿਆ ਹੋਵੇ। ਕਾਵਿ ਜਾਂ ਕਵਿਤਾ ਉਸ ਰਚਨਾ ਜਾਂ ਕ੍ਰਿਤ ਨੂੰ ਕਿਹਾ ਜਾਂਦਾ ਹੈ, ਜਿਸ ਵਿਚ ਨਾ ਕੇਵਲ ਸ਼ਬਦ ਹੀ ਸੁੰਦਰ, ਗੁੰਦਵੇਂ, ਕੰਨਾਂ ਨੂੰ ਰਸੀਲੇ ਕਰਨ ਵਾਲੇ ਹੋਣ ਸਗੋਂ ਅਰਥ ਵੀ ਰੋਮਾਂਚਕਾਰੀ, ਪ੍ਰਭਾਵਸ਼ਾਲੀ ਅਤੇ ਸਦ-ਟਿਕਾਊ ਹੋਣ। ਸੋ ਸ਼ਬਦ ਅਤੇ ਅਰਥ ਦੀ ਉੱਚਤਾ ਰੱਖਣ ਵਾਲੀ ਰਚਨਾ ਨੂੰ ਕਾਵਿ ਕਿਹਾ ਜਾਂਦਾ ਹੈ। ਸੰਸਕ੍ਰਿਤ ਭਾਸ਼ਾ ਦੇ ਵਿਦਵਾਨ ਭਾਮਹ ਅਤੇ ਭੱਟੋਦਭਟ ਸ਼ਬਦ ਅਤੇ ਅਰਥ ਨੂੰ ਕਾਵਿ ਜਾਂ ਕਵਿਤਾ ਦਾ ਸ਼ਰੀਰ ਮੰਨਦੇ ਹਨ। (***ਆਨੰਦਵਰਧਨ, ਧਵਨਿਆਲੋਕ*** 2)

ਹਰ ਵਿਅਕਤੀ ਕਾਵਿ ਦੀ ਰਚਨਾ ਨਹੀਂ ਕਰ ਸਕਦਾ ਹੈ, ਸਗੋਂ ਕੇਵਲ ਉਹ ਪ੍ਰਤਿਭਾਸ਼ਾਲੀ ਵਿਅਕਤੀ (ਕਵੀ ਜਾਂ ਸਾਹਿਤਕਾਰ) ਹੀ ਕਾਵਿ-ਰਚਨਾ ਕਰ ਸਕਦਾ ਹੈ, ਜਿਸ ਵਿਚ ਕਾਵਿ ਦੀ ਰਚਨਾ ਕਰਨ ਦੀ ਪ੍ਰਤਿਭਾ ਹੋਵੇ। ਆਚਾਰੀਆ ਭਰਤਮੁਨੀ ਨੇ ਆਪਣੇ ਗ੍ਰੰਥ ***'ਨਾਟਯ ਸ਼ਾਸਤ੍ਰ'*** ਵਿਚ ਕਾਵਿ ਬਾਰੇ ਲਿਖਿਆ ਹੈ ਕਿ:

> ਉਹ ਕਾਵਿ ਸਰਵੋਤਮ ਹੈ ਜਿਸ ਵਿਚ ਕੋਮਲ ਤੇ ਖ਼ੂਬਸੂਰਤ ਸ਼ਬਦ ਹੋਣ, ਜਿਸ ਦੇ ਅਰਥ ਗੂੜ੍ਹੇ ਨਾ ਹੋਣ ਸਗੋਂ ਆਮ ਲੋਕਾਂ ਨੂੰ ਸੌਖੀ ਤਰ੍ਹਾਂ ਸਮਝ ਆ ਜਾਣ, ਜਿਸ ਵਿਚ ਦਲੀਲਾਂ ਹੋਣ ਜਿਥੇ ਕਾਵਿ ਰਸ ਦੀਆਂ ਧਾਰਾਂ ਵਹਿੰਦੀਆਂ ਹੋਣ, ਅਜਿਹਾ ਕਾਵਿ ਦਰਸ਼ਕਾਂ ਲਈ ਸ਼ੁਭ ਹੁੰਦਾ ਹੈ।" (*ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ* 7)

ਆਚਾਰੀਆ ਭਰਤਮੁਨੀ ਦੀ ਉਪਰੋਕਤ ਕਾਵਿ ਦੀ ਪਰਿਭਾਸ਼ਾ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਕਾਵਿ ਜਾਂ ਕਵਿਤਾ ਦੀ ਸ਼ਬਦਾਵਲੀ ਕੋਮਲ, ਸਰਲ, ਪ੍ਰਭਾਵਸ਼ਾਲੀ ਅਤੇ ਸਪੱਸ਼ਟ ਹੋਵੇ, ਗੁੱਝੇ ਅਰਥਾਂ ਤੋਂ ਮੁਕਤ ਹੋਵੇ, ਦਲੀਲਾਂ ਜਾਂ ਉਦਾਹਰਨਾਂ ਨਾਲ ਯੁਕਤ ਹੋਵੇ ਅਤੇ ਲੈ, ਰਸ, ਅਲੰਕਾਰ ਯੁਕਤ ਹੋਵੇ। ਆਚਾਰੀਆ ਭਾਮਹ ਨੇ ਸ਼ਬਦ ਅਤੇ ਅਰਥ ਦੇ ਸਹਿਭਾਵ ਨੂੰ ਕਾਵਿ ਕਿਹਾ ਹੈ। ਆਚਾਰੀਆ ਦੰਡੀ ਨੇ ਸ਼ਬਦਾਵਲੀ ਨੂੰ ਕਾਵਿ ਜਾਂ ਕਵਿਤਾ ਦਾ ਸਰੀਰ ਮੰਨ ਕੇ ਕਾਵਿ ਦੀ ਸ਼ੈਲੀ ਤੇ ਕਲਾ ਪੱਖ ਦੀ ਉਤਮਤਾ ਨੂੰ ਸਵੀਕਾਰ ਕੀਤਾ ਹੈ। ਆਚਾਰੀਆ ਵਾਮਨ ਨੇ ਇਹ ਸਵੀਕਾਰ ਕੀਤਾ ਹੈ ਕਿ ਅਲੰਕਾਰਾਂ ਦੇ ਕਰਕੇ ਹੀ ਕਾਵਿ ਦੀ ਸੁੰਦਰਤਾ ਹੈ। ਆਚਾਰੀਆ ਆਨੰਦ ਵਰਧਨ ਸ਼ਬਦ ਅਤੇ ਅਰਥ ਨੂੰ ਕਾਵਿ ਦਾ ਸਰੀਰ ਅਤੇ ਧੁਨੀ ਨੂੰ ਕਾਵਿ ਦੀ ਆਤਮਾ ਸਵੀਕਾਰ ਕਰਦੇ ਹਨ। ਆਚਾਰੀਆ ਕੁੰਤਕ ਸ਼ਬਦ, ਅਰਥ, ਵਕ੍ਰੋਕਤੀ (ਟੇਡਾਪਣ) ਅਤੇ ਰਸ ਨੂੰ ਕਾਵਿ ਦੀ ਆਤਮਾ ਮੰਨਦੇ ਹਨ। ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਨੇ ਆਪਣੀ ਪੁਸਤਕ 'ਭਾਰਤੀ ਕਾਵਿ-ਸ਼ਾਸਤ੍ਰ' ਵਿਚ ਕਾਵਿ ਨਾਲ ਸੰਬੰਧਿਤ ਸੰਸਕ੍ਰਿਤ ਭਾਸ਼ਾ ਵਿਚ ਪਰਿਭਾਸ਼ਾਵਾਂ ਨੂੰ ਵੀ ਪ੍ਰਸਤੁਤ ਕੀਤਾ ਹੈ:

"ਵਾਕਯੰ ਰਸਾਤਮਕੰ ਕਾਵਯੰ" (***ਵਿਸ਼ਵਨਾਥ***)

ਆਚਾਰੀਆ ਵਿਸ਼ਵਨਾਥ ਦੀ ਉਪਰੋਕਤ ਕਾਵਿ ਦੀ ਪਰਿਭਾਸ਼ਾ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਰਸਮਈ ਵਾਕਾਂ ਨੂੰ ਹੀ ਕਵਿਤਾ ਜਾਂ ਕਾਵਿ ਕਿਹਾ ਜਾਂਦਾ ਹੈ। ਭਾਵ ਇਹ ਹੈ ਕਿ ਰਸ ਨੂੰ ਪ੍ਰਗਟ ਕਰਨ ਵਾਲੀ ਅਤੇ ਦਿਲ ਨੂੰ ਟੁੰਬਣ ਵਾਲੀ ਰਚਨਾ ਨੂੰ ਕਾਵਿ ਕਿਹਾ ਜਾਂਦਾ ਹੈ।

"ਰਮਣੀਯਾਰਥ ਪ੍ਰਤਿਪਾਦਕਹ ਸ਼ਬਦਹ ਕਾਵਯੰ" (***ਜਗਨਨਾਥ***)

ਆਚਾਰੀਆ ਜਗਨਨਾਥ ਦੀ ਉਪਰੋਕਤ ਕਾਵਿ ਦੀ ਪਰਿਭਾਸ਼ਾ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸੁੰਦਰ, ਸੁਖਦਾਈ ਅਤੇ ਰਮਣੀਕ ਸ਼ਬਦਾਂ ਨੂੰ ਹੀ ਕਵਿਤਾ ਜਾਂ ਕਾਵਿ ਕਿਹਾ ਜਾਂਦਾ ਹੈ। ਭਾਰਤੀ ਕਾਵਿ-ਸ਼ਾਸਤਰ ਦੇ ਅਨੁਸਾਰ ਸਾਹਿਤਕਾਰ ਅਜਿਹੀ ਕਾਵਿ ਸ਼ਕਤੀ ਦਾ ਸਵਾਮੀ ਹੈ ਕਿ ਉਹ ਅਣੂ ਤੋਂ ਲੈ ਕੇ ਗਗਨ (ਆਕਾਸ਼) ਤੱਕ ਹਰ ਕਣ ਨੂੰ ਕਾਵਿ ਜਾਂ ਕਵਿਤਾ ਵਿਚ ਸਿਰਜ ਸਕਦਾ ਹੈ। ਕਾਵਿ ਦੇ ਦੋ ਆਧਾਰ ਹਨ - ਕਲਾ ਤੇ

ਵਸਤੂ। ਕਲਾ (ਰਚਨਾ-ਸ਼ਿਲਪ) ਕਾਵਿ ਦਾ ਬਾਹਰਲਾ ਰੂਪ (ਸਰੀਰ) ਹੈ। ਵਸਤੂ ਕਾਵਿ ਦਾ ਵਿਸ਼ਾ ਹੈ ਜਿਸ ਦਾ ਪਾਠਕ-ਸਰੋਤੇ ਨੂੰ ਅਨੁਭਵ ਹੁੰਦਾ ਹੈ। ਇਕ ਗੱਲ ਸਰਬ-ਸਿੱਧ ਹੈ ਕਿ ਆਲੋਚਨਾ ਦੇ ਸਿਧਾਂਤ ਉਲੀਕਣ ਤੋਂ ਪਹਿਲਾਂ ਕੁਝ ਚੰਗੇ ਕਾਵਿ-ਗ੍ਰੰਥਾਂ ਦੀ ਰਚਨਾ ਜਾਂ ਸਿਰਜਨਾ ਜਰੂਰ ਹੋਈ ਹੋਵੇਗੀ ਕਿਉਂਕਿ ਕਾਵਿ ਦੇ ਵਿਭਿੰਨ ਰੂਪਾਂ ਦੇ ਹਰਮਨ ਪਿਆਰੇ ਹੋਣ ਪਿੱਛੋਂ ਹੀ ਵਿਦਵਾਨ ਉਨ੍ਹਾਂ ਬਾਰੇ ਅਸੂਲ ਸਥਾਪਿਤ ਕਰਦੇ ਹਨ ਜਿਹੜੇ ਬਾਦ ਵਿਚ ਆਲੋਚਨਾ ਦੇ ਸਿਧਾਂਤ ਬਣ ਜਾਂਦੇ ਹਨ। ਭਰਤਮੁਨੀ ਹੀ ਪਹਿਲਾ ਭਾਰਤੀ ਆਲੋਚਕ ਹੈ, ਜਿਸ ਦੇ ਗ੍ਰੰਥ 'ਨਾਟਯ ਸ਼ਾਸਤਰ' ਨਾਲ ਭਾਰਤੀ ਕਾਵਿ ਸਿਧਾਂਤਾਂ ਦਾ ਆਰੰਭ ਹੁੰਦਾ ਹੈ। ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤ ਹਨ, ਜਿੰਨ੍ਹਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:-

| **ਸਿਧਾਂਤ ਦਾ ਨਾਮ** | **ਆਚਾਰੀਆ ਦਾ ਨਾਮ** | **ਗ੍ਰੰਥ ਦਾ ਨਾਮ** |
|---|---|---|
| ਰਸ ਸਿਧਾਂਤ | ਭਰਤਮੁਨੀ | ਨਾਟਯ ਸ਼ਾਸਤ੍ਰ |
| ਧੁਨੀ ਸਿਧਾਂਤ | ਆਨੰਦ ਵਰਧਨ | ਧਵਨਿਆਲੋਕ |
| ਅਲੰਕਾਰ ਸਿਧਾਂਤ | ਭਾਮਹ | ਕਾਵਿ ਅਲੰਕਾਰ |
| ਰੀਤੀ ਸਿਧਾਂਤ | ਵਾਮਨ | ਕਾਵਿ ਅਲੰਕਾਰ ਸੂਤ੍ਰਵ੍ਰਿਤੀ |
| ਵਕ੍ਰੋਕਤੀ ਸਿਧਾਂਤ | ਕੁੰਤਕ | ਵਕ੍ਰੋਕਤੀ ਜੀਵਿਤ |
| ਔਚਿਤਯ ਸਿਧਾਂਤ | ਕਸ਼ੇਮੇਂਦਰ | ਔਚਿਤਯ ਵਿਚਾਰ ਚਰਚਾ |

**1.7.1. ਰਸ ਸਿਧਾਂਤ :-** 'ਰਸ-ਸਿਧਾਂਤ' ਭਾਰਤੀ ਕਾਵਿ-ਸ਼ਾਸਤਰ ਦੇ ਆਚਾਰੀਆ ਭਰਤਮੁਨੀ ਦੀ ਮਹੱਤਵਪੂਰਨ ਦੇਣ ਹੈ। ਆਚਾਰੀਆ ਭਰਤਮੁਨੀ ਤੋਂ ਲੈ ਕੇ ਪੰਡਿਤ ਜਗਨਨਾਥ ਤਕ ਸੰਸਕ੍ਰਿਤ ਦੇ ਸਾਰੇ ਵਿਦਵਾਨਾਂ ਨੇ ਇਸ ਸਿਧਾਂਤ ਦੇ ਮਹੱਤਵ ਨੂੰ ਸਵੀਕਾਰ ਕੀਤਾ ਹੈ। 'ਰਸ' ਸ਼ਬਦ ਭਾਰਤੀ ਸਾਹਿਤ ਦਾ ਸਭ ਤੋਂ ਪੁਰਾਣਾ ਜਾਂ ਪ੍ਰਾਚੀਨ ਸ਼ਬਦ ਹੈ। ਸਾਹਿਤ ਦੇ ਪੜ੍ਹਨ ਜਾਂ ਸੁਣਨ ਤੋਂ ਪਾਠਕ ਜਾਂ ਸਰੋਤੇ ਨੂੰ ਜੋ ਵੀ ਸੁਹਜ-ਸੁਆਦ ਜਾਂ ਆਨੰਦ ਮਹਿਸੂਸ ਹੁੰਦਾ ਹੈ, ਉਹ ਭਾਰਤੀ ਕਾਵਿ-ਸ਼ਾਸਤਰ ਦੀ ਸ਼ਬਦਾਵਲੀ ਵਿਚ 'ਰਸ' ਹੈ।

ਆਚਾਰੀਆ ਵਿਸ਼ਵਨਾਥ ਦੇ ਅਨੁਸਾਰ, "ਜਦ ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵਾਂ ਰਾਹੀਂ ਸੁਹਿਰਦ ਜਾਂ ਪਾਠਕ ਦੇ ਹਿਰਦੇ ਵਿਚ ਵਾਸਨਾ ਰੂਪ ਸਥਿਤ ਸਥਾਈ ਭਾਵ ਪੂਰੀ ਪਰਪਰਕ ਅਵਸਥਾ ਨੂੰ ਪ੍ਰਾਪਤ ਹੋ ਜਾਣ ਤਾਂ ਉਸ ਦਾ ਨਾਂ ਰਸ ਹੋਵੇਗਾ।" **(ਜੱਗੀ, *ਭਾਰਤੀ ਕਾਵਿ ਸ਼ਾਸਤ੍ਰ*** 146) ਭਾਵ ਆਚਾਰੀਆ ਵਿਸ਼ਵਨਾਥ ਦੇ ਅਨੁਸਾਰ ਰਸ ਅਨੁਭਵ ਹੈ, ਅਖੰਡ ਹੈ, ਚੇਤਨਾਮਈ ਹੈ, ਸਵੈ-ਪ੍ਰਕਾਸ਼ ਅਤੇ ਆਨੰਦਮਈ ਹੈ।

ਭਰਤਮੁਨੀ ਨੇ ਆਪਣੇ ਗ੍ਰੰਥ 'ਨਾਟਯ-ਸ਼ਾਸਤਰ' ਵਿਚ ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵਾਂ ਦੇ ਸੰਯੋਗ ਨੂੰ ਹੀ ਰਸ ਕਿਹਾ ਹੈ। ਪਰੰਤੂ ਭਰਤਮੁਨੀ ਦੀ ਇਸ ਪਰਿਭਾਸ਼ਾ ਵਿਚ ਰਸ ਦਾ ਕੇਵਲ ਸਰੂਪ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ। ਰਸ ਦਾ ਵਾਸਤਵਿਕ ਸਰੂਪ ਪ੍ਰਸਤੁਤ ਕਰਨ ਵਿਚ ਮਗਰਲੇ ਆਚਾਰੀਆਂ ਨੇ ਵੀ ਮਹੱਵਪੂਰਨ ਯੋਗਦਾਨ ਪਾਇਆ ਹੈ। ਮੰਮਟ ਨੇ ਆਪਣੇ ਗ੍ਰੰਥ 'ਕਾਵਿ ਪ੍ਰਕਾਸ਼' ਵਿਚ ਦੱਸਿਆ ਹੈ ਕਿ, "ਲੌਕਿਕ ਵਿਵਹਾਰ ਵਿਚ ਰਤਿ ਆਦਿ ਚਿੱਤਵ੍ਰਿੱਤੀ ਵਿਸ਼ੇਸ਼ ਦੇ ਜੋ ਕਾਰਣ, ਕਾਰਜ ਅਤੇ ਸਹਿਕਾਰੀ ਕਾਰਣ ਹੁੰਦੇ ਹਨ, ਉਹੀ ਕਾਵਿ ਅਤੇ ਨਾਟਕ ਵਿਚ ਵਰਣਿਤ ਹੋ ਕਿ ਰਤਿ ਆਦਿ ਸਥਾਈ ਭਾਵਾਂ ਦੇ ਵਿਭਾਵ, ਅਨੁਭਾਵ ਅਤੇ ਵਿਭਚਾਰੀ ਭਾਵ ਕਹੇ ਜਾਂਦੇ ਹਨ ਅਤੇ ਉਨ੍ਹਾਂ ਵਿਭਾਵਾਂ ਰਾਹੀਂ ਸਥਾਈ ਭਾਵ ਰਸ ਕਿਹਾ ਜਾਂਦਾ ਹੈ।" (27-28) ਰਸ ਸਿਧਾਂਤ ਦੇ ਪ੍ਰਸਿੱਧ ਵਿਆਖਿਆਕਾਰ ਅਭਿਨਵ ਗੁਪਤ ਨੇ ਆਪਣੇ ਗ੍ਰੰਥ 'ਅਭਿਨਵ ਭਾਰਤੀ' ਵਿਚ ਦੱਸਿਆ ਹੈ ਕਿ ਰਸ ਆਨੰਦ-ਚੇਤਨਾ ਹੈ ਕਿਉਂਕਿ ਰਸ-ਅਨੁਭਵ ਕਰਨ ਦੇ ਸਮੇਂ ਦਰਸ਼ਕ / ਸਰੋਤਾ ਸਮੇਂ, ਸਥਾਨ, ਪਰ, ਉਦਾਸੀਨ ਆਦਿ ਦੀਆਂ ਹੱਦਾਂ ਤੋਂ ਮੁਕਤ ਹੋ ਕੇ ਆਤਮ-ਆਨੰਦੀ ਹੋ ਜਾਂਦਾ ਹੈ। ਆਚਾਰੀਆ ਵਿਸ਼ਵਨਾਥ ਨੇ ਆਪਣੇ ਗ੍ਰੰਥ 'ਸਾਹਿਤਯ ਦਰਪਣ' ਵਿਚ ਦੱਸਿਆ ਹੈ ਕਿ ਰਸ ਸੁਆਦ ਰੂਪ ਹੈ, ਰਸ ਦਾ ਸੰਬੰਧ ਅਨੁਭਵ ਨਾਲ ਹੈ, ਰਸ ਅਖੰਡ ਹੈ, ਰਸ ਸਵੈ-ਪ੍ਰਕਾਸ਼ ਆਨੰਦਮਈ ਹੈ, ਰਸ ਚੇਤਨਾਮਈ ਹੈ, ਰਸ ਅਲੌਕਿਕ ਚਮਤਕਾਰ-ਮਈ ਹੈ। (*ਨਾਟਯ-ਸ਼ਾਸਤ੍ਰ* 68-69)

ਦੰਡੀ ਦੇ ਅਨੁਸਾਰ ਰਸਵਤ ਵਾਕ ਹੀ ਮਧੁਰ ਹੁੰਦਾ ਹੈ ਭਾਵ ਰਸ ਅਤੇ ਮਧੁਰਤਾ ਇਕੋ ਹੀ ਪਦਾਰਥ ਹੈ। ਰੁਦ੍ਰਟ ਨੇ ਆਪਣੀ ਪੁਸਤਕ 'ਕਾਵਯਾਲੰਕਾਰ' ਵਿਚ ਭਰਤਮੁਨੀ ਦੁਆਰਾ ਦੱਸੇ ਅੱਠ ਰਸਾਂ ਵਿਚ ਸ਼ਾਂਤ ਅਤੇ ਪ੍ਰਯਾਨ ਨਾਂ ਦੇ ਦੋ ਰਸਾਂ ਦਾ ਵਾਧਾ ਕੀਤਾ ਹੈ। ਰੁਦ੍ਰਟ ਦੇ ਅਨੁਸਾਰ ਰਸ ਕਾਵਿ ਦਾ ਅਧਿਕ ਉਪਯੋਗੀ

ਤੱਤ ਹੈ, ਕਿਉਂਕਿ ਰਸ ਦੇ ਸ਼ਾਮਿਲ ਹੋਣ ਨਾਲ ਕਾਵਿ ਮਨਮੋਹਕ ਹੋ ਜਾਂਦਾ ਹੈ ਅਤੇ ਰਸ ਤੋਂ ਬਿਨਾ ਕਾਵਿ, ਸ਼ਾਸਤ੍ਰ ਵਾਂਗ ਖੁਸ਼ਕ ਹੋ ਜਾਂਦਾ ਹੈ। (ਜੱਗੀ, ਭਾਰਤੀ ਕਾਵਿ-ਸ਼ਾਸਤ੍ਰ *149*)

According to A.B. Keith, “Sentiment (ਰਸ (is a condition in the mind of spectator of a drama or the hearer or reader of a poem produced by the emotions of the characters, and the emotions are excited by factors which may either be the object of the emotion, as the loved one is in the case of love, or serve to highten it, as does the Spring Season. The emotions manifest themselves in effects of various kinds and they are essentially distinct in psychological character among themselves while the sentiments are nevertheless essentially ones in feeling and this feeling is a special purely aesthetic emotion comparable to the bliss obtained in contemplation of the absolute (ਬ੍ਰਹਮ-ਆਨੰਦ (by the intellect which can comprehend it.” (*Sanskrit Drama*, *A.B. Keith* 314) According to P.V.Kane, “RASA is so called because it is a mental state and is pleasure to be simply aesthetically enjoyed.” Rasa is said to be only suggested and not expressed.

ਭਰਤਮੁਨੀ ਨੇ ਆਪਣੇ ਗ੍ਰੰਥ ***'ਨਾਟਯ-ਸ਼ਾਸਤ੍ਰ'*** ਵਿਚ ਇਹ ਸਿੱਧ ਜਾਂ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਰਸ ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵਾਂ ਦੇ ਸੰਯੋਗ ਦਾ ਸਿੱਟਾ ਹੈ। ਭਾਰਤੀ ਕਾਵਿ-ਸ਼ਾਸਤਰ ਵਿਚ ਰਸ ਦੇ ਹੇਠ ਲਿਖੇ ਤਿੰਨ ਅਰਥ ਪ੍ਰਚਲਿਤ ਹਨ :

**ਵਸਤੂ-ਪਰਕ ਅਰਥ:-** 'ਰਸ' ਸ਼ਬਦ ਦੇ ਅਰਥ ਰਾਹੀਂ ਕਵੀ ਦੇ ਕਲਾ-ਤੱਤ (ਸ਼ਬਦ-ਅਰਥ ਦੀ ਕਲਪਨਾਮਈ ਵਰਤੋਂ) ਦੀ ਅਭਿਵਿਅਕਤੀ ਹੁੰਦੀ ਹੈ, ਜਿਸਨੂੰ ਸ਼ਬਦ-ਬਿੰਬਾਂ ਰਾਹੀਂ ਦਰਸਾਇਆ ਜਾਂਦਾ ਹੈ।

**ਭਾਵ-ਪਰਕ ਅਰਥ**:- 'ਰਸ' ਉਹ ਰਾਗਾਤਮਕ ਚੇਤਨਾ (ਸੁਖਮਈ ਅਤੇ ਦੁੱਖਮਈ ਜਜ਼ਬਾਤੀ ਸੋਝੀ) ਹੈ, ਜੋ ਅਨੇਕ ਪ੍ਰਕਾਰ ਦੇ ਭਾਵਾਂ ਨਾਲ ਪੂਰਨ ਕਾਵਿ ਰਾਹੀਂ ਵਿਅਕਤੀ ਦੇ ਚਿੱਤ ਵਿਚ ਪੁੰਗਰਦੀ ਹੈ।

**ਆਨੰਦ-ਪਰਕ ਅਰਥ:-** 'ਰਸ' ਉਹ ਆਨੰਦਮਈ ਚੇਤਨਾ ਹੈ, ਜੋ ਹਰੇਕ ਵਿਅਕਤੀ ਦੇ ਅੰਦਰ ਹੀ ਹੁੰਦੀ ਹੈ ਅਤੇ ਵੱਖ-ਵੱਖ ਕਾਵਿ ਗ੍ਰੰਥਾਂ ਦਾ ਅਧਿਐਨ ਕਰਨ ਨਾਲ ਉਤਪੰਨ ਹੁੰਦੀ ਹੈ।

ਉਪਰੋਕਤ ਤਿੰਨ ਅਰਥਾਂ ਦੇ ਅਨੁਸਾਰ ਰਸ ਵਿਚ ਭਾਵ-ਤੱਤ, ਕਲਪਨਾ-ਤੱਤ ਅਤੇ ਬੁੱਧੀ ਤੱਤ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ। ਆਮ ਤੌਰ 'ਤੇ ਸਾਹਿਤ ਵਿਚ ਰਸ ਦਾ ਅਰਥ ਸੁਆਦ ਹੀ ਲਿਆ ਜਾਂਦਾ ਹੈ, ਪਰੰਤੂ ਵਿਆਪਕ ਅਰਥਾਂ ਵਿਚ ਰਸ ਨੂੰ ਹਰ ਪ੍ਰਕਾਰ ਦੇ ਆਨੰਦ ਨਾਲ ਜੋੜ ਲਿਆ ਜਾਂਦਾ ਹੈ, ਭਾਵੇਂ ਉਹ ਪੜ ਕੇ, ਸੁਣ ਕੇ ਜਾਂ ਦੇਖ ਕੇ ਪ੍ਰਾਪਤ ਹੋਵੇ। ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿਚ ਰਸ ਨੂੰ ਉਹ ਮਾਨਸਿਕ ਆਨੰਦ ਮੰਨਿਆ ਜਾਂਦਾ ਹੈ, ਜਿਹੜਾ ਕਿ ਮਨੁੱਖੀ ਭਾਵਾਂ ਨੂੰ ਜਗਾ ਸਕਦਾ ਹੋਵੇ। ਸੋ ਕਿਸੇ ਰਚਨਾ ਨੂੰ ਪੜਨ ਤੋਂ ਬਾਅਦ ਪਾਠਕ ਦੇ ਮਨ ਵਿਚ ਜੋ ਭਾਵ ਉਤਪੰਨ ਹੁੰਦੇ ਹਨ, ਉਹਨਾਂ ਭਾਵਾਂ ਨੂੰ ਹੀ ਰਸ ਕਿਹਾ ਜਾਂਦਾ ਹੈ। ਆਦਿ ਸਮੇਂ ਤੋਂ ਹੀ ਮਨੁੱਖੀ ਜੀਵਨ ਵਿਚ ਰਸ ਦੀ ਵਿਸ਼ੇਸ਼ ਥਾਂ ਰਹੀ ਹੈ। ਪ੍ਰਾਚੀਨ ਭਾਰਤੀ ਕਾਵਿ-ਸ਼ਾਸਤਰ ਦੀ ਰਚਨਾ ਦੀ ਸ਼ੁਰੂਆਤ ਦੇ ਸਮੇਂ ਤੋਂ ਅੱਜ ਤੱਕ ਸਾਰੇ ਆਚਾਰੀਆਂ ਅਤੇ ਆਲੋਚਕਾਂ ਨੇ 'ਰਸ' ਨੂੰ ਕਾਵਿ ਦੀ ਆਤਮਾ ਦੇ ਰੂਪ ਵਿਚ ਸਵੀਕਾਰ ਕੀਤਾ ਹੈ। ਕਵਿਤਾ ਦੀ ਰਚਨਾ ਕਰਦੇ ਹੋਏ ਕਵੀ ਨੂੰ ਰਸ ਦੇ ਸਹਾਰੇ ਰਹਿਣਾ ਚਾਹੀਦਾ ਹੈ, ਕਿਉਂਕਿ ਜਿਸ ਵੇਲੇ ਕੋਈ ਕਵਿਤਾ ਪੜ੍ਹੀ ਜਾ ਸੁਣੀ ਜਾਂਦੀ ਹੈ ਤਾਂ ਉਸ ਸਮੇਂ ਪਾਠਕ ਜਾਂ ਸਰੋਤੇ ਕਵਿਤਾ ਵਿਚ ਇੰਨੇ ਲੀਨ ਹੋ ਜਾਂਦੇ ਹਨ ਕਿ ਉਹ ਆਪ ਮੁਹਾਰੇ ਕਹਿ ਉਠਦੇ ਹਨ - 'ਵਾਹ! ਬੜਾ ਸੁਆਦ ਆਇਆ'।

ਰਸ ਮਨੁੱਖੀ ਇੰਦਰੀਆਂ ਦਾ ਰਸ ਨਹੀਂ, ਸਗੋਂ ਭਾਵਨਾ ਦਾ ਰਸ ਹੁੰਦਾ ਹੈ। ਰਸ ਇਕ ਖਾਸ ਕਿਸਮ ਦਾ ਆਨੰਦ ਹੈ ਜੋ ਕਾਵਿ ਦੇ ਪੜਨ ਜਾਂ ਸੁਣਨ ਤੋਂ ਪ੍ਰਾਪਤ ਹੁੰਦਾ ਹੈ। ਭਰਤਮੁਨੀ ਅਨੁਸਾਰ ਵਿਭਾਵ, ਅਨੁਭਵ, ਅਤੇ ਸੰਚਾਰੀ ਭਾਵਾਂ ਦੇ ਸੰਯੋਗ ਨਾਲ ਰਸ ਦੀ ਉਤਪਤੀ ਹੁੰਦੀ ਹੈ। ਭਰਤਮੁਨੀ ਦੇ ਅਨੁਸਾਰ ਸਥਾਈ ਭਾਵਾਂ (ਪਿਆਰ, ਉਤਸਾਹ, ਭੈ, ਹਾਸਾ, ਸ਼ੋਕ, ਕ੍ਰੋਧ ਆਦਿ) ਨੂੰ ਜਾਗਰਿਤ ਕਰਨਾ ਸਾਹਿਤਕਾਰ ਦਾ ਮੁਢਲਾ ਕਰਤੱਵ ਹੈ। ਇਹਨਾਂ ਸਥਾਈ ਭਾਵਾਂ ਨੂੰ ਜਾਗਰਿਤ ਕਰਨ ਲਈ ਸਾਹਿਤਕਾਰ ਤਿੰਨ ਵਿਧੀਆਂ (ਵਿਭਾਵ, ਅਨੁਭਾਵ, ਸੰਚਾਰੀ ਭਾਵ) ਨੂੰ ਅਪਣਾਉਂਦਾ ਹੈ। ਸਾਹਿਤਕਾਰ ਜਦੋਂ ਕਵਿਤਾ ਵਿਚ ਅਜਿਹੇ ਵਿਸ਼ਿਆਂ ਦੀ ਪੇਸ਼ਕਾਰੀ ਕਰਦਾ ਹੈ ਜਿਹੜੇ ਵਿਸ਼ੇ-ਵਸਤੂ ਨੂੰ ਚਮਕਾਉਣ ਵਿਚ ਸਹਾਇਕ ਸਿੱਧ ਹੁੰਦੇ ਹਨ, ਇਨ੍ਹਾਂ ਨੂੰ ਭਰਤਮੁਨੀ ਨੇ 'ਵਿਭਾਵ' ਕਿਹਾ ਹੈ ਭਾਵ ਜਦੋਂ ਸਾਹਿਤ ਵਿਚ ਸਾਹਿਤਕਾਰ ਵਿਸ਼ੇ-ਵਸਤੂ ਨੂੰ ਪਾਠਕਾਂ ਦੀ ਕਲਪਨਾ ਅਗੇ

ਸਾਕਾਰ ਜਾਂ ਪ੍ਰਗਟ ਕਰਨ ਲਈ ਇਕ ਅਜਿਹਾ ਵਾਤਾਵਰਣ ਸਿਰਜਦਾ ਹੈ ਜੋ ਸਥਾਈ ਭਾਵਾਂ ਨੂੰ ਜਾਗ੍ਰਿਤ ਕਰਨ ਵਿਚ ਸਹਾਈ ਹੁੰਦੇ ਹਨ, ਉਹ ਵਿਭਾਵ ਹੈ। ਕਵੀ ਆਪਣੀ ਕਿਰਤ ਵਿਚ ਅਜਿਹੀਆਂ ਵਸਤੂਆਂ, ਵਿਸ਼ਿਆਂ, ਦ੍ਰਿਸ਼ਾਂ ਤੇ ਸਥਿਤੀਆਂ ਦਾ ਚਿਤਰਣ ਕਰਦਾ ਹੈ ਜਿਹੜੀਆਂ ਮਨ ਵਿਚ ਸਥਾਈ ਭਾਵਾਂ ਨੂੰ ਜਗਾਣ ਜਾਂ ਜਗੇ ਹੋਏ ਭਾਵਾਂ ਨੂੰ ਹੋਰ ਤੀਬਰ ਕਰਨ ਵਿਚ ਸਮਰਥ ਹੁੰਦੀਆਂ ਹਨ, ਉਹ ਵਿਭਾਵ ਹਨ।

ਵਿਭਾਵ ਦੋ ਤਰ੍ਹਾਂ ਦੇ ਹੁੰਦੇ ਹਨ - ਆਲੰਬਨ ਵਿਭਾਵ ਅਤੇ ਉੱਦੀਪਨ ਵਿਭਾਵ। ਆਲੰਬਨ ਸ਼ਬਦ ਦਾ ਅਰਥ ਹੈ - ਆਧਾਰ, ਸਹਾਰਾ ਜਾਂ ਟੇਕ। ਆਲੰਬਨ ਉਹ ਵਿਭਾਵ ਹੈ ਜਿਸਦੇ ਸਹਾਰੇ ਪ੍ਰੇਮ, ਬਿਰਹੋ ਆਦਿ ਭਾਵ ਪੈਦਾ ਹੁੰਦੇ ਹਨ ਜਾਂ ਜਿਸ ਨੂੰ ਵਿਸ਼ੇ-ਵਸਤੂ ਦਾ ਆਧਾਰ ਬਣਾਇਆ ਜਾਂਦਾ ਹੈ, ਜਿਵੇਂ ਪ੍ਰੇਮਿਕਾ ਜਾਂ ਨਾਇਕਾ। ਉਹ ਵਿਅਕਤੀ ਜਿਨ੍ਹਾਂ ਵਿਚ ਪਿਆਰ ਜਾਂ ਬਿਰਹੋ ਆਦਿ ਭਾਵ ਪੈਦਾ ਜਾਂ ਉਤਪੰਨ ਹੁੰਦੇ ਹਨ, ਉਨ੍ਹਾਂ ਨੂੰ ਆਸਰਾ ਆਲੰਬਨ ਕਿਹਾ ਜਾਂਦਾ ਹੈ। ਉੱਦੀਪਨ ਸ਼ਬਦ ਦਾ ਅਰਥ ਹੈ - ਜਗੌਣ ਦਾ ਭਾਵ ਜਾਂ ਕਿਰਿਆ। ਜਿਨ੍ਹਾਂ ਵਸਤੂਆਂ ਜਾਂ ਹਰਕਤਾਂ (ਹਾਲਤਾਂ) ਨੂੰ ਵੇਖ ਕੇ ਪਿਆਰ, ਬਿਰਹੋ ਆਦਿ ਸਥਾਈ ਭਾਵ ਹੋਰ ਤੀਬਰ ਹੋ ਜਾਂਦੇ ਹਨ, ਉਹ ਉੱਦੀਪਨ ਵਿਭਾਵ ਹੈ। ਜਿਵੇਂ ਸ਼੍ਰਿੰਗਾਰ ਰਸੀ ਕਵਿਤਾ ਵਿਚ ਕੋਇਲ, ਨਦੀ ਕਿਨਾਰਾ, ਬੱਦਲਾਂ ਦੀ ਘਟਾ, ਚਾਨਣੀ ਰਾਤ, ਤਸਵੀਰ ਆਦਿ।

ਨਾਇਕ-ਨਾਇਕਾ ਦੀਆਂ ਸਰੀਰਕ ਅਤੇ ਮਾਨਸਿਕ ਹਰਕਤਾਂ ਨੂੰ ਰਸ ਸਿਧਾਂਤ ਵਿਚ ਅਨੁਭਾਵ ਕਿਹਾ ਜਾਂਦਾ ਹੈ। ਅਨੁਭਾਵ ਦੀਆਂ ਹੇਠ ਲਿਖੀਆਂ ਚਾਰ ਕਿਸਮਾਂ ਹੁੰਦੀਆਂ ਹਨ :

ਕਾਇਕ ਅਨੁਭਾਵ :- ਸਰੀਰ ਨਾਲ ਸੰਬੰਧਿਤ ਅੰਗ-ਹਰਕਤਾਂ (ਅੱਖ-ਮਟਕੇ) ਨੂੰ ਕਾਇਕ ਅਨੁਭਾਵ ਕਿਹਾ ਜਾਂਦਾ ਹੈ।

ਮਾਨਸਿਕ ਅਨੁਭਾਵ :- ਦਿਲ ਵਿਚ ਪੈਦਾ ਹੋਈ ਮਸਤੀ (ਖੁਸ਼ੀ, ਚਾਅ) ਨੂੰ ਮਾਨਸਿਕ ਅਨੁਭਾਵ ਕਿਹਾ ਜਾਂਦਾ ਹੈ।

ਆਹਾਰਯ ਅਨੁਭਾਵ: - ਪਹਿਨ-ਪਹਿਰਾਵੇ ਨੂੰ ਆਹਾਰਯ ਅਨੁਭਾਵ ਕਿਹਾ ਜਾਂਦਾ ਹੈ।

ਸਾਤਵਿਕ ਅਨੁਭਾਵ :- ਸਰੀਰ ਦੇ ਸੁਭਾਵਿਕ ਤੇ ਕੁਦਰਤੀ ਅੰਗ-ਵਿਕਾਰਾਂ (ਸੁੰਨ ਹੋਣਾ, ਕੰਬਣੀ, ਰੌਂਗਟੇ ਖੜੇ ਹੋਣਾ) ਨੂੰ ਸਾਤਵਿਕ ਅਨੁਭਾਵ ਕਿਹਾ ਜਾਂਦਾ ਹੈ।

ਸੰਚਾਰੀ ਭਾਵਾਂ ਨੂੰ ਵਿਭਚਾਰੀ, ਸਹਿਕਾਰੀ ਜਾਂ ਸਹਿਯੋਗੀ ਭਾਵ ਵੀ ਕਿਹਾ ਜਾਂਦਾ ਹੈ। ਸੰਚਾਰਸ਼ੀਲ ਤੇ ਅਟਿਕਵੇਂ ਮਨੋ ਵਿਕਾਰਾਂ ਜਾਂ ਚਿੱਤ ਬਿਰਤੀਆਂ (ਥਕਾਵਟ, ਨੀਂਦ, ਪ੍ਰਸੰਨਤਾ, ਡਰ ਆਦਿ) ਨੂੰ ਸੰਚਾਰੀ ਭਾਵ ਕਿਹਾ ਹੈ। ਸੰਚਾਰੀ ਭਾਵ ਮਨ ਦੇ ਉਹ ਉਡਾਰੂ ਤੇ ਥੋੜ-ਚਿਰੇ ਵਲਵਲੇ ਹਨ, ਜਿਹੜੇ ਕਿਸੇ ਵਿਸ਼ੇਸ਼ 'ਰਸ' ਦੇ ਅਨੁਭਵ ਕਰਨ ਦੀ ਪ੍ਰਕਿਰਿਆ ਵਿਚ ਸਹਾਇਕ ਹੁੰਦੇ ਹਨ ਪਰੰਤੂ ਪਲ-ਪਲ ਬਦਲਦੇ ਰਹਿੰਦੇ ਹਨ। ਜਿਵੇਂ ਪਾਣੀ ਦੇ ਪ੍ਰਵਾਹ ਵਿਚ ਬੁਲਬਲੇ ਪਲ-ਪਲ ਵਿਚ ਉਠਦੇ ਤੇ ਟੁੱਟਦੇ ਜਾਂਦੇ ਹਨ ਤਿਵੇਂ ਹੀ ਰਸ ਦੇ ਪ੍ਰਵਾਹ ਵਿਚ ਸੰਚਾਰੀ ਭਾਵ ਥੋੜੇ ਸਮੇਂ ਲਈ ਪੈਦਾ ਹੁੰਦੇ ਹਨ। ਇਨ੍ਹਾਂ ਭਾਵਾਂ ਦਾ ਮੰਤਵ ਰਸ ਦਾ ਸਾਖਿਆਕਾਰ ਕਰਨਾ ਹੈ। 'ਨਾਟਯ-ਸ਼ਾਸਤ੍ਰ' ਵਿਚ ਨਿਰਵੇਦ ਤੋਂ ਲੈ ਕੇ ਵਿਰਤਕ ਤਕ 33 ਸੰਚਾਰੀ ਭਾਵਾਂ (ਵੈਰਾਗ, ਘ੍ਰਿਣਾ, ਸ਼ਕ, ਕਿਸੇ ਨੂੰ ਵੇਖ ਕੇ ਸੜਨਾ, ਘੁਮੰਡ, ਮਿਹਨਤ, ਆਲਸ, ਦੀਨਤਾ, ਚਿੰਤਾ, ਮੋਹ, ਯਾਦ, ਧੀਰਜ, ਲਾਜ, ਚੰਚਲਤਾ, ਪ੍ਰਸੰਨਤਾ, ਜੋਸ਼, ਹੱਥ ਪੈਰ ਆਦਿ ਇੰਦਰੀਆਂ ਦਾ ਸੁੰਨ ਹੋਣਾ, ਦੁਖ, ਚਾਓ, ਬੇਹੋਸ਼ੀ, ਸੁਪਨਾ, ਜਾਗਣਾ, ਨਖਰਾ, ਸੁਭਾ ਵਿਚ ਤੇਜ਼ੀ, ਸਮਝ, ਬਿਮਾਰੀ, ਪਾਗ਼ਲਪਨ, ਮਿਰਤੂ, ਡਰ, ਕਿਸੇ ਨਤੀਜੇ ਤੇ ਨਾ ਪਹੁੰਚ ਸਕਣਾ ਆਦਿ) ਦੇ ਨਾਂ ਦਿੱਤੇ ਗਏ ਹਨ। (***ਨਾਟਯ-ਸ਼ਾਸਤ੍ਰ*** 57-58)

**ਰਸ ਦੀ ਨਿਸ਼ਪਤੀ ਜਾਂ ਉਤਪਤੀ**: ਰਸ ਦੀ ਨਿਸ਼ਪਤੀ ਜਾਂ ਪ੍ਰਾਪਤੀ ਉਦਾਹਰਣ ਵਜੋਂ ਇਸ ਤਰ੍ਹਾਂ ਹੁੰਦੀ ਹੈ ਜਿਵੇਂ ਭਾਂਤ-ਭਾਂਤ ਦੇ ਮਿਰਚ ਮਸਾਲਿਆਂ ਤੇ ਹੋਰ ਚੀਜ਼ਾਂ, ਜੜੀ ਬੂਟੀਆਂ ਨਾਲ ਸ਼ਰਬਤ ਬਣਾਇਆ ਜਾਂਦਾ ਹੈ, ਉਸੇ ਤਰ੍ਹਾਂ ਹੀ ਮਨੁੱਖੀ ਭਾਵਾਂ ਨੂੰ ਭਿੰਨ-ਭਿੰਨ ਭਾਵਮੂਲਕ ਹਾਲਤਾਂ ਵਿਚ ਰਖ ਕੇ ਰਸ ਦੀ ਪ੍ਰਾਪਤੀ ਹੁੰਦੀ ਹੈ। ਜਿਵੇਂ ਕਿ ਗੁੜ ਆਦਿਕ ਮਿੱਠੇ, ਅਮਚੂਰ ਇਮਲੀ ਆਦਿਕ ਖੱਟੇ ਮਿਰਚ ਮਸਾਲਿਆ ਤੇ ਹੋਰ ਜੜੀਆਂ ਬੂਟੀਆਂ ਨਾਲ ਛੇ ਰਸਾਂ (ਸੰਵਾਦਾਂ) ਵਾਲਾ ਖਾੜਵਕ ਸ਼ਰਬਤ ਤਿਆਰ ਕੀਤਾ ਜਾਂਦਾ ਹੈ, ਠੀਕ ਉਸੇ ਤਰ੍ਹਾਂ ਹੀ ਮਨੁੱਖ ਦੇ ਮਨ ਵਿਚ ਮੌਜੂਦ ਸਥਾਈ ਭਾਵਾਂ (ਵਿਭਾਵ, ਅਨੁਭਾਵ, ਸੰਚਾਰੀ) ਤੋਂ ਰਸ ਬਣਦੇ ਹਨ। (***ਨਾਟਯ-ਸ਼ਾਸਤ੍ਰ*** 61)

ਰਸ ਦੀ ਨਿਸ਼ਪਤੀ ਜਾਂ ਉਤਪਤੀ ਨਾਲ ਸੰਬੰਧਿਤ ਵਿਦਵਾਨਾਂ ਜਾਂ ਆਚਾਰੀਆ ਦੇ ਵੱਖ-ਵੱਖ ਵਿਚਾਰ ਹਨ, ਜਿਨ੍ਹਾਂ ਵਿਚੋਂ ਅਸੀਂ ਪ੍ਰਮੁੱਖ ਸਿਧਾਂਤਾਂ ਦਾ ਅਧਿਐਨ ਹੇਠਾਂ ਕਰ ਰਹੇ ਹਾਂ :-

**ਭੱਟ ਲੋਲਟ ਦਾ ਉਤਪੱਤੀਵਾਦ ਜਾਂ ਆਰੋਪਵਾਦ: -** ਭੱਟ ਲੋਲਟ ਰਸ ਸਿਧਾਂਤ ਦੇ ਪਹਿਲੇ ਵਿਆਖਿਆਕਾਰ ਸਨ, ਜਿੰਨ੍ਹਾਂ ਦੇ ਰਸ ਸੰਬੰਧੀ ਸਿਧਾਂਤ ਨੂੰ 'ਉਤਪੱਤੀਵਾਦ', 'ਉਪਚਯਵਾਦ' ਜਾਂ 'ਆਰੋਪਵਾਦ' ਕਿਹਾ ਜਾਂਦਾ ਹੈ। ਭੱਟ ਲੋਲਟ ਦੇ ਅਨੁਸਾਰ ਜਦੋਂ ਦਰਸ਼ਕ ਰੰਗਮੰਚ ਉੱਤੇ ਪੇਸ਼ ਹੋਣ ਵਾਲੇ ਨਟ ਜਾਂ ਕਲਾਕਾਰ ਨੂੰ ਹੀ ਇਤਿਹਾਸਕ ਜਾਂ ਮੂਲ ਪਾਤਰ (ਸ੍ਰੀ ਰਾਮ, ਸ੍ਰੀ ਕ੍ਰਿਸ਼ਨ, ਸੀਤਾ) ਸਮਝ ਕੇ ਆਨੰਦ ਮਹਿਸੂਸ ਕਰਦੇ ਹਨ, ਤਾਂ ਉਸ ਨੂੰ ਉਤਪਤੀਵਾਦ ਜਾਂ ਆਰੋਪਵਾਦ ਕਿਹਾ ਜਾਂਦਾ ਹੈ। ਜਿਵੇਂ ਜਦੋਂ ਅਸੀਂ ਸ੍ਰੀ ਰਾਮ ਚੰਦਰ ਦਾ ਅਭਿਨਯ ਕਰ ਰਹੇ ਕਲਾਕਾਰ ਨੂੰ ਹੀ ਇਤਿਹਾਸਕ ਪਾਤਰ ਮੰਨ ਕੇ ਉਸ ਦੇ ਅਭਿਨਯ ਤੋਂ ਰਸ ਦੇ ਆਨੰਦ ਨੂੰ ਮਾਣਦੇ ਹਾਂ, ਤਾਂ ਉੱਥੇ ਭੱਟ ਲੋਲਟ ਦਾ ਉਤਪਤੀਵਾਦ ਜਾਂ ਆਰੋਪਵਾਦ ਸਿਧਾਂਤ ਹੁੰਦਾ ਹੈ। ਭੱਟ ਲੋਲਟ ਦੇ ਅਨੁਸਾਰ ਰਸ ਦੀ ਉਤਪਤੀ ਕੇਵਲ ਮੂਲ ਜਾਂ ਇਤਿਹਾਸਿਕ ਪਾਤਰਾਂ ਦੁਆਰਾ ਹੀ ਹੋ ਸਕਦੀ ਹੈ। ਭੱਟ ਲੋਲਟ ਦੇ ਅਨੁਸਾਰ ਜਦੋਂ ਕੋਈ ਕਵੀ ਆਪਣੇ ਦੁੱਖ-ਦਰਦ ਨੂੰ ਪਾਤਰਾਂ ਰਾਹੀ ਪ੍ਰਸਤੁਤ ਕਰਦਾ ਹੈ ਅਤੇ ਆਪਣੇ ਦੁੱਖ-ਦਰਦ ਨੂੰ ਪਾਠਕਾਂ 'ਤੇ ਥੋਪ ਦਿੰਦਾ ਹੈ ਤਾਂ ਉਸ ਨੂੰ ਆਰੋਪਵਾਦ ਕਿਹਾ ਜਾਂਦਾ ਹੈ। ਉਦਾਹਰਨ ਵਜੋਂ ਵਾਰਿਸ਼ ਸ਼ਾਹ ਨੇ ਆਪਣੇ ਪਿਆਰ ਦੇ ਦੁੱਖ-ਦਰਦ ਨੂੰ ਹੀਰ-ਰਾਝੇ ਦੇ ਦੁੱਖ-ਦਰਦ ਰਾਹੀ ਪ੍ਰਸਤੁਤ ਕੀਤਾ ਸੀ।

**ਭੱਟ ਸ਼ੰਕੁਕ ਦਾ ਅਨੁਮਾਨਵਾਦ ਜਾਂ ਅਨੁਮਿਤੀਵਾਦ: -** ਸ਼ੰਕੁਕ ਨੂੰ ਭੱਟ ਲੋਲਟ ਦੇ ਸਿਧਾਂਤ ਵਿਚ ਸਭ ਤੋਂ ਵੱਡਾ ਦੋਸ਼ ਇਹ ਮਿਲਿਆ ਕਿ ਭੱਟ ਲੋਲਟ ਨੇ ਦਰਸ਼ਕਾਂ ਦੇ ਸੁਆਦ ਜਾਂ ਰਸ ਦੀ ਹੋਂਦ ਨੂੰ ਨਹੀਂ ਮੰਨਿਆ ਪਰੰਤੂ ਸ਼ੰਕੁਕ ਨੇ ਦਰਸ਼ਕਾਂ ਦੇ ਸੁਆਦ ਨੂੰ ਵਿਸ਼ੇਸ਼ ਤੌਰ ਤੇ ਵਿਵੇਚਨ ਦਾ ਵਿਸ਼ਾ ਬਣਾਇਆ ਹੈ। ਸ਼ੰਕੁਕ ਦੇ ਅਨੁਸਾਰ ਰਸ ਦੀ ਨਿਸ਼ਪਤੀ ਜਾਂ ਉਤਪਤੀ ਦਾ ਆਧਾਰ ਅਨੁਮਾਨ ਹੈ, ਕਿਉਂਕਿ ਪਾਠਕ ਜਾਂ ਦਰਸ਼ਕ ਕਵਿਤਾ ਸੁਣ ਕੇ ਅੱਗੇ ਆਪਣਾ ਅਨੁਮਾਨ ਜਾਂ ਅੰਦਾਜਾ ਲਗਾ ਕੇ ਰਸ ਦਾ ਅਨੁਭਵ ਕਰਦੇ ਹਨ ਤੇ ਆਨੰਦ ਪ੍ਰਾਪਤ ਕਰਦੇ ਹਨ।

**ਭੱਟ ਨਾਇਕ ਦਾ ਭੁਕਤੀਵਾਦ ਜਾਂ ਭੋਗਵਾਦ :-** ਭੱਟ ਨਾਇਕ ਨੇ ਭੱਟ ਲੋਲਟ ਅਤੇ ਭੱਟ ਸ਼ੰਕੁਕ ਦੁਆਰਾ ਸਥਾਪਿਤ ਕੀਤੀਆਂ ਜਾ ਚੁਕੀਆਂ ਮਾਨਤਾਵਾਂ ਦਾ ਖੰਡਨ ਕਰਦਿਆਂ ਇਹ ਦੱਸਿਆ ਹੈ ਕਿ ਰਸ ਨਾ ਪ੍ਰਤੀਤ ਹੁੰਦਾ ਹੈ, ਨਾ ਉਤਪੰਨ ਹੁੰਦਾ ਹੈ ਅਤੇ ਨਾ ਹੀ ਅਭਿਵਿਅਕਤ ਹੁੰਦਾ ਹੈ। ਭੱਟ ਨਾਇਕ ਦੇ ਅਨੁਸਾਰ ਜਦੋਂ ਪਾਠਕ ਖੁਦ ਨੂੰ ਕਵਿਤਾ ਦੇ ਵਿਚ ਰੱਖ ਕੇ ਰਸ ਜਾਂ ਆਨੰਦ ਨੂੰ ਭੋਗਣਾ ਸ਼ੁਰੂ ਕਰ ਦਿੰਦਾ ਹੈ ਤਾਂ ਉਸ ਨੂੰ ਭੋਗਵਾਦ ਕਿਹਾ ਜਾਂਦਾ ਹੈ। ਭੱਟ ਨਾਇਕ ਦੀ ਪਹਿਲੀ ਦੇਣ ਸਾਧਾਰਣੀਕਰਨ ਸਿਧਾਂਤ ਦੀ ਸਥਾਪਨਾ ਹੈ, ਦੂਜੀ ਦੇਣ ਦਰਸ਼ਕ ਦੀ ਦ੍ਰਿਸ਼ਟੀ ਤੋਂ ਰਸ-ਸੁਆਦ ਦੀ ਠੀਕ ਵਿਆਖਿਆ ਅਤੇ ਤੀਜੀ ਦੇਣ ਦਰਸ਼ਕਾਂ ਵਿਚ ਰਸ ਦੀ ਹੋਂਦ ਨੂੰ ਸਵੀਕਾਰ ਕਰਨਾ ਹੈ।

**ਅਭਿਨਵ ਗੁਪਤ ਦਾ ਵਿਅਕਤੀਵਾਦ ਜਾਂ ਅਭਿਵਿਅਕਤੀਵਾਦ:-** ਅਭਿਨਵ ਗੁਪਤ ਦੇ ਅਨੁਸਾਰ ਸ੍ਰੋਤੇ ਤੇ ਦਰਸ਼ਕ ਦੇ ਮਨ ਵਿਚ ਕ੍ਰੋਧ, ਦਇਆ, ਪ੍ਰੇਮ ਆਦਿ ਸਥਾਈ ਭਾਵ ਛੁਪੇ ਰਹਿੰਦੇ ਹਨ। ਕਾਵਿ ਪੜ੍ਹਨ-ਸੁਣਨ ਜਾਂ ਨਾਟਕ ਦੇਖਣ ਨਾਲ ਇਹ ਸਥਾਈ ਭਾਵ ਜਾਗ੍ਰਿਤ ਹੋ ਕੇ ਰਸ ਵਿਚ ਬਦਲ ਜਾਂਦੇ ਹਨ। ਦਰਸ਼ਕ ਜਾਂ ਸਰੋਤਾ ਜਿੰਨਾ ਵਧੇਰੇ ਭਾਵੁਕ ਹੋਵੇਗਾ ਉਨ੍ਹਾਂ ਵਧੇਰੇ ਰਸ ਦਾ ਅਨੁਭਵ ਕਰੇਗਾ। ਅਭਿਨਵ ਗੁਪਤ ਦਾ ਵਿਚਾਰ ਹੈ ਕਿ ਨਾ ਤਾ ਰਸ ਪੈਦਾ ਹੁੰਦਾ ਹੈ ਤੇ ਨਾ ਹੀ ਅਨੁਮਾਨ ਨਾਲ ਦਰਸ਼ਕ ਜਾਂ ਪਾਠਕ ਨੂੰ ਖਿੱਚਿਆ ਜਾ ਸਕਦਾ ਹੈ। ਰਸ ਦੇ ਮੂਲ ਸਥਾਈ ਭਾਵ ਤਾਂ ਪਹਿਲਾ ਹੀ ਦਰਸ਼ਕਾਂ ਦੇ ਦਿਲ ਵਿਚ ਪਏ ਹੁੰਦੇ ਹਨ। ਜਦੋਂ ਪਾਠਕ ਜਾਂ ਦਰਸ਼ਕ ਕਾਵਿ ਕਿਰਤ ਪੜ੍ਹਦਾ ਜਾਂ ਸੁਣਦਾ ਹੈ ਤਾਂ ਕਾਵਿ ਪ੍ਰਸੰਗ ਵਿਚਲੇ ਵਿਭਾਵ, ਅਨੁਭਾਵ ਤੇ ਸੰਚਾਰੀ ਭਾਵਾਂ ਰਾਹੀਂ ਉਸਦੇ ਹਿਰਦੇ ਵਿਚ ਸਥਾਈ ਭਾਵ ਜਾਗ ਉਠਦੇ ਹਨ। ਉਹ ਆਪਣੀ ਨਿੱਜਤਾ ਨੂੰ ਭੁੱਲ ਕੇ ਵਿਭਾਵਾਂ ਦੇ ਦੁੱਖਾਂ-ਸੁੱਖਾਂ ਵਿਚ ਸ਼ਾਮਿਲ ਹੋ ਕੇ ਰਸ ਜਾ ਆਨੰਦ ਨੂੰ ਮਹਿਸੂਸ ਕਰਦਾ ਹੈ। ਅਭਿਨਵ ਗੁਪਤ ਦੇ ਅਨੁਸਾਰ ਰਸ ਕੇਵਲ ਮਨੁੱਖਾਂ ਦੇ ਅੰਦਰ ਹੀ ਪੈਦਾ ਹੁੰਦਾ ਹੈ, ਜਾਨਵਰਾਂ ਵਿਚ ਨਹੀਂ।

**2.2. ਰਸ ਦੀਆਂ ਵਿਭਿੰਨ ਕਿਸਮਾਂ :-** 'ਨਾਟਯ-ਸ਼ਾਸਤ੍ਰ' ਵਿਚ ਸ਼ਿੰਗਾਰ, ਹਾਸਯ, ਕਰੁਣ, ਰੌਦ੍ਰ, ਵੀਰ, ਭਿਆਨਕ, ਵੀਭਤਸ, ਅਦਭੁਤ ਅੱਠ ਰਸ ਮੰਨੇ ਜਾਂਦੇ ਸਨ, ਪਰੰਤੂ ਅਭਿਨਵਗੁਪਤ ਨੇ ਅੱਠ ਦੀ ਥਾਂ ਨੌ ਰਸ (ਸ਼ਿੰਗਾਰ, ਹਾਸਯ, ਕਰੁਣ, ਰੌਦ੍ਰ, ਵੀਰ, ਭਿਆਨਕ, ਵੀਭਤਸ, ਅਦਭੁਤ, ਸ਼ਾਂਤ) ਮੰਨੇ ਹਨ। ਇਸ ਪ੍ਰਸ਼ਨ ਉਤੇ

ਵਿਦਵਾਨਾਂ ਵਿਚ ਕਾਫੀ ਮਤਭੇਦ ਪਾਏ ਜਾਂਦੇ ਹਨ, ਕਿਉਕਿ ਪ੍ਰਾਚੀਨ ਚਿੰਤਕਾਂ ਦੇ ਅਨੁਸਾਰ ਸ਼ਾਂਤ ਰਸ ਇਕ ਅਧਿਆਤਮਕ ਸਥਿਤੀ ਹੈ ਅਤੇ ਹਰ ਵਿਅਕਤੀ ਇਸ ਦਾ ਅਭਿਨੈ ਨਹੀਂ ਕਰ ਸਕਦਾ ਹੈ। ਅਭਿਨਵਗੁਪਤ ਨੇ ਸਾਰੇ ਰਸਾਂ ਨੂੰ ਦੋ ਵਰਗਾਂ ਵਿਚ ਵੰਡਿਆ ਹੈ: (***ਨਾਟਯ-ਸ਼ਾਸਤ੍ਰ*** 55-56)

**ਪ੍ਰਵਿਤੀ ਮੂਲਕ ਰਸ**: ਸ਼ਿੰਗਾਰ ਰਸ ਤੋਂ ਲੈ ਕੇ ਅਦਭੁਤ ਰਸ ਤਕ ਪ੍ਰਵਿਤੀ ਮੂਲਕ ਰਸ ਹਨ, ਕਿਉਂਕਿ ਇਨ੍ਹਾਂ ਰਸਾਂ ਦਾ ਸੰਬੰਧ ਮਨੁੱਖ ਦੀ ਆਮ ਪ੍ਰਵਿੱਤੀ (ਆਦਤ, ਇਸਤਰੀ-ਪੁਰਸ਼ ਦੇ ਸੰਬੰਧ, ਹਾਸਾ ਮਜ਼ਾਕ ਆਦਿ) ਨਾਲ ਹੈ। ਅਭਿਨਵਗੁਪਤ ਦੇ ਅਨੁਸਾਰ ਪ੍ਰਵਿਤੀ ਮੂਲਕ ਰਸਾਂ ਦਾ ਆਨੰਦ ਰਿਸ਼ੀ, ਮੁਨੀ, ਕਲਾਕਾਰ ਜਾਂ ਕਲਾ-ਪ੍ਰੇਮੀ ਹੀ ਮਾਣ ਸਕਦੇ ਹਨ।

**ਨਵ੍ਰਿੱਤੀ ਮੂਲਕ ਰਸ**: ਸੰਸਾਰ ਵਿਚ ਵੈਰਾਗ ਹੋਣ ਦਾ ਭਾਵ ਕੇਵਲ ਸ਼ਾਂਤ ਰਸ ਵਿਚ ਹੀ ਹੁੰਦਾ ਹੈ। 'ਮਹਾਭਾਰਤ' ਵਰਗੇ ਮਹਾਨ ਰਚਨਾ ਦਾ ਮੁੱਖ ਰਸ ਸ਼ਾਂਤ ਰਸ ਮੰਨਿਆ ਗਿਆ ਹੈ। ਸ਼ਾਂਤ ਰਸ ਰਾਹੀਂ ਅਧਿਆਤਮਿਕ ਸਥਿਤੀ ਦੀ ਪ੍ਰਾਪਤੀ ਲਈ ਕਵਿਤਾ ਜਾਂ ਕਾਵਿ ਦੀ ਰਚਨਾ ਕੀਤੀ ਜਾਂਦੀ ਹੈ।

| **ਰਸ** | **ਸਥਾਈ ਭਾਵ** | **ਦੇਵਤਾ** |
|---|---|---|
| ਸ਼੍ਰਿੰਗਾਰ ਰਸ (Erotic) | ਪ੍ਰੇਮ ਜਾਂ ਪ੍ਰੀਤ | ਵਿਸ਼ਣੂ |
| ਹਾਸ ਰਸ (Comic) | ਹਾਸਾ | ਕਾਮਦੇਵ |
| ਕਰੁਣਾ ਰਸ (Pathetic) | ਸ਼ੋਕ | ਯਮ |
| ਰੌਦਰ ਰਸ (Horror) | ਕਰੋਧ | ਸ਼ੰਕਰ |
| ਵੀਰ ਜਾਂ ਬੀਰ ਰਸ (Heorism) | ਉਤਸ਼ਾਹ | ਇੰਦ੍ਰ |
| ਭਿਆਨਕ ਰਸ (Fear) | ਭੈ ਜਾਂ ਡਰ | ਕਾਲ |
| ਬੀਭਤਸ ਜਾਂ ਵੀਭਤਸ ਰਸ (Disgust) | ਘਿਰਨਾ | ਮਹਾਕਾਲ |

| | | |
|---|---|---|
| ਅਦਭੁਤ ਰਸ (Wonder) | ਅਸਚਰਜ ਵਿਸਮੈ | ਬ੍ਰਹਮਾ |
| ਸ਼ਾਂਤ ਰਸ (Peace) | ਵੈਰਾਗ | ਮਹਾਤਮਾ ਬੁੱਧ |

**ਸ਼੍ਰਿੰਗਾਰ (ਸ਼ਿੰਗਾਰ) ਰਸ :-** ਸ਼੍ਰਿੰਗਾਰ ਰਸ ਦਾ ਸਥਾਈ ਭਾਵ ਪ੍ਰੇਮ ਜਾਂ ਪ੍ਰੀਤ ਹੈ। ਸ਼ਿੰਗਾਰ ਰਸ ਦੀ ਪ੍ਰਾਪਤੀ ਜਾਂ ਅਨੁਭੂਤੀ ਰਤਿ (ਪ੍ਰੇਮ) ਸਥਾਈ ਭਾਵ ਤੋਂ ਹੁੰਦੀ ਹੈ। (***ਨਾਟਯ-ਸ਼ਾਸਤ੍ਰ*** 63) ਪ੍ਰੀਤਵਾਨ ਨਾਇਕ ਤੇ ਨਾਇਕਾ ਵਲੋਂ ਮਿਲਣ ਦੀ ਖ਼ੁਸ਼ੀ, ਵਿਛੋੜੇ ਦੀ ਚੀਸ, ਬਿਰਹੋਂ ਦੀ ਕਸਕ ਜਾਂ ਵਸਲ ਦੀ ਇੱਛਾ ਤੇ ਵਿਆਕੁਲਤਾ ਆਦਿ ਜੋ ਕੁੱਝ ਵੀ ਜਿੰਦਗੀ ਨੂੰ ਰਸੀਲਾ ਬਣਾਉਂਦਾ ਹੈ, ਉਹ ਸਾਰਾ ਕੁਝ ਸ਼੍ਰਿੰਗਾਰ ਰਸ ਵਿਚ ਸਮੋਇਆ ਪਿਆਰ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਦੇ ਅਨੁਸਾਰ, "ਸ਼੍ਰਿੰਗਾਰ ਦਾ ਮੂਲ ਤੇ ਮੁਖ ਅਰਥ ਉਹ ਸਨੇਹ ਹੈ ਜਿਸਦਾ ਸੁਹਜਾਤਮਕ ਤਰੀਕੇ ਨਾਲ ਅਨੁਭਵ ਕੀਤਾ ਜਾਵੇ।" (***ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ*** 167)

ਅਭਿਨਵਗੁਪਤ ਦੇ ਅਨੁਸਾਰ ਇਸ ਸੰਸਾਰ ਵਿਚ ਜਿੰਨਾ ਕੁਝ ਪਵਿੱਤਰ ਹੈ, ਸ਼ੁੱਧ ਹੈ, ਸਾਫ਼-ਸੁਥਰਾ ਹੈ ਅਤੇ ਦੇਖਣ ਯੋਗ ਹੈ, ਉਹ ਸਭ ਸ਼ਿੰਗਾਰ ਰਸ ਦਾ ਹੀ ਰੂਪ ਹੈ। (***ਨਾਟਯ-ਸ਼ਾਸਤ੍ਰ*** 63) ਭੋਜਰਾਜ ਦੇ ਅਨੁਸਾਰ ਜੇਕਰ ਕਵੀ ਸ਼੍ਰਿੰਗਾਰ ਰਸੀ ਹੋਵੇਗਾ, ਤਾਂ ਸਾਰਾ ਜਹਾਨ ਰਸਮਈ ਹੋ ਨਿਬੜੇਗਾ, ਨਹੀਂ ਤਾਂ ਸਾਰਾ ਸੰਸਾਰ ਰਸਹੀਨ ਹੋ ਜਾਵੇਗਾ। ਸ਼੍ਰਿੰਗਾਰ ਰਸ ਦੋ ਤਰ੍ਹਾਂ ਦਾ ਹੁੰਦਾ ਹੈ : ਸੰਜੋਗ ਸ਼੍ਰਿੰਗਾਰ ਰਸ ਅਤੇ ਵਿਜੋਗ ਸ਼੍ਰਿੰਗਾਰ ਰਸ। ਇਸਤਰੀ ਪੁਰਸ਼ ਦੇ ਪ੍ਰੇਮ ਸੰਬੰਧਾਂ ਕਾਰਨ ਮਿਲਣ-ਮਿਲਾਪ ਨੂੰ ਸੰਜੋਗ ਸ਼੍ਰਿੰਗਾਰ ਰਸ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਅੱਖਾਂ ਤੇ ਭਰਵੱਟਿਆਂ ਦੇ ਇਸ਼ਾਰੇ, ਮਸਤੀ ਭਰੀ ਚਾਲ, ਅੰਗਾਂ ਦੀਆਂ ਹਰਕਤਾਂ ਅਤੇ ਮਿੱਠੇ ਬੋਲ ਜਾਂ ਵਚਨ ਆਦਿ ਸ਼ਿੰਗਾਰ ਰਸ ਦੇ ਅਨੁਭਾਵ ਹਨ। ਭਾਨੁਦੱਤ ਦੇ ਅਨੁਸਾਰ, "ਨਾਇਕ-ਨਾਇਕਾ ਦੇ ਪਰਸਪਰ ਅਨੁਕੂਲ ਦਰਸ਼ਨ, ਸਪਰਸ਼ ਅਤੇ ਗਲਵਕੜੀ ਆਦਿਕ ਵਿਵਹਾਰ ਨੂੰ ਸੰਜੋਗ ਕਹਿੰਦੇ ਹਨ।" (***ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ*** 169)

ਸੰਜੋਗ ਸ਼ਿੰਗਾਰ ਰਸ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

ਕੋਈ ਆਇਆ

ਸਰਘੀ ਸਾਰ ਮੇਰੇ ਕੋਲ਼।

ਤੇ ਮੂੰਹ-ਝਾਖਰੇ ਵਿਚ

ਸਿੰਞਾਤੇ ਬੋਲ।

ਸੁੱਤੇ ਸੂਰਜ ਤੇ ਚੰਦ

ਤਾਰਿਆਂ ਦੀ ਲਿਸ਼ਲਿਸ਼ ਬੰਦ

ਪਰ ਹਸਦੇ ਨੂਰਾਂ ਨਾਲ,

ਭਰੀ ਮੇਰੀ ਝੋਲ਼। (***ਪ੍ਰੀਤਮ ਸਿੰਘ ਸਫ਼ੀਰ, ਸਰਘੀ ਸਾਰ***)

ਓਪਰੋਕਤ ਕਾਵਿ-ਸਤਰਾਂ ਵਿਚ ਪੰਜਾਬੀ ਭਾਸ਼ਾ ਦੇ ਪ੍ਰਸਿੱਧ ਕਵੀ ਪ੍ਰੀਤਮ ਸਿੰਘ ਸਫ਼ੀਰ ਨੇ ਆਤਮਾ ਅਤੇ ਪਰਮਾਤਮਾ ਦੇ ਮਿਲਾਪ ਦੀ ਸਥਿਤੀ ਦੇ ਨਾਲ-ਨਾਲ ਕੁਦਰਤ ਦੇ ਦਿਲ-ਖਿਚਵੇਂ ਦ੍ਰਿਸ਼ ਦਾ ਵੀ ਵਰਨਣ ਕੀਤਾ ਹੈ। ਕਵੀ ਨੇ ਇਸ ਕਵਿਤਾ ਵਿਚ ਜੀਵ (ਆਤਮਾ) ਅਤੇ ਪਤੀ (ਪਰਮਾਤਮਾ) ਦੇ ਮਿਲਾਪ ਨੂੰ ਕੁਦਰਤੀ ਦ੍ਰਿਸ਼ਾਂ ਦੀ ਸਹਾਇਤਾ ਨਾਲ ਕਲਮਬੱਧ ਕਰਨ ਦਾ ਇਕ ਨਿਵੇਕਲਾ ਉਪਰਾਲਾ ਜਾਂ ਯਤਨ ਕੀਤਾ ਹੈ। ਓਪਰੋਕਤ ਸਤਰਾਂ ਵਿਚ ਪ੍ਰੇਮ ਸਥਾਈ ਭਾਵ ਹੈ, ਦਿਲ-ਖਿਚਵੇਂ ਕੁਦਰਤੀ ਦ੍ਰਿਸ਼ ਵਿਭਾਵ ਹਨ, ਪਰਮਾਤਮਾ ਆਲੰਬਨ ਭਾਵ ਹੈ, ਸਰਘੀ ਸਾਰ, ਸਿੰਞਾਤੇ ਬੋਲ, ਤਾਰਿਆਂ ਦੀ ਲਿਸ਼ਲਿਸ਼, ਹਸਦੇ ਨੂਰ ਆਦਿ ਸ਼ਬਦ ਅਨੁਭਾਵ ਹਨ ਅਤੇ ਸੰਜੋਗਾਤਮਕ ਅਨੰਦ ਸੰਚਾਰੀ ਭਾਵ ਹੈ। ਸੰਜੋਗ ਜਾਂ ਵਸਲ ਨਾਲ ਸੰਬੰਧਿਤ ਇਕ ਹੋਰ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਨੀਂ ਅੱਜ ਕੋਈ ਆਇਆ ਸਾਡੇ ਵੇਹੜੇ।

ਤੱਕਣ ਚੰਨ ਸੂਰਜ ਢੁੱਕ-ਢੁੱਕ ਨੇੜੇ।

ਲੱਸੇ ਨੀਂ ਉਹਦਾ ਮੱਥਾ ਤਾਰਿਆ ਵਾਗੂੰ।

ਆਇਆ ਨੀਂ ਖੌਰੇ ਅੰਬਰ ਘੁੰਮ-ਘੁੰਮ ਕਿਹੜੇ।

ਚੁੰਮੋਂ ਨੀਂ ਇਹਦੇ ਹੱਥ ਚੰਬੇ ਦੀਆਂ ਕਲੀਆਂ।

ਧੋਵੋ ਨੀਂ ਇਹਦੇ ਪੈਰ ਮੱਖਣ ਦੇ ਪੇੜੇ।

ਰੱਖੋ ਨੀਂ ਇਹਨੂੰ ਘੁੱਟ-ਘੁੱਟ ਜਿੰਦ ਦੇ ਨੇੜੇ।

ਪੁਛੋ ਨਾ ਇਹ ਕੌਣ ਤੇ ਕਿੱਥੋਂ ਆਇਆ।

ਤੱਕੋ ਨੀਂ ਇਹਦਾ ਰੂਪ ਭੁੱਲਾ ਸਭ ਝੇੜੇ।

ਨੀਂ ਅੱਜ ਕੋਈ ਆਇਆ ਸਾਡੇ ਵੇਹੜੇ। (***ਮੋਹਨ ਸਿੰਘ, ਅਧਵਾਟੇ***)

ਜਦੋਂ ਪ੍ਰੇਮੀ-ਪ੍ਰੇਮਿਕਾ ਦਾ ਆਪਸ ਵਿਚ ਡੂੰਘਾ ਪਿਆਰ ਹੋਣ ਦੇ ਬਾਵਜੂਦ ਵੀ ਮੇਲ ਨਾ ਹੋ ਸਕੇ ਤਾਂ ਉਥੇ ਵਿਯੋਗ ਸ਼੍ਰਿੰਗਾਰ ਰਸ ਦੀ ਉਤਪਤੀ ਹੁੰਦੀ ਹੈ। ਸ਼੍ਰਿੰਗਾਰ ਰਸ ਵਿਚ ਸੰਜੋਗ, ਵਿਯੋਗ, ਮਿਲਾਪ, ਖੁਸ਼ੀ, ਆਨੰਦ, ਤਿਆਗ ਅਤੇ ਤੜਪਨਾਂ ਆਦਿ ਭਾਵ ਹੁੰਦੇ ਹਨ। ਵਿਯੋਗ ਜਾਂ ਬਿਰਹੋਂ ਨਾਲ ਸੰਬੰਧਿਤ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਡੂੰਘੀ ਆਥਣ ਹੋ ਗਈ ਮਾਹੀਆ ਲੱਥੀ ਸੰਝ ਚੁਫੇਰ ਵੇ

ਲੋਪ ਹੋਈ ਚਾਨਣ ਦੀ ਸੱਗੀ ਸੰਘਣਾ ਹੋਇਆ ਹਨ੍ਹੇਰ ਵੇ

ਅਧ ਅਸਮਾਨੀ ਚੰਨ ਦਾ ਡੋਲਾ ਤਾਰਿਆਂ ਭਰੀ ਚੰਗੇਰ ਵੇ

ਚੂਹਕੀ ਚਿੜੀ ਲਾਲੀ ਚਿਚਲਾਣੀ ਲੱਗਾ ਹੋਇਆ ਮੁਨ੍ਹੇਰ ਵੇ

ਪੂਰਬ ਗੁਜਰੀ ਰਿੜਕਣ ਲੱਗੀ ਛਿਟਾਂ ਉੱਡੀਆਂ ਢੇਰ ਵੇ

ਇਤਨੀ ਵੀ ਕੀ ਦੇਰੀ ਮਾਹੀਆ ਇਤਨੀ ਵੀ ਕੀ ਦੇਰ ਵੇ। (***ਪ੍ਰੋ. ਮੋਹਨ ਸਿੰਘ***)

ਓਪਰੋਕਤ ਕਾਵਿ-ਸਤਰਾਂ ਵਿਚ ਕਵੀ ਪ੍ਰੋ. ਮੋਹਨ ਸਿੰਘ ਨੇ ਵਿਯੋਗ ਸ਼ਿੰਗਾਰ ਰਸ ਨੂੰ ਸਮਝਾਉਣ ਦਾ ਉਪਰਾਲਾ ਕੀਤਾ ਹੈ। ਇਹਨਾਂ ਸਤਰਾਂ ਵਿਚ ਉਡੀਕਵਾਨ ਨਾਇਕਾ ਨਾਇਕ ਨੂੰ ਸੰਬੋਧਨ ਕਰ ਰਹੀ ਹੈ। ਆਥਣ, ਸੰਘਣਾ ਹਨੇਰ, ਤਾਰਿਆਂ ਦੀ ਚੰਗੇਰ, ਚੂਕਦੀ ਚਿੜੀ ਆਦਿ ਉਦੀਪਨ ਵਿਭਾਵ ਹਨ, ਕਿਉਂਕਿ ਇਹਨਾਂ ਦੀ ਹੋਂਦ ਪ੍ਰੇਮ ਜਾਂ ਰਤੀ ਨੂੰ ਉਤੇਜਨਾ ਦੇ ਰਹੀ ਹੈ। ਚਿੜੀਆਂ, ਚੰਨ, ਤਾਰਿਆਂ ਨੂੰ ਵੇਖਣਾ, ਰਾਤ ਨੂੰ ਜਾਗਣਾ ਆਦਿ ਅਨੁਭਾਵ ਹਨ। ਚਿੰਤਾ, ਆਲਸ, ਉਡੀਕ ਵਿਚ ਉਤਸੁਕਤਾ ਆਦਿ ਸੰਚਾਰੀ ਭਾਵ ਹਨ ਜਿਹੜੇ ਨਾਇਕਾ ਦੇ ਹਿਰਦੇ ਵਿਚ ਆ ਜਾ ਰਹੇ ਹਨ। ਵਿਯੋਗ ਰਸ ਨਾਲ ਸੰਬੰਧਿਤ ਹੋਰ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

ਮਿਤ੍ਰ ਪਿਆਰੇ ਨੂੰ ਹਾਲ-ਮੁਰੀਦਾਂ ਦਾ ਕਹਿਣਾ,

ਤੁਧ ਬਿਨ ਰੋਗ ਰਜਾਈਆਂ ਦਾ ਓਡਣ,

ਨਾਗ ਨਿਵਾਸਾਂ ਦਾ ਰਹਿਣਾ।

ਸੂਲ ਸੁਰਾਹੀ ਖੰਜਲ ਪਿਆਲਾ,

ਬਿੰਗ ਕਸਾਈਆਂ ਦਾ ਸਹਣਾ,

ਯਾਰੜੇ ਦਾ ਸਾਨੂੰ ਸਥਰ ਚੰਗਾ,

ਭਠ ਖੇੜਿਆਂ ਦਾ ਰਹਿਣਾ। (***ਗੁਰੂ ਗੋਬਿੰਦ ਸਿੰਘ ਜੀ***)

ਸਰਘੀ ਵਰਗੇ ਮੂੰਹ ਦੇ ਬਾਝੋਂ, ਕਿਹੜੇ ਕੰਮ ਸਵੇਰਾਂ ਨੇ।

ਯਾਦਾਂ ਭੇਜੇ ਆਪ ਨਾ ਆਵੇਂ,

*ਇਹ ਕੇਹੀਆਂ ਦਿਲਬਰੀਆਂ ਨੇ।* ***(ਮੋਹਨ ਸਿੰਘ 'ਸਵੇਰ')***

**ਹਾਸ ਰਸ :-** ਮਨੁੱਖੀ ਜੀਵਨ ਵਿਚ ਅਣਮੇਲ ਗੱਲਾਂ, ਅਣਮੇਲ ਘਟਨਾਵਾਂ, ਅਣਮੇਲ ਹਰਕਤਾਂ, ਬੇਢੰਗੇ ਪਹਿਰਾਵੇ ਅਤੇ ਕਿਸੇ ਦੀ ਮੂਰਖਤਾ ਵੇਖਣ ਜਾਂ ਸੁਣਨ ਤੋਂ ਹੀ ਹਾਸ ਰਸ ਪੈਦਾ ਹੁੰਦਾ ਹੈ। ਕਵੀ ਤੇ ਕਲਾਕਾਰ ਦਾ ਹਾਸਾ ਉਸਾਰੂ ਹੁੰਦਾ ਹੈ, ਕਿਉਂਕਿ ਹਾਸ ਰਸ ਨਾਲ ਕਵੀ ਜਿੰਦਗੀ ਨੂੰ ਖ਼ੁਸ਼ੀਆਂ ਨਾਲ ਭਰਪੂਰ ਕਰਨ ਦਾ ਯਤਨ ਕਰਦਾ ਹੈ। ਆਧੁਨਿਕ ਸਮੇਂ ਵਿਚ ਹਾਸ ਰਸ ਨੂੰ ਸਾਹਿਤਕ ਹਾਸਾ ਵੀ ਕਿਹਾ ਜਾਂਦਾ ਹੈ ਕਿਉਂਕਿ ਇਹ ਹਾਸਾ ਉਪਰੋਂ ਹੌਲਾ ਫੁੱਲ ਵਰਗਾ ਦਿਖਾਈ ਦਿੰਦਾ ਹੈ ਪਰ ਅੰਦਰੋਂ ਡੂੰਘੀ ਮਾਰ ਕਰਦਾ ਹੈ। ਸਾਹਿਤਕ ਹਾਸਾ ਵਿਅਕਤੀ ਜਾਂ ਸਮਾਜ ਨੂੰ ਉਸ ਦੀਆਂ ਕਮੀਆਂ ਤੋਂ ਖ਼ਬਰਦਾਰ ਕਰ ਕੇ ਉਸ ਨੂੰ ਸਿੱਧੇ ਰਸਤੇ ਪਾਉਣ ਦਾ ਯਤਨ ਕਰਦਾ ਹੈ। ਅਸੀਂ ਰੋਜ਼ਾਨਾ ਆਮ ਜਿੰਦਗੀ ਵਿਚ ਦੇਖਦੇ ਹਾਂ ਕਿ ਕਿਸੇ ਦੇ ਬੋਲਣ ਦੇ ਢੰਗ ਜਾਂ ਲਹਿਜੇ ਆਦਿ ਤੋਂ ਵੀ ਹਾਸਾ ਪੈਦਾ ਹੋ ਜਾਂਦਾ ਹੈ। ਅੰਗਰੇਜੀ ਭਾਸ਼ਾ ਵਿਚ ਹਾਸ ਰਸ ਨਾਲ ਸੰਬੰਧਿਤ ਬਹੁਤ ਸਾਰੇ ਸ਼ਬਦ ਪ੍ਰਚਲਿਤ ਹਨ ਜਿਵੇਂ Humour, Irony, Joke, Satire, Wit, Smile ਆਦਿ।

ਭਰਤਮੁਨੀ ਦੇ ਅਨੁਸਾਰ ਹਾਸਯ ਰਸ ਵਿਚ ਪਾਤਰ ਦੇ ਕੱਪੜੇ, ਗਹਿਣੇ, ਚੰਚਲਤਾ, ਕੁਤਕਤਾੜੀਆਂ ਕਰਕੇ ਹਸਾਉਣ ਦੀ ਕੋਸ਼ਿਸ਼, ਬਿਨਾਂ ਮਤਲਬ ਦੀ ਬਕਵਾਸ, ਵਿਅੰਗ ਕਰਨਾ (ਅਰਥਾਤ ਸ਼ਬਦਾਂ ਦੀ ਗੁਝੀ ਮਾਰ ਕਰਨੀ), ਅੰਗਹੀਣਾਂ ਦੀਆਂ ਚੇਸ਼ਟਾਵਾਂ ਆਦਿ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਹਾਸ ਰਸ ਦੇ ਅਨੁਭਾਵ: ਬੁਲ੍ਹ, ਨੱਕ ਤੇ ਗਲੇ ਵਿਚ ਹਲਚਲ, ਅੱਖਾਂ ਦਾ ਬੰਦ ਹੋਣਾ ਜਾਂ ਬਹੁਤ ਖੁੱਲ੍ਹ ਜਾਣਾ, ਹੱਸਦੇ-ਹੱਸਦੇ ਮੂੰਹ ਦਾ ਲਾਲ ਹੋ ਜਾਣਾ। ਹਾਸ ਰਸ ਦੇ ਸੰਚਾਰੀ ਭਾਵ: ਆਲਸ, ਲੱਜਾ, ਨੀਂਦ, ਸੁਸਤੀ, ਜਾਗਣਾ, ਈਰਖਾ ਆਦਿ। ਭਰਤਮੁਨੀ ਦੇ ਅਨੁਸਾਰ ਹਾਸਯ ਰਸ ਦੋ ਤਰ੍ਹਾਂ ਦਾ ਹੁੰਦਾ ਹੈ: ਆਤਮ ਹਾਸ (ਆਪਣੀਆਂ ਕਮਜ਼ੋਰੀਆਂ ਉੱਤੇ ਆਪ ਹੱਸਣਾ), ਪਰਾਇਆ ਹਾਸ (ਦੂਜੇ ਉੱਤੇ ਹੱਸਣਾ)। (***ਨਾਟਯ-ਸ਼ਾਸਤ੍ਰ*** *69)*

**ਹਾਸਯ ਰਸ ਦੇ ਪ੍ਰਕਾਰ**: ਭਰਤਮੁਨੀ ਦੇ ਅਨੁਸਾਰ ਹਾਸਯ ਰਸ ਦੇ ਛੇ ਪ੍ਰਕਾਰ ਹੁੰਦੇ ਹਨ: ਸਿਮਤ, ਹਸਿਤ, ਵਿਹਸਿਤ, ਉਪਹਸਿਤ, ਅਪਹਸਿਤ, ਅਤਿਹਸਿਤ।

**ਸਿਮਤ**: ਹਲਕੀ ਜਿਹੀ ਮੁਸਕਾਨ ਨੂੰ ਸਿਮਤ ਕਿਹਾ ਜਾਂਦਾ ਹੈ। ਪ੍ਰਾਚੀਨ ਆਚਾਰਯਾਂ ਦੇ ਅਨੁਸਾਰ, "ਉੱਤਮ ਸੁਭਾ ਦੇ ਲੋਕਾ ਦੀ ਮੁਸਕਰਾਹਟ ਵਿਚ ਗੱਲ੍ਹਾਂ ਥੋੜੀਆਂ ਖਿੜ ਜਾਂਦੀਆਂ ਹਨ, ਨਜ਼ਰ ਵਿਚ ਚਮਕ ਤੇ ਤਿੱਖਾਪਨ ਆ ਜਾਂਦਾ ਹੈ, ਪਰ ਗੰਭੀਰਤਾ ਕਾਇਮ ਰਹਿੰਦੀ ਹੈ ਤੇ ਦੰਦ ਬਾਹਰ ਨਹੀਂ ਦਿਸਦੇ।" (***ਨਾਟਯ-ਸ਼ਾਸਤ੍ਰ*** *70*)

**ਹਸਿਤ**: ਹਸਿਤ ਹਾਸੇ ਵਿਚ ਉੱਤਮ ਲੋਕਾਂ ਦੇ ਮੂੰਹ, ਅੱਖਾਂ ਤੇ ਗੱਲ੍ਹਾਂ ਖਿੜ੍ਹ ਜਾਂਦੀਆਂ ਹਨ ਤੇ ਦੰਦ ਥੋੜੇ ਜਿਹੇ ਦਿਸਣ ਲੱਗ ਪੈਂਦੇ ਹਨ।

**ਵਿਹਸਿਤ**: ਵਿਹਸਿਤ ਨੂੰ ਸਮੇਂ ਅਨੁਸਾਰ ਜਾਂ ਮੌਕੇ ਮੁਤਾਬਕ ਹਾਸੀ ਵੀ ਕਿਹਾ ਜਾਂਦਾ ਹੈ। ਵਿਹਸਿਤ ਹਾਸੇ ਵਿਚ ਅੱਖਾਂ ਤੇ ਗੱਲਾਂ ਥੋੜੀਆਂ ਜਿਹੀਆਂ ਬੰਦ ਹੁੰਦੀਆਂ ਹਨ, ਮੂੰਹੋਂ ਥੋੜ੍ਹੀ ਜਿਹੀ ਮਿੱਠੀ ਆਵਾਜ਼ ਵੀ ਨਿਕਲਦੀ ਹੈ ਅਤੇ ਮੂੰਹ ਤੇ ਲਾਲੀ ਵੀ ਦਿਸਦੀ ਹੈ। ਇਸ ਹਾਸੇ ਦਾ ਸੰਬੰਧ ਦਰਮਿਆਨੇ ਸੁਭਾ ਦੇ ਲੋਕਾਂ ਨਾਲ ਹੈ।

**ਉਪਹਸਿਤ**: ਉਪਹਸਿਤ ਹਾਸੇ ਵਿਚ ਨੱਕ, ਸਾਹ ਨਾਲ ਫੁੱਲ ਜਾਂਦੀ ਹੈ, ਨਜ਼ਰਾਂ ਟੇਢੀਆਂ ਹੋ ਜਾਂਦੀਆ ਹਨ ਤੇ ਮੱਥਾ ਵੀ ਸੁੰਗੜ ਜਾਂਦਾ ਹੈ। ਇਸ ਹਾਸੇ ਦਾ ਸੰਬੰਧ ਦਰਮਿਆਨੇ ਸੁਭਾ ਦੇ ਲੋਕਾਂ ਨਾਲ ਹੈ।

**ਅਪਹਸਿਤ**: ਅਪਹਸਿਤ ਹਾਸੇ ਵਿਚ ਹੱਸਦੇ-ਹੱਸਦੇ ਅੱਖਾਂ ਵਿਚ ਪਾਣੀ ਭਰ ਜਾਂਦਾ ਹੈ, ਹੱਸਣ ਦੀ ਆਵਾਜ਼ ਉੱਚੀ ਤੇ ਕੰਨਾਂ ਨੂੰ ਕਾਣ ਵਾਲੀ ਹੁੰਦੀ ਹੈ, ਹੱਸਦੇ-ਹੱਸਦੇ ਵੱਖੀਆਂ ਪੱਕ ਜਾਂਦੀਆਂ ਹਨ।

**ਅਤਿਹਸਿਤ**: ਅਤਿਹਸਿਤ ਹਾਸੇ ਵਿਚ ਕਿਸੇ ਵੀ ਮਰਯਾਦਾ ਦਾ ਖ਼ਿਆਲ ਨਹੀਂ ਰੱਖਿਆ ਜਾਂਦਾ ਹੈ, ਹੱਸਦੇ-ਹੱਸਦੇ ਅੱਖਾਂ ਵਿਚ ਪਾਣੀ ਭਰ ਜਾਂਦਾ ਹੈ, ਸਿਰ ਅਤ ਮੋਢੇ ਕੰਬਣ ਲੱਗ ਪੈਂਦੇ ਹਨ। ਹਾਸ ਰਸ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

ਮੈਡਮ, ਕੀ ਆਖਾਂ ਤੈਨੂੰ ਕਿਵੇ ਆਖਾਂ?

ਅੱਜ ਆਖਣੇ ਦੀ ਪੈ ਗਈ ਲੋੜ ਹੀਰੇ।

ਫਸਟ ਏਡ ਦੇ ਥਾਂ ਤੂੰ ਰੇਡ ਕੀਤਾ

ਸਾਡਾ ਹਿੱਲਿਆ ਏ ਜੋੜ-ਜੋੜ ਹੀਰੇ।

ਜੇ ਤੂੰ ਖੇੜਿਆ ਬਾਝ ਨਹੀਂ ਰਹਿ ਸਕਦੀ

ਮੱਝਾਂ ਚਾਰੀਆਂ ਦੇ ਪੈਸੇ ਮੋੜ ਹੀਰੇ।

ਮੇਰੇ ਟੀ.ਏ. ਤੇ ਡੀ.ਏ. ਦਾ ਕਰ ਲੇਖਾ

ਮੈਂ ਨਾ ਮੰਗਦਾ ਲੱਖ ਕਰੋੜ ਹੀਰੇ। (***ਡਾ. ਗੁਰਨਾਮ ਸਿੰਘ ਤੀਰ, ਰਾਂਝੇ ਦਾ ਮੈਮੋਰੈਂਡਮ***)

ਉਪਰੋਕਤ ਕਾਵਿ-ਸਤਰਾਂ ਵਿਚ ਡਾ. ਗੁਰਨਾਮ ਸਿੰਘ ਤੀਰ ਨੇ ਰਾਂਝੇ ਪਾਤਰ ਦਾ ਅੰਗਰੇਜ਼ੀਕਰਣ ਕਰ ਕੇ ਹਾਸ ਰਸ ਨੂੰ ਪੈਦਾ ਕਰਨ ਦਾ ਨਿਵੇਕਲਾ ਉਪਰਾਲਾ ਜਾਂ ਯਤਨ ਕੀਤਾ ਹੈ। ਹਾਸ ਰਸ ਵਿਚ ਵਿਚਿਤ੍ਰ ਪਹਿਰਾਵਾ, ਵਿਅੰਗ ਭਰੀ ਵਾਰਤਾਲਾਪ, ਮੂਰਖਤਾ ਵਾਲੀਆਂ ਹਰਕਤਾਂ, ਕਿਸੇ ਵਿਅਕਤੀ ਦੀ ਨਕਲ ਆਦਿ ਆਲੰਬਨ ਵਿਭਾਵ ਹਨ। ਉਪਰੋਕਤ ਕਾਵਿ-ਸਤਰਾਂ ਵਿਚ ਰਾਂਝੇ ਦਾ ਅੰਗਰੇਜ਼ੀਕਰਣ ਆਲੰਬਨ ਵਿਭਾਵ ਹੈ। ਹਾਸ ਰਸ ਵਿਚ ਹਾਸੇ ਨੂੰ ਪੈਦਾ ਕਰਨ ਵਾਲੀਆਂ ਚੇਸ਼ਟਾਵਾਂ ਉੱਦੀਪਨ ਵਿਭਾਵ ਹਨ। ਉਪਰੋਕਤ ਕਾਵਿ-ਸਤਰਾਂ ਵਿਚ ਵੀਹਵੀਂ ਸਦੀ ਦੇ ਅਰਧ-ਸਿਖਿਅਤ ਵਿਅਕਤੀ ਵਾਂਗੂੰ ਅੰਗਰੇਜ਼ੀ-ਪੰਜਾਬੀ ਬੋਲੀ ਦੀ ਖਿਚੜੀ ਉੱਦੀਪਨ ਵਿਭਾਵ ਹੈ। ਹਾਸ ਰਸ ਵਿਚ ਗੱਲ੍ਹਾਂ ਤੇ ਹੋਠਾਂ ਦਾ ਫੜਕਣਾ, ਅੱਖਾਂ ਦਾ ਮੀਚਣਾ, ਮੁਖ ਦਾ ਖਿੜਨਾ, ਪੇਟ ਦਾ ਹਿਲਣਾ, ਦੰਦ ਕੱਢਣੇ ਆਦਿ ਅਨੁਭਾਵ ਹਨ। ਉਪਰੋਕਤ ਕਾਵਿ-ਸਤਰਾਂ ਵਿਚ ਰਾਂਝੇ ਦੁਆਰਾ ਹੀਰ ਕੋਲੋਂ ਮੱਝਾਂ ਚਾਰੀਆਂ ਦੇ ਪੈਸਿਆਂ ਦੇ ਨਾਲ ਟੀ.ਏ ਅਤੇ ਡੀ.ਏ ਦਾ ਹਿਸਾਬ ਮੰਗਣਾ ਅਨੁਭਾਵ ਹੈ। ਹਾਸ ਰਸ ਵਿਚ ਹੰਝੂ, ਕਾਂਬਾ, ਖੁਸ਼ੀ, ਚੰਚਲਤਾ, ਰੋਮਾਂਚ, ਮੁੜ੍ਹਕਾ, ਨਿਰਲੱਜਤਾ ਆਦਿ ਸੰਚਾਰੀ ਭਾਵ ਹਨ। ਉਪਰੋਕਤ ਕਾਵਿ-ਸਤਰਾਂ ਵਿਚ ਉਤਸੁਕਤਾ, ਤਰਲੇ, ਰੋਸ ਆਦਿ ਸੰਚਾਰੀ ਭਾਵ ਹਨ। ਹਾਸ ਰਸ ਵਿਚ 'ਹਾਸ' ਸਥਾਈ ਭਾਵ ਹੁੰਦਾ ਹੈ। ਹਾਸ ਰਸ ਨਾਲ ਸੰਬੰਧਿਤ ਇਕ ਹੋਰ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਨਿੱਕੇ ਹੁੰਦੇ ਢੱਗੇ ਚਾਰੇ,

ਵੱਡੇ ਹੋਏ ਹਲ਼ ਵਾਹਿਆ,

ਬੁੱਢੇ ਹੋਏ ਮਾਲਾ ਫੇਰੀ,

ਰੱਬ ਦਾ ਉਲਾਂਭਾ ਲਾਹਿਆ। (***ਬੁੱਲ੍ਹੇ ਸ਼ਾਹ***)

**ਕਰੁਣਾ ਰਸ :-** ਸ਼ੋਕ ਕਰੁਣਾ ਰਸ ਦਾ ਸਥਾਈ ਭਾਵ ਹੈ। ਮਨਚਾਹੀ ਪਿਆਰੀ ਵਸਤੂ ਜਾਂ ਚੀਜ ਦੇ ਨਾਸ਼ ਅਤੇ ਅਣਚਾਹੀ ਵਸਤੂ ਦੀ ਪ੍ਰਾਪਤੀ ਕਰ ਕੇ ਜਿੱਥੇ ਸ਼ੋਕ ਦੇ ਸਥਾਈ ਭਾਵ ਦੀ ਪੁਸ਼ਟੀ ਹੋਵੇ, ਉਥੇ ਕਰੁਣ ਰਸ ਦਾ ਪ੍ਰਗਟਾਵਾ ਹੁੰਦਾ ਹੈ। ਕਿਸੇ ਸਾਕ-ਸੰਬੰਧੀ ਦੀ ਮੌਤ ਜਾਂ ਵਿਛੋੜੇ ਵੇਲੇ ਜੋ ਸ਼ੋਕ ਭਾਵ ਪ੍ਰਗਟਾਇਆ ਜਾਂਦਾ ਹੈ ਉਸ ਤੋਂ ਕਰੁਣਾ ਰਸ ਦੀ ਉਤਪਤੀ ਹੁੰਦੀ ਹੈ। ਕਰੁਣਾ ਰਸ ਦਾ ਅਹਿਸਾਸ ਬਹੁਤ ਸੰਵੇਦਨਸ਼ੀਲ ਹੁੰਦਾ ਹੈ ਕਿਉਂਕਿ ਇਕ ਘੜੀ ਦਾ ਕਰੁਣਾਮਈ ਦੁਖ ਦਿਲ ਤੇ ਅਮਿਟ ਛਾਪ ਛੱਡ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਕਰੁਣਾ ਭਾਵ ਵਿਚ ਪਸੀਜ ਕੇ ਰੱਬ ਨੂੰ ਹੀ ਉਲਾਂਭਾ ਦਿੱਤਾ ਤੇ ਕਿਹਾ - "ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨਾ ਆਇਆ"। ਭਰਤਮੁਨੀ ਦੇ ਅਨੁਸਾਰ ਰੋਣ-ਧੋਣ ਤੇ ਵਿਰਲਾਪ ਦੇ ਅਭਿਨੈ ਨਾਲ ਪਾਤਰ ਦੇ ਮਨ ਵਿਚ ਉਭਰ ਰਿਹਾ 'ਸ਼ੋਕ' ਪਾਠਕ ਜਾਂ ਦਰਸ਼ਕ ਨੂੰ ਕਰੁਣਾ ਰਸ ਦੀ ਦਸ਼ਾ ਤਕ ਲੈ ਜਾਂਦਾ ਹੈ। (***ਨਾਟਯ-ਸ਼ਾਸਤ੍ਰ*** *71*)

**ਕਰੁਣਾ ਰਸ ਦੇ ਵਿਭਾਵ**: ਸਰਾਪ, ਦੁਖ, ਪਿਆਰਿਆਂ ਨਾਲ ਵਿਛੋੜਾ, ਧਨ-ਸੰਪਤੀ ਦਾ ਨਾਸ਼, ਮ੍ਰਿਤੂ, ਬੰਧਨ (ਜੇਲ ਵਿਚ), ਭਗਦੜ (ਭਾਰਤ-ਪਾਕਿਸਤਾਨ ਦੀ ਵੰਡ ਵਾਲੀ ਭਗਦੜ), ਵੱਡੀ ਸੱਟ ਲੱਗਣਾ, ਕਿਸੇ ਮੁਸੀਬਤ ਵਿਚ ਫਸਣਾ ਆਦਿ।

**ਕਰੁਣਾ ਰਸ ਦੇ ਅਨੁਭਾਵ**: ਰੋਣਾ-ਧੋਣਾ, ਵਿਰਲਾਪ ਕਰਨਾ, ਮੂੰਹ ਸੁੱਕਣਾ, ਮੂੰਹ ਦਾ ਰੰਗ ਉੱਡ ਜਾਣਾ, ਸਰੀਰ ਵਿਚ ਸ਼ਕਤੀ ਨਾ ਰਹਿਣਾ, ਉੱਚੇ-ਲੰਬੇ ਸਾਹ ਲੈਣਾ ਆਦਿ

**ਕਰੁਣਾ ਰਸ ਦੇ ਸੰਚਾਰੀ ਭਾਵ**: ਵੈਰਾਗ, ਚਿੰਤਾ, ਭੈ, ਬੇਹੋਸ਼ੀ ਤੇ ਮ੍ਰਿਤੂ ਆਦਿ।

ਕਰੁਣਾ ਰਸ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

ਜਿਨਿ ਸਿਰਿ ਸੋਹਿਨ ਪਟੀਆਂ

ਮਾਗੀ ਪਾਇ ਸੰਧੂਰ।

ਸੇ ਸਿਰ ਕਾਤੀ ਮੁੰਨੀਅਨਿ

ਗਲ ਵਿਚਿ ਆਵੈ ਧੂੜਿ।

ਮਹਲਾ ਅੰਦਰਿ ਹੋਂਦੀਆ

ਹੁਣਿ ਬਹਨਿ ਨਾ ਮਿਲਨਿ ਹਦੂਰਿ।

ਆਦੇਸ ਬਾਬਾ ਆਦੇਸੁ। (417)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਮੁਗ਼ਲ ਹਮਲਾਵਰਾਂ ਦੇ ਰਾਜ ਦੇ ਅਤਿਆਚਾਰਾਂ ਦੇ ਨਾਲ-ਨਾਲ ਸੁਆਣੀਆਂ ਦੀ ਬੇਇੱਜ਼ਤੀ ਅਤੇ ਦੁਰਦਸ਼ਾ ਦਾ ਵਰਨਣ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੇ ਅਨੁਸਾਰ ਜਿਹੜੀਆਂ ਕੇਸ-ਪੱਟੀਆਂ ਦਾ ਨਿੱਤ-ਨਵਾਂ ਸ਼ਿੰਗਾਰ ਕਰਦੀਆਂ ਸਨ ਅੱਜ ਉਨ੍ਹਾਂ ਦੇ ਕੇਸ ਮੁੰਨ ਦਿਤੇ ਗਏ ਹਨ ਅਤੇ ਜਿਹੜੀਆਂ ਇਸਤਰੀਆਂ ਮਹਲਾਂ ਵਿਚ ਸੁਖ ਪੂਰਵਕ ਨਿਵਾਸ ਕਰਦੀਆਂ ਸਨ ਅੱਜ ਉਹ ਦਰ-ਦਰ ਦੇ ਧੱਕੇ ਖਾ ਰਹੀਆਂ ਹਨ। ਉਪਰੋਕਤ ਕਾਚਿ-ਸਤਰਾਂ ਵਿਚ ਸ਼ੋਕ ਸਥਾਈ ਭਾਵ ਹੈ, ਅਪਮਾਨਿਤ ਇਸਤਰੀਆਂ ਆਲੰਬਨ ਵਿਭਾਵ ਹਨ, ਦੁਖ ਦੀ ਅਵਸਥਾ ਉਦੀਪਨ ਹੈ, ਦਰੋਂ ਬੇਦਰ ਹੋਣਾ ਅਤੇ ਵਾਲਾਂ ਦਾ ਧੂੜ-ਲਿਬੜਿਆ ਹੋਣਾ ਅਨੁਭਾਵ ਹੈ, ਗਲਾਨੀ, ਚਿੰਤਾ, ਰੱਬ ਨੂੰ ਉਲਾਂਭੇ ਆਦਿ ਸੰਚਾਰੀ ਭਾਵ ਹਨ।

ਆਧੁਨਿਕ ਯੁੱਗ ਵਿਚ ਹਿੰਦ-ਪਾਕ ਦੀ ਵੰਡ ਸਮੇਂ ਅੰਮ੍ਰਿਤਾ ਪ੍ਰੀਤਮ ਨੇ ਜੋ ਕੀਰਨੇ ਪਾਏ ਸਨ, ਉਹ ਕਰੁਣਾ ਰਸ ਦੀ ਬਹੁਤ ਵਧੀਆ ਉਦਾਹਰਨ ਹੈ:

ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੇ ਕਬਰਾਂ ਵਿਚੋਂ ਬੋਲ।

ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।

ਇੱਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ-ਲਿਖ ਮਾਰੇ ਵੈਣ।

ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਸ ਸ਼ਾਹ ਨੂੰ ਕਹਿਣ।

ਵੇ ਦਰਦਮੰਦਾਂ ਦਿਆ ਦਰਦੀਆ! ਉੱਠ ਤੱਕ ਆਪਣਾ ਪੰਜਾਬ।

ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ। (***ਅੰਮ੍ਰਿਤਾ ਪ੍ਰੀਤਮ***)

**ਵੀਰ ਰਸ :-** ਵੀਰ ਰਸ ਦਾ ਸਥਾਈ ਭਾਵ ਉਤਸ਼ਾਹ ਹੈ। ਇਸ ਰਸ ਦੀ ਵਰਤੋਂ ਪਾਠਕ ਜਾਂ ਸਰੋਤੇ ਨੂੰ ਪ੍ਰੇਰਿਤ ਅਤੇ ਉਤਸ਼ਾਹਿਤ ਕਰਨ ਲਈ ਕੀਤੀ ਜਾਂਦੀ ਹੈ ਤਾਂ ਜੋ ਉਹ ਪੂਰੀ ਸਿਦਕ ਦਿਲੀ ਅਤੇ ਭਰੋਸੇ ਨਾਲ ਸਤਿ ਦੇ ਮਾਰਗ ਉਪਰ ਅਟੱਲ ਰਹੇ। ਜਦੋਂ ਉਤਸ਼ਾਹ ਭਾਵ ਰਣਭੂਮੀ ਵਿਚ, ਧਰਮ ਦੀ ਰੱਖਿਆ ਲਈ ਅਤੇ ਗ਼ਰੀਬਾਂ ਤੇ ਦੀਨ ਲੋਕਾਂ ਦੇ ਹੱਕਾਂ ਲਈ ਹੁੰਦਾ ਹੈ, ਤਾਂ ਉਸਨੂੰ ਵੀਰ ਰਸ ਕਿਹਾ ਜਾਂਦਾ ਹੈ। ਜਿੱਥੇ ਜੰਗਾਂ-ਯੁੱਧਾਂ ਵਿਚ ਵੀਰਤਾ ਦਿਖਾਉਣ ਦਾ ਉਤਸ਼ਾਹ ਹੁੰਦਾ ਹੈ, ਉੱਥੇ ਵੀਰ ਰਸ ਝਲਕਦਾ ਹੁੰਦਾ ਹੈ। ਇਸੇ ਕਰਕੇ ਯੁੱਧਵੀਰ, ਧਰਮਵੀਰ, ਦਾਨਵੀਰ ਤੇ ਦਇਆਵੀਰ ਸਾਰੇ ਵੀਰ ਰਸ ਦੇ ਅੰਤਰਗਤ ਹੀ ਆਉਂਦੇ ਹਨ। ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਦੇ ਅਨੁਸਾਰ, "ਕਿਸੇ ਕਾਰਜ ਨੂੰ ਸੰਪੂਰਨ ਕਰਨ ਲਈ ਸਾਡੇ ਮਨਾਂ ਵਿਚ ਜਿਹੜਾ ਜੋਸ਼ ਅਤੇ ਉਤਸ਼ਾਹ ਪੈਦਾ ਹੁੰਦਾ ਹੈ ਉਸਨੂੰ ਬੀਰ ਰਸ ਕਿਹਾ ਜਾਂਦਾ ਹੈ।" (***ਭਾਰਤੀ ਕਾਵਿ-ਸ਼ਾਸਤ੍ਰ*** 186) ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ 'ਚੰਡੀ ਦੀ ਵਾਰ' ਵਿਚ ਬੀਰ ਰਸ ਦੀ ਬਹੁਤ ਵਧੀਆ ਉਦਾਹਰਨ ਹੈ। ਵੀਰ ਰਸ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

ਭੇੜੋਂ ਕੋ ਮੈਂ ਸ਼ੇਰ ਬਨਾਊਂ।

ਰਾਠਨ ਕੇ ਸੰਗ ਰੰਕ ਲੜਾਊਂ।

ਭੂਪ ਗਰੀਬਨ ਕੋ ਕਹਲਾਊਂ।

ਚਿੜੀਓਂ ਸੇ ਮੈਂ ਬਾਜ਼ ਤੁੜਾਊਂ।

ਸਵਾ ਲਾਖ ਸੇ ਏਕ ਲੜਾਊਂ।

ਤਬੈ ਗੋਬਿੰਦ ਸਿੰਘ ਨਾਮ ਧਰਾਉਂ। (***ਗੁਰੂ ਗੋਬਿੰਦ ਸਿੰਘ ਜੀ***)

ਓਪਰੋਕਤ ਕਾਵਿ-ਸਤਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਦੀ ਲੜਾਈ ਦਾ ਵਰਨਣ ਕੀਤਾ ਹੈ ਜਿਸ ਵਿਚ ਮੁਗਲਾਂ ਦੇ ਮੁਕਾਬਲੇ ਸਿੱਖਾਂ ਦੀ ਗਿਣਤੀ ਬਹੁਤ ਘੱਟ ਸੀ ਪਰ ਫਿਰ ਵੀ ਸਿੱਖਾਂ ਨੇ ਬਹੁਤ ਹੀ ਬਹਾਦਰੀ ਨਾਲ ਦੁਸ਼ਮਣਾਂ ਦਾ ਮੁਕਾਬਲਾ ਕੀਤਾ ਸੀ। ਓਪਰੋਕਤ ਕਾਵਿ-ਸਤਰਾਂ ਵਿਚ ਦੁਸ਼ਮਨ ਆਲੰਬਨ ਵਿਭਾਵ ਹੈ, ਦੁਸ਼ਮਨ ਦੇ ਕੁਕਰਮ ਉੱਦੀਪਨ ਵਿਭਾਵ ਹਨ, ਘੋੜਾ ਦੁੜਾਉਣਾ, ਨਾਅਰੇ ਲਾਉਣਾ, ਰੋਮ ਖੜੇ ਹੋਣਾ ਅਨੁਭਾਵ ਹਨ, ਯੁੱਧ ਦਾ ਚਾਉ, ਧਰਮ ਦੀ ਰੱਖਿਆ ਦੀ ਉਤਸੁਕਤਾ ਆਦਿ ਸੰਚਾਰੀ ਭਾਵ ਹਨ। ਵੀਰ ਰਸ ਵਿਚ 'ਉਤਸਾਹ' ਸਥਾਈ ਭਾਵ ਹੈ। ਵੀਰ ਰਸ ਨਾਲ ਸੰਬੰਧਿਤ ਇਕ ਹੋਰ ਉਦਾਹਰਨ ਹੇਠ ਲਿਖੇ ਅਨੁਸਾਰ ਹੈ।

ਜੰਗ ਮੁਸਾਫਾ ਬੱਜਿਆ ਰਣ ਘੁਰੇ ਨਗਾਰੇ ਚਾਵਲੇ।

ਝੂਲਨ ਨੇਜੇ ਬੈਰਕਾਂ ਨੀਸਾਣ ਲਸਣਿ ਲਸਾਵਲੇ।

ਢੋਲ ਨਗਾਰੇ ਪਉਣ ਦੇ ਊਂਘਣ ਜਾਣ ਜਟਾਵਲੇ।

ਦੁਰਗਾ ਦਾਨੋ ਡਹੇ ਰਣ ਨਾਦ ਵੱਜਨ ਖੇਤ ਭੀਹਾਵਲੇ

ਬੀਰ ਪਰੋਤੇ ਬਰੀਛੀਏਂ ਜਣ ਡਾਲ ਚਮੁੱਟੇ ਆਵਲੇ।

ਇਕ ਵੱਡੇ ਤੇਗੀਂ ਤੜਫੀਅਨ ਮਦ ਪੀਤੇ ਲੋਟਨ ਬਾਵਲੇ।

ਇੱਕ ਚੁਣ ਚੁਣ ਖਾੜਉ ਕਢੀਅਨ ਰੇਤ ਵਿਚੋਂ ਸੁਈਨਾ ਡਾਵਲੇ।

ਗਦਾਂ ਤ੍ਰਿਸੂਲਾਂ ਬਰਛੀਆਂ ਤੀਰ ਵੱਗਨ ਖਰੇ ਉਤਾਵਲੇ।

ਜਣ ਡਸੇ ਭੁਜੰਗਮੁ ਸਾਵਲੇ।  (***ਚੰਡੀ ਦੀ ਵਾਰ***)

**ਭਿਆਨਕ ਰਸ** :- ਕਿਸੇ ਡਰਾਵਣੀ ਸ਼ੈ ਨੂੰ ਵੇਖਣ-ਸੁਣਨ ਕਰਕੇ ਮਨ ਵਿਚ ਜਦੋਂ ਭੈ ਜਾਂ ਡਰ ਪੈਦਾ ਹੁੰਦਾ ਹੈ ਤਾਂ ਉਦੋਂ ਭਿਆਨਕ ਰਸ ਪ੍ਰਗਟ ਹੁੰਦਾ ਹੈ। ਸ਼ੇਰ, ਸੱਪ ਆਦਿ ਭਿਆਨਕ ਜਾਨਵਰਾਂ, ਭੂਤ-ਪ੍ਰੇਤਾਂ ਦੀ ਕਲਪਨਾ, ਸ਼ਮਸ਼ਾਨ ਭੂਮੀ ਅਤੇ ਦੁਸ਼ਮਣਾਂ ਦਾ ਖ਼ਿਆਲ ਆਦਿ ਕਾਰਨਾਂ ਕਰਕੇ ਭੈਭੀਤ ਬੰਦੇ ਨੂੰ ਕੰਬਣੀ, ਮੁੜ੍ਹਕਾ, ਰੋਣਾ ਤੇ ਚੀਕਾਂ ਮਾਰਨਾ, ਬੁਲ੍ਹਾਂ ਦਾ ਫੜਕਣਾ ਆਦਿ ਕਾਰਜ ਪੈਦਾ ਹੁੰਦੇ ਹਨ। ਕਵੀ ਦੀਆਂ ਰਚਨਾਵਾਂ ਵਿਚ ਜਦੋਂ ਅਜਿਹੀ ਰਸ-ਸਮੱਗਰੀ ਦਰਸ਼ਕਾਂ ਜਾਂ ਸਰੋਤਿਆਂ ਦੇ ਸਾਹਮਣੇ ਆਉਂਦੀ ਹੈ ਤਾਂ ਡਰਾਉਣੇ ਵਾਯੂ-ਮੰਡਲ ਦੇ ਅਹਿਸਾਸ ਕਰਕੇ ਉਨ੍ਹਾਂ ਦੇ ਮਨ ਵਿਚ ਭਿਆਨਕ ਰਸ ਪਸਰ ਜਾਂਦਾ ਹੈ। ਭਿਆਨਕ ਰਸ ਨਾਲ ਸੰਬੰਧਿਤ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਦੋਹੀਂ ਦਲੀਂ ਮੁਕਾਬਲੇ, ਰਣ ਸੂਰੇ ਗੜਕਣ

ਚੜ੍ਹ ਤੋਪਾਂ ਗੱਡੀ ਢੁੱਕੀਆਂ, ਲੱਖ ਸੰਗਲ ਖੜਕਣ

ਓਹ ਦਾਰੂ ਖਾਦੀਆਂ ਕੋਹਲੀਆਂ, ਮਣ ਗੋਲੇ ਰੜਕਣ

ਓਹ ਦਾਗ਼ ਪਲੀਤੇ ਛੱਡੀਆਂ, ਵਾਂਗ ਬੱਦਲ ਕੜਕਣ

ਜਿਉਂ ਦਰ ਖੁਲ੍ਹੇ ਦੋਜ਼ਖਾਂ, ਮੂੰਹ ਭਾਹ੍ਹੀ ਭੜਕਣ

ਜਿਉਂ ਝਾਂਬੇ ਮਾਰੂ ਪੰਖਣੂੰ ਵਿਚ ਬਾਗਾਂ ਫੜਕਣ

ਝੜੇ ਤਰੁੱਟੇ ਹੰਭਲਾ, ਵਾਂਗ ਮੱਛਾਂ ਤੜਫਣ

ਜਿਓ ਝੱਲੀ ਅੱਗਾਂ ਲੱਗੀਆਂ, ਰਣਸੂਰੇ ਤੜਕਣ

ਓਹ ਹਸ਼ਰ ਦਿਹਾੜਾ ਵੇਖਕੇ ਦਲ ਦੋਵੇਂ ਧੜਕਣ    (***ਵਾਰ ਨਾਦਰਸ਼ਾਹ***)

ਓਪਰੋਕਤ ਕਾਵਿ-ਸਤਰਾਂ ਵਿਚ ਕਵੀ ਨਜਾਬਤ ਨੇ 'ਵਾਰ ਨਾਦਰਸ਼ਾਹ' ਰਾਹੀਂ ਭਿਆਨਕ ਯੁੱਧ ਦਾ ਵਰਨਣ ਕੀਤਾ ਹੈ, ਜੋ ਭਿਆਨਕ ਰਸ ਦੀ ਬਹੁਤ ਵਧੀਆ ਉਦਾਹਰਨ ਹੈ। ਓਪਰੋਕਤ ਕਾਵਿ-ਤੁਕਾਂ ਵਿਚ ਭੈ ਜਾਂ ਡਰ ਸਥਾਈ ਭਾਵ ਹੈ, ਭਿਆਨਕ ਸੰਗਲਾਂ ਨਾਲ ਜਕੜੀਆਂ ਤੋਪਾਂ ਆਲੰਬਨ ਵਿਭਾਵ ਹਨ, ਬੱਦਲਾਂ ਵਾਂਗ ਤੋਪਾਂ ਦਾ ਗਰਜਣਾ, ਤੋਪਾਂ ਦੇ ਮੂੰਹਾਂ ਵਿਚੋਂ ਲਾਟਾਂ ਦਾ ਨਿਕਲਣਾ ਉਦੀਪਨ ਵਿਭਾਵ ਹੈ, ਰਣਭੂਮੀ ਜਾਂ ਯੁੱਧ ਵਿਚ ਸਿਪਾਹੀਆਂ ਜਾਂ ਸੂਰਿਆਂ ਦਾ ਗੜਕਣਾ ਅਨੁਭਾਵ ਹੈ, ਰੋਮਾਚ, ਕੰਬਣੀ ਆਦਿ ਸੰਚਾਰੀ ਭਾਵ ਹਨ। ਭਰਤਮੁਨੀ ਨੇ ਭੈ ਜਾਂ ਡਰ ਦੇ ਤਿੰਨ ਭੇਦਾਂ ਦਾ ਜਿਕਰ ਕੀਤਾ ਹੈ:

ਭ੍ਰਮ ਭੈ:- ਹਨ੍ਹੇਰੇ ਵਿਚ ਰੱਸੀ ਨੂੰ ਸੱਪ ਸਮਝਣਾ।

ਕਾਲਪਨਿਕ ਭੈ:- ਕੋਈ ਅਪਰਾਧ ਕਰਕੇ ਉਸ ਦੀ ਮਿਲਣ ਵਾਲੀ ਸਜ਼ਾ ਬਾਰੇ ਕਲਪਨਾ ਸ਼ਕਤੀ ਦੁਆਰਾ ਸੋਚਣਾ।

ਵਾਸਤਵਿਕ ਭੈ:- ਸੱਚੀ ਵਸਤੂ ਦਾ ਭੈ ਜਾਂ ਡਰ।

ਹਿੰਦੀ ਦੇ ਪ੍ਰਸਿੱਧ ਕਵੀ **ਗੋਸਵਾਮੀ ਤੁਲਸੀ ਦਾਸ** ਦੀ ਭਿਆਨਕ ਰਸ ਨਾਲ ਸੰਬੰਧਿਤ ਅਤੇ ਢੁਕਵੀਂ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਲਾਗਿ ਲਾਗਿ ਆਗਿ ਭਾਗਿ ਭਾਗਿ ਚਲੇ ਜਹਾਂ ਤਹਾਂ,

ਬੀਯ ਕੋ ਨ ਮਾਂਯ ਬਾਪ ਪੂਤ ਨ ਸੰਭਾਰਹੀਂ।

ਛੁਟੇ ਬਾਰ ਬਸਨ ਉਘਾਰੇ ਧੁਮ ਧੁੰਧ ਅੰਧ,

ਕਹੈਂ ਬਾਰੇ ਬੂਢੇ ਬਾਰਿ ਬਾਰਿ ਬਾਰ ਬਾਰ ਹੀਂ।

ਹਯ ਹਿਨਹਿਨਾਤ ਭਾਗੇ ਜਾਤ ਬਹਰਾਤ ਗਜ,

ਭਾਰੀ ਭੀਰ ਠੇਲਿ ਪੇਲਿ ਰੌਂਦਿ ਰੌਂਦਿ ਡਾਰਹੀਂ।

ਨਾਮ ਲੈ ਚਿਲਾਤ ਚਿਲਲਾਤ ਅਕੁਲਾਤ ਅਤਿ,

ਤਾਤ ਤਾਤ ਤੌਂਸਿਯਤ, ਝੌਂਸਿਅਤ ਝਾਰਹੀ। (***ਕਵਿਤਾਵਲੀ***)

ਓਪਰੋਕਤ ਕਾਵਿ-ਸਤਰਾਂ ਵਿਚ ਹਨੂਮਾਨ ਆਲੰਬਨ ਹੈ, ਹਨੂਮਾਨ ਵਲੋਂ ਲੰਕਾਪੁਰੀ ਵਿਚ ਅੱਗ ਲਾਉਣ ਦਾ ਕੰਮ ਉਦੀਪਨ ਹੈ, ਹਨੂਮਾਨ ਵੱਲੋਂ ਇੱਧਰ-ਉੱਧਰ ਭੱਜਣਾ, ਰੌਣਾ, ਕੁਰਲਾਉਣਾ ਆਦਿ ਅਨੁਭਾਵ ਹੈ ਅਤੇ ਡਰ, ਦੀਨਤਾ ਆਦਿ ਸੰਚਾਰੀ ਭਾਵ ਹਨ। ਓਪਰੋਕਤ ਕਾਵਿ-ਸਤਰਾਂ ਵਿਚ ਭੈ ਸਥਾਈ ਭਾਵ ਹੈ ਜੋ ਭਿਆਨਕ ਰਸ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ।

**ਵੀਭਤਸ ਰਸ :-** ਘ੍ਰਿਣਾ ਵੀਭਤਸ ਦਾ ਸਥਾਈ ਭਾਵ ਹੈ। ਮ੍ਰਿਤਕ, ਚਰਬੀ, ਸੜ੍ਹਾਂਦ, ਮਲਮੂਤਰ, ਹੱਡਾ-ਰੋੜੀ, ਘਿਨੌਣੀਆਂ ਚੀਜ਼ਾਂ ਅਤੇ ਘ੍ਰਿਣਾਜਨਕ ਕੁਕਰਮਾਂ ਦੇ ਵਰਣਨ ਪਾਠਕਾਂ ਦੇ ਮਨਾਂ ਵਿਚ ਜਿਹੜੀ ਕਚਿਆਣ ਤੇ ਗਿਲਾਨੀ ਪੈਦਾ ਕਰਦੇ ਹਨ, ਉਨ੍ਹਾਂ ਤੋਂ ਘ੍ਰਿਣਾ ਦਾ ਸਥਾਈ ਭਾਵ ਉਭਰਦਾ ਹੈ। ਵੀਭਤਸ ਰਸ ਵਿਚ ਕਿਸੇ ਅਣਚਾਹੀ ਜਾਂ ਘ੍ਰਿਣਾ-ਯੋਗ ਵਸਤੂ ਨੂੰ ਦੇਖ ਕੇ ਘ੍ਰਿਣਾ ਦਾ ਭਾਵ ਪੈਦਾ ਹੁੰਦਾ ਹੈ। ਗੰਦੇ ਦ੍ਰਿਸ਼, ਸਮਾਜਿਕ ਬੁਰਾਈ, ਗਲੀ-ਸੜੀ ਜਾਂ ਬਦਬੂਦਾਰ ਵਸਤਾਂ ਆਦਿ ਘ੍ਰਿਣਾ ਭਾਵ ਦੇ ਆਲੰਬਨ ਹਨ। ਵਸਤਾਂ ਵਿਚ ਕੀੜਿਆਂ ਦਾ ਫਿਰਨਾ, ਗਿਰਝਾਂ ਦਾ ਮਾਸ ਦਾ ਨੋਚਣਾ ਆਦਿ ਉਦੀਪਨ ਵਿਭਾਵ ਹਨ। ਬੇਹੋਸ਼ੀ, ਬੇਚੈਨੀ, ਸੋਚ-ਸਮਝ ਦੀ ਸ਼ਕਤੀ ਦਾ ਨਾਸ਼, ਮ੍ਰਿਤੂ ਆਦਿ ਸੰਚਾਰੀ ਭਾਵ ਹਨ। (***ਨਾਟਯ-ਸ਼ਾਸਤ੍ਰ*** *73*)

ਵੀਭਤਸ ਰਸ ਨਾਲ ਸੰਬੰਧਿਤ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਜਿੱਧਰ ਨਜ਼ਰ ਜਾਵੇ ਤਬਾਹੀ ਮੱਚੀ,

ਕਹਾਣੀ ਰਹੀ ਹੋ ਲਹੂ ਮਿੱਝ ਦੀ,

ਕਿਤੇ ਮਗ਼ਜ਼ ਖੋਪੜ ਵਿਚੋਂ ਵਹਿ ਰਹਿਆ,

ਗਇਆ ਟੁੱਟ ਮਟਕਾ ਦਹੀਂ ਹੈ ਵਹਿਆ,

ਕਿਤੇ ਧੌਣ ਵਿਚੋਂ ਫੁਹਾਰਾ ਫੁਟੇ,

ਕਿਤੇ ਮਗ਼ਜ਼ ਦੀ ਖੋਪਰੀ ਪਰੀ ਟੁੱਟੇ,

ਅਕਾਲੀ ਹੈ ਸਿੰਘ ਨਾਦ ਕਰ ਗਰਜਿਆ,

ਪਠਾਣਾਂ ਦਾ ਦਲ ਦਹਿਲ ਕੇ ਲਰਜ਼ਿਆ। (***ਅਵਤਾਰ ਸਿੰਘ ਆਜ਼ਾਦ, ਮਹਾਂਬਲੀ***)

ਓਪਰੋਕਤ ਕਾਵਿ-ਸਤਰਾਂ ਵਿਚ ਰੱਤ-ਲਹੂ, ਮਿੱਝ, ਮਗ਼ਜ਼ ਆਦਿ ਆਲੰਬਨ ਵਿਭਾਵ ਹਨ। ਰੱਤ ਦਾ ਵਹਿ ਟੁਰਨਾ, ਖੋਪਰੀ ਦਾ ਟੁੱਟਣਾ ਆਦਿ ਉਦੀਪਨ ਵਿਭਾਵ ਹਨ, ਗਲਾਨੀ, ਦਿਲ ਮਚਲਣਾ ਆਦਿ ਅਨੁਭਾਵ ਹਨ। ਓਪਰੋਕਤ ਕਾਵਿ-ਤੁਕਾਂ ਵਿਚ ਘ੍ਰਿਣਾ ਸਥਾਈ ਭਾਵ ਹੈ ਜੋ 'ਵੀਭਤਸ ਰਸ' ਦੇ ਰੂਪ ਵਿਚ ਪ੍ਰਗਟ ਹੋ ਰਿਹਾ ਹੈ। ਕੁਝ ਆਲੋਚਕਾ ਦੇ ਅਨੁਸਾਰ ਕੇਵਲ ਰੱਤ-ਲਹੂ ਅਤੇ ਮਾਸ-ਮਿਝ ਦੀ ਬਿਆਨਬਾਜ਼ੀ ਜਾਂ ਪ੍ਰਸਤੁਤੀ ਕਰਨਾ ਹੀ ਵੀਭਤਸ ਰਸ ਦੀ ਸਮਗਰੀ ਨਹੀਂ ਹੈ ਸਗੋਂ ਸਮਾਜ ਵਿਚ ਫੈਲੇ ਸਮਾਜਿਕ ਅਤੇ ਮਾਨਸਿਕ ਦੁਰਾਚਾਰ ਅਤੇ ਭ੍ਰਿਸ਼ਟਾਚਾਰ ਵਾਲ਼ੀਆਂ ਵਸਤੂਆਂ ਤੇ ਘਟਨਾਵਾਂ ਦੀ ਕਲਪਨਾ ਵੀ ਵੀਭਤਸ ਰਸ ਦਾ ਸੰਚਾਰ ਕਰ ਸਕਦੀ ਹੈ। ਪੰਜਾਬੀ ਸਾਹਿਤ ਵਿਚ ਕਰਤਾਰ ਸਿੰਘ ਦੁਗਲ ਦਾ ਨਾਵਲ 'ਆਂਦਰਾਂ' ਵੀਭਤਸ ਰਸ ਦੀ ਬਹੁਤ ਵਧੀਆ ਉਦਾਹਰਨ ਹੈ। ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਕੀੜੇ' ਵਿਚ ਵੀ ਵੀਭਤਸ ਰਸ ਦੀ ਝਲਕ ਦੇਖਣ ਨੂੰ ਮਿਲਦੀ ਹੈ:

ਜਗਦੀ ਜੋਤ ਸੀ ਤਾਂ ਚਹੁੰ ਪਾਸੀ ਸੀ ਭੰਬਟ

ਅੱਜ ਮੁਰਦਾ ਮਾਸ ਏ, ਤਾਂ ਚਹੁੰ ਪਾਸੀਂ ਕੀੜਿਆਂ ਦਾ ਝੁਰਮਟ

ਜਦ ਛਲਕ ਆਏ ਜੋਬਨ ਤੇ ਟੁੱਟ ਜਾਣ ਬੀੜੇ

ਕਿਸੇ ਚਿੱਟੇ ਲਹੂ ਨੂੰ ਕਿਸੇ ਰੱਤੇ ਲਹੂ ਨੂੰ, ਚਮੁੱਟ ਜਾਣ ਕੀੜੇ।

ਇਹ ਲਹੂਆਂ ਨੂੰ ਘੋਲ਼ਦੇ ਤੇ ਮਿੱਟੀ ਨੂੰ ਘਚੋਲ਼ਦੇ

ਹੱਥਾਂ ਵਿਚ ਰੋਲ਼ਦੇ, ਪੈਰਾਂ ਵਿਚ ਰੋਲ਼ਦੇ।

ਚੁੰਝਾਂ ਨਾਲ਼ ਫੋਲਦੇ, ਨਹੁੰਆਂ 'ਚ ਫਰੋਲ਼ਦੇ

ਅੰਗਾਂ ਵਿਚ ਪਾਲ਼ਦੇ, ਮੂੰਹਾਂ ਵਿਚ ਪਪੋਲ਼ਦੇ

ਛੋੜਦੇ ਨਹੀਂ ਛੋੜਦੇ, ਰੁੱਤਾਂ ਨੂੰ ਨਚੋੜਦੇ। (***ਅੰਮ੍ਰਿਤਾ ਪ੍ਰੀਤਮ, ਕੀੜੇ***)

**ਅਦਭੁਤ ਰਸ** :- ਅਦਭੁਤ ਰਸ ਦਾ ਸਥਾਈ ਭਾਵ 'ਅਸਚਰਜ ਜਾਂ ਵਿਸਮੈ (ਹੈਰਾਨੀ) ਹੈ। ਹੈਰਾਨੀਜਨਕ ਗੱਲਾਂ, ਅਨੋਖੀਆਂ ਕਥਾ-ਕਹਾਣੀਆਂ, ਅਦਭੁਤ ਘਟਨਾਵਾਂ ਅਤੇ ਚਕਾਚੌਂਧ ਪੈਦਾ ਕਰਦੇ ਨਜ਼ਾਰਿਆਂ ਨੂੰ ਪੜ੍ਹਨ ਜਾਂ ਸੁਣਨ ਕਰਕੇ ਪਾਠਕਾਂ ਦੇ ਮਨ ਵਿਚ ਜਦੋਂ 'ਅਸਚਰਜਤਾ' ਦਾ ਭਾਵ ਪ੍ਰਬਲ ਹੁੰਦਾ ਹੈ, ਤਾਂ ਉਦੋਂ ਅਦਭੁਤ ਰਸ ਦਾ ਅਨੁਭਵ ਹੁੰਦਾ ਹੈ। ਅਦਭੁਤ ਦੇ ਅਨੁਭਵ ਨਾਲ਼ ਪਾਠਕ ਹੱਕੇ-ਬੱਕੇ ਹੋ ਕੇ ਰੁਮਾਂਚਿਤ ਹੁੰਦੇ ਹਨ ਅਤੇ ਅੱਖਾਂ ਪਾੜ-ਪਾੜ ਕੇ ਵੇਖਦੇ ਹੋਏ ਵਾਹ-ਵਾਹ ਪੁਕਾਰ ਉੱਠਦੇ ਹਨ। ਭਰਤਮੁਨੀ ਦੇ ਅਨੁਸਾਰ, "ਜਿੰਨ੍ਹਾਂ ਚੀਜ਼ਾਂ ਨੂੰ ਦੇਖ ਕੇ, ਸੁਣ ਕੇ , ਜਾਣ ਕੇ ਆਮ ਆਦਮੀ ਹੈਰਾਨ ਹੋ ਸਕਦਾ ਹੈ, ਉਹ ਸਾਰੀਆਂ ਚੀਜ਼ਾਂ ਅਦਭੁਤ ਰਸ ਦੀ ਸ੍ਰਿਸ਼ਟੀ ਕਰਦੀਆਂ ਹਨ"। (***ਨਾਟਯ-ਸ਼ਾਸਤ੍ਰ*** *77*)

**ਅਦਭੁਤ ਰਸ ਦੇ ਵਿਭਾਵ**: ਦੇਵੀ ਜਾਂ ਦੇਵਤਾ ਸੇ ਸਮਾਨ ਲੋਕਾਂ ਦੇ ਦਰਸ਼ਨ, ਮਨਭਾਉਂਦੀਆਂ ਵਸਤੂਆਂ ਦੀ ਪ੍ਰਾਪਤੀ, ਦੇਵੀ-ਦੇਵਤਿਆਂ ਦੇ ਮੰਦਿਰਾਂ ਦੇ ਦਰਸ਼ਨ ਕਰਨਾ, ਆਕਾਸ਼ ਵਿਚ ਉੱਡਣ ਵਾਲੇ ਜਹਾਜ਼ਾਂ ਨੂੰ ਦੇਖਣਾ, ਜਾਦੂ-ਟੂਣੇ ਦੇ ਕਰਤੱਵਾਂ ਨੂੰ ਦੇਖਣਾ, ਹੱਥ ਦੀ ਸਫ਼ਾਈ (ਜਾਦੂਗਰ) ਆਦਿ।

**ਅਦਭੁਤ ਰਸ ਦੇ ਅਨੁਭਾਵ**: ਹੈਰਾਨੀ ਨਾਲ ਖੁੱਲ੍ਹੀਆਂ ਅੱਖਾਂ, ਪਲਕਾਂ ਦਾ ਨਾ ਝਪਕਣਾ ਤੇ ਟਿਕਟਿਕੀ ਲਗਾ ਕੇ ਦੇਖਦੇ ਰਹਿਣਾ, ਰੋਮਾਂਚ ਹੋਣਾ, ਅੱਖਾਂ ਵਿਚ ਹੰਝੂ, ਪਸੀਨਾ, ਪ੍ਰਸੰਨਤਾ, ਅਸਚਰਜ ਸੂਚਕ ਸ਼ਬਦਾਂ ਦਾ ਉਚਾਰਣ (ਸ਼ਾਬਾਸ਼, ਸਾਧੂ-ਸਾਧੂ), ਇਨਾਮ (ਦਿਲ ਕੋਲ ਕੇ ਦਾਨ), ਉੱਚੀ ਆਵਾਜ਼ ਵਿਚ ਹੱਸਣਾ ਆਦਿ।

**ਅਦਭੁਤ ਰਸ ਦੇ ਸੰਚਾਰੀ ਭਾਵ**: ਆਵੇਸ਼ (ਜੋਸ਼), ਸਰੀਰ ਦਾ ਪੱਥਰ ਹੋਣਾ, ਰੋਮਾਂਚ ਹੋਣਾ, ਅੱਖਾਂ ਵਿਚ ਹੰਝੂ, ਬੋਲਣ ਵਿਚ ਰੁਕਾਵਟ, ਚੰਚਲਤਾ ਆਦਿ। *(**ਨਾਟਯ-ਸ਼ਾਸਤ੍ਰ** 73)*

ਅਦਭੁਤ ਰਸ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

ਕਬੀਰ ਪਰਦੇਸੀ ਕੈ ਘਾਘਰੈ ਚਹੁਦਿਸਿ ਲਾਗੀ ਆਗਿ।

ਖਿੰਥਾ ਜਲਿ ਕੁਇਲਾ, ਭਈ ਤਾਗੇ ਆਂਚ ਨ ਲਾਗ। ***(ਕਬੀਰ*** 1366)

ਓਪਰੋਕਤ ਕਾਵਿ-ਸਤਰਾਂ ਵਿਚ ਕਬੀਰ ਜੀ ਅਦਭੁਤ ਰਸ ਦਾ ਵਰਨਣ ਕਰਦੇ ਹਨ ਕਿ ਮਨੁੱਖ ਇਕ ਜੀਵ ਰੂਪੀ ਪ੍ਰਾਹੁਣਾ ਹੈ, ਉਸ ਦੇ ਸਰੀਰ ਰੂਪੀ ਘੱਗਰੇ ਨੂੰ ਅੱਗ ਲੱਗੀ ਹੋਈ ਹੈ, ਗੋਦੜੀ ਰੂਪੀ ਸਰੀਰ ਸੜ ਗਿਆ ਹੈ, ਪਰ ਆਤਮਾ ਨੂੰ ਸੇਕ ਨਹੀਂ ਲੱਗਾ। ਇਹ ਕਥਨ ਅਸਚਰਜਕਾਰੀ ਹੈ, ਇਸ ਲਈ ਇਹ ਅਦਭੁਤ ਰਸ ਦੀ ਵੰਨਗੀ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਵੀ ਅਦਭੁਤ ਰਸ ਨਾਲ ਸੰਬੰਧਿਤ ਉਦਾਹਰਨ ਦੇਖਣ ਨੂੰ ਮਿਲਦੀ ਹੈ:

ਵਿਸਮਾਦੁ ਨਾਦ ਵਿਸਮਾਦੁ ਵੇਦ।

ਵਿਸਮਾਦੁ ਜੀਅ ਵਿਸਮਾਦੁ ਭੇਦ।

ਵਿਸਮਾਦੁ ਰੂਪ ਵਿਸਮਾਦੁ ਰੰਗ।

ਵਿਸਮਾਦੁ ਨਾਗੇ ਫਿਰਹਿ ਜੰਤ।

ਵਿਸਮਾਦੁ ਪਉਣੁ ਵਿਸਮਾਦੁ ਪਾਣੀ।

ਵਿਸਮਾਦੁ ਅਗਨੀ ਖੇਡਹਿ ਵਿਡਾਣੀ।

ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ।

ਵਿਸਮਾਦੁ ਭੁਖ ਵਿਸਮਾਦੁ ਭੋਗ। (***ਸ੍ਰੀ ਗੁਰੂ ਗ੍ਰੰਥ ਸਾਹਿਬ*** 463)

**ਸ਼ਾਂਤ ਰਸ :-** ਸ਼ਾਂਤ ਰਸ ਦਾ ਸਥਾਈ ਭਾਵ 'ਵੈਰਾਗ' ਹੈ। ਸੰਸਾਰਿਕ-ਜੀਵਨ, ਮਨੁੱਖੀ ਸਰੀਰ, ਮੌਤ ਤੇ ਸੰਸਾਰ ਬਾਰੇ ਕਈ ਪ੍ਰਕਾਰ ਦੇ ਪ੍ਰਸ਼ਨਾਂ ਦੇ ਉੱਤਰ ਭਾਲਦੇ ਸੰਵੇਦਨਸ਼ੀਲ ਮਨੁੱਖ ਨੂੰ ਜਦੋਂ ਇਹ ਪ੍ਰਤੀਤ ਹੁੰਦਾ ਹੈ ਕਿ ਇਹ ਸੰਸਾਰ, ਜੀਵਨ, ਪਿੰਡ, ਬ੍ਰਹਿਮੰਡ ਇਕ ਦਿਨ ਲੋਪ ਹੋ ਜਾਣਾ ਹੈ ਤਾਂ ਉਹ ਆਤਮ-ਕੇਂਦਰਿਤ ਵਿਅਕਤੀ ਤੋਂ ਉਪਰ ਉੱਠ ਕੇ ਇਕ ਗੁਰਮੁਖ ਵਿਅਕਤੀ ਦੇ ਪੱਧਰ ਤੇ ਵਿਚਰਣ ਲੱਗਦਾ ਹੈ, ਕਿਉਂਕਿ ਇਸ ਸੰਸਾਰ ਨੂੰ ਛੱਡ ਕੇ ਜਾਣਾ ਬਹੁਤ ਵੱਡਾ ਵੈਰਾਗ ਹੈ। ਸ਼ਾਂਤ ਰਸ ਵਿਚ ਪਹੁੰਚਿਆ ਵਿਅਕਤੀ 'ਤੇਰ ਮੇਰ' ਦੇ ਭਾਵਾਂ ਤੋਂ ਉਪਰ ਉੱਠ ਕੇ ਸਰਬ-ਸਾਂਝੀ ਵਿਚਾਰਧਾਰਾ ਨੂੰ ਸਮਝਣ ਲੱਗਦਾ ਹੈ।

**ਸ਼ਾਂਤ ਰਸ ਦੇ ਵਿਭਾਵ**: ਗਿਆਨ, ਵੈਰਾਗ, ਚਿੱਤ ਸ਼ੁੱਧੀ ਆਦਿ।

**ਸ਼ਾਂਤ ਰਸ ਦੇ ਅਨੁਭਾਵ**: ਆਤਮਾ ਵੱਲ ਧਿਆਨ, ਸਮਾਧੀ, ਪੂਜਾ-ਪਾਠ, ਸਭ ਜੀਵਾਂ ਲਈ ਦਇਆ ਭਾਵ ਆਦਿ।

**ਸ਼ਾਂਤ ਰਸ ਦੇ ਸੰਚਾਰੀ ਭਾਵ**: ਸੰਸਾਰ ਤੋਂ ਵਿਰਕਤ ਹੋਣਾ, ਰੱਬ ਵੱਲ ਧਿਆਨ, ਧੀਰਜ, ਸਰੀਰ ਦੀ ਸ਼ੁੱਧੀ, ਸਰੀਰ ਨੂੰ ਪੱਥਰ ਬਣਾ ਲੈਣਾ ਆਦਿ। (***ਨਾਟਯ-ਸ਼ਾਸਤ੍ਰ*** *80*)

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਸ਼ਾਂਤ ਰਸ ਨਾਲ ਸੰਬੰਧਿਤ ਬਹੁਤ ਉਦਾਹਰਨਾਂ ਦੇਖਣ ਨੂੰ ਮਿਲਦੀਆਂ ਹਨ, ਜਿਨ੍ਹਾਂ ਵਿਚੋਂ ਇਕ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਮੇਰੇ ਜੀਅੜਿਆ ਪਰਦੇਸੀਆ ਕਿਤੁ ਪਵਹਿ ਜੰਜਾਲੇ ਰਾਮ।

ਸਾਚਾ ਸਾਹਿਬੁ ਮਨਿ ਵਸੈ ਕੀ ਫਾਸਹਿ ਜਮ ਜਾਲੇ ਰਾਮ।

ਮਛੁਲੀ ਵਿਛੁੰਨੀ ਨੈਣ ਰੁੰਨੀ ਜਾਲੁ ਬਧਿਕਿ ਪਾਇਆ।

ਸੰਸਾਰੁ ਮਾਇਆ ਮੋਹੁ ਮੀਠਾ ਅੰਤਿ ਭਰਮੁ ਚੁਕਾਇਆ।

ਭਗਤਿ ਕਰਿ ਚਿਤੁ ਲਾਇ ਹਰਿ ਸਿਉ ਛੋਡਿ ਮਨਹੁ ਅੰਦੇਸਿਆ।

ਸਚੁ ਕਹੈ ਨਾਨਕੁ ਚੇਤਿ ਰੇ ਮਨ ਜੀਅੜਿਆ ਪਰਦੇਸੀਆ। (439)

ਓਪਰੋਕਤ ਕਾਵਿ-ਸਤਰਾਂ ਵਿਚ ਗੁਰੂ ਨਾਨਕ ਦੇਵ ਜੀ ਜੀਵ-ਆਤਮਾ ਨੂੰ ਸਮਝਾਓਂਦੇ ਹਨ ਕਿ ਤੂੰ ਤਾਂ ਇੱਥੇ ਚਾਰ ਦਿਨਾਂ ਦਾ ਪ੍ਰਾਹੁਣਾ ਹੈ ਪਰ ਤੂੰ ਆਪਣੇ ਆਪ ਨੂੰ ਸੰਸਾਰਿਕ ਕੰਮਾਂ ਵਿਚ ਲਗਾ ਕੇ ਉਸ ਪਰਮਾਤਮਾ ਨੂੰ ਮਨ ਵਿਚੋਂ ਭੁਲਾਈ ਬੈਠਾ ਹੈ, ਜਿਸ ਨੇ ਤੇਰੇ ਲੋਕ-ਪਰਲੋਕ ਵਿਚ ਸਹਾਈ ਹੋਣਾ ਹੈ। ਜਿਸ ਤਰ੍ਹਾਂ ਪਾਣੀ ਤੋਂ ਬਿਨਾ ਮੱਛਲੀ ਦਾ ਜੀਵਨ ਸੰਭਵ ਨਹੀਂ ਹੈ, ਉਸੇ ਤਰ੍ਹਾਂ ਪਰਮਾਤਮਾ ਤੋਂ ਬਿਨ੍ਹਾਂ ਮਨੁਖ ਦਾ ਕੋਈ ਵੀ ਸਹਾਰਾ ਨਹੀਂ ਹੈ। ਮਨੁੱਖ ਇਸ ਸੰਸਾਰ ਵਿਚ ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਵਿਚ ਫਸਿਆ ਹੋਇਆ ਹੈ ਅਤੇ ਉਸ ਪਰਮਾਤਮਾ ਨੂੰ ਮਨੋ ਵਿਸਾਰ ਬੈਠਾ ਹੈ। ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਭਗਤੀ ਜਾਂ ਨਾਮ-ਸਿਮਰਨ ਦੁਆਰਾ ਉਸ ਪਰਮਾਤਮਾ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਓਪਰੋਕਤ ਕਾਵਿ-ਸਤਰਾਂ ਵਿਚ ਪਰਮਾਤਮਾ ਦਾ ਗਿਆਨ ਅਤੇ ਸੰਸਾਰ ਦੀ ਨਾਸ਼ਮਾਨਤਾ ਜਾਂ ਅਸਥਿਰਤਾ ਦਾ ਗਿਆਨ ਆਲੰਬਨ ਵਿਭਾਵ ਹੈ, ਸੰਤਾਂ ਦੀ ਸ਼ਰਣ ਉਦੀਪਨ ਹੈ, ਗਲਾਨੀ ਅਤੇ ਤ੍ਰਾਸ ਆਦਿ ਸੰਚਾਰੀ ਭਾਵ ਹਨ, ਨਿਰਵੇਦ ਜਾਂ ਵੈਰਾਗ ਸਥਾਈ ਭਾਵ ਹੈ। ਸ਼ਾਂਤ ਰਸ ਨਾਲ ਸੰਬੰਧਿਤ ਇਕ ਹੋਰ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਕਹਾ ਮਨ ਬਿਖਿਆ ਸਿਉ ਲਪਟਾਹੀ॥

ਯਾ ਜਗ ਮਹਿ ਕੋਊ ਰਹਨੁ ਨ ਪਾਵੈ ਇਕਿ ਆਵਹਿ ਇਕਿ ਜਾਹੀ॥੧॥ ਰਹਾਉ॥

ਕਾਂ ਕੋ ਤਨੁ ਧਨੁ ਸੰਪਤਿ ਕਾਂ ਕੀ ਕਾ ਸਿਉ ਨੇਹੁ ਲਗਾਹੀ॥

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ॥੧॥ (1231)

**ਰੌਦਰ ਰਸ :-** ਰੌਦਰ ਰਸ ਦਾ ਸਥਾਈ ਭਾਵ 'ਕਰੋਧ' ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਦੇ ਅਨੁਸਾਰ, "ਜਿੱਥੇ ਵਿਰੋਧੀਆਂ ਦੀ ਬੇਇਜ਼ਤੀ ਜਾਂ ਅਪਮਾਨ, ਵਡੇਰਿਆ ਦੀ ਨਿੰਦਾ, ਦੇਸ਼ ਤੇ ਧਰਮ ਦੇ ਅਪਮਾਨ ਕਰਕੇ ਬਦਲੇ ਦੀ ਭਾਵਨਾ ਜਾਗਰਿਤ ਹੁੰਦੀ ਹੈ, ਉਥੇ ਰੌਦਰ ਰਸ ਹੁੰਦਾ ਹੈ।" (***ਭਾਰਤੀ ਕਾਵਿ-ਸ਼ਾਸਤ੍ਰ*** 185) ਦੁਸ਼ਮਣਾਂ ਲਈ ਮਨ ਵਿਚ ਜਿਹੜੀ ਬਦਲੇ ਦੀ ਭਾਵਨਾ ਹੁੰਦੀ ਹੈ, ਉਹ ਕਰੋਧ ਹੁੰਦਾ ਹੈ। ਰੌਦਰ ਰਸ ਵਿਚ ਦੁਸ਼ਮਨ ਆਲੰਬਨ ਹੈ, ਦੁਸ਼ਮਨ ਦੀਆਂ ਚੇਸ਼ਟਾਵਾਂ (ਮੂੰਹ ਤੇ ਲਾਲੀ ਫਿਰਨਾ, ਭਰਵੱਟੇ ਤਾਨਣਾ, ਦੰਦ ਪੀਹਣਾ, ਬੁੱਲ੍ਹ ਚੱਬਣਾ, ਲਲਕਾਰਨਾ, ਗਾਲੀ-ਗਲੋਚ ਕਰਨਾ) ਇਸ ਰਸ ਦੇ ਅਨੁਭਾਵ ਹਨ। ਹੰਕਾਰ, ਹਥਿਆਰਾਂ ਨੂੰ ਉਲਾਰਨਾ, ਮੁਕਾ ਦਿਖਾਉਣਾ, ਦੰਦ ਪੀਹਣਾ, ਗਾਲੀਆਂ ਦੇਣਾ ਆਦਿ ਇਸ ਰਸ ਦੇ ਸੰਚਾਰੀ ਭਾਵ ਹਨ। ਕ੍ਰੋਧ ਭਾਵ ਅਤੇ ਵੀਰ ਭਾਵ ਵਿਚ ਥੋੜ੍ਹਾ ਫਰਕ ਹੈ। ਕ੍ਰੋਧ ਭਾਵ ਵਿਚ ਜੋਸ਼ ਤੇ ਹੋਸ਼ ਦੋਵੇਂ ਕਾਬੂ ਤੋਂ ਬਾਹਰ ਹੋ ਜਾਂਦੇ ਹਨ ਪਰੰਤੂ ਵੀਰ ਰਸ ਵਿਚ ਜੋਸ਼ ਤੇ ਹੋਸ਼ ਦੋਵੇਂ ਪੂਰੀ ਤਰ੍ਹਾਂ ਕੰਟਰੋਲ ਜਾਂ ਕਾਬੂ ਵਿਚ ਹੁੰਦੇ ਹਨ।

**ਰੌਦਰ ਰਸ ਦੇ ਵਿਭਾਵ**: ਬਲਾਤਕਾਰ, ਨਿੰਦਾ ਭਰੇ ਵਚਨ ਬੋਲਣੇ, ਝੂਠ ਬੋਲਣਾ, ਅਪਮਾਨ ਕਰਨਾ, ਗਾਲੀ-ਗਲੋਚ ਕਰਨੀ, ਹਤਿਆ ਦੀ ਕੋਸ਼ਿਸ਼ ਕਰਨੀ, ਧਰੋਹ (ਗ਼ੱਦਾਰੀ), ਈਰਖਾ ਕਰਨੀ ਆਦਿ।

**ਰੌਦਰ ਰਸ ਦੇ ਅਨੁਭਾਵ**: ਅੱਖਾਂ ਦਾ ਲਾਲ ਹੋਣਾ, ਮੱਥੇ ਤੇ ਤਿਊੜੀਆਂ ਦਾ ਚੜ੍ਹਨਾ, ਦੰਦਾਂ ਨਾਲ ਬੁੱਲ੍ਹਾਂ ਨੂੰ ਚਬਾਉਣਾ ਅਤੇ ਹੱਥ ਦੀਆਂ ਤਲੀਆਂ ਨੂੰ ਮਲਣਾ ਆਦਿ

**ਰੌਦਰ ਰਸ ਦੇ ਸੰਚਾਰੀ ਭਾਵ**: ਮੋਹ (ਕਰੋਧ ਵਿਚ ਅੰਨ੍ਹੇ ਹੋ ਜਾਣਾ), ਉਤਸਾਹ (ਸਾਹਸ ਹਿੰਮਤ), ਆਵੇਗ (ਜੋਸ਼), ਗ਼ਲਤ ਗੱਲ ਨੂੰ ਸਹਿਣ ਨਾ ਕਰਨਾ, ਕਠੋਰਤਾ, ਘਮੰਡ ਭਰੇ ਸ਼ਬਦ ਬੋਲਣਾ, ਕਰੋਧ ਕਾਰਣ ਜ਼ਬਾਨ ਤੇ ਕਾਬੂ ਨਾ ਰਹਿਣਾ, ਪੂਰੇ ਤੇ ਸਾਫ ਵਚਨ ਨਾ ਬੋਲ ਸਕਣਾ। (***ਨਾਟਯ-ਸ਼ਾਸਤ੍ਰ*** *73*)

ਰੌਦਰ ਰਸ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਆਕਿਲ ਤੁਬਕ ਵੱਜੁਤੀਆਂ ਭਰ ਵਜ਼ਨ ਸੰਭਾਲੀ।

ਉਹਨੂੰ ਢਾਢ ਅਲੰਬੇ ਆਤਸ਼ੋਂ ਭੁੱਖ ਭੱਤੇ ਜਾਲੀ।

ਉਹਦਾ ਕੜਕ ਪਿਆਲਾ ਉਠਿਆ, ਭੰਨ ਗਈ ਹੈ ਨਾਲ਼ੀ।

ਉਸ ਦੂਰੋਂ ਡਿੱਠਾ ਆਂਵਦਾ ਫਿਰ ਸ਼ਾਹ ਗਿਜ਼ਾਲੀ।

ਉਸ ਲਗਦੀ ਬੱਬਰ ਬੋਲਿਆ ਜਿਵੇਂ ਖੋੜੀ ਥਾਲੀ।

ਜਿਵੇਂ ਲ਼ਾਟੂ ਟੁੱਟਾ ਡੋਰ ਤੋਂ ਪਾ ਗਿਰਦ ਭੰਵਾਲੀ।

ਅੱਗ ਥੋੜ੍ਹੀ ਥੋੜ੍ਹੀ ਸੁਲਗਦੀ ਫੇਰ ਆਕਲ ਬਾਲੀ। (***ਵੀਰ ਝਾਕੀਆਂ***)

ਓਪਰੋਕਤ ਕਾਵਿ-ਸਤਰਾਂ ਵਿਚ ਆਕਲ ਆਸਰਾ ਹੈ, ਸ਼ਾਹ ਗਿਜ਼ਾਲੀ ਆਲੰਬਨ ਵਿਭਾਵ ਹੈ, ਗਿਜ਼ਾਲੀ ਦਾ ਦੂਰੋਂ ਆਉਣਾ ਵੇਖਣਾ ਉਦੀਪਨ ਵਿਭਾਵ ਹੈ, ਆਕਲ ਵਲੋਂ ਤੁਬਕ ਦਾ ਭਰਕੇ ਸੰਭਾਲਣਾ, ਬੱਬਰ ਵਾਂਗੂ ਬੋਲਣਾ ਆਦਿ ਅਨੁਭਾਵ ਹਨ, ਹਥਿਆਰ ਸੰਭਾਲਣ ਵਿਚ ਉਗ੍ਰਤਾ, ਰੋਹ, ਉਤਸੁਕਤਾ ਆਦਿ ਸੰਚਾਰੀ ਭਾਵ ਹਨ, ਕਰੋਧ ਸਥਾਈ ਭਾਵ ਹੈ। ਰੌਦਰ ਰਸ ਨਾਲ ਸੰਬੰਧਿਤ ਇਕ ਹੋਰ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਫਉਜਾਂ ਦੋਹਾਂ ਮੁਕਾਬਲਾ ਜਿਉਂ ਬਰਸਣ ਆਈਆਂ।

ਬੰਦੂਕਾਂ ਦੀਆਂ ਗੋਲ਼ੀਆਂ ਕਹੁ ਪਵਨ ਵਸਾਈਆਂ।

ਗੱਜਣ ਤੋਪਾਂ ਡਾਇਣੀ ਜਿਉਂ ਘਣੀਅਰ ਘਾਈਆਂ।

ਧੂਹ ਮਿਆਨੋਂ ਕੱਢੀਆਂ ਰਣ ਵਿਚ ਚਲਾਈਆਂ।

ਪਰੰਤੂ ਅੱਜਕਲ ਦੇ ਬਹੁਤ ਸਾਰੇ ਆਧੁਨਿਕ ਵਿਦਵਾਨ ਵਾਤਸਲ ਰਸ (Affectionate), ਪ੍ਰੇਮ ਰਸ ਅਤੇ ਭਗਤੀ ਰਸ ਨੂੰ ਵੀ ਰਸ ਦੀਆਂ ਤਿੰਨ ਹੋਰ ਕਿਸਮਾਂ ਮੰਨਦੇ ਹਨ।

**ਵਾਤਸਲ ਰਸ :-** ਡਾ. ਪ੍ਰੇਮ ਸਿੰਘ ਧਾਲੀਵਾਲ ਦੇ ਅਨੁਸਾਰ, "ਪਿਤਾ ਦਾ ਪੁੱਤਰ ਲਈ ਅਤੇ ਪੁੱਤਰ ਦਾ ਪਿਤਾ ਲਈ ਜੋ ਪਿਆਰ ਹੈ, ਉਹ 'ਵਤਸਲ' ਰਸ ਹੈ।" (***ਭਾਰਤੀ ਕਾਵਿ-ਸ਼ਾਸਤ੍ਰ*** *107*) ਵਾਤਸਲ ਰਸ ਦਾ ਸਥਾਈ ਭਾਵ ਸਨੇਹ ਜਾਂ ਪਿਆਰ ਹੈ। ਪੁੱਤਰ ਜਾਂ ਪੁੱਤਰੀ ਆਦਿ ਇਸ ਦੇ ਆਲੰਬਨ ਹਨ। ਉਨ੍ਹਾਂ ਦੀਆਂ ਹਰਕਤਾਂ, ਤੋਤਲਾਪਨ, ਭੋਲੀਆਂ ਭਾਲੀਆਂ ਗੱਲਾਂ ਉਦੀਪਨ ਵਿਭਾਵ ਹਨ। ਬੱਚੇ ਦੇ ਸਿਰ ਤੇ ਪਿਆਰ ਦੇਣਾ, ਥਾਪੜਨਾਂ ਆਦਿ ਅਨੁਭਾਵ ਹਨ। ਹਰਸ, ਗੋਰਵ ਆਦਿ ਸੰਚਾਰੀ ਭਾਵ ਹਨ। ਸਰਗੁਣਵਾਦੀ ਕਵੀਆਂ ਨੇ ਸ੍ਰੀ ਕ੍ਰਿਸ਼ਣ ਦੇ ਬਾਲ ਰੂਪ ਨੂੰ ਚਿਤਰਣ ਲਈ ਵਾਤਸਲ ਰਸ ਦੀ ਵਰਤੋਂ ਕੀਤੀ ਸੀ ਪਰੰਤੂ ਨਿਰਗੁਣਵਾਦੀ ਕਵੀਆਂ ਨੇ ਪਰਮਾਤਮਾ ਨੂੰ ਪਿਤਾ, ਮਾਤਾ ਆਦਿ ਮੰਨ ਕੇ ਉਸ ਪ੍ਰਤਿ ਆਪਣੇ ਸਨੇਹ ਜਾਂ ਪਿਆਰ ਨੂੰ ਨਿਵੇਕਲੇ ਢੰਗ ਨਾਲ ਪ੍ਰਸਤੁਤ ਕੀਤਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੇ ਪਿਤਾ ਗੁਰੂ ਰਾਮਦਾਸ ਜੀ ਦੇ ਵਿਯੋਗ ਵਿਚ ਤਿੰਨ ਸ਼ਬਦ ਉਚਾਰੇ ਸਨ, ਜਿਨ੍ਹਾਂ ਵਿਚੋਂ ਵਾਤਸਲ ਰਸ ਝਲਕਦਾ ਹੈ। ਇਹ ਤਿੰਨੇ ਸ਼ਬਦ ***'ਸ਼ਬਦ ਹਜ਼ਾਰੇ*** ਗੁਰਬਾਣੀ ਹੇਠ ਦਰਜ ਹਨ। ਜਿਵੇਂ :

ਮੇਰਾ ਮਨ ਲੋਚੈ ਗੁਰ ਦਰਸਨ ਤਾਈ।

ਬਿਲਪ ਕਰੇ ਚਾਤ੍ਰਿਕ ਕੀ ਨਿਆਈ।

ਤ੍ਰਿਖਾ ਨ ਉਤਰੈ ਸਾਂਤਿ ਨ ਆਵੈ।

ਬਿਨੁ ਦਰਸਨ ਸੰਤ ਪਿਆਰੇ ਜੀਉ।੧।

ਹਉ ਘੋਲੀ ਜੀਉ ਘੁਲਿ ਘੁਮਾਈ।

ਗੁਰ ਦਰਸਨ ਸੰਤ ਪਿਆਰੇ ਜੀਉ। (***ਸ੍ਰੀ ਗੁਰੂ ਗ੍ਰੰਥ ਸਾਹਿਬ*** 96)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਵਾਤਸਲਤਾ ਦਾ ਭਾਵ ਪ੍ਰਗਟ ਕਰਦੇ ਹੋਏ ਕਹਿੰਦੇ ਹਨ ਕਿ ਮੇਰੇ ਕੋਲੋਂ ਆਪਣੇ ਪਰਮ ਪਿਤਾ (ਪਰਮਾਤਮਾ) ਦਾ ਵਿਛੋੜਾ ਸਹਿਨ ਨਹੀਂ ਹੋ ਰਿਹਾ ਅਤੇ ਮੇਰਾ ਮਨ

ਉਨ੍ਹਾਂ ਦੇ ਦਰਸਨ ਕਰਨ ਨੂੰ ਲੋਚ ਰਿਹਾ ਹੈ। ਬੱਚਿਆਂ ਕੋਲੋ ਆਪਣੇ ਮਾਤਾ-ਪਿਤਾ ਦਾ ਵਿਛੋੜਾ ਸਹਿਨ ਕਰਨਾ ਮੁਸ਼ਕਿਲ ਹੈ। ਇਹਨਾਂ ਸਤਰਾਂ ਰਾਹੀਂ ਗੁਰੂ ਅਰਜਨ ਦੇਵ ਜੀ ਆਤਮਾ ਅਤੇ ਪਰਮਾਤਮਾ ਦੇ ਮਿਲਾਪ ਅਤੇ ਵਿਜੋਗ ਦਾ ਵਰਨਣ ਕੀਤਾ ਹੈ।

**ਭਗਤੀ ਰਸ:-** ਜਦੋਂ ਕਵੀ ਜਾਂ ਲੇਖਕ ਆਪਣੀ ਕਵਿਤਾ ਜਾਂ ਕਾਵਿ ਰਚਨਾ ਵਿਚ ਪਾਠਕਾਂ ਨੂੰ ਪ੍ਰਭੂ ਭਗਤੀ ਜਾਂ ਪਰਮਾਤਮਾ ਦੇ ਨਾਮ ਸਿਮਰਨ ਲਈ ਪ੍ਰੇਰਿਤ ਕਰਦਾ ਹੈ ਤਾਂ ਉੱਥੇ ਭਗਤੀ ਰਸ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਹਰੇਕ ਮਨੁੱਖ ਨੂੰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਲਈ ਪ੍ਰੇਰਿਤ ਕਰਦੀ ਹੈ। ਗੁਰੂ ਜੀ ਦੀ ਗੁਰਬਾਣੀ ਵਿਚੋਂ ਭਗਤੀ ਰਸ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਭਗਵੰਤ ਕੀ ਟਹਲ ਕਰੈ ਨਿਤ ਨੀਤਿ॥

ਮਨੁ ਤਨੁ ਅਰਪੈ ਬਿਸਨ ਪਰੀਤਿ॥

ਹਰਿ ਕੇ ਚਰਨ ਹਿਰਦੈ ਬਸਾਵੈ॥

ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ॥ (274)

ਓਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਉਸੇ ਉਪਾਸ਼ਕ ਦੀ ਮਤਿ ਉੱਤਮ ਹੁੰਦੀ ਹੈ ਜੋ ਹਰ ਰੋਜ਼ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹੈ ਅਤੇ ਮਨ, ਤਨ ਨੂੰ ਪ੍ਰਭੂ ਭਗਤੀ ਵਿਚ ਨਿਛਾਵਰ ਕਰ ਦਿੰਦਾ ਹੈ। ਗੁਰੂ ਜੀ ਦੇ ਅਨੁਸਾਰ ਕੇਵਲ ਉਹ ਵਿਅਕਤੀ ਹੀ ਪਰਮਾਤਮਾ ਦੀ ਪ੍ਰਾਪਤੀ ਕਰ ਸਕਦਾ ਹੈ ਜਿਹੜਾ ਪਰਮਾਤਮਾ ਦੇ ਨਾਮ ਨੂੰ ਨਾਮ-ਸਿਮਰਨ ਰਾਹੀਂ ਆਪਣੇ ਮਨ ਅੰਦਰ ਵਸਾ ਲੈਂਦਾ ਹੈ। ਭਗਤੀ ਰਸ ਵਿਚ ਪ੍ਰਭੂ ਜਾਂ ਪਰਮਾਤਮਾ ਅਲੰਬਨ ਹੈ ਤੇ ਉਸਦਾ ਰੂਪ ਜਾਂ ਚਰਿੱਤਰ ਵਰਨਣ ਉਦੀਪਨ ਹੈ। ਪਰਮਾਤਮਾ ਦੇ ਨਾਮ-ਸਿਮਰਨ ਤੋਂ ਮਨ ਵਿਚ ਪੈਦਾ ਹੋਈ ਮਸਤੀ (ਆਤਮਿਕ ਆਨੰਦ) ਨੂੰ ਭਗਤੀ ਰਸ ਦਾ ਅਨੁਭਾਵ ਕਿਹਾ ਜਾਂਦਾ ਹੈ। ਧੀਰਜ, ਪ੍ਰਸੰਨਤਾ ਅਤੇ ਉਤਸੁਕਤਾ ਨੂੰ ਭਗਤੀ ਰਸ ਦੇ ਸੰਚਾਰੀ ਭਾਵ ਕਿਹਾ

ਜਾਂਦਾ ਹੈ। ਇੱਥੇ ਗੁਰੂ ਜੀ ਨੇ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਜੋ ਹਰੇਕ ਪਾਠਕ ਜਾਂ ਸਾਧਕ ਨੂੰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਲਈ ਪ੍ਰੇਰਿਤ ਕਰਦੇ ਹਨ।

**ਪ੍ਰੇਮ-ਰਸ**: ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪ੍ਰੇਮ ਰਸ ਦੀ ਝਲਕ ਦੇਖਣ ਨੂੰ ਮਿਲਦੀ ਹੈ। ਦੀਵਾਨ ਸਿੰਘ ਦੇ ਅਨੁਸਾਰ, "ਗੁਰੂ ਅਰਜਨ ਜੀ ਦੀ ਕਵਿਤਾ ਵਿਚੋਂ ਰੱਬੀ ਪ੍ਰੇਮ ਦੀ ਤਾਂਘ ਤੇ ਰਸ ਡੁਲ੍ਹ-ਡੁਲ੍ਹ ਪੈਂਦਾ ਹੈ।" (***ਡਾ. ਅੰਮ੍ਰਿਤ ਲਾਲ ਪਾਲ, ਗੁਰੂ ਅਰਜਨ ਦੇਵ ਜੀਵਨ ਤੇ ਬਾਣੀ*** *174*) ਗੁਰੂ ਅਰਜਨ ਦੇਵ ਜੀ ਦਾ ਉਸ ਪਰਮਾਤਮਾ ਨਾਲ ਇਸ਼ਕ ਇੰਨਾ ਡੂੰਘਾ ਹੈ ਕਿ ਉਸ ਤੋਂ ਬਿਨਾਂ ਕਿਸੇ ਹੋਰ ਦੀ ਕਲਪਨਾ ਕਰਨਾ ਵੀ ਅਸੰਭਵ ਹੈ। ਰੱਬੀ ਪ੍ਰੇਮ ਦੀ ਉਦਾਹਰਨ ਗੁਰੂ ਸਾਹਿਬ ਜੀ ਦੇ ਜੀਵਨ ਦੀ ਅਖੀਰਲੀ ਘਟਨਾ ਵਿਚੋਂ ਦੇਖਣ ਨੂੰ ਮਿਲਦੀ ਹੈ, ਜਿਸ ਤਰ੍ਹਾਂ ਗੁਰੂ ਸਾਹਿਬ ਜੀ ਨੇ ਜਿਉਂਦਿਆਂ ਸ਼ਹੀਦ ਹੋ ਕੇ, ਅਸਹਿ ਤਸੀਹੇ ਸਹਿ ਕੇ, ਪ੍ਰਭੂ-ਪ੍ਰੇਮ, ਰੱਬੀ ਇਸ਼ਕ ਦੀ ਸਿਖਰ ਹੈ। ਗੁਰੂ ਸਾਹਿਬ ਜੀ ਅਹਿੰਸਾ, ਸ਼ਾਂਤੀ, ਕੁਰਬਾਨੀ ਦੇ ਅਦੁੱਤੀ ਅਵਤਾਰ ਸਨ ਅਤੇ ਉਨ੍ਹਾਂ ਦੀ ਸੰਪੂਰਨ ਬਾਣੀ ਰੱਬੀ ਇਸ਼ਕ, ਆਸ਼ਾਵਾਦ ਨਾਲ ਓਤਪੋਤ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਪ੍ਰੇਮ-ਰਸ ਨਾਲ ਸੰਬੰਧਿਤ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਤੇਰਾ ਕੀਆ ਮੀਠਾ ਲਾਗੈ॥

ਨਾਮ ਪਦਾਰਥ ਨਾਨਕ ਮਾਂਗੈ॥ (394)

ਓਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਹੇ ਪ੍ਰਭੂ! ਮੈਨੂੰ ਤੇਰਾ ਕੀਤਾ ਹੋਇਆ ਹਰੇਕ ਕੰਮ ਚੰਗਾ ਲੱਗਦਾ ਹੈ ਭਾਵ ਹਰ ਮਨੁੱਖ ਨੂੰ ਉਸ ਪਰਮਾਤਮਾ ਦੇ ਭਾਣੇ ਵਿਚ ਖੁਸ਼ ਰਹਿਣਾ ਚਾਹੀਦਾ ਹੈ। ਗੁਰੂ ਜੀ ਅਨੁਸਾਰ ਹੇ ਪ੍ਰਭੂ! ਤੇਰਾ ਦਾਸ ਤੇਰੇ ਕੋਲੋਂ ਸਭ ਤੋਂ ਕੀਮਤੀ ਵਸਤੂ ਤੇਰਾ ਨਾਮ ਮੰਗ ਰਿਹਾ ਹੈ। ਪ੍ਰੇਮ-ਰਸ ਵਿਚ ਪ੍ਰਭੂ ਜਾਂ ਪਰਮਾਤਮਾ ਅਲੰਬਨ ਹੈ ਤੇ ਉਸਦਾ ਰੂਪ ਜਾਂ ਚਰਿੱਤਰ ਵਰਨਣ ਉਦੀਪਨ ਹੈ। ਪਰਮਾਤਮਾ ਦੇ ਨਾਮ-ਸਿਮਰਨ ਤੋਂ ਮਨ ਵਿਚ ਪੈਦਾ ਹੋਈ ਮਸਤੀ (ਆਤਮਿਕ ਆਨੰਦ) ਨੂੰ ਪ੍ਰੇਮ-ਰਸ ਦਾ ਅਨੁਭਾਵ ਕਿਹਾ ਜਾਂਦਾ ਹੈ। ਪ੍ਰਸੰਨਤਾ ਅਤੇ ਉਤਸੁਕਤਾ ਨੂੰ ਪ੍ਰੇਮ-ਰਸ ਦੇ ਸੰਚਾਰੀ ਭਾਵ ਕਿਹਾ ਜਾਂਦਾ ਹੈ। ਇੱਥੇ

ਗੁਰੂ ਜੀ ਨੇ ਪ੍ਰੇਮ-ਰਸ ਵਰਤੋਂ ਇਸ ਲਈ ਕੀਤੀ ਹੈ ਤਾਂ ਜੋ ਹਰੇਕ ਪਾਠਕ ਜਾਂ ਸਾਧਕ ਨੂੰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਲਈ ਪ੍ਰੇਰਿਤ ਕੀਤਾ ਜਾ ਸਕੇ।

**1.7.2. ਧੁਨੀ ਸਿਧਾਂਤ:-** ਆਨੰਦਵਰਧਨ ਨੇ 'ਧਵਨਿਆਲੋਕ' ਵਿਚ ਧ੍ਵਨਿ ਸਿੱਧਾਂਤ ਦੀ ਸਥਾਪਨਾ ਕੀਤੀ ਸੀ। 'ਧ੍ਵਨ' ਧਾਤੂ ਵਿਚ 'ਈ' ਪਿਛੇਤਰ ਲੱਗਣ ਨਾਲ 'ਧ੍ਵਨਿ' ਸ਼ਬਦ ਦੀ ਉਤਪਤੀ ਹੋਈ ਹੈ, ਜਿਸ ਦਾ ਆਮ ਅਰਥ ਕੰਨਾਂ ਵਿਚ ਪੈਣ ਵਾਲੀ ਆਵਾਜ਼ ਹੈ। ਆਨੰਦਵਰਧਨ ਦੇ ਅਨੁਸਾਰ, "ਜਦ ਸ਼ਬਦ ਅਤੇ ਅਰਥ ਖੁਦ ਆਪਣੇ ਆਪ ਨੂੰ ਗੁਣੀਭੂਤ ਜਾਂ ਗੌਣ ਕਰਕੇ ਵਿਸ਼ੇਸ਼ ਅਰਥ ਨੂੰ ਪ੍ਰਗਟ ਕਰੇ ਤਾਂ ਉਹ ਧ੍ਵਨਿ ਹੈ।" (***ਧਵਨਿਆਲੋਕ*** *4*) ਵਿਆਕਰਣਕਾਰ ਸੁਣਾਈ ਦੇਣ ਵਾਲੇ ਵਰਣਾਂ ਨੂੰ ਧਵਨੀ ਕਹਿੰਦੇ ਹਨ। ਆਨੰਦਵਰਧਨ ਦੇ ਅਨੁਸਾਰ ਕਾਵਿ ਦੇ ਪੰਜ ਤੱਤਾਂ ਵਾਚਯ, ਵਾਚਕ, ਵਿਅੰਗਯਾਰਥ, ਵਿਅੰਜਨਾ-ਵਿਆਪਾਰ ਨੂੰ ਧਵਨੀ ਆਖਿਆ ਗਿਆ ਹੈ। (***ਧਵਨਿਆਲੋਕ*** *15*)

ਪੰਜਾਬੀ ਵਿਆਕਰਨ ਦੇ ਅਨੁਸਾਰ ਧੁਨੀ ਭਾਸ਼ਾ ਦੀ ਸਭ ਤੋਂ ਛੋਟੀ ਪਰ ਨਿਰਾਰਥਕ ਇਕਾਈ ਹੈ ਅਤੇ ਸ਼ਬਦ ਭਾਸ਼ਾ ਦੀ ਸਭ ਤੋਂ ਛੋਟੀ ਪਰ ਸਾਰਥਿਕ ਇਕਾਈ ਹੈ ਪਰੰਤੂ ਕਵਿਤਾ ਵਿਚ ਧੁਨੀ ਦਾ ਮਾਧਿਅਮ ਸ਼ਬਦ ਹਨ ਜਿਨ੍ਹਾਂ ਰਾਹੀਂ ਨਵੇਂ-ਨਵੇਂ ਅਰਥਾਂ ਦੀ ਪ੍ਰਤੀਤੀ ਹੁੰਦੀ ਹੈ। ਕਾਵਿ ਵਿਚ ਸ਼ਬਦ ਹੀ ਧੁਨੀ ਦਾ ਆਧਾਰ ਹੁੰਦੇ ਹਨ ਕਿਉਂਕਿ ਕਾਵਿ ਵਿਚ ਪ੍ਰੋਏ ਜਾਂ ਵਰਤੇ ਹੋਏ ਸ਼ਬਦਾਂ ਦੇ ਜ਼ਰੀਏ ਹੀ ਕਵੀ ਜਾਂ ਲੇਖਕ ਦੁਆਰਾ ਧੁਨੀ ਉਤਪੰਨ ਹੁੰਦੀ ਹੈ। ਜਦੋਂ ਕਵਿਤਾ ਵਿਚ ਆਮ ਬੋਲਚਾਲ ਦੇ ਸ਼ਬਦ ਕਵੀ ਜਾਂ ਲੇਖਕ ਆਪਣੀ ਪ੍ਰਤਿਭਾ ਜਾਂ ਹੁਨਰ ਦੁਆਰਾ ਸਜਾਉਂਦਾ ਹੈ ਤਾਂ ਉਨ੍ਹਾਂ ਸ਼ਬਦਾਂ ਵਿਚੋਂ ਨਵੇਂ ਨਵੇਂ ਅਰਥ ਮਹਿਸੂਸ ਕੀਤੇ ਜਾਂਦੇ ਹਨ। ਕਾਵਿ ਵਿਚ ਇਨ੍ਹਾਂ ਨਵੇਂ ਤੇ ਵਿਅੰਗਮਈ ਅਰਥਾਂ ਦੀ ਅਨੁਭੂਤੀ ਜਾਂ ਪ੍ਰਸਤੁਤੀ ਹੀ ਕਵਿਤਾ ਦੀ ਧੁਨੀ ਹੈ। ਸ਼ਬਦ ਵਿਚੋਂ ਹੀ ਵਿਅੰਗ ਅਤੇ ਵੱਖ-ਵੱਖ ਰਮਜ਼ਾਂ ਫੁੱਟ-ਫੁੱਟ ਨਿਕਲਦੀਆਂ ਹਨ। 'ਧੁਨੀ ਸਿਧਾਂਤ' ਦੇ ਸੰਚਾਲਕ ਆਨੰਦ ਵਰਧਨ ਦੇ ਅਨੁਸਾਰ, "ਜਿਥੇ ਸ਼ਬਦ ਤੇ ਅਰਥ ਆਪਣੇ ਆਮ ਖੇਤਰ ਤੋਂ ਉਤਾਂਹ ਉਠਕੇ ਸ਼ਬਦ ਸ਼ਕਤੀਆਂ (ਅਭਿਧਾ, ਲਕਸ਼ਣਾ, ਵਿਅੰਜਨਾ) ਦੇ ਰਾਹੀਂ ਕਿਸੇ ਅਨੋਖੇ ਵਿਅੰਗ-ਅਰਥ ਨੂੰ ਜ਼ਾਹਰ ਕਰਦੇ ਹਨ ਉਹ ਕਾਵਿ ਧੁਨੀ-ਕਾਵਿ ਹੈ।" (***ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ*** *47*)

ਇਕ ਸਿਧਾਂਤ ਦੇ ਰੂਪ ਵਿਚ ਧੁਨੀ ਦਾ ਅਰਥ ਹੈ :- ਵਿਅੰਗ ਜਾਂ ਰਮਜ਼। ਵਿਅੰਗ ਦਾ ਅਦਭੁੱਤ ਤੇ ਅਲੋਕਿਕ ਅਰਥ ਹੁੰਦਾ ਹੈ, ਜਿਹੜਾ ਕਾਵਿ ਦੇ ਪੜ੍ਹੇ ਜਾਣ ਉਪਰੰਤ ਵੀ ਪਾਠਕ ਜਾਂ ਸਰੋਤੇ ਦੇ ਕੰਨਾਂ ਵਿਚ ਗੂੰਜਦਾ ਰਹਿੰਦਾ ਹੈ। ਧੁਨੀ ਰਮਜ਼ੀਆ ਕਵਿਤਾ, ਵਿਅੰਗਮਈ ਕਵਿਤਾ ਜਾਂ ਪ੍ਰਤੀਕ-ਮਈ ਕਵਿਤਾ ਨੂੰ ਕਿਹਾ ਜਾਂਦਾ ਹੈ। ਆਮ ਬੋਲ-ਚਾਲ ਵਿਚ ਵਰਤੇ ਜਾਣ ਵਾਲੇ ਸ਼ਬਦ ਜਦੋਂ ਕਵੀ ਦੁਆਰਾ ਕਵਿਤਾ ਵਿਚ ਸਜਾਏ ਜਾਂ ਵਰਤੇ ਜਾਂਦੇ ਹਨ ਤਾਂ ਉਹਨਾਂ ਸ਼ਬਦਾਂ ਵਿਚੋਂ ਨਵੇਂ-ਨਵੇਂ ਅਰਥਾਂ ਦੀ ਪ੍ਰਤੀਤੀ ਹੁੰਦੀ ਹੈ ਜਿਸ ਨੂੰ ਧੁਨੀ ਕਿਹਾ ਜਾਂਦਾ ਹੈ। ਧੁਨੀ ਰਾਹੀਂ ਕਵਿਤਾ ਵਿਚੋਂ ਇਹ ਪਤਾ ਲਗਾਇਆ ਜਾਂਦਾ ਹੈ ਕਿ ਇਸ ਕਵਿਤਾ ਰਾਹੀਂ ਕਵੀ ਕੀ ਕਹਿਣਾ ਚਾਹੁੰਦਾ ਹੈ। ਆਨੰਦਵਰਧਨ ਨੇ ਧ੍ਵਨੀ ਸਿਧਾਂਤ ਦੇ ਤਿੰਨ ਭੇਦ ਵਸਤੂ ਧ੍ਵਨੀ, ਅੰਲਕਾਰ ਧ੍ਵਨੀ ਅਤੇ ਰਸ ਧ੍ਵਨੀ ਦੱਸੇ ਹਨ। (***ਧਵਨਿਆਲੋਕ*** *4*)

ਕਾਵਿ ਜਾਂ ਸਾਹਿਤ ਵਿਚ ਜਿੱਥੇ ਮੁੱਖ-ਅਰਥ ਨਾਲੋਂ ਵਿਅੰਗਾਰਥ ਵਿਚ ਵਧੇਰੇ ਚਮਤਕਾਰ ਜਾਂ ਕਾਵਿਕ ਸੁਹਜ ਹੋਵੇ, ਉਸਨੂੰ ਧੁਨੀ ਕਿਹਾ ਜਾਂਦਾ ਹੈ। ਭਾਵ ਇਹ ਹੈ ਕਿ ਜਿੱਥੇ ਇੱਕ ਸ਼ਬਦ ਵਿਚੋਂ ਸਾਧਾਰਣ ਅਰਥ ਦੇ ਨਾਲ-ਨਾਲ ਇੱਕ ਨਵੇਂ ਚਮਤਕਾਰੀ ਤੇ ਰਮਣੀਕ ਅਰਥ ਦੀ ਝਲਕ ਉਭਰਦੀ ਹੋਵੇ, ਉਸਨੂੰ ਧੁਨੀ ਕਾਵਿ ਕਿਹਾ ਜਾਂਦਾ ਹੈ। ਕੁਝ ਵਿਦਵਾਨ ਕਾਵਿ ਨੂੰ ਇਕ ਪੁਰਖ ਸਮਝ ਕੇ ਧੁਨੀ ਉਸਦੀ ਆਤਮਾ ਦੱਸੀ ਹੈ, ਸ਼ਬਦ ਤੇ ਅਰਥ ਉਸਦਾ ਸਰੀਰ ਹੈ, ਰੀਤੀ ਜਾਂ ਸ਼ੈਲੀ ਅੰਗ, ਅਲੰਕਾਰ ਸਰੀਰ ਦੇ ਗਹਿਣੇ ਹਨ। ਵਿਆਕਰਣ ਦੇ ਅਨੁਸਾਰ ਕੰਨਾਂ ਨੂੰ ਜੋ ਸ਼ਬਦ ਸੁਣਾਈ ਦਿੰਦਾ ਹੈ ਉਹ ਅਸਿਥਰ ਤੇ ਨਾਸ਼ਮਾਨ ਹੈ ਕਿਉਂਕਿ ਉਸ ਤੋਂ ਕਿਸੇ ਅਰਥ ਨੂੰ ਨਹੀਂ ਜਾਣਿਆ ਜਾ ਸਕਦਾ। ਜਿਵੇਂ 'ਗਊ' ਸ਼ਬਦ ਵਿਚਲੇ ਅੱਖਰ 'ਗੱਗਾ' ਬੋਲਣ ਵੇਲੇ 'ਊੜਾ' ਅੱਖਰ ਨਹੀਂ ਹੈ ਅਤੇ ਜਦੋਂ 'ਊੜਾ' ਅੱਖਰ ਬੋਲਾਂਗੇ ਤਾਂ 'ਗੱਗਾ' ਅੱਖਰ ਆਕਾਸ਼ ਵਿਚ ਲੋਪ ਹੋ ਚੁੱਕਾ ਹੋਵੇਗਾ। ਸਫੋਟ ਸਿਧਾਂਤ ਦੇ ਅਨੁਸਾਰ ਜਿਸ ਸ਼ਬਦ ਨੂੰ ਪੜ੍ਹ ਕੇ ਜਾਂ ਸੁਣ ਕੇ ਉਸ ਦੇ ਕਈ ਅਰਥਾਂ ਬਾਰੇ ਗਿਆਨ ਹੋਵੇ, ਉਸ ਸ਼ਬਦ ਨੂੰ 'ਸਫੋਟ' ਕਿਹਾ ਜਾਂਦਾ ਹੈ। ਉਦਾਹਰਨ ਲਈ :

ਸਰਬ ਰੋਗ ਕਾ ਅਉਖਦੁ ਨਾਮੁ॥

ਕਲਿਆਣ ਰੂਪ ਮੰਗਲ ਗੁਣ ਗਾਮ॥ ***(ਸ੍ਰੀ ਗੁਰੂ ਗ੍ਰੰਥ ਸਾਹਿਬ 274*)**

ਉਪਰੋਕਤ ਕਾਵਿ-ਸਤਰਾਂ ਵਿਚ 'ਰੋਗ' ਸ਼ਬਦ ਦਾ ਮੁਢਲਾ ਅਰਥ ਬਿਮਾਰੀ, ਮਰਜ਼ ਜਾਂ ਕਮੀ ਹੈ, ਪਰੰਤੂ ਇੱਥੇ 'ਰੋਗ' ਸ਼ਬਦ ਦੀ ਵਰਤੋਂ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਲਈ ਕੀਤੀ ਗਈ ਹੈ ਕਿਉਂਕਿ ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਪੰਜ ਵਿਕਾਰਾਂ ਵਿਚ ਗੁਆਚਿਆ ਮਨੁੱਖ ਪਰਮਾਤਮਾ ਦੇ ਨਾਮ-ਸਿਮਰਨ ਤੋਂ ਬਿਨ੍ਹਾਂ ਇਕ ਮਾਨਸਿਕ ਰੋਗੀ ਦੀ ਤਰ੍ਹਾਂ ਜੀਵਨ ਬਤੀਤ ਕਰਦਾ ਹੈ। ਉਪਰੋਕਤ ਕਾਵਿ-ਸਤਰਾਂ ਵਿਚ 'ਅਉਖਦੁ' ਸ਼ਬਦ ਦਾ ਮੁਢਲਾ ਅਰਥ ਔਸ਼ਧੀ ਜਾਂ ਦਵਾਈ ਹੈ, ਪਰੰਤੂ ਇੱਥੇ 'ਅਉਖਦੁ' ਸ਼ਬਦ ਦੀ ਵਰਤੋਂ ਪਰਮਾਤਮਾ ਦੇ ਨਾਮ-ਸਿਮਰਨ ਲਈ ਕੀਤੀ ਗਈ ਹੈ ਕਿਉਂਕਿ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਨਾਲ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਵਰਗੇ ਸਭ ਮਾਨਸਿਕ ਰੋਗਾਂ ਦਾ ਖਾਤਮਾ ਹੋ ਜਾਂਦਾ ਹੈ। 'ਧੁਨੀ' ਸ਼ਬਦ ਦਾ ਅਰਥ ਜਾਂ ਭਾਵ ਸੰਕੇਤਕ, ਸੁਝਾਉ, ਰਮਜ਼, ਸ਼ਬਦ ਜਾਂ ਕਾਵਿ ਹੈ। ਧੁਨੀ ਦਾ ਕੋਸ਼ਗਤ ਅਰਥ ਸੁਰ ਜਾਂ ਗੂੰਜ ਹੈ। ਆਨੰਦ ਵਰਧਨ ਦੇ ਅਨੁਸਾਰ, "ਮਹਾਨ ਕਵੀਆਂ ਦੀ ਕਾਵਿ-ਬਾਣੀ ਵਿਚ ਕੁਝ ਹੋਰ ਵੀ ਚਮਤਕਾਰੀ ਵਸਤੂ ਜਾਂ ਅਰਥ ਇਉਂ ਸੁਝਦਾ ਪ੍ਰਤੀਤ ਹੁੰਦਾ ਹੈ ਜਿਵੇਂ ਕਿਸੇ ਸੁੰਦਰੀ ਦੇ ਵੱਖ-ਵੱਖ ਅੰਗਾਂ ਦੀ ਸੁੰਦਰਤਾ ਤੋਂ ਇਲਾਵਾ ਇੱਕ ਨਿਵੇਕਲੇ ਰੂਪ ਸੁਹਜ ਦੀ ਸ਼ੋਭਾ ਵਰਤਮਾਨ ਹੁੰਦੀ ਹੈ।" (***ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ*** 40)

'ਧੁਨੀ ਸੰਪ੍ਰਦਾਇ' ਦਾ ਆਰੰਭ ਆਚਾਰਯ ਆਨੰਦ ਵਰਧਨ ਨੇ '***ਧਵਨਿਆਲੋਕ***' ਨਾਂ ਦੇ ਗ੍ਰੰਥ ਨਾਲ ਕੀਤਾ ਸੀ ਪਰੰਤੂ ਉਸ ਦੇ ਪਿੱਛੋਂ ਉਸ ਦੇ ਸ਼ਿਸ਼ ਅਭਿਨਵ ਗੁਪਤ ਨੇ '***ਲੋਚਨ***' ਨਾਂ ਦਾ ਟੀਕਾ ਲਿਖ ਕੇ ਇਸ ਸਿਧਾਂਤ ਨੂੰ ਹੋਰ ਵੀ ਵਿਵਸਥਿਤ ਅਤੇ ਪ੍ਰਮਾਣਿਕ ਰੂਪ ਪ੍ਰਦਾਨ ਕੀਤਾ ਅਤੇ ਧੁਨੀ ਸਿਧਾਂਤ ਦੇ ਵਿਰੋਧੀਆਂ ਦਾ ਖੰਡਨ ਕੀਤਾ। ਅਭਿਨਵ ਗੁਪਤ ਤੋਂ ਬਾਅਦ ਆਚਾਰਯ ਭੋਜ ਨੇ ਆਪਣੀਆਂ ਕਾਵਿ-ਸ਼ਾਸਤਰੀ ਰਚਨਾਵਾਂ ਵਿਚ ਕਾਵਿ ਦੇ ਅਨੇਕ ਪੱਖਾਂ ਉੱਤੇ ਪ੍ਰਕਾਸ਼ ਪਉਂਦਿਆਂ ਧੁਨੀ ਸਿਧਾਂਤ ਦਾ ਸਮਰਥਨ ਕੀਤਾ। ਆਚਾਰਯ ਭੋਜ ਤੋਂ ਬਾਅਦ ਆਚਾਰਯ ਮੰਮਟ, ਹੇਮ ਚੰਦਰ, ਰਾਜ ਸ਼ੇਖਰ, ਆਚਾਰਯ ਜੈਦੇਵ, ਵਿਸ਼ਵਨਾਥ ਆਦਿ ਨੇ ਵੀ ਧੁਨੀ ਸਿਧਾਂਤ ਦੇ ਪ੍ਰਸਾਰ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਪੰਡਿਤ ਰਾਜ ਜਗਨ ਨਾਥ ਨੇ ਧੁਨੀ ਦੇ ਆਧਾਰ ਤੇ

ਕਾਵਿ ਦੇ ਚਾਰ ਭੇਦ ਮੰਨੇ ਹਨ: ਉਤਮੋਤਮ, ਉੱਤਮ, ਮੱਧਮ, ਅਤੇ ਅਧਮ ਅਤੇ ਧੁਨੀ ਦੇ ਦੋ ਭੇਦ ਮੰਨੇ ਹਨ: ਅਭਿਧਾਮੂਲਾ ਅਤੇ ਲਕਸ਼ਣਾਮੂਲਾ। (***ਜੱਗੀ, ਭਾਰਤੀ ਕਾਵਿ ਸ਼ਾਸਤਰ** 130*)

ਆਚਾਰਯ ਆਨੰਦ ਵਰਧਨ ਦੇ ਅਨੁਸਾਰ, "ਜਿਸ ਕਾਵਿ ਵਿਚ ਮਨ ਨੂੰ ਪ੍ਰਸੰਨ ਕਰਨ ਵਾਲੀ ਅਲੰਕਾਰਾਂ ਵਾਲੀ ਕੋਈ ਵਸਤੂ ਹੋਵੇ, ਵਿਚਿਤਰ ਸ਼ਬਦਾਂ ਦੀ ਵਰਤੋਂ ਹੋਵੇ, ਵਕ੍ਰੋਕਤੀ ਦਾ ਚਮਤਕਾਰ ਹੋਵੇ, ਉਸ ਨੂੰ ਧਵਨੀ ਕਿਹਾ ਜਾਂਦਾ ਹੈ।" (***ਧਵਨਿਆਲੋਕ*** 2) ਕਾਵਿ ਵਿਚ ਸ਼ਬਦ ਦੀ ਪ੍ਰਧਾਨਤਾ ਹੁੰਦੀ ਹੈ, ਜਿਸਦੇ ਸਹਾਰੇ ਕਵੀ ਜਾਂ ਲੇਖਕ ਸਮਾਜਿਕ ਸਮੱਸਿਆ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ ਕਿ ਪਾਠਕ ਜਾਂ ਸਰੋਤੇ ਉਸ ਬਾਰੇ ਸੋਚਣ ਲਈ ਮਜਬੂਰ ਹੋ ਜਾਣ। ਡਾਕਟਰ ਭੋਲਾ ਸ਼ੰਕਰ ਦੇ ਅਨੁਸਾਰ, "ਸ਼ਬਦ ਉਹ ਧੁਨੀ-ਸਮੂਹ ਹੈ ਜਿਸ ਵਿਚ ਅਰਥ ਦੇ ਧਾਰਣ ਕਰਨ ਦੀ ਅਤੇ ਅਰਥ ਦਾ ਗਿਆਨ ਕਰਵਾਉਣ ਦੀ ਸ਼ਕਤੀ ਹੁੰਦੀ ਹੈ।" (***ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ*** 21) ਕੁੰਤਕ ਨੇ ਮਨ-ਚਾਹਤ (Desired) ਅਰਥ ਦੇ ਸੂਚਕ ਨੂੰ ਸ਼ਬਦ ਕਿਹਾ ਹੈ। ਪੰਡਿਤ ਰਾਮ ਦਹਿਨ ਦੇ ਅਨੁਸਾਰ, "ਆਵਾਜ਼ (ਧੁਨੀ) ਅਤੇ ਅਰਥ (Sense) ਦੋਹਾਂ ਦੇ ਸੁਮੇਲ ਤੋਂ ਸ਼ਬਦ ਦੀ ਉਪਜ ਹੁੰਦੀ ਹੈ।" (***ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ*** 21) ਭਾਵ ਜਿਥੇ ਸ਼ਬਦ ਹੁੰਦਾ ਹੈ ਉਥੇ ਕੋਈ ਨ ਕੋਈ ਅਰਥ ਜ਼ਰੂਰ ਹੁੰਦਾ ਹੈ ਅਤੇ ਜਿੱਥੇ ਕੋਈ ਅਰਥ ਹੁੰਦਾ ਹੈ ਉਥੇ ਉਸ ਦਾ ਕੋਈ ਨ ਕੋਈ ਸੂਚਕ ਜਰੂਰ ਹੁੰਦਾ ਹੈ। ਸੌਸਿਊਰ ਨੇ ਸ਼ਬਦ ਅਤੇ ਅਰਥ ਨੂੰ 'Sound' ਤੇ 'Concept' ਕਿਹਾ ਹੈ।

ਸ਼ਬਦ ਦੇ ਭੇਦਾਂ ਨੂੰ ਲੈ ਕੇ ਵਿਦਵਾਨਾਂ ਵਿਚ ਕਾਫੀ ਮਤਭੇਦ ਹੈ, ਕਿਉਂਕਿ ਕੁਝ ਵਿਦਵਾਨ ਸ਼ਬਦ ਦੇ ਦੋ ਭੇਦ ਧੁਨੀਆਤਮਕ ਅਤੇ ਵਰਣਾਤਮਕ ਮੰਨਦੇ ਹਨ। ਧੁਨੀਆਤਮਕ ਭਾਵ ਉਹ ਸ਼ਬਦ ਜੋ ਸੰਗੀਤ ਦੇ ਵੱਖ-ਵੱਖ ਸਾਜਾਂ, ਪਸ਼ੂ-ਪੰਛੀਆਂ ਦੀਆਂ ਬੋਲੀਆਂ ਆਦਿ ਤੋਂ ਪੈਦਾ ਹੁੰਦੇ ਹਨ ਅਤੇ ਵਰਣਾਤਮਕ ਭਾਵ ਉਹ ਸ਼ਬਦ ਜਿਹੜੇ ਅੱਖਰਾਂ ਜਾਂ ਵਰਣਾਂ ਵਿਚ ਸਾਫ ਤੌਰ ਤੇ ਲਿਖੇ ਜਾਂ ਬੋਲੇ ਜਾ ਸਕਦੇ ਹਨ। ਵਰਣਾਤਮਕ ਸ਼ਬਦ ਦੇ ਅੱਗੇ ਦੋ ਭੇਦ ਸਾਰਥਕ ਸ਼ਬਦ ਅਤੇ ਨਿਰ-ਅਰਥਕ ਸ਼ਬਦ ਹੁੰਦੇ ਹਨ। ਸਾਰਥਕ ਸ਼ਬਦ ਉਹ ਸ਼ਬਦ ਹੂੰਦੇ ਹਨ ਜਿਹੜੇ ਕਿਸੇ ਵਸਤੂ ਜਾਂ ਵਿਸ਼ੇ ਦੇ ਸੂਚਕ ਹੁੰਦੇ ਹਨ ਅਤੇ ਜਿਸ ਦੇ ਪੜ੍ਹਨ ਜਾਂ ਸੁਣਨ ਤੋਂ ਇਕ ਮਾਨਸਿਕ ਬਿੰਬ (Mental Image) ਤਿਆਰ ਹੁੰਦਾ ਹੈ। ਨਿਰ-ਅਰਥਕ ਸ਼ਬਦ ਉਹ ਸ਼ਬਦ ਹੁੰਦੇ ਹਨ ਜਿਨ੍ਹਾਂ ਤੋਂ ਕਿਸੇ

ਵਸਤੂ ਜਾਂ ਵਿਸ਼ੇ ਦਾ ਗਿਆਨ ਨਹੀਂ ਹੁੰਦਾ ਹੈ ਜਿਵੇਂ 'ਅਸਮਾਨ ਦੇ ਫੁੱਲ', 'ਸਹੇ ਦੇ ਸਿੰਗ'। ਕੁਝ ਵਿਦਵਾਨ ਸ਼ਬਦ ਦੀਆਂ ਚਾਰ ਕਿਸਮਾਂ ਜਾਤੀ ਵਾਚਕ, ਗੁਣ ਵਾਚਕ, ਕਿਰਿਆ ਵਾਚਕ ਅਤੇ ਵਿਅਕਤੀ ਵਾਚਕ ਮੰਨਦੇ ਹਨ। ਜਾਤੀ ਵਾਚਕ ਸ਼ਬਦ ਸਮੁੱਚੀ ਜਾਤੀ ਦਾ ਬੋਧ ਕਰਾਉਂਦੇ ਹਨ ਜਿਵੇਂ 'ਗਊ' ਸ਼ਬਦ ਤੋਂ ਸਾਰੀ ਗਊ ਜਾਤੀ ਦਾ ਬੋਧ ਜਾਂ ਜਾਣਕਾਰੀ ਪ੍ਰਾਪਤ ਹੁੰਦੀ ਹੈ। ਗੁਣ ਵਾਚਕ ਸ਼ਬਦ ਤੋਂ ਕਿਸੇ ਵਿਅਕਤੀ ਜਾਂ ਵਸਤੂ ਦੇ ਗੁਣਾਂ ਦੀ ਸੂਚਨਾ ਪ੍ਰਾਪਤ ਹੁੰਦੀ ਹੈ ਜਿਵੇਂ ਕਾਲਾ, ਪੀਲਾ, ਖੱਟਾ, ਮਿੱਠਾ ਆਦਿ। ਕਿਰਿਆ ਵਾਚਕ ਉਹ ਸ਼ਬਦ ਹੁੰਦੇ ਹਨ ਜਿਸ ਤੋਂ ਕਿਸੇ ਕੰਮ ਜਾਂ ਕਾਰਜ ਦੇ ਹੋਣ ਜਾਂ ਕਰਨ ਬਾਰੇ ਜਾਣਕਾਰੀ ਮਿਲਦੀ ਹੈ ਜਿਵੇਂ ਚਲਣਾ, ਫਿਰਨਾ, ਬੈਠਣਾ, ਦੋੜਣਾ ਆਦਿ। ਵਿਅਕਤੀ ਵਾਚਕ ਸ਼ਬਦਾਂ ਨੂੰ ਅੰਗਰੇਜੀ ਭਾਸ਼ਾ ਵਿਚ 'Proper Noun' ਕਿਹਾ ਜਾਂਦਾ ਹੈ ਜਿਵੇਂ ਹਰਪ੍ਰੀਤ, ਰਵਿੰਦਰ, ਅਭੀਜੋਤ ਆਦਿ।

ਪ੍ਰਸਿੱਧ ਭਾਸ਼ਾ ਵਿਗਿਆਨੀ ਸੋਸਿਊਰ ਦੇ ਅਨੁਸਾਰ ਸ਼ਬਦ ਅਤੇ ਅਰਥ ਦਾ ਸੰਬੰਧ ਆਪਹੁਦਰਾ (arbiterary) ਹੁੰਦਾ ਹੈ ਕਿਉਂਕਿ ਕਾਵਿ ਜਾਂ ਸਾਹਿਤ ਵਿਚ ਇਕ ਸ਼ਬਦ ਤੋਂ ਕਈ ਅਰਥਾਂ ਦਾ ਗਿਆਨ ਪ੍ਰਾਪਤ ਹੁੰਦਾ ਹੈ ਅਤੇ ਕਈ ਭਾਵਾਂ ਦੀ ਝਲਕ ਦਿਖਾਈ ਦਿੰਦੀ ਹੈ। ਕਾਵਿ ਵਿਚ ਸ਼ਬਦ ਬਹੁ-ਪਰਤੀ, ਬਹੁ-ਪਾਸਾਰੀ ਅਤੇ ਬਹੁ-ਅਰਥੀ ਹੁੰਦੇ ਹਨ ਕਿਉਂਕਿ ਕਾਵਿ ਵਿਚ ਇਕੋ ਹੀ ਸ਼ਬਦ ਦੁਆਰਾ ਕਈ ਭਾਵਾਂ ਜਾਂ ਅਰਥਾਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਸ਼ਬਦ ਦੇ ਬਹੁ-ਪਰਤੀ, ਬਹੁ-ਪਾਸਾਰੀ ਅਤੇ ਬਹੁ-ਅਰਥੀ ਸੁਭਾ ਕਰਕੇ ਹੀ ਸੰਸਕ੍ਰਿਤ ਦੇ ਵਿਦਵਾਨਾਂ ਨੇ ਸ਼ਬਦ ਦੀਆਂ ਇਕ ਤੋਂ ਵਧੇਰੇ ਸ਼ਕਤੀਆਂ ਮੰਨੀਆਂ ਹਨ, ਜਿੰਨ੍ਹਾਂ ਦੇ ਰਾਹੀਂ ਇਕ ਹੀ ਸ਼ਬਦ ਦੇ ਵੱਖ-ਵੱਖ ਅਰਥਾਂ ਨੂੰ ਪ੍ਰਗਟ ਕੀਤਾ ਜਾਂਦਾ ਹੈ। ਜਿਵੇਂ 'ਗਧਾ' ਸ਼ਬਦ ਦਾ ਪਹਿਲਾ ਅਰਥ 'ਸਿੰਗਾਂ ਤੋਂ ਰਹਿਤ ਪਸ਼ੂ' ਤੋਂ ਹੈ, ਦੂਸਰਾ ਅਰਥ 'ਖਾਸ ਵਿਅਕਤੀ' ਅਤੇ ਤੀਸਰਾ ਅਰਥ 'ਮੂਰਖਤਾ' ਲਈ ਕੀਤਾ ਜਾਂਦਾ ਹੈ। ਇਨ੍ਹਾਂ ਵੱਖ-ਵੱਖ ਅਰਥਾਂ ਨੂੰ ਜਾਨਣ ਲਈ ਵੱਖਰੀ-ਵੱਖਰੀ ਸ਼ਬਦ ਸ਼ਕਤੀ ਦੀ ਜਰੂਰਤ ਪੈਂਦੀ ਹੈ। ਪਹਿਲੀ ਸ਼ਬਦ ਸ਼ਕਤੀ ਰਾਹੀਂ ਸਿੱਧੇ ਅਰਥ ਅਤੇ ਦੂਜੀਆਂ ਸ਼ਬਦ ਸ਼ਕਤੀਆਂ ਰਾਹੀਂ ਵਿੰਗੇ-ਟੇਡੇ ਅਰਥਾਂ ਦਾ ਗਿਆਨ ਕਰਵਾਇਆ ਜਾਂਦਾ ਹੈ। ਇਹਨਾਂ ਸ਼ਬਦ ਸ਼ਕਤੀਆਂ ਨੂੰ ਹੀ ਸੰਸਕ੍ਰਿਤ ਵਿਚ ਤਰਤੀਬਵਾਰ ਅਭਿਧਾ (Expression), ਲਕਸ਼ਣਾ (Indication) ਅਤੇ ਵਿਅੰਜਨਾ (Suggestion) ਕਿਹਾ ਜਾਂਦਾ ਹੈ। ਇਹਨਾਂ

ਸ਼ਬਦ ਸ਼ਕਤੀਆਂ (ਅਭਿਧਾ ਸ਼ਬਦ ਸ਼ਕਤੀ, ਲਕਸ਼ਣਾ ਸ਼ਬਦ ਸ਼ਕਤੀ, ਵਿਅੰਜਨਾ ਸ਼ਬਦ ਸ਼ਕਤੀ) ਦਾ ਤਰਤੀਬਵਾਰ ਵਰਨਣ ਹੇਠ ਲਿਖੇ ਅਨੁਸਾਰ ਹੈ:

**ਅਭਿਧਾ ਸ਼ਬਦ ਸ਼ਕਤੀ (Power of Expression):-** ਕੁਝ ਵਿਦਵਾਨਾਂ ਦੇ ਅਨੁਸਾਰ ਕਾਵਿ ਸ਼ਾਸਤਰ ਵਿਚ ਆਚਾਰੀਆ ਉਦਭਟ ਤੋਂ ਸ਼ਬਦ ਸ਼ਕਤੀਆਂ ਦਾ ਵਿਚਾਰ ਆਰੰਭ ਹੋਇਆ ਹੈ, ਪਰੰਤੂ ਕੁਝ ਵਿਦਵਾਨ ਧੁਨੀ ਸਿਧਾਂਤ ਦੇ ਮੋਢੀ ਆਨੰਦ ਵਰਧਨ ਤੋਂ ਹੀ ਸ਼ਬਦ ਸ਼ਕਤੀਆਂ (ਅਭਿਧਾ, ਲਕਸ਼ਣਾ, ਵਿਅੰਜਨਾ) ਦਾ ਆਰੰਭ ਮੰਨਦੇ ਹਨ। ਮੰਮਟ ਦੇ ਅਨੁਸਾਰ ਲੋਕਾਂ ਵਿਚ ਪ੍ਰਚਲਿਤ ਅਰਥ ਨੂੰ ਜੋ ਸ਼ਬਦ ਦਰਸਾਉਂਦਾ ਹੈ ਉਹ 'ਵਾਚਕ' ਹੈ ਅਤੇ 'ਵਾਚਕ' ਸ਼ਬਦ ਦਾ ਅਰਥ 'ਵਾਚ' ਹੈ। ਸਾਹਿਤ ਵਿਚ ਵਾਚਕ ਰੂਪੀ ਸ਼ਬਦ ਦਾ ਵਾਚ ਰੂਪੀ ਅਰਥ ਜਿਸ ਸ਼ਬਦ ਸ਼ਕਤੀ ਦੁਆਰਾ ਪ੍ਰਗਟ ਹੁੰਦਾ ਹੈ ਉਸਨੂੰ 'ਅਭਿਧਾ' ਸ਼ਬਦ ਸ਼ਕਤੀ ਕਿਹਾ ਜਾਂਦਾ ਹੈ। ਅਭਿਧਾ ਸ਼ਬਦ ਸ਼ਕਤੀ ਦੁਆਰਾ ਮੂਲ ਜਾਂ ਮੁੱਢਲੇ ਅਰਥ ਦਾ ਗਿਆਨ ਹੁੰਦਾ ਹੈ। ਜਗਨ ਨਾਥ ਦੇ ਅਨੁਸਾਰ, "ਜਿਥੇ ਅਰਥ ਦਾ ਸ਼ਬਦ ਵਿਚ ਅਤੇ ਸ਼ਬਦ ਦਾ ਅਰਥ ਵਿਚ ਪ੍ਰਤੱਖ ਜਾਂ ਸਾਖਿਆਤ ਸੰਬੰਧ ਹੋਵੇ ਉਥੇ ਅਭਿਧਾ-ਸ਼ਕਤੀ ਹੁੰਦੀ ਹੈ।" (***ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ*** 23) ਭਾਵ ਕਿਸੇ ਵੀ ਸ਼ਬਦ ਤੋਂ ਪ੍ਰਗਟ ਹੁੰਦਾ ਸਿੱਧਾ ਮੂਲ ਅਰਥ (ਮੁੱਢਲਾ ਅਰਥ, ਕੋਸ਼ਗਤ ਅਰਥ, ਪ੍ਰੰਪਰਾਵਾਦੀ ਅਰਥ) ਸ਼ਬਦ ਦੀ ਅਭਿਧਾ ਸ਼ਕਤੀ ਹੈ। ਡਾ. ਗੁਰਸ਼ਰਨ ਕੌਰ ਜੱਗੀ ਦੇ ਅਨੁਸਾਰ, "ਜਿਸ ਸ਼ਕਤੀ ਰਾਹੀਂ ਸ਼ਬਦ ਦਾ ਸੁਭਾਵਿਕ ਅਰਥ ਪਤਾ ਚੱਲਦਾ ਹੈ, ਉਸ ਨੂੰ ਅਭਿਧਾ ਸ਼ਕਤੀ ਕਹਿੰਦੇ ਹਨ।" (***ਜੱਗੀ, ਭਾਰਤੀ ਕਾਵਿ ਸ਼ਾਸਤਰ*** 134)

ਅਭਿਧਾ ਸ਼ਬਦ ਸ਼ਕਤੀ ਵਿਚ ਹਰ ਸ਼ਬਦ ਦਾ ਪ੍ਰਚਲਿਤ ਅਰਥ ਹੀ ਲਿਆ ਜਾਂਦਾ ਹੈ। ਸ਼ਬਦ ਦੀ ਜਿਸ ਸ਼ਕਤੀ ਨਾਲ ਉਸਦੇ ਸੁਭਾਵਿਕ ਅਰਥ ਦੀ ਜਾਣਕਾਰੀ ਮਿਲਦੀ ਹੈ, ਉਸਨੂੰ ਅਭਿਧਾ ਸ਼ਬਦ ਸ਼ਕਤੀ ਕਿਹਾ ਜਾਂਦਾ ਹੈ। ਸ਼ਬਦ ਦੀ ਪਹਿਲੀ ਸ਼ਕਤੀ ਨੂੰ 'ਅਭਿਧਾ' ਕਿਹਾ ਜਾਂਦਾ ਹੈ। ਮੁੱਖ ਜਾਂ ਮੁਢਲੀ ਸ਼ਬਦ ਸ਼ਕਤੀ ਹੋਣ ਕਰਕੇ ਹੀ ਵਿਸ਼ਵਨਾਥ ਨੇ 'ਅਭਿਧਾ' ਨੂੰ ਜਠੇਰੀ ਜਾਂ ਅਗ੍ਰਿਮਾ ਸ਼ਬਦ ਸ਼ਕਤੀ ਦਾ ਦਰਜ਼ਾ ਦਿੱਤਾ ਹੈ। ਅੰਗਰੇਜ਼ੀ ਵਿਚ ਅਭਿਧਾ ਸ਼ਬਦ ਸ਼ਕਤੀ ਨੂੰ 'Power of Expression' ਕਿਹਾ ਜਾਂਦਾ ਹੈ। ਨਾਗੇਸ਼ ਭੱਟ ਦੇ ਅਨੁਸਾਰ, "ਸ਼ਬਦ ਤੇ ਅਰਥ ਦਾ ਇਕ ਵਿਲੱਖਣ ਸਬੰਧ ਹੀ ਅਭਿਧਾ ਸ਼ਬਦ ਸ਼ਕਤੀ ਹੈ ਜਿਹੜੀ ਅਰਥ ਦਾ

ਗਿਆਨ ਕਰਾਉਂਦੀ ਹੈ।" (ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ 24) ਭਾਵ ਲੋਕਾਂ ਵਿਚ ਪਰੰਪਰਾ ਤੋਂ ਪ੍ਰਚਲਿਤ (Conventional) ਅਰਥ ਸੰਕੇਤਿਤ ਅਰਥ ਹੈ ਜਿਸ ਦਾ ਗਿਆਨ ਅਭਿਧਾ ਸ਼ਬਦ ਸ਼ਕਤੀ ਕਰਾਉਂਦੀ ਹੈ। ਜਿਸ ਅਰਥ ਵਿਚ ਸ਼ਬਦ ਦਾ ਸੰਕੇਤ ਹੋਵੇ ਉਹ ਸੰਕੇਤਿਤ ਅਰਥ ਹੁੰਦਾ ਹੈ।

ਹੁਣ ਸਵਾਲ ਇਹ ਉਠਦਾ ਹੈ ਕਿ 'ਅਭਿਧਾ' ਸ਼ਬਦ ਸ਼ਕਤੀ ਰਾਹੀਂ ਸੰਕੇਤ ਜਾਂ ਅਰਥ (Convention) ਗ੍ਰਹਿਣ ਕਿਹੜੇ-ਕਿਹੜੇ ਕਾਰਣਾਂ ਤੋਂ ਹੁੰਦਾ ਹੈ? ਭਾਰਤੀ ਵਿਦਵਾਨਾਂ ਨੇ ਸੰਕੇਤ (ਅਰਥ) ਦੇ ਗ੍ਰਹਿਣ ਕਰਨ ਦੇ ਸੰਬੰਧ ਵਿਚ ਅੱਠ ਸਾਧਨ ਮੰਨੇ ਹਨ - ਵਿਆਕਰਨ (Grammar), ਉਪਮਾਨ (Analogy), ਕੋਸ਼ (Dictionary), ਪ੍ਰਸਿੱਧ ਵਿਅਕਤੀਆਂ ਦੇ ਕਥਨ, ਵਰਤੋਂ (Usage), ਪ੍ਰਸੰਗ (Context), ਵਿਆਖਿਆ (Explanation), ਪ੍ਰਸਿੱਧ ਸ਼ਬਦ ਦੀ ਨੇੜਤਾ। ਵਿਆਕਰਨ ਤੋਂ ਵਾਕ ਵਿਚ ਵਰਤੇ ਸ਼ਬਦਾਂ ਦੇ ਧਾਤੂ, ਅਗੇਤਰ, ਪਿਛੇਤਰ ਆਦਿ ਦਾ ਗਿਆਨ ਹੁੰਦਾ ਹੈ ਅਤੇ ਸ਼ਬਦ ਦੇ ਸਹੀ ਅਰਥ (ਸੰਕੇਤ) ਮਿਲ ਜਾਂਦਾ ਹੈ। ਉਪਮਾਨ ਦਾ ਅਰਥ ਹੈ ਸਮਾਨਤਾ, ਬਰਾਬਰੀ ਜਾਂ ਮੇਲ। ਉਪਮਾਨ ਨਾਲ ਵੀ ਸੰਕੇਤ ਦਾ ਪਤਾ ਚੱਲ ਜਾਂਦਾ ਹੈ ਜਿਵੇਂ ਜਵੀਂ ਜੌਂ ਵਰਗੀ ਹੁੰਦੀ ਹੈ ਇਸ ਮੇਲ (ਉਪਮਾਨ) ਤੋਂ ਜਵੀਂ ਨੂੰ ਜਾਨਣ ਵਾਲਾ ਉਸ ਨੂੰ ਵੇਖ ਕੇ ਝੱਟ ਸਮਝ ਜਾਵੇਗਾ। ਕੋਸ਼ ਜਾਂ ਡਿਕਸ਼ਨਰੀ ਤੋਂ ਹੀ ਇਕ ਸ਼ਬਦ ਦੇ ਕਈ ਅਰਥਾਂ ਦਾ ਗਿਆਨ ਹੁੰਦਾ ਹੈ ਜਿਵੇਂ 'ਨਿਆਣਾ' ਸ਼ਬਦ ਦੇ ਦੋ ਅਰਥ ਹਨ - ਇਕ ਬਾਲਕ ਤੇ ਦੂਜਾ ਗਊ ਦਾ ਦੁੱਧ ਚੋਣ ਵੇਲੇ ਉਸ ਦੀਆਂ ਲੱਤਾਂ ਨੂੰ ਬੰਨਣ ਵਾਲਾ ਰੱਸਾ। ਜਦੋਂ ਕੋਈ ਭਰੋਸੇਯੋਗ ਵਿਅਕਤੀ ਕਿਸੇ ਵਿਅਕਤੀ ਨੂੰ ਕਿਸੇ ਸ਼ਬਦ ਦਾ ਅਰਥ ਦੱਸੇ ਤਾਂ ਉਹ ਵਿਅਕਤੀ ਉਸੇ ਹੀ ਅਰਥ ਅਤੇ ਬਿੰਬ ਨੂੰ ਗ੍ਰਹਿਣ ਕਰ ਲੈਂਦਾ ਹੈ। ਜਦੋਂ ਨਿੱਕੇ ਬੱਚੇ ਆਪਣੇ ਵਡੇਰਿਆਂ ਤੋਂ ਕਿਸੇ ਵਸਤੂ ਲਈ ਵਰਤੇ ਸ਼ਬਦ ਨੂੰ ਸੁਣਦੇ ਹਨ ਤਾਂ ਉਸੇ ਵਸਤੂ ਨੂੰ ਦੇਖ ਕੇ ਉਸ ਦੇ ਅਰਥ ਨੂੰ ਸਮਝ ਲੈਂਦੇ ਹਨ ਜਿਵੇਂ ਜਦੋਂ ਬੱਚੇ 'ਘੜਾ ਚੁੱਕੋ', 'ਘੜਾ ਰਖੋ' ਸ਼ਬਦ ਆਪਣੇ ਵਡ-ਵਡੇਰਿਆਂ ਤੋਂ ਸੁਣਦੇ ਹਨ ਤਾਂ ਉਹ ਮਿੱਟੀ ਦੇ ਬਣਾਏ ਹੋਏ ਗੋਲ ਅਕਾਰ ਵਾਲੇ ਪਦਾਰਥ ਨੂੰ ਵੇਖਕੇ 'ਘੜਾ' ਸ਼ਬਦ ਦੇ ਅਰਥ ਨੂੰ ਸਮਝਣ ਦੇ ਸਮਰਥ ਹੋ ਜਾਂਦੇ ਹਨ। ਕਈ ਵਾਰ ਸ਼ਬਦ ਦਾ ਅਰਥ ਉਸ ਸਮੇਂ ਸਾਫ਼-ਸਪੱਸ਼ਟ ਹੁੰਦਾ ਹੈ ਜਦੋਂ ਉਸਦੇ ਅਗਲੇ ਪਿਛਲੇ ਪ੍ਰਸੰਗ ਦਾ ਪਤਾ ਲੱਗੇ ਅਤੇ ਵਾਕ ਵਿਚ ਵਰਤਿਆ ਜਾਵੇ। ਜਦੋਂ ਕਿਸੇ ਸ਼ਬਦ ਦੀ

ਵਿਆਖਿਆ ਜਾਂ ਟੀਕਾ ਹੋ ਜਾਵੇ ਤਾਂ ਉਸਦੇ ਅਸਲੀ ਸੰਕੇਤ ਦਾ ਗਿਆਨ ਹੋ ਜਾਂਦਾ ਹੈ। ਕਈ ਵਾਰ ਇਕ ਪ੍ਰਸਿੱਧ ਸ਼ਬਦ ਨੂੰ ਵੇਖਕੇ ਉਸਦੇ ਨੇੜਵਰਤੀ ਸ਼ਬਦ ਦੇ ਅਰਥ ਦਾ ਗਿਆਨ ਹੋ ਜਾਂਦਾ ਹੈ ਜਿਵੇਂ 'ਪ੍ਰਸਾਦ ਛਕੀਏ' ਵਿਚ ਛੱਕਣਾ ਕਿਰਿਆ ਦੀ ਨੇੜਤਾ ਕਰਕੇ ਪ੍ਰਸ਼ਾਦ ਦਾ ਅਰਥ ਭੋਜਨ ਹੀ ਹੈ ਮਿਹਰਬਾਨੀ ਨਹੀਂ ਕਿਉਂਕਿ 'ਗੁਰ ਪ੍ਰਸਾਦਿ' ਸ਼ਬਦ ਵਿਚ ਪ੍ਰਸਾਦਿ ਦਾ ਅਰਥ ਮਿਹਰਬਾਨੀ ਜਾਂ ਕਿਰਪਾ ਹੈ। ਆਮ ਬਿਆਨੀਆ ਕਾਵਿ ਵਿਚ ਅਭਿਧਾ ਸ਼ਕਤੀ ਵਾਲਾ ਕਾਵਿ ਹੀ ਪ੍ਰਧਾਨ ਹੁੰਦਾ ਹੈ ਜਿਵੇਂ ਨੰਦਲਾਲ ਨੂਰਪੁਰੀ ਦਾ ਬੰਦ ਹੈ :-

ਓ ਦੁਨੀਆਂ ਦੇ ਬੰਦਿਓ ਪੂਜੋ ਉਹਨਾਂ ਨੇਕ ਇਨਸਾਨਾਂ ਨੂੰ,

ਦੇਸ਼ ਦੀ ਖ਼ਾਤਰ ਵਾਰ ਗਏ ਜੋ, ਪਿਆਰੀਆਂ ਪਿਆਰੀਆਂ ਜਾਨਾਂ ਨੂੰ।

ਸਰੂਆਂ ਵਰਗੇ, ਸੋਨੇ ਵਰਗੇ, ਹੀਰੇ ਪੁੱਤਰ ਮਾਵਾਂ ਦੇ,

ਚਾ ਜਿਨ੍ਹਾਂ ਦੇ ਮਿਲਣ ਵਾਸਤੇ, ਰੋਂਦੇ ਭੈਣ ਭਰਾਵਾਂ ਦੇ।

ਬੁੱਢੇ ਬਾਪੂ ਖੜੇ ਉਡੀਕਣ, ਗੱਭਰੂ ਪੁੱਤ ਜਵਾਨਾਂ ਨੂੰ,

ਓ ਦੁਨੀਆਂ ਦੇ ਬੰਦਿਓ ਪੂਜੋ ਉਹਨਾਂ ਨੇਕ ਇਨਸਾਨਾਂ ਨੂੰ,

ਦੇਸ਼ ਦੀ ਖ਼ਾਤਰ ਵਾਰ ਗਏ ਜੋ, ਪਿਆਰੀਆਂ ਪਿਆਰੀਆਂ ਜਾਨਾਂ ਨੂੰ। (***ਜੀਉਂਦੇ ਭਗਵਾਨ***)

ਉਪਰੋਕਤ ਕਾਵਿ-ਸਤਰਾਂ ਵਿਚ ਕਵੀ ਨੰਦਲਾਲ ਨੂਰਪੁਰੀ ਨੇ ਆਪਣੇ ਗੀਤ 'ਜੀਉਂਦੇ ਭਗਵਾਨ' ਰਾਹੀਂ ਦੇਸ਼ ਦੇ ਉਨ੍ਹਾਂ ਸ਼ਹੀਦਾਂ ਜਾਂ ਸਿਪਾਹੀਆਂ ਨੂੰ ਸ਼ਰਧਾਂਜਲੀ ਦਿੱਤੀ ਹੈ ਜੋ ਦੇਸ਼ ਦੀ ਖਾਤਰ ਲੋੜ੍ਹ ਪੈਣ 'ਤੇ ਆਪਣੀ ਜਾਨ ਵੀ ਵਾਰ ਗਏ। ਉਪਰੋਕਤ ਕਾਵਿ-ਸਤਰਾਂ ਵਿਚ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਜਿਨ੍ਹਾਂ ਦੇ ਅਰਥ ਲੋਕਾਂ ਵਿਚ ਆਮ ਪ੍ਰਚਲਿਤ ਹਨ ਅਤੇ ਜਿਨ੍ਹਾਂ ਨੂੰ ਕੋਈ ਵੀ ਪਾਠਕ ਬਹੁਤ ਹੀ ਅਸਾਨੀ ਨਾਲ ਸਮਝ ਸਕਦੇ ਹਨ। ਇੱਥੇ ਕਵੀ ਦਾ ਮਨੋਰਥ ਨਾ ਕੋਈ ਵਿਅੰਗ ਹੈ, ਨਾ ਕੋਈ ਸਦਾਚਾਰਕ ਉਪਦੇਸ਼, ਨਾ ਕੋਈ ਲੁਕਵੀਂ ਜਾਂ ਗੁੱਝੀ ਚੋਟ, ਸਗੋਂ ਸਿੱਧਾ ਸਪੱਸ਼ਟ ਬਿਆਨ ਹੈ। ਇਸ ਲਈ ਬੰਦ ਦੇ ਹਰੇਕ ਸ਼ਬਦ ਦੁਨੀਆਂ, ਬੰਦਿਓ,

ਇਨਸਾਨ, ਪੁੱਤਰ, ਭੈਣ-ਭਰਾ, ਬਾਪੂ, ਦੇਸ਼, ਜਾਨਾਂ ਆਦਿ ਆਮ ਕੋਸ਼ੀ-ਅਰਥ ਹੀ ਪ੍ਰਗਟ ਕਰਦੇ ਹਨ। ਓਪਰੋਕਤ ਸ਼ਬਦਾਂ ਦੇ ਅਰਥਾਂ ਦਾ ਗਿਆਨ ਅਭਿਧਾ ਸ਼ਬਦ ਸ਼ਕਤੀ ਦੁਆਰਾ ਹੋ ਰਿਹਾ ਹੈ। ਅਭਿਧਾ ਸ਼ਕਤੀ ਨਾਲ ਅਸੀਂ ਹਰੇਕ ਸ਼ਬਦ ਦੇ ਪਹਿਲੇ ਅਰਥ ਨੂੰ ਸਮਝਣ ਜਾਂ ਜਾਨਣ ਦਾ ਯਤਨ ਕਰਦੇ ਹਾਂ।

**ਅਭਿਧਾ ਸ਼ਬਦ ਸ਼ਕਤੀ ਦੀਆਂ ਕਿਸਮਾਂ:-** ਅਭਿਧਾ ਸ਼ਬਦ ਸ਼ਕਤੀ ਤਿੰਨ ਕਿਸਮ ਦੀ ਹੁੰਦੀ ਹੈ - ਰੂੜ੍ਹੀ, ਯੋਗ ਤੇ ਯੋਗ-ਰੂੜ੍ਹੀ। ਇਨ੍ਹਾਂ ਕਿਸਮਾਂ ਦੇ ਅਧਾਰ ਤਿੰਨ ਤਰ੍ਹਾਂ ਦੇ ਸ਼ਬਦ ਹਨ : ਰੂੜ੍ਹ ਸ਼ਬਦ, ਯੋਗਿਕ ਸ਼ਬਦ ਤੇ ਯੋਗ-ਰੂੜ੍ਹ ਸ਼ਬਦ।

ਰੂੜੀ ਸ਼ਬਦ:- ਉਹ ਸ਼ਬਦ ਜਿਨ੍ਹਾਂ ਨਾਲ ਇਕ ਹੀ ਅਰਥ ਦਾ ਗਿਆਨ ਹੋਵੇ ਤੇ ਉਹ ਅਰਥ ਪਰੰਪਰਾ ਤੋਂ ਚਲਦਾ ਆ ਰਿਹਾ ਹੋਵੇ। ਜਿਵੇ :- ਘੋੜਾ, ਆਦਮੀ, ਦਰੱਖਤ, ਮੋਢਾ, ਗੋਢਾ, ਕੂਹਣੀ ਆਦਿ।

ਯੋਗਿਕ ਸ਼ਬਦ:- ਦੋ ਵੱਖ-ਵੱਖ ਸ਼ਬਦਾਂ ਨੂੰ ਜੋੜ ਕੇ ਬਣੇ ਸ਼ਬਦ ਨੂੰ ਯੋਗਿਕ ਸ਼ਬਦ ਕਿਹਾ ਜਾਂਦਾ ਹੈ। ਜਿਵੇਂ :- ਧਰਮ+ਸ਼ਾਲਾ, ਉਪ+ਰਾਸ਼ਟਰਪਤੀ, ਨੀਰਜ (ਨੀਰ, ਪਾਣੀ ਤੋਂ ਉਤਪੰਨ), ਜਾਨਵਰ (ਜਾਨ=ਜਿੰਦ ਵਾਲਾ), ਮੋੜ੍ਹੀ ਗੱਡ ਆਦਿ।

ਯੋਗ ਰੂੜੀ ਸ਼ਬਦ:- ਉਹ ਸ਼ਬਦ ਜਿਨ੍ਹਾਂ ਵਿਚ ਰੂੜੀ ਤੇ ਯੋਗ ਦੋਵਾਂ ਦਾ ਸੁਮੇਲ ਹੋਵੇ। ਜਿਵੇਂ :- ਮ੍ਰਿਗਨੈਣੀ, ਖਲਨਾਇਕਾ, ਪ੍ਰਵੀਣ (ਵੀਣਾ ਦਾ ਮਾਹਿਰ), ਪੰਕਜ (ਪੰਕ=ਚਿੱਕੜ ਤੋਂ ਉਤਪੰਨ) ਆਦਿ।

ਅਭਿਧਾ ਸ਼ਬਦ ਸ਼ਕਤੀ ਦੀਆਂ ਤਿੰਨ ਕਿਸਮਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ, ਜੋ ਰੂੜ੍ਹ ਸ਼ਬਦਾਂ ਤੇ ਆਧਾਰਿਤ (ਰੂੜੀ ਅਭਿਧਾ), ਯੋਗ ਸ਼ਬਦਾਂ ਤੇ ਆਧਾਰਿਤ (ਯੋਗਾਤਮਕ ਅਭਿਧਾ) ਅਤੇ ਯੋਗ-ਰੂੜ੍ਹ ਸ਼ਬਦਾਂ ਤੇ ਆਧਾਰਿਤ (ਯੋਗ ਰੂੜ੍ਹੀ ਅਭਿਧਾ) ਹਨ:

**ਰੂੜ੍ਹੀ ਅਭਿਧਾ:**- ਜਿਥੇ ਸ਼ਬਦ ਇਕ ਅਨਿੱਖੜ ਰੂਪ ਵਿਚ ਅਰਥ ਪ੍ਰਗਟ ਕਰੇ ਉਥੇ ਰੂੜ੍ਹੀ ਅਭਿਧਾ ਹੁੰਦੀ ਹੈ। ਘੋੜਾ, ਗੋਢਾ, ਘਰ, ਬੂਟਾ, ਮੇਜ਼ ਅਤੇ ਕੂਹਣੀ ਸ਼ਬਦਾਂ ਦਾ ਆਪੋ ਆਪਣਾ ਅਰਥ ਹੈ ਅਤੇ ਇਨ੍ਹਾਂ ਦੀ ਅੰਗ-ਵੰਡ ਤੋਂ ਕੁਝ ਨਹੀਂ ਲੱਭੇਗਾ। ਕੂ+ਹ+ਣੀ ਸ਼ਬਦ ਦੀ ਵੰਡ ਵਿਚ 'ਕੂ' ਦਾ ਕੋਈ ਅਰਥ ਨਹੀਂ ਹੈ। ਅੱਪਯ ਦੀਕਸ਼ਤ ਦੇ

ਅਨੁਸਾਰ, "ਇਥੇ ਰੂੜ੍ਹੀ ਵਿਚ ਸ਼ਬਦਾਂ ਦੀ ਅਖੰਡ ਤੇ ਅਵੰਡ ਸ਼ਕਤੀ ਤੋਂ ਹੀ ਇਕ ਅਰਥ ਦੀ ਪ੍ਰਤੀਤੀ ਹੁੰਦੀ ਹੈ।" (***ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ*** 26)

**ਯੋਗਾਤਮਕ ਅਭਿਧਾ:**- ਜਿਥੇ ਸ਼ਬਦਾਂ ਦਾ ਅਰਥ ਉਨ੍ਹਾਂ ਦੀ ਅੰਗ-ਵੰਡ ਤੋਂ ਸੁਤੇ ਸਿਧ ਹੀ ਨਿਕਲ ਪੈਂਦਾ ਹੈ ਉਥੇ ਯੋਗਾਤਮਕ ਅਭਿਧਾ ਸ਼ਬਦ ਸ਼ਕਤੀ ਹੁੰਦੀ ਹੈ। ਹਲਵਾਹ, ਜਨੌਰ, ਧਨਵਾਨ, ਨੀਰਜ, ਭੂਪਤੀ, ਕਲਗੀਧਰ, ਜਾਨਵਰ ਆਦਿ ਸ਼ਬਦ ਇਸ ਸ਼ਬਦ ਸ਼ਕਤੀ ਦੇ ਉਦਾਹਰਨ ਹਨ। ਹਲ+ਵਾਹ ਸ਼ਬਦ ਵਿਚ ਦੋਵਾਂ ਸ਼ਬਦਾਂ ਦੇ ਵੱਖਰੇ-ਵੱਖਰੇ ਅਰਥ ਸਪਸ਼ਟ ਹਨ ਜਿਵੇਂ 'ਹਲ' ਸ਼ਬਦ ਦਾ ਅਰਥ ਉਹ ਸਾਧਨ ਜਾਂ ਯੰਤਰ ਹੈ ਜਿਸ ਦੀ ਵਰਤੋਂ ਪੁਰਾਣੇ ਸਮੇਂ ਖੇਤਾਂ ਦੀ ਖੁਦਾਈ ਕਰਨ ਲਈ ਕੀਤੀ ਜਾਂਦੀ ਸੀ ਅਤੇ 'ਵਾਹ' ਸ਼ਬਦ ਦਾ ਅਰਥ ਹੈ ਜ਼ੋਰ, ਤਾਕਤ। 'ਹਲਵਾਹ' ਸ਼ਬਦ ਦੀ ਵਿਉਂਤਪਤੀ ਕਿਸਾਨ ਜਾਂ ਜ਼ਿਮੀਦਾਰ ਲਈ ਹੋਈ ਹੈ। 'ਭੂਪਤੀ' ਸ਼ਬਦ ਵਿਚ 'ਭੂ' ਦਾ ਅਰਥ ਹੈ ਧਰਤੀ ਅਤੇ 'ਪਤੀ' ਦਾ ਅਰਥ ਹੈ ਸੁਆਮੀ ਭਾਵ ਜ਼ਮੀਨ ਦੇ ਮਾਲਕ ਜਾਂ ਰਾਜੇ ਨੂੰ ਭੂਪਤੀ ਕਿਹਾ ਜਾਂਦਾ ਹੈ।

**ਯੋਗ-ਰੂੜ੍ਹੀ ਅਭਿਧਾ:**- ਜਿਥੇ ਇਕ ਹੀ ਅਰਥ ਦੀ ਪ੍ਰਤੀਤੀ ਲਈ ਯੋਗ-ਸ਼ਕਤੀ ਤੇ ਸਮੂਹ-ਸ਼ਕਤੀ ਦੀ ਲੋੜ ਪੈਂਦੀ ਹੈ ਭਾਵ ਜਿਥੇ ਸ਼ਬਦ-ਅੰਗਾਂ ਦਾ ਅਰਥ ਵੀ ਹੁੰਦਾ ਹੈ ਪਰ ਕਈ ਸ਼ਬਦ-ਅੰਗ ਰੂੜ੍ਹ ਵੀ ਹੁੰਦੇ ਹਨ। ਇਥੇ ਸ਼ਬਦ ਦਾ ਯੋਗ-ਅਰਥ ਕੋਈ ਹੋਰ ਹੋਵੇ ਅਤੇ ਰੂੜ੍ਹੀ ਕਿਸੇ ਹੋਰ ਅਰਥ ਨੂੰ ਪ੍ਰਗਟ ਕਰੇ। ਇਥੇ ਸੰਸਕ੍ਰਿਤ ਦੇ 'ਪੰਕਜ' ਸ਼ਬਦ ਦੀ ਉਦਾਹਰਨ ਦਿਤੀ ਜਾ ਸਕਦੀ ਹੈ। 'ਪੰਕਜ' ਦਾ ਯੋਗ ਅਰਥ ਹੈ : ਪੰਕ - ਚਿਕੜ, ਜ - ਪੈਦਾ ਹੋਣ ਵਾਲਾ। ਭਾਵ ਚਿੱਕੜ ਤੋਂ ਪੈਦਾ ਹੋਣ ਵਾਲਾ ਪੰਕਜ। ਚਿੱਕੜ ਤੋਂ ਤਾਂ ਹੋਰ ਕਈ ਚੀਜਾਂ ਪੈਦਾ ਹੁੰਦੀਆਂ ਹਨ ਪਰ 'ਪੰਕਜ' ਦਾ ਅਰਥ ਸਿਰਫ ਕੰਵਲ ਹੈ। 'ਪੰਕਜ' ਦਾ ਅਰਥ ਕੇਵਲ ਕੰਵਲ ਹੀ ਪ੍ਰਚਲਿਤ ਹੋਣਾ ਇਕ ਰੂੜ੍ਹੀ ਹੈ ਭਾਵੇਂ ਇਸਦੇ ਹੋਰ ਵੀ ਅਰਥ ਹਨ।

ਕਾਵਿ ਜਾਂ ਸਾਹਿਤ ਵਿਚ ਸ਼ਬਦ ਦੇ ਮੁਖ, ਪ੍ਰਚਲਿਤ, ਪ੍ਰਥਮ ਜਾਂ ਜੇਠੇ ਅਰਥ ਨੂੰ ਪ੍ਰਗਟ ਕਰਨ ਵਾਲੀ ਸ਼ਬਦ ਸ਼ਕਤੀ ਅਭਿਧਾ ਹੈ ਜਿਸ ਦੁਆਰਾ ਸ਼ਬਦ ਤੇ ਸ਼ਬਦਾਰਥ ਦੇ ਆਪੋ ਵਿਚਲੇ ਸੰਬੰਧ ਨੂੰ ਸਪੱਸ਼ਟ

ਕੀਤਾ ਜਾਂਦਾ ਹੈ। ਕਵਿਤਾ, ਕਥਾ, ਗੱਦ ਆਦਿ ਸਾਹਿਤ-ਅੰਗਾਂ ਵਿਚ ਵਰਤੇ ਸ਼ਬਦਾਂ ਦੇ ਮੁਢਲੇ ਅਰਥ ਤੱਕ ਪਹੁਚਣ ਲਈ ਇਸੇ ਸ਼ਬਦ ਸ਼ਕਤੀ ਦਾ ਸਹਾਰਾ ਲੈਣਾ ਪੈਂਦਾ ਹੈ। ਅਭਿਧਾ ਸ਼ਬਦ ਸ਼ਕਤੀ ਦੀ ਲੋੜ ਸਾਹਿਤ ਦੇ ਨਾਲ-ਨਾਲ ਨਿੱਜੀ ਜੀਵਨ ਵਿਚ ਵੀ ਪੈਂਦੀ ਹੈ ਅਤੇ ਇਸ ਸ਼ਕਤੀ ਦੇ ਗਿਆਨ ਤੋਂ ਪਿਛੋਂ ਹੀ ਹੋਰ ਅਰਥਾਂ ਦੀ ਸਮਝ ਪੈਂਦੀ ਹੈ।

**ਲਕਸ਼ਣਾ ਸ਼ਬਦ ਸ਼ਕਤੀ (Power of Indication):-** ਜਿਸ ਸ਼ਬਦ ਤੋਂ ਮੁੱਖ ਅਰਥ ਤੋਂ ਇਲਾਵਾ, ਲਕਸ਼ਣਾ ਸ਼ਕਤੀ ਦੁਆਰਾ ਹੋਰ ਕਿਸੇ ਅਰਥ ਦਾ ਗਿਆਨ ਹੁੰਦਾ ਹੈ ਉਸਨੂੰ ਲਕਸ਼ਕ ਸ਼ਬਦ ਅਤੇ ਉਸਦੇ ਅਰਥ ਨੂੰ ਲੱਖਣਾਰਥ ਕਹਿੰਦੇ ਹਨ। ਜਿਵੇਂ ਜਦੋ ਕਿਸੇ ਵਿਅਕਤੀ ਨੂੰ ਦੂਜਾ ਵਿਅਕਤੀ 'ਗਧਾ' ਕਹਿੰਦਾ ਹੈ ਤਾਂ ਉਸਨੂੰ ਸੁਣਕੇ ਬੱਚਾ ਹੈਰਾਨ ਹੋ ਜਾਂਦਾ ਹੈ ਕਿ ਆਦਮੀ 'ਗਧਾ' ਕਿਵੇਂ ਹੋ ਸਕਦਾ ਹੈ ਕਿਉਂਕਿ ਗਧਾ ਤਾਂ ਇਕ ਜਾਨਵਰ ਹੈ ਜਿਸ ਦੇ ਚਾਰ ਪੈਰ, ਦੋ ਲੰਮੇ ਕੰਨ ਅਤੇ ਇਕ ਪੂਛ ਹੁੰਦੀ ਹੈ। ਪਰੰਤੂ 'ਗਧਾ' ਸ਼ਬਦ ਦੀ ਵਰਤੋਂ ਮੂਰਖ ਜਾਂ ਬੇਵਕੂਫ ਵਿਅਕਤੀ ਲਈ ਕੀਤੀ ਜਾਂਦੀ ਹੈ। ਇਥੇ 'ਗਧਾ' ਸ਼ਬਦ ਦਾ ਅਰਥ ਮੂਰਖ ਜਾਂ ਬੇਵਕੂਫ ਦੱਸਣ ਦੀ ਸਮਰੱਥਾ ਕੇਵਲ ਲਕਸ਼ਕ ਸ਼ਬਦ ਕੋਲ ਹੀ ਹੈ। ਮੂਰਖ ਵਿਅਕਤੀ ਨੂੰ ਗਧਾ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਗਧੇ ਅਤੇ ਮੂਰਖ ਵਿਅਕਤੀ ਦੇ ਗੁਣ ਮਿਲਦੇ ਹਨ। ਸੰਸਕ੍ਰਿਤ ਦੇ ਵਿਦਵਾਨ ਮੰਮਟ ਦੇ ਅਨੁਸਾਰ, "ਮੁੱਖ ਅਰਥ ਦੇ ਰੁਕਣ ਤੇ ਰੂੜ੍ਹੀ (ਰੀਤ) ਜਾਂ ਕਿਸੇ ਮਨੋਰਥ ਨੂੰ ਲੈ ਕੇ ਜਿਸ ਸ਼ਕਤੀ ਦੇ ਦੁਆਰਾ ਮੁੱਖ-ਅਰਥ ਨਾਲ ਸੰਬੰਧ ਰੱਖਣ ਵਾਲਾ ਕੋਈ ਹੋਰ ਅਰਥ ਨਿਕਲਦਾ ਹੋਵੇ ਉੱਥੇ ਲੱਖਣਾ ਸ਼ਕਤੀ ਹੁੰਦੀ ਹੈ।" ***(ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ*** 27) ਜਿਵੇਂ 'ਪੰਜਾਬ ਬਹਾਦਰ ਹੈ' ਇਸ ਵਾਕ ਵਿਚ ਮੁੱਖ-ਅਰਥ ਦੀ ਰੁਕਾਵਟ ਹੈ ਕਿਉਂਕਿ ਪੰਜਾਬ ਇਕ ਰਾਜ ਜਾਂ ਧਰਤੀ ਹੈ ਪਰੰਤੂ ਇੱਥੇ ਵਾਕ ਬੋਲਣ ਵਾਲੇ ਦਾ ਭਾਵ ਪੰਜਾਬ ਦੇ ਨਿਵਾਸੀਆਂ ਤੋਂ ਹੈ ਜੋ ਦਲੇਰ ਅਤੇ ਬਹਾਦਰ ਹਨ। ਇਸ ਵਾਕ ਵਿਚ ਸਮੂਹ ਪੰਜਾਬੀਆਂ ਦੀ ਵੀਰਤਾ ਦਰਸਾਉਣਾ ਇਕ ਰੂੜ੍ਹੀ ਹੈ ਜੋ ਕਿ ਲਕਸ਼ਣਾ ਸ਼ਬਦ ਸ਼ਕਤੀ ਦੁਆਰਾ ਪ੍ਰਗਟ ਹੋ ਰਿਹਾ ਹੈ।

ਸਾਹਿਤ ਵਿਚ ਬਹੁਤ ਸਾਰੇ ਅਜਿਹੇ ਸ਼ਬਦ ਵਰਤੋਂ ਵਿਚ ਆਉਂਦੇ ਹਨ ਜਿਨ੍ਹਾਂ ਦਾ ਅਰਥ ਕੇਵਲ ਲਕਸ਼ਣਾ ਸ਼ਬਦ ਸ਼ਕਤੀ ਦੁਆਰਾ ਹੀ ਪ੍ਰਗਟ ਹੁੰਦਾ ਹੈ। ਜਿਵੇਂ 'ਦਿਲਪ੍ਰੀਤ ਬਹੁਤ ਚੌਕੰਨਾ ਹੈ' - ਇਸ ਵਾਕ

ਵਿਚ ਅਭਿਧਾ ਸ਼ਬਦ ਸ਼ਕਤੀ ਨਾਲ 'ਚਾਰ ਕੰਨਾਂ ਵਾਲਾ' ਅਰਥ ਨਿਕਲਦਾ ਹੈ ਪਰੰਤੂ 'ਹੁਸ਼ਿਆਰ', 'ਸਾਵਧਾਨ', 'ਜਾਗਰੂਕ' ਅਰਥ ਕੇਵਲ ਲਕਸ਼ਣਾਂ ਸ਼ਬਦ ਸ਼ਕਤੀ ਦੁਆਰਾ ਹੀ ਨਿਕਲਦੇ ਹਨ। ਕਈ ਵਾਰ ਕਵਿਤਾ ਵਿਚ ਕਵੀ ਆਪਣੀ ਵਿਉਂਤ ਨਾਲ ਸ਼ਬਦਾਂ ਨੂੰ ਇਸ ਤਰ੍ਹਾਂ ਜੋੜਦਾ ਹੈ ਕਿ ਉਨ੍ਹਾਂ ਵਿਚੋਂ ਨਿਕਲਣ ਵਾਲੇ ਅਰਥ ਆਮ ਲੋਕਿਕ ਪੱਧਰ ਉੱਤੇ ਬੜੇ ਵਿਰੋਧੀ ਲੱਗਦੇ ਹਨ ਅਤੇ ਕਵਿਤਾ ਦੁਨਿਆਵੀ ਪੱਖ ਤੋਂ ਫ਼ਜ਼ੂਲ ਅਤੇ ਨਿਰਾਰਥਕ ਪ੍ਰਤੀਤ ਹੋਣ ਲੱਗ ਪੈਂਦੀ ਹੈ। ਜਿਵੇਂ :-

ਬੰਨੇ ਨੀ ਕੋਈ ਪਹਾੜ ਸਮੇਂ ਦੇ ਪੈਰੀਂ

ਡੱਕੋ ਨੀ ਕੋਈ ਰਾਤ ਦਿਵਸ ਦੇ ਗੇੜੇ

ਉਪਰੋਕਤ ਕਾਵਿ-ਸਤਰਾਂ ਵਿਚ ਮੁੱਖ-ਅਰਥ ਦੀ ਰੋਕ ਹੈ ਕਿਉਂਕਿ ਸਮੇਂ ਦੇ ਕੋਈ ਪੈਰ ਨਹੀਂ ਹੁੰਦੇ, ਪੈਰਾਂ ਨਾਲ ਪਹਾੜ ਦਾ ਬੰਨੇ ਜਾਣਾ ਵੀ ਸੰਭਵ ਨਹੀਂ ਹੈ ਅਤੇ ਨਾ ਹੀ ਕੋਈ ਵਿਅਕਤੀ ਦਿਨ-ਰਾਤ ਦੇ ਚੱਕਰ ਨੂੰ ਰੋਕ ਸਕਦਾ ਹੈ। ਪਰ ਕਾਵਿ ਸਤਰਾਂ ਵਿਚ ਪੇਸ਼ ਹੋਏ ਕਲਾਤਮਕ ਸੱਚ ਦਾ ਪ੍ਰਗਟਾਵਾ ਲਕਸ਼ਣਾ ਸ਼ਕਤੀ ਦੁਆਰਾ ਕੀਤਾ ਗਿਆ ਹੈ। ਪੰਜਾਬੀ ਸਾਹਿਤ ਵਿਚ ਲਕਸ਼ਣਾ ਸ਼ਬਦ ਸ਼ਕਤੀ ਨਾਲ ਸੰਬੰਧਿਤ ਇਕ ਹੋਰ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਧਰਤੀ ਦੇ ਇਸ ਚਰਖੇ ਉੱਤੇ,

ਸੂਰਜ ਕੱਤੇ ਚਾਨਣ-ਤੰਦਾਂ।

ਤੇਰਾ ਪਿਆਰ ਸ਼ਗਣ ਦੀ ਮੌਲੀ,

ਸਮੇਂ ਦੀਆਂ ਜ਼ੁਲਫ਼ਾਂ ਵਿਚ ਗੁੰਦਾਂ। (***ਅੰਮ੍ਰਿਤਾ ਪ੍ਰੀਤਮ***)

ਉਪਰੋਕਤ ਕਾਵਿ-ਸਤਰਾਂ ਵਿਚ ਧਰਤੀ ਨੂੰ 'ਚਰਖਾ', ਚਾਨਣ ਨੂੰ 'ਤੰਦਾਂ', ਪਿਆਰ ਨੂੰ 'ਮੌਲੀ' ਅਤੇ ਸਮੇਂ ਨੂੰ 'ਜ਼ੁਲਫ਼ਾਂ' ਕਿਹਾ ਗਿਆ ਹੈ। ਇੱਥੇ ਚਰਖਾ, ਤੰਦਾਂ, ਮੌਲੀ, ਜ਼ੁਲਫ਼ਾਂ ਦੇ ਮੁੱਖ-ਅਰਥ ਨੂੰ ਰੋਕ ਪੈਂਦੀ ਹੈ ਪਰੰਤੂ

ਧਰਤੀ ਅਤੇ ਚਰਖੇ ਵਿਚ ਗੋਲਾਈ ਦਾ, ਚਾਨਣ ਅਤੇ ਤੰਦਾਂ ਵਿਚ ਚਿੱਟੇਪਣ ਅਤੇ ਚਮਕ ਦਾ, ਪਿਆਰ ਅਤੇ ਮੌਲੀ ਵਿਚ ਲਾਲ ਰੰਗ ਦੀ ਸਮਾਨਤਾ ਦਾ ਅਤੇ ਸਮੇਂ ਦਾ ਵਾਲਾ ਵਾਗੂੰ ਲਹਿਰਾਉਣ ਦਾ ਆਪਸੀ ਸੰਬੰਧ ਹੈ। ਓਪਰੋਕਤ ਕਾਵਿ-ਸਤਰਾਂ ਵਿਚ ਲੇਖਕ ਦਾ ਮਨੋਰਥ ਪਿਆਰ ਦੀ ਅਮਰਤਾ ਨੂੰ ਦਰਸਾਉਣਾ ਹੈ ਜਿਹੜਾ ਉਦੋਂ ਤੱਕ ਰਹੇਗਾ ਜਦੋ ਤੱਕ ਧਰਤੀ ਇਕ ਚਰਖੇ ਵਾਗੂੰ ਘੁੰਮਦੀ ਰਹੇਗੀ, ਚਾਨਣ ਦੀਆਂ ਕਿਰਨਾਂ ਤੰਦਾਂ ਵਾਂਗ ਧਰਤੀ ਦੀ ਹਿੱਕ ਤੇ ਚਮਕਣਗੀਆਂ ਅਤੇ ਸਮਾਂ ਜ਼ੁਲਫਾਂ ਵਾਂਗ ਲੰਘਦਾ, ਲਹਿਰਾਂਦਾ ਰਹੇਗਾ। ਮੁੱਖ ਅਰਥ ਦੀ ਰੋਕ, ਪਰਸਪਰ ਸੰਬੰਧ ਅਤੇ ਪ੍ਰਯੋਜਨ ਦੇ ਆਧਾਰ ਤੇ ਲਕਸ਼ਣਾਂ ਸ਼ਬਦ ਸ਼ਕਤੀ ਦੇ ਹੇਠ ਲਿਖੇ ਅੱਠ ਭੇਦ ਹਨ:

ਰੂੜ੍ਹੀ ਲਕਸ਼ਣਾ - ਪੰਜਾਬ ਵੀਰ-ਬਹਾਦਰ ਹੈ।

ਪ੍ਰਯੋਜਨਵਤੀ ਲਕਸ਼ਣਾ - ਦਿਲਪ੍ਰੀਤ ਗਧਾ ਹੈ।

ਗੌਣੀ ਲਕਸ਼ਣਾ - ਉਹ ਬੱਚਾ ਸ਼ੇਰ ਹੈ।

ਸ਼ੁੱਧਾ ਲਕਸ਼ਣਾ - ਗੰਗਾ ਵਿਚ ਘਰ ਹੈ।

ਉਪਾਦਾਨ ਲਕਸ਼ਣਾ - ਭੱਲੇ ਚਲਦੇ ਹਨ।

ਲੱਖਣ ਲਕਸ਼ਣਾ - ਗੰਗਾ ਤੇ ਘਰ ਹੈ।

ਸਾਰੋਪਾ ਲਕਸ਼ਣਾ - ਕੋਮਲਪ੍ਰੀਤ ਸ਼ੇਰ ਹੈ।

ਸਾਧਵਸਾਨਾ ਲਕਸ਼ਣਾ - ਓਏ ਗਧੇ! ਤੂੰ ਸਮਝਦਾ ਨਹੀਂ।

**ਰੂੜ੍ਹੀ ਲਕਸ਼ਣਾ:-** ਕਿਸੇ ਮਨੋਰਥ ਜਾਂ ਰੂੜ੍ਹੀ ਨੂੰ ਮੁੱਖ ਰੱਖਕੇ ਲਕਸ਼ਣਾ ਸ਼ਬਦ ਸ਼ਕਤੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਸ਼ਬਦ ਸ਼ਕਤੀ ਦੀ ਵਰਤੋਂ ਉੱਥੇ ਕੀਤੀ ਜਾਂਦੀ ਹੈ ਜਿੱਥੇ ਮੁੱਖ-ਅਰਥ ਨੂੰ ਛੱਡ ਕੇ ਉਸ ਨਾਲ ਸੰਬੰਧ ਰੱਖਣ ਵਾਲਾ ਕੋਈ ਹੋਰ ਅਰਥ ਗ੍ਰਹਿਣ ਕੀਤਾ ਜਾਵੇ। ਜਿਵੇਂ 'ਪੰਜਾਬ ਵੀਰ-ਬਹਾਦਰ ਹੈ' ਇਸ ਵਾਕ ਵਿਚ

ਮੁੱਖ-ਅਰਥ ਦੀ ਰੋਕ ਹੈ ਕਿਉਂਕਿ ਪੰਜਾਬ ਇਕ ਰਾਜ ਜਾਂ ਭੂ ਖੰਡ ਹੋਣ ਕਰਕੇ ਵੀਰ ਜਾਂ ਬਹਾਦਰ ਨਹੀਂ ਹੋ ਸਕਦਾ ਪਰ ਪੰਜਾਬ ਵਿਚ ਰਹਿਣ ਵਾਲੇ ਲੋਕਾਂ ਜਾਂ ਪੰਜਾਬੀਆਂ ਦੀ ਬਹਾਦਰੀ ਅਤੇ ਦਲੇਰੀ ਕਰਕੇ ਉਹਨਾਂ ਨੂੰ ਵੀਰ-ਬਹਾਦਰ ਕਿਹਾ ਜਾ ਸਕਦਾ ਹੈ। ਪੰਜਾਬ ਵਾਸੀਆਂ ਨੂੰ ਪੰਜਾਬ ਕਹਿਣਾ ਇਕ ਰੂੜ੍ਹੀ ਜਾਂ ਰੀਤ ਹੈ। 'ਦਿਲਪ੍ਰੀਤ ਬਹੁਤ ਚੌਕੰਨਾ ਹੈ' ਵਾਕ ਵਿਚ ਵੀ 'ਚੌਕੰਨਾ' ਸ਼ਬਦ ਦਾ ਅਰਥ ਜਾਗਰੂਕ, ਸੁਚੇਤ ਜਾਂ ਸਾਵਧਾਨ ਲੈਣਾ ਰੂੜ੍ਹੀ ਲਕਸ਼ਣਾ ਦੀ ਬਹੁਤ ਵਧੀਆ ਉਦਾਹਰਨ ਹੈ।

**ਪ੍ਰਯੋਜਨਵਤੀ ਲਕਸ਼ਣਾ:-** ਪ੍ਰਯੋਜਨਵਤੀ ਲਕਸ਼ਣਾ ਸ਼ਬਦ ਸ਼ਕਤੀ ਦੀ ਵਰਤੋਂ ਕਿਸੇ ਖਾਸ ਮਨੋਰਥ ਜਾਂ ਪ੍ਰਯੋਜਨ ਲਈ ਕੀਤੀ ਜਾਂਦੀ ਹੈ। 'ਦਿਲਪ੍ਰੀਤ ਗਧਾ ਹੈ' ਵਾਕ ਵਿਚ ਮੁਖ-ਅਰਥ ਵਿਚ ਰੋਕ ਹੈ ਅਤੇ ਦਿਲਪ੍ਰੀਤ ਗਧਾ ਨਹੀਂ ਹੋ ਸਕਦਾ ਕਿਉਂਕਿ ਗਧਾ ਇਕ ਜਾਨਵਰ ਹੈ ਪਰੰਤੂ ਇੱਥੇ ਗਧਾ ਸ਼ਬਦ ਦੀ ਵਰਤੋਂ ਦਿਲਪ੍ਰੀਤ ਦੀ ਮੂਰਖਤਾ ਲਈ ਕੀਤੀ ਗਈ ਹੈ। ਸਧਾਰਨ ਬੋਲਚਾਲ ਵਿਚ ਗਧਾ ਉਸ ਵਿਅਕਤੀ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਮੂਰਖਤਾ ਦੀ ਅਧਿਕਤਾ ਹੋਵੇ।

**ਗੌਣੀ ਲਕਸ਼ਣਾ:-** ਸਮਾਨ ਜਾਂ ਸਾਂਝੇ ਗੁਣਾਂ ਤੇ ਆਧਾਰਿਤ ਸ਼ਬਦ ਸ਼ਕਤੀ ਨੂੰ ਗੌਣੀ ਲਕਸ਼ਣਾ ਸ਼ਬਦ ਸ਼ਕਤੀ ਕਿਹਾ ਜਾਂਦਾ ਹੈ। 'ਉਹ ਬੱਚਾ ਸ਼ੇਰ ਹੈ' ਇਸ ਵਾਕ ਵਿਚ ਮੁੱਖ-ਅਰਥ ਦੀ ਰੋਕ ਹੈ ਅਤੇ ਬੱਚਾ ਸ਼ੇਰ ਨਹੀਂ ਹੋ ਸਕਦਾ ਕਿਉਂਕਿ ਸ਼ੇਰ ਇਕ ਪਸ਼ੂ ਹੈ ਪਰੰਤੂ ਬੱਚੇ ਵਿਚ ਸ਼ੇਰ ਵਾਗੂੰ ਬਹਾਦਰੀ ਅਤੇ ਵੀਰਤਾ ਵਰਗੇ ਸਮਾਨ ਗੁਣ ਹੋਣ ਕਰਕੇ ਸ਼ੇਰ ਕਿਹਾ ਗਿਆ ਹੈ।

**ਸ਼ੁੱਧਾ ਲਕਸ਼ਣਾ:-** ਜਿੱਥੇ ਮੁੱਖ-ਅਰਥ ਨੂੰ ਛੱਡ ਕੇ ਕਲਪਨਾ ਸ਼ਕਤੀ ਦੀ ਵਰਤੋਂ ਕੀਤੀ ਜਾਂਦੀ ਹੈ ਉੱਥੇ ਸ਼ੁੱਧਾ ਲਕਸ਼ਣਾ ਹੁੰਦੀ ਹੈ। ਜਿਵੇਂ 'ਗੰਗਾ ਵਿਚ ਘਰ ਹੈ' ਇਸ ਵਾਕ ਵਿਚ ਮੁੱਖ-ਅਰਥ ਦੀ ਰੋਕ ਹੈ ਕਿਉਂਕਿ ਪਾਣੀ ਵਿਚ ਘਰ ਕਿਵੇਂ ਬਣਾਇਆ ਜਾ ਸਕਦਾ ਹੈ? ਪਰੰਤੂ ਕਲਪਨਾ ਸ਼ਕਤੀ ਦਾ ਸਹਾਰਾ ਲੈ ਕੇ ਗੰਗਾ ਤੇ ਭਾਵ ਪਾਣੀ ਵਿਚ ਘਰ ਬਣਾਉਣ ਦੀ ਗੱਲ ਕੀਤੀ ਗਈ ਹੈ।

**ਉਪਾਦਾਨ ਲਕਸ਼ਣਾ (Inclusive Indication):-** ਉਪਾਦਾਨ ਸ਼ਬਦ ਦਾ ਅਰਥ ਹੈ - ਗ੍ਰਹਿਣ ਕਰਨਾ ਜਾਂ ਲੈਣਾ। ਮੰਮਟ ਦੇ ਅਨੁਸਾਰ, "ਉਪਾਦਾਨ ਲੱਕਸ਼ਣਾ ਵਿਚ ਆਪਣੀ ਅਰਥ-ਸਿੱਧੀ ਵਾਸਤੇ ਪਰਾਏ ਅਰਥ ਨੂੰ ਖਿੱਚਣਾ ਪੈਂਦਾ ਹੈ।" (***ਧਾਲੀਵਾਲ*** 29)

ਜਿੱਥੇ ਵਾਕ-ਅਰਥ ਜਾਂ ਪ੍ਰਸੰਗਿਕ ਅਰਥ ਦੀ ਪ੍ਰਤੀਤੀ ਲਈ ਸ਼ਬਦ ਆਪਣੇ ਖਾਸ ਅਰਥ ਨੂੰ ਨਹੀਂ ਤਿਆਗਦਾ ਅਤੇ ਹੋਰ ਅਰਥ ਗ੍ਰਹਿਣ ਵੀ ਕਰਦਾ ਹੈ ਉਸਨੂੰ ਉਪਾਦਾਨ ਲਕਸ਼ਣਾ ਕਹਿੰਦੇ ਹਨ। ਜਿਵੇਂ 'ਭੱਲੇ ਚਲਦੇ ਹਨ' ਇਸ ਵਾਕ ਵਿਚ 'ਭੱਲੇ' ਸ਼ਬਦ ਦਾ ਮੁੱਖ-ਅਰਥ ਵੀ ਹੈ ਤੇ ਉਤੋਂ ਇਕ ਹੋਰ ਅਰਥ ਵੀ ਜੋੜਿਆ ਹੈ।

**ਲੱਖਣ ਲਕਸ਼ਣਾ (Exclusive Indication):-** ਲੱਖਣ ਸ਼ਬਦ ਦਾ ਅਰਥ ਹੈ - ਆਪਣੇ ਆਪ ਦਾ ਤਿਆਗ। ਜਿਹੜੀ ਸ਼ਬਦ ਸ਼ਕਤੀ ਮੁੱਖ-ਅਰਥ ਲਈ ਆਪਣਾ ਆਪ ਤਿਆਗ ਦੇਵੇ ਉਸਨੂੰ ਲੱਖਣ ਲਕਸ਼ਣਾ ਕਿਹਾ ਜਾਂਦਾ ਹੈ। ਜਿਵੇਂ 'ਗੰਗਾ ਤੇ ਘਰ ਹੈ' ਵਾਕ ਵਿਚ 'ਗੰਗਾ' ਸ਼ਬਦ ਦਾ ਅਰਥ ਪਾਣੀ-ਪ੍ਰਵਾਹ ਨਹੀਂ ਸਗੋਂ 'ਗੰਗਾ' ਦਾ ਅਰਥ ਗੰਗਾ ਕਿਨਾਰਾ ਹੈ। ਇੱਥੇ 'ਗੰਗਾ' ਸ਼ਬਦ ਨੇ ਆਪਣੇ ਮੁੱਖ-ਅਰਥ ਦਾ ਤਿਆਗ ਕਰਕੇ ਨਵੇਂ ਅਰਥ ਨੂੰ ਅਪਣਾਇਆ ਹੈ।

**ਸਾਰੋਪਾ ਲਕਸ਼ਣਾ (Superimponent Indication):-** ਜਿੱਥੇ ਉਪਮੇਯ (ਜਿਸਦੀ ਤੁਲਨਾ ਕੀਤੀ ਜਾਵੇ) ਤੇ ਉਪਮਾਨ (ਜਿਸ ਨਾਲ ਤੁਲਨਾ ਕੀਤੀ ਜਾਵੇ) ) ਦੋਹਾਂ ਦੀ ਇਕਮਿਕਤਾ ਅਰਥਾਤ ਅਭੇਦਤਾ ਨੂੰ ਦਰਸਾਉਣ ਲਈ ਇਕ ਹੀ ਕਥਨ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ 'ਕੋਮਲਪ੍ਰੀਤ ਸ਼ੇਰ ਹੈ' ਇਸ ਵਾਕ ਵਿਚ 'ਕੋਮਲਪ੍ਰੀਤ' ਉਪਮੇਯ ਤੇ 'ਸ਼ੇਰ' ਉਪਮਾਨ ਦੋਹਾਂ ਦੀ ਇਕਮਿਕਤਾ ਜਾਂ ਅਭੇਦਤਾ ਨੂੰ ਦਰਸਾਉਣ ਲਈ ਇਕ ਹੀ ਕਥਨ ਦੀ ਵਰਤੋਂ ਕੀਤੀ ਗਈ ਹੈ। ਇੱਥੇ ਇਕ ਹੀ ਕਥਨ ਰਾਹੀਂ ਕੋਲਮਪ੍ਰੀਤ ਅਤੇ ਸ਼ੇਰ ਦੀ ਬਹਾਦਰੀ ਅਤੇ ਵੀਰਤਾ ਦਾ ਵਰਨਣ ਕੀਤਾ ਗਿਆ ਹੈ।

**ਸਾਧਵਸਾਨਾ ਲਕਸ਼ਣਾ (Introsusceptive Indication):-** ਜਿੱਥੇ ਉਪਮੇਯ ਲਈ ਕੋਈ ਕਥਨ ਨਾ ਹੋਵੇ ਕੇਵਲ ਉਪਮਾਨ ਲਈ ਹੀ ਕਥਨ ਦੀ ਵਰਤੋਂ ਕੀਤੀ ਗਈ ਹੋਵੇ ਉੱਥੇ ਸਾਧਵਸਾਨਾ ਲਕਸ਼ਣਾ ਹੁੰਦੀ ਹੈ। ਇਸ

ਸ਼ਬਦ ਸ਼ਕਤੀ ਵਿਚ ਕਲਪਨਾ ਸ਼ਕਤੀ ਦਾ ਵੀ ਸਹਾਰਾ ਲੈਣਾ ਪੈਂਦਾ ਹੈ। ਜਿਵੇਂ 'ਓਏ ਗਧੇ! ਤੂੰ ਸਮਝਦਾ ਨਹੀਂ' ਇਸ ਵਾਕ ਵਿਚ ਕੇਵਲ ਉਪਮਾਨ ਦੀ ਹੀ ਗੱਲ ਕੀਤੀ ਗਈ ਹੈ ਅਤੇ ਉਪਮੇਯ ਨੂੰ ਸਮਝਣ ਲਈ ਕਲਪਨਾ ਸ਼ਕਤੀ ਦਾ ਸਹਾਰਾ ਲੈਣਾ ਪੈਂਦਾ ਹੈ। 'ਗਧਾ' ਸ਼ਬਦ ਤੋਂ ਹੀ ਉਸ ਵਿਅਕਤੀ ਦੀ ਕਲਪਨਾ ਕੀਤੀ ਜਾਂਦੀ ਹੈ ਜਿਸ ਵਿਅਕਤੀ ਵਿਚ ਗਧੇ ਵਰਗੇ ਲੱਛਣ ਹਨ।

ਆਨੰਦ ਵਰਧਨ ਦੇ ਅਨੁਸਾਰ ਅਭਿਧਾ ਤੇ ਲਕਸ਼ਣਾ ਸ਼ਬਦ ਸ਼ਕਤੀਆਂ ਵੱਖ-ਵੱਖ ਸ਼ਬਦਾਂ ਦੇ ਵੱਖ-ਵੱਖ ਅਰਥਾਂ ਨੂੰ ਹੀ ਪ੍ਰਗਟ ਕਰਦੀਆਂ ਹਨ, ਸੰਪੂਰਨ ਵਾਕ ਨੂੰ ਨਹੀਂ। ਸੰਪੂਰਨ ਤੇ ਸਮੁੱਚੇ ਵਾਕ ਦਾ ਅਰਥ ਗ੍ਰਹਿਣ ਕਰਨ ਤੇ ਸਮਝਣ ਲਈ ਇਕ ਨਵੀਂ ਵਾਕ ਸ਼ਕਤੀ ਤਾਤਪਰਯ ਦੀ ਲੋੜ ਪੈਂਦੀ ਹੈ। ਤਾਤਪਰਯ (Purport, Drift) ਸ਼ਕਤੀ ਦਾ ਸੰਬੰਧ ਵਾਕ ਤੇ ਵਾਕ-ਅਰਥ ਨਾਲ ਹੁੰਦਾ ਹੈ। ਵਾਕ ਦਾ ਅਰਥ ਸਮਝਣ ਲਈ ਕਿਹੜਾ ਸਾਧਨ ਜਾਂ ਕਿਹੜੀ ਜੁਗਤ ਦੀ ਵਰਤੋਂ ਕੀਤੀ ਜਾਂਦੀ ਹੈ, ਇਸ ਮਤ ਨਾਲ ਸੰਬੰਧਿਤ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ:-

1. ਵਿਆਕਰਣਕਾਰਾਂ ਦੇ ਅਨੁਸਾਰ ਅਖੰਡ ਵਾਕ ਦੇ ਅਰਥ ਨੂੰ ਸਮਝਣਾ ਆਸਾਨ ਤੇ ਸੌਖਾ ਹੁੰਦਾ ਹੈ ਕਿਉਂਕਿ ਬੋਲਾਰਾ ਜਦੋਂ ਅਖੰਡ ਤੇ ਪੂਰੇ ਵਾਕ ਨੂੰ ਬੋਲਦਾ ਹੈ ਤਾਂ ਸਰੋਤੇ ਦੀ ਦਿਮਾਗੀ ਪ੍ਰਤਿਭਾ ਜਾਂ ਸੂਝ ਉਸਦੇ ਅਰਥ ਨੂੰ ਜਲਦੀ ਗ੍ਰਹਿਣ ਕਰ ਲੈਂਦੀ ਹੈ।

2. ਨਿਆਇਕਾਂ ਦੇ ਅਨੁਸਾਰ ਵਾਕ ਦਾ ਅਰਥ ਅਖੀਰਲੇ ਅੱਖਰ ਜਾਂ ਵਰਣ ਨੂੰ ਸੁਣਨਸਾਰ ਹੀ ਹੋ ਜਾਂਦਾ ਹੈ ਕਿਉਂਕਿ ਪਹਿਲਾ ਅੱਖਰ ਦੂਜੇ ਅੱਖਰ ਦੇ ਬੋਲਣ ਤੋਂ ਪਹਿਲਾਂ ਹੀ ਲੋਪ ਹੋ ਜਾਂਦਾ ਹੈ।

3. ਮੀਮਾਂਸਕ ਵਾਕ ਅਰਥ ਦਾ ਮੂਲ ਉਸ ਅੱਖਰ-ਮਾਲਾ ਨੂੰ ਮੰਨਦੇ ਹਨ ਜਿਹੜੀ ਸਾਡੀ ਯਾਦ ਦੇ ਸ਼ੀਸ਼ੇ ਉਤੇ ਸ਼ਬਦ-ਸ਼ਬਦਾਰਥ ਦੇ ਅਹਿਸਾਸ ਦੀ ਭਾਵਨਾ ਟਿਕੀ ਰਹਿੰਦੀ ਹੈ।

4. ਪ੍ਰਭਾਕਰ ਦੇ ਅਨੁਸਾਰ ਵਾਕ ਵਿਚ ਵਰਤੇ ਸ਼ਬਦ ਨੇੜਤਾ ਤੇ ਸਮਰੱਥਾ ਰੱਖਣ ਵਾਲੇ ਹੋਣ ਕਰਕੇ ਸਭ ਤੋਂ ਪਹਿਲਾਂ ਜੁੜਦੇ ਹਨ ਅਤੇ ਉਸ ਪਿਛੋਂ ਅਭਿਧਾ ਸ਼ਬਦ ਸ਼ਕਤੀ ਰਾਹੀਂ ਵਾਕ-ਅਰਥ ਦਾ ਬੋਧ ਕਰਵਾਉਂਦੇ ਹਨ।

5. ਵੱਖਰੇ-ਵੱਖਰੇ ਸ਼ਬਦ ਆਪੋ ਆਪਣੇ ਅਰਥ ਦਾ ਸੰਕੇਤ ਕਰਦੇ ਹਨ ਅਤੇ ਪਿਛੋਂ ਸਮੂਹਿਕ ਤੌਰ ਤੇ ਵਾਕ-ਅਰਥ ਨੂੰ ਪ੍ਰਗਟ ਕਰਦੇ ਹਨ। ਵੱਖ-ਵੱਖ ਸ਼ਬਦ ਅਰਥਾਂ ਨੂੰ ਇਕ ਅਨਿੱਖੜ ਤੇ ਸਮੂਹਿਕ ਵਾਕ-ਅਰਥ ਵਿਚ ਬਦਲਣ ਲਈ ਸ਼ਬਦਾਂ ਵਿਚ ਆਕਾਂਖਿਆ, ਯੋਗਤਾ ਤੇ ਨੇੜਤਾ ਦਾ ਹੋਣਾ ਬਹੁਤ ਜਰੂਰੀ ਹੈ।

ਆਕਾਂਖਿਆ ਤੋਂ ਭਾਵ ਜਦੋਂ ਇਕ ਸ਼ਬਦ ਨੂੰ ਦੂਸਰੇ ਸ਼ਬਦ ਦੀ ਲੋੜ ਹੁੰਦੀ ਹੈ। ਜਿਵੇਂ "ਉਹ ..........." ਵਾਕ ਵਿਚ ਸਰੋਤੇ ਨੂੰ ਆਕਾਂਖਿਆ ਜਾਂ ਚਾਹਨਾ ਬਣੀ ਰਹਿੰਦੀ ਹੈ। "ਉਹ ਕੀ ਕਰਦਾ ਹੈ?" ਇਸ ਲਈ ਅਗਲੇ ਸ਼ਬਦ ਬੋਲਣ ਦੀ ਲੋੜ ਬਣੀ ਰਹਿੰਦੀ ਹੈ। ਯੋਗਤਾ ਦਾ ਭਾਵ ਜਦੋਂ ਇਕ ਸ਼ਬਦ ਦੀ ਦੂਸਰੇ ਸ਼ਬਦ ਨਾਲ ਜੁੜਨ ਦੀ ਸਮਰੱਥਾ ਬਣੀ ਰਹਿੰਦੀ ਹੈ। ਜਿਵੇਂ "ਅੱਗ ਨਾਲ ਸਿੰਜਦਾ ਹੈ" ਵਾਕ ਵਿਚ ਸਿੰਜਣਾ ਪਾਣੀ ਨਾਲ ਮੁਮਕਿਨ ਹੈ ਅੱਗ ਨਾਲ ਨਹੀਂ। ਇਸ ਲਈ ਵਾਕ ਵਿਚ ਅਰਥਾਂ ਦੇ ਜੁੜਨ ਦੀ ਯੋਗਤਾ ਨਹੀਂ ਲੱਗਦੀ। ਨੇੜਤਾ ਤੋਂ ਭਾਵ ਵਾਕ ਵਿਚ ਸ਼ਬਦਾਂ ਦਾ ਉਚਾਰਨ ਨਾਲੋਂ ਨਾਲ ਕਰਨਾ ਚਾਹੀਦਾ ਹੈ ਕਿਉਂਕਿ ਇਹ ਨਹੀਂ ਕਿ ਇਕ ਸ਼ਬਦ ਹੁਣ ਬੋਲਿਆ ਜਾਵੇ ਤੇ ਇਕ ਸ਼ਬਦ ਇਕ ਜਾ ਦੋ ਘੰਟੇ ਬਾਦ। ਆਕਾਂਖਿਆ, ਯੋਗਤਾ ਅਤੇ ਨੇੜਤਾ ਦੀ ਸਹਾਇਤਾ ਨਾਲ ਸ਼ਬਦ-ਅਰਥਾਂ ਨੂੰ ਵਾਕ-ਅਰਥ ਵਿਚ ਪ੍ਰਵਰਤਿਤ ਕਰਨ ਵਾਲੀ ਸ਼ਕਤੀ 'ਤਾਤਪਰਯ' ਸ਼ਕਤੀ ਹੀ ਹੈ। ਸੰਸਕ੍ਰਿਤ ਕਾਵਿ-ਸ਼ਾਸਤਰ ਵਿਚ 'ਤਾਤਪਰਯ' ਸ਼ਕਤੀ ਬਾਰੇ ਬਹੁਤ ਘੱਟ ਵਿਚਾਰ-ਚਰਚਾ ਹੋਈ ਹੈ ਕਿਉਂਕਿ ਸੰਸਕ੍ਰਿਤ ਵਿਚ ਕੇਵਲ 'ਅਭਿਧਾ', 'ਲਕਸ਼ਣਾ' ਅਤੇ 'ਵਿਅੰਜਨਾ' ਸ਼ਬਦ ਸ਼ਕਤੀਆਂ ਬਾਰੇ ਜਿਆਦਾ ਵਿਚਾਰ-ਚਰਚਾ ਹੋਈ ਹੈ।

**ਵਿਅੰਜਨਾ ਸ਼ਬਦ ਸ਼ਕਤੀ (Power of Suggestions):-** ਅਭਿਧਾ ਅਤੇ ਲਕਸ਼ਣਾ ਸ਼ਕਤੀ ਦੇ ਆਧਾਰ ਸ਼ਬਦ ਹੁੰਦੇ ਹਨ ਪਰ ਵਿਅੰਜਨਾ ਸ਼ਕਤੀ ਅਰਥ ਵਿਚੋਂ ਪ੍ਰਗਟ ਹੁੰਦੀ ਹੈ। ਵਿਸ਼ਵਨਾਥ ਦੇ ਅਨੁਸਾਰ, "ਜਿੱਥੇ ਅਭਿਧਾ ਤੇ ਲਕਸ਼ਣਾ ਆਪੋ ਆਪਣਾ ਕੰਮ ਕਰਕੇ ਸ਼ਾਂਤ ਹੋ ਜਾਣ, ਪਰ ਫਿਰ ਵੀ ਕਿਸੇ ਨਵੇਂ ਅਰਥ ਦੀ ਪ੍ਰਤੀਤੀ ਹੁੰਦੀ ਹੋਵੇ ਉੱਥੇ ਵਿਅੰਜਨਾ ਸ਼ਕਤੀ ਹੁੰਦੀ ਹੈ।" (ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ 35) ਜਿਵੇਂ "ਗੰਗਾ ਵਿਚ ਘਰ" ਵਾਕ ਵਿਚ 'ਗੰਗਾ' ਦਾ ਮੁੱਖ-ਅਰਥ ਪਾਣੀ-ਪ੍ਰਵਾਹ ਹੈ, ਲਕਸ਼ਣਾ ਅਰਥ ਗੰਗਾ ਦਾ ਕਿਨਾਰਾ ਹੈ, ਪਰੰਤੂ ਲੇਖਕ ਦਾ ਮਨੋਰਥ ਗੰਗਾ ਦੀ ਪਵਿੱਤਰਤਾ ਜਾਂ ਸ਼ੀਤਲਤਾ ਹੈ। ਇੱਥੇ 'ਗੰਗਾ ਵਿਚ ਘਰ'

ਕਹਿਣ ਤੋਂ ਭਾਵ ਘਰ ਦਾ ਪਵਿੱਤਰ ਜਾ ਸ਼ੀਤਲ ਹੋਣਾ ਹੈ। ਭਾਰਤੀ ਕਾਵਿ-ਸ਼ਾਸਤਰ ਵਿਚ ਇਹਨਾਂ ਸੁਝਾਉ ਅਰਥਾਂ ਨੂੰ ਪ੍ਰਗਟਾਉਣ ਵਾਲੀ ਸ਼ਬਦ ਸ਼ਕਤੀ 'ਵਿਅੰਜਨਾ' ਹੀ ਹੈ। ਜਿਸ ਸ਼ਬਦ ਦੁਆਰਾ ਅਜਿਹਾ ਅਰਥ ਨਿਕਲਦਾ ਹੈ ਉਸਨੂੰ ਵਿਅੰਜਕ ਸ਼ਬਦ ਤੇ ਅਰਥ ਨੂੰ ਵਿਅੰਗ-ਅਰਥ ਕਿਹਾ ਜਾਂਦਾ ਹੈ। ਆਨੰਦ ਵਰਧਨ ਦੇ ਅਨੁਸਾਰ ਕਵੀਆਂ ਜਾਂ ਮਹਾਂਕਵੀਆਂ ਦੀ ਕਵਿਤਾ ਜਾ ਕਾਵਿ ਵਿਚ ਆਮ ਅਰਥ ਤੋਂ ਇਲਾਵਾ ਇਕ ਹੋਰ ਸੁਝਾਊ ਜਾ ਗੁੱਝਾ ਅਰਥ ਵੀ ਪ੍ਰਤੀਤ ਹੁੰਦਾ ਹੈ। ਵਿਅੰਜਨਾ ਸ਼ਬਦ ਸ਼ਕਤੀ ਵਿਚ ਕਵਿਤਾ ਜਾਂ ਕਾਵਿ ਵਿਚ ਵਰਤੇ ਸ਼ਬਦਾਂ ਵਿਚ ਲੁਕੇ ਛਿਪੇ ਅਰਥਾਂ ਨੂੰ ਇਕ ਚਮਤਕਾਰੀ ਰੂਪ ਵਿਚ ਪ੍ਰਕਾਸ਼ਮਾਨ ਕਰਨ ਦੀ ਸਮਰੱਥਾ ਹੁੰਦੀ ਹੈ।

ਵਿਅੰਜਨਾ ਸ਼ਬਦ ਸ਼ਕਤੀ ਦੀ ਵਰਤੋਂ ਉੱਥੇ ਕੀਤੀ ਜਾਂਦੀ ਹੈ ਜਿੱਥੇ ਪਹਿਲੀ ਸ਼ਬਦ ਸ਼ਕਤੀ (ਅਭਿਧਾ) ਅਤੇ ਦੂਜੀ ਸ਼ਬਦ ਸ਼ਕਤੀ (ਲਕਸ਼ਣਾ) ਆਪੋ ਆਪਣਾ ਜ਼ੋਰ ਲਾ ਕੇ ਸ਼ਾਂਤ ਹੋ ਜਾਣ। ਇੱਥੇ ਇਹ ਦੱਸ ਦੇਣਾ ਬਹੁਤ ਲਾਜ਼ਮੀ ਹੈ ਕਿ ਇਹ ਜ਼ਰੂਰੀ ਨਹੀਂ ਹੁੰਦਾ ਕਿ ਵਿਅੰਜਨਾ ਸ਼ਬਦ ਸ਼ਕਤੀ ਦੀ ਵਰਤੋਂ ਕਰਨ ਲਈ ਹਰ ਸ਼ਬਦ ਜਾਂ ਕਾਵਿ ਨੂੰ ਪਹਿਲਾਂ ਕ੍ਰਮਵਾਰ ਪਹਿਲਾ ਅਭਿਧਾ ਤੇ ਫਿਰ ਲਕਸ਼ਣਾ ਵਿਚੋਂ ਗੁਜ਼ਰਨਾ ਪੈਂਦਾ ਹੈ। ਅਭਿਧਾ ਸ਼ਬਦ ਸ਼ਕਤੀ ਤੋਂ ਬਾਅਦ ਵਿਅੰਜਨਾ ਸ਼ਬਦ ਸ਼ਕਤੀ ਦਾ ਖੇਤਰ ਸ਼ੁਰੂ ਹੋ ਸਕਦਾ ਹੈ ਅਤੇ ਲਕਸ਼ਣਾ ਦਾ ਖੇਤਰ ਨਹੀਂ ਵੀ ਆ ਸਕਦਾ। ਅਭਿਧਾ ਸ਼ਬਦ ਸ਼ਕਤੀ ਅਤੇ ਲਕਸ਼ਣਾ ਸ਼ਬਦ ਸ਼ਕਤੀ ਦਾ ਆਧਾਰ ਕੇਵਲ ਸ਼ਬਦ ਹੀ ਹਨ ਪਰੰਤੂ ਵਿਅੰਜਨਾ ਸ਼ਬਦ ਸ਼ਕਤੀ ਦਾ ਆਧਾਰ ਸ਼ਬਦ ਅਤੇ ਅਰਥ ਦੋਵੇਂ ਹਨ। ਕੁਝ ਵਿਦਵਾਨ ਵਿਅੰਜਨਾ ਸ਼ਬਦ ਸ਼ਕਤੀ ਨੂੰ ਸ਼ਬਦ ਸ਼ਕਤੀ ਮੰਨਣ ਨੂੰ ਇਨਕਾਰ ਕਰਦੇ ਹਨ ਅਤੇ ਇਸਨੂੰ ਅਰਥ-ਸ਼ਕਤੀ ਕਹਿੰਦੇ ਹਨ। ਮੰਮਟ ਦੇ ਅਨੁਸਾਰ, "ਵਿਅੰਜਨਾ ਸ਼ਬਦ ਸ਼ਕਤੀ ਵਿਚ ਜਿੱਥੇ ਸ਼ਬਦ ਰਾਹੀ ਗਿਆਤ ਕੋਈ ਅਰਥ ਫੇਰ ਅੱਗੇ ਕਿਸੇ ਹੋਰ ਅਰਥ ਨੂੰ ਸੁਝਾਉਂਦਾ ਹੈ ਅਤੇ ਸ਼ਬਦ ਕੇਵਲ ਸਹਾਇਕ ਮਾਤਰ ਹੀ ਹੈ।" (ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ 36) ਵਿਅੰਜਨਾ ਸ਼ਬਦ ਸ਼ਕਤੀ ਨਾਲ ਸੰਬੰਧਿਤ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਅੱਜ ਫ਼ੇਰ ਤਾਰੇ ਕਹਿ ਗਏ।

ਉਮਰਾਂ ਦੇ ਮਹਿਲੀਂ ਅਜੇ ਵੀ ਹੁਸਨਾਂ ਦੇ ਦੀਵੇ ਬਲ ਰਹੇ। (***ਅੰਮ੍ਰਿਤਾ ਪ੍ਰੀਤਮ***)

ਉਪਰੋਕਤ ਕਾਵਿ-ਸਤਰਾਂ ਵਿਚ 'ਹੁਸਨਾਂ ਦੇ ਦੀਵੇ' ਦੋਹਾਂ ਸ਼ਬਦਾਂ ਦਾ ਮੁੱਢਲਾ ਜਾਂ ਮੁੱਖ ਅਰਥ ਹੈ ਸੁਹਣਾਪਣ ਤੇ ਲੈਂਪ, ਲੱਖਣਾਰਥ ਅਰਥ ਹੈ ਦੀਵੇ ਵਰਗਾ ਸੁਹਣਾਪਣ ਅਤੇ ਵਿਅੰਜਨਾ ਅਰਥ ਹੈ - ਹੁਸਨ ਦੀ ਅਧਿਕਤਾ, ਪ੍ਰੇਮੀ ਨੂੰ ਬੁਲਾਵਾ, ਪਿਆਰ ਦੀ ਖਿੱਚ ਜਾਂ ਤੀਬਰਤਾ ਆਦਿ। ਇੱਥੇ ਪਹਿਲੇ ਦੋ ਅਰਥ 'ਸੁਹਣਾਪਣ ਤੇ ਲੈਂਪ', 'ਦੀਵੇ ਵਰਗਾ ਸੁਹਣਾਪਣ' ਸ਼ਬਦਾਂ ਦੇ ਆਧਾਰਿਤ ਹਨ ਅਤੇ 'ਪਿਆਰ ਦੀ ਤੀਬਰਤਾ ਜਾਂ ਖਿੱਚ' ਪਹਿਲੇ ਦੋਵਾਂ ਅਰਥਾਂ ਤੇ ਆਧਾਰਿਤ ਹੈ। ਇੱਥੇ ਇਹ ਗੱਲ ਦੱਸਣੀ ਬਹੁਤ ਜਰੂਰੀ ਹੈ ਕਿ ਤਿੰਨੇ ਸ਼ਬਦ ਸ਼ਕਤੀਆਂ ਕ੍ਰਮਵਾਰ ਅਭਿਧਾ, ਲਕਸ਼ਣਾ, ਵਿਅੰਜਨਾ ਆਪੋ ਆਪਣਾ ਕੰਮ ਕਰਦੀਆਂ ਹਨ ਅਤੇ ਇਕ ਦੂਜੇ ਦੇ ਅਰਥ ਤੇ ਨਿਰਭਰ ਹਨ। ਵਿਅੰਜਨਾ ਸ਼ਬਦ ਸ਼ਕਤੀ ਦੁਆਰਾ ਅਰਥ ਦੀ ਪ੍ਰਤੀਤੀ ਕਰਨਾ ਆਮ ਲੋਕਾਂ ਦਾ ਕੰਮ ਨਹੀਂ ਹੁੰਦਾ ਕੇਵਲ ਪੜ੍ਹੇ-ਲਿਖੇ ਜਾਂ ਸੂਝਵਾਨ ਵਿਅਕਤੀ ਹੀ ਅਜਿਹਾ ਕਾਰਜ ਕਰ ਸਕਦੇ ਹਨ ਕਿਉਕਿ ਸਾਧਾਰਨ ਵਿਅਕਤੀ ਕੇਵਲ ਮੁੱਖ-ਅਰਥ ਜਾਂ ਲੱਖਣਾਰਥ ਤਕ ਹੀ ਸੀਮਿਤ ਰਹਿੰਦੇ ਹਨ।

ਵਿਅੰਜਨਾ ਸ਼ਬਦ ਸ਼ਕਤੀ ਸ਼ਬਦ ਅਤੇ ਅਰਥ ਦੋਹਾਂ ਉੱਤੇ ਨਿਰਭਰ ਹੁੰਦੀ ਹੈ ਜਿਸ ਦੇ ਆਧਾਰ ਤੇ ਵਿਅੰਜਨਾ ਸ਼ਕਤੀ ਦੋ ਤਰ੍ਹਾਂ ਦੀ ਹੁੰਦੀ ਹੈ - ਸ਼ਬਦੀ ਵਿਅੰਜਨਾ ਅਤੇ ਅਰਥੀ ਵਿਅੰਜਨਾ। ਸ਼ਬਦੀ ਵਿਅੰਜਨਾ ਦੇ ਅੱਗੇ ਦੋ ਭੇਦ ਹੁੰਦੇ ਹਨ - ਅਭਿਧਾ-ਮੂਲਾ ਸ਼ਬਦੀ ਵਿਅੰਜਨਾ ਅਤੇ ਲੱਖਣਾ-ਮੂਲਾ ਸ਼ਬਦੀ ਵਿਅੰਜਨਾ। ਜਦੋਂ ਕਾਵਿ ਜਾਂ ਸਾਹਿਤ ਵਿਚ ਕਵੀ ਅਜਿਹੇ ਸ਼ਬਦਾਂ ਦੀ ਵਰਤੋਂ ਕਰਦਾ ਹੈ ਜੋ ਬਹੁ ਅਰਥਕ ਹੁੰਦੇ ਹਨ ਅਤੇ ਉਸ ਦੇ ਇਕ ਅਰਥ ਬੰਦ ਹੋਣ ਤੇ ਪ੍ਰਤਿਭਾਸ਼ਾਲੀ ਪਾਠਕ ਆਪਣੀ ਸੂਝ ਦੇ ਬਲ ਨਾਲ ਹੋਰ ਅਰਥ ਦੀ ਪ੍ਰਤੀਤੀ ਲਈ ਅਭਿਧਾ-ਮੂਲਾ ਸ਼ਬਦੀ ਵਿਅੰਜਨਾ ਸ਼ਕਤੀ ਦੀ ਵਰਤੋਂ ਕੀਤੀ ਜਾਂਦੀ ਹੈ। ਮੰਮਟ ਦੇ ਅਨੁਸਾਰ, "ਸੰਜੋਗ, ਵਿਜੋਗ ਦੇ ਰਾਹੀਂ ਬਹੁ-ਅਰਥਕ ਸ਼ਬਦ ਦੇ ਇਕ ਅਰਥ ਵਿਚ ਸੀਮਤ ਹੋ ਜਾਣ ਉਪਰੰਤ ਜਿਸ ਸ਼ਕਤੀ ਰਾਹੀਂ ਹੋਰ ਵੱਖਰੇ ਅਰਥ ਦਾ ਗਿਆਨ ਹੁੰਦਾ ਹੈ ਉਸਨੂੰ ਅਭਿਧਾ-ਮੂਲਾ ਸ਼ਾਬਦੀ ਵਿਅੰਜਨਾ ਕਹਿੰਦੇ ਹਨ।" (***ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ*** 36) ਜਿਵੇਂ:

ਅੱਖਾਂ ਮੋਹੰਦਾ ਸ਼ਿਆਮ ਰੰਗ ਵਰ੍ਹਦਾ ਨਿਰਾ ਅਨੰਦ।

ਝੂਮ ਝੂਮ ਕੇ ਟੁਰ ਰਿਹਾ 'ਵਰਮਾਲੀ' ਵੀਹ ਪੰਧ। (***ਪੀ. ਪੀ. ਸਿੰਘ***)

ਉਪਰੋਕਤ ਕਾਵਿ-ਸਤਰਾਂ ਵਿਚ 'ਵਰਮਾਲੀ' ਸ਼ਬਦ ਦੇ ਦੋ ਅਰਥ ਹਨ : ਪਹਿਲਾ 'ਬੱਦਲ' ਅਤੇ ਦੂਜਾ 'ਸ੍ਰੀ ਕ੍ਰਿਸ਼ਣ'। ਇੱਥੇ ਇਕ ਅਰਥ ਪ੍ਰਸੰਗ ਦੇ ਅਨੁਸਾਰ ਅਤੇ ਦੂਜਾ ਅਰਥ ਅਪ੍ਰਸੰਗਿਕ ਵੀ ਲਿਆ ਜਾ ਸਕਦਾ ਹੈ। ਬਹੁਅਰਥਕ ਸ਼ਬਦਾਂ ਦੀ ਸ਼ਕਤੀ ਨੂੰ ਪ੍ਰਸੰਗਿਕ ਅਰਥ ਵਿਚ ਕੇਂਦਰਿਤ ਕਰਨ ਲਈ ਪ੍ਰਾਚੀਨ ਵਿਦਵਾਨਾਂ ਨੇ 14 ਨਿਯਾਮਕ ਜਾਂ ਪ੍ਰਤੀਬੰਧ ( ਸੰਜੋਗ, ਵਿਜੋਗ, ਸਹਿਚਾਰ, ਵਿਰੋਧ, ਅਰਥ, ਪ੍ਰਕਰਣ, ਲਿੰਗ, ਨੇੜਤਾ, ਸਮਰੱਥਾ, ਉਚਿਤਤਾ, ਦੇਸ਼ ਕਾਲ, ਵਿਅਕਤੀ, ਸਵਰ) ਨਿਯਤ ਕੀਤੇ ਹਨ। ਜਿਸ ਮਨੋਰਥ ਜਾਂ ਪ੍ਰਯੋਜਨ ਲਈ ਲਾਖਣਿਕ ਸ਼ਬਦ ਵਰਤਿਆ ਗਿਆ ਹੋਵੇ ਉੱਥੇ ਉਹ ਮਨੋਰਥ ਜਿਸ ਸ਼ਕਤੀ ਦੁਆਰਾ ਉਜਾਗਰ ਹੁੰਦਾ ਹੈ ਉਸਨੂੰ ਲੱਖਣਾ-ਮੂਲਾ ਸ਼ਾਬਦੀ ਵਿਅੰਜਨਾ ਕਹਿੰਦੇ ਹਨ।

ਜਿਹੜੀ ਸ਼ਬਦ ਸ਼ਕਤੀ ਵਿਅੰਗਾਰਥ ਨੂੰ ਪ੍ਰਤੀਤ ਕਰਾਉਂਦੀ ਹੈ ਉਸਨੂੰ ਅਰਥੀ ਵਿਅੰਜਨਾ ਕਿਹਾ ਜਾਂਦਾ ਹੈ। ਅਭਿਧਾ ਤੇ ਲਕਸ਼ਣਾ ਦੁਆਰਾ ਅਰਥ ਨੂੰ ਗਿਆਤ ਕਰਾਉਣ ਦੀ ਸ਼ਕਤੀ ਕੇਵਲ ਸ਼ਬਦ ਵਿਚ ਹੀ ਹੁੰਦੀ ਹੈ ਪਰੰਤੂ ਅਰਥ ਨੂੰ ਗਿਆਤ ਕਰਾਉਣ ਦੀ ਸ਼ਕਤੀ ਸ਼ਬਦ ਤੇ ਅਰਥ ਦੋਹਾਂ ਵਿਚ ਹੁੰਦੀ ਹੈ। ਅਰਥੀ ਵਿਅੰਜਨਾ ਵਿਚ ਜਾਂ ਤਾਂ ਸ਼ਬਦ ਆਪਣੇ ਆਪ ਨੂੰ ਗੌਣ ਜਾਂ ਅਪ੍ਰਧਾਨ ਬਣਾ ਲੈਂਦਾ ਹੈ ਜਾਂ ਅਰਥ ਆਪਣੇ ਆਪ ਨੂੰ ਗੌਣ ਬਣਾ ਲੈਂਦਾ ਹੈ। ਜਿਵੇਂ :

ਨੀ ਮਾਂ! ਫਿਰ ਤੂੰ ਕਹੇਂਗੀ ਕੀਤਾ ਨਾ ਘਰ ਕਾਜ।

ਜੋ ਆਖੇ ਹੁਣ ਉਹ ਕਰਾਂ, ਛਿਪਦਾ ਪਿਆ ਦਿਨਰਾਜ। (***ਪੀ. ਪੀ. ਸਿੰਘ***)

ਉਪਰੋਕਤ ਕਾਵਿ-ਸਤਰਾਂ ਵਿਚ ਸਾਧਾਰਨ ਅਰਥ ਦੇ ਅਨੁਸਾਰ "ਧੀ ਆਪਣੀ ਮਾਂ ਨੂੰ ਆਖਦੀ ਹੈ ਕਿ ਮਾਂ! ਦਿਨ ਡੁੱਬਣ ਵਾਲਾ ਹੈ, ਘਰ ਦਾ ਸਾਰਾ ਕੰਮ ਅਜੇ ਕਰਨ ਵਾਲਾ ਪਿਆ ਹੈ, ਫਿਰ ਤੂੰ ਕਹੇਂਗੀ ਇਹ ਨਹੀਂ ਕੀਤਾ ਉਹ ਨਹੀਂ ਕੀਤਾ, ਹੁਣੇ ਦੱਸਦੇ ਮੈਂ ਕਿਹੜਾ-ਕਿਹੜਾ ਕੰਮ ਕਰਾਂ?" ਪਰੰਤੂ ਇੱਥੇ "ਦਿਨ ਛਿਪ ਰਿਹਾ

ਹੈ" ਪ੍ਰਸੰਗ ਤੋਂ ਇਹ ਪਤਾ ਚੱਲਦਾ ਹੈ ਕਿ ਧੀ ਦੇ ਦਿਲ ਵਿਚ ਕਿਸੇ ਲਈ ਪਿਆਰ ਹੈ ਅਤੇ ਉਸ ਨੇ ਦਿਨ ਛਿਪਣ ਤੋਂ ਪਹਿਲਾਂ-ਪਹਿਲਾਂ ਆਪਣੇ ਪ੍ਰੇਮੀ ਨੂੰ ਮਿਲਣ ਲਈ ਜਾਣਾ ਹੈ। ਇਹੋ ਵਿਅੰਗਾਰਥ ਹੈ ਕਿਉਂਕਿ ਇੱਥੇ ਪਹਿਲਾਂ ਮੁੱਖ-ਅਰਥ ਦਾ ਗਿਆਨ ਪੂਰਾ ਹੋ ਜਾਂਦਾ ਹੈ ਅਤੇ ਫੇਰ ਨਵੇਂ ਅਰਥ ਦੀ ਪ੍ਰਤੀਤੀ ਹੁੰਦੀ ਹੈ। ਇਸੇ ਲਈ ਇਹ ਅਰਥੀ ਵਿਅੰਜਨਾ ਹੈ ਕਿਉਂਕਿ ਇੱਥੇ ਵਿਅੰਗਾਰਥ ਅਰਥਾਂ ਉੱਤੇ ਨਿਰਭਰ ਹੈ ਕਿਸੇ ਇਕ ਸ਼ਬਦ ਤੇ ਨਹੀਂ। ਮੰਮਟ ਨੇ 'ਕਾਵਯ ਪ੍ਰਕਾਸ਼' ਵਿਚ ਅਰਥ ਨੂੰ ਪ੍ਰਗਟ ਕਰਨ ਲਈ ਵਕਤਾ, ਸੰਬੋਧਿਤ, ਟੋਨ, ਵਾਕ, ਵਾਚ, ਨੇੜਤਾ, ਪ੍ਰਕਰਣ ਜਾਂ ਸੰਦਰਭ, ਦੇਸ਼, ਕਾਲ, ਇਸ਼ਾਰਾ ਜਾਂ ਸੰਕੇਤ ਆਦਿ ਸਹਾਇਕ ਸਾਧਨ ਮੰਨੇ ਹਨ। ਵਿਅੰਜਨਾ ਸ਼ਕਤੀ ਵਿਚ ਪ੍ਰਤਿਭਾਸ਼ਾਲੀ ਵਿਅਕਤੀਆਂ ਨੂੰ ਹੀ ਮੁੱਖ-ਅਰਥ ਤੋਂ ਇਲਾਵਾ ਹੋਰ ਅਰਥਾਂ ਦੀ ਪ੍ਰਤੀਤੀ ਹੁੰਦੀ ਹੈ। ਜਿਵੇਂ :

ਚਿੰਤਾ, ਆਲਸ, ਵੇਦਨਾ, ਨੀਂਦ ਭਰੇ ਇਹ ਨੈਣ।

ਮੇਰੀ ਖਾਤਰ ਤੂੰ ਕੁੜੇ! ਹੋਈ ਫਿਰੇਂ ਸੁਦੈਣ।

ਉਪਰੋਕਤ ਕਾਵਿ-ਸਤਰਾਂ ਵਿਚ ਨਾਇਕਾ ਆਪਣੀ ਸਹੇਲੀ ਨੂੰ ਸੰਬੋਧਨ ਕਰ ਰਹੀ ਹੈ ਕਿ ਤੂੰ ਮੇਰੀ ਖਾਤਿਰ ਫਿਕਰਮੰਦ ਅਤੇ ਉਨੀਂਦਰੇ ਵਿਚ ਆਪਣੇ ਆਪ ਨੂੰ ਪਾਗਲ ਨਾ ਬਣਾ। ਪਰੰਤੂ ਇੱਥੇ ਵਿਅੰਗਾਰਥ ਦੇ ਅਨੁਸਾਰ ਨਾਇਕਾ ਜਿਸ ਨੂੰ ਪਿਆਰ ਕਰਦੀ ਹੈ ਉਸਦੀ ਸਹੇਲੀ ਵੀ ਉਸੇ ਨਾਲ ਪ੍ਰੇਮ ਕਰਦੀ ਹੈ। ਉਸਦੀ ਚਿੰਤਾ, ਥਕਾਵਟ ਨਾਇਕਾ ਦੀ ਹਮਦਰਦੀ ਕਰਕੇ ਨਹੀਂ ਬਲਕਿ ਰਤੀ-ਕ੍ਰੀੜਾ ਕਰਕੇ ਹੈ। ਆਈ. ਏ. ਰਿਚਰਡਸ ਨੇ ਅਰਥ ਦੇ ਚਾਰ ਪ੍ਰਕਾਰ ਮੰਨੇ ਹਨ:

**ਮੁੱਖ-ਅਰਥ (Sense):-** ਮੁੱਖ-ਅਰਥ ਤੋਂ ਭਾਵ ਲੇਖਕ ਜਾਂ ਵਕਤਾ ਦੁਆਰਾ ਕਹੀ ਗਈ ਵਸਤੂ।

**ਭਾਵ ਜਾਂ ਜਜ਼ਬਾ (Feeling):-** ਦਿਲ ਵਿਚਲੇ ਜਜ਼ਬੇ ਜਾਂ ਭਾਵ।

**ਸੁਰ (Tone):-** ਵਕਤਾ ਤੇ ਸੰਬੰਧਿਤ ਵਿਅਕਤੀ ਵਿਚਕਾਰ ਸੰਬੰਧ ਦਾ ਗਿਆਨ।

**ਸੁਝਾ (Intention):-** ਲੇਖਕ ਦਾ ਇਕ ਖਾਸ ਉਦੇਸ਼ ਜਿਹੜਾ ਸ਼ਬਦਾਂ ਰਾਹੀਂ ਪ੍ਰਗਟ ਨਹੀਂ ਹੋ ਰਿਹਾ।

**ਧੁਨੀ ਦੇ ਭੇਦ:-** ਆਨੰਦ ਵਰਧਨ ਅਤੇ ਮੰਮਟ ਨੇ ਧੁਨੀ ਦੇ ਮੁੱਖ ਰੂਪ ਵਿਚ ਤਿੰਨ ਭੇਦ ਮੰਨੇ ਹਨ : ਵਸਤੂ ਧੁਨੀ, ਅਲੰਕਾਰ ਧੁਨੀ ਅਤੇ ਰਸ ਧੁਨੀ। ਜਿੱਥੇ ਵਿਅੰਗਾਰਥ ਰਾਹੀਂ ਜਾਂ ਵਿਅੰਜਨਾ ਸ਼ਕਤੀ ਦੁਆਰਾ ਕਿਸੇ ਵਿਚਾਰ, ਯਥਾਰਥ ਜਾਂ ਆਮ ਵਸਤੂ ਬਾਰੇ ਜਾਣਕਾਰੀ ਪ੍ਰਾਪਤ ਹੋਵੇ ਅਤੇ ਜਿੱਥੇ ਕੋਈ ਵੀ ਰਸ ਜਾਂ ਅਲੰਕਾਰ ਨਾ ਵਰਤਿਆ ਹੋਵੇ ਉੱਥੇ 'ਵਸਤੂ ਧੁਨੀ' ਹੁੰਦੀ ਹੈ। ਜਿੱਥੇ ਵਿਅੰਗ ਕਿਸੇ ਅਲੰਕਾਰ ਦੇ ਰਾਹੀਂ ਪ੍ਰਗਟ ਹੁੰਦਾ ਹੈ ਉੱਥੇ 'ਅਲੰਕਾਰ ਧੁਨੀ' ਹੁੰਦੀ ਹੈ। ਜਿੱਥੇ ਵਿਅੰਗ ਕਿਸੇ ਰਸ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ ਉੱਥੇ ਰਸ ਧੁਨੀ ਹੁੰਦੀ ਹੈ। ਅਲੰਕਾਰ ਧੁਨੀ ਅਤੇ ਰਸ ਧੁਨੀ ਨਾਲ ਸੰਬੰਧਿਤ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਵੇਖ ਵੇਖ ਸੂਰਜ ਦਾ ਘੇਰਾ

ਚੇਤੇ ਆਵੇ ਖੇਹਨੂੰ ਤੇਰਾ

ਜਿਉਂ ਜਿਉਂ ਪੈਂਦਾ ਜਾਏ ਹਨੇਰਾ

ਤਿਉਂ ਤਿਉਂ ਨ੍ਹੇਰ ਮਚਾਵਣ ਜ਼ੁਲਫਾਂ ਤੇਰੀਆਂ (***ਮੋਹਨ ਸਿੰਘ ਮਾਹਿਰ, ਸੁਹਾਂ ਦੀ ਕੰਧੀ***)

ਓਪਰੋਕਤ ਕਾਵਿ-ਸਤਰਾਂ ਵਿਚ ਵਿਜੋਗ ਸ਼੍ਰਿੰਗਾਰ ਰਸ ਦੀ ਵਿਅੰਜਨਾ ਹੋਣ ਕਰਕੇ ਰਸ ਧੁਨੀ ਹੈ ਅਤੇ 'ਸਮਰਣ' ਅਲੰਕਾਰ ਹੋਣ ਕਰਕੇ ਅਲੰਕਾਰ ਧੁਨੀ ਵੀ ਹੈ। 'ਨ੍ਹੇਰ ਮਚਾਵਣ' ਮੁਹਾਵਰੇ ਵਿਚ ਨ੍ਹੇਰ ਸ਼ਬਦ ਦਾ ਅਰਥ 'ਕਹਿਰ' ਅਤੇ 'ਹਨੇਰਾ' ਦੋਵੇਂ ਹੋਣ ਕਰਕੇ ਕਵੀ ਦਾ ਅਲੰਕ੍ਰਿਤ ਬਿਆਨ ਹੈ। ਕੁਝ ਵਿਦਵਾਨਾਂ ਨੇ ਸ਼ਬਦ-ਸ਼ਕਤੀਆਂ ਦੇ ਆਧਾਰ ਤੇ ਧੁਨੀ ਦੇ ਦੋ ਮੁੱਖ ਭੇਦ ਮੰਨੇ ਹਨ : ਅਭਿਧਾ-ਮੂਲਕ ਧੁਨੀ ਅਤੇ ਲੱਖਣਾ-ਮੂਲਕ ਧੁਨੀ। ਕਾਵਿ ਜਾਂ ਸਾਹਿਤ ਵਿਚ ਧੁਨੀ ਤਕ ਪਹੁੰਚਣ ਲਈ ਪਹਿਲਾਂ ਮੁੱਖ-ਅਰਥ ਦੀ ਲੋੜ ਹੁੰਦੀ ਹੈ ਅਤੇ ਉਸ ਤੋਂ ਬਾਅਦ ਵਿਅੰਗਾਰਥ ਜਾਂ ਵਿਅੰਗ ਦਾ ਗਿਆਨ ਹੁੰਦਾ ਹੈ।

**1.7.3. ਅਲੰਕਾਰ ਸਿਧਾਂਤ:-** ਅਲੰਕਾਰ ਦਾ ਕੋਸ਼ਗਤ ਅਰਥ ਹੈ - ਗਹਿਣਾ। ਜਿਸ ਤਰ੍ਹਾਂ ਮਨੁੱਖ ਆਪਣੇ ਸਰੀਰ ਨੂੰ ਸੁੰਦਰ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਕਈ ਤਰ੍ਹਾਂ ਦੇ ਗਹਿਣੇ ਪਹਿਨਦਾ ਹੈ, ਉਸੇ ਤਰ੍ਹਾਂ ਕਵੀ ਕਾਵਿ ਜਾਂ ਕਵਿਤਾ ਨੂੰ ਵਧੇਰੇ ਪ੍ਰਭਾਵਸ਼ਾਲੀ, ਸੁਹਜਮਈ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਕਈ ਤਰ੍ਹਾਂ ਦੇ ਅਲੰਕਾਰਾਂ ਦੀ ਵਰਤੋਂ ਕਰਦਾ ਹੈ। ਅਲੰਕਾਰ ਦੀ ਵਰਤੋਂ ਕਵਿਤਾ ਦੇ ਵਿਸ਼ੇ-ਵਸਤੂ ਦੀ ਸੁੰਦਰਤਾ ਵਧਾਉਣ ਲਈ ਕੀਤੀ ਜਾਂਦੀ ਹੈ। ਅਲੰਕਾਰ ਕਵਿਤਾ ਜਾਂ ਕਾਵਿ ਵਿਚ ਚਮਤਕਾਰ, ਰਸੀਲਾਪਣ, ਸੁਹਜ ਅਤੇ ਸੰਜੀਵਤਾ ਪੈਦਾ ਕਰਨ ਦੇ ਸ਼ੈਲੀ ਸਾਧਨ ਹਨ। ਭਾਰਤ ਦੀ ਪ੍ਰਾਚੀਨ ਸਮੀਖਿਆ-ਪ੍ਰਣਾਲੀ ਵਿਚ 'ਅਲੰਕਾਰ ਸਿਧਾਂਤ' ਇਕ ਮਹੱਤਵਪੂਰਨ ਸਿਧਾਂਤ ਹੈ ਜਿਸ ਨੂੰ ਕਈ ਕਵੀਆਂ ਨੇ ਕਾਵਿ ਦੀ ਆਤਮਾ ਵੀ ਕਿਹਾ ਹੈ। ਭਾਰਤੀ ਆਲੋਚਕ ਅਤੇ ਖੋਜਕਾਰ ਅਲੰਕਾਰਾਂ ਦੀ ਉਤਪੱਤੀ ਅਤੇ ਬਹੁਤ ਪੁਰਾਤਨ ਸਮੇਂ ਤੋਂ ਹੀ ਮੰਨਦੇ ਹਨ ਕਿਉਂਕਿ ਰਿਗਵੇਦ ਵਿਚ ਕਈ ਅਲੰਕਾਰਾਂ ਦਾ ਪ੍ਰਯੋਗ ਮਿਲਦਾ ਹੈ। ਅਲੰਕਾਰ ਦੀ ਵਿਉਤਪੱਤੀ ਵਿਆਕਰਣਕਾਰ ਦੋ ਤਰ੍ਹਾਂ ਨਾਲ ਕਰਦੇ ਹਨ:

**'ਅਲੰਕਰੋਤਿ ਇਤਿ ਅਲੰਕਾਰਹ'**

ਅਰਥਾਤ ਕਵੀ ਕਾਵਿ ਜਾਂ ਕਵਿਤਾ ਵਿਚ ਜੋ ਸਜਾਉਂਦਾ ਹੈ ਜਾਂ ਸੁਭਾਇਮਾਨ ਕਰਦਾ ਹੈ, ਉਹ ਅਲੰਕਾਰ ਹੈ।

**'ਅਲੋਕ੍ਰਿਯਤੇ ਅਨੇਨ ਇਤਿ ਅਲੰਕਾਰਹ'**

ਅਰਥਾਤ ਜਿਸ ਨਾਲ ਕਿਸੇ ਕਾਵਿ ਜਾਂ ਕਵਿਤਾ ਦਾ ਸਾਜ-ਸ਼ਿੰਗਾਰ ਜਾਂ ਸਜਾਵਟ ਕੀਤੀ ਜਾਏ, ਉਹ ਅਲੰਕਾਰ ਹੈ। ਅਸਲ ਵਿਚ ਇਨ੍ਹਾਂ ਦੋਹਾਂ ਵਿਉਤਪੱਤੀਆਂ ਵਿਚ ਕੋਈ ਡੂੰਘਾ ਅੰਤਰ ਨਹੀਂ ਹੈ।

ਅਲੰਕਾਰ ਸੰਪਰਦਾਇ ਭਾਰਤੀ ਕਾਵਿ-ਸ਼ਾਸਤਰ ਦੀ ਇਕ ਮਹੱਤਵਪੂਰਨ ਕਾਵਿ ਪ੍ਰਣਾਲੀ ਹੈ। ਇਹ ਸਿਧਾਂਤ ਬਹੁਤ ਪ੍ਰਾਚੀਨ ਹੈ ਅਤੇ ਇਸ ਸਿਧਾਂਤ ਦਾ ਕਾਵਿ ਜਗਤ ਵਿਚ ਕਾਫ਼ੀ ਬੋਲਬਾਲਾ ਰਿਹਾ ਹੈ। ਇੱਥੋਂ ਤੱਕ ਕਿ ਇਹ ਕਾਵਿ ਦਾ ਸਮਾਨਾਰਥਕ ਸ਼ਬਦ ਬਣ ਗਿਆ ਸੀ। ਅਲੰਕਾਰ ਸੰਪਰਦਾਇ ਦੇ ਮੋਢੀ ਭਾਮਹ ਦੇ ਅਨੁਸਾਰ ਅਲੰਕਾਰ ਕਵਿਤਾ ਦਾ 'ਪ੍ਰਾਣ ਤੱਤ' ਹੈ। ਜਯਦੇਵ ਨੇ ਅਲੰਕਾਰ ਰਹਿਤ ਕਾਵਿ ਨੂੰ ਉਸ ਅੱਗ ਨਾਲ ਤੁਲਨਾ ਕੀਤੀ ਹੈ ਜਿਸ ਵਿਚ ਤਪਸ਼ ਨਾ ਹੋਵੇ। ਅਲੰਕਾਰ ਸ਼ਬਦ 'ਅਲਮ' ਅਤੇ 'ਕਾਰ' ਦੇ ਸੰਯੋਗ ਤੋਂ

ਬਣਿਆ। 'ਅਲਮ' ਸ਼ਬਦ ਦਾ ਅਰਥ ਸ਼ੋਭਾ, ਸਜਾਵਟ ਅਤੇ ਪੂਰਨਤਾ ਹੈ ਜਦਕਿ 'ਕਾਰ' ਸ਼ਬਦ ਦਾ ਅਰਥ ਕਰਨ ਵਾਲਾ ਹੈ। ਇਸ ਤਰ੍ਹਾਂ ਅਲੰਕਾਰ ਦਾ ਅਰਥ ਸਜਾਵਟ ਕਰਨ ਵਾਲਾ ਜਾਂ ਪੂਰਨਤਾ ਪ੍ਰਦਾਨ ਕਰਨ ਵਾਲਾ ਹੈ। ਸੋ ਅਲੰਕਾਰ ਕਾਵਿ ਨੂੰ ਸ਼ੋਭਾ ਪ੍ਰਦਾਨ ਕਰਨ ਵਾਲਾ ਮਹੱਤਵਪੂਰਨ ਤੱਤ ਮੰਨਿਆ ਜਾਂਦਾ ਹੈ।

डॉ० भगीरथ मिश्र के अनुसार अलंकार अभिव्यन्जना प्रणाली है। अलंकार वाणी के विभूषण हैं। सामान्य बात अलंकारों से विभूषित होकर एक विशेष मनोहरता से सम्पन्न हो जाती है। अतः अलंकार साधारण न होकर चमत्कारपूर्ण उक्ति है। (*भारतीय काव्यशास्त्र*, 158) Alankar is a figure of speech which means ornaments or adornments. Just like the women use ornaments to enhance her beauty, Alankar in Hindi and Punjabi languages are used essentially to enhance the beauty of a poem.

ਅਲੰਕਾਰ ਦੇ ਲੱਛਣਾਂ ਬਾਰੇ ਭਾਰਤੀ ਆਚਾਰੀਆਂ ਨੇ ਆਪੋ ਆਪਣੇ ਵਿਚਾਰ ਪ੍ਰਸਤੁਤ ਕੀਤੇ ਹਨ। ਭਾਮਹ ਦੇ ਅਨੁਸਾਰ ਭਾਸ਼ਾ ਵਿਚ ਕੋਈ ਵੀ ਚਮਤਕਾਰ ਨਹੀਂ ਹੁੰਦਾ ਹੈ ਪਰ ਜਦੋਂ ਕਵੀ ਕਾਵਿ ਵਿਚ ਕਿਸੇ ਕਥਨ ਨੂੰ ਵਧਾ ਚੜ੍ਹਾ ਕੇ ਜਾਂ ਵਿੰਗੇ ਟੇਡੇ ਢੰਗ ਨਾਲ ਪ੍ਰਸਤੁਤ ਕਰਦਾ ਹੈ ਤਾਂ ਉੱਥੇ ਅਲੰਕਾਰ ਦੀ ਉਤਪੱਤੀ ਹੁੰਦੀ ਹੈ। ਦੰਡੀ ਦੇ ਅਨੁਸਾਰ ਅਲੰਕਾਰ ਕਾਵਿ ਦਾ ਉਹ ਤੱਤ ਹੈ ਜਿਸ ਨਾਲ ਕਾਵਿ ਵਿਚ ਸੁੰਦਰਤਾ ਪੈਦਾ ਕੀਤੀ ਜਾਂਦੀ ਹੈ। ਵਾਮਨ ਦੇ ਅਨੁਸਾਰ ਸੁੰਦਰਤਾ ਜਾਂ ਸੌਂਦਰਯ ਹੀ ਅਲੰਕਾਰ ਹੈ। ਮੰਮਟ ਦੇ ਅਨੁਸਾਰ ਅਲੰਕਾਰ ਕਾਵਿ ਦੇ ਉਹ ਗਹਿਣੇ ਹਨ ਜੋ ਰਸ ਦੀ ਸ਼ੋਭਾ ਵਧਾਉਣ ਲਈ ਵਰਤੇ ਜਾਂਦੇ ਹਨ। ਵਿਸ਼ਵਨਾਥ ਦੇ ਅਨੁਸਾਰ ਕਾਵਿ-ਰਸ ਨੂੰ ਵਧੇਰੇ ਪ੍ਰਭਾਵਸ਼ਾਲੀ, ਵਿਅੰਗਮਈ, ਚਮਤਕਾਰੀ ਅਤੇ ਸੁਹਜਮਈ ਬਣਾਉਣ ਲਈ ਵਰਤੀਆਂ ਜਾਣ ਵਾਲੀਆਂ ਜੁਗਤੀਆਂ ਨੂੰ ਅਲੰਕਾਰ ਕਿਹਾ ਜਾਂਦਾ ਹੈ। (***ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ*** 122) ਵਿਸ਼ਵਨਾਥ ਨੇ 'ਸਾਹਿਤਯ ਦਰਪਣ' ਵਿਚ ਰਸ, ਅਲੰਕਾਰ ਆਦਿਕ ਕਾਵਿ-ਤੱਤਾਂ ਦੇ ਮਹੱਤਵ ਨੂੰ ਬਿਆਨ ਕਰਦਿਆਂ ਇਕ ਅਨੋਖੇ ਢੰਗ ਨਾਲ ਲਿਖਿਆ ਹੈ ਕਿ :

ਸ਼ਬਦ ਤੇ ਅਰਥ ਕਾਵਿ ਦੇ ਸ਼ਰੀਰ ਹਨ,

ਰਸ ਆਦਿ ਆਤਮਾ ਹਨ,

ਕਾਵਿ ਗੁਣ ਸੂਰਬੀਰਤਾ ਵਾਂਗੂੰ ਹਨ,

ਕਾਵਿ ਦੋਸ਼ ਅੱਖੋਂ ਕਾਣੇ ਹੋਣ ਵਾਂਗੂੰ ਹਨ,

ਅਲੰਕਾਰ ਬਾਜੂਬੰਦ ਅਤੇ ਕੁੰਡਲਾਂ ਵਾਂਗੂੰ ਹਨ।

ਉਪਰੋਕਤ ਸਤਰਾਂ ਵਿਚ ਰਸ ਨੂੰ ਕਾਵਿ ਦਾ ਪ੍ਰਧਾਨ ਅੰਗ ਅਤੇ ਬਾਕੀਆਂ ਨੂੰ ਸਹਾਇਕ ਅੰਗ ਮੰਨਿਆ ਹੈ। ਅਲੰਕਾਰ ਨੂੰ ਕਾਵਿ ਦੇ ਗਹਿਣੇ ਮੰਨਿਆ ਗਿਆ ਹੈ ਕਿਉਂਕਿ ਕਵੀ ਅਲੰਕਾਰ ਦੀ ਸਹਾਇਤਾ ਨਾਲ ਕਾਵਿ ਦੀ ਸ਼ੋਭਾ ਨੂੰ ਵਧਾਉਂਦੇ ਹਨ। ਅਲੰਕਾਰ ਕਾਵਿ-ਕਲਾ ਦਾ ਅਨੋਖਾ ਤੇ ਨਿਰਾਲਾ ਢੰਗ ਹੈ ਜੋ ਕਵੀ ਦੇ ਬੋਲਾਂ ਤੇ ਸ਼ਬਦਾਂ ਵਿੱਚ ਅਦਭੁਤ ਚਮਤਕਾਰ ਪੈਦਾ ਕਰਕੇ ਕਵਿਤਾ ਦੇ ਸੁਹਜ ਵਿਚ ਵਾਧਾ ਕਰਦੇ ਹੈ। ਅਲੰਕਾਰ ਕਵਿਤਾ ਵਿਚ ਕਈ ਕੰਮ ਕਰਦੇ ਹਨ - ਕਾਵਿ ਦੀ ਸੁਹਜ ਤੇ ਸ਼ੋਭਾ ਵਧਾਉਂਦੇ ਹਨ, ਕਾਵਿ ਨੂੰ ਚਮਤਕਾਰੀ ਅਤੇ ਪ੍ਰਭਾਵਸ਼ਾਲੀ ਬਣਾਉਂਦੇ ਹਨ, ਕਾਵਿ ਵਿਚ ਵਰਤੇ ਸ਼ਬਦਾਂ ਦੇ ਅਰਥਾਂ ਵਿਚ ਸਪਸ਼ਟਤਾ ਪੈਦਾ ਕਰਦੇ ਹਨ ਅਤੇ ਕਾਵਿ ਜਾਂ ਕਵਿਤਾ ਨੂੰ ਸੁਆਦਲਾ ਬਣਾਉਂਦੇ ਹਨ। ਅਲੰਕਾਰ ਸੰਬੰਧੀ ਸਾਰੀ ਚਰਚਾ ਨੂੰ ਚੰਗੀ ਤਰ੍ਹਾਂ ਸਮਝਣ ਲਈ ਸਾਨੂੰ ਹੇਠ ਲਿਖੀਆਂ ਦੋ ਉਦਾਹਰਨਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ:

"ਚਿੱਟੇ ਚਾਨਣ ਦਾ ਦੁੱਧ ਡੁਲਿਆ

ਤੇ ਮਟਕੀ ਭੱਜੀ ਹਨੇਰੇ ਦੀ।

ਛੱਡ ਰਾਤਾਂ ਦੀਆਂ ਹਕਾਇਤਾਂ ਨੂੰ

ਕੋਈ ਗੱਲ ਕਰ ਨਵੇਂ ਸਵੇਰੇ ਦੀ।" (***ਪ੍ਰੋ. ਮੋਹਨ ਸਿੰਘ***)

ਉਪਰੋਕਤ ਕਾਵਿ-ਸਤਰਾਂ ਵਿਚ ਕਵੀ ਪ੍ਰੋ. ਮੋਹਨ ਸਿੰਘ ਨੇ ਆਪਣੀ ਕਵਿਤਾ ਨੂੰ ਵਧੇਰੇ ਪ੍ਰਭਾਵਸ਼ਾਲੀ, ਵਿਅੰਗਮਈ ਅਤੇ ਸੁਹਜਮਈ ਬਣਾਉਣ ਲਈ ਚਿੱਟੇ ਚਾਨਣ ਨੂੰ ਦੁੱਧ ਅਤੇ ਹਨੇਰੇ ਨੂੰ ਮਟਕੀ ਬਣਾਇਆ ਹੈ। ਕਵੀ ਦੇ ਅੁਨਸਾਰ ਜਦੋਂ ਹਨੇਰੇ ਦੀ ਮਟਕੀ ਟੁੱਟ ਗਈ ਤਾਂ ਉਸ ਵਿਚੋਂ ਚਾਨਣ ਦਾ ਦੁੱਧ ਡੁੱਲ੍ਹ ਗਿਆ ਹੈ ਭਾਵ ਮਨੁੱਖ ਅਗਿਆਨ ਦੇ ਹਨੇਰੇ ਵਿਚੋਂ ਨਿਕਲ ਕੇ ਗਿਆਨ ਦੇ ਚਾਨਣ ਵਿਚ ਆਇਆ ਹੈ। ਇੱਥੇ ਕਵੀ ਨੇ ਚਾਨਣ (ਗਿਆਨ) ਤੇ ਹਨੇਰੇ (ਅਗਿਆਨ) ਦੀ ਗੱਲ ਕਰਨ ਲਈ ਦੁੱਧ ਤੇ ਮਟਕੀ ਦੀ ਉਪਮਾ ਪ੍ਰਸਤੁਤ ਕੀਤੀ ਹੈ ਅਤੇ ਦੋਹਾਂ ਵਿਚ ਇਕਰੂਪਤਾ ਹੋਣ ਕਰਕੇ ਇਹ ਰੂਪਕ ਅਲੰਕਾਰ ਦੀ ਉਦਾਹਰਨ ਹੈ।

ਲੋਪ ਹੋ ਗਈ ਚੰਨ ਦੀ ਦਾਤੀ

ਵਾਢੀ ਕਰਕੇ ਨੇਰ੍ਹੇ ਦੀ।

ਪੂਰਬ ਦੀ ਨਿਰਮਲ ਨੈਂ ਉੱਤੇ

ਕੇਸਰ-ਤੁਰੀਆਂ ਤਰੀਆਂ ਨੇ। (***ਪ੍ਰੋ. ਮੋਹਨ ਸਿੰਘ, ਸਵੇਰ***)

ਉਪਰੋਕਤ ਕਾਵਿ-ਪੰਕਤੀਆਂ ਵਿਚ ਕਵੀ ਪ੍ਰੋ. ਮੋਹਨ ਸਿੰਘ ਇਹ ਦੱਸਣਾ ਚਾਹੁੰਦਾ ਹੈ ਕਿ ਸਵੇਰਾ ਹੋ ਰਿਹਾ ਹੈ ਪਰ ਇਕ ਨਿਕੀ ਜਿਹੀ ਗੱਲ ਨੂੰ ਦੱਸਣ ਲਈ ਕਵੀ ਨੇ ਚੰਨ ਨੂੰ ਦਾਤਰੀ, ਹਨੇਰੇ ਨੂੰ ਫ਼ਸਲ ਅਤੇ ਪੂਰਬ ਦਿਸ਼ਾ ਨੂੰ ਨਦੀ ਮੰਨਿਆ ਹੈ। ਕਵੀ ਦੇ ਅਨੁਸਾਰ ਇੱਥੇ ਚੰਨ ਦੀ ਦਾਤੀ ਹਨੇਰੇ ਦੀ ਫ਼ਸਲ ਨੂੰ ਵੱਢ ਰਹੀ ਹੈ ਅਰਥਾਤ ਹਨੇਰਾ ਖ਼ਤਮ ਹੋ ਰਿਹਾ ਹੈ ਅਤੇ ਚੜ੍ਹਦੇ ਵਾਲੇ ਪਾਸੇ ਪੂਰਬ ਵਿਚ ਪਹੁ-ਫੁਟੀ ਦਾ ਉਜਾਲਾ ਚਮਕ ਰਿਹਾ ਹੈ। ਕਵੀ ਨੇ ਆਪਣੀ ਗੱਲ ਨੂੰ ਵਧੇਰੇ ਪ੍ਰਭਾਵਸ਼ਾਲੀ, ਵਿਅੰਗਮਈ ਅਤੇ ਸੁਹਜਮਈ ਬਣਾਉਣ ਲਈ ਰੂਪਕ ਅਲੰਕਾਰ ਦਾ ਸਹਾਰਾ ਲਿਆ ਹੈ।

ਅਲੰਕਾਰ ਕਵੀ ਦੇ ਕਟਾਖ, ਵਿਅੰਗ ਤੇ ਵਿਚਿੱਤਰ ਕਥਨ ਢੰਗ ਨਾਲ ਸੰਬੰਧਿਤ ਹਨ ਕਿਉਂਕਿ ਕਵੀ ਆਪਣੀ ਅਨੋਖੀ ਕਲਪਨਾ ਸ਼ਕਤੀ ਅਤੇ ਵਿਚਿੱਤਰ ਸ਼ੈਲੀ ਦੁਆਰਾ ਨਵੀਆਂ-ਨਵੀਆਂ ਅਲੰਕਾਰਿਕ ਜੁਗਤਾਂ ਨੂੰ ਉਜਾਗਰ ਕਰਦਾ ਹੈ। ਇਨ੍ਹਾਂ ਅਲੰਕਾਰਿਕ ਜੁਗਤਾਂ ਨਾਲ ਪਾਠਕ ਅਤੇ ਸਰੋਤੇ ਨੂੰ ਅਨੰਦਮਈ ਚਟਖਾਰਾ ਮਿਲਦਾ ਹੈ, ਇਸੇ ਲਈ ਅਲੰਕਾਰ ਰਮਜ਼ਾਂ 'ਤੇ ਸੈਨਤਾਂ ਵਾਂਗੂ ਪ੍ਰਤੀਤ ਹੁੰਦੇ ਹਨ। ਕਵਿਤਾ ਜਾਂ ਕਾਵਿ ਦੀ ਰਚਨਾ ਕਰਨ ਪਿੱਛੋਂ ਆਲੋਚਕ ਤੇ ਪਾਠਕ ਹੀ ਕਵਿਤਾਵਾਂ ਵਿਚੋਂ ਅਲੰਕਾਰਾਂ ਨੂੰ ਲੱਭਣ ਅਤੇ ਪਛਾਣ ਕਰਨ ਲਈ ਯਤਨਸ਼ੀਲ ਰਹਿੰਦੇ ਹਨ। ਅਲੰਕਾਰ ਦੀ ਮਹੱਤਤਾ ਬਾਰੇ ਭਾਰਤੀ ਸੰਸਕ੍ਰਿਤ ਦੇ ਵਿਦਵਾਨਾਂ ਨੇ ਵੱਖ-ਵੱਖ ਵਿਚਾਰ ਪ੍ਰਗਟ ਕੀਤੇ ਹਨ। ਭਾਮਹ ਦੇ ਅਨੁਸਾਰ, "ਸੁੰਦਰੀ ਦਾ ਮੁਖੜਾ ਸੋਹਣਾ ਹੁੰਦਿਆਂ ਹੋਇਆ ਵੀ ਗਹਿਣਿਆਂ ਤੋਂ ਬਗੈਰ ਪੂਰੀ ਤਰ੍ਹਾਂ ਸ਼ੋਭਾ ਨਹੀਂ ਦੇਂਦਾ" (ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ 123) ਅਰਥਾਤ ਕਵਿਤਾ (ਸੁੰਦਰੀ) ਨੂੰ ਉਸ ਸਮੇਂ ਤੱਕ ਸੁੰਦਰ ਨਹੀਂ ਕਿਹਾ ਜਾ ਸਕਦਾ ਜਦੋਂ ਤੱਕ ਵੱਖ-ਵੱਖ ਅਲੰਕਾਰਾਂ ਨਾਲ ਸਜਾਈ ਨਾ ਗਈ ਹੋਵੇ। ਅਗਨੀ ਪੁਰਾਣ ਦੇ ਅਨੁਸਾਰ ਅਲੰਕਾਰਾਂ ਤੋਂ ਹੀਣੀ ਜਾਂ ਰਹਿਤ ਕਵਿਤਾ ਇਕ ਵਿਧਵਾ

ਇਸਤਰੀ ਦੀ ਤਰ੍ਹਾਂ ਹੈ। ਜਯਦੇਵ ਦੇ ਅਨੁਸਾਰ ਜਿਹੜਾ ਅਲੰਕਾਰਾਂ ਤੋਂ ਰਹਿਤ ਕਵਿਤਾ ਨੂੰ ਕਾਵਿ ਸਵੀਕਾਰ ਕਰਦਾ ਹੈ ਉਹ ਅਗਨੀ ਜਾਂ ਅੱਗ ਨੂੰ ਸੇਕ ਤੋਂ ਬਗੈਰ ਅੱਗ ਕਿਉਂ ਨਹੀਂ ਮੰਨ ਲੈਂਦਾ? ਭਾਵ ਇਹ ਹੈ ਕਿ ਜਿਵੇਂ ਸੇਕ ਤੇ ਅੱਗ ਦਾ ਸੰਬੰਧ ਬਹੁਤ ਗੂੜ੍ਹਾ ਹੈ ਠੀਕ ਉਸੇ ਤਰ੍ਹਾਂ ਕਾਵਿ ਅਤੇ ਅਲੰਕਾਰ ਦਾ ਸੰਬੰਧ ਬਹੁਤ ਗੂੜ੍ਹਾ ਹੈ। ਮੰਮਟ ਦੇ ਅਨੁਸਾਰ ਕਾਵਿ ਵਿਚ ਅਲੰਕਾਰ ਦਾ ਉਹੀ ਸਥਾਨ ਹੈ ਜਿਹੜਾ ਸਰੀਰ ਦੇ ਨਾਲ ਹਾਰ-ਸ਼੍ਰਿੰਗਾਰ ਲਈ ਵਰਤੇ ਜਾਂਦੇ ਗਹਿਣਿਆ ਨਾਲ ਹੈ। ਉਪਰੋਕਤ ਵਿਚਾਰ ਚਰਚਾ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਕਾਵਿ ਅਤੇ ਅਲੰਕਾਰਾਂ ਦਾ ਬਹੁਤ ਗੂੜ੍ਹਾ ਸੰਬੰਧ ਹੈ। ਭਾਰਤੀ ਕਾਵਿ-ਸ਼ਾਸਤਰ ਨਾਲ ਸੰਬੰਧਿਤ ਵਿਦਵਾਨਾਂ ਨੇ ਅਲੰਕਾਰਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਗਿਆ ਹੈ:

**ਸ਼ਬਦ-ਅਲੰਕਾਰ (Figures of sounds)**

**ਅਰਥ-ਅਲੰਕਾਰ (Figures of sense)**

**ਸ਼ਬਦਾਰਥ-ਅਲੰਕਾਰ (Figures of sounds and sense)**

**ਸ਼ਬਦ-ਅਲੰਕਾਰ:-** ਜਦੋਂ ਕਵਿਤਾ ਜਾਂ ਕਾਵਿ ਵਿਚ ਸ਼ਬਦਾਂ ਦੇ ਆਧਾਰ 'ਤੇ ਕੋਈ ਕਾਵਿਕ ਚਮਤਕਾਰ ਪੈਦਾ ਹੋਵੇ, ਉੱਥੇ ਸ਼ਬਦ-ਅਲੰਕਾਰ ਹੁੰਦਾ ਹੈ। ਜਿਹੜੇ ਸ਼ਬਦ ਜਾਂ ਸ਼ਬਦਾਂ ਦੀ ਸਹਾਇਤਾ ਨਾਲ ਸ਼ਬਦ ਅਲੰਕਾਰ ਪੈਦਾ ਹੁੰਦਾ ਹੈ, ਜੇਕਰ ਉਸ ਸ਼ਬਦ ਨੂੰ ਕਵਿਤਾ ਵਿਚੋਂ ਹਟਾ ਦੇਈਏ ਤਾਂ ਉਹ ਅਲੰਕਾਰ ਵੀ ਹਟ ਜਾਂਦਾ ਹੈ। ਅਨੁਪ੍ਰਾਸ ਅਲੰਕਾਰ, ਯਮਕ ਅਲੰਕਾਰ, ਸ਼ਲੇਸ਼ ਅਲੰਕਾਰ, ਵੀਪਸਾ ਅਲੰਕਾਰ, ਧੁਨੀ ਚਿੱਤਰ ਅਤੇ ਵਕ੍ਰੋਕਤੀ ਅਲੰਕਾਰ ਸ਼ਬਦ-ਅਲੰਕਾਰ ਦੀਆ ਕਿਸਮਾਂ ਹਨ।

**ਅਨੁਪ੍ਰਾਸ ਅਲੰਕਾਰ :-** ਅਨੁਪ੍ਰਾਸ ਸ਼ਬਦ ਦਾ ਅਰਥ ਹੈ- ਵਾਰ-ਵਾਰ ਦੁਹਰਾਉਣਾ। ਜਦੋਂ ਕਵਿਤਾ ਵਿਚ ਇੱਕੋ-ਜਿਹੇ ਸਮਾਨ ਵਰਨਾਂ ਜਾਂ ਅੱਖਰਾਂ ਅਤੇ ਸ਼ਬਦਾਂ ਦਾ ਵਾਰ-ਵਾਰ ਦੁਹਰਾਅ ਸੰਗੀਤਕ ਲੈਅ, ਵਜ਼ਨ ਤੇ ਤੋਲ ਪੈਦਾ ਕਰਦਾ ਹੈ ਤਾਂ ਉੱਥੇ ਅਨੁਪ੍ਰਾਸ ਅਲੰਕਾਰ ਹੁੰਦਾ ਹੈ। ਭਾਵ ਜਦੋਂ ਸ਼ਬਦਾਂ ਦੇ ਕਾਰਣ ਕਾਵਿ ਜਾਂ ਕਵਿਤਾ ਵਿਚ ਕੋਈ ਚਮਤਕਾਰ ਪੈਦਾ ਹੁੰਦਾ ਹੈ। ਇੱਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਅੱਖਰਾਂ ਅਤੇ ਸ਼ਬਦਾਂ ਦਾ ਦੁਹਰਾਉ ਇਕ ਹੀ ਕਾਵਿ-ਤੁਕ ਜਾਂ ਕਾਵਿ-ਪੰਕਤੀ ਵਿਚ ਹੋਵੇ। ਜਿਵੇਂ :-

ਫਿਰ ਰੂਪ, ਸਰੂਪ, ਅਨੂਪ ਦਿਸੇ,

ਫਿਰ ਜਿੰਦ ਦੀਵਾਨੀ ਝਲੀ-ਝਲੀ।

ਫਿਰ ਹੋਸ਼, ਬੇਹੋਸ਼ ਮਦਹੋਸ਼ ਹੋਈ,

ਫਿਰ ਪਤ ਰੁਲੇਂਦੀ ਗਲੀ ਗਲੀ। (***ਮੋਹਨ ਸਿੰਘ, ਆਵਾਜ਼***)

ਓਪਰੋਕਤ ਕਾਵਿ-ਸਤਰਾਂ ਵਿਚ ਰੂਪ, ਸਰੂਪ, ਅਨੂਪ ਸ਼ਬਦਾਂ ਵਿਚ ਆਏ 'ਊਪ' ਸ਼ਬਦਾਂਸ਼ ਤਿੰਨ ਵਾਰੀ ਦੁਹਰਾਏ ਗਏ ਹਨ। ਇਸੇ ਤਰ੍ਹਾਂ ਹੋਸ਼, ਬੇਹੋਸ਼, ਮਦਹੋਸ਼ ਸ਼ਬਦਾਂ ਵਿਚ 'ਹੋਸ਼' ਸ਼ਬਦਾਂਸ਼ ਵੀ ਤਿੰਨ ਵਾਰੀ ਦੁਹਰਾਇਆ ਗਿਆ ਹੈ, ਇੱਥੇ ਇਸ ਦੁਹਰਾਅ ਨਾਲ ਇਕ ਸੰਗੀਤਕ ਲੈਅ ਪੈਦਾ ਹੁੰਦੀ ਹੈ। ਅਨੁਪ੍ਰਾਸ ਅਲੰਕਾਰ ਇਕ ਸ਼ਬਦ ਅਲੰਕਾਰ ਹੈ ਕਿਉਂਕਿ ਇਹ ਅਲੰਕਾਰ ਸ਼ਬਦਾਂ ਦੇ ਦੁਹਰਾਅ ਨਾਲ ਸੰਬੰਧਿਤ ਹੈ। ਜੇਕਰ ਉਪਰੋਕਤ ਕਾਵਿ-ਸਤਰਾਂ ਵਿਚ 'ਰੂਪ' ਸ਼ਬਦ ਦੀ ਥਾਂ 'ਸ਼ਕਲ' ਸ਼ਬਦ ਵਰਤ ਲਈਏ ਅਤੇ 'ਸਰੂਪ' ਸ਼ਬਦ ਦੀ ਥਾਂ ਸੁੰਦਰ ਸ਼ਬਦ ਦੀ ਵਰਤੋਂ ਕਰ ਲਈਏ ਤਾਂ ਅਨੁਪ੍ਰਾਸ ਅਲੰਕਾਰ ਨਹੀਂ ਬਣ ਸਕੇਗਾ। ਇਸ ਲਈ ਕਾਵਿ ਵਿਚ ਖ਼ਾਸ ਸ਼ਬਦਾਂ ਦੀ ਵਰਤੋਂ ਕਰਕੇ ਹੀ ਅਨੁਪ੍ਰਾਸ ਅਲੰਕਾਰ ਪ੍ਰਗਟ ਹੁੰਦਾ ਹੈ।

ਭਾਉ ਭਗਤਿ ਭਉ ਭੇਲ, ਸਾਧ ਸਰੇਸਿਆ।

ਨਿੱਤ ਨਿੱਤ ਨਵਲ ਨਵੇਲ ਗੁਰਮੁਖ ਭੇਸਿਆ। (***ਭਾਈ ਗੁਰਦਾਸ***)

ਓਪਰੋਕਤ ਕਾਵਿ-ਪੰਕਤੀਆਂ ਵਿਚ /ਭ/ਨ/ਤ/ ਵਰਣਾਂ ਅਤੇ 'ਨਿੱਤ' ਸ਼ਬਦ ਦੀ ਵਰਤੋਂ ਵਾਰ-ਵਾਰ ਕੀਤੀ ਗਈ ਹੈ। ਇੱਥੇ ਵਰਣਾਂ ਜਾਂ ਅੱਖਰਾਂ ਅਤੇ ਸ਼ਬਦਾਂ ਦਾ ਦੁਹਰਾਅ ਕਵੀ ਦੁਆਰਾ ਆਪਣੇ ਵਿਸ਼ੇ ਨੂੰ ਪ੍ਰਭਾਵਸ਼ਾਲੀ ਅਤੇ ਵਧੇਰੇ ਗ੍ਰਹਿਣਯੋਗ ਬਣਾਉਣ ਲਈ ਕੀਤੀ ਗਈ ਹੈ।

ਓਹੁ ਧਨਵੰਤੁ ਕੁਲਵੰਤੁ ਪਤਿਵੰਤੁ॥

ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ॥ (293)

ਉਪਰੋਕਤ ਕਾਵਿ-ਸਤਰਾਂ ਵਿਚ ਧਨਵੰਤੁ, ਕੁਲਵੰਤੁ, ਪਤਿਵੰਤੁ ਅਤੇ ਭਗਵੰਤੁ ਸ਼ਬਦਾਂ ਵਿਚ 'ਵੰਤੁ' ਪਿਛੇਤਰ ਸ਼ਬਦ ਦੀ ਵਰਤੋਂ ਵਾਰ-ਵਾਰ ਕੀਤੀ ਗਈ ਹੈ, ਇੱਥੇ ਇਸ ਦੁਹਰਾਅ ਨਾਲ ਇਕ ਸੰਗੀਤਕ ਲੈਅ ਪੈਦਾ ਕਰਨ ਦਾ ਯਤਨ ਜਾਂ ਉਪਰਾਲਾ ਕੀਤਾ ਗਿਆ ਹੈ ਜੋ ਕਿ ਅਨੁਪ੍ਰਾਸ ਅਲੰਕਾਰ ਦੀ ਬਹੁਤ ਵਧੀਆ ਉਦਾਹਰਨ ਹੈ।

ਪਾਗਲ ਖਾਨਾ ਸ਼ੋਰ ਬੁਣ ਰਿਹਾ।

ਜਨ-ਜੰਗਲ ਵਿਰਲਾਪ ਕਰ ਰਿਹਾ।

ਕੁਰਬਲ ਕੁਰਬਲ ਕੋਟ ਕਰੋੜਾਂ,

ਕਿਰਮ ਆਪਣਾ ਕਰਮ ਕਰ ਰਹੇ। (***ਸੁਰਜੀਤ ਪਾਤਰ, ਸਾਜ਼***)

ਉਪਰੋਕਤ ਕਾਵਿ-ਸਤਰਾਂ ਵਿਚ ਪੰਜਾਬੀ ਭਾਸ਼ਾ ਦੇ ਪ੍ਰਸਿੱਧ ਕਵੀ ਪਦਮਸ੍ਰੀ ਸੁਰਜੀਤ ਪਾਤਰ ਜੀ ਨੇ ਕਾਵਿ ਵਿਚ ਸੰਗੀਤਕ ਲੈਅ ਪੈਦਾ ਕਰਨ ਲਈ 'ਕੁਰਬਲ' ਸ਼ਬਦ ਦਾ ਦੁਹਰਾਅ ਕੀਤਾ ਹੈ ਜੋ ਅਨੁਪ੍ਰਾਸ ਅਲੰਕਾਰ ਦੀ ਬਹੁਤ ਵਧੀਆ ਉਦਾਹਰਨ ਹੈ। ਵੱਖ-ਵੱਖ ਵਿਦਵਾਨਾਂ ਦੇ ਅਨੁਸਾਰ ਅਨੁਪ੍ਰਾਸ ਅਲੰਕਾਰ ਦੇ ਪੰਜ ਭੇਦ ਹਨ - ਛੇਕ ਅਨੁਪ੍ਰਾਸ, ਵ੍ਰਤੀ ਅਨੁਪ੍ਰਾਸ, ਛ੍ਰਤੀ ਅਨੁਪ੍ਰਾਸ, ਲਾਟ ਅਨੁਪ੍ਰਾਸ ਤੇ ਅੰਤ ਅਨੁਪ੍ਰਾਸ।

**ਛੇਕ ਅਨੁਪ੍ਰਾਸ:-** ਜਿੱਥੇ ਇਕੋ ਅੱਖਰ ਸ਼ਬਦਾਂ ਦੇ ਆਰੰਭ, ਵਿਚਕਾਰ ਅਤੇ ਅੰਤ ਵਿਚ ਵਰਤਿਆ ਜਾਵੇ। ਜਿਵੇਂ :

ਗਾਵੈ ਕੋ ਵਿਦਿਆ ਵਿਖਮੁ ਵਿਚਾਰੁ॥ (***ਸ੍ਰੀ ਗੁਰੂ ਗ੍ਰੰਥ ਸਾਹਿਬ*** 1)

ਉਪਰੋਕਤ ਕਾਵਿ-ਸਤਰ ਵਿਚ 'ਵ' ਅੱਖਰ ਦੀ ਵਰਤੋਂ ਸ਼ਬਦਾਂ ਦੇ ਮੁੱਢ ਅਤੇ ਅੰਤ ਵਿਚ ਕੀਤੀ ਗਈ ਹੈ ਜਿਸ ਨਾਲ ਵਾਕ ਵਿਚ ਸੰਗੀਤਕ ਲੈਅ ਪੈਦਾ ਹੁੰਦੀ ਹੈ।

"ਮੇਰੇ ਮਾਹੀ ਮੈਂ ਮੋਈ ਮੋੜ ਮੁਹਾਰ ਮਨ ਮਿੰਨਤ ਮੇਰੀ"

ਉਪਰੋਕਤ ਕਾਵਿ-ਸਤਰ ਵਿਚ 'ਮ' ਅੱਖਰ ਦੀ ਵਰਤੋਂ ਸ਼ਬਦਾਂ ਦੇ ਮੁੱਢ ਅਤੇ ਅੰਤ ਵਿਚ ਕੀਤੀ ਗਈ ਹੈ ਜਿਸ ਨਾਲ ਵਾਕ ਵਿਚ ਸੰਗੀਤਕ ਲੈਅ ਪੈਦਾ ਹੁੰਦੀ ਹੈ।

**ਵ੍ਰਤੀ ਅਨੁਪ੍ਰਾਸ:-** ਜਿੱਥੇ ਇਕੋ ਅੱਖਰ ਜਾਂ ਅੱਖਰਾਂ ਦਾ ਇੱਕਠ ਸ਼ਬਦਾਂ ਦੇ ਅਖੀਰ ਵਿਚ ਆਵੇ ਤੇ ਸ਼ਬਦਾਂ ਦੀ ਸੰਗੀਤਕ ਲੈਅ ਪੈਦਾ ਕਰੇ। ਜਿਵੇਂ :

ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ॥ (***ਸ੍ਰੀ ਗੁਰੂ ਗ੍ਰੰਥ ਸਾਹਿਬ*** 404)

ਉਪਰੋਕਤ ਕਾਵਿ-ਸਤਰ ਵਿਚ 'ਦਰਸਨ', 'ਪਰਸਨ', 'ਸਰਸਨ' ਅਤੇ 'ਹਰਸਨ' ਸ਼ਬਦਾਂ ਵਿਚ 'ਸਨ' ਪਿਛੇਤਰ ਦੀ ਵਰਤੋਂ ਸ਼ਬਦਾਂ ਦੇ ਅੰਤ ਵਿਚ ਕੀਤੀ ਗਈ ਹੈ ਜਿਸ ਨਾਲ ਵਾਕ ਵਿਚ ਸੰਗੀਤਕ ਲੈਅ ਪੈਦਾ ਹੁੰਦੀ ਹੈ। ਦੂਸਰੀ ਸਤਰ ਵਿਚ 'ਰੰਗਿ' ਅਤੇ 'ਰੰਗੀ' ਸ਼ਬਦਾਂ ਵਿਚ 'ਗ' ਅੱਖਰ ਦਾ ਦੁਹਰਾਅ ਕੀਤਾ ਗਿਆ ਹੈ।

**ਛ੍ਰਤੀ ਅਨੁਪ੍ਰਾਸ:-** ਜਿਸ ਵਾਕ ਦੇ ਸ਼ਬਦਾਂ ਦੇ ਅੱਖਰਾਂ ਦਾ ਉਚਾਰਨ ਮੂੰਹ ਦੇ ਇਕੋ ਹਿੱਸੇ ਵਿਚੋਂ ਹੁੰਦਾ ਹੈ। ਜਿਵੇਂ:

ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥ (7)

ਉਪਰੋਕਤ ਕਾਵਿ-ਪੰਕਤੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ /ਤ/ ਅਤੇ /ਸ/ ਦੰਤੀ (ਮੌਖਿਕ) ਧੁਨੀਆਂ ਦੀ ਵਰਤੋਂ ਕੀਤੀ ਹੈ, ਜੋ ਕਿ ਛ੍ਰਤੀ ਅਨੁਪ੍ਰਾਸ ਨਾਲ ਸੰਬੰਧਿਤ ਹੈ। ਮੌਖਿਕ ਧੁਨੀਆਂ ਦੇ ਉਚਾਰਨ ਸਮੇਂ ਮੂੰਹ ਪੋਲ ਖੁੱਲ੍ਹਾ ਹੁੰਦਾ ਹੈ, ਨੱਕ ਪੋਲ ਬੰਦ ਹੁੰਦਾ ਹੈ ਅਤੇ ਕੋਮਲ ਤਾਲੂ ਉੱਪਰ ਨੂੰ ਉਠਿਆ ਹੁੰਦਾ ਹੈ।

**ਲਾਟ ਅਨੁਪ੍ਰਾਸ:-** ਜਦੋਂ ਕਿਸੇ ਵਾਕ ਵਿਚ ਸ਼ਬਦ ਅਜਿਹੇ ਜੁੜੇ ਹੋਣ ਕਿ ਵਿਸ਼ਰਾਮ ਚਿੰਨ੍ਹ ਬਦਲਣ ਨਾਲ ਅਰਥ ਹੀ ਬਦਲ ਜਾਣ, ਉੱਥੇ ਲਾਟ ਅਨੁਪ੍ਰਾਸ ਅਲੰਕਾਰ ਹੁੰਦਾ ਹੈ। ਜਿਵੇਂ :

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥ (1)

ਜੇਕਰ ਉਪਰੋਕਤ ਤੁਕ ਨੂੰ ਇਓ ਕਹੀਏ ਕਿ "ਗਾਵੈ ਕੋ, ਤਾਣ ਹੋਵੇ ਕਿਸੇ ਤਾਣੁ" ਤਾਂ ਅਰਥ ਨਿਕਲਦਾ ਹੈ ਕਿ ਪਰਮਾਤਮਾ ਦਾ ਜਸ ਕੌਣ ਗਾ ਸਕਦਾ ਹੈ? ਪਰੰਤੂ ਜੇਕਰ ਉਪਰੋਕਤ ਤੁਕ ਨੂੰ ਇਓ ਕਹੀਏ ਕਿ "ਗਾਵੈ ਕੋ

ਤਾਣ ਹੋਵੇ ਕਿਸੇ ਤਾਣੁ" ਤਾਂ ਅਰਥ ਨਿਕਲਦਾ ਹੈ ਕਿ ਜਿਸ ਵਿਅਕਤੀ ਉੱਤੇ ਪਰਮਾਤਮਾ ਦੀ ਕਿਰਪਾ ਹੋਵੈ, ਕੇਵਲ ਉਹ ਹੀ ਪਰਮਾਤਮਾ ਦੀ ਮਹਿਮਾ ਭਾਵ  ਨਾਮ-ਸਿਮਰਨ ਕਰ ਸਕਦਾ ਹੈ।

**ਅੰਤ ਅਨੁਪ੍ਰਾਸ:-** ਜਦੋਂ ਦੋ ਤੁਕਾਂ ਜਾਂ ਸਤਰਾਂ ਦੇ ਅਖੀਰ ਵਿਚ ਸ਼ਬਦ ਤਾਂ ਵੱਖ-ਵੱਖ ਹੋਣ ਪਰ ਸ਼ਬਦਾਂ ਦੇ ਅਖੀਰਲੇ ਅੱਖਰ ਤੇ ਉਹਨਾਂ ਦੀ ਸੁਰ ਆਪਸ ਵਿਚ ਮਿਲਦੀ ਹੋਵੇ। ਜਿਵੇਂ :

"ਜੀਆ, ਛੱਡ ਕੇ ਐਸ਼ ਬਹਾਰ ਨੂੰ,

ਚੱਲ ਚੱਲੀਏ ਮਹਿਰਮ ਯਾਰ ਨੂੰ"

ਓਪਰੋਕਤ ਕਾਵਿ-ਪੰਕਤੀ ਵਿਚ 'ਬਹਾਰ' ਅਤੇ 'ਯਾਰ' ਸ਼ਬਦਾਂ ਦੀ ਸੁਰ ਆਪਸ ਵਿਚ ਮਿਲਦੀ ਹੈ ਜਿਸ ਨਾਲ ਸੰਗੀਤਕ ਲੈ ਪੈਦਾ ਹੁੰਦੀ ਹੈ। ਅੰਤ ਅਨੁਪ੍ਰਾਸ ਅਲੰਕਾਰ ਨਾਲ ਸੰਬੰਧਿਤ ਹੋਰ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

ਇਸ ਜ਼ਰਖ਼ੇਜ਼ ਜ਼ਮੀਨ ਦੇ ਲੂੰ-ਲੂੰ ਫੁੱਟਿਆ ਜ਼ਹਿਰ

ਗਿੱਠ-ਗਿੱਠ ਚੜੀਆਂ ਲਾਲੀਆਂ, ਫੁੱਟ-ਫੁੱਟ ਚੜਿਆ ਕਹਿਰ।  (***ਅੰਮ੍ਰਿਤਾ ਪ੍ਰੀਤਮ***)

ਓਪਰੋਕਤ ਕਾਵਿ-ਸਤਰਾਂ ਵਿਚ 'ਜ਼ਹਿਰ' ਅਤੇ 'ਕਹਿਰ' ਸ਼ਬਦਾਂ ਦੀ ਸੁਰ ਆਪਸ ਵਿਚ ਮਿਲਦੀ ਹੈ ਜਿਸ ਨਾਲ ਕਾਵਿ ਵਿਚ ਸੰਗੀਤਕ ਲੈਅ ਪੈਦਾ ਹੁੰਦੀ ਹੈ। ਇੱਥੇ 'ਲੂੰ', 'ਗਿੱਠ' ਅਤੇ 'ਫੁੱਟ' ਸ਼ਬਦਾਂ ਦਾ ਦੁਹਰਾਅ ਵੀ ਹੋਇਆ ਹੈ ਜੋ ਕਿ ਅਨੁਪ੍ਰਾਸ ਅਲੰਕਾਰ ਨਾਲ ਸੰਬੰਧਿਤ ਹੈ।

ਘਰਿ ਆਉ ਪਿਆਰੇ, ਦੁਤਰ ਤਾਰੇ, ਤੁਧ ਬਿਨੁ ਅਢੁ ਨ ਮੋਲੋ॥

ਕੀਮਤਿ ਕਉਣ ਕਰੇ ਤੁਧੁ ਭਾਵਾਂ, ਦੇਖਿ ਦਿਖਾਵੈ ਢੋਲੋ॥

...............................................................

ਦੂਰਿ ਨਾ ਜਾਨਾ, ਅੰਤਰਿ ਮਾਨਾ, ਹਰਿ ਕਾ ਮਹਲੁ ਪਛਾਨਾ॥

ਨਾਨਕ ਵੈਸਾਖੀ ਪ੍ਰਭੁ ਭਾਵੈ, ਸੁਰਤਿ ਸਬਦਿ ਮਨੁ ਮਾਨਾ॥ (***ਬਾਰਹਮਾਹ ਤੁਖਾਰੀ***)

ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ 'ਬਾਰਹਮਾਹ ਤੁਖਾਰੀ' ਦੀਆਂ ਉਪਰੋਕਤ ਕਾਵਿ-ਸਤਰਾਂ ਵਿਚ 'ਮੋਲੋ', 'ਢੋਲੋ' ਅਤੇ 'ਮਾਨਾ', 'ਪਛਾਨਾ' ਅੰਤਲੇ ਸ਼ਬਦਾਂ ਦੀ ਸੁਰ ਆਪਸ ਵਿਚ ਮਿਲਦੀ ਹੈ ਜਿਸ ਨਾਲ ਕਾਵਿ ਵਿਚ ਸੰਗੀਤਕ ਲੈਅ ਪੈਦਾ ਹੁੰਦੀ ਹੈ, ਜੋ ਕਿ ਅੰਤ ਅਨੁਪ੍ਰਾਸ ਨਾਲ ਸੰਬੰਧਿਤ ਹੈ।

**ਯਮਕ ਅਲੰਕਾਰ:-** ਜਦੋਂ ਕਿਸੇ ਵਾਕ ਵਿਚ ਇਕੋ ਸ਼ਬਦ ਵਾਰ-ਵਾਰ ਪਰ ਵੱਖ-ਵੱਖ ਅਰਥਾਂ ਵਿਚ ਆਵੇ ਤਾਂ ਉੱਥੇ ਯਮਕ ਅਲੰਕਾਰ ਹੁੰਦਾ ਹੈ। ਜਿਵੇਂ :-

ਹੋਂਠ ਲਾਲ ਸੂਹੇ ਵਾਂਗ ਲਾਲ ਰੱਤੇ,

ਲਾਲ ਦੇਖ ਸ਼ਰਮਾਉਦੇ ਵਾਲੀਆ ਨੂੰ।

ਵਲਾ ਵਾਲੀਆ ਉਸਦੀਆ ਵਾਲੀਆ ਨੇ,

ਲਿਆ ਲੁੱਟ ਜਹਾਨ ਦੇ ਵਾਲੀਆ ਨੂੰ।

ਉੱਪਰ ਦਿੱਤੀਆਂ ਕਾਵਿ-ਸਤਰਾਂ ਵਿਚ 'ਲਾਲ' ਅਤੇ 'ਵਾਲੀਆ' ਸ਼ਬਦਾਂ ਦੀ ਵਰਤੋਂ ਵਾਰ-ਵਾਰ ਕੀਤੀ ਗਈ ਹੈ, ਪਰ ਹਰ ਵਾਰ ਅਰਥ ਵੱਖ-ਵੱਖ ਹਨ। ਇੱਥੇ ਪਹਿਲੇ 'ਲਾਲ' ਸ਼ਬਦ ਦਾ ਅਰਥ ਲਾਲ ਰੰਗ ਤੋਂ ਹੈ ਪਰੰਤੂ ਦੂਜੇ 'ਲਾਲ' ਸ਼ਬਦ ਦਾ ਅਰਥ ਕੀਮਤੀ ਲਾਲ ਹੀਰੇ ਮੋਤੀਆਂ ਤੋਂ ਹੈ ਅਤੇ ਤੀਜੇ 'ਲਾਲ' ਸ਼ਬਦ ਦਾ ਅਰਥ ਛੋਟੇ ਬੱਚਿਆਂ ਤੋਂ ਹੈ। ਇੱਥੇ ਪਹਿਲੇ 'ਵਾਲੀਆ' ਸ਼ਬਦ ਦਾ ਅਰਥ ਇਸਤਰੀਆਂ ਦੇ ਕੰਨਾ ਦੇ ਗਹਿਣੇ ਤੋਂ ਹੈ ਅਤੇ ਦੂਸਰੇ 'ਵਾਲੀਆ' ਸ਼ਬਦ ਦਾ ਅਰਥ ਵਲਾ ਵਾਲੀਆ ਭਾਵ ਕੁੰਡਲਾਂ ਵਾਲੀਆ ਤੋਂ ਹੈ ਅਤੇ ਤੀਸਰੇ 'ਵਾਲੀਆ' ਸ਼ਬਦ ਦਾ ਅਰਥ ਜਹਾਨ ਦੇ ਮਾਲਕ ਭਾਵ ਨੋਜਵਾਨਾਂ ਤੋਂ ਹੈ।

ਜਿਵੇਂ ਬੱਦਲਾਂ ਥੀ ਚੰਨ ਬਹਾਰ ਆਏ, ਸੋਹਣੀ ਨਿਕਲੀ ਨਾਲ ਅਦਾ ਜਾਨੀ।

ਸੂਰਤ ਸੋਹਣੀ ਵੇਖ ਕੇ ਸੋਹਣੀ ਦੀ ਇਜ਼ਤਬੇਗ ਡਿੱਗਾ ਗਸ਼ ਖਾ ਜਾਨੀ।

ਓਪਰੋਕਤ ਕਾਵਿ-ਪੰਕਤੀਆਂ ਵਿਚ 'ਸੋਹਣੀ' ਸ਼ਬਦ ਦੀ ਵਰਤੋਂ ਵਾਰ-ਵਾਰ ਕੀਤੀ ਗਈ ਹੈ, ਪਰ ਅਰਥ ਹਰ ਵਾਰ ਵੱਖ-ਵੱਖ ਹੈ। ਇੱਥੇ ਪਹਿਲੇ 'ਸੋਹਣੀ' ਸ਼ਬਦ ਦੀ ਵਰਤੋਂ ਨਾਇਕਾ ਦੀ ਸੁੰਦਰਤਾ ਲਈ ਅਤੇ ਦੂਜੇ 'ਸੋਹਣੀ' ਸ਼ਬਦ ਦੀ ਵਰਤੋਂ ਨਾਇਕਾ ਲਈ ਕੀਤੀ ਗਈ ਹੈ।

**ਸ਼ਲੇਸ਼ ਅਲੰਕਾਰ :-** ਸ਼ਲੇਸ਼ ਦਾ ਅਰਥ ਹੈ - ਚਿਪਕਿਆ ਹੋਇਆ। ਜਿੱਥੇ ਇਕ ਸ਼ਬਦ ਦਾ ਅਰਥ ਦੂਜੇ ਅਰਥ ਨਾਲ ਚਿਪਕਿਆ ਹੁੰਦਾ ਹੈ। ਜਿਵੇਂ :-

ਗੁਰ ਦਰਸਨਿ ਉਧਰੈ ਸੰਸਾਰਾ॥ (***ਸ੍ਰੀ ਗੁਰੂ ਗ੍ਰੰਥ ਸਾਹਿਬ*** 360)

ਉਪਰੋਕਤ ਸਤਰ ਵਿਚ 'ਦਰਸਨਿ' ਸ਼ਬਦ ਦਾ ਅਰਥ 'ਦੇਖਣ' ਤੋਂ ਇਲਾਵਾ 'ਵਿਚਾਰਧਾਰਾ' ਵੀ ਹੈ। ਸ਼ਲੇਸ਼ ਅਲੰਕਾਰ ਵਿਚ ਬਹੁ-ਅਰਥਕ ਅਤੇ ਬਹੁ-ਪਰਤੀ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨੂੰ ਇਕ ਸੂਝਵਾਨ ਕਵੀ ਜਾਂ ਲੇਖਕ ਹੀ ਸਮਝ ਸਕਦਾ ਹੈ।

**ਵੀਪਸਾ ਅਲੰਕਾਰ :-** ਜਦੋਂ ਕਿਸੇ ਤੀਬਰਤਾ (ਕ੍ਰੋਧ, ਹੈਰਾਨੀ, ਪ੍ਰੇਮ, ਘ੍ਰਿਣਾ) ਨੂੰ ਪ੍ਰਗਟ ਕਰਨ ਲਈ ਇਕ ਸ਼ਬਦ ਦੀ ਵਰਤੋਂ ਵਾਰ-ਵਾਰ ਕੀਤੀ ਜਾਂਦੀ ਹੈ ਪਰ ਅਰਥ ਵਿਚ ਕੋਈ ਵੀ ਫਰਕ ਨਹੀਂ ਪੈਂਦਾ ਹੈ। ਜਿਵੇਂ :-

ਵੇ ਨਾ ਰੁੱਸਕੇ, ਰੁੱਸਕੇ ਜਾਹ ਢੋਲਾ!

ਅਵੇ, ਹੱਸਨਾ ਹੱਸਨਾ ਆ ਢੋਲਾ।

ਮੁੜ ਆ, ਮੁੜ ਆ, ਮੁੜ ਆ ਢੋਲਾ।

ਗਲ ਲਾ, ਗਲ ਲਾ, ਗਲ ਲਾ ਢੋਲਾ। (***ਬਿਜਲੀਆਂ ਦੇ ਹਾਰ***)

ਉਪਰੋਕਤ ਕਾਵਿ-ਸਤਰਾਂ ਵਿਚ 'ਰੁੱਸਕੇ', 'ਹੱਸਨਾ', 'ਮੁੜ ਆ' ਅਤੇ 'ਗਲ ਲਾ' ਸ਼ਬਦਾਂ ਦਾ ਵਾਰ-ਵਾਰ ਦੁਹਰਾਅ ਕੀਤਾ ਗਿਆ ਹੈ ਅਤੇ ਇਨ੍ਹਾਂ ਸ਼ਬਦਾਂ ਦੀ ਵਰਤੋਂ ਰਾਹੀਂ ਪ੍ਰੇਮੀ-ਪ੍ਰੇਮਿਕਾ ਦੇ ਸੰਜੋਗ ਅਤੇ ਵਿਜੋਗ ਦੀ ਅਵਸਥਾ ਦਾ ਵਰਨਣ ਕੀਤਾ ਹੈ।

**ਪੁਨਰੋਕਤੀ ਅਲੰਕਾਰ:-** ਜਦੋਂ ਕਵੀ ਕਾਵਿ ਜਾਂ ਕਵਿਤਾ ਵਿਚ ਕਿਸੇ ਇਕ ਵਾਕੰਸ਼ ਜਾਂ ਸ਼ਬਦ-ਸਮੂਹ ਦਾ ਵਾਰ-ਵਾਰ ਦੁਹਰਾਓ ਕਰਦਾ ਹੈ ਤਾਂ ਉੱਥੇ ਪੁਨਰੋਕਤੀ ਅਲੰਕਾਰ ਹੁੰਦਾ ਹੈ। ਸਾਹਿਤ ਵਿਚ ਕਿਸੇ ਮਹੱਤਵਪੂਰਨ ਸੰਕਲਪ ਨੂੰ ਦ੍ਰਿੜ੍ਹ ਕਰਵਾਉਣ ਲਈ ਪੁਨਰੋਕਤੀ ਅਲੰਕਾਰ ਦਾ ਪ੍ਰਯੋਗ ਕੀਤਾ ਜਾਂਦਾ ਹੈ। ਪੁਨਰੋਕਤੀ ਅਲੰਕਾਰ ਦੀ ਸੁਚੱਜੀ ਵਰਤੋਂ ਦੁਆਰਾ ਬਿਰਤਾਂਤ ਵਿਚ ਇਕ ਤੀਬਰ ਗਤੀ ਦਾ ਆਗਮਨ ਵੀ ਹੋ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ 'ਸੁਖਮਨੀ ਸਾਹਿਬ' ਵਿਚ ਇਸ ਅਲੰਕਾਰ ਦੀ ਵਰਤੋਂ ਵਧੇਰੇ ਮਾਤਰਾ ਵਿਚ ਹੋਈ ਹੈ। ਜਿਵੇਂ:

ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ॥

ਬ੍ਰਹਮ ਗਿਆਨੀ ਏਕ ਸੰਗਿ ਹੇਤਾ॥

ਬ੍ਰਹਮ ਗਿਆਨੀ ਕੈ ਹੋਇ ਅਚਿੰਤ॥

ਬ੍ਰਹਮ ਗਿਆਨੀ ਕਾ ਨਿਰਮਲ ਮੰਤ॥ (***ਸ੍ਰੀ ਗੁਰੂ ਗ੍ਰੰਥ ਸਾਹਿਬ*** 272)

ਉਪਰੋਕਤ ਕਾਵਿ-ਪੰਕਤੀਆਂ ਵਿਚ 'ਬ੍ਰਹਮ ਗਿਆਨੀ' ਵਾਕੰਸ਼ ਜਾਂ ਸ਼ਬਦ-ਸਮੂਹ ਦਾ ਵਾਰ-ਵਾਰ ਦੁਹਰਾਅ ਕੀਤਾ ਗਿਆ ਹੈ। ਇੱਥੇ ਗੁਰੂ ਜੀ ਨੇ 'ਬ੍ਰਹਮ ਗਿਆਨੀ' ਦੇ ਸੰਕਲਪ ਨੂੰ ਦ੍ਰਿੜ੍ਹ ਕਰਨ ਲਈ ਸ਼ਬਦ, ਵਾਕੰਸ਼ ਜਾਂ ਸ਼ਬਦ-ਸਮੂਹ ਦਾ ਵਾਰ-ਵਾਰ ਪ੍ਰਯੋਗ ਕੀਤਾ ਗਿਆ ਹੈ।

**ਧੁਨੀ ਚਿੱਤਰ ਅਲੰਕਾਰ:-** ਜਦੋਂ ਕਵੀ ਕਵਿਤਾ ਜਾਂ ਕਾਵਿ ਵਿਚ ਕਿਸੇ ਸਥਿਤੀ, ਦ੍ਰਿਸ਼ ਜਾਂ ਘਟਨਾਂ ਨੂੰ ਬਿਆਨ ਜਾਂ ਵਰਨਣ ਕਰਨ ਲਈ ਸ਼ਬਦਾਂ ਦਾ ਸਹਾਰਾ ਲੈਂਦਾ ਹੈ, ਤਾਂ ਉੱਥੇ ਧੁਨੀ ਚਿੱਤਰ ਅਲੰਕਾਰ ਹੁੰਦਾ ਹੈ। ਇੱਥੇ ਕਵੀ ਸ਼ਬਦਾਂ ਦੇ ਰਾਹੀਂ ਹੀ ਕਿਸੇ ਦ੍ਰਿਸ਼ ਜਾਂ ਘਟਨਾ ਨੂੰ ਵਰਨਣ ਕਰਦਾ ਹੈ।

ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ

ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ

ਕੱਛੇ ਮਾਰ ਵੰਝਲੀ ਅਨੰਦ ਛਾ ਗਿਆ

ਮਾਰਦਾ ਦਮਾਮੇ ਜੱਟ ਮੇਲੇ ਆ ਗਿਆ

ਓਪਰੋਕਤ ਕਾਵਿ-ਸਤਰਾਂ ਵਿਚ ਕਵੀ ਨੇ ਵਿਸਾਖੀ ਦੇ ਮੇਲੇ ਦੇ ਦ੍ਰਿਸ਼ ਦਾ ਵਰਨਣ ਬਹੁਤ ਹੀ ਸੁੰਦਰ ਢੰਗ ਨਾਲ ਕੀਤਾ ਹੈ। ਇੱਥੇ ਕਵੀ ਨੇ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿਨ੍ਹਾਂ ਨੂੰ ਸੁਣ ਕੇ ਪਾਠਕ ਦੀਆਂ ਅੱਖਾਂ ਦੇ ਸਾਹਮਣੇ ਆਪਣੇ ਆਪ ਹੀ ਮੇਲੇ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

**ਵਕ੍ਰੋਕਤੀ ਅਲੰਕਾਰ: -** ਜਦੋਂ ਕਵਿਤਾ ਜਾਂ ਕਾਵਿ ਵਿਚ ਕਵੀ ਕਿਸੇ ਸਾਧਾਰਨ ਗੱਲ ਨੂੰ ਵਧਾ ਚੜ੍ਹਾ ਕੇ ਪ੍ਰਸਤੁਤ ਕਰਦਾ ਹੈ, ਤਾਂ ਉੱਥੇ ਵਕ੍ਰੋਕਤੀ ਅਲੰਕਾਰ ਹੁੰਦਾ ਹੈ। ਉਦਾਹਰਣ ਲਈ ਸ਼ਾਇਰ ਪਦਮਸ੍ਰੀ ਸੁਰਜੀਤ ਪਾਤਰ ਜੀ ਦੀ ਕਵਿਤਾ ਦਾ ਇਕ ਬੰਦ ਹੈ :-

ਪਹਿਲਾਂ ਵਾਰਸ ਸ਼ਾਹ ਨੂੰ ਵੰਡਿਆ ਸੀ,

ਹੁਣ ਸ਼ਿਵ ਕੁਮਾਰ ਦੀ ਵਾਰੀ ਏ।

ਉਹ ਜ਼ਖ਼ਮ ਤੁਹਾਨੂੰ ਭੁੱਲ ਵੀ ਗਏ,

ਨਵਿਆਂ ਦੀ ਜੁ ਫੇਰ ਤਿਆਰੀ ਏ। (***ਸੁਰਜੀਤ ਪਾਤਰ***)

ਓਪਰੋਕਤ ਕਾਵਿ-ਸਤਰਾਂ ਵਿਚ 'ਵੰਡਿਆ' ਸ਼ਬਦ ਨੂੰ ਰਵਾਇਤੀ ਸੰਦਰਭ ਵਿਚੋਂ ਕੱਢ ਕੇ ਨਵੇਂ ਸੰਦਰਭ ਨਾਲ ਜੋੜ ਦਿੱਤਾ ਗਿਆ ਹੈ। 'ਵੰਡਿਆ' ਦਾ ਰਵਾਇਤੀ ਅਰਥ ਤਾਂ ਕਿਸੇ ਵਸਤੂ ਨੂੰ ਤਕਸੀਮ ਜਾਂ ਵੰਡਣਾ ਹੁੰਦਾ ਹੈ ਪਰ ਨਵੇਂ ਸੰਦਰਭ ਅਨੁਸਾਰ ਵਾਰਸ ਨੂੰ ਵੰਡਣ ਦਾ ਭਾਵ ਹਿੰਦੁਸਤਾਨ ਤੇ ਪਾਕਿਸਤਾਨ ਦੀ ਵੰਡ ਅਤੇ ਸ਼ਿਵਕੁਮਾਰ ਨੂੰ ਵੰਡਣ ਦਾ ਭਾਵ ਭਾਰਤ ਦੀਆਂ ਦੋ ਕੋਮਾਂ (ਹਿੰਦੂ, ਮੁਸਲਮਾਨ) ਦੀ ਵੰਡ ਹੈ।

**ਅਰਥ ਅਲੰਕਾਰ:-** ਜਦੋਂ ਕਵਿਤਾ ਵਿਚਲਾ ਚਮਤਕਾਰ ਅਰਥ ਉੱਤੇ ਆਧਾਰਿਤ ਹੋਵੇ ਤਾਂ ਉੱਥੇ ਅਰਥ ਅਲੰਕਾਰ ਹੁੰਦਾ ਹੈ। ਉਪਮਾ ਅਲੰਕਾਰ, ਰੂਪਕ ਅਲੰਕਾਰ, ਦ੍ਰਿਸ਼ਟਾਂਤ ਅਲੰਕਾਰ, ਅਤਿਕਥਨੀ ਅਲੰਕਾਰ, ਲੋਕੋਕਤੀ ਅਲੰਕਾਰ, ਵਿਰੋਧ ਅਲੰਕਾਰ, ਲੇਸ਼ ਅਲੰਕਾਰ, ਲਲਿਤ ਅਲੰਕਾਰ, ਕਾਵਿ ਲਿੰਗ ਅਲੰਕਾਰ, ਪ੍ਰਤੀਪ ਅਲੰਕਾਰ, ਅਸੰਭਵ ਅਲੰਕਾਰ, ਵਚਿੱਤਰ ਅਲੰਕਾਰ, ਪ੍ਰਸ਼ਨ ਅਲੰਕਾਰ, ਉੱਤਰ ਅਲੰਕਾਰ, ਵਿਅਇਜ ਨਿੰਦਾ ਅਲੰਕਾਰ ਅਤੇ ਵਿਰੋਧ ਅਲੰਕਾਰ ਅਰਥ ਅਲੰਕਾਰ ਦੀਆਂ ਕਿਸਮਾਂ ਹਨ।

**ਉਪਮਾ ਅਲੰਕਾਰ:-** ਪੰਜਾਬੀ ਭਾਸ਼ਾ ਵਿਚ ਉਪਮਾ ਸ਼ਬਦ ਦਾ ਅਰਥ ਜਸ, ਕੀਰਤੀ, ਵਡਿਆਈ ਅਤੇ ਪ੍ਰਸੰਸਾ ਹੈ, ਪਰੰਤੂ ਕਾਵਿ-ਸ਼ਾਸਤਰ ਵਿਚ ਉਪਮਾ ਸ਼ਬਦ ਦਾ ਅਰਥ 'ਸਮਾਨਤਾ' ਹੈ। ਕਵਿਤਾ ਜਾਂ ਕਾਵਿ ਵਿਚ ਜਦੋਂ ਦੋ ਚੀਜਾਂ ਜਾਂ ਦੋ ਵਸਤਾਂ ਦੇ ਭਿੰਨ ਜਾਂ ਵੱਖ ਹੋਣ ਤੇ ਵੀ ਕਿਸੇ ਖਾਸ ਗੁਣ ਦੀ ਸਾਂਝ ਕਰਕੇ ਇਕ ਨੂੰ ਦੂਜੀ ਵਰਗੀ ਦੱਸਿਆ ਜਾਵੇ ਤਾਂ ਉੱਥੇ ਉਪਮਾ ਅਲੰਕਾਰ ਹੁੰਦਾ ਹੈ। ਭਾਵ ਜਿੱਥੇ ਉਪਮੇਯ ਦੀ ਉਪਮਾਨ ਨਾਲ਼ ਸਾਂਝੇ ਗੁਣਾਂ ਦੀ ਸਮਾਨਤਾ ਦੱਸੀ ਜਾਵੈ। ਜਿਵੇਂ :-

"ਉਸ ਦਾ ਮੁਖੜਾ ਚੰਦ ਵਰਗਾ ਸੋਹਣਾ ਹੈ"

ਓਪਰੋਕਤ ਤੁਕ ਜਾਂ ਸਤਰ ਵਿਚ ਨਾਇਕਾ ਦੇ ਮੂੰਹ ਜਾਂ ਮੁਖੜਾ ਦੀ ਤੁਲਨਾ ਚੰਦ ਨਾਲ ਕੀਤੀ ਗਈ ਹੈ, ਕਿਉਂਕਿ ਨਾਇਕਾ ਦਾ ਮੂੰਹ ਚੰਦ ਦੀ ਤਰ੍ਹਾਂ ਚਮਕ ਰਿਹਾ ਹੈ। ਉਪਮਾ ਅਲੰਕਾਰ ਦੇ ਚਾਰ ਅੰਗ ਹੁੰਦੇ ਹਨ :-

ਉਪਮੇਯ: - ਜਿਸ ਚੀਜ਼ ਜਾਂ ਵਸਤੂ ਦੀ ਤੁਲਨਾ ਕੀਤੀ ਜਾਵੇ। ਜਿਵੇ :- ਮੁਖੜਾ

ਉਪਮਾਨ: - ਜਿਸ ਚੀਜ਼ ਜਾਂ ਵਸਤੂ ਨਾਲ ਤੁਲਨਾ ਕੀਤੀ ਜਾਵੇ। ਜਿਵੇਂ :- ਚੰਦ

ਸਾਂਝਾ ਗੁਣ:- ਉਹ ਗੁਣ ਜੋ ਦੋਹਾਂ ਵਸਤੂਆਂ ਵਿਚ ਇਕੋ ਜਿਹਾ ਸਾਂਝਾ ਹੋਵੇ। ਜਿਵੇ :- ਸੋਹਣਾ

ਵਾਚਕ ਸ਼ਬਦ :- ਜਿਸ ਸ਼ਬਦ ਦੀ ਵਰਤੋਂ ਤੁਲਨਾ ਕਰਨ ਲਈ ਕੀਤੀ ਜਾਂਦੀ ਹੈ। ਜਿਵੇਂ :- ਵਰਗਾ

ਉਦਾਹਰਨ :-

ਨੀਂ ਅੱਜ ਕੋਈ ਆਇਆ ਸਾਡੇ ਵੇਹੜੇ।

ਤੱਕਣ ਚੰਨ-ਸੂਰਜ ਢੁੱਕ ਢੁੱਕ ਨੇੜੇ।

ਲੱਸੇ ਨੀ ਉਹਦਾ ਮੱਥਾ ਤਾਰਿਆਂ ਵਾਂਗੂੰ

ਆਇਆ ਨੀ ਖੋਰੇ ਅਮਬਰ ਘੁੰਮ-ਘੁੰਮ ਕਿਹੜੇ। (***ਅੰਮ੍ਰਿਤਾ ਪ੍ਰੀਤਮ***)

ਓਪਰੋਕਤ ਕਾਵਿ-ਸਤਰ "ਲੱਸੇ ਨੀ ਉਹਦਾ ਮੱਥਾ ਤਾਰਿਆਂ ਵਾਂਗੂੰ" ਵਿਚ ਕਵਿਤਰੀ ਅਮਮ੍ਰਿਤਾ ਪ੍ਰੀਤਮ ਨੇ ਨਾਇਕ ਦੇ ਮੱਥੇ ਦੀ ਤੁਲਨਾ ਤਾਰਿਆਂ ਨਾਲ ਕੀਤੀ ਹੈ, ਕਿਉਂਕਿ ਨਾਇਕ ਦਾ ਮੱਥਾ ਤਾਰਿਆਂ ਵਾਂਗ ਚਮਕ ਰਿਹਾ ਹੈ। ਕਵਿਤਰੀ ਨੇ ਕਿਸੇ ਅਣਕਹੇ ਨਾਇਕ ਦੀ ਆਮਦ ਉੱਤੇ ਨਾਇਕ ਦੀ ਸੁੰਦਰਤਾ ਦਾ ਅਲੰਕਾਰਿਕ ਸ਼ੈਲੀ ਵਿਚ ਬਿਆਨ ਕੀਤਾ ਹੈ। ਉਪਮਾ ਅਲੰਕਾਰ ਨਾਲ ਸੰਬੰਧਿਤ ਹੋਰ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਚਾਂਦੀ ਵਰਗਾ ਰੰਗ ਹੈ ਗੋਰਾ,

ਸੋਨੇ ਵਰਗੇ ਵਾਲ਼ ਸੁਨਹਿਰੀ। (***ਸਾਧੂ ਸਿੰਘ ਹਮਦਰਦ***)

ਓਪਰੋਕਤ ਕਾਵਿ-ਸਤਰਾਂ ਵਿਚ ਲੇਖਕ ਨੇ ਨਾਇਕਾ ਦੇ ਰੰਗ ਦੀ ਤੁਲਨਾ ਚਾਂਦੀ ਦੇ ਨਾਲ ਅਤੇ ਵਾਲਾਂ ਦੀ ਤੁਲਨਾ ਸੋਨੇ ਦੇ ਨਾਲ ਕੀਤੀ ਹੈ, ਕਿਉਂਕਿ ਰੰਗ ਚਾਂਦੀ ਦੀ ਤਰ੍ਹਾਂ ਗੋਰਾ ਅਤੇ ਵਾਲ ਸੋਨੇ ਦੀ ਤਰ੍ਹਾਂ ਸੁਨਹਿਰੀ ਹਨ।

ਚਮਕਿਆ ਸੋਨ-ਪੱਤਰੀਆਂ ਵਾਂਗ,

ਰੰਗ ਸ਼ਰੀਹ ਦੀਆਂ ਫਲ਼ੀਆਂ ਦਾ।

ਚੋਗਾ ਭਾਲਣ ਪੰਛੀ ਨਿਕਲੇ,

ਖੰਭ ਚਮਕਣ ਜਿਉਂ ਜ਼ਰੀਆਂ ਨੇ। (***ਪ੍ਰੋ. ਮੋਹਨ ਸਿੰਘ***)

ਉਪਰੋਕਤ ਕਾਵਿ-ਸਤਰਾਂ ਵਿਚ ਪ੍ਰੋ. ਮੋਹਨ ਸਿੰਘ ਨੇ ਸ਼ਰੀਹ ਦੀਆਂ ਫਲ਼ੀਆਂ ਦੀ ਤੁਲਨਾ ਸੋਨੇ ਦੀਆਂ ਪੱਤਰੀਆਂ ਦੇ ਨਾਲ ਅਤੇ ਪੰਛੀ ਦੇ ਖੰਭਾਂ ਦੀ ਤੁਲਨਾ ਜ਼ਰੀ (ਫੁਲਕਾਰੀ ਜਾਂ ਕੱਪੜੇ 'ਤੇ ਕਢਾਈ ਦੀ ਇਕ ਕਿਸਮ) ਦੇ ਨਾਲ ਕੀਤੀ ਹੈ, ਜੋ ਕਿ ਉਪਮਾ ਅਲੰਕਾਰ ਦੀ ਬਹੁਤ ਵਧੀਆ ਉਦਾਹਰਨ ਹੈ।

ਸੀਹਾਂ ਵਾਂਗੂੰ ਗੱਜਣ ਸਭ ਸੂਰਮੇ

ਤਣਿ ਤਣਿ ਕੈਬਰ ਛੱਡਣ ਦਰਗਾ ਸਾਮਣੇ। (***ਚੰਡੀ ਦੀ ਵਾਰ***)

ਉਪਰੋਕਤ ਕਾਵਿ-ਤੁਕਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਯੁੱਧ ਵਿਚ ਲੜਨ ਵਾਲੇ ਬਹਾਦਰ ਸੂਰਮਿਆਂ ਦੀ ਤੁਲਨਾ ਸ਼ੇਰਾਂ ਦੇ ਨਾਲ ਕੀਤੀ ਹੈ, ਜੋ ਕਿ ਉਪਮਾ ਅਲੰਕਾਰ ਦੀ ਬਹੁਤ ਵਧੀਆ ਉਦਾਹਰਨ ਹੈ।

ਇਉਂ ਕਹਿ ਅੱਗੇ ਹੋਇ ਟੂਹ ਟੂਹ ਵੇਖਦੀ

ਪਿੰਡਾ ਠੰਡਾ ਠਾਰ ਵਾਂਗਰ ਬਰਫ਼ ਦੇ। (***ਰਾਣਾ ਸੂਰਤ ਸਿੰਘ***)

ਉਪਰੋਕਤ ਕਾਵਿ-ਸਤਰਾਂ ਵਿਚ ਲੇਖਕ ਨੇ ਸਰੀਰ ਦੇ ਪਿੰਡੇ ਦੀ ਤੁਲਨਾ ਬਰਫ਼ ਨਾਲ ਕੀਤੀ ਹੈ ਕਿਉਂਕਿ ਸਰੀਰ ਦਾ ਪਿੰਡਾ ਬਰਫ਼ ਵਾਂਗ ਠੰਡਾ ਹੋ ਗਿਆ ਹੈ, ਜੋ ਕਿ ਉਪਮਾ ਅਲੰਕਾਰ ਦੀ ਬਹੁਤ ਵਧੀਆ ਉਦਾਹਰਨ ਹੈ।

**ਰੂਪਕ ਅਲੰਕਾਰ** :- ਰੂਪਕ ਸ਼ਬਦ ਦਾ ਅਰਥ ਹੈ - ਰੂਪ ਧਾਰਨ ਕਰਨਾ। ਜਦੋਂ ਕਵੀ ਉਪਮੇਯ (ਜਿਸ ਵਸਤੂ ਦੀ ਤੁਲਨਾ ਕੀਤੀ ਜਾਵੇ) ਤੇ ਉਪਮਾਨ (ਜਿਸ ਵਸਤੂ ਨਾਲ ਤੁਲਨਾ ਕੀਤੀ ਜਾਵੇ) ਨੂੰ ਇਕ ਰੂਪ ਦਿੰਦਾ ਹੈ ਤਾਂ

ਰੂਪਕ ਅਲੰਕਾਰ ਦੀ ਸਿਰਜਣਾ ਹੁੰਦੀ ਹੈ। ਰੂਪਕ ਅਲੰਕਾਰ ਉਪਮਾ ਅਲੰਕਾਰ ਨਾਲ ਮਿਲਦਾ-ਜੁਲਦਾ ਹੈ। ਉਪਮਾ ਅਲੰਕਾਰ ਵਿਚ ਚਾਰ ਤੱਤ (ਉਪਮੇਯ, ਉਪਮਾਨ, ਸਾਂਝਾ ਗੁਣ, ਵਾਚਕ ਸ਼ਬਦ) ਹੁੰਦੇ ਹਨ ਪਰੰਤੂ ਰੂਪਕ ਅਲੰਕਾਰ ਵਿਚ ਤਿੰਨ ਤੱਤ (ਉਪਮੇਯ, ਉਪਮਾਨ, ਸਾਂਝਾ ਗੁਣ) ਹੀ ਹੁੰਦੇ ਹਨ ਤੇ ਚੌਥਾ ਤੱਤ (ਵਾਚਕ ਸ਼ਬਦ) ਲੋਪ ਰਹਿੰਦਾ ਹੈ। ਜਿੱਥੇ ਉਪਮੇਯ ਅਤੇ ਉਪਮਾਨ ਵਿਚ ਇਕਰੂਪਤਾ ਅਤੇ ਅਬੇਦਤਾ ਵਰਨਣ ਕੀਤੀ ਜਾਂਦੀ ਹੈ, ਉੱਥੇ ਰੂਪਕ ਅਲੰਕਾਰ ਹੁੰਦਾ ਹੈ। ਜਿਵੇਂ :-

ਬਿਰਹੋਂ ਦਾ ਇੱਕ ਖਰਲ ਬਲੌਰੀ,

ਜਿੰਦੜੀ ਦਾ ਅਸਾਂ ਸੁਰਮਾ ਪੀਠਾ।

ਰੋਜ਼ ਰਾਤ ਨੂੰ ਅੰਬਰ ਆ ਕੇ,

ਮੰਗਦਾ ਇੱਕ ਸਲਾਈ ਵੇ। (***ਅੰਮ੍ਰਿਤਾ ਪ੍ਰੀਤਮ***)

ਓਪਰੋਕਤ ਕਾਵਿ-ਸਤਰਾਂ ਵਿਚ ਬਿਰਹੋਂ ਤੇ ਖਰਲ ਵਿਚ ਅਤੇ ਜਿੰਦੜੀ ਦੇ ਸੁਰਮੇ ਵਿਚ ਕੋਈ ਵੱਖਰਤਾ ਨਹੀਂ ਰਹਿਣ ਦਿੱਤੀ ਸਗੋਂ ਇਕਰੂਪਤਾ ਤੇ ਅਬੇਦਤਾ ਸਥਾਪਿਤ ਕੀਤੀ ਗਈ ਹੈ। ਬਿਰਹੋਂ ਵੀ ਰਗੜਦਾ ਹੈ ਤੇ ਖਰਲ ਵੀ ਰਗੜਨ ਦਾ ਸਾਧਨ ਹੈ। ਬਿਰਹੋਂ ਤੇ ਖਰਲ ਵਿਚ ਅਤੇ ਜਿੰਦੜੀ ਤੇ ਸੁਰਮੇ ਵਿਚ ਕਵਿਤਰੀ ਨੇ ਕੋਈ ਵੱਖਰਤਾ ਨਹੀਂ ਰਹਿਣ ਦਿੱਤੀ ਹੈ। ਇੱਥੇ ਬਿਰਹੋਂ ਨੂੰ ਖਰਲ ਦਾ ਰੂਪ ਦੇਣ ਕਰਕੇ ਇਹ ਰੂਪਕ ਅਲੰਕਾਰ ਦੀ ਉਦਾਹਰਨ ਹੈ।

ਚਾਂਦੀ ਤੇਰਾ ਰੂਪ ਹੈ, ਸੋਨਾ ਤੇਰੇ ਵਾਲ।

ਇਸ ਸਤਰ ਵਿਚ ਚਾਂਦੀ ਤੇ ਰੂਪ ਵਿਚ ਅਤੇ ਸੋਨਾ ਤੇ ਵਾਲਾਂ ਵਿਚ ਕੋਈ ਫ਼ਰਕ ਨਹੀਂ ਰਹਿਣ ਦਿੱਤਾ ਗਿਆ, ਸਗੋਂ ਇਕਰੂਪਤਾ ਸਥਾਪਿਤ ਕੀਤੀ ਗਈ ਹੈ। ਰੂਪਕ ਅਲੰਕਾਰ ਦੀ ਇਕ ਹੋਰ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਗਗਨ ਮੈ ਥਾਲਿ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ। (13)

ਓਪਰੋਕਤ ਤੁਕ ਜਾਂ ਪੰਕਤੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਹੈ ਕਿ ਸਾਨੂੰ ਉਸ ਪਰਮਾਤਮਾ ਦੀ ਆਰਤੀ ਕਰਨ ਦੀ ਕੋਈ ਵੀ ਜ਼ਰੂਰਤ ਨਹੀਂ ਹੈ ਕਿਉਂਕਿ ਸਾਰੀ ਸ੍ਰਿਸਟੀ ਉਸ ਪ੍ਰਭੂ ਜਾਂ ਪਰਮਾਤਮਾ ਦੀ ਪੂਜਾ ਜਾਂ ਆਰਤੀ ਕਰ ਰਹੀ ਹੈ। ਗੁਰੂ ਜੀ ਦੇ ਅਨੁਸਾਰ ਇਹ ਸਾਰਾ ਅਸਮਾਨ ਜਾਂ ਆਕਾਸ਼ ਇਕ ਥਾਲ ਦੀ ਤਰ੍ਹਾਂ ਹੈ, ਜਿਸ ਵਿਚ ਸੂਰਜ, ਚੰਦਰਮਾ ਅਤੇ ਤਾਰੇ ਮੋਤੀਆਂ ਦੀ ਤਰ੍ਹਾਂ ਦਿਖਾਈ ਦੇ ਰਹੇ ਹਨ ਜੋ ਕਿ ਪਰਮਾਤਮਾ ਦੀ ਪੂਜਾ ਕਰ ਰਹੇ ਹਨ।

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥ (8)

ਓਪਰੋਕਤ ਤੁਕ ਜਾਂ ਪੰਕਤੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਹੈ ਕਿ ਹਵਾ ਗੁਰੂ ਹੈ, ਪਾਣੀ ਪਿਤਾ ਹੈ, ਧਰਤੀ ਮਾਤਾ ਹੈ। ਇੱਥੇ ਉਪਮੇਯ (ਹਵਾ, ਪਾਣੀ, ਧਰਤੀ) ਅਤੇ ਉਪਮਾਨ (ਗੁਰੂ, ਪਿਤਾ, ਮਾਤਾ) ਵਿਚ ਇਕਰੂਪਤਾ ਅਤੇ ਅਬੇਦਤਾ ਵਰਨਣ ਕੀਤੀ ਗਈ ਹੈ, ਜੋ ਕਿ ਰੂਪਕ ਅਲੰਕਾਰ ਦੀ ਬਹੁਤ ਵਧੀਆ ਉਦਾਹਰਨ ਹੈ।

ਚਿੱਟੇ ਚਾਨਣ ਦਾ ਦੁੱਧ ਡੁਲ੍ਹਿਆ,

ਤੇ ਮਟਕੀ ਭੱਜੀ ਹਨੇਰੇ ਦੀ।

ਛੱਡ ਰਾਤਾਂ ਦੀਆਂ ਹਕਾਇਤਾਂ ਨੂੰ,

ਕੋਈ ਗੱਲ ਕਰ ਨਵੇਂ ਸਵੇਰੇ ਦੀ। (***ਮੋਹਨ ਸਿੰਘ***)

ਓਪਰੋਕਤ ਤੁਕ ਜਾਂ ਪੰਕਤੀ ਵਿਚ ਕਵੀ ਮੋਹਨ ਸਿੰਘ ਨੇ ਚਿੱਟੇ ਚਾਨਣ ਨੂੰ ਦੁੱਧ ਕਿਹਾ ਗਿਆ ਹੈ ਅਤੇ ਮਟਕੀ ਨੂੰ ਹਨੇਰਾ ਕਿਹਾ ਗਿਆ ਹੈ। ਇੱਥੇ ਉਪਮੇਯ (ਚਾਨਣ, ਮਟਕੀ) ਅਤੇ ਉਪਮਾਨ (ਦੁੱਧ, ਹਨੇਰੇ) ਵਿਚ

ਇਕਰੂਪਤਾ ਅਤੇ ਅਭੇਦਤਾ ਵਰਨਣ ਕੀਤੀ ਗਈ ਹੈ, ਜੋ ਕਿ ਰੂਪਕ ਅਲੰਕਾਰ ਦੀ ਬਹੁਤ ਵਧੀਆ ਉਦਾਹਰਨ ਹੈ। ।

**ਦ੍ਰਿਸ਼ਟਾਂਤ ਅਲੰਕਾਰ :-** ਦ੍ਰਿਸ਼ਟਾਂਤ ਸ਼ਬਦ ਦਾ ਅਰਥ ਹੈ - ਓਦਾਹਰਣ, ਮਿਸਾਲ ਜਾਂ ਨਮੂਨਾ। ਜਿੱਥੇ ਕਿਸੇ ਗੱਲ ਜਾਂ ਪ੍ਰਸੰਗ ਦਾ ਪੂਰਾ ਗਿਆਨ ਕਰਾਉਣ ਲਈ ਕਵੀ ਜਾਂ ਲੇਖਕ ਉਸ ਨੂੰ ਉਹੋ ਜਿਹੀ ਆਮ ਜੀਵਨ ਵਿਚੋਂ ਕਿਸੇ ਹੋਰ ਗੱਲ ਦੀ ਮਿਸਾਲ ਜਾਂ ਉਦਾਹਰਣ ਦੇ ਕੇ ਸਪੱਸ਼ਟ ਕੀਤਾ ਜਾਵੇ ਤਾਂ ਉੱਥੇ ਦ੍ਰਿਸ਼ਟਾਂਤ ਅਲੰਕਾਰ ਹੁੰਦਾ ਹੈ। ਦ੍ਰਿਸ਼ਟਾਂਤ ਅਲੰਕਾਰ ਅਮਦਰ ਪਹਿਲਾਂ ਇੱਕ ਗੱਲ ਕਹਿ ਕੇ ਫਿਰ ਦੂਜੀ ਗੱਲ ਉਦਾਹਰਨ ਦੇ ਰੂਪ ਵਿਚ ਕਹੀ ਜਾਂਦੀ ਹੈ। ਦ੍ਰਿਸ਼ਟਾਂਤ ਅਲੰਕਾਰ ਵਿਚ ਵਿਸ਼ੇ-ਵਸਤੂ ਨੂੰ ਬਿੰਬ ਤੇ ਉਸਦੀ ਉਦਾਹਰਨ ਨੂੰ ਪ੍ਰਤਿਬਿੰਬ (ਪਰਛਾਂਵਾਂ) ਕਿਹਾ ਜਾਂਦਾ ਹੈ। ਦ੍ਰਿਸ਼ਟਾਂਤ ਅਲੰਕਾਰ ਦਾ ਆਧਾਰ ਕੋਈ ਸਾਂਝ, ਸਮਾਨਤਾ ਜਾਂ ਬਰਾਬਰੀ ਦਾ ਭਾਵ ਹੁੰਦਾ ਹੈ। ਜਿਵੇਂ :

ਭਰੀਐ ਹਥੁ ਪੈਰੁ ਤਨੁ ਦੇਹ॥

ਪਾਣੀ ਧੋਤੈ ਉਤਰਸ ਖੇਹ॥

ਮੂਤ ਪਲੀਤੀ ਕਪੜੁ ਹੋਇ॥

ਦੇ ਸਾਬੂਣੁ ਲਈਐ ਓਹੁ ਧੋਇ॥

ਭਰੀਐ ਮਤਿ ਪਾਪਾ ਕੈ ਸੰਗਿ॥

ਓਹੁ ਧੋਪੈ ਨਾਵੈ ਕੈ ਸੰਗਿ॥ (***ਜਪੁਜੀ ਸਾਹਿਬ, ਵੀਹਵੀਂ ਪਉੜੀ***)

ਓਪਰੋਕਤ ਕਾਵਿ-ਸਤਰਾਂ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਸਮਝਾਉਂਦੇ ਹਨ ਕਿ ਜੇਕਰ ਕਿਸੇ ਵਿਅਕਤੀ ਦੇ ਹੱਥ ਅਤੇ ਪੈਰ ਮਿੱਟੀ ਨਾਲ ਗੰਦੇਂ ਹੋ ਜਾਣ ਤਾਂ ਉਹ ਪਾਣੀ ਨਾਲ ਸਾਫ਼ ਹੋ ਜਾਂਦੇ ਹਨ। ਜੇਕਰ ਕੱਪੜੇ ਮਲ-ਮੂਤਰ ਨਾਲ ਗੰਦੇ ਹੋ ਜਾਣ ਤਾਂ ਉਹ ਸਾਬਣ ਅਤੇ ਪਾਣੀ ਨਾਲ ਸਾਫ਼ ਹੋ ਜਾਂਦੇ ਹਨ। ਠੀਕ ਉਸੇ ਤਰ੍ਹਾਂ ਜੇਕਰ

ਕਿਸੇ ਵਿਅਕਤੀ ਦੇ ਕਰਮ ਪਾਪਾਂ ਨਾਲ ਭਰ ਜਾਣ ਤਾਂ ਉਸਨੂੰ ਪਰਮਾਤਮਾ ਦੇ ਨਾਮ-ਸਿਮਰਨ ਦੁਆਰਾ ਘੱਟ ਕੀਤਾ ਜਾ ਸਕਦਾ ਹੈ। ਇੱਥੇ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਨਾਮ-ਸਿਮਰਨ ਦੀ ਮਹਿਮਾ ਸਮਝਾਉਣ ਲਈ ਆਮ ਜੀਵਨ ਵਿਚੋਂ ਉਦਾਹਰਨਾਂ ਲਈਆਂ ਹਨ। ਦ੍ਰਿਸ਼ਟਾਂਤ ਅਲੰਕਾਰ ਵਿਚ ਕਿਸੇ ਪ੍ਰਸੰਗ ਜਾਂ ਵਸਤੂ ਦਾ ਪੂਰਾ ਗਿਆਨ ਕਰਾਉਣ ਲਈ ਕਿਸੇ ਸਮਾਨ ਗੁਣ ਵਾਲ਼ੀ ਵਸਤੂ ਦਾ ਉਦਾਹਰਨ ਦਿੱਤਾ ਜਾਂਦਾ ਹੈ। ਦ੍ਰਿਸ਼ਟਾਂਤ ਅਲੰਕਾਰ ਨਾਲ ਸੰਬੰਧਿਤ ਹੋਰ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਕਬੀਰ ਮਾਨੁਖ ਜਨਮੁ ਦੁਲੰਭੁ ਹੈ ਹੋਇ ਨਾ ਬਾਰੈ ਬਾਰ॥

ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨਾ ਲਾਗਹਿ ਡਾਰ॥ (***ਸਲੋਕ, ਭਗਤ ਕਬੀਰ ਜੀ***)

ਉਪਰੋਕਤ ਕਾਵਿ-ਤੁਕਾਂ ਵਿਚ ਭਗਤ ਕਬੀਰ ਜੀ ਫਰਮਾਉਂਦੇ ਹਨ ਕਿ ਇਹ ਮਨੁੱਖਾ ਜਨਮ ਬਹੁਤ ਕੀਮਤੀ ਜਾਂ ਦੁਰਲੱਭ ਹੈ, ਇਹ ਜਨਮ ਬਹੁਤ ਔਖਾ ਅਤੇ ਵਾਰ-ਵਾਰ ਨਹੀਂ ਮਿਲਦਾ ਹੈ। ਇੱਥੇ ਕਬੀਰ ਜੀ ਨੇ ਆਪਣੇ ਵਿਸ਼ੇ-ਵਸਤੂ ਨੂੰ ਸਪਸ਼ਟ ਕਰਨ ਲਈ ਦੁਨਿਆਵੀ ਉਦਾਹਰਨ ਪੇਸ਼ ਕੀਤੀ ਹੈ ਕਿ ਜਿਵੇਂ ਜੰਗਲੀ ਰੁੱਖਾਂ 'ਤੇ ਲੱਗੇ ਹੋਏ ਫਲ਼ ਪੱਕ ਕੇ ਜ਼ਮੀਨ ਤੇ ਡਿੱਗ ਪੈਂਦੇ ਹਨ ਅਤੇ ਫਿਰ ਮੁੜ ਦੁਬਾਰਾ ਰੁੱਖ ਨਾਲ ਨਹੀਂ ਲੱਗਦੇ, ਠੀਕ ਉਸੇ ਤਰ੍ਹਾਂ ਹੀ ਮਨੁੱਖਾਂ ਜਨਮ ਬਹੁਤ ਕੀਮਤੀ ਹੈ ਅਤੇ ਵਾਰ-ਵਾਰ ਨਹੀਂ ਮਿਲਦਾ ਹੈ। ਉਪਰੋਕਤ ਕਾਵਿ-ਸਤਰਾਂ ਵਿਚ ਮਨੁੱਖਾ ਜਨਮ ਬਿੰਬ ਹੈ ਅਤੇ ਜੰਗਲ਼ੀ ਫਲ ਪ੍ਰਤਿਬਿੰਬ ਹੈ।

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ।

ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ। (***ਭਾਈ ਗੁਰਦਾਸ ਜੀ***)

ਉਪਰੋਕਤ ਕਾਵਿ-ਸਤਰਾਂ ਵਿਚ ਭਾਈ ਗੁਰਦਾਸ ਜੀ ਫਰਮਾਉਂਦੇ ਹਨ ਕਿ ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਇਸ ਸੰਸਾਰ ਵਿਚ ਹੋਣ ਨਾਲ ਹਰ ਪਾਸੇ ਗਿਆਨ ਦਾ ਚਾਨਣ ਫੇਲ ਗਿਆ ਅਤੇ ਅਗਿਆਨਤਾ ਦਾ ਹਨੇਰਾ ਦੂਰ ਹੋ ਗਿਆ। ਇੱਥੇ ਭਾਈ ਗੁਰਦਾਸ ਜੀ ਨੇ ਆਪਣੇ ਵਿਸ਼ੇ-ਵਸਤੂ ਨੂੰ ਸਪਸ਼ਟ ਕਰਨ ਲਈ ਦੁਨਿਆਵੀ ਉਦਾਹਰਨ ਪੇਸ਼ ਕੀਤੀ ਹੈ ਕਿ ਜਿਵੇਂ ਦਿਨ ਚੜ੍ਹਨ ਨਾਲ ਭਾਵ ਸੂਰਜ ਨਿਕਲਣ ਨਾਲ ਤਾਰੇ ਛੁਪ

ਜਾਂਦੇ ਹਨ, ਹਨੇਰਾ ਖਤਮ ਹੋ ਜਾਂਦਾ ਹੈ ਠੀਕ ਉਸੇ ਤਰ੍ਹਾਂ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਨਾਲ ਹਰ ਪਾਸੇ ਫੇਲਿਆ ਅਗਿਆਨਤਾ ਦਾ ਹਨੇਰਾ ਖਤਮ ਹੋ ਗਿਆ ਅਤੇ ਗਿਆਨ ਦਾ ਚਾਨਣ ਫੇਲ ਗਿਆ।

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ॥

ਜਿਉ ਅਧਿਕਉ ਤਿਉ ਸੁਖੁ ਘਣੋ ਮਨਿ ਤਨਿ ਸਾਂਤਿ ਸਰੀਰ॥

ਬਿਨੁ ਜਲ ਘੜੀ ਨਾ ਜੀਵਈ ਪ੍ਰਭੁ ਜਾਣੈ ਅਭ ਪੀਰ॥ (***ਸ੍ਰੀ ਗੁਰੂ ਨਾਨਕ ਦੇਵ ਜੀ***)

ਉਪਰੋਕਤ ਕਾਵਿ-ਪੰਕਤੀਆਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੱਸਦੇ ਹਨ ਕਿ ਹੇ ਮਨੁੱਖ ਉਸ ਪਰਮਾਤਮਾ ਨਾਲ ਇਸ ਤਰ੍ਹਾਂ ਪ੍ਰੇਮ-ਪਿਆਰ ਕਰ ਜਿਵੇਂ ਇਕ ਮੱਛਲੀ ਦਾ ਪਾਣੀ ਨਾਲ ਪ੍ਰੇਮ ਹੈ। ਜਿਸ ਪ੍ਰਕਾਰ ਇਕ ਮੱਛਲੀ ਪਾਣੀ ਤੋਂ ਬਿਨ੍ਹਾਂ ਜੀਵਤ ਨਹੀ ਰਹਿ ਸਕਦੀ ਠੀਕ ਉਸੇ ਤਰ੍ਹਾਂ ਮਨੁਖ ਇਸ ਸੰਸਾਰ ਭਾਵ ਲੋਕ ਅਤੇ ਪਰਲੋਕ ਵਿਚ ਉਸ ਪਰਮਾਤਮਾ ਤੋਂ ਬਿਨ੍ਹਾਂ ਕੋਈ ਵੀ ਸਹਾਰਾ ਨਹੀਂ ਹੈ। ਇੱਥੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਗੱਲ ਨੂੰ ਸਮਝਾਉਣ ਲਈ ਦੁਨਿਆਵੀ ਉਦਾਹਰਨ ਪੇਸ਼ ਕੀਤੀ ਹੈ ਜੋ ਕਿ ਦ੍ਰਿਸ਼ਟਾਂਤ ਅਲੰਕਾਰ ਨਾਲ ਸੰਬੰਧਿਤ ਹੈ।

**ਅਤਿਕਥਨੀ ਅਲੰਕਾਰ:-** ਜਦੋਂ ਕਾਵਿ ਜਾਂ ਕਵਿਤਾ ਵਿਚ ਕਿਸੇ ਸਾਧਾਰਨ ਗੱਲ ਜਾਂ ਤੱਥ ਨੂੰ ਵਧਾ ਚੜ੍ਹਾ ਕੇ ਬਿਆਨ ਕੀਤਾ ਜਾਵੇ ਤਾਂ ਉੱਥੇ ਅਤਿਕਥਨੀ ਅਲੰਕਾਰ ਹੁੰਦਾ ਹੈ। ਕਵੀ ਆਪਣੀ ਕਵਿਤਾ ਦੇ ਕਿਸੇ ਪਾਤਰ, ਘਟਨਾ ਜਾਂ ਗੱਲ ਦੀ ਬਹੁਤ ਉਪਮਾ ਕਰਨੀ ਚਾਹੁੰਦਾ ਹੈ, ਤਾਂ ਉਹ ਨਿੱਕੀ ਜਿਹੀ ਗੱਲ ਨੂੰ ਵਧਾ-ਚੜ੍ਹਾ ਕੇ ਬਿਆਨ ਕਰਨ ਲੱਗ ਪੈਂਦਾ ਹੈ, ਤਾਂ ਜੋ ਪਾਠਕ ਜਾਂ ਸਰੋਤੇ ਉੱਪਰ ਵਿਸ਼ਾ-ਵਸਤੂ ਦੇ ਵਡੱਪਣ ਦਾ ਜ਼ੋਰਦਾਰ ਪ੍ਰਭਾਵ ਪਾ ਸਕੇ। ਜਿਵੇਂ :

ਜੇ ਤੂੰ ਗਲ ਵਿਚ ਫੁੱਲਾਂ ਦਾ ਹਾਰ ਪਾਇਆ,

ਤੇਰੇ ਲੱਕ ਨੂੰ ਪਏ ਕੜਵੱਲ, ਮੋਈਏ।

ਜੇ ਤੂੰ ਹੱਥਾਂ ਤੇ ਪੈਰਾਂ ਨੂੰ ਲਾਈ ਮਹਿੰਦੀ,

ਭਾਰ ਨਾਲ ਤੂੰ ਸੱਕੀ ਨਾ ਹਲ ਮੋਈਏ। (***ਮੋਹਨ ਸਿੰਘ, ਅਨਾਰਕਲੀ***)

ਉਪਰੋਕਤ ਕਾਵਿ-ਸਤਰਾਂ ਮੋਹਨ ਸਿੰਘ ਦੇ "ਸਾਵੇ-ਪੱਤਰ" ਕਾਵਿ-ਸੰਗ੍ਰਹਿ ਵਿਚ 'ਅਨਾਰਕਲੀ' ਨਾਂ ਦੀ ਕਵਿਤਾ ਵਿਚੋਂ ਲਈਆਂ ਗਈਆਂ ਹਨ। ਕਵੀ ਲਾਹੌਰ ਵਿਚ ਸਲੀਮ ਦੀ ਪ੍ਰੇਮਿਕਾ 'ਅਨਾਰਕਲੀ' ਦੀ ਕਬਰ ਵੇਖ ਕੇ ਖ਼ਿਆਲ-ਉਡਾਰੀਆਂ ਵਿਚ ਗੁੰਮ ਹੋ ਜਾਂਦਾ ਹੈ ਅਤੇ ਅਤਿਕਥਨੀ ਅਲੰਕਾਰ ਦੀ ਸਹਾਇਤਾ ਨਾਲ ਅਨਾਰਕਲੀ ਦੇ ਹੁਸਨ ਨੂੰ ਬਿਆਨ ਕੀਤਾ ਹੈ। ਫੁੱਲਾਂ ਦੇ ਭਾਰ ਨਾਲ ਲੱਕ ਵਿਚ ਕੜਵੱਲ ਪੈਣੇ ਅਤੇ ਮਹਿੰਦੀ ਦੇ ਭਾਰ ਨੂੰ ਵੀ ਨਾ ਸਹਾਰ ਸਕਣ ਦੀ ਗੱਲ ਅਤਿਕਥਨੀ ਭਰੀ ਹੈ, ਕਿਉਂਕਿ ਇੱਥੇ ਕਵੀ ਨੇ ਸਾਧਾਰਨ ਗੱਲ ਨੂੰ ਵਧਾ-ਚੜ੍ਹਾਅ ਕੇ ਪ੍ਰਸਤੁਤ ਕੀਤਾ ਹੈ ਅਤੇ ਚਮਤਕਾਰ ਪੈਦਾ ਕਰਨ ਦਾ ਯਤਨ ਕੀਤਾ ਹੈ।

ਹੁਸਨ ਓਸ ਦਾ ਮੈਂ ਕੀ ਆਖਾਂ,

ਤੱਕਣ ਨਾਲ ਪੈਂਦੀਆਂ ਲਾਸ਼ਾਂ।

ਧੋਣ ਗੋਰੀ ਦੀ ਐਸੀ ਫੱਬੇ,

ਆਉਂਦਾ ਜਾਂਦਾ ਸਾਹ ਪਿਆ ਲੱਭੇ। (***ਮੋਹਨ ਸਿੰਘ, ਗੁਲੇਲੀ***)

ਉਪਰੋਕਤ ਕਾਵਿ-ਸਤਰਾਂ ਵਿਚ ਮੋਹਨ ਸਿੰਘ ਨੇ ਨਾਇਕਾ ਦੇ ਹੁਸਨ ਨੂੰ ਬਿਆਂਨ ਕਰਨ ਸਮੇਂ ਸਾਧਾਰਨ ਗੱਲ ਨੂੰ ਵੀ ਵਧਾ-ਚੜ੍ਹਾਅ ਕੇ ਪ੍ਰਸਤੁਤ ਕੀਤਾ ਹੈ। ਕਵੀ ਦੇ ਅਨੁਸਾਰ ਨਾਇਕਾ ਇੰਨੀ ਨਾਜ਼ੁਕ ਹੈ ਕਿ ਉਸਨੂੰ ਤੱਕਣ ਦੇ ਨਾਲ ਹੀ ਉਸ ਦੇ ਸਰੀਰ ਤੇ ਲਾਸ਼ਾਂ ਪੈ ਜਾਂਦੀਆਂ ਹਨ ਅਤੇ ਉਸ ਦੀ ਧੋਣ ਇੰਨੀ ਗੋਰੀ ਅਤੇ ਪਤਲੀ ਹੈ ਕਿ ਉਸਦਾ ਆਉਂਦਾ ਜਾਂਦਾ ਸਾਹ ਵੀ ਦਿਖਾਈ ਦੇ ਰਿਹਾ ਹੈ। ਇੱਥੇ ਕਵੀ ਨੇ ਲੋਕ ਮਰਯਾਦਾ ਟੱਪ ਕੇ ਕਲਪਨਾ ਕਰਦਿਆ ਹੋਇਆ ਚਮਤਕਾਰ ਪੈਦਾ ਕਰਨ ਦਾ ਯਤਨ ਕੀਤਾ ਹੈ ਜੋ ਕਿ ਅਤਿਕਥਨੀ ਅਲੰਕਾਰ ਦੀ ਉਦਾਹਰਨ ਹੈ।

ਦਸ ਮਹੀਆਂ ਦਾ ਘਿਓ ਦਿੱਤਾ, ਬੱਕੀ ਦੇ ਢਿੱਡ ਪਾ।

ਬੱਕੀ ਤੋਂ ਡਰਨ ਫਰਿਸ਼ਤੇ, ਮੈਥੋਂ ਡਰੇ ਖ਼ੁਦਾ।

ਚੁੱਭੀ ਵਿਚ ਪਾਤਾਲ ਲਾ, ਉੱਡ ਕੇ ਚੜ੍ਹੇ ਆਕਾਸ਼।

ਚੜਨਾ ਆਪਣੀ ਸ਼ੋਕ ਨੂੰ ਬੱਕੀ ਨੂੰ ਲਾਜ ਨਾ ਲਾ। (***ਪੀਲੂ, ਮਿਰਜਾਂ ਸਾਹਿਬਾਂ***)

ਉਪਰੋਕਤ ਕਾਵਿ-ਸਤਰਾਂ ਵਿਚ ਪੀਲੂ ਨੇ ਸਾਧਾਰਨ ਗੱਲ ਨੂੰ ਵੀ ਵਧਾ-ਚੜ੍ਹਾਅ ਕੇ ਪ੍ਰਸਤੁਤ ਕੀਤਾ ਹੈ ਜਿਵੇਂ ਦਸ ਮੱਝਾਂ ਦਾ ਘਿਓ ਘੋੜੀ ਨੂੰ ਖਵਾ ਦੇਣਾ, ਘੋੜੀ ਤੋਂ ਫਰਿਸ਼ਤਿਆਂ ਦਾ ਡਰਨਾ, ਮਿਰਜੇ ਤੋਂ ਰੱਬ ਦਾ ਡਰਨਾ, ਪਾਣੀ ਵਿਚ ਚੁੰਭੀ ਲਾ ਕੇ ਸਿੱਧਾ ਆਕਾਸ਼ ਵਿਚ ਚੜ੍ਹ ਜਾਣਾ। ਇੱਥੇ ਕਵੀ ਨੇ ਅਸੰਭਵ ਕਲਪਨਾ ਕਰਦਿਆ ਹੋਇਆ ਚਮਤਕਾਰ ਪੈਦਾ ਕਰਨ ਦਾ ਯਤਨ ਕੀਤਾ ਹੈ ਜੋ ਕਿ ਅਤਿਕਥਨੀ ਅਲੰਕਾਰ ਦੀ ਉਦਾਹਰਨ ਹੈ।

**ਲੋਕੋਕਤੀ ਅਲੰਕਾਰ:-** 'ਲੋਕੋਕਤੀ' ਸ਼ਬਦ ਦਾ ਅਰਥ ਹੈ - ਅਖਾਣ ਜਾਂ ਅਖੌਤ। ਜਿੱਥੇ ਕਿਸੇ ਗੱਲ ਦੀ ਪੁਸ਼ਟੀ ਕਰਨ ਲਈ ਜਾਂ ਕਿਸੇ ਗੱਲ ਨੂੰ ਸਪੱਸ਼ਟ ਕਰਨ ਲਈ ਕਿਸੇ ਢੁੱਕਵੀਂ ਕਹਾਵਤ ਜਾਂ ਅਖਾਣ ਨੂੰ ਵਰਤਿਆ ਜਾਵੇ, ਉੱਥੇ ਲੋਕੋਕਤੀ ਅਲੰਕਾਰ ਹੁੰਦਾ ਹੈ। ਜਿਵੇਂ :

'ਕੁੱਤਾ ਰਾਜ ਬਹਾਲੀਏ ਮੁੜ ਚੱਕੀ ਚੱਟੇ'

ਵਾਰਿਸ਼ ਸ਼ਾਹ ਨ ਆਦਤਾਂ ਜਾਂਦੀਆਂ ਨੇ,

ਭਾਵੈਂ ਕੱਟੀਏ ਪੋਰੀਆਂ ਪੋਰੀਆਂ ਜੀ।

**ਵਿਰੋਧ ਅਲੰਕਾਰ:-** ਕਈ ਵਾਰ ਕਵਿਤਾ ਵਿਚ ਕਿਸੇ ਅਮਰ ਸੱਚਾਈ ਜਾਂ ਵੇਦਨਾ ਦਾ ਰੂਪਮਾਨ ਕਰਨ ਲਈ ਪ੍ਰਤੱਖ (ਦਿਸਦੇ) ਅਤੇ ਅਪ੍ਰਤੱਖ (ਅਣਦਿਸਦੇ ਜਾਂ ਪਰੋਖ) ਦੇ ਦਰਮਿਆਨ ਇਕ ਵਿਰੋਧ ਦੀ ਸਿਰਜਣਾ ਕਰ ਲਈ ਜਾਂਦੀ ਹੈ। ਭਾਵ ਜਿੱਥੇ ਕਿਸੇ ਕੰਮ ਦਾ ਅਸਰ ਉਲਟਾ ਦੱਸਿਆ ਜਾਵੇ, ਉੱਥੇ ਵਿਰੋਧ ਅਲੰਕਾਰ ਹੁੰਦਾ ਹੈ। ਜਿਵੇਂ :

ਠੰਢੀ ਪੌਣ ਹੈ ਸਾੜਦੀ ਹੱਡ ਸਾਡੇ,

ਸੁੱਕ ਰਹੇ ਨੇ ਮੀਂਹ ਵਿਚ ਖੇਤ ਬੇਲੀ।

ਉਪਰੋਕਤ ਕਾਵਿ-ਸਤਰਾਂ ਵਿਚ ਕਵੀ ਨੇ ਦੱਸਿਆ ਹੈ ਕਿ ਠਮਡੀ ਪੌਣ ਜਾਂ ਹਵਾ ਨਾਲ ਹੱਥ ਸੜ੍ਹ ਰਹੇ ਹਨ ਜਦਕਿ ਠਮਡੀ ਹਵਾ ਨਾਲ ਤਾਂ ਗੋਰ ਜਿਆਦਾ ਠੰਡ ਮਹਿਸੂਸ ਹੁੰਦੀ ਹੈ। ਕਵੀ ਦੇ ਅਨੁਸਾਰ ਮੀਂਹ ਨਾਲ ਖੇਤ ਅਤੇ ਫਸਲਾਂ ਸੁੱਕ ਰਹੇ ਹਨ ਜਦਕਿ ਮੀਂਹ ਨਾਲ ਤਾਂ ਹਰ ਪਾਸੇ ਹਰਿਆਲੀ ਫੇਲਦੀ ਹੈ ਅਤੇ ਖੇਤ ਪਾਣੀ ਨਾਲ ਝੂਮ ਉੱਠਦੇ ਹਨ। ਇੱਥੇ ਵਿਰੋਧ ਦਾ ਭਾਵ ਮਹਿਸੂਸ ਹੋ ਰਿਹਾ ਹੈ।

"ਧਰ ਤਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ" (***ਗੁਰੂ ਨਾਨਕ ਦੇਵ ਜੀ***)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਵਿਰੋਧਾਭਾਸ ਭਾਵ ਨੂੰ ਪ੍ਰਸਤੁਤ ਕੀਤਾ ਹੈ ਕਿਉਂਕਿ ਆਮ ਤੌਰ ਤੇ ਤੱਕੜੀ ਦਾ ਛਾਬਾ ਤਾਂ ਹੀ ਨੀਵਾਂ ਹੁੰਦਾ ਹੈ ਜੇ ਕੋਈ ਭਾਰੀ ਵਸਤੂ ਛਾਬੇ ਵਿਚ ਪਾਈਏ ਪਰੰਤੂ ਇੱਥੇ ਗੁਰੂ ਨਾਨਕ ਦੇਵ ਜੀ ਨੇ ਦੱਸਿਆ ਹੈ ਕਿ ਜੋ ਵਿਅਕਤੀ ਇਸ ਸੰਸਾਰ ਵਿਚ ਨੀਵਾਂ ਹੁੰਦਾ ਹੈ ਉਹ ਗਉਰਾ ਜਾਂ ਭਾਰੀ ਹੁੰਦਾ ਹੈ ਭਾਵ ਪੰਜ ਵਿਕਾਰਾਂ ਨੂੰ ਛੱਡ ਕੇ ਜੋ ਵਿਅਕਤੀ ਨੀਵਾਂ ਹੋ ਕੇ ਚੱਲਦਾ ਹੈ, ਉਹ ਵਿਅਕਤੀ ਜਿਆਦਾ ਮਹਾਨ ਅਤੇ ਗੌਰਵਸ਼ਾਲੀ ਹੁੰਦਾ ਹੈ।

**ਲੇਸ਼ ਅਲੰਕਾਰ:-** ਜਦੋਂ ਕਵੀ ਦੁਆਰਾ ਗੁਣ ਨੂੰ ਦੋਸ਼ ਤੇ ਦੋਸ਼ ਨੂੰ ਗੁਣ ਬਣਾ ਕੇ ਪੇਸ਼ ਕੀਤਾ ਗਿਆ ਹੋਵੇ ਤਾਂ ਉੱਥੇ ਲੇਸ਼ ਅਲੰਕਾਰ ਹੁੰਦਾ ਹੈ। ਜਿਵੇਂ :

ਪੜ੍ਹ-ਪੜ੍ਹ ਪੁਸਤਕ ਢੇਰ ਕੁੜੇ।

ਮੇਰਾ ਵਧਦਾ ਜਾਏ ਹਨ੍ਹੇਰ ਕੁੜੇ।

ਉਪਰੋਕਤ ਕਾਵਿ-ਸਤਰਾਂ ਵਿਚ ਪੁਸਤਕਾਂ ਪੜ੍ਹਨ ਨਾਲ ਅਗਿਆਨੀ ਹੋਣ ਦਾ ਜ਼ਿਕਰ ਹੈ, ਜਦਕਿ ਪੁਸਤਕਾਂ ਪੜ੍ਹਨ ਨਾਲ ਤਾਂ ਵਿਅਕਤੀ ਗਿਆਨਵਾਨ ਹੁੰਦਾ ਹੈ ਭਾਵ ਇੱਥੇ ਗੁਣ ਨੂੰ ਔਗੁਣ ਬਣਾ ਕੇ ਪ੍ਰਸਤੁਤ ਕੀਤਾ ਗਿਆ ਹੈ, ਜੋ ਕਿ ਲੇਸ਼ ਅਲੰਕਾਰ ਨਾਲ ਸੰਬੰਧਿਤ ਹੈ।

**ਲਲਿਤ ਅਲੰਕਾਰ :-** ਜਦੋਂ ਕਵੀ ਕਿਸੇ ਗੱਲ ਨੂੰ ਸਪੱਸ਼ਟ ਕਹਿਣ ਦੀ ਬਜਾਏ ਕੇਵਲ ਉਸਦੇ ਭਾਵ ਦਾ ਪ੍ਰਤੀਬਿੰਬ ਹੀ ਵਰਨਣ ਕਰਦਾ ਹੈ, ਤਾਂ ਉੱਥੇ ਲਲਿਤ ਅਲੰਕਾਰ ਹੁੰਦਾ ਹੈ। ਅਰਥਾਤ ਕਾਵਿ-ਸਤਰਾਂ ਵਿਚ ਕੇਵਲ ਕਹਿਣਯੋਗ ਗੱਲ ਦਾ ਝਲਕਾਰਾ ਹੀ ਪਾਇਆ ਜਾਂਦਾ ਹੈ।

ਭਲਾ ਹੋਇਆ ਮੇਰਾ ਚਰਖਾ ਟੁੱਟਾ, ਜਿੰਦ ਅਜਾਬੋ ਛੁੱਟੀ।

ਓਪਰੋਕਤ ਕਾਵਿ-ਤੁਕਾਂ ਵਿਚ ਕਵੀ ਨੇ ਕਹਿਣਯੋਗ ਗੱਲ ਦਾ ਤਾਂ ਕੇਵਲ ਝਲਕਾਰਾਂ ਹੀ ਪਾਇਆ ਹੈ ਭਾਵ ਇੱਥੇ ਕਵੀ ਨੇ ਚਰਖੇ ਦੇ ਮਾਧਿਅਮ ਰਾਹੀਂ ਆਪਣੀ ਗੱਲ ਨੂੰ ਸਪੱਸ਼ਟ ਕਰਨਾ ਚਾਹੁੰਦਾ ਹੈ ਕਿ ਜਦੋਂ ਕੋਈ ਵਿਅਕਤੀ ਕਿਸੇ ਕੰਮ ਨੂੰ ਛੱਡਣਾਂ ਚਾਹੁੰਦਾ ਹੋਵੇ ਅਤੇ ਆਪਣੇ ਆਪ ਹੀ ਉਸ ਨੂੰ ਕੰਮ ਤੋਂ ਕੱਢ ਦਿੱਤਾ ਜਾਵੇ।

**ਕਾਵਿ ਲਿੰਗ ਅਲੰਕਾਰ:-** ਕਾਵਿ ਲਿੰਗ ਦਾ ਅਰਥ ਹੈ - ਦਲੀਲ ਜਾਂ ਜੁਗਤੀ ਨਾਲ ਅਰਥ ਦੀ ਪੁਸ਼ਟੀ ਕਰਨੀ। ਭਾਵ ਜਿੱਥੇ ਇਕ ਗੱਲ ਕਹਿ ਕੇ, ਉਸ ਗੱਲ ਨਾਲ ਸੰਬੰਧਿਤ ਦਲੀਲ ਦੇ ਕੇ ਉਸ ਗੱਲ ਦੀ ਪੁਸ਼ਟੀ ਕੀਤੀ ਜਾਵੇ।

ਫਰੀਦਾ ਖਾਕੁ ਨਾ ਨਿੰਦੀਏ ਖਾਕੁ ਜੇਤੁ ਨਾ ਕੋਇ॥

ਜੀਵਦਿੰਆ ਪੈਰਾ ਥੱਲੇ ਮੋਇਆਂ ਉਪਰਿ ਹੋਇ॥ **(*ਸ਼ੇਖ ਫਰੀਦ ਜੀ*)**

ਓਪਰੋਕਤ ਕਾਵਿ-ਸਤਰਾਂ ਵਿਚ ਸੇਖ਼ ਫਰੀਦ ਜੀ ਦੱਸਦੇ ਹਨ ਕਿ ਮਨੁੱਖ ਨੂੰ ਖਾਕ ਭਾਵ ਮਿੱਟੀ-ਘੱਟੇ ਤੋਂ ਨਫਰਤ ਨਹੀਂ ਕਰਨੀ ਚਾਹੀਦੀ ਹੈ ਕਿਉਕਿ ਜਿੰਦਗੀ ਵਿਚ ਅਸੀਂ ਜਿਸ ਮਿੱਟੀ-ਘੱਟੇ ਦੇ ਉਪਰ ਚੱਲਦੇ ਹਾਂ ਮੌਤ ਤੋਂ ਬਾਅਦ ਉਹ ਮਿੱਟੀ ਸਾਡੇ ਸਿਰ ਦੀ ਛੱਤ ਹੋਵੇਗੀ। ਇੱਥੇ ਸ਼ੇਖ ਫਰੀਦ ਜੀ ਨੇ ਆਪਣੀ ਗੱਲ ਦੇ ਅਰਥ ਨੂੰ ਦਲੀਲ ਜਾਂ ਜੁਗਤੀ ਨਾਲ ਸਮਝਾਉਣ ਦਾ ਉਪਰਾਲਾ ਕੀਤਾ ਹੈ।

ਕਨਕ ਕਨਕ ਤੇ ਸੌਗੁਣੀ ਮਾਦਕਤਾ ਅਧਿਕਾਇ।

ਉਹ ਖਾਏ ਬੌਰਾਇ ਜਗ ਉਹ ਪਾਏ ਬੌਰਾਇ। (***ਬਿਹਾਰੀ***)

ਉਪਰੋਕਤ ਕਾਵਿ-ਸਤਰਾਂ ਵਿਚ ਹਿੰਦੀ ਦੇ ਕਵੀ ਬਿਹਾਰੀ ਨੇ ਇਹ ਗੱਲ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਸੋਨਾ ਧਤੂਰੇ ਤੋਂ ਵੀ ਵੱਧ ਨਸ਼ਾ ਰੱਖਦਾ ਹੈ ਕਿਉਂਕਿ ਧਤੂਰੇ ਨੂੰ ਖਾ ਕੇ ਲੋਕ ਨਸ਼ੇ ਵਿਚ ਪਾਗਲ ਹੁੰਦੇ ਹਨ ਪਰੰਤੂ ਸੋਨੇ ਨੂੰ ਪ੍ਰਾਪਤ ਕਰਕੇ ਹੀ ਲੋਕ ਲਾਲਚ ਵਿਚ ਪਾਗਲ ਹੋ ਜਾਂਦੇ ਹਨ। ਇੱਥੇ ਧਤੂਰੇ ਤੋਂ ਵੀ ਵੱਧ ਸੋਨੇ ਵਿਚ ਨਸ਼ੇ ਦੀ ਗੱਲ ਕੀਤੀ ਗਈ ਹੈ।

**ਪ੍ਰਤੀਪ ਅਲੰਕਾਰ:-** ਪ੍ਰਤੀਪ ਅਲੰਕਾਰ ਦਾ ਅਰਥ ਹੈ - ਵਿਪਰੀਤ ਜਾਂ ਉਲਟ। ਜਦੋਂ ਉਪਮਾਨ (ਜਿਸ ਵਸਤੂ ਨਾਲ ਤੁਲਨਾ ਕੀਤੀ ਜਾਵੇ) ਨੂੰ ਉਪਮੇਯ (ਜਿਸ ਵਸਤੂ ਦੀ ਤੁਲਨਾ ਕੀਤੀ ਜਾਵੇ) ਬਣਾ ਕੇ ਪੇਸ਼ ਜਾਂ ਪ੍ਰਸਤੁਤ ਕੀਤਾ ਜਾਵੇ, ਤਾਂ ਉੱਥੇ ਪ੍ਰਤੀਪ ਅਲੰਕਾਰ ਹੁੰਦਾ ਹੈ।

'ਤੇਰੇ ਨੈਣਾਂ ਵਰਗੇ ਕਮਲ ਖਿਲੇ ਹੋਏ ਹਨ'

ਉਪਰੋਕਤ ਕਾਵਿ-ਪੰਕਤੀਆਂ ਵਿਚ 'ਨੈਣ' ਉਪਮੇਯ ਅਤੇ 'ਕਮਲ' ਉਪਮਾਨ ਹੈ। ਪਰੰਤੂ ਇੱਥੇ 'ਕਮਲ' ਨੂੰ ਉਪਮੇਯ ਬਣਾ ਕੇ ਵਰਨਣ ਕੀਤਾ ਗਿਆ ਹੈ।

**ਅਸੰਭਵ ਅਲੰਕਾਰ:-** ਜਦੋਂ ਕਵਿਤਾ ਜਾਂ ਕਾਵਿ ਵਿਚ ਕਿਸੇ ਅਣਹੋਈ ਗੱਲ ਦੇ ਹੋਣ ਬਾਰੇ ਦੱਸਿਆ ਜਾਵੇ, ਤਾਂ ਉੱਥੇ ਅਸੰਭਵ ਅਲੰਕਾਰ ਹੁੰਦਾ ਹੈ।

ਤੇਰੇ ਚਰਨ ਤੋਂ ਉਠੇ ਜੋ ਧੂੜ ਬੇਲੀ,

ਪੁੱਜ ਅਸਮਾਨ ਤੇ ਤਾਰੇ ਨੂੰ ਮਾਤ ਪਾਵੇ।

ਉਪਰੋਕਤ ਕਾਵਿ-ਸਤਰਾਂ ਵਿਚ ਕਵੀ ਦੇ ਅਨੁਸਾਰ ਚਰਨਾਂ ਦੀ ਧੂੜ ਅਸਮਾਨ ਵਿਚ ਤਾਰਿਆਂ ਨੂੰ ਮਾਤ ਪਾ ਰਹੀ ਹੈ ਜੋ ਕਿ ਸੰਭਵ ਨਹੀਂ ਹੈ ਪਰੰਤੂ ਫਿਰ ਵੀ ਕਵੀ ਨੇ ਇੱਥੇ ਅਣਹੋਈ ਗੱਲ ਦੇ ਹੋਣ ਬਾਰੇ ਦੱਸਿਆ ਗਿਆ ਹੈ।

**ਵਚਿੱਤਰ ਅਲੰਕਾਰ:-** 'ਵਚਿੱਤਰ' ਸ਼ਬਦ ਦਾ ਅਰਥ ਹੈ - ਅਨੋਖਾ ਜਾਂ ਅਸਚਰਜ। ਜਦੋਂ ਕਿਸੇ ਕਵਿਤਾ ਜਾਂ ਕਾਵਿ ਵਿਚ ਕਿਸੇ ਫਲ ਦੀ ਪ੍ਰਾਪਤੀ ਲਈ ਉਸ ਫਲ ਤੋਂ ਉਲਟਾ ਯਤਨ ਕੀਤਾ ਜਾਵੇ।

ਫਰੀਦਾ ਲੋੜੈ ਦਾਖ ਬਜੌਰੀਆ ਕੀਕਰ ਬੀਜੇ ਜੱਟ॥

ਹੰਦੈ ਉਨ ਕਤਾਏਦਾ ਪੈਂਦਾ ਲੋੜੈ ਪੱਟ॥

**ਪ੍ਰਸ਼ਨ ਅਲੰਕਾਰ:-** ਇਹ ਅਲੰਕਾਰ ਪੁਛੇ ਗਏ ਪ੍ਰਸ਼ਨ ਦੇ ਉਪਰ ਆਧਾਰਿਤ ਹੁੰਦਾ ਹੈ। ਜਦੋਂ ਕਵਿਤਾ ਜਾਂ ਕਾਵਿ ਵਿਚ ਕਵੀ ਪਾਠਕਾਂ ਤੋਂ ਕੋਈ ਪ੍ਰਸ਼ਨ ਪੁੱਛਦਾ ਹੈ ਤਾਂ ਉੱਥੇ ਪ੍ਰਸ਼ਨ ਅਲੰਕਾਰ ਹੁੰਦਾ ਹੈ। ਜਿਵੇਂ:

ਕਿਵ ਸਚਿਆਰਾ ਹੋਈਏ ਕਿਵ ਕੂੜੇ ਤੂਟੇ ਪਾਲ॥ (***ਜਪੁਜੀ ਸਾਹਿਬ***)

**ਉੱਤਰ ਅਲੰਕਾਰ:-** ਇਹ ਅਲੰਕਾਰ ਕਵਿਤਾ ਜਾਂ ਕਾਵਿ ਵਿਚ ਪੁੱਛੇ ਗਏ ਪ੍ਰਸ਼ਨ ਦੇ ਉੱਤਰ 'ਤੇ ਆਧਾਰਿਤ ਹੁੰਦਾ ਹੈ। ਜਿਵੇਂ :

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ (***ਜਪੁਜੀ ਸਾਹਿਬ***)

**ਵਿਆਜ ਨਿੰਦਾ ਅਲੰਕਾਰ:-** ਸੰਸਕ੍ਰਿਤ ਭਾਸ਼ਾ ਦੇ ਸ਼ਬਦ 'ਵਿਆਜ' ਦਾ ਅਰਥ ਹੈ - ਬਹਾਨਾ। ਸੋ ਬਹਾਨੇ ਨਾਲ ਕੀਤੀ ਗਈ ਨਿੰਦਿਆ ਭਾਵ ਜਦੋਂ ਪ੍ਰਤੱਖ ਤੌਰ ਤੇ ਕਿਸੇ ਦੀ ਉਸਤਤਿ ਜਾਂ ਵਡਿਆਈ ਕੀਤੀ ਜਾਵੇ ਪਰ ਅਪ੍ਰਤੱਖ ਤੌਰ ਤੇ ਨਿੰਦਿਆ ਹੀ ਕੀਤੀ ਗਈ ਹੋਵੇ ਤਾਂ ਉੱਥੇ ਵਿਆਜ ਨਿੰਦਾ ਅਲੰਕਾਰ ਹੁੰਦਾ ਹੈ। ਜਿਵੇਂ:

ਵਾਹ ਤੇਰਾ ਬਲ ਤੇ ਵਾਹ ਤੇਰੀ ਤਲਵਾਰ,

ਇਕ ਸੱਟੇ ਮੱਛਰ, ਮੱਖੀ ਬੁਲਾਵੇ ਪਾਰ।

**ਉਤਪ੍ਰੇਖਿਆ ਅਲੰਕਾਰ:-** ਜਿੱਥੇ ਉਪਮੇਯ ਦੀ ਉਪਮਾਨ ਦੇ ਰੂਪ ਵਿਚ ਸੰਭਾਵਨਾ ਕੀਤੀ ਜਾਵੇ ਭਾਵ ਜਦੋਂ ਕਿਸੇ ਵਸਤੂ ਦੀ ਉਸ ਨਾਲ ਮਿਲਦੀ ਹੋਰ ਵਸਤੂ ਦੇ ਰੂਪ ਵਿਚ ਸੰਭਾਵਨਾ ਕੀਤੀ ਜਾਵੇ, ਤਾਂ ਉੱਥੇ ਉਤਪ੍ਰੇਖਿਆ ਅਲੰਕਾਰ ਹੁੰਦਾ ਹੈ। ਜਿਵੇਂ:

ਦਿਲ ਦਾ ਮਾਨ ਸਰੋਵਰ ਭਰਿਆ

ਤੇਰੀਆਂ ਯਾਦਾਂ ਈਕਣ ਆਈਆਂ

ਜਿਉਂ ਹੰਸਾਂ ਦੀ ਡਾਰ ਵੇ। (***ਅਸ਼ੋਕਾ ਚੇਤੀ***)

ਓਪਰੋਕਤ ਕਾਵਿ-ਸਤਰਾਂ ਵਿਚ ਯਾਦਾਂ (ਉਪਮੇਯ) ਦੀ ਹੰਸਾਂ ਦੀ ਡਾਰ (ਉਪਮਾਨ) ਵਿਚ ਸੰਭਾਵਨਾ ਕੀਤੀ ਗਈ ਹੈ।

**ਵਿਅਤੀਰੇਕ ਅਲੰਕਾਰ:-** ਜਦੋਂ ਉਪਮੇਯ (ਜਿਸ ਵਸਤੂ ਦੀ ਤੁਲਨਾ ਕੀਤੀ ਜਾਵੇ) ਅਤੇ ਉਪਮਾਨ (ਜਿਸ ਵਸਤੂ ਨਾਲ ਤੁਲਨਾ ਕੀਤੀ ਜਾਵੇ) ਦੀ ਤੁਲਨਾ ਵਿਚ ਉਪਮੇਯ ਨੂੰ ਹੀ ਸਭ ਤੋਂ ਉੱਤਮ ਸਮਝਿਆ ਜਾਂਦਾ ਹੈ, ਤਾਂ ਉੱਥੇ ਵਿਅਤੀਰੇਕ ਅਲੰਕਾਰ ਹੁੰਦਾ ਹੈ।

"ਚੰਦਰਮਾ ਕਲੰਕਤ ਹੈ

ਉਸਦਾ ਮੁਖੜਾ

ਨਿਹਕਲੰਕ ਹੈ"

ਇੱਥੇ ਉਪਮੇਯ ਮੁਖ ਨੂੰ ਚੰਦਰਮਾ (ਉਪਮਾਨ) ਨਾਲੋਂ ਉੱਤਮ ਦਰਸਾਇਆ ਗਿਆ ਹੈ।

**ਸਮਰਣ ਅਲੰਕਾਰ:-** 'ਸਮਰਣ' ਦਾ ਅਰਥ ਹੈ ਯਾਦ। ਜਦੋਂ ਕਵਿਤਾ ਜਾਂ ਕਾਵਿ ਵਿਚ ਉਪਮਾਨ ਨੂੰ ਦੇਖ ਕੇ ਉਪਮਾਨ ਦੀ ਯਾਦ ਆਉਂਦੀ ਹੈ ਭਾਵ ਸਮਾਨ ਵਸਤੂ ਜਾਂ ਦ੍ਰਿਸ਼ ਦੇ ਦੇਖਣ ਤੋਂ ਕਿਸੇ ਪਹਿਲਾਂ ਵੇਖੀ ਵਸਤੂ ਜਾਂ ਦ੍ਰਿਸ਼ ਦੀ ਯਾਦ ਆ ਜਾਵੇ ਤਾਂ ਉੱਥੇ ਸਮਰਣ ਅਲੰਕਾਰ ਹੁੰਦਾ ਹੈ। ਜਿਵੇਂ:

"ਚੰਦਰਮਾ ਨੂੰ ਵੇਖਕੇ ਉਸਦੇ ਮੁਖ ਦੀ ਯਾਦ ਆਂਦੀ ਏ"

ਓਪਰੋਕਤ ਕਾਵਿ-ਤੁਕ ਵਿਚ ਚੰਦਰਮਾ (ਉਪਮਾਨ) ਨੂੰ ਵੇਖ ਕੇ ਮੁਖ (ਉਪਮੇਯ) ਦੀ ਯਾਦ ਆ ਰਹੀ ਹੈ, ਕਿਉਂਕਿ 'ਉੱਜਲਤਾ' ਦੋਹਾਂ ਦਾ ਸਾਂਝਾ ਗੁਣ ਹੈ।

**ਭ੍ਰਾਂਤੀ ਅਲੰਕਾਰ:-** ਜਦੋਂ ਕਵਿਤਾ ਵਿਚ ਸਮਾਨਤਾ ਕਰਕੇ ਭਰਮ ਜਾਂ ਭ੍ਰਾਂਤੀ ਨਾਲ ਕਿਸੇ ਵਸਤੂ ਨੂੰ ਹੋਰ ਵਸਤੂ ਮੰਨ ਲਿਆ ਜਾਵੇ ਤਾਂ ਉੱਥੇ ਭ੍ਰਾਂਤੀ ਅਲੰਕਾਰ ਹੁੰਦਾ ਹੈ। ਜਿਵੇਂ:

ਜਦੋਂ ਬਿਸ਼ਨੀ ਬਾਗ ਵਿਚ ਆਈ।

ਭੌਰਿਆਂ ਨੂੰ ਭੁਲੇਖਾ ਪੈ ਗਿਆ। (***ਲੋਕ ਗੀਤ***)

ਓਪਰੋਕਤ ਕਾਵਿ-ਸਤਰਾਂ ਵਿਚ ਬਿਸ਼ਨੀ (ਨਾਇਕਾ) ਦੇ ਫੁੱਲਾਂ ਵਰਗੇ ਸੁੰਦਰ ਮੁਖ ਨੂੰ ਫੁੱਲ ਸਮਝ ਕੇ ਭੌਰਿਆਂ ਨੂੰ ਭ੍ਰਮ-ਭੁਲੇਖਾ ਹੋ ਗਿਆ ਹੈ, ਜੋ ਕਿ ਭ੍ਰਾਂਤੀ ਅਲੰਕਾਰ ਨਾਲ ਸੰਬੰਧਿਤ ਹੈ।

**ਸ਼ਬਦਾਰਥ-ਅਲੰਕਾਰ :-** ਸ਼ਬਦਾਰਥ ਅਲੰਕਾਰ ਨੂੰ ਮਿਸ਼ਰਿਤ ਅਲੰਕਾਰ ਵੀ ਕਿਹਾ ਜਾਂਦਾ ਹੈ। ਜਿੱਥੇ ਜਦੋਂ ਦੋ ਜਾਂ ਦੋ ਤੋਂ ਵੱਧ ਅਲੰਕਾਰ ਇਕ ਦੂਸਰੇ ਵਿਚ ਘੁਲੇ-ਮਿਲੇ ਹੋਣ ਜਾਂ ਸ਼ਬਦ ਅਲੰਕਾਰ ਅਤੇ ਅਰਥ ਅਲੰਕਾਰ ਇਕੋ ਥਾਈ ਮੌਜੂਦ ਹੋਣ ਤਾਂ ਉੱਥੇ ਮਿਸ਼ਰਤ ਜਾਂ ਸ਼ਬਦਾਰਥ ਅਲੰਕਾਰ ਹੁੰਦਾ ਹੈ। ਭਾਵ ਜਿਹੜੇ ਅਲੰਕਾਰ ਸ਼ਬਦ ਅਤੇ ਅਰਥ ਤੇ ਆਧਾਰਿਤ ਹੋ ਕੇ ਦੋਹਾਂ ਵਿਚਕਾਰ ਕਾਵਿਕ ਚਮਤਕਾਰ ਪੈਦਾ ਕਰਦੇ ਹਨ। ਜਿਵੇਂ :

ਪੜ੍ਹ-ਪੜ੍ਹ ਪੁਸਤਕ ਢੇਰ ਕੁੜੇ।

ਮੇਰਾ ਵਧਦਾ ਜਾਏ ਹਨ੍ਹੇਰ ਕੁੜੇ।

ਉਪਰੋਕਤ ਕਾਵਿ-ਸਤਰਾਂ ਵਿਚ 'ਪ' ਧੁਨੀ ਤੇ 'ੜ' ਧੁਨੀ ਦਾ ਦੁਹਰਾਓ ਰਾਹੀਂ ਅਨੁਪ੍ਰਾਸ ਅਲੰਕਾਰ (ਸ਼ਬਦ ਅਲੰਕਾਰ) ਸਿਰਜਿਆ ਗਿਆ ਹੈ ਤੇ ਨਾਲ ਹੀ ਪੁਸਤਕਾਂ ਪੜ੍ਹਨ ਨਾਲ ਹਨ੍ਹੇਰ ਦੇ ਵਧਣ ਦੀ ਗੱਲ ਕਰਕੇ ਲੇਸ਼ ਅਲੰਕਾਰ (ਅਰਥ ਅਲੰਕਾਰ) ਦੀ ਸਿਰਜਨਾ ਕੀਤੀ ਗਈ ਹੈ। ਸ਼ਬਦਾਰਥ ਜਾਂ ਮਿਸ਼ਰਿਤ ਅਲੰਕਾਰ ਦੀਆਂ ਕਿਸਮਾਂ ਹੇਠ ਲਿਖੇ ਅਨੁਸਾਰ ਹੈ :

**ਸਿ੍ਸ਼ਨੀ ਅਲੰਕਾਰ :-** ਇਸ ਅਲੰਕਾਰ ਵਿਚ ਸ਼ਬਦ-ਅਲੰਕਾਰ ਅਤੇ ਅਰਥ-ਅਲੰਕਾਰ ਦੋਹਾਂ ਦੀ ਸਾਂਝੀ ਵਰਤੋਂ ਕੀਤੀ ਜਾਂਦੀ ਹੈ। ਜਿਵੇ :

ਮਿੱਟੀ, ਮਿੱਟੀ, ਮਿੱਟੀ,

ਬਸ ਮਿੱਟੀ ਹੀ ਮਿੱਟੀ।

ਦੇਖ ਲਈ ਖੁਦਾ,

ਇਸ ਤੋਂ ਵੱਧ ਨਾ ਤੇਰੀ ਖੁਦਾਈ।

ਓਪਰੋਕਤ ਸਤਰਾਂ ਵਿਚ ਕਵੀ ਨੇ ਸ਼ਬਦਾਂ ਅਤੇ ਅਰਥਾਂ ਤੇ ਆਧਾਰਿਤ ਹੋ ਕੇ ਦੋਹਾਂ ਵਿਚਕਾਰ ਕਾਵਿਕ ਚਮਤਕਾਰ ਪੈਦਾ ਕਰਨ ਦਾ ਯਤਨ ਕੀਤਾ ਹੈ। ਇੱਥੇ ਕਵੀ ਨੇ 'ਮਿੱਟੀ' ਸ਼ਬਦ ਦਾ ਵਾਰ-ਵਾਰ ਦੁਹਰਾਅ ਕੀਤਾ ਹੈ ਜੋ ਕਿ ਸ਼ਬਦ-ਅਲੰਕਾਰ (ਵੀਪਸਾ ਅਲੰਕਾਰ) ਦੀ ਉਦਾਹਰਨ ਹੈ। ਕਵੀ ਨੇ ਇੱਥੇ ਮਨੁੱਖੀ ਸਰੀਰ ਦੀ ਤੁਲਨਾ ਮਿੱਟੀ ਦੇ ਨਾਲ ਕੀਤੀ ਹੈ ਜੋ ਕਿ ਅਰਥ-ਅਲੰਕਾਰ (ਰੂਪਕ ਅਲੰਕਾਰ) ਨਾਲ ਸੰਬੰਧਿਤ ਹੈ।

**ਸ਼ੰਕਰ ਅਲੰਕਾਰ: -** ਜਦੋਂ ਦੋ ਜਾਂ ਦੋ ਤੋਂ ਵੱਧ ਅਲੰਕਾਰ ਆਪਸ ਵਿਚ ਦੁੱਧ ਪਾਣੀ ਵਾਂਗ ਮਿਲੇ ਹੋਣ ਤੇ ਉਨ੍ਹਾਂ ਨੂੰ ਵੱਖ-ਵੱਖ ਵੇਖਿਆ ਨਾ ਜਾ ਸਕੇ।

**1.7.4. ਰੀਤੀ ਸਿਧਾਂਤ:-** 'ਰੀਤੀ' ਸਿਧਾਂਤ ਭਾਰਤੀ ਕਾਵਿ ਸ਼ਾਸਤਰ ਦੇ ਛੇ ਸਿਧਾਂਤਾਂ ਵਿਚੋਂ ਮਹੱਤਵਪੂਰਨ ਸਿਧਾਂਤ ਹੈ। ਇਸ ਸਿਧਾਂਤ ਦਾ ਆਰੰਭ ਆਚਾਰੀਆ ਵਾਮਨ ਤੋਂ ਹੋਇਆ ਹੈ ਜਿਸ ਨੇ ਆਪਣੇ ਗ੍ਰੰਥ 'ਕਾਵਿ

ਅਲੰਕਾਰ ਸੂਤ੍ਰਵ੍ਰਿਤੀ' ਵਿਚ ਰੀਤੀ ਨੂੰ ਕਾਵਿ ਦੀ ਆਤਮਾ ਮੰਨਿਆ ਹੈ। 'ਰੀਤੀ' ਸ਼ਬਦ ਦੇ ਦੋ ਅਰਥ ਹਨ - ਸਾਧਾਰਨ ਸ਼ਬਦਾਂ ਵਿਚ ਰੀਤੀ ਦਾ ਅਰਥ ਹੈ - ਨੀਤੀ, ਰਿਵਾਜ, ਢੰਗ ਪੱਧਤੀ ਜਾਂ ਮਾਰਗ ਅਤੇ ਕਾਵਿ ਜਾਂ ਕਵਿਤਾ ਦੇ ਅਨੁਸਾਰ ਰੀਤੀ ਲੇਖਕ ਦੀ ਉਹ ਸ਼ੈਲੀ ਜਾਂ ਲਿਖਣ ਦਾ ਢੰਗ ਹੈ ਜਿਸ ਵਿਚ ਸ਼ਬਦਾਂ ਦੀ ਵਰਤੋਂ ਇਸ ਢੰਗ ਨਾਲ ਕੀਤੀ ਜਾਂਦੀ ਹੈ ਕਿ ਸ਼ਬਦਾਂ ਦੇ ਭਾਵ ਆਸਾਨੀ ਨਾਲ ਸਮਝ ਆ ਸਕਣ। ਹਰੇਕ ਕਵੀ ਆਪਣੇ ਆਪ, ਆਪਣੇ ਗਿਆਨ, ਆਪਣੇ ਆਲੇ-ਦੁਆਲੇ ਅਤੇ ਆਪਣੀ ਵਿਲੱਖਣ ਸਮਝ ਦੇ ਅਨੁਸਾਰ ਅਜਿਹੀ ਪ੍ਰਭਾਵਸ਼ਾਲੀ ਸ਼ੈਲੀ ਨੂੰ ਧਾਰਨ ਕਰਦਾ ਹੈ, ਜੋ ਕਿ ਦੂਜੇ ਕਵੀਆਂ ਤੋਂ ਵਿਲੱਖਣ, ਪ੍ਰਭਾਵਸ਼ਾਲੀ ਅਤੇ ਗ੍ਰਹਿਣਯੋਗ ਹੋਵੇ। ਵਾਮਨ ਤੋਂ ਪਹਿਲਾਂ ਦੰਡੀ ਅਤੇ ਪਿੱਛੋਂ ਕੁੰਤਕ ਨੇ ਰੀਤੀ ਲਈ 'ਮਾਰਗ' ਸ਼ਬਦ ਹੀ ਵਰਤਿਆ ਸੀ। ਅੰਗਰੇਜੀ ਭਾਸ਼ਾ ਵਿਚ ਰੀਤੀ ਲਈ 'ਸਟਾਈਲ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਇਕ ਕਵੀ ਜਾਂ ਸਾਹਿਤਕਾਰ ਦੀ ਦ੍ਰਿਸ਼ਟੀ ਤੋਂ ਲੇਖਕ ਦੀ ਨਿਜੀ ਪ੍ਰਗਟਾ-ਸ਼ੈਲੀ (A mode of expression) ਨੂੰ ਰੀਤੀ ਕਿਹਾ ਜਾਂਦਾ ਹੈ।

'ਰੀਤੀ ਸਿਧਾਂਤ' ਦੇ ਸੰਚਾਲਕ ਵਾਮਨ ਨੇ ਰੀਤੀ ਦੇ ਕਾਵਿਗਤ ਗੁਣਾਂ ਨਾਲ ਸੰਬੰਧ ਸਥਾਪਿਤ ਕਰਦੇ ਹੋਏ ਪਦਾਂ ਦੀ ਵਿਸ਼ਿਸ਼ਟ ਰਚਨਾ ਨੂੰ ਰੀਤੀ ਕਿਹਾ ਹੈ। ਸ਼ਾਰਦਾ ਤਨਯ ਅਤੇ ਰਾਜਸ਼ੇਖਰ ਦੋਹਾਂ ਨੇ ਕਿਹਾ ਹੈ ਕਿ 'ਵਚਨਾਂ' ਦੇ ਟਿਕਾਉਣ ਦੀ ਤਰਤੀਬ ਹੀ ਰੀਤੀ ਹੈ ਅਰਥਾਤ ਕਾਵਿ ਪਦਾਵਲੀ ਦਾ ਵਿਸ਼ੇਸ਼ ਕ੍ਰਮ ਹੀ ਰੀਤੀ ਹੈ। ਰਾਜਸ਼ੇਖਰ ਦੇ ਵਿਚਾਰ ਅਨੁਸਾਰ ਕਾਵਿ ਵਿਚ ਯੋਗ ਸ਼ਬਦਾਂ ਨੂੰ ਯੋਗ ਥਾਂ ਤੇ ਰੱਖਣਾ ਹੀ ਰੀਤੀ ਹੈ। ਆਚਾਰੀਆ ਵਿਦਿਯਾਧਰ ਦੇ ਅਨੁਸਾਰ ਰਸ ਦੇ ਅਨੁਕੂਲ ਸ਼ਬਦ ਅਤੇ ਅਰਥ ਦਾ ਸਥਾਪਨ ਹੀ ਰੀਤੀ ਹੈ। ਕੁੰਤਕ ਦੇ ਅਨੁਸਾਰ ਰੀਤੀ ਕਵੀ ਦੀ ਸ਼ੈਲੀ ਹੈ, ਇਹ ਸ਼ੈਲੀ ਕਵੀ ਦੀ ਆਪੋ ਆਪਣੇ ਸੁਭਾਅ ਮੁਤਾਬਿਕ ਭਿੰਨ ਭਿੰਨ ਹੁੰਦੀ ਹੈ।

ਰੀਤੀ ਇਕ ਸਾਹਿਤਿਕ ਪ੍ਰਵਿਰਤੀ ਹੈ ਜਿਹੜੀ ਕਿ ਕਾਵਿ ਗੁਣਾਂ ਵਾਲੇ ਸ਼ਬਦਾਂ ਦੇ ਕ੍ਰਮ ਉੱਤੇ ਨਿਰਭਰ ਕਰਦੀ ਹੈ। ਰੀਤੀ ਸਿਧਾਂਤ ਦੇ ਸਮੱਰਥਕ ਸ਼ਬਦਾਂ ਦੀ ਚੋਣ, ਪਦਾਂ ਦੀ ਵਿਸ਼ੇਸ਼ ਰਚਨਾ, ਰਸ, ਅਲੰਕਾਰ, ਧੁਨੀ ਆਦਿ ਨੂੰ ਕਾਵਿ ਦੇ ਤੱਤ ਮੰਨਿਆ ਜਾਂਦਾ ਹੈ। ਆਧੁਨਿਕ ਆਲੋਚਨਾ ਵਿਚ 'ਸ਼ੈਲੀ' ਨੂੰ ਜੋ ਸਥਾਨ ਪ੍ਰਾਪਤ ਹੈ

ਉਹੋ ਸਥਾਨ ਭਾਰਤੀ ਕਲਾਸੀਕਲ ਸਮਾਲੋਚਨਾਂ ਵਿਚ 'ਰੀਤੀ' ਨੂੰ ਪ੍ਰਾਪਤ ਹੈ। ਰੀਤੀ ਵਿਚ ਵਰਣਾਂ, ਅੱਖਰਾਂ, ਪਦਾਂ ਤੇ ਸ਼ਬਦਾਂ ਦੀ ਚੋਣ ਦਾ ਖਿਆਲ ਰੱਖਿਆ ਜਾਂਦਾ ਹੈ। ਰੀਤੀ ਜਿੱਥੇ ਕਵੀ ਦੀ ਸ਼ਖਸੀਅਤ ਦਾ ਪ੍ਰਗਟਾਵਾ ਹੈ ਉਥੇ ਵਿਸ਼ੇ-ਵਸਤੂ ਲਈ ਬਹੁਤ ਉਪਯੋਗੀ ਹੈ। ਲਿਖਣ ਦੀ ਵਿਧੀ, ਢੰਗ ਅਤੇ ਜੁਗਤੀ ਰੀਤੀ ਵਿਚ ਸ਼ਾਮਿਲ ਹੁੰਦੇ ਹਨ।

**ਰੀਤੀ ਦੇ ਮੂਲ-ਆਧਾਰ:-** ਵਾਮਨ ਦੇ ਅਨੁਸਾਰ ਮਧੁਰਤਾ, ਓਜ ਜਾਂ ਪ੍ਰਭਾਵ, ਸਰਲਤਾ, ਸਪੱਸ਼ਟਤਾ ਆਦਿ ਗੁਣਾਂ ਤੋਂ ਬਿਨਾਂ ਰੀਤੀ ਦੀ ਹੋਂਦ ਸੰਭਵ ਨਹੀਂ ਹੈ। ਅਗਨਿ ਪੁਰਾਣ ਵਿਚ ਰੀਤੀ ਦੇ ਤਿੰਨ ਤੱਤ ਮੰਨੇ ਹਨ - ਸਮਾਸ, ਅਲੰਕਾਰ ਅਤੇ ਕੋਮਲਤਾ। ਵਿਸ਼ਵਨਾਥ ਨੇ ਅੱਖਰ-ਕ੍ਰਮ, ਸ਼ਬਦ ਸਮੂਹ ਅਤੇ ਸਮਾਸ ਤਿੰਨਾਂ ਨੂੰ ਹੀ ਰੀਤੀ ਦੇ ਜਰੂਰੀ ਤੱਤ ਮੰਨੇ ਹਨ। ਰੀਤੀ ਦੇ ਇਨ੍ਹਾਂ ਜਰੂਰੀ ਤੱਤਾਂ ਤੋਂ ਬਿਨਾਂ ਰੀਤੀ ਦੀ ਹੋਂਦ ਅਸੰਭਵ ਹੈ। ਭਰਤਮੁਨੀ ਨੇ ਰੀਤੀ ਦੇ ਹੇਠ ਲਿਖੇ ਗੁਣ ਮੰਨੇ ਹਨ :-

ਸ਼ਲੇਸ਼, ਪ੍ਰਸਾਦ, ਸਮਤਾ, ਸਮਾਧਿ

ਮਾਧੁਰਯ, ਓਜ, ਸੌਕੁਮਾਰਯ,

ਅਰਥਵਿਅਕਤੀ, ਉਦਾਰਤਾ, ਕਾਂਤਿ।

ਮਾਧੁਰਯ (Sweetness) : - ਮਧੁਰਤਾ, ਮਿਠਾਸ, ਮਿੱਠਤ।

ਓਜ (Force):- ਬਲ, ਪ੍ਰਭਾਵ, ਸ਼ਕਤੀ, ਵੀਰਤਾ।

ਪ੍ਰਸਾਦ (Lucidity):- ਸਰਲਤਾ, ਸਪਸ਼ਟਤਾ, ਸੁਬੋਧਤਾ, ਸੌਖ।

**ਮਾਧੁਰਯ:-** ਮੰਮਟ ਦੇ ਅਨੁਸਾਰ ਮਾਧੁਰਯ ਗੁਣ ਵਾਲੀ ਰਚਨਾ ਵਿਚ ਇਕ ਅਜਿਹਾ ਆਨੰਦ ਹੁੰਦਾ ਹੈ, ਜਿਸ ਵਿਚ ਦਰਸ਼ਕ ਜਾਂ ਪਾਠਕ ਦਾ ਮਨ ਪਿਘਲਣ ਲੱਗਦਾ ਹੈ। ਇਸ ਵਿਚ ਟਵਰਗ (ਟ, ਠ, ਡ, ਢ, ਣ) ਨੂੰ ਛੱਡਕੇ ਬਾਕੀ ਵਿਅੰਜਨ ਬਿੰਦੀ ਨਾਲ ਮਿਲਦੇ ਹਨ ਜਿਵੇਂ ਅੰਗ, ਕੁਰੰਗ। ਸਮਾਸ ਬਹੁਤ ਘੱਟ ਜਾਂ ਬਹੁਤ ਛੋਟੇ

ਹੁੰਦੇ ਹਨ। ਜਦੋਂ ਚਿੱਤ ਸਹਿਜ-ਸੁਭਾ ਦੀ ਹਾਲਤ ਵਿਚ ਹੁੰਦਾ ਹੈ ਤਾਂ ਪਿਆਰ ਆਦਿਕ ਰੂਪ ਵਿਚ ਪੈਦਾ ਹੋਏ ਆਨੰਦ ਦੇ ਕਾਰਣ ਮਾਧੁਰਯ ਗੁਣ ਵਾਲੇ ਰਸ ਦੇ ਮਾਨਣ ਤੋਂ ਸੁਤੇ-ਸਿੱਧ ਚਿੱਤ ਪਿਘਲਣ ਲੱਗ ਜਾਂਦਾ ਹੈ।

**ਓਜ:-** ਮੰਮਟ ਦੇ ਅਨੁਸਾਰ ਇਸ ਹਾਲਤ ਵਿਚ ਮਨ ਦਾ ਧੀਰਜ ਖਤਮ ਹੋ ਜਾਂਦਾ ਹੈ ਤੇ ਤੇਜ਼ੀ, ਉਗ੍ਰਤਾ ਵੱਧ ਜਾਂਦੀ ਹੈ। ਓਜ ਵਿਚ ਵਰਗਾਂ ਦੇ ਪਹਿਲੇ ਅੱਖਰਾਂ (ਕ, ਚ, ਟ, ਤ, ਪ) ਦਾ ਦੂਜੇ ਅੱਖਰਾਂ (ਖ, ਛ, ਠ, ਥ, ਫ) ਨਾਲ ਸੰਯੋਗ ਰਹਿੰਦਾ ਹੈ ਅਤੇ ਤੀਜੇ ਅੱਖਰਾਂ (ਗ, ਜ, ਡ, ਦ, ਬ) ਦਾ ਚੌਥੇ ਅੱਖਰਾਂ (ਘ, ਝ, ਢ, ਧ, ਭ) ਨਾਲ ਸੰਯੋਗ ਹੁੰਦਾ ਹੈ। ਦੀਰਘ ਜਾਂ ਲੰਮੇ ਸਮਾਸ ਹੁੰਦੇ ਹਨ। ਇਸ ਗੁਣ ਨਾਲ ਚਿੱਤ ਵਿਚ ਤੇਜ ਉਤਪੰਨ ਹੋ ਜਾਂਦਾ ਹੈ।

**ਪ੍ਰਸਾਦ:-** ਜਦੋਂ ਕਵਿਤਾ ਵਿਚ ਸ਼ਬਦਾਂ ਦੇ ਸੁਣਨ ਸਾਰ ਹੀ ਅਰਥ ਦਾ ਗਿਆਨ ਹੋ ਜਾਵੇ, ਤਾਂ ਉੱਥੇ ਪ੍ਰਸਾਦ ਗੁਣ ਹੁੰਦਾ ਹੈ। ਮੰਮਟ ਦੇ ਅਨੁਸਾਰ ਜਿਵੇਂ ਸੁੱਕਾ ਬਾਲਣ ਇਕਦਮ ਅੱਗ ਨਾਲ ਸੜ੍ਹ ਜਾਂਦਾ ਹੈ ਅਤੇ ਸਾਫ ਕੱਪੜਾ ਪਾਣੀ ਨਾਲ ਨੁੱਚੜ ਜਾਂਦਾ ਹੈ ਠੀਕ ਉਸੇ ਤਰ੍ਹਾਂ ਪ੍ਰਸਾਦ ਗੁਣ ਵਾਲੀ ਕਵਿਤਾ ਸੁਣਦਿਆਂ ਹੀ ਪਾਠਕਾਂ ਦੇ ਦਿਲਾਂ ਵਿਚ ਉਤਰ ਜਾਂਦੀ ਹੈ ਭਾਵ ਕਵਿਤਾ ਦਾ ਅਰਥ ਆਸਾਨੀ ਨਾਲ ਸਮਝ ਆ ਜਾਂਦਾ ਹੈ।

**ਰੀਤੀ ਦੇ ਪ੍ਰਕਾਰ:-** ਰੀਤੀ ਦੀਆਂ ਕਿਸਮਾਂ ਨੂੰ ਲੈ ਕੇ ਵੱਖ-ਵੱਖ ਵਿਦਵਾਨਾਂ ਨੇ ਆਪਣੇ ਵੱਖ-ਵੱਖ ਵਿਚਾਰ ਪ੍ਰਸਤੁਤ ਕੀਤੇ ਹਨ, ਪਰੰਤੂ ਰੀਤੀ ਦੀਆਂ ਤਿੰਨ ਕਿਸਮਾਂ (ਵੈਦਰਭੀ, ਗੌੜੀ, ਪਾਂਚਾਲੀ) ਨੂੰ ਸਰਬ-ਸੰਮਤੀ ਨਾਲ ਸਵੀਕਾਰ ਕੀਤਾ ਗਿਆ ਹੈ।

**ਵੈਦਰਭੀ ਰੀਤੀ:** ਵੈਦਰਭੀ ਰੀਤੀ ਦੀ ਵਰਤੋਂ ਜਿਆਦਾਤਰ ਵਿਦਰਭ ਭਾਰਤੀ ਪ੍ਰਦੇਸ਼ ਵਿਚ ਹੋਣ ਕਰਕੇ ਇਸ ਰੀਤੀ ਦਾ ਨਾਮ ਵੈਦਰਭੀ ਰੱਖਿਆ ਗਿਆ। ਵਾਮਨ ਦੇ ਅਨੁਸਾਰ ਵੈਦਰਭੀ ਰੀਤੀ ਵਿਚ ਮਾਧੁਰਯ (ਮਧੁਰਤਾ ਜਾਂ ਮਿਠਾਸ), ਕੋਮਲ ਅੱਖਰ ਜਾਂ ਵਰਣ ਅਤੇ ਘੱਟ ਸਮਾਸ ਹੁੰਦੇ ਹਨ। ਵਾਮਨ ਦੇ ਅਨੁਸਾਰ:

> ਅਸਪ੍ਰਿਸ਼ਟਾ ਦੋਸ਼ਮਾਤ੍ਰਾਭਿਹ ਸਮਗ੍ਰ ਗੁਣ ਗੁੰਫਿਤਾ।
>
> ਵਿਪੰਚੀ ਸਵਰ ਸੌਭਾਗਯਾ ਵੈਦਰਭੀ ਰੀਤੀ ਰਿਸ਼ਯਤੇ।

ਮੰਮਟ ਦੇ ਅਨੁਸਾਰ ਵੈਦਰਭੀ ਰੀਤੀ ਵਿਚ ਟਵਰਗ (ਟ, ਠ, ਡ, ਢ, ਣ) ਅੱਖਰ ਨਹੀਂ ਹੁੰਦੇ ਅਤੇ ਸਮਾਸ ਦੀ ਵਰਤੋਂ ਬਹੁਤ ਘੱਟ ਜਾਂ ਨਾਮਾਤਰ ਹੁੰਦੀ ਹੈ। ਰੁਦਰਟ ਦੇ ਅਨੁਸਾਰ ਵੈਦਰਭੀ ਰੀਤੀ ਵਿਚ ਸੁਕੁਮਾਰ ਅਤੇ ਕੋਮਲ ਗੁਣ ਹੁੰਦੇ ਹਨ, ਸ਼ਿੰਗਾਰ, ਕਰੁਣਾ, ਸ਼ਾਂਤ ਆਦਿ ਰਸਾਂ ਦੀ ਵਰਤੋਂ ਹੁੰਦੀ ਹੈ ਅਤੇ ਸਮਾਸ ਰਹਿਤ ਹੁੰਦੀ ਹੈ। ਕੁੰਤਕ ਨੇ ਇਸ ਰੀਤੀ ਨੂੰ ਸੁਕੁਮਾਰ ਮਾਰਗ ਕਿਹਾ ਹੈ। ਵਿਸ਼ਵਨਾਥ ਨੇ ਆਪਣੇ ਗ੍ਰੰਥ 'ਸਾਹਿਤਯ ਦਰਪਣ' ਵਿਚ ਸਪੱਸ਼ਟ ਕੀਤਾ ਹੈ ਕਿ ਵੈਦਰਭੀ ਰੀਤੀ ਵਿਚ ਤਿੰਨ ਗੁਣ - ਮਾਧੁਰਯ ਗੁਣ ਵਿਅੰਜਕ ਵਰਣ ਜਾਂ ਅੱਖਰ, ਲਲਿਤ ਪਦ (ਛੋਟੇ ਵਾਕ) ਅਤੇ ਅਲਪ ਸਮਾਸ ਜਾਂ ਸਮਾਸ ਅਭਾਵ ਹੁੰਦੇ ਹਨ।

**ਗੌੜੀ ਰੀਤੀ**: ਇਸ ਰੀਤੀ ਦੀ ਵਰਤੋਂ ਗੌੜ ਦੇਸ਼ ਦੇ ਕਵੀਆਂ ਦੁਆਰਾ ਵੱਧ ਜਾਂ ਅਧਿਕ ਹੋਣ ਕਰਕੇ ਇਸ ਦਾ ਨਾਂ ਗੌੜੀ ਪਿਆ। ਪ੍ਰਾਚੀਨ ਬੰਗਾਲ ਨੂੰ ਹੀ ਗੌੜ ਕਿਹਾ ਜਾਂਦਾ ਸੀ। ਗੌੜੀ ਰੀਤੀ ਵਿਚ ਓਜ ਗੁਣ ਵਿਅੰਜਕ, ਕਠੋਰ ਵਰਣ ਜਾਂ ਅੱਖਰ, ਦੁੱਤ ਅੱਖਰ, ਟਵਰਗ ਦੀ ਵਰਤੋਂ, ਰੌਦਰ, ਵੀਰ, ਭਿਆਨਕ ਆਦਿ ਰਸਾਂ ਦੀ ਵਰਤੋਂ ਹੁੰਦੀ ਹੈ। ਵਾਮਨ ਨੇ ਇਸ ਰੀਤੀ ਨੂੰ 'ਤੇਜਸਵੀ' ਸ਼ੈਲੀ ਮੰਨਿਆ ਹੈ। ਵਾਮਨ ਦੇ ਅਨੁਸਾਰ ਇਸ ਰੀਤੀ ਵਿਚ ਕਠੋਰ ਪਦਾਂ, ਸਮਾਸਾਂ ਦੀ ਵਰਤੋਂ ਦੇ ਨਾਲ-ਨਾਲ ਮਧੁਰਤਾ ਅਤੇ ਸੁਕੁਮਾਰਤਾ ਦਾ ਅਭਾਵ ਹੁੰਦਾ ਹੈ। ਰੁਦਰਟ ਨੇ ਇਸ ਰੀਤੀ ਨੂੰ ਦੀਰਘ ਸਮਾਸਾਂ ਵਾਲੀ ਰੀਤੀ ਮੰਨਦੇ ਹੋਏ ਰੌਦਰ, ਭਿਆਨਕ ਅਤੇ ਵੀਰ ਰਸਾਂ ਦੇ ਪ੍ਰਗਟਾਵੇ ਲਈ ਉਚਿਤ ਦਸਿਆ ਹੈ। ਵਿਸ਼ਵਨਾਥ ਦੇ ਅਨੁਸਾਰ ਓਜ ਗੁਣ ਪ੍ਰਕਾਸ਼ਕ ਵਰਣਾਂ ਨਾਲ ਯੁਕਤ ਰਚਨਾ, ਜਿਸ ਵਿਚ ਸਮਾਸੀ ਅਤੇ ਔਖੇ ਪਦਾਂ ਦੀ ਵਰਤੋਂ ਅਧਿਕ ਹੁੰਦੀ ਹੈ। ਇਸ ਰੀਤੀ ਵਿਚ ਭੈ, ਵੀਰਤਾ ਅਤੇ ਹੈਰਾਨੀ ਦਾ ਵਾਤਾਵਰਣ ਹੁੰਦਾ ਹੈ।

**ਪਾਂਚਾਲੀ ਰੀਤੀ**: ਇਸ ਰੀਤੀ ਦੀ ਵਰਤੋਂ ਪਾਂਚਾਲ ਦੇਸ਼ ਦੇ ਕਵੀਆਂ ਦੁਆਰਾ ਵੱਧ ਜਾਂ ਅਧਿਕ ਵਰਤੋਂ ਹੋਣ ਕਰਕੇ ਇਸ ਦਾ ਨਾਂ ਪਾਂਚਾਲੀ ਪਿਆ ਹੈ। ਵਾਮਨ ਦੇ ਅਨੁਸਾਰ ਇਸ ਰੀਤੀ ਵਿਚ ਮਧੁਰਤਾ ਅਤੇ ਸੁਕੁਮਾਰਤਾ ਦੇ ਗੁਣ ਹੁੰਦੇ ਹਨ। ਰੁਦਰਟ ਦੇ ਅਨੁਸਾਰ ਲਘੂ ਸਮਾਸ ਵਾਲੀ ਰੀਤੀ ਨੂੰ ਪਾਂਚਾਲੀ ਰੀਤੀ ਕਿਹਾ ਜਾਂਦਾ ਹੈ। ਵਿਸ਼ਵਨਾਥ ਨੇ ਪੰਜ ਛੇ ਸਮਾਸਾਂ ਨਾਲ ਯੁਕਤ ਪਦਾਂ ਵਾਲੀ ਰੀਤੀ ਨੂੰ ਪਾਂਚਾਲੀ ਰੀਤੀ ਮੰਨਿਆ ਹੈ।

ਰੁਦਰਟ ਅਤੇ ਵਿਸ਼ਵਨਾਥ ਨੇ 'ਵੈਦਰਭੀ', 'ਗੌੜੀ' ਅਤੇ 'ਪਾਂਚਾਲੀ' ਰੀਤੀ ਤੋਂ ਇਲਾਵਾ 'ਲਾਟੀ' ਰੀਤੀ ਦਾ ਵੀ ਵਰਨਣ ਕੀਤਾ ਹੈ। ਰੁਦਰਟ ਦੇ ਅਨੁਸਾਰ ਲਾਟੀ ਮੱਧਮ ਸਮਾਸਵਾਲੀ ਅਤੇ ਉਗਰ ਰਸਾਂ ਦੇ ਵਰਨਣ ਲਈ ਢੁੱਕਵੀਂ ਰੀਤੀ ਹੈ। ਵਿਸ਼ਵਨਾਥ ਨੇ ਇਸ ਰੀਤੀ ਨੂੰ ਵੈਦਰਭੀ ਅਤੇ ਪਾਂਚਾਲੀ ਦੀ ਮੱਧਵਰਤੀ ਰੀਤੀ ਮੰਨਿਆ ਹੈ। ਵੱਖ-ਵੱਖ ਰੀਤੀਆਂ ਵਿਚ ਵਿਭਿੰਨ ਕਿਸਮ ਦੇ ਕਾਵਿ ਗੁਣ ਪਾਏ ਜਾਂਦੇ ਹਨ, ਜੋ ਕਿ ਕਾਵਿ ਜਾਂ ਕਵਿਤਾ ਦੀ ਸ਼ੋਭਾ ਵਧਾਉਂਦੇ ਹਨ। ਵਾਮਨ ਦੇ ਅਨੁਸਾਰ, "ਕਾਵਿ ਦੀ ਸ਼ੋਭਾ ਵਿਚ ਵਾਧਾ ਕਰਨ ਵਾਲੇ ਧਰਮ ਹੀ ਕਾਵਿ ਦੇ ਗੁਣ ਹਨ।" (***ਭਗਤ ਸਿੰਘ ਵੇਦੀ, ਭਾਰਤੀ ਕਾਵਿ-ਸ਼ਾਸਤਰ*** 85)

ਵੱਖ-ਵੱਖ ਵਿਦਵਾਨਾਂ ਨੇ ਕਾਵਿ-ਗੁਣਾਂ ਦੀ ਗਿਣਤੀ ਅਲੱਗ-ਅਲੱਗ ਮੰਨੀ ਹੈ। ਭਰਤਮੁਨੀ ਅਤੇ ਦੰਡੀ ਨੇ ਕਾਵਿ ਗੁਣਾਂ ਦੀ ਗਿਣਤੀ ਦਸ ਮੰਨੀ ਹੈ - ਸ਼ਲੇਸ਼, ਪ੍ਰਸਾਦ, ਸਮਤਾ, ਮਧੁਰਯ, ਸੁਕੁਮਾਰਤਾ, ਅਰਥ-ਵਿਅਕਤੀ, ਉਦਾਰਤਾ, ਓਜ, ਕਾਂਤੀ ਅਤੇ ਸਮਾਧੀ। ਭਾਮਹ ਦੇ ਅਨੁਸਾਰ ਕੇਵਲ ਤਿੰਨ ਹੀ ਕਾਵਿ ਹੁਣ ਹੁੰਦੇ ਹਨ - ਮਾਧੁਰਯ, ਓਜ ਅਤੇ ਪ੍ਰਸਾਦ। ਵਾਮਨ ਨੇ ਕਾਵਿ ਗੁਣਾਂ ਦੀ ਗਿਣਤੀ ਤਾਂ ਭਰਤਮੁਨੀ ਅਤੇ ਦੰਡੀ ਵਾਲੀ ਹੀ ਮੰਨੀ ਹੈ, ਪਰੰਤੂ ਇਨ੍ਹਾਂ ਦਸ ਗੁਣਾਂ (10 ਸ਼ਬਦ ਗੁਣ ਅਤੇ 10 ਅਰਥ ਗੁਣ) ਨੂੰ ਦੋ ਵਾਰ ਗਿਣਾ ਕੇ 20 ਮੰਨੀ ਹੈ। ਭੋਜਰਾਜ ਨੇ ਕਾਵਿ-ਗੁਣਾਂ ਦੀ ਗਿਣਤੀ 24 ਮੰਨੀ ਹੈ। ਭੋਜਰਾਜ ਨੇ 10 ਕਾਵਿ-ਗੁਣ ਤਾਂ ਭਰਤਮੁਨੀ ਵਾਲੇ ਮੰਨੇ ਹਨ ਅਤੇ 14 ਗੁਣ ਨਵੇਂ ਸ਼ਾਮਿਲ ਕੀਤੇ ਹਨ - ਅਰਜਿਤਤਾ, ਪ੍ਰੇਯ, ਸੁਸ਼ਬਦਤਾ, ਸੂਖਮਤਾ, ਗੰਭੀਰਤਾ, ਵਿਸਤਾਰ, ਸੰਖੇਪ, ਸੰਮਿਤਤਾ, ਭਾਵਿਕਤਾ, ਗਤਿ, ਉਦਾਰਤਾ, ਰੀਤਿ, ਉਕਤੀ ਅਤੇ ਪ੍ਰੌੜ੍ਹੀ। ਮੰਮਟ ਨੇ ਭਾਮਹ ਦੀ ਤਰ੍ਹਾਂ ਹੀ ਕਾਵਿ-ਗੁਣਾਂ ਦੀ ਗਿਣਤੀ ਤਿੰਨ ਮੰਨੀ ਹੈ - ਮਾਧੁਰਯ, ਓਜ ਅਤੇ ਪ੍ਰਸਾਦ। ਉਪਰੋਕਤ ਵਿਚਾਰ ਚਰਚਾ ਨੂੰ ਵਿਚਾਰਨ ਤੋਂ ਬਾਅਦ ਇਨ੍ਹਾ ਕਾਵਿ-ਗੁਣਾਂ ਨੂੰ ਤਿੰਨ ਵਰਗਾਂ ਵਿਚ ਵੰਡਿਆਂ ਜਾ ਸਕਦਾ ਹੈ:

ਸ਼ਬਦ ਕਾਵਿ-ਗੁਣ: ਸ਼ਲੇਸ਼, ਪ੍ਰਸਾਦ, ਮਾਧੁਰਯ, ਸੁਕੁਮਾਰਤਾ, ਓਜ, ਕਾਂਤੀ।

ਅਰਥ ਕਾਵਿ-ਗੁਣ: ਸਹਿਜਤਾ, ਦਰਸ਼ਨ (ਅਰਥਾਂ ਦੀ ਸਪੱਸ਼ਟਤਾ), ਅਗ੍ਰਾਮਕਰਤੱਤਵ (ਪੇਂਡੂ ਅਰਥਾਂ ਦਾ ਨਾ ਹੋਣਾ), ਵਿਮਲਤਾ (ਅਰਥਾਂ ਦੀ ਸ਼ੁੱਧਤਾ, ਪ੍ਰੌਢਤਾ (Maturity)), ਅਰਥ-ਵਿਅਕਤੀ।

ਸ਼ੈਲੀ ਕਾਵਿ-ਗੁਣ: ਸਮਾਨਤਾ (ਸ਼ੈਲੀ ਦੀ ਇਕਰੂਪਤਾ), ਸਮਾਧੀ (ਸ਼ੈਲੀ ਦਾ ਉਤਾਰ-ਚੜ੍ਹਾਅ) ਅਤੇ ਉਦਾਰਤਾ (ਜਟਿਲ ਸ਼ੈਲੀ)।

ਜਦੋਂ ਕਾਵਿ ਵਿਚ ਸ਼ਬਦ, ਅਰਥ ਅਤੇ ਸ਼ੈਲੀ ਗੁਣਾਂ ਦੀ ਚਰਚਾ ਕੀਤੀ ਜਾਂਦੀ ਹੈ ਤਾਂ ਕਾਵਿ ਵਿਚ ਦੋਸ਼ਾਂ ਦੀ ਗੱਲ ਚਲ ਪੈਣਾ ਵੀ ਸੁਭਾਵਿਕ ਹੈ। ਇੱਥੇ ਕਾਵਿ ਵਿਚਲੇ ਦੋਸ਼ਾਂ ਬਾਰੇ ਚਰਚਾ ਕਰਨ ਦਾ ਸਭ ਤੋਂ ਵੱਡਾ ਲਾਭ ਇਹ ਹੋਵੇਗਾ ਕਿ ਕਵੀ ਜਾਂ ਸਾਹਿਤਕਾਰ ਕਾਵਿਤਾ ਜਾਂ ਕਾਵਿ ਦੀ ਰਚਨਾ-ਪ੍ਰਕ੍ਰਿਆ ਸਮੇਂ ਇਨ੍ਹਾਂ ਕਾਵਿ ਦੋਸ਼ਾਂ ਤੋਂ ਸਾਵਧਾਨ ਜਾਂ ਸੁਚੇਤ ਰਹਿਣਗੇ। ਜਿਸ ਪ੍ਰਕਾਰ ਅਸੀਂ ਜੀਵਨ ਵਿਚ ਹਰੇਕ ਵਸਤੂ ਵਿਚ ਕਿਸੇ ਨ ਕਿਸੇ ਪੱਖ ਤੋਂ ਦੋਸ਼ ਲੱਭਦੇ ਹਾਂ, ਉਸੇ ਤਰ੍ਹਾਂ ਭਾਰਤੀ ਕਾਵਿ ਸ਼ਾਸਤ੍ਰੀਆਂ ਨੇ ਵੀ ਕਾਵਿ ਜਾਂ ਕਵਿਤਾ ਵਿਚਲੇ ਦੋਸ਼ਾਂ ਨੂੰ ਲੱਭਿਆ ਹੈ। ਕਵਿਤਾ ਜਾਂ ਕਾਵਿ ਵਿਚਲੇ ਦੋਸ਼ਾਂ ਨੂੰ ਸ਼ਬਦ ਦੋਸ਼, ਅਰਥ ਦੋਸ਼, ਵਾਕ ਦੋਸ਼ ਅਤੇ ਰਸ ਦੋਸ਼ ਚਾਰ ਵਰਗਾਂ ਵਿਚ ਵੰਡਿਆਂ ਜਾ ਸਕਦਾ ਹੈ:

**ਸ਼ਬਦ ਦੋਸ਼**: ਭਾਰਤੀ ਕਾਵਿ-ਸ਼ਾਸਤਰ ਦੇ ਵਿਦਵਾਨਾਂ ਦੁਆਰਾ ਦੱਸੇ ਗਏ ਸ਼ਬਦ ਦੋਸ਼ਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

1. ਜਦੋਂ ਕਾਵਿ ਜਾਂ ਕਵਿਤਾ ਵਿਚ ਵਰਤਿਆ ਗਿਆ ਸ਼ਬਦ ਕੰਨਾਂ ਨੂੰ ਕਠੋਰ ਜਾਂ ਚੁਭਵਾਂ ਲੱਗੇ।

2. ਜਦੋਂ ਕਿਸੇ ਵਾਕ ਵਿਚ ਸ਼ਬਦ ਦੀ ਵਰਤੋਂ ਵਿਆਕਰਣ ਦੇ ਨਿਯਮ ਦੇ ਵਿਰੁੱਧ ਕੀਤੀ ਗਈ ਹੋਵੇ, ਜਿਵੇਂ ਲਿੰਗ ਦੋਸ਼, ਵਚਨ ਦੋਸ਼, ਕਾਰਕ ਦੋਸ਼ ਆਦਿ।

3. ਜਦੋਂ ਕਾਵਿ ਜਾਂ ਕਵਿਤਾ ਵਿਚ ਅਪ੍ਰਚਲਿਤ ਜਾਂ ਅਪ੍ਰਸਿੱਧ ਸ਼ਬਦ ਦੀ ਵਰਤੋਂ ਕੀਤੀ ਗਈ ਹੋਵੇ।

4. ਜਦੋਂ ਕਾਵਿ ਵਿਚ ਕਿਸੇ ਅਰਥ ਨੂੰ ਪ੍ਰਗਟ ਕਰਨ ਲਈ ਜਿਸ ਸ਼ਬਦ ਦੀ ਵਰਤੋਂ ਕੀਤੀ ਜਾਵੇ, ਪਰ ਉਸ ਸ਼ਬਦ ਤੋਂ ਇੱਛਿਤ ਅਰਥ ਦੀ ਪ੍ਰਤੀਤੀ ਨਾ ਹੋਵੇ।

5. ਜਦੋਂ ਦੋ ਅਰਥਾਂ ਵਾਲੇ ਸ਼ਬਦ ਦੀ ਵਰਤੋਂ ਰਾਹੀਂ ਪ੍ਰਸਿੱਧ ਅਰਥ ਦੀ ਥਾਂ ਅਪ੍ਰਸਿੱਧ ਅਰਥ ਦਾ ਬੋਧ ਜਾਂ ਗਿਆਨ ਹੋਵੇ।

6. ਜਦੋਂ ਕਿਸੇ ਕਵਿਤਾ ਜਾਂ ਕਾਵਿ ਵਿਚ ਅਸ਼ਲੀਲ, ਪੇਂਡੂ ਜਾਂ ਗੰਵਾਰ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੋਵੇ।

7. ਜਦੋਂ ਕਿਸੇ ਛੰਦ ਦੀ ਪੂਰਤੀ ਲਈ ਵਰਤਿਆ ਗਿਆ ਸ਼ਬਦ ਉਚਿਤ ਅਰਥ ਦੀ ਪ੍ਰਤੀਤੀ ਨ ਕਰ ਸਕੇ।

8. ਜਿੱਥੇ ਕਾਵਿ ਜਾਂ ਕਵਿਤਾ ਵਿਚ ਲੱਜਾ ਜਾਂ ਸਰਮ, ਘਿਰਣਾ ਸੂਚਕ ਸ਼ਬਦਾਂ ਦੀ ਵਰਤੋਂ ਕੀਤੀ ਜਾਵੇ।

**ਅਰਥ ਦੋਸ਼:** ਜਦੋਂ ਕਵਿਤਾ ਜਾਂ ਕਾਵਿ ਵਿਚ ਵਰਤੇ ਸ਼ਬਦਾਂ ਜਾਂ ਪਦਾਂ ਵਿਚ ਦੋਸ਼ ਹੁੰਦਾ ਹੈ, ਤਾਂ ਉੱਥੇ ਸ਼ਬਦ-ਦੋਸ਼ ਹੁੰਦਾ ਹੈ ਪਰੰਤੂ ਜਿੱਥੇ ਦੋਸ਼ ਦਾ ਸੰਬੰਧ ਅਰਥ ਨਾਲ ਹੁੰਦਾ ਹੈ, ਤਾਂ ਉੱਥੇ ਅਰਥ ਦੋਸ਼ ਹੁੰਦਾ ਹੈ। ਅਰਥ ਦੋਸ਼ਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

1. ਜਦੋਂ ਕਾਵਿ ਜਾਂ ਕਵਿਤਾ ਵਿਚ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੋਵੇ, ਜਿਨ੍ਹਾਂ ਸ਼ਬਦਾਂ ਦੇ ਅਰਥਾਂ ਦਾ ਬੋਧ ਜਾਂ

ਗਿਆਨ ਕਠਿਨਾਈ ਨਾਲ ਹੋਵੇ।

2. ਜਦੋਂ ਕਵਿਤਾ ਜਾਂ ਕਾਵਿ ਵਿਚ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੋਵੇ, ਜਿਸ ਦੇ ਅਭਾਵ ਵਿਚ ਵੀ ਅਰਥ ਦੀ

ਕੋਈ ਘਾਟ ਮਹਿਸੂਸ ਨ ਹੋਵੇ।

3. ਜਦੋਂ ਕਾਵਿ ਜਾਂ ਕਵਿਤਾ ਵਿਚ ਇਕ ਹੀ ਸ਼ਬਦ ਜਾਂ ਅਰਥ ਦੀ ਵਾਰ-ਵਾਰ ਆਵ੍ਰਿੱਤੀ ਹੋਵੇ।

4. ਜਿੱਥੇ ਕਵਿਤਾ ਜਾਂ ਕਾਵਿ ਵਿਚ ਵਰਤੇ ਗਏ ਸ਼ਬਦਾਂ ਤੋਂ ਪੇਂਡੂ ਜਾਂ ਗੰਵਾਰ ਅਰਥ ਦੀ ਪ੍ਰਤੀਤੀ ਹੋਵੇ।

5. ਜਿੱਥੇ ਕਿਸੇ ਸ਼ਬਦ ਤੋਂ ਨਿਸ਼ਚਿਤ ਅਰਥ ਦਾ ਗਿਆਨ ਨ ਹੋਵੇ।

6. ਜਿੱਥੇ ਅਨੇਕ ਅਰਥਾਂ ਦਾ ਇਕ ਹੀ ਢੰਗ ਵਰਨਣ ਕੀਤਾ ਜਾਵੇ ਅਤੇ ਉਨ੍ਹਾਂ ਵਿਚ ਕੋਈ ਵਿੱਲਖਣਤਾ ਨ ਹੋਵੇ।

7. ਜਿੱਥੇ ਅਢੁਕਵੀਂ ਥਾਂ ਤੇ ਬੇਲੋੜੇ ਸ਼ਬਦ ਜਾਂ ਵਾਕ ਦੀ ਵਰਤੋਂ ਹੋਵੇ।

8. ਜਿੱਥੇ ਲੱਜਾ ਜਾਂ ਸ਼ਰਮ ਪੈਦਾ ਕਰਨ ਵਾਲੇ ਅਰਥਾਂ ਦਾ ਗਿਆਨ ਹੋਵੇ।

9. ਜਿੱਥੇ ਜਿਸ ਗੱਲ ਦਾ ਕਥਨ ਵਿਸ਼ੇਸ਼ ਰੂਪ ਵਿਚ ਹੋਣਾ ਚਾਹੀਦਾ ਹੋਵੇ, ਉਸ ਨੂੰ ਵਿਸ਼ੇਸ਼ ਦੀ ਥਾਂ ਸਾਧਾਰਣ ਰੂਪ ਵਿਚ

ਪ੍ਰਸਤੁਤ ਕੀਤਾ ਜਾਵੇ।

10. ਜਿੱਥੇ ਕਵੀਆਂ ਜਾਂ ਲੋਕਾਂ ਵਿਚ ਜੋ ਗੱਲ ਪ੍ਰਸਿੱਧ ਹੋਵੇ, ਉਸ ਦੇ ਉਲਟ ਕਥਨ ਕੀਤਾ ਜਾਵੇ।

**ਵਾਕ ਦੋਸ਼:** ਜਿੱਥੇ ਕਵਿਤਾ ਜਾਂ ਕਾਵਿ ਵਿਚ ਵਰਤੇ ਵਾਕਾਂ ਵਿਚ ਦੋਸ਼ ਹੁੰਦਾ ਹੈ, ਤਾਂ ਉੱਥੇ ਵਾਕ ਦੋਸ਼ ਹੁੰਦਾ ਹੈ। ਕਾਵਿ ਜਾਂ ਕਵਿਤਾ ਵਿਚ ਪਾਏ ਜਾਣ ਵਾਲੇ ਵਾਕ ਦੋਸ਼ਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

1. ਜਿੱਥੇ ਇਕ ਅਰਥ ਲਈ ਅਨੇਕ ਬੇਲੋੜੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੋਵੇ।

2. ਜਿੱਥੇ ਵਾਕ ਵਿਚ ਵਰਤੇ ਗਏ ਸ਼ਬਦਾਂ ਦਾ ਆਪਸ ਵਿਚ ਸੰਬੰਧ ਨਾ ਹੋਵੇ।

3. ਜਿੱਥੇ ਵਾਕ ਦੇ ਸਮਾਪਤ ਹੋ ਜਾਣ ਤੋਂ ਬਾਅਦ ਕਿਸੇ ਅਜਿਹੇ ਸ਼ਬਦ ਨੂੰ ਵਰਤਿਆ ਜਾਵੇ, ਜਿਸ ਸ਼ਬਦ ਤੋਂ ਵਾਕ ਨੂੰ ਅੱਗੇ

ਵਧਾਇਆ ਜਾ ਸਕਦਾ ਹੋਵੇ।

4. ਜਿੱਥੇ ਕਿਸੇ ਰਸ ਜਾਂ ਅਲੰਕਾਰ ਦੇ ਵਿਰੁੱਧ ਵਾਕ ਵਿਚ ਅੱਖਰਾਂ ਜਾਂ ਵਰਣਾਂ ਦੀ ਵਰਤੋਂ ਕੀਤੀ ਗਈ ਹੋਵੇ।

5. ਜਿੱਥੇ ਕਾਵਿ-ਸ਼ਾਸਤਰ ਦੇ ਅਨੁਸਾਰ ਕਾਵਿ ਜਾਂ ਕਵਿਤਾ ਦੀ ਰਚਨਾ ਨਾ ਕੀਤੀ ਗਈ ਹੋਵੇ।

6. ਜਿੱਥੇ ਇਛਿਤ ਅਰਥ ਦੇ ਵਾਚਕ ਕਿਸੇ ਸ਼ਬਦ ਦੀ ਵਰਤੋਂ ਨਾ ਕੀਤੀ ਜਾਵੇ।

7. ਜਿੱਥੇ ਕਵਿਤਾ ਜਾਂ ਕਾਵਿ ਦੇ ਵਾਕਾਂ ਵਿਚ ਪ੍ਰਸਿੱਧ ਸ਼ਬਦਾਂ ਦੇ ਵਿਰੁੱਧ ਕਿਸੇ ਸ਼ਬਦ ਦੀ ਵਰਤੋਂ ਕੀਤੀ ਜਾਵੇ।

8. ਜਿੱਥੇ ਜਿਸ ਢੰਗ ਨਾਲ ਗੱਲ ਸ਼ੁਰੂ ਕੀਤੀ ਹੋਵੇ, ਉਸ ਕ੍ਰਮ ਨੂੰ ਅੰਤ ਤਕ ਕਾਇਮ ਨਾ ਰੱਖਿਆ ਗਿਆ ਹੋਵੇ।

9. ਜਿੱਥੇ ਕਵਿਤਾ ਜਾਂ ਕਾਵਿ ਦੀ ਹਰ ਇਕ ਤੁਕ ਵਿਚ ਅਰਥ ਸਪੱਸ਼ਟ ਹੋ ਜਾਵੇ ਅਤੇ ਦੋ ਤੁਕਾਂ ਦਾ ਆਪਸ ਵਿਚ ਸੰਬੰਧ ਨਾ ਦੱਸਿਆ ਜਾਵੇ।

10. ਜਿੱਥੇ ਉਚਿਤ ਸ਼ਬਦ ਜਾਂ ਪਦ ਨੂੰ ਉਚਿਤ ਜਗ੍ਹਾਂ ਜਾਂ ਸਥਾਨ 'ਤੇ ਨਾ ਰੱਖ ਕੇ ਕਿਤੇ ਹੋਰ ਰਖਿਆ ਜਾਵੇ।

**ਰਸ ਦੋਸ਼:** ਕਵਿਤਾ ਜਾਂ ਕਾਵਿ ਵਿਚ ਰਸ ਦੇ ਸੁਆਦ ਵਿਚ ਰੁਕਾਵਟ ਪਾਉਣ ਵਾਲੇ ਦੋਸ਼ ਰਸ-ਦੋਸ਼ ਅਖਵਾਉਂਦੇ ਹਨ। ਕਾਵਿ ਜਾਂ ਕਵਿਤਾ ਵਿਚ ਪਾਏ ਜਾਣ ਵਾਲੇ ਰਸ ਦੋਸ਼ਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

1. ਜਿੱਥੇ ਕਿਸੇ ਰਸ ਦਾ ਬਾਰ-ਬਾਰ ਉੱਦੀਪਨ ਹੋਵੇ।

2. ਜਿੱਥੇ ਕਿਸੇ ਰਸ ਦਾ ਅਨੁਚਿਤ ਥਾਂ ਤੇ ਵਿਸਤਾਰ ਵਿਖਾਇਆ ਗਿਆ ਹੋਵੇ।

3. ਜਿੱਥੇ ਕਿਸੇ ਰਸ ਦੀ ਅਨੁਚਿਤ ਥਾਂ ਤੇ ਸਮਾਪਤੀ ਕਰ ਦਿੱਤੀ ਜਾਏ।

4. ਜਿੱਥੇ ਕਿਸੇ ਗੌਣ ਰਸ ਦਾ ਅਤਿ ਅਧਿਕ ਵਿਸਤਾਰ ਕੀਤਾ ਜਾਏ।

5. ਜਿੱਥੇ ਕਿਸੇ ਰਚਨਾ ਵਿਚ ਹੋਰਨਾਂ ਵਿਸ਼ਿਆ ਦੇ ਵਰਨਣ ਕਰਕੇ ਉਚਿਤ ਰਸ ਨੂੰ ਭੁਲਾ ਦਿੱਤਾ ਜਾਵੇ।

6. ਜਿੱਥੇ ਨਾਇਕ ਦੇ ਸੁਭਾਅ ਦੇ ਵਿਰੁੱਧ ਉਸ ਦਾ ਚਿਤਰਣ ਹੋਵੇ।

7. ਜਿੱਥੇ ਕਿਸੇ ਰਸ ਦੀ ਢੁਕਵੀਂ ਸਾਮਗਰੀ ਦੀ ਥਾਂ ਉਸ ਦੇ ਵਿਰੋਧੀ ਰਸ ਦੀ ਸਾਮਗਰੀ ਦਾ ਵਰਨਣ ਹੋਵੇ।

8. ਜਿੱਥੇ ਕਵਿਤਾ ਜਾਂ ਕਾਵਿ ਵਿਚ ਵਿਭਾਵ-ਅਨੁਭਾਵ ਆਦਿ ਦੀ ਯੋਜਨਾ ਸੁਭਾਵਿਕ ਢੰਗ ਨਾਲ ਨਾ ਹੋ ਕੇ ਔਖਿਆਈ

ਨਾਲ ਪ੍ਰਸਤੁਤ ਕੀਤੀ ਗਈ ਹੋਵੇ।

9. ਜਿੱਥੇ ਰਸ ਸਥਾਈ ਜਾਂ ਸੰਚਾਰੀ ਭਾਵਾਂ ਦਾ ਉਨ੍ਹਾਂ ਦੇ ਆਪਣੇ ਹੀ ਵਾਚਕ ਸ਼ਬਦਾਂ ਰਾਹੀਂ ਕਥਨ ਕੀਤਾ ਜਾਵੇ।

10. ਜਿੱਥੇ ਕਵਿਤਾ ਜਾਂ ਕਾਵਿ ਵਿਚ ਬੇਲੋੜੇ ਰਸਾਂ ਦਾ ਵਰਨਣ ਕੀਤਾ ਜਾਵੇ।

ਓਪਰੋਕਤ ਅਧਿਐਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਰੀਤੀ ਸਿਧਾਂਤ ਕਾਵਿ ਨਿਰਮਾਣ ਦਾ ਇਕ ਅਹਿਮ ਜਰੂਰੀ ਤੱਤ ਹੈ, ਜਿਸ ਦੀ ਮਹੱਤਤਾ ਨੂੰ ਕਦੇ ਵੀ ਅਣਦੇਖਿਆ ਨਹੀਂ ਕੀਤਾ ਜਾ ਸਕਦਾ। ਕਾਵਿ ਸੁਹਜ ਦਾ ਮੂਲ ਆਧਾਰ ਰੀਤੀ ਹੀ ਹੈ। ਵਿਦਵਾਨ ਵਾਮਨ ਦਾ ਇਹ ਕਥਨ ਕਿ "ਰੀਤੀ ਕਾਵਿ ਦੀ ਆਤਮਾ ਹੈ" ਨਿਸ਼ਚੇ ਹੀ ਰੀਤੀ ਦੀ ਪ੍ਰਮਾਣਿਕਤਾ ਨੂੰ ਸਥਾਪਿਤ ਕਰਦਾ ਹੈ। ਸਨਾਤਨੀ ਕਾਵਿ-ਸ਼ਾਸਤਰ ਵਿਚ ਭਾਰਤੀ ਕਾਵਿ-ਸ਼ਾਸਤਰ ਅਤੇ ਯੂਨਾਨੀ ਕਾਵਿ-ਸ਼ਾਸਤਰ ਦਾ ਆਪਣਾ ਨਿਵੇਕਲਾ ਸਥਾਨ ਹੈ। ਭਾਰਤ ਵਿਚ ਸਾਹਿਤ ਸਿਧਾਂਤ ਤੇ ਰਚਨਾਤਮਕ ਸਾਹਿਤ ਦੀ ਪਿਠਭੂਮੀ ਲਈ ਭਾਰਤੀ ਕਾਵਿ-ਸ਼ਾਸਤਰ ਦੀ ਪਰੰਪਰਾ ਸਦੀਆਂ ਤੋਂ ਚਲੀ ਆ ਰਹੀ ਹੈ ਅਤੇ ਅੱਜ ਵੀ ਪ੍ਰਮਾਣਿਕ ਮੰਨੀ ਜਾਂਦੀ ਹੈ। ਭਾਰਤੀ ਕਾਵਿ-ਸ਼ਾਸਤਰ ਦੇ ਵਿਭਿੰਨ ਤੱਤਾਂ ਵਿਚੋਂ ਰੀਤੀ ਸਿਧਾਂਤ ਦੀ ਗੌਰਵਸ਼ਾਲੀ ਪਰੰਪਰਾ ਰਹੀ ਹੈ, ਜੋ ਪੱਛਮ ਦੀ 'ਸ਼ੈਲੀ' ਨਾਲ ਵਿਸ਼ੇਸ ਸੰਵਾਦ ਰਚਾਉਂਦੀ ਹੈ ਜਾਂ ਇੰਞ ਕਹਿ ਲਓ ਕਿ ਪੱਛਮ ਵਿਚ ਉਪਜਿਆ ਸ਼ੈਲੀ ਸਿਧਾਂਤ ਰੀਤੀ ਸਿਧਾਂਤ ਦਾ ਹੀ ਪ੍ਰਤੀ ਉੱਤਰ ਹੈ ਜਾਂ ਰੀਤੀ ਸਿਧਾਂਤ ਦਾ ਹੀ ਵਿਸਥਾਰ ਹੈ। ਰੀਤੀ ਸਿਧਾਂਤ ਆਪਣੇ ਵਿਭਿੰਨ ਸਰੋਕਾਰਾਂ ਵਿਚ ਪ੍ਰਫੁਲਤ ਹੁੰਦਾ ਹੋਇਆ ਅੱਜ ਦੇ ਸ਼ੈਲੀ ਸਿਧਾਂਤ ਵਿਚ ਰੂਪਮਾਨ ਹੋ ਕੇ ਪ੍ਰਗਟ ਹੋ ਰਿਹਾ ਹੈ।

**1.7.5. ਵਕ੍ਰੋਕਤੀ ਸਿਧਾਂਤ :-** ਵਕ੍ਰੋਕਤੀ ਸਿਧਾਂਤ ਭਾਰਤੀ ਕਾਵਿ-ਸ਼ਾਸਤਰ ਦਾ ਮਹੱਤਵਪੂਰਨ ਸਿਧਾਂਤ ਹੈ। 'ਵਕ੍ਰੋਕਤੀ' ਨੂੰ ਸਮਝਣ ਲਈ ਸਭ ਤੋਂ ਪਹਿਲਾਂ ਸਾਨੂੰ ਇਹ ਤੱਥ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ

ਸਾਹਿੱਤਕਾਰ ਜਾਂ ਕਵੀ ਜੋ ਵੀ ਕਾਵਿ-ਰਚਨਾ ਤਿਆਰ ਕਰਦਾ ਹੈ, ਉਸ ਦਾ ਮਾਧਿਅਮ ਭਾਸ਼ਾ ਹੁੰਦੀ ਹੈ। ਕਵੀ ਆਪਣੀ ਭਾਸ਼ਾ ਜਾਂ ਬੋਲੀ ਨੂੰ ਇਸ ਤਰ੍ਹਾਂ ਵਿਉਂਤਬੱਧ ਕਰਦਾ ਹੈ ਕਿ ਸ਼ਬਦਾਂ, ਮੁਹਾਵਰਿਆਂ ਤੇ ਵਾਕਾਂ ਵਿੱਚੋਂ ਅਨੋਖੀਆਂ ਅਰਥ-ਗੂੰਜਾਂ ਬਾਹਰ ਨਿਕਲਣ। ਕਵੀ ਆਮ ਬੋਲੀ ਦੇ ਸ਼ਬਦਾਂ ਜਾਂ ਵਾਕ-ਪ੍ਰਬੰਧਾਂ ਵਿਚ ਅਜਿਹੀ ਕੋਈ ਕਲਾ-ਜੁਗਤ ਜੜ੍ਹ ਦਿੰਦਾ ਹੈ ਕਿ ਉਸ ਵਿਚੋਂ ਕਿਸੇ ਅਨੋਖੇ ਚਮਤਕਾਰ ਅਤੇ ਹੈਰਾਨੀ ਦੀ ਝਲਕ ਪੈਂਦੀ ਹੈ। ਕਵੀ ਦੀ ਇਸ ਵੱਖਰੀ ਸ਼ਬਦ-ਵਿਉਂਤ ਜਾਂ ਵਾਕ-ਵਿਉਂਤ ਨਾਲ ਕੋਈ ਨਵਾਂ ਵਿਅੰਗ, ਨਵਾਂ ਸੰਦਰਭ ਜਾਂ ਨਵਾਂ ਅੰਦਾਜ਼ ਲਿਸ਼ਕ ਉਠਦਾ ਹੈ। ਇਹੋ ਨਵੇਂ ਵਿਅੰਗ, ਨਵੇਂ ਸੰਦਰਭ ਜਾਂ ਨਵੇਂ ਅੰਦਾਜ਼ ਨੂੰ ਹੀ ਆਚਾਰੀਆ ਕੁੰਤਕ ਨੇ ਵਕ੍ਰੋਕਤੀ ਦਾ ਨਾਮ ਦਿੱਤਾ ਹੈ।

According to Ciranjva when a sense expressed by the speaker is taken in another sense different from the first one by the hearer, it is the figure vakrokti*.* When a speaker says something in one sense and the hearer accepts it in a different sense, it is the figure vakrokti*.*

'ਵਕ੍ਰੋਕਤੀ ਸਿਧਾਂਤ' ਦੇ ਸੰਚਾਲਕ ਆਚਾਰੀਆ ਕੁੰਤਕ ਨੇ ਅਨੋਖੀ ਜਾਂ ਵਿਚਿਤਰ ਸ਼ੈਲੀ ਨੂੰ ਵਕ੍ਰੋਕਤੀ ਕਿਹਾ ਹੈ। ਇੱਥੇ ਵਿਚਿਤਰ ਦਾ ਅਰਥ ਹੈ ਅਨੋਖਾ, ਪ੍ਰਭਾਵਸ਼ਾਲੀ ਅਤੇ ਵਿਅੰਗ-ਭਰਪੂਰ ਅੰਦਾਜ਼ੇ-ਬਿਆਂ (ਬਿਆਨ ਕਰਨ ਦਾ ਅੰਦਾਜ਼)। ਭਾਮਹ ਨੇ ਵਕ੍ਰੋਕਤੀ ਨੂੰ 'ਅਤਿਸ਼ਯੋਕਤੀ' ਕਿਹਾ ਹੈ ਜਿਸ ਤੋਂ ਸਾਫ ਪਤਾ ਲੱਗਦਾ ਹੈ ਕਿ ਉਹ ਕਿਸੇ ਗੱਲ ਨੂੰ ਵਧਾ ਚੜ੍ਹਾ ਕੇ ਆਖਣ ਨੂੰ ਵਕ੍ਰੋਕਤੀ ਮੰਨਦਾ ਹੈ। ਆਚਾਰੀਆ ਦੰਡੀ ਦੇ ਅਨੁਸਾਰ ਕਿਸੇ ਅਸੁਭਾਵਿਕ, ਅਸਿੱਧੇ ਜਾਂ ਘੁਮਾ ਫਿਰਾ ਕੇ ਕੀਤੇ ਕਥਨ ਨੂੰ ਵਕ੍ਰੋਕਤੀ ਕਿਹਾ ਜਾਂਦਾ ਹੈ। ਡਾ. ਨਗੇਂਦਰ ਦੇ ਅਨੁਸਾਰ ਵਕ੍ਰੋਕਤੀ ਉਸ ਕਲਾ-ਜੁਗਤ ਜਾਂ ਕਥਨ-ਸ਼ੈਲੀ ਨੂੰ ਕਿਹਾ ਜਾਂਦਾ ਹੈ ਜੋ ਲੋਕ-ਵਿਵਹਾਰ ਵਿਚ ਵਰਤੇ ਜਾਣ ਵਾਲੇ ਸ਼ਬਦ-ਅਰਥ ਦੀ ਪਰੰਪਰਾ ਤੋਂ ਵੱਖਰੀ ਕਵੀ ਪ੍ਰਤਿਭਾ ਤੋਂ ਉਤਪੰਨ ਚਮਤਕਾਰ ਦੇ ਕਾਰਣ ਮਨਾਂ ਨੂੰ ਟੁੰਬਣ ਵਾਲੀ ਹੁੰਦੀ ਹੈ। (ਜੱਗੀ, ਭਾਰਤੀ ਕਾਵਿ-ਸ਼ਾਸਤ੍ਰ : ਸਰੂਪ ਅਤੇ ਸਿਧਾਂਤ 109)

ਉਦਾਹਰਣ ਲਈ ਸ਼ਾਇਰ ਸੁਰਜੀਤ ਪਾਤਰ ਦੀ ਕਵਿਤਾ ਦਾ ਇਕ ਬੰਦ ਹੈ :-

ਪਹਿਲਾਂ ਵਾਰਸ ਸ਼ਾਹ ਨੂੰ ਵੰਡਿਆ ਸੀ,

ਹੁਣ ਸ਼ਿਵ ਕੁਮਾਰ ਦੀ ਵਾਰੀ ਏ।

ਉਹ ਜ਼ਖ਼ਮ ਤੁਹਾਨੂੰ ਭੁੱਲ ਵੀ ਗਏ,

ਨਵਿਆਂ ਦੀ ਜੁ ਫੇਰ ਤਿਆਰੀ ਏ। (ਸੁਰਜੀਤ ਪਾਤਰ)

ਉਪਰੋਕਤ ਕਾਵਿ-ਸਤਰਾਂ ਦੀ ਸਾਰੀ ਖ਼ੂਬਸੂਰਤੀ ਇਕੋ ਸ਼ਬਦ 'ਵੰਡਿਆ' ਉੱਪਰ ਆਧਾਰਿਤ ਹੈ ਕਿਉਂਕਿ ਏਥੇ 'ਵੰਡਿਆ' ਸ਼ਬਦ ਨੂੰ ਰਵਾਇਤੀ ਸੰਦਰਭ ਵਿਚੋਂ ਕੱਢ ਕੇ ਨਵੇਂ ਸੰਦਰਭ ਨਾਲ ਜੋੜ ਦਿੱਤਾ ਗਿਆ ਹੈ। 'ਵੰਡਿਆ' ਦਾ ਰਵਾਇਤੀ ਅਰਥ ਤਾਂ ਕਿਸੇ ਵਸਤੂ ਨੂੰ ਤਕਸੀਮ ਜਾਂ ਵੰਡਣਾ ਹੁੰਦਾ ਹੈ, ਪਰ ਨਵੇਂ ਸੰਦਰਭ ਅਨੁਸਾਰ ਵਾਰਸ ਨੂੰ ਵੰਡਣ ਦਾ ਭਾਵ ਹਿੰਦੁਸਤਾਨ ਤੇ ਪਾਕਿਸਤਾਨ ਦੀ ਵੰਡ ਅਤੇ ਸ਼ਿਵਕੁਮਾਰ ਨੂੰ ਵੰਡਣ ਦਾ ਭਾਵ ਭਾਰਤ ਦੀਆਂ ਦੋ ਕੋਮਾਂ ਦੀ ਵੰਡ ਹੈ। ਇਹ ਸ਼ਬਦ 'ਵੰਡਿਆ' ਕੁੰਤਕ ਦੇ ਅਨੁਸਾਰ ਕਿਰਿਆ ਦੀ ਵਕ੍ਰੋਕਤੀ ਹੈ।

**ਵਕ੍ਰੋਕਤੀ ਦੇ ਭੇਦ :-** ਕੁੰਤਕ ਨੇ ਵਕ੍ਰੋਕਤੀ ਦੇ ਛੇ ਭੇਦ ਪ੍ਰਸਤੁਤ ਕੀਤੇ ਹਨ :- ਅੱਖਰਾਂ 'ਤੇ ਆਧਾਰਿਤ ਵਕ੍ਰੋਕਤੀ, ਸ਼ਬਦਾਂ 'ਤੇ ਆਧਾਰਿਤ ਵਕ੍ਰੋਕਤੀ, ਪਿਛੇਤਰਾਂ 'ਤੇ ਆਧਾਰਿਤ ਵਕ੍ਰੋਕਤੀ, ਵਾਕਾਂ 'ਤੇ ਆਧਾਰਿਤ ਵਕ੍ਰੋਕਤੀ, ਕਿਸੇ ਘਟਨਾ 'ਤੇ ਆਧਾਰਿਤ ਵਕ੍ਰੋਕਤੀ ਅਤੇ ਮਹਾਕਾਵਿ ਐਪਿਕ 'ਤੇ ਆਧਾਰਿਤ ਵਕ੍ਰੋਕਤੀ।

**ਅੱਖਰਾਂ 'ਤੇ ਆਧਾਰਿਤ ਵਕ੍ਰੋਕਤੀ :-** ਜਦੋਂ ਕਵੀ ਆਪਣੀ ਕਵਿਤਾ ਜਾਂ ਕਾਵਿ ਵਿਚ ਚਮਤਕਾਰ ਜਾਂ ਵਿਚਿੱਤਰਤਾ ਪੈਦਾ ਕਰਨ ਲਈ ਇਕ, ਦੋ ਜਾਂ ਅਨੇਕ ਅੱਖਰਾਂ ਦਾ ਵਾਰ-ਵਾਰ ਦੁਹਰਾਉ ਕਰਦਾ ਹੈ ਤਾਂ ਉੱਥੇ ਅੱਖਰਾਂ 'ਤੇ ਆਧਾਰਿਤ ਵਕ੍ਰੋਕਤੀ ਹੁੰਦੀ ਹੈ। ਅੱਖਰਾਂ 'ਤੇ ਆਧਾਰਿਤ ਵਕ੍ਰੋਕਤੀ ਨਾਲ ਸੰਬੰਧਿਤ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਅਗਮ ਅਮੋਲਾ ਅਪਰ ਅਪਾਰ॥ (1144)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਨੇ /ਅ/ ਵਰਣ ਜਾਂ ਅੱਖਰ ਦੀ ਵਰਤੋਂ ਵਾਰ-ਵਾਰ ਕੀਤੀ ਹੈ। ਇੱਥੇ ਗੁਰੂ ਜੀ ਨੇ ਅੱਖਰਾਂ ਦਾ ਦੁਹਰਾਅ ਕੇਵਲ ਆਪਣੇ ਵਿਸ਼ੇ ਨੂੰ ਵਧੇਰੇ ਵਿਲੱਖਣ, ਗ੍ਰਹਿਣਯੋਗ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਕੀਤਾ ਹੈ ਜੋ ਕਿ ਅੱਖਰਾਂ ਦੀ ਵਕ੍ਰੋਕਤੀ 'ਤੇ ਆਧਾਰਿਤ ਹੈ।

**ਸ਼ਬਦਾਂ 'ਤੇ ਆਧਾਰਿਤ ਵਕ੍ਰੋਕਤੀ :-** ਜਦੋਂ ਕਵੀ ਕਵਿਤਾ ਵਿਚ ਸ਼ਬਦਾਂ ਦੀ ਵਰਤੋਂ ਦੁਆਰਾ ਕੋਈ ਚਮਤਕਾਰ ਪੈਦਾ ਕਰਦਾ ਹੈ, ਤਾਂ ਉਸਨੂੰ ਸ਼ਬਦ ਜਾਂ ਪਦ ਵਕ੍ਰੋਕਤੀ ਕਿਹਾ ਜਾਂਦਾ ਹੈ।ਜਿਵੇਂ :

ਕਬੀਰ ਭਲੀ ਮਧੂਕਰੀ ਨਾਨਾ ਬਿਧ ਕੋ ਨਾਜੁ॥

ਦਾਵਾ ਕਾਹੂ ਕੋ ਨਹੀ ਬਡਾ ਦੇਸੁ ਬਡ ਰਾਜੁ॥ (1364)

ਭਗਤ ਕਬੀਰ ਜੀ ਨੇ ਇੱਥੇ 'ਮਧੂਕਰੀ' ਸ਼ਬਦ ਦਾ ਪ੍ਰਯੋਗ ਖਾਸ ਮਨੋਰਥ ਲਈ ਕੀਤਾ ਹੈ, ਕਿਉਂਕਿ 'ਮਧੂਕਰੀ' ਸ਼ਬਦ ਦੇ ਕਈ ਸਮਾਨਾਰਥਕ ਸ਼ਬਦ ਹਨ - ਜਿਵੇਂ ਰੋਟੀ, ਮੰਨੀ, ਟੁੱਕ, ਮੰਡਾ, ਚਪਾਤੀ, ਫੁਲਕਾ, ਪਰਸ਼ਾਦਾ ਆਦਿ। ਪਰ ਇੱਥੇ ਸਾਧੂ ਦੇ ਜੀਵਨ ਵਿਚ ਮਧੂਕਰੀ ਸ਼ਬਦ ਜ਼ਿਆਦਾ ਸਾਰਥਕ ਤੇ ਚਮਤਕਾਰੀ ਹੈ। ਕੁੰਤਕ ਨੇ ਸ਼ਬਦ ਵਕ੍ਰੋਕਤੀ ਦੇ ਅੱਠ ਉਪਭੇਦ (ਰੂੜੀ ਵਕ੍ਰੋਕਤੀ, ਪਰਿਆਇ ਵਕ੍ਰੋਕਤੀ, ਉਪਚਾਰ ਵਕ੍ਰੋਕਤੀ, ਵਿਸ਼ੇਸ਼ਣ ਵਕ੍ਰੋਕਤੀ, ਸੰਵਿਤ੍ਰੀ ਵਕ੍ਰੋਕਤੀ, ਵਿਤ੍ਰੀ ਵਕ੍ਰੋਕਤੀ, ਲਿੰਗ ਵਕ੍ਰੋਕਤੀ ਅਤੇ ਕ੍ਰਿਆ ਵਕ੍ਰੋਕਤੀ) ਦੱਸੇ ਹਨ।

**ਪਿਛੇਤਰਾਂ 'ਤੇ ਆਧਾਰਿਤ ਵਕ੍ਰੋਕਤੀ :-** ਜਦੋਂ ਕਵੀ ਕਾਵਿ ਵਿਚ ਸ਼ਬਦਾਂ ਦੇ ਨਾਲ ਆਉਣ ਵਾਲੇ ਪਿਛੇਤਰਾਂ ਜਾਂ ਪਰਸਰਗਾਂ ਦੀ ਵਰਤੋਂ ਕਰਕੇ ਕੋਈ ਅਨੋਖਾਪਨ, ਵਿਲੱਖਣਤਾ ਜਾਂ ਚਮਤਕਾਰ ਪੈਦਾ ਕਰਦਾ ਹੈ, ਤਾਂ ਉੱਥੇ ਪਿਛੇਤਰ ਵਕ੍ਰੋਕਤੀ ਹੁੰਦੀ ਹੈ। ਜਿਵੇਂ :-

ਮੈਂ ਕਸੁੰਭੜਾ ਚੁਗ ਚੁਗ ਹਾਰੀ।

ਏਸ ਕਸੁੰਭੜੇ ਦੇ ਕੰਡੜੇ ਭਲੇਰੇ।

ਅੜ ਅੜ ਚੁੰਨੜੀ ਪਾੜੀ। (***ਸੂਫੀ ਬਾਣੀ***)

ਉਪਰੋਕਤ ਕਾਵਿ-ਸਤਰਾਂ ਵਿਚ ਚਾਰ ਸ਼ਬਦ (ਕਸੁੰਭੜਾ, ਕੰਡੜੇ, ਚੁੰਨੜੀ, ਭਲੇਰੇ) ਪਿਛੇਤਰ ਵਕ੍ਰੋਕਤੀ ਵਾਲੇ ਹਨ, ਕਿਉਂਕਿ ਇਹਨਾਂ ਚਾਰ ਸ਼ਬਦਾਂ ਵਿਚ ਇਕੱਲਾ 'ੜ' ਪਿਛੇਤਰ ਹੀ ਵਿਚਿਤਰਤਾ ਪੈਦਾ ਕਰ ਰਿਹਾ ਹੈ। ਜੇਕਰ 'ੜ' ਪਿਛੇਤਰ ਨਾ ਹੁੰਦਾ ਤਾਂ ਸ਼ਾਇਦ ਇਹ ਚਮਤਕਾਰ ਨਾ ਪੈਦਾ ਹੁੰਦਾ।

ਕਸੁੰਭੜਾ - ਕਸੁੰਭਾ +ੜਾ (ਪਿਛੇਤਰ)

ਕੰਡੜਾ - ਕੰਡਾ +ੜਾ (ਪਿਛੇਤਰ)

ਚੁੰਨੜੀ - ਚੁੰਨੀ +ੜਾ (ਪਿਛੇਤਰ)

ਭਲੇਰੇ - ਭਲਾ +ਰੇ (ਪਿਛੇਤਰ)

ਕੁੰਤਕ ਨੇ ਪਿਛੇਤਰ ਵਕ੍ਰੋਕਤੀ ਦੇ ਛੇ ਉਪਭੇਦ (ਕਾਲ ਵਕ੍ਰੋਕਤੀ, ਕਾਰਕ ਵਕ੍ਰੋਕਤੀ, ਵਚਨ ਵਕ੍ਰੋਕਤੀ, ਪੁਰਸ਼ ਵਕ੍ਰੋਕਤੀ, ਉਪਗ੍ਰਹ ਵਕ੍ਰੋਕਤੀ ਅਤੇ ਪ੍ਰਤਿਅ ਵਕ੍ਰੋਕਤੀ) ਦੱਸੇ ਹਨ।

**ਵਾਕਾਂ 'ਤੇ ਆਧਾਰਿਤ ਵਕ੍ਰੋਕਤੀ :-** ਜਦੋਂ ਕੋਈ ਕਵੀ ਆਪਣੀ ਕਾਵਿ ਰਚਨਾ ਵਿਚ ਵਿਸ਼ੇ-ਵਸਤੂ ਦਾ ਸਹਿਜ ਸੁਭਾਵਿਕ ਸੁੰਦਰ ਰੂਪ ਵਿਚ ਧੁਨੀਆਂ, ਸ਼ਬਦਾਂਸ਼ ਅਤੇ ਸ਼ਬਦਾਂ ਦੁਆਰਾ ਅਰਥ ਨੂੰ ਸਪੱਸ਼ਟ ਕਰਦਾ ਹੈ, ਤਾਂ ਉੱਥੇ ਵਾਕ ਵਕ੍ਰੋਕਤੀ ਹੁੰਦੀ ਹੈ। ਵਾਕ ਵਕ੍ਰੋਕਤੀ ਦੇ ਦੋ ਭੇਦ (ਸਹਜ ਅਤੇ ਆਹਾਰਯ) ਹੁੰਦੇ ਹਨ। ਸਹਜ ਦਾ ਅਰਥ ਹੈ ਸੁਭਾਵਿਕ, ਪ੍ਰਕ੍ਰਿਤ, ਕੁਦਰਤੀ। ਕਵੀ ਆਪਣੀ ਸਹਜ ਪ੍ਰਤਿਭਾ ਨਾਲ ਵਸਤੂਆਂ ਦਾ ਸੰਜੀਵ ਚਿਤਰਣ ਕਰਕੇ ਭਾਵੁਕ ਵਿਅਕਤੀਆਂ ਨੂੰ ਸੁਹਜ-ਸੁਆਦ ਪ੍ਰਦਾਨ ਕਰਦਾ ਹੈ। ਆਹਾਰਯ ਦਾ ਅਰਥ ਹੈ ਨਿਪੁੰਨਤਾ, ਚਤੁਰਤਾ ਤੇ ਅਭਿਆਸ। ਕਵੀ ਆਪਣੇ ਕੌਸ਼ਲ ਜਾਂ ਕਲਾ-ਨਿਪੁੰਨਤਾ ਨਾਲ ਕਲਪਿਤ ਵਸਤੂ ਵਿਚ ਕਈ ਅਜਿਹੇ ਚਮਤਕਾਰੀ ਅਲੌਕਿਕ ਅੰਸ਼ ਭਰ ਦੇਂਦਾ ਹੈ ਕਿ ਉਹ ਅਨੋਖੀ ਸੁਹਜ-ਸੁੰਦਰਤਾ ਨਾਲ ਇਕ ਸੱਜਰਾ ਨਵਾਂ ਰੂਪ ਧਾਰਨ ਕਰ ਲੈਂਦੀ ਹੈ। ਕੁੰਤਕ ਨੇ ਕਾਵਿ ਵਿਚ ਯਥਾਰਥਕ, ਇਤਿਹਾਸਿਕ, ਮਿਥਿਹਾਸਿਕ, ਕਲਪਿਤ, ਚੇਤਨ, ਅਚੇਤਨ, ਮਾਨਵੀ, ਪ੍ਰਾਕ੍ਰਿਤਿਕ, ਅਲੰਕਾਰਿਕ, ਭਾਵਾਤਮਕ, ਰਸਾਤਮਕ, ਉਪਦੇਸ਼ਾਤਮਕ, ਧਾਰਮਿਕ, ਆਰਥਿਕ, ਅਧਿਆਤਮਕ, ਰੋਮਾਂਟਿਕ ਅਤੇ ਹਰ ਤਰ੍ਹਾਂ ਦੇ ਮਨੁੱਖੀ ਅਨੁਭਵ

ਨਾਲ ਸੰਬੰਧਿਤ ਵਿਸ਼ੇ-ਵਸਤੂ ਨੂੰ ਸ਼ਾਮਿਲ ਕੀਤਾ ਹੈ। ਕੁੰਤਕ ਨੇ ਕਾਵਿ-ਵਸਤੂ ਦਾ ਵਰਗੀਕਰਣ ਦੋ ਦ੍ਰਿਸ਼ਟੀਆਂ ਤੋਂ ਕੀਤਾ ਹੈ :-

ਕਵੀ ਦੀ ਦ੍ਰਿਸ਼ਟੀ ਤੋਂ :- ਯਥਾਰਥਕ ਜਾਂ ਕਲਪਿਤ ਵਿਸ਼ਾ-ਵਸਤੂ।

ਪਾਠਕ ਦੀ ਦ੍ਰਿਸ਼ਟੀ ਤੋਂ :- ਰਸਾਤਮਕ, ਅਲੰਕਾਰਿਕ, ਉਪਦੇਸ਼ਾਤਮਕ ਵਿਸ਼ਾ-ਵਸਤੂ।

**ਕਿਸੇ ਘਟਨਾ 'ਤੇ ਆਧਾਰਿਤ ਵਕ੍ਰੋਕਤੀ :-** ਜਦੋਂ ਕਵੀ ਪਹਿਲਾਂ ਤੋਂ ਚਲੀ ਆ ਰਹੀ ਪਰੰਪਰਾਗਤ ਵਾਰਤਾ ਵਿਚ ਆਪਣੀ ਕਲਪਨਾ ਦੇ ਸਹਾਰੇ ਬਹੁਤ ਹੀ ਵਧੀਆ ਪ੍ਰਸੰਗ ਜੋੜ ਲੈਂਦੇ ਹਨ, ਤਾਂ ਉੱਥੇ ਪ੍ਰਕਰਣ (ਘਟਨਾ) ਵਕ੍ਰੋਕਤੀ ਹੁੰਦੀ ਹੈ। ਪ੍ਰਕਰਣ ਵਕ੍ਰੋਕਤੀ ਵਿਚ ਪ੍ਰਭਾਵਸ਼ਾਲੀ ਕਵੀ ਕਿਸੇ ਥਾਂ ਦੇ ਪ੍ਰਸੰਗ ਵਿਚ ਕੋਈ ਤਬਦੀਲੀ ਕਰਕੇ ਕਲਪਨਾ ਦਾ ਪ੍ਰਯੋਗ ਕਰਕੇ ਕੋਈ ਮੌਖਿਕ ਉਦਭਾਵਨਾ ਕਰਦਾ ਹੈ ਤਾਂ ਇਕ ਅਨੋਖਾ ਸਵਾਦ ਆਉਂਦਾ ਹੈ। ਕੁੰਤਕ ਦੇ ਅਨੁਸਾਰ ਪ੍ਰਕਰਣ ਵਕ੍ਰੋਕਤੀ ਦੇ ਅੱਠ ਉਪਭੇਦ ਹੁੰਦੇ ਹਨ ਜੋ ਕਿ ਹੇਠ ਲਿਖੇ ਅਨੁਸਾਰ ਹੈ :-

1. ਭਾਵ ਪੂਰਨ ਸਥਿਤੀ ਦੀ ਸਿਰਜਨਾ।

2. ਮਧੁਰ ਕਲਪਨਾ :- ਅਣਹੋਂਦ ਦੀ ਕਲਪਨਾ, ਹੋਂਦ ਦੀ ਸੋਧ।

3. ਪ੍ਰਬੰਧ ਤੇ ਪ੍ਰਕਰਣਾਂ ਵਿਚ ਉਪਕਾਰ ਭਾਵ।

4. ਵਿਸ਼ੇਸ਼ ਪ੍ਰਕਰਣ ਦਾ ਅਤਿਕਥਨ।

5. ਰੌਚਕ ਪ੍ਰਸੰਗਾਂ ਦਾ ਵਰਨਣ।

6. ਅਪ੍ਰਧਾਨ ਪ੍ਰਸੰਗ ਦੀ ਕਲਪਨਾ।

7. ਗਰਭ-ਅੰਕ

8. ਅਗਲੇ-ਪਿਛਲੇ ਪ੍ਰਕਰਣਾਂ ਦਾ ਸੁਮੇਲ

**ਮਹਾਕਾਵਿ ਐਪਕ 'ਤੇ ਆਧਾਰਿਤ ਵਕ੍ਰੋਕਤੀ :-** ਪ੍ਰਬੰਧ-ਵਕ੍ਰੋਕਤੀ ਦੇ ਦਾਇਰੇ ਵਿਚ ਸਾਰੇ ਪ੍ਰਬੰਧ-ਕਾਵਿ ਅਰਥਾਤ ਮਹਾਂਕਾਵਿ, ਨਾਟਕ ਆਦਿ ਦਾ ਵਸਤੂ-ਕੌਸ਼ਲ ਸਮੋਇਆ ਰਹਿੰਦਾ ਹੈ। ਇਸ ਦਾ ਆਧਾਰ-ਖੇਤਰ ਬਹੁਤ ਵਿਸ਼ਾਲ ਤੇ ਵਿਆਪਕ ਹੁੰਦਾ ਹੈ, ਕਿਉਂਕਿ ਇਸ ਦਾ ਆਧਾਰ ਨਾ ਤਾਂ ਵਰਣ ਜਾਂ ਅੱਖਰ, ਨਾ ਸ਼ਬਦ, ਨਾ ਵਾਕ, ਨਾ ਪ੍ਰਕਰਣ ਸਗੋਂ ਆਦਿ-ਅੰਤ ਸਮੁੱਚਾ ਪ੍ਰਬੰਧ-ਕਾਵਿ ਜਾਂ ਨਾਟਕ ਹੈ। ਕੁੰਤਕ ਨੇ ਪ੍ਰਬੰਧ ਵਕ੍ਰੋਕਤੀ ਦੇ ਛੇ ਉਪਭੇਦ ਦੱਸੇ ਹਨ ਜੋ ਕਿ ਹੇਠ ਲਿਖੇ ਅਨੁਸਾਰ ਹੈ :-

- ਮੂਲ ਰਸ-ਪਰਿਵਰਤਨ।
- ਨਾਇਕ ਨੇ ਚਰਿੱਤਰ ਨੂੰ ਉੱਨਤ ਕਰਨ ਵਾਲੀ ਘਟਨਾ ਦੀ ਸਿਖਰ ਉਤੇ ਕਥਾ ਦੀ ਸਮਾਪਤੀ।
- ਕਥਾ ਦੇ ਅੱਧ-ਵਿਚਾਲੇ ਹੀ ਕਿਸੇ ਹੋਰ ਕਇਰਜ ਦੁਆਰਾ ਪ੍ਰਧਾਨ ਕਾਰਜ ਦੀ ਪੂਰਤੀ।
- ਨਾਇਕ ਦੁਆਰਾ ਅਨੇਕ ਫਲਾਂ ਦੀ ਪ੍ਰਾਪਤੀ।
- ਪ੍ਰਧਾਨ ਕਥਾ ਦਾ ਸੂਚਕ ਨਾਮਕਰਣ।
- ਇਕੋ ਹੀ ਮੂਲ-ਕਥਾ ਉਤੇ ਆਧਾਰਿਤ ਪ੍ਰਬੰਧਾਂ ਦੀ ਅਲੌਕਿਕ ਵਿਲੱਖਣਤਾ ਵਿਚ ਭਿੰਨਤਾ।

ਸੋ ਅੰਤ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਵਕ੍ਰੋਕਤੀ ਸੰਪ੍ਰਦਾਇ ਭਾਰਤੀ ਕਾਵਿ-ਸ਼ਾਸਤਰ ਦਾ ਬਹੁਤ ਮਹੱਤਵਪੂਰਨ ਸਿਧਾਂਤ ਹੈ। 'ਵਕ੍ਰੋਕਤੀ' ਸ਼ਬਦ ਦਾ ਅਰਥ ਹੈ - ਟੇਡਾ ਕਥਨ। ਕੁੰਤਕ ਨੇ ਆਪਣੇ ਗ੍ਰੰਥ 'ਵਕ੍ਰੋਕਤੀ ਜੀਵਿਤੰ' ਵਿਚ ਇਹ ਤੱਥ ਉਜਾਗਰ ਕੀਤਾ ਹੈ ਕਿ ਕਾਵਿ ਵਿਚ ਜਦੋਂ ਕੋਈ ਲੇਖਕ ਕਿਸੇ ਸਾਧਾਰਨ ਗੱਲ ਨੂੰ ਘੁੰਮਾ ਫਿਰਾ ਕੇ ਜਾਂ ਸੁੰਦਰ ਢੰਗ ਨਾਲ ਪ੍ਰਗਟ ਕਰਦਾ ਹੈ ਤਾਂ ਉਸ ਨੂੰ ਵਕ੍ਰੋਕਤੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਵਕ੍ਰੋਕਤੀ ਇਕ ਪ੍ਰਕਾਰ ਦੀ ਸ਼ਕਤੀ ਹੈ ਜੋ ਆਪਣੇ ਸੁਚਜ ਨਾਲ ਸਾਧਾਰਣ ਕਥਨ ਨੂੰ ਵੀ ਸੁੰਦਰ ਅਤੇ ਚਮਤਕਾਰ ਬਣਾ ਸਕਦੀ ਹੈ।

**1.7.6. ਔਚਿਤਯ ਸਿਧਾਂਤ :-** 'ਔਚਿਤਯ ਸਿਧਾਂਤ' ਭਾਰਤੀ ਕਾਵਿ-ਸ਼ਾਸਤਰ ਦਾ ਮਹੱਤਵਪੂਰਨ ਅਤੇ ਅੰਤਿਮ ਸਿਧਾਂਤ ਹੈ। ਇਸ ਸਿਧਾਂਤ ਦੀ ਸਥਾਪਨਾ ਦਾ ਸਿਹਰਾ ਆਚਾਰੀਆ ਕਸ਼ੇਮੇਂਦਰ ਦੇ ਸਿਰ ਬੱਝਦਾ ਹੈ। ਆਚਾਰੀਆ ਕਸ਼ੇਮੇਂਦਰ ਦਾ ਜਨਮ ਕਸ਼ਮੀਰ ਵਿਚ ਹੋਇਆ ਸੀ ਅਤੇ ਜਿਸ ਨੂੰ ਅਭਿਨਵ ਗੁਪਤ ਦਾ ਸ਼ਿਸ਼ ਮੰਨਿਆ ਜਾਂਦਾ ਹੈ। ਆਚਾਰੀਆ ਕਸ਼ੇਮੇਂਦਰ ਨੇ ਆਪਣੀ ਪੁਸਤਕ 'ਔਚਿਤਯ ਵਿਚਾਰ ਚਰਚਾ' ਵਿਚ ਔਚਿਤਯ ਸਿਧਾਂਤ ਬਾਰੇ ਚਰਚਾ ਕੀਤੀ ਹੈ। ਕਾਵਿ-ਰਚਨਾ ਜਾਂ ਸਾਹਿਤ ਦੀ ਉਸਾਰੀ ਲਈ ਬਹੁਤ ਜ਼ਰੂਰੀ ਹੈ ਕਿ ਉਸ ਵਿਚ ਹਰ ਅੱਖਰ, ਹਰ ਸ਼ਬਦ ਅਤੇ ਹਰ ਵਾਕ ਨੂੰ ਉਚਿਤ ਤੇ ਸਹੀ ਥਾਂ ਤੇ ਟਿਕਾਇਆ ਜਾਵੇ ਤਾਂ ਜੋ ਉਹ ਕਵਿਤਾ ਜਾਂ ਸਾਹਿਤ ਰਚਨਾ, ਕਲਾ ਦਾ ਉਤਮ ਨਮੂਨਾ ਬਣ ਸਕੇ। ਇਸ ਤਰ੍ਹਾਂ ਕਾਵਿ-ਕਲਾ ਦੇ ਵੱਖ-ਵੱਖ ਜ਼ਰੂਰੀ ਤੱਤਾਂ ਨੂੰ ਉਚਿਤ ਤੇ ਸਹੀ ਥਾਂ ਤੇ ਸਥਾਪਿਤ ਕਰਨਾ ਹੀ ਔਚਿਤਯ ਸਿਧਾਂਤ ਹੈ। ਔਚਿਤਯ ਨੂੰ ਅੰਗਰੇਜ਼ੀ ਭਾਸ਼ਾ ਵਿਚ 'Propriety' ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ ਸਹੀ ਥਾਂ ਤੇ ਸਹੀ ਸ਼ਬਦਾਂ ਜਾਂ ਵਾਕਾਂ ਦੀ ਵਰਤੋਂ ਕਰਨਾ।

ਔਚਿਤਯ ਸਿਧਾਂਤ ਦਾ ਆਧਾਰ ਇਹ ਹੈ ਕਿ ਕਾਵਿ ਦਾ ਹਰੇਕ ਸ਼ੋਭਾ-ਉਤਪਾਦਕ ਜਾਂ ਸ਼ੋਭਾ ਕਾਰਕ ਅੰਗ ਲੋੜੀਦੇ ਅਨੁਪਾਤ ਅਤੇ ਲੋੜੀਦੇ ਸਥਾਨ ਉੱਤੇ ਪੇਸ਼ ਹੋਣਾ ਚਾਹੀਦਾ ਹੈ। ਉਦਾਹਰਨ ਵਜੋਂ ਜੇ ਕੋਈ ਸੁੰਦਰ ਇਸਤਰੀ ਆਪਣਾ ਮੂੰਹ ਗਹਿਣਿਆਂ ਨਾਲ ਲੱਦ ਲਵੇ ਤਾਂ ਗਹਿਣੇ ਉਸ ਦੀ ਸੁੰਦਰਤਾ ਵਿਚ ਵਾਧਾ ਕਰਨ ਦੀ ਬਜਾਏ ਉਸ ਨੂੰ ਕਰੂਪ ਬਣਾ ਦਿੰਦੇ ਹਨ। ਇਸੇ ਤਰ੍ਹਾਂ ਜੇ ਕਿਸੇ ਨੋਜਵਾਨ ਨੇ ਪਜਾਮੇ ਨਾਲ ਟਾਈ ਲਾਈ ਹੋਵੇ ਜਾਂ ਉਸ ਦੇ ਪੈਂਟ-ਕੋਟ ਦਾ ਰੰਗ ਅਤੇ ਡਿਜ਼ਾਇਨ ਆਦਿ ਆਪਸ ਵਿਚ ਮੇਲ ਨਾ ਖਾਂਦੇ ਹੋਣ, ਤਾਂ ਵੇਖਣ ਵਾਲੇ ਨੂੰ ਇਹ ਸਭ ਕੁਝ ਹਾਸੋਹੀਣ ਪ੍ਰਤੀਤ ਹੋਵੇਗਾ। ਠੀਕ ਇਸੇ ਤਰ੍ਹਾਂ ਅਣ-ਲੋੜੀਦੇ ਜਟਿਲ ਅਲੰਕਾਰਾਂ ਨਾਲ ਸਜਾਇਆ ਕਾਵਿ, ਵਿਚਿਤਰ ਘਟਨਾਵਾਂ ਨਾਲ ਭਰਪੂਰ ਕਥਾਤਮਕ ਸਾਹਿਤ, ਪ੍ਰਤਿਕੂਲ ਸਥਿਤੀਆਂ ਵਿਚੋਂ ਅਨੁਕੂਲ ਭਾਵ ਸਿਰਜਣ ਦੀ ਕੋਸ਼ਿਸ਼ ਸਭ ਕਾਵਿ ਦੀ ਸ਼ੋਭਾ ਵਿਚ ਕਮੀ ਲੈ ਆਉਂਦੇ ਹਨ। ਔਚਿਤਯ ਆਪਣੇ ਆਪ ਵਿਚ ਕੋਈ ਸੁਤੰਤਰ ਤੱਤ ਨਹੀਂ, ਸਗੋਂ ਕਾਵਿ-ਤੱਤਾਂ ਦੇ ਨਿਰੀਖਣ ਦਾ ਇਕ ਮਾਪ ਹੈ।

ਕਸ਼ੇਮੇਂਦਰ ਦਾ ਸਮਾਂ ਗਿਆਰ੍ਹਵੀਂ ਸਦੀ ਮੰਨਿਆ ਜਾਂਦਾ ਹੈ। ਕਸ਼ੇਮੇਂਦਰ ਨੇ ਔਚਿਤਯ ਸਿਧਾਂਤ ਨੂੰ ਆਪਣੀ ਪੁਸਤਕ "ਔਚਿਤਯ ਵਿਚਾਰ ਚਰਚਾ" ਵਿਚ ਖੋਲ ਕੇ ਸਮਝਾਇਆ ਹੈ। ਕਸ਼ੇਮੇਂਦਰ ਦੇ ਅਨੁਸਾਰ, "ਉਚਿਤ ਦਾ ਅਰਥ ਹੈ ਕਿ ਜਿੱਥੇ ਜਿਸ ਤਰ੍ਹਾਂ ਹੋਣਾ ਚਾਹੀਦਾ ਹੈ ਉਥੇ ਉਸ ਤਰ੍ਹਾਂ ਹੋਣਾ। ਜਿਹੜੀ ਵਸਤੂ ਜਿਸ ਦੇ ਯੋਗ ਜਾਂ ਸਹੀ ਹੁੰਦੀ ਹੈ ਉਸ ਨੂੰ ਉਚਿਤ ਕਹਿੰਦੇ ਹਨ ਅਤੇ ਓਚਿਤ ਦੇ ਭਾਵ ਨੂੰ ਵਿਦਵਾਨ ਔਚਿਤਯ ਕਹਿੰਦੇ ਹਨ।" (***ਧਾਲੀਵਾਲ, ਭਾਰਤੀ ਕਾਵਿ ਸ਼ਾਸਤ੍ਰ*** 179) ਕਸ਼ੇਮੇਂਦਰ ਨੇ ਔਚਿਤਯ ਦੇ ਸਤਾਈ (27) ਭੇਦ ਪ੍ਰਸਤੁਤ ਕੀਤੇ ਹਨ - ਪਦ ਜਾਂ ਸ਼ਬਦ, ਵਾਕ ਜਾਂ ਫਿਕਰਾ, ਪ੍ਰਬੰਧ-ਅਰਥ, ਗੁਣ, ਅਲੰਕਾਰ, ਰਸ, ਕਿਰਿਆ (Verb), ਕਾਰਕ, ਲਿੰਗ, ਵਚਨ, ਵਿਸ਼ੇਸ਼ਣ, ਉਪਸਰਗ, ਨਿਪਾਤ, ਕਾਲ, ਦੇਸ਼, ਕੁਲ ਜਾਂ ਵੰਸ਼, ਵਤ੍ਰ ਅਰਥਾਤ ਕਾਵਿ ਦੇ ਪਾਤਰਾਂ ਦੀ ਰਹਿਣੀ-ਬਹਿਣੀ ਜਾਂ ਜੀਵਨ-ਫਿਲਾਸਫੀ, ਤੱਤਵ (ਤੱਤ, ਸੱਚ), ਸੱਤਵ ਭਾਵ ਮਨੋਬਲ, ਅਭਿਪ੍ਰਾਏ ਭਾਵ ਮੰਤਵ, ਸੁਭਾਵ, ਸਾਰ-ਸੰਗ੍ਰਿਹ, ਪ੍ਰਤਿਭਾ, ਅਵਸਥਾ, ਵਿਚਾਰ, ਨਾਮ, ਅਸ਼ੀਰਵਾਦ।

**ਔਚਿਤਯ ਦੇ ਭੇਦਾਂ ਦੀ ਸ਼੍ਰੇਣੀ-ਵੰਡ :-** ਕਸ਼ੇਮੇਂਦਰ ਦੁਆਰਾ ਪੇਸ਼ ਕੀਤੇ ਔਚਿਤਯ ਸਿਧਾਂਤ ਦੇ 27 ਭੇਦਾਂ ਦੀ ਵਿਦਵਾਨਾਂ ਨੇ ਸ਼੍ਰੇਣੀ ਵੰਡ ਹੇਠ ਲਿਖੇ ਅਨੁਸਾਰ ਕੀਤੀ ਹੈ :-

**ਸ਼ਬਦ-ਵਿਗਿਆਨ** :- ਪਦ, ਵਾਕ, ਕਿਰਿਆ, ਕਾਰਕ, ਲਿੰਗ, ਵਚਨ, ਵਿਸ਼ੇਸ਼ਣ, ਉਪਸਰਗ, ਨਿਪਾਤ।

**ਕਾਵਿ-ਸ਼ਾਸਤਰੀ** :- ਪ੍ਰਬੰਧ-ਅਰਥ, ਗੁਣ, ਅਲੰਕਾਰ, ਰਸ, ਸਾਰ-ਸੰਗ੍ਰਹਿ, ਤੱਤਵ, ਆਸ਼ੀਰਵਾਦ, ਨਾਮ।

**ਚਰਿਤਰ-ਚਿਤਰਨ** :- ਵ੍ਰਤ, ਸੱਤਵ, ਅਭਿਪ੍ਰਾਏ, ਸੁਭਾ, ਪ੍ਰਤਿਭਾ, ਵਿਚਾਰ।

**ਪਰਿਸਥਿਤੀ-ਵਰਨਣ** :- ਕਾਲ, ਦੇਸ਼, ਕੁਲ, ਅਵਸਥਾ।

ਔਚਿਤਯ ਕਾਵਿ ਦਾ ਕੋਈ ਅੰਗ ਜਾਂ ਤੱਤ ਨਹੀਂ ਸਗੋਂ ਕਾਵਿ ਦੇ ਸਾਰੇ ਅੰਗਾਂ ਅਤੇ ਤੱਤਾਂ ਵਿਚ ਵਿਆਪਕ ਇਕ ਗੁਣ ਹੈ, ਜਿਹੜਾ ਸਾਹਿਤਕਾਰ ਜਾਂ ਕਵੀ ਦੀ ਉਚਿਤ ਦ੍ਰਿਸ਼ਟੀ ਕਾਰਣ ਉਤਪੰਨ ਜਾਂ ਪੈਦਾ ਹੁੰਦਾ ਹੈ। ਉਚਿਤ ਦ੍ਰਿਸ਼ਟੀ ਦੇ ਮਾਪ ਸਮੇਂ ਦੀ ਸੰਸਕ੍ਰਿਤੀ ਵਿਚ ਪਰਿਵਰਤਨ ਆਉਣ ਨਾਲ ਉਚਿਤ-ਅਨੁਚਿਤ

ਦੀ ਧਾਰਨਾ ਵਿਚ ਆਉਂਦਾ ਰਹਿੰਦਾ ਹੈ। ਇਸ ਤੋਂ ਇਲਾਵਾ ਇਕ ਸਮਾਜ ਵਿਚ ਸੰਸਕ੍ਰਿਤੀ ਦੀਆਂ ਪਰਸਪਰ ਵਿਰੋਧੀ ਕੀਮਤਾਂ ਪ੍ਰਚਲਿਤ ਵੀ ਹੁੰਦੀਆਂ ਹਨ। ਇਸ ਲਈ ਵੱਖਰੀਆਂ ਵੱਖਰੀਆਂ ਕੀਮਤਾਂ ਦੇ ਅਨੁਯਾਈ ਸਾਹਿਤਕਾਰਾਂ ਲਈ ਔਚਿਤਯ ਦ੍ਰਿਸ਼ਟੀ ਵੀ ਵੱਖਰੀ ਵੱਖਰੀ ਹੁੰਦੀ ਹੈ। ਰਚਨਾ ਵਿਚ ਕੁਝ ਗੱਲਾਂ ਅਜਿਹੀਆਂ ਹੁੰਦੀਆਂ ਹਨ ਜਿਹੜੀਆਂ ਸਭ ਨੂੰ ਹੀ ਪ੍ਰਵਾਨ ਹੁੰਦੀਆਂ ਹਨ ਕੁਝ ਗੱਲਾਂ ਸਬੰਧੀ ਮਤਭੇਦ ਵੀ ਹੋ ਸਕਦਾ ਹੈ। ਆਧੁਨਿਕ ਦ੍ਰਿਸ਼ਟੀ ਅਨੁਸਾਰ ਉਚਿਤ ਉਹ ਹੈ ਜਿਹੜਾ ਜੀਵਨ ਦੀ ਯਥਾਰਥ ਦੀ ਵਸਤੂਗਤ ਗਤੀਸ਼ੀਲਤਾ ਦੀ ਦਿਸ਼ਾ ਵੱਲ ਸੰਕੇਤ ਕਰਦਾ ਹੈ। 'ਔਚਿਤਯ' ਸਿਧਾਂਤ ਅਨੁਸਾਰ ਅਜਿਹੇ ਸੰਕਲਪਾਂ ਦਾ ਸੰਚਾਰ ਹੀ ਉਚਿਤ ਗਿਣਿਆ ਜਾਂਦਾ ਹੈ ਜੋ ਸੁਹਿਰਦ ਜਾਂ ਪਾਠਕ ਨੂੰ ਉਸ ਦਿਸ਼ਾ ਵੱਲ ਮੁੜਨ ਦੀ ਪ੍ਰੇਰਨਾ ਕਰਦੇ ਹਨ। 'ਪਦ ਸੰਬੰਧੀ ਔਚਿਤਯ' ਨੂੰ ਦਰਸਾਉਣ ਲਈ ਪਰਿਮਲ ਕਵੀ ਦੇ ਸ਼ਲੋਕ ਨੂੰ ਉਦਾਹਰਨ ਵਜੋਂ ਦਿੱਤਾ ਗਿਆ ਹੈ:

> "ਹੇ ਨਾਥ ! ਯੁੱਧ ਵਿਚ ਤੁਹਾਡੀ ਤਲਵਾਰ ਦੀ ਧਾਰ ਦੇ ਪਾਣੀ ਵਿਚ ਵੈਰੀਆਂ ਦੇ ਝੁੰਡ ਦੇ ਝੁੰਡ ਡੁੱਬ ਹਏ ਹਨ" ਇਹ ਪ੍ਰਸ਼ੰਸਾ ਭੱਟਾਂ ਦੇ ਮੂੰਹੋਂ ਸੁਣ ਕੇ ਰਾਜੇ ਦੀ ਭੋਲੀ-ਭਾਲੀ ਰਾਣੀ ਹੈਰਾਨ ਹੋ ਕੇ ਆਪਣੇ ਪਤੀ ਦੀ ਤਲਵਾਰ ਵੱਲ ਤ੍ਰੇਹ (ਪਿਆਸ) ਬੁਝਾਉਣ ਲਈ ਮੁੜ ਮੁੜ ਤੱਕਦੀ ਹੈ" (***ਔਚਿਤਯ ਵਿਚਾਰ ਚਰਚਾ*** 8)

ਓਪਰੋਕਤ ਸ਼ਲੋਕ ਗੁਜਰਾਤ ਦੇਸ਼ ਦੇ ਜੇਤੂ ਕਿਸੇ ਰਾਜੇ ਦੀ ਉਸਤਤੀ ਵਿਚ ਪਰਿਮਲ ਕਵੀ ਦੁਆਰਾ ਕਿਹਾ ਗਿਆ ਹੈ। ਜੰਗਲ ਵਿਚ ਰਾਜੇ ਦੀ ਭੋਲੀ-ਭਾਲੀ ਰਾਣੀ ਆਪਣੀ ਪਿਆਸ ਬੁਝਾਉਣ ਲਈ ਹੈਰਾਨ ਹੋ ਕੇ ਆਪਣੇ ਪਤੀ ਦੀ ਤਲਵਾਰ ਨੂੰ ਦੋਨਾਂ ਅੱਖਾਂ ਨਾਲ ਦੇਖਦੀ ਹੈ। ਵਿਚਾਰੀ ਭੋਲੀ-ਭਾਲੀ ਰਾਣੀ ਉਸਨੂੰ ਪਤਾ ਨਹੀਂ ਕਿ ਰਾਜੇ ਦੀ ਤਲਵਾਰ ਦੀ ਧਾਰ ਵਿਚ ਵੈਰੀਆਂ ਨੂੰ ਡੁਬਾਉਣ ਦੀ ਤਾਂ ਸਮਰੱਥਾ ਹੋ ਸਕਦੀ ਹੈ, ਪਰ ਪਿਆਸ ਬੁਝਾਉਣ ਦੀ ਸਮਰੱਥਾ ਨਹੀਂ ਹੈ। ਇੱਥੇ ਕਵੀ ਨੇ ਜਿਹੜੇ 'ਭੋਲੀ-ਭਾਲੀ' ਸ਼ਬਦ ਦੀ ਵਰਤੋਂ ਕੀਤੀ ਹੈ, ਉਹ ਕਿੰਨੀ ਸੋਹਣੀ ਲੱਗਦੀ ਹੈ, ਇਸ ਦਾ ਅਨੁਭਵ ਕੇਵਲ ਪੜ੍ਹੇ-ਲਿਖੇ ਅਤੇ ਸੂਝਵਾਨ ਪਾਠਕ ਹੀ ਕਰ ਸਕਦੇ ਹਨ।

ਆਚਾਰੀਆ ਕਸ਼ੇਮੇਂਦਰ ਨੇ ਔਚਿਤਯ ਨੂੰ ਕਾਵਿ ਦੀ ਆਤਮਾ ਜਾਂ ਪਰਮ-ਤੱਤ ਸਵੀਕਾਰ ਕੀਤਾ ਹੈ। ਉਸ ਦੇ ਅਨੁਸਾਰ ਜੋ ਜਿਸ ਦੇ ਅਨੁਰੂਪ ਹੁੰਦਾ ਹੈ, ਉਸ ਨੂੰ ਉਚਿਤ ਕਿਹਾ ਜਾਂਦਾ ਹੈ ਅਤੇ ਉਚਿਤ ਹੋਣ ਦਾ ਭਾਵ ਹੀ ਔਚਿਤਯ ਹੈ। ਜਿਵੇਂ ਜੀਵਨ ਨੂੰ ਸੰਤੁਲਿਤ ਅਤੇ ਵਿਵਸਥਿਤ ਰੂਪ ਵਿਚ ਚਲਾਉਣ ਲਈ ਔਚਿਤਯ ਦਾ ਮਹੱਤਵ ਹੈ, ਉਸੇ ਤਰ੍ਹਾਂ ਕਾਵਿ ਵਿਚ ਸੌਂਦਰਯ ਲਿਆਉਣ ਕਈ ਔਚਿਤਯ ਦੀ ਜਰੂਰਤ ਪੈਂਦੀ ਹੈ। ਔਚਿਤਯ ਰਾਹੀਂ ਹੀ ਰਸ ਅਤੇ ਅਲੰਕਾਰ ਆਪਣੇ ਵਾਸਤਵਿਕ ਕਰਤੱਵ ਨੂੰ ਨਿਭਾ ਸਕਦੇ ਹਨ ਅਤੇ ਸਾਹਿਤ ਨੂੰ ਪੜ੍ਹ ਕੇ ਹੀ ਪਾਠਕ ਆਨੰਦਿਤ ਹੋ ਸਕਦਾ ਹੈ

ਉਪਰੋਕਤ ਵਿਚਾਰ ਚਰਚਾ ਤੋਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ 'ਸਾਹਿਤ' ਉਸ ਸੁਹਜਾਤਮਕ ਅਤੇ ਕੋਮਲ ਕ੍ਰਿਤ ਸਾਹਿਤਿਕ ਰਚਨਾ ਨੂੰ ਮੰਨਿਆ ਜਾਂਦਾ ਹੈ, ਜਿਸ ਵਿਚ ਨ ਕੇਵਲ ਸ਼ਬਦ ਹੀ ਸੁੰਦਰ, ਗੁੰਦਵੇਂ, ਢੁੱਕਵੇਂ, ਕੰਨਾਂ ਨੂੰ ਰਸੀਲੇ ਕਰਨ ਵਾਲੇ ਹੋਣ, ਸਗੋਂ ਅਰਥ ਵੀ ਰੋਮਾਂਚਕਾਰੀ, ਤੀਰਾਂ ਦੇ ਨੁੱਕੇ ਅਤੇ ਸਦ-ਟਿਕਾਊ ਹੋਣ, ਕਿਉਂਕਿ ਸ਼ਬਦ ਅਤੇ ਅਰਥ ਦੀ ਉੱਚਤਾ ਨਾਲ ਹੀ ਉਤਮ ਕਾਵਿ ਦੀ ਉਪਜ ਹੋ ਸਕਦੀ ਹੈ। ਕਵੀ ਜਾਂ ਸਾਹਿਤਕਾਰ ਵਿਰਲੇ ਹੀ ਪ੍ਰਤਿਭਾਸ਼ਾਲੀ ਉਹ ਬੰਦੇ ਹੁੰਦੇ ਹਨ ਜੋ 'ਸਾਹਿਤ' ਦੀ ਰਚਨਾ ਕਰਦੇ ਹਨ, ਕਿਉਂਕਿ ਹਰ ਜਣਾ-ਖਣਾ ਕਾਵਿ ਦੀ ਰਚਨਾ ਨਹੀਂ ਕਰ ਸਕਦਾ ਹੈ। ਸੋ ਅੰਤ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਇਕ ਵਧੀਆ ਕਾਵਿ-ਰਚਨਾ ਉਹ ਹੈ, ਜੋ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ ਜਾਂ ਸੰਪਰਦਾਵਾਂ (ਰਸ, ਧੁਨੀ, ਅਲੰਕਾਰ, ਰੀਤੀ, ਵਕ੍ਰੋਕਤੀ, ਔਚਿਤਯ) ਦੇ ਨਿਯਮਾਂ ਅਨੁਸਾਰ ਲਿਖੀ ਹੋਵੇ ਅਤੇ ਜੋ ਪਾਠਕ ਨੂੰ ਆਦਰਸ਼ਕ ਸੇਧ ਪ੍ਰਦਾਨ ਕਰਦੀ ਹੋਵੇ।

# ਅਧਿਆਇ ਦੂਜਾ

## 2. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ : ਰਸ ਸੰਪਰਦਾਇ

2.1. ਗੁਰੂ ਅਰਜਨ ਦੇਵ ਜੀ ਦੀ ਬਾਣੀ ਅਤੇ ਰਸ ਸਿਧਾਂਤ

2.2. ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਰਸ ਦੀ ਪ੍ਰਕਿਰਿਆ ਦਾ ਵਿਸ਼ਲੇਸ਼ਣ

2.3. ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਰਸ ਦੀਆਂ ਵਿਭਿੰਨ ਕਿਸਮਾਂ ਦਾ ਅਧਿਐਨ

2.4. ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਰਸ ਸਿਧਾਂਤ ਦੀ ਭੂਮਿਕਾ ਜਾਂ ਸਾਰਥਿਕਤਾ

# ਅਧਿਆਇ ਦੂਜਾ

## ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ : ਰਸ ਸੰਪਰਦਾਇ

ਇਸ ਖੋਜ ਕਾਰਜ ਦਾ ਵਿਸ਼ਾ ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਅਧਿਐਨ ਕਰਨਾ ਹੈ, ਪਰੰਤੂ ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿਚ ਅਧਿਐਨ ਕਰਨ ਤੋਂ ਪਹਿਲਾਂ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ, ਜਿਸ ਦਾ ਓਪਰਾਲਾ ਅਧਿਆਇ ਪਹਿਲੇ ਵਿਚ ਕੀਤਾ ਗਿਆ ਹੈ। ਅਧਿਆਇ ਪਹਿਲੇ ਵਿਚ ਅਸੀਂ ਖੋਜ-ਕਾਰਜ ਦੇ ਵਿਸ਼ੇ ਤੇ ਖੇਤਰ, ਪੂਰਵ ਖੋਜ-ਕਾਰਜ ਦੇ ਸਰਵੇਖਣ, ਖੋਜ-ਕਾਰਜ ਦੀ ਸਾਰਥਿਕਤਾ, ਖੋਜ-ਕਾਰਜ ਦੇ ਉਦੇਸ਼, ਖੋਜ-ਕਾਰਜ ਦੀ ਪਹੁੰਚ ਵਿਧੀ, ਗੁਰੂ ਅਰਜਨ ਦੇਵ ਜੀ ਦੀ ਸ਼ਖਸੀਅਤ, ਸਾਹਿਤਿਕ ਯੋਗਦਾਨ ਅਤੇ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ ਬਾਰੇ ਸਿਧਾਂਤਕ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਹੈ ਅਤੇ ਅਧਿਆਇ ਦੂਜੇ ਵਿਚ ਅਸੀਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਨੂੰ ਰਸ ਸਿਧਾਂਤ, ਰਸ ਦੀ ਪ੍ਰਕਿਰਿਆ (ਵਿਭਾਵ, ਅਨੁਭਾਵ, ਸੰਚਾਰੀ ਭਾਵ) ਅਤੇ ਰਸ ਦੀਆਂ ਵੱਖ-ਵੱਖ ਕਿਸਮਾਂ ਜਾਂ ਭਾਵਾਂ ਦੇ ਆਧਾਰ 'ਤੇ ਮੁਲਾਂਕਣ ਜਾਂ ਘੋਖਣ ਦਾ ਨਿਵੇਕਲਾ ਜਾਂ ਵਿਲੱਖਣ ਉਪਰਾਲਾ ਕਰਾਂਗੇ।

ਆਧੁਨਿਕ ਸਮੇਂ ਵਿਚ ਕਵਿਤਾ ਦੇ ਆਮ ਤੌਰ ਤੇ ਦੋ ਪੱਖ (ਭਾਵ ਪੱਖ ਅਤੇ ਕਲਾ ਪੱਖ) ਮੰਨੇ ਜਾਂਦੇ ਹਨ। ਭਾਵ ਪੱਖ ਵਿਚ ਕਵਿਤਾ ਦੇ ਉਹ ਸਾਰੇ ਵਿਸ਼ੇ ਆ ਜਾਂਦੇ ਹਨ, ਜਿੰਨ੍ਹਾਂ ਦੀ ਵਰਤੋਂ ਦੁਆਰਾ ਕਵੀ ਕਵਿਤਾ ਜਾਂ ਕਾਵਿ ਦੀ ਸਿਰਜਨਾ ਕਰਦਾ ਹੈ ਅਤੇ ਕਲਾ ਪੱਖ ਵਿਚ ਕਵੀ ਦੀ ਸ਼ਿਲਪ ਕਲਾ, ਸ਼ਬਦਾਂ ਦੀ ਚੋਣ, ਲਿਖਣ ਦੀ ਸ਼ੈਲੀ, ਭਾਵਾਂ ਨੂੰ ਪ੍ਰਗਟਾਉਣ ਦੇ ਢੰਗ ਆਦਿ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਕਵੀ ਜਾਂ ਸ਼ਾਇਰ ਕੋਲ ਕੇਵਲ ਕਾਵਿ-ਭਾਸ਼ਾ ਹੀ ਇਕ ਅਜਿਹਾ ਸਾਧਨ ਹੈ ਜਿਸ ਰਾਹੀਂ ਉਹ ਆਪਣੇ ਮਨੋ-ਭਾਵਾਂ ਦਾ ਸੰਚਾਰ ਸ੍ਰੋਤੇ ਜਾਂ ਪਾਠਕ ਦੇ ਸਾਹਮਣੇ ਪ੍ਰਸਤੁਤ ਕਰਦਾ ਹੈ। ਭਾਰਤੀ ਕਾਵਿ-ਸ਼ਾਸਤਰ ਦੇ ਅਨੁਸਾਰ ਕਵਿਤਾ ਵਿਚਲੇ ਭਾਵ ਪੱਖ ਅਤੇ ਕਲਾ ਪੱਖ ਦਾ ਸਿੱਧਾ ਸੰਬੰਧ ਰਸ-ਸੰਪ੍ਰਦਾਇ ਨਾਲ ਹੈ।

ਭਾਰਤੀ ਕਾਵਿ-ਸ਼ਾਸਤਰ ਵਿਚ 'ਰਸ-ਸੰਪ੍ਰਦਾਇ' ਸਾਹਿਤ ਸਮੀਖਿਆ ਦੀ ਇਕ ਮਹੱਤਵਪੂਰਨ ਸੰਪ੍ਰਦਾਇ ਵਜੋਂ ਪ੍ਰਵਾਨ ਕੀਤੀ ਜਾਂਦੀ ਹੈ। ਭਾਰਤੀ ਕਾਵਿ-ਸ਼ਾਸਤਰ ਦੇ ਅਨੁਸਾਰ ਰਸ ਸਾਹਿਤ ਦੇ ਪੜ੍ਹਨ ਜਾਂ ਸੁਣਨ ਤੋਂ ਪਾਠਕ ਜਾਂ ਸਰੋਤੇ ਦੇ ਮਨ ਅੰਦਰ ਪੈਦਾ ਹੋਣ ਵਾਲਾ ਭਾਵ, ਸੁਹਜ-ਸੁਆਦ ਜਾਂ ਆਨੰਦ ਹੈ। ਰਸ ਦਿਲਾਂ ਨੂੰ ਪਿਘਲਾਉਣ, ਮਨ ਨੂੰ ਲੀਨ ਕਰਨ, ਦਿਲ ਦੀਆਂ ਹਰਕਤਾਂ ਨੂੰ ਇਕਸੁਰ ਕਰਨ, ਨੇਤਰਾਂ ਨੂੰ ਸੇਜਲ ਬਣਾਉਣ, ਸਰੀਰ ਨੂੰ ਰੋਮਾਂਚਿਤ ਕਰਨ ਅਤੇ ਬੋਲਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਦੀ ਸਮਰੱਥਾ ਰੱਖਦਾ ਹੈ। ਸੰਸਕ੍ਰਿਤ ਵਿਆਕਰਣ ਅਨੁਸਾਰ ਰਸ ਉਹ ਭਾਵ ਹੈ ਜਿਸ ਤੋਂ ਸੁਆਦ ਜਾਂ ਆਨੰਦ ਪ੍ਰਾਪਤ ਹੋਵੇ। ਵੇਦਾਂ ਅਨੁਸਾਰ ਰਸ ਉਹਨਾਂ ਪਦਾਰਥਾਂ ਦਾ ਦ੍ਰਵ ਹੈ, ਜੋ 'ਸੋਮਰਸ' ਦਾ ਵਾਚਕ ਹੈ। ਉਪਨਿਸ਼ਦਾਂ ਵਿਚ ਰਸ ਬ੍ਰਹਮ ਤੇ ਬ੍ਰਹਮ-ਆਨੰਦ ਦਾ ਵਾਚਕ ਹੈ। ਪੰਡਿਤ ਬਲਦੇਵ ਉਪਾਧਿਆਇ ਦੇ ਅਨੁਸਾਰ, "ਕਾਵਿ ਦੇ ਪੜ੍ਹਨ ਜਾਂ ਸੁਣਨ ਤੋਂ ਪਾਠਕ ਜਾਂ ਸਰੋਤੇ ਦੇ ਚਿੱਤ ਜਾਂ ਮਨ ਅੰਦਰ ਪੈਦਾ ਹੋਣ ਵਾਲੇ ਵਿਲੱਖਣ ਜਾਂ ਅਲੋਕਿਕ ਆਨੰਦ ਨੂੰ ਰਸ ਕਿਹਾ ਜਾਂਦਾ ਹੈ।" (*ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ* 54)

'ਰਸ-ਸਿਧਾਂਤ' ਦਾ ਆਰੰਭ ਭਰਤਮੁਨੀ ਦੇ 'ਨਾਟਯ ਸ਼ਾਸਤਰ' ਤੋਂ ਹੀ ਮੰਨਿਆ ਜਾਂਦਾ ਹੈ, ਜਿਸ ਦੇ ਅਨੁਸਾਰ ਜਿਵੇਂ ਰਸਿਕ ਲੋਕ ਵੱਖ-ਵੱਖ ਤਰ੍ਹਾਂ ਦੇ ਅੰਨ-ਪਦਾਰਥਾਂ ਨੂੰ ਚਬਾਂਦੇ ਹੋਏ ਰਸਾਂ ਦਾ ਮਜ਼ਾ ਜਾਂ ਆਨੰਦ ਲੈਂਦੇ ਹਨ ਠੀਕ ਉਸੇ ਤਰ੍ਹਾਂ ਸਰੋਤੇ ਜਾਂ ਪਾਠਕ ਸਾਹਿਤ ਵਿਚ ਪ੍ਰਗਟਾਏ ਤੱਥਾਂ ਜਾਂ ਸਥਾਈ ਭਾਵਾਂ ਦਾ ਸੁਆਦ ਪ੍ਰਾਪਤ ਕਰਦੇ ਹਨ। ਰਸ ਮਨ ਅੰਦਰ ਉਤਪੰਨ ਜਾਂ ਪੈਦਾ ਹੋਣ ਵਾਲਾ ਉਹ ਭਾਵ ਹੈ, ਜੋ ਕਵਿਤਾ ਜਾਂ ਕਾਵਿ ਨੂੰ ਪੜ੍ਹਨ ਜਾਂ ਸੁਣਨ ਨਾਲ ਉਤਪੰਨ ਹੁੰਦਾ ਹੈ। ਭਾਰਤੀ ਕਾਵਿ-ਸ਼ਾਸਤਰ ਵਿਚ ਸਾਹਿਤ ਦੇ ਪੜ੍ਹਨ-ਸੁਣਨ ਤੋਂ ਪਾਠਕ-ਸਰੋਤੇ ਨੂੰ ਜੋ ਵੀ ਸੁਹਜ-ਸੁਆਦ ਜਾਂ ਆਨੰਦ ਮਹਿਸੂਸ ਹੁੰਦਾ ਹੈ, ਉਸ ਨੂੰ ਭਾਰਤੀ ਕਾਵਿ-ਸ਼ਾਸਤਰ ਵਿਚ ਰਸ ਕਿਹਾ ਜਾਂਦਾ ਹੈ। ਭਰਤਮੁਨੀ ਦੇ ਅਨੁਸਾਰ, "ਵਿਭਾਵ, ਅਨੁਭਾਵ, ਅਤੇ ਸੰਚਾਰੀ ਭਾਵਾਂ ਦੇ ਸੰਯੋਗ ਨਾਲ ਰਸ ਦੀ ਨਿਸ਼ਪਤੀ (ਉਤਪਤੀ) ਹੁੰਦੀ ਹੈ।" (*ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ* 55)

'ਰਸ-ਸਿਧਾਂਤ' ਵਿਚਲਾ ਸ਼ਬਦ 'ਰਸ' ਬਹੁਤ ਹੀ ਵਿਲੱਖਣ ਅਤੇ ਤਕਨੀਕੀ ਸ਼ਬਦ ਹੈ, ਕਿਉਂਕਿ ਰਸ ਅਖੰਡ, ਸਵੈ-ਪ੍ਰਕਾਸ਼ਮਾਨ, ਆਨੰਦਮਈ ਤੇ ਚੇਤਨਾਮਈ ਹੁੰਦਾ ਹੈ ਭਾਵ ਜਦੋਂ ਰਸ ਜਾਗ੍ਰਿਤ ਹੁੰਦਾ ਹੈ ਤਾਂ

ਪਾਠਕ ਜਾਂ ਸਰੋਤੇ ਨੂੰ ਵਿਲੱਖਣ ਜਾਂ ਅਲੋਕਿਕ ਆਨੰਦ ਦਾ ਅਨੁਭਵ ਹੁੰਦਾ ਹੈ। ਰਸ ਕੇਵਲ ਮਾਨਣਯੋਗ ਹੁੰਦਾ ਹੈ, ਬਿਆਨਯੋਗ ਨਹੀਂ ਹੁੰਦਾ। ਰਸ ਸਮੂਹਿਕ ਹੁੰਦਾ ਹੈ ਅਰਥਾਤ ਰਸ ਦੀ ਅਭਿਵਿਅਕਤੀ ਵਿਚ ਸਾਹਿਤ ਦੇ ਕਈ ਤੱਤ ਆਪੋ-ਆਪਣਾ ਹਿੱਸਾ ਪਾ ਕੇ ਇਕਰੂਪ ਰਸ ਦੇ ਅਨੁਭਵ ਤਕ ਪਹੁੰਚ ਜਾਂਦੇ ਹਨ। ਰਸ ਵਿਚ ਆਨੰਦਮਈ, ਚੇਤਨਾਮਈ ਅਤੇ ਅਲੌਕਿਕ ਵਿਸ਼ੇਸ਼ ਗੁਣ ਹੁੰਦੇ ਹਨ। ਪੱਛਮੀ ਆਲੋਚਨਾ ਸ਼ਾਸਤਰ ਦਾ ਮੂਲ ਆਧਾਰ ਸਾਹਿਤਕਾਰ ਦੀ ਸ਼ਖਸੀਅਤ ਅਤੇ ਵਿਚਾਰਾਂ ਦੀ ਪੇਸ਼ਕਾਰੀ ਹੈ, ਜਿਸ ਨੂੰ ਮੁੱਖ ਰੱਖਕੇ ਉਸ ਦੀ ਰਚਨਾ ਦੀ ਸਮੀਖਿਆ ਜਾਂ ਆਲੋਚਨਾ ਕੀਤੀ ਜਾਂਦੀ ਹੈ। ਪੱਛਮੀ ਆਲੋਚਕ ਵਿਅਕਤੀ ਨੂੰ ਮਹੱਤਵ ਦਿੰਦੇ ਹਨ ਜਿਸ ਕਰਕੇ ਉਹ ਲੇਖਕ ਦੇ ਵਿਅਕਤੀਗਤ ਅਨੁਭਵ ਦੀ ਅਭਿਵਿਅਕਤੀ ਨੂੰ ਸਾਹਿਤ ਦਾ ਮੂਲ ਆਧਾਰ ਮੰਨਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਲੇਖਕ ਆਪਣੇ ਨਿੱਜੀ ਦ੍ਰਿਸ਼ਟੀਕੋਣ ਤੋਂ ਕਿਸੇ ਘਟਨਾ, ਤਜਰਬੇ ਅਥਵਾ ਦ੍ਰਿਸ਼ ਦਾ ਅਨੁਭਵ ਆਪਣੀ ਰਚਨਾ ਜਾਂ ਕ੍ਰਿਤ ਵਿਚ ਪ੍ਰਗਟਾਉਂਦਾ ਹੈ। ਪਰੰਤੂ ਭਾਰਤੀ ਕਾਵਿ ਸ਼ਾਸਤਰ ਵਿਚ ਸਾਹਿਤ-ਆਲੋਚਕ ਸਾਹਿਤਕਾਰ ਦੀ ਰਚਨਾ ਦਾ ਮੂਲ ਆਧਾਰ ਪਾਠਕ ਉੱਤੇ ਪਏ ਪ੍ਰਭਾਵ ਨੂੰ ਮੰਨਦੇ ਹਨ। ਭਾਰਤੀ ਕਾਵਿ-ਸ਼ਾਸਤਰ ਦੇ ਵਿਦਵਾਨਾਂ ਦੇ ਅਨੁਸਾਰ ਕਵਿਤਾ ਜਾਂ ਕਾਵਿ ਵਿਚ ਵਿਸ਼ਾ ਅਜਿਹੇ ਰੂਪ ਵਿਚ ਪੇਸ਼ ਹੋਣਾ ਚਾਹੀਦਾ ਹੈ ਕਿ ਉਹ ਹਰੇਕ ਪਾਠਕ ਜਾਂ ਸਰੋਤੇ ਦੇ ਮਨ ਅੰਦਰ ਸਥਿਤ ਗੁਪਤ ਸਥਾਈ ਭਾਵਾਂ ਨੂੰ ਜਾਗ੍ਰਿਤ ਕਰਕੇ ਇਤਨੀ ਤੀਬਰਤਾ ਪ੍ਰਦਾਨ ਕਰ ਸਕੇ ਕਿ ਉਹ ਪਾਠਕ ਨੂੰ ਆਨੰਦ-ਮਗਨ ਕਰ ਸਕੇ। ਪਾਠਕ ਦੀ ਅਜਿਹੀ ਆਨੰਦਮਈ ਅਵਸਥਾ ਨੂੰ ਸੰਸਕ੍ਰਿਤ ਆਲੋਚਨਾ-ਸ਼ਾਸਤਰ ਵਿਚ ਰਸ ਕਿਹਾ ਜਾਂਦਾ ਹੈ।

**2. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ : ਰਸ ਸੰਪਰਦਾਇ :-** ਭਾਰਤੀ ਕਾਵਿ-ਸ਼ਾਸਤਰ ਵਿਚ ਕਵਿਤਾ ਜਾਂ ਕਾਵਿ ਨੂੰ ਸੁਹਜਾਤਮਕ ਆਨੰਦ ਪ੍ਰਦਾਨ ਕਰਨ ਵਾਲੀ ਰਚਨਾ ਸਵੀਕਾਰ ਕੀਤਾ ਜਾਂਦਾ ਹੈ, ਕਿਉਂਕਿ ਰਸ ਸਿਧਾਂਤ ਵਿਚ ਰੱਤੀ ਭਾਵ, ਹਾਸ ਭਾਵ, ਸ਼ਾਂਤ ਭਾਵ, ਵਾਤਸਲ ਭਾਵ, ਸ਼ੋਕ ਭਾਵ, ਕ੍ਰੋਧ ਭਾਵ, ਹੈਰਾਨੀ ਭਾਵ, ਘ੍ਰਿਣਾ ਭਾਵ, ਉਤਸ਼ਾਹ ਭਾਵ, ਭੈ ਭਾਵ, ਭਗਤੀ ਭਾਵ ਆਦਿ ਵਿਭਿੰਨ ਪ੍ਰਕਾਰ ਦੇ ਭਾਵ ਪਾਏ ਜਾਂਦੇ ਹਨ। ਕਵਿਤਾ ਵਿਚ ਰਸ ਦੀ ਅਨੁਭੂਤੀ ਵਿਸ਼ੇਸ਼ ਪ੍ਰਕਾਰ ਦੇ ਮੂਲ ਮਨੁੱਖੀ ਭਾਵਾਂ (ਸਥਾਈ ਅਤੇ ਸੰਚਾਰੀ ਭਾਵਾਂ)

ਰਾਹੀਂ ਸੰਭਵ ਹੈ ਜੋ ਕਿ ਮਨੁੱਖੀ ਜੀਵਨ ਦੀਆਂ ਵਿਭਿੰਨ ਪਰਿਸਥਿਤੀਆਂ ਨਾਲ ਸੰਬੰਧਿਤ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਆਪਣੀ ਗੁਰਬਾਣੀ ਵਿਚ ਵਿਭਿੰਨ ਰਸਾਂ ਦੀ ਵਰਤੋਂ ਦਾ ਮੁੱਖ ਮਨੋਰਥ ਕੇਵਲ ਮਨੁੱਖ ਦੀ ਸ਼ਖਸੀਅਤ ਦਾ ਅਧਿਆਤਮਕ ਵਿਕਾਸ ਕਰਦੇ ਹੋਏ ਗੁਰਬਾਣੀ ਵਿਚਲੇ ਭਾਵਾਂ ਜਾਂ ਸੰਕਲਪਾਂ ਨੂੰ ਵਧੇਰੇ ਸਰਲ, ਸਪੱਸ਼ਟ, ਰੌਚਕ, ਵਚਿਤਰ, ਗ੍ਰਹਿਣਸ਼ੀਲ ਅਤੇ ਗ੍ਰਹਿਣਯੋਗ ਬਣਾਉਣਾ ਹੈ। ਗੁਰੂ ਜੀ ਦੁਆਰਾ ਵਰਤੇ ਗਏ ਰਸਾਂ ਦੀ ਪੇਸ਼ਕਾਰੀ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਗੁਰੂ ਜੀ ਦੀ ਗੁਰਬਾਣੀ ਦਾ ਅਧਿਐਨ ਕਰਨ ਸਮੇਂ ਸਾਧਕ ਜਾਂ ਸਰੋਤੇ ਅੰਦਰ ਉਹੀ ਅਨੁਭੂਤੀ ਪੈਦਾ ਹੋ ਜਾਂਦੀ ਹੈ, ਜਿਸ ਦਾ ਅਹਿਸਾਸ ਗੁਰੂ ਜੀ ਨੂੰ ਗੁਰਬਾਣੀ ਦੀ ਰਚਨਾ ਕਰਦੇ ਸਮੇਂ ਹੋਇਆ ਸੀ। ਗੁਰੂ ਜੀ ਦੁਆਰਾ ਵਰਤੇ ਗਏ ਹਰ ਰਸ ਦੇ ਪਿੱਛੇ ਕੋਈ ਨਾ ਕੋਈ ਵਿਚਾਰ ਕਾਰਜਸ਼ੀਲ ਜ਼ਰੂਰ ਹੁੰਦਾ ਹੈ , ਜਿਸ ਦਾ ਪ੍ਰਯੋਜਨ ਅਧਿਆਤਮਕ ਉਚਾਈਆਂ ਅਤੇ ਅਧਿਆਤਮਕ ਮੰਜਿਲਾਂ ਨੂੰ ਸਰ ਕਰਨਾ ਹੈ। ਡਾ. ਮਹਿੰਦਰ ਕੌਰ ਗਿੱਲ ਦੇ ਅਨੁਸਾਰ, " ਗੁਰੂ ਕਵੀ ਮੂਲ ਰੂਪ ਵਿਚ ਰਹੱਸਵਾਦੀ ਕਵੀ ਸਨ, ਜਿੰਨ੍ਹਾਂ ਦਾ ਮੁੱਖ ਉਦੇਸ਼ ਆਪਣੇ ਕਾਵਿ ਮਾਧਿਅਮ ਰਾਹੀਂ ਰਸ-ਪਰੰਪਰਾ ਅਨੁਸਾਰ ਰਸ-ਸਿਰਜਨਾ ਨਹੀਂ ਬਲਕਿ ਵਿਅਕਤੀਗਤ ਪੱਧਰ ਉੱਤੇ ਭਗਤੀ ਜਾਂ ਸਾਧਨਾ ਰਾਹੀਂ ਪ੍ਰਾਪਤ ਕੀਤੀ ਬ੍ਰਹਮ-ਅਨੁਭੂਤੀ ਤੋਂ ਪ੍ਰਾਪਤ ਹੋਏ ਆਨੰਦ ਦੀ ਸਿਰਜਨਾ ਕਰਨਾ ਹੈ।" (***ਡਾ. ਮਹਿੰਦਰ ਕੌਰ ਗਿੱਲ, ਗੁਰੂ ਅਰਜਨ ਦੇਵ: ਜੀਵਨ ਤੇ ਬਾਣੀ*** 249)

ਗੁਰੂ ਅਰਜਨ ਦੇਵ ਜੀ ਦੁਆਰਾ ਵਰਤੇ ਗਏ ਵਿਭਿੰਨ ਰਸਾਂ ਦਾ ਸੰਬੰਧ ਚੇਤੰਨ ਦੀ ਅਨੁਭੂਤੀ ਨਾਲ ਹੈ, ਜਿਸ ਨੂੰ ਹਰਿ ਰਸ, ਅੰਮ੍ਰਿਤ ਰਸ, ਮਹਾਂ ਰਸ, ਨਾਮ ਰਸ ਆਦਿ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ। ਜਦੋਂ ਗੁਰੂ ਜੀ ਦੁਆਰਾ ਵਰਤੇ ਗਏ ਵਿਭਿੰਨ ਰਸਾਂ ਦੀ ਅਨੁਭੂਤੀ ਪਾਠਕ ਜਾਂ ਸਾਧਕ ਦੁਆਰਾ ਕੀਤੀ ਜਾਂਦੀ ਹੈ ਤਾਂ ਉਸ ਦੇ ਮਨ ਅੰਦਰ ਸਹਿਜ ਅਤੇ ਸ਼ਾਂਤ ਰਸ ਦਾ ਵਾਸਾ ਹੋ ਜਾਂਦਾ ਹੈ, ਮਨ ਅੰਦਰ ਮਸਤੀ ਛਾ ਜਾਂਦੀ ਹੈ, ਵਿਸਮਾਦ ਹੀ ਵਿਸਮਾਦ ਸੁਣਨ ਲੱਗ ਪੈਂਦਾ ਹੈ। ਗੁਰੂ ਜੀ ਨੇ ਵੱਖ-ਵੱਖ ਰਸਾਂ ਦੀ ਵਰਤੋਂ ਕਰਕੇ ਦੁਨਿਆਵੀ ਪਰਿਸਥਿਤੀਆਂ ਰਾਹੀਂ ਅਧਿਆਤਮਕ ਆਦਰਸ਼ਾਂ ਦੀ ਪੂਰਤੀ ਕਰਨ ਦਾ ਨਿਵੇਕਲਾ ਉਪਰਾਲਾ ਜਾਂ ਯਤਨ ਕੀਤਾ ਹੈ।

**2.2. ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ 'ਰਸ ਪ੍ਰਕਿਰਿਆ' ਦਾ ਵਿਸ਼ਲੇਸ਼ਣ :-** ਰਸ ਸਿਧਾਂਤ ਦਾ ਪ੍ਰਤਿਪਾਦਨ ਕਰਨ ਵਾਲਾ ਸਭ ਤੋਂ ਪੁਰਾਣਾ ਗ੍ਰੰਥ 'ਨਾਟਯ ਸ਼ਾਸਤਰ' ਹੈ, ਜੋ ਕਿ ਭਰਤਮੁਨੀ ਦੀ ਕ੍ਰਿਤ ਜਾਂ ਰਚਨਾ ਹੈ। ਭਰਤਮੁਨੀ ਨੇ ਰਸ ਦੀ ਪ੍ਰਕ੍ਰਿਆ ਤੇ ਸੰਯੋਜਨ (composition) ਲਈ ਤਿੰਨ ਤਕਨੀਕੀ ਸ਼ਬਦਾਂ (ਵਿਭਾਵ, ਅਨੁਭਾਵ, ਵਿਭਚਾਰੀ ਜਾਂ ਸੰਚਾਰੀ ਭਾਵ) ਦੀ ਵਰਤੋਂ ਕੀਤੀ ਹੈ। ਵਿਭਾਵ ਨੂੰ ਆਮ-ਬੋਲੀ ਵਿਚ 'ਕਾਰਣ', ਅਨੁਭਾਵ ਨੂੰ 'ਕਾਰਜ' ਤੇ ਵਿਭਚਾਰੀ ਨੂੰ 'ਸਹਿਕਾਰੀ ਕਾਰਣ' ਕਿਹਾ ਜਾਂਦਾ ਹੈ। ਭਾਰਤੀ ਕਾਵਿ ਸ਼ਾਸਤਰ ਵਿਚ ਰਸ ਨੂੰ ਕਾਵਿ ਦਾ ਮਹੱਤਵਪੂਰਨ ਤੱਤ ਮੰਨਿਆ ਗਿਆ ਹੈ। ਭਰਤਮੁਨੀ ਨੇ ਆਪਣੇ ਗ੍ਰੰਥ 'ਨਾਟਯ ਸ਼ਾਸਤਰ' ਵਿਚ 'ਰਸ ਨਿਸ਼ਪਤੀ' ਦਾ ਸੰਕਲਪ ਪੇਸ਼ ਕੀਤਾ ਹੈ। ਭਟਲੋਲਟ, ਅਭਿਨਵ ਗੁਪਤ, ਭੋਜਰਾਜ ਆਦਿ ਆਚਾਰੀਆਂ ਨੇ ਵੀ ਇਸ ਸਿਧਾਂਤ ਦਾ ਸਮਰਥਨ ਅਤੇ ਵਿਆਖਿਆ ਕੀਤੀ ਹੈ। ਭਰਤਮੁਨੀ ਦੇ ਅਨੁਸਾਰ ਵਿਭਾਵ, ਅਨੁਭਾਵ ਅਤੇ ਵਿਭਚਾਰੀ ਭਾਵ ਮਿਲ ਕੇ ਰਸ ਨਿਸ਼ਪਤੀ ਨੂੰ ਸੰਭਵ ਬਣਾਉਦੇਂ ਹਨ। ਜਿਵੇਂ :-

ਵਿਭਾਵਨੁਭਾਵ ਵਿਅਭਚਾਰੀ ਸੰਯੋਗਾਦਿ ਰਸ ਨਿਸ਼ਪੱਤੀ॥ (***ਨਾਟਯ ਸ਼ਾਸਤਰ***)

**ਵਿਭਾਵ :-** ਵਿਭਾਵ ਦਾ ਅਰਥ ਹੈ-ਕਾਰਣ। ਜਿਹੜੇ ਕਾਰਣ ਇਨਸਾਨੀ ਮਨਾਂ ਵਿਚਲੇ ਭਾਵਾਂ ਨੂੰ ਕਾਰਜਸ਼ੀਲ ਕਰਦੇ ਹਨ, ਉਨ੍ਹਾਂ ਨੂੰ ਵਿਭਾਵ ਕਿਹਾ ਜਾਂਦਾ ਹੈ। ਇਸ ਲਈ ਜਦੋਂ ਕਾਵਿ ਵਿਚ ਵਰਨਣ ਕੀਤੀਆਂ ਵਸਤੂਆਂ, ਵਿਸ਼ਿਆ, ਦ੍ਰਿਸ਼ਾ ਜਾਂ ਸਥਿਤੀਆ ਨਾਲ ਪਿਆਰ ਆਦਿ ਸਥਾਈ ਭਾਵ ਜਗਾ ਕੇ ਰਸਮਈ ਰੂਪ ਧਾਰਨ ਕਰਦੇ ਹਨ ਤਾਂ ਵਿਭਾਵ ਕਹਾਓਦਾ ਹੈ। ਵਿਭਾਵ ਦੋ ਤਰ੍ਹਾਂ ਦੇ 'ਆਲੰਬਨ ਵਿਭਾਵ' ਅਤੇ 'ਉੱਦੀਪਨ ਵਿਭਾਵ' ਮੰਨੇ ਜਾਂਦੇ ਹਨ। ਜਿਸਦੇ ਸਹਾਰੇ ਪ੍ਰੇਮ ਆਦਿਕ ਭਾਵ ਪੈਦਾ ਹੁੰਦੇ ਹਨ ਜਾਂ ਜਿਨ੍ਹਾਂ ਉੱਪਰ ਕੋਈ ਰਸ ਆਧਾਰਿਤ ਹੁੰਦਾ ਹੈ, ਉਸ ਨੂੰ ਆਲੰਬਨ ਵਿਭਾਵ ਕਿਹਾ ਜਾਂਦਾ ਹੈ ਅਤੇ ਜਿਨ੍ਹਾਂ ਵਸਤੂਆਂ ਜਾਂ ਹਾਲਾਤਾਂ (ਹਰਕਤਾਂ) ਨੂੰ ਵੇਖਕੇ ਪਿਆਰ ਆਦਿਕ ਸਥਾਈ ਭਾਵ ਤਿੱਖੇ ਹੋ ਨਿਬੜਦੇ ਹਨ ਜਾਂ ਪਹਿਲਾਂ ਤੋਂ ਪੈਦਾ ਹੋ ਚੁੱਕੇ ਕਿਸੇ ਰਸ ਵਿਸ਼ੇਸ਼ ਨੂੰ ਤੀਬਰ ਅਤੇ ਜਾਨਦਾਰ ਬਣਾਉਂਦੇ ਹਨ, ਉਹ ਉੱਦੀਪਨ ਵਿਭਾਵ ਹੁੰਦੇ ਹਨ। ਮਿਸਾਲ ਵਜੋਂ ਸ਼ਿੰਗਾਰ ਰਸੀ ਕਵਿਤਾ ਵਿਚ ਨਾਇਕ ਅਲੰਬਨ ਹੈ ਤੇ ਉਸਦਾ ਰੂਪ ਜਾਂ ਚਰਿੱਤਰ ਵਰਨਣ ਉਦੀਪਨ ਹੈ। ਉਦੀਪਨ ਵਿਭਾਵ

ਦੋ ਪ੍ਰਕਾਰ ਦਾ ਹੈ - ਨਾਇਕ ਦੀ ਸ਼ਖਸ਼ੀਅਤ ਨਾਲ ਸੰਬੰਧਿਤ ਉਦੀਪਨ ਅਤੇ ਪ੍ਰਕ੍ਰਿਤਕ ਵਾਤਾਵਰਣ ਨਾਲ ਸੰਬੰਧਿਤ ਉਦੀਪਨ। ਗੁਰੂ ਅਰਜਨ ਦੇਵ ਜੀ ਦੀ ਬਾਣੀ 'ਬਾਰਹਮਾਹ ਮਾਝ' ਵਿਚ ਵਿਭਾਵ ਦੇ ਰੂਪ ਵਿਚ ਪਰਮਾਤਮਾ ਅਤੇ ਜੀਵਾਤਮਾ ਦੀ ਪੇਸ਼ਕਾਰੀ ਹੋਈ ਹੈ। ਜਿਵੇਂ :-

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥

ਹਰਿ ਸਾਜਨ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥

ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥

ਇਕਸੁ ਹਰਿ ਕੇ ਨਾਮੁ ਬਿਨੁ ਅਗੈ ਲਈਅਹਿ ਖੋਹਿ॥

ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥

ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥

ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥

ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥ (133)

ਉਪਰੋਕਤ ਸਤਰਾਂ ਰਾਹੀਂ ਗੁਰੂ ਅਰਜਨ ਦੇਵ ਜੀ ਨੇ ਸ਼ਿੰਗਾਰ ਰਸ ਦੇ ਦੋ ਰੂਪਾਂ ਸੰਜੋਗ-ਸ਼ਿੰਗਾਰ ਅਤੇ ਵਿਯੋਗ-ਸ਼ਿੰਗਾਰ ਰਾਹੀਂ ਪਰਮਾਤਮਾ ਅਤੇ ਜੀਵਾਤਮਾ ਦੇ ਵਿਛੋੜੇ ਜਾਂ ਮਿਲਣ ਉਪਰ ਵਧੇਰੇ ਬਲ ਦਿੱਤਾ ਹੈ। ਵਿਸਾਖ ਮਹੀਨੇ ਦਾ ਵਰਨਣ ਕਰਦੇ ਹੋਏ ਗੁਰੂ ਜੀ ਫੁਰਮਾਉਂਦੇ ਹਨ ਕਿ ਇਸ ਮਹੀਨੇ ਜੀਵ ਰੂਪੀ ਇਸਤਰੀਆਂ ਦੇ ਮਨ ਵਿਚ ਬਿਰਹਾ ਦੇ ਭਾਵ ਬਹੁਤ ਤੀਬਰ ਹੋ ਜਾਂਦੇ ਹਨ। ਇਹ ਇਸਤਰੀਆਂ ਆਪਣੇ ਪਤੀ-ਪਰਮਾਤਮਾ ਨੂੰ ਭੁਲਕੇ ਮਾਇਆ ਦੇ ਜਾਲ ਵਿਚ ਫਸ ਗਈਆਂ ਹਨ। ਇਨ੍ਹਾਂ ਬੇਮੁਖ ਜੀਵਾਂ ਨੂੰ ਇਹ ਪਤਾ ਨਹੀਂ

ਕਿ ਅੰਤ ਸਮੇਂ ਪੁਤਰ, ਪਤਨੀ, ਧਨ-ਦੌਲਤ ਵਿਚੋਂ ਕਿਸੇ ਨੇ ਵੀ ਨਾਲ ਨਹੀਂ ਜਾਣਾ। ਇਸ ਮਾਇਆ ਦੇ ਝੂਠੇ ਧੰਦੇ ਵਿਚ ਫਸ ਕੇ ਸਾਰੀ ਦੁਨੀਆਂ ਤੜਪ-ਤੜਪ ਕੇ ਮਰ ਰਹੀ ਹੈ। ਇਕ ਪਰਮਾਤਮਾ ਦੇ ਨਾਮ ਬਿਨਾਂ, ਅੱਗੇ ਜਾਣ ਸਮੇਂ, ਸਭ ਕੁਝ ਖੋਹ ਲਿਆ ਜਾਵੇਗਾ। ਵਿਸਾਖ ਦਾ ਮਹੀਨਾ ਤਾਂ ਹੀ ਸੁਹਾਵਣਾ ਲੱਗਦਾ ਹੈ ਜੇਕਰ ਜੀਵ ਰੂਪੀ ਇਸਤਰੀ ਦੇ ਮਨ ਵਿਚ ਪਰਮਾਤਮਾ ਨਾਲ ਪਿਆਰ ਹੈ, ਪਰਮਾਤਮਾ ਨੂੰ ਭੁਲਣਾ ਤਾਂ ਖੱਜਲ-ਖੁਆਰ ਹੋਣ ਵਾਲੀ ਗੱਲ ਹੈ। ਗੁਰੂ ਅਰਜਨ ਦੇਵ ਜੀ ਇਹ ਸਪੱਸ਼ਟ ਕਰਦੇ ਹਨ ਕਿ ਵਿਸਾਖ ਦੇ ਮਹੀਨੇ ਉਨ੍ਹਾਂ ਜੀਵ ਇਸਤਰੀਆਂ ਨੂੰ ਧੀਰਜ ਕਿਵੇਂ ਆਵੇ ਜਿਨ੍ਹਾਂ ਦੇ ਮਨ ਅੰਦਰ ਪਰਮਾਤਮਾ ਦੇ ਪਿਆਰ ਦੀ ਅਣਹੋਂਦ ਹੈ।

**ਅਨੁਭਾਵ :-** ਕਵਿਤਾ ਜਾਂ ਕਾਵਿ ਵਿਚ ਪ੍ਰੇਮ ਪ੍ਰਗਟਾ ਕੁਝ ਬਾਹਰੀ ਚੇਸ਼ਟਾਵਾਂ ਦੁਆਰਾ ਹੁੰਦਾ ਹੈ, ਇਨ੍ਹਾਂ ਚੇਸ਼ਟਾਵਾਂ ਨੂੰ ਹੀ ਅਨੁਭਾਵ ਕਿਹਾ ਜਾਂਦਾ ਹੈ। ਨਾਇਕ ਜਾਂ ਨਾਇਕਾ ਦੇ ਮਨ ਅੰਦਰ ਪ੍ਰੇਮ ਆਦਿ ਭਾਵ ਜਾਗ੍ਰਿਤ ਹੋਣ ਤੋਂ ਬਾਅਦ ਜੋ ਹਰਕਤਾਂ ਮਨ ਤੇ ਸਰੀਰ ਵਿਚ ਪੈਦਾ ਹੁੰਦੀਆਂ ਹਨ, ਉਹ ਅਨੁਭਾਵ ਕਹਾਉਂਦੀਆਂ ਹਨ। ਅਨੁਭਵ ਦੀਆਂ ਚਾਰ - ਕਾਇਕ ਅਨੁਭਾਵ (ਸਰੀਰਕ ਹਰਕਤਾਂ), ਮਾਨਸਿਕ ਅਨੁਭਾਵ (ਦਿਲ ਵਿਚ ਪੈਦਾ ਹੋਈ ਮਸਤੀ), ਅਹਾਰਯ ਅਨੁਭਾਵ (ਬਨਾਵਟੀ ਪਹਿਰਾਵਾ) ਅਤੇ ਸਾਤਵਿਕ ਅਨੁਭਾਵ (ਸਰੀਰ ਦੀਆਂ ਸੁਭਾਵਿਕ ਅਤੇ ਕੁਦਰਤੀ ਚੇਸ਼ਟਾਵਾਂ) ਕਿਸਮਾਂ ਹੁੰਦੀਆਂ ਹਨ। 'ਬਾਰਹਮਾਹ ਮਾਝਾ ਵਿਚ ਕਾਇਕ, ਆਹਾਰਯ, ਵਾਚਿਕ ਅਤੇ ਸਾਤਵਿਕ ਅਨੁਭਾਵਾਂ ਦੀ ਪੇਸ਼ਕਾਰੀ ਦੇਖੀ ਜਾ ਸਕਦੀ ਹੈ :

ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥ (**ਕਾਇਕ ਅਨੁਭਾਵ**)

ਹਰਿ ਦਰਸਨ ਕੰਉ ਮਨ ਲੋਚਦਾ ਨਾਨਕ ਪਿਆਸ ਮਨਾ॥

ਚੇਤਿ ਮਿਲਾਏ ਸੋ ਪ੍ਰਭੁ ਤਿਸ ਕੈ ਪਾਇ ਲਗਾ॥ (**ਮਾਨਸਿਕ ਅਨੁਭਾਵ**)

ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ॥

ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥ (**ਆਹਾਰਯ ਅਨੁਭਾਵ**)

ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥

ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥ (**ਸਾਤਵਿਕ ਅਨੁਭਾਵ**)

**ਸੰਚਾਰੀ ਭਾਵ :-** ਸੰਚਾਰਸ਼ੀਲ ਤੇ ਅਟਿਕਵੇਂ ਮਨੋਂ ਵਿਕਾਰਾਂ ਜਾਂ ਚਿੱਤ ਬਿਰਤੀਆਂ ਨੂੰ ਸੰਚਾਰੀ ਭਾਵ ਕਿਹਾ ਜਾਂਦਾ ਹੈ। ਵਿਭਾਵ ਤੇ ਅਨੁਭਾਵ ਤੋਂ ਬਾਅਦ ਪ੍ਰੇਮ ਪਾਤਰ ਦੇ ਮਨ ਅੰਦਰ ਹੋਣ ਵਾਲੇ ਭਾਵ ਸੰਚਾਰੀ ਭਾਵ ਹੁੰਦੇ ਹਨ। ਸੰਚਾਰੀ ਭਾਵ ਉਹ ਹੁੰਦੇ ਹਨ ਜਿਨ੍ਹਾਂ ਦਾ ਸੰਬੰਧ ਸਰੀਰ ਦੇ ਵਿਕਾਰਾਂ ਨਾਲ ਹੁੰਦਾ ਹੈ। ਇਹ ਭਾਵ ਇਕ ਜਾਂ ਦੋ ਪਲ ਲਈ ਪੈਦਾ ਹੁੰਦੇ ਹਨ ਅਤੇ ਫਿਰ ਲੋਪ ਹੋ ਜਾਂਦੇ ਹਨ। ਕਿਸੇ ਰਸ ਵਿਸ਼ੇਸ਼ ਨੂੰ ਪੁਸ਼ਟ ਕਰਨ ਲਈ ਇਨ੍ਹਾਂ ਸੰਚਾਰੀ ਭਾਵਾਂ ਦਾ ਕਾਫ਼ੀ ਯੋਗਦਾਨ ਰਹਿੰਦਾ ਹੈ। ਭਰਤਮੁਨੀ ਨੇ ਸੰਚਾਰੀ ਭਾਵਾਂ ਦੀ ਗਿਣਤੀ **33** ਦੱਸੀ ਹੈ। ਜਿਵੇਂ **:-**

ਸਰੀਰਕ ਹਾਲਤਾਂ ਦੇ ਸੂਚਕ ਸੰਚਾਰੀ ਭਾਵ **:-** ਥਕਾਵਟ, ਆਲਸ, ਮੋਹ, ਮਿਰਗੀ, ਨੀਂਦ, ਸੁੰਨਤਾ ਆਦਿ।

ਭਾਵਨਾ-ਪ੍ਰਧਾਨ ਸੰਚਾਰੀ ਭਾਵ **:-** ਡਰ, ਸ਼ੰਕਾ, ਅਹੰਕਾਰ, ਧੀਰਜ, ਪ੍ਰਸੰਨਤਾ, ਉਤਸੁਕਤਾ ਆਦਿ।

ਗਿਆਨ-ਮੂਲਕ ਮਨੋ-ਅਵਸਥਾ ਦੇ ਸੰਚਾਰੀ ਭਾਵ **:-** ਮਤੀ, ਵਿਤਰਕ, ਸਮ੍ਰਿਤੀ, ਭਾਵ-ਗੋਝ (ਅਵਹਿੱਥਾ)।

ਭਾਵਨਾ ਤੇਜ਼ ਕਰਨ ਵਾਲੇ ਸੰਚਾਰੀ ਭਾਵ **:-** ਚੰਚਲਤਾ, ਉਤੇਜਨਾ, ਉਗ੍ਰਤਾ।

ਮਿਸ਼ਰਿਤ ਭਾਵਨਾ ਦੇ ਸੰਚਾਰੀ ਭਾਵ **:-** ਲੱਜਾ, ਅਸੂਯਾ।

ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ 'ਬਾਰਹਮਾਹ ਮਾਝ' ਵਿਚ ਬਹੁਤ ਸਾਰੇ ਸੰਚਾਰੀ ਭਾਵ ਦੇਖਣ ਨੂੰ ਮਿਲਦੇ ਹਨ :

(1) ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥

(2) ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥

(3) ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥

(4) ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥

**ਸਥਾਈ ਭਾਵ :-** ਜਦੋਂ ਕੋਈ ਕਵੀ ਕਾਵਿ ਰਚਨਾ ਵਿਚ ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵ ਆਦਿ ਭਾਵਾਂ ਨੂੰ ਬਿਆਨ ਕਰਦਾ ਹੈ ਤਾਂ ਪਾਠਕਾਂ ਦੇ ਮਨਾਂ ਵਿਚ ਅਚੇਤ ਸੁੱਤੇ ਹੋਏ ਭਾਵ ਜਾਗ੍ਰਿਤ ਹੋ ਜਾਂਦੇ ਹਨ, ਉਦੋਂ ਪਾਠਕਾਂ ਜਾਂ ਸ੍ਰੋਤਿਆ ਦੇ ਮਨਾਂ ਵਿਚ ਕੋਈ ਅਨੰਦਮਈ ਹਾਲਤ ਪੈਦਾ ਹੋ ਜਾਂਦੀ ਹੈ, ਜਿਸ ਨੂੰ ਰਸ ਕਿਹਾ ਜਾਂਦਾ ਹੈ। ਸਥਾਈ ਭਾਵ ਇਸ ਪ੍ਰਕਾਰ ਹਨ - ਪਿਆਰ, ਹਾਸਾ, ਕ੍ਰੋਧ, ਉਤਸ਼ਾਹ, ਭੈ, ਘ੍ਰਿਣਾ, ਅਸਚਰਜ, ਵੈਰਾਗ ਆਦਿ।

**2.3. ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਰਸ ਦੀਆਂ ਵਿਭਿੰਨ ਕਿਸਮਾਂ ਦਾ ਅਧਿਐਨ**: ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਦਾ ਰਸ ਦੀਆਂ ਵੱਖ-ਵੱਖ ਕਿਸਮਾਂ ਦੇ ਆਧਾਰ ਤੇ ਵਿਵੇਚਨ ਹੇਠ ਲਿਖੇ ਅਨੁਸਾਰ ਹੈ :

**ਸ਼ਿੰਗਾਰ ਰਸ :-** ਸ਼ਿੰਗਾਰ ਰਸ ਦਾ ਸਥਾਈ ਭਾਵ ਰੱਤੀ ਹੈ। ਮਨ ਦੇ ਅਨੁਕੂਲ ਪਦਾਰਥਾਂ ਵਿਚ ਸੁਖ ਦੀ ਅਨੁਭੂਤੀ ਨੂੰ ਰੱਤੀ ਕਿਹਾ ਜਾਂਦਾ ਹੈ। ਰੱਤੀ ਭਾਵ ਨੂੰ ਸਪਸ਼ਟ ਕਰਨ ਲਈ ਨਾਇਕ-ਨਾਇਕਾ, ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵ ਸਹਾਇਕ ਹੁੰਦੇ ਹਨ। ਰੱਤੀ ਭਾਵ ਵਿਚ ਸੰਜੋਗ, ਵਿਯੋਗ, ਮਿਲਾਪ, ਖੁਸ਼ੀ, ਆਨੰਦ, ਤਿਆਗ ਆਦਿ ਭਾਵ ਹਨ। ਇਹਨਾਂ ਭਾਵਾਂ ਦਾ ਚਿਤਰਨ ਗੁਰੂ ਅਰਜਨ ਦੇ ਜੀ ਦੀ ਬਾਣੀ ਵਿਚ ਵੀ ਮਿਲਦਾ ਹੈ। ਗੁਰੂ ਜੀ ਦਾ ਪ੍ਰੀਤਮ-ਪਿਆਰਾ ਆਲੰਬਨ ਨਾਇਕ ਪਰਮਾਤਮਾ ਅਤੇ ਨਾਇਕਾ ਆਤਮਾ ਹੈ। ਗੁਰੂ ਜੀ ਨੇ ਪਰਮਾਤਮਾ ਨੂੰ ਮਾਤਾ-ਪਿਤਾ, ਸੁਆਮੀ, ਦਾਤਾ, ਕੰਤ, ਪ੍ਰੀਤਮ-ਪਿਆਰਾ ਆਦਿ ਨਾਵਾਂ ਨਾਲ ਸੰਬੋਧਨ ਕੀਤਾ ਹੈ। ਗੁਰੂ ਜੀ ਨੇ ਪਤਨੀ (ਜੀਵ-ਆਤਮਾ) ਦੀ ਬਿਰਹਾ ਪਤੀ ਮਿਲਾਪ (ਪਰਮਾਤਮਾ) ਦੀ ਤਾਂਘ ਨੂੰ ਅੰਕਿਤ ਕਰਕੇ ਸੰਜੋਗ ਅਤੇ ਵਿਯੋਗ ਦੋਹਾਂ ਰਸਾਂ ਦੀ ਉਤਪਤੀ ਕੀਤੀ ਹੈ। ਆਤਮਾ ਤੇ ਪਰਮਾਤਮਾ ਦਾ ਪਿਆਰ ਦੁਨਿਆਵੀ ਪ੍ਰੀਤ ਵਾਂਗੂ ਵਾਸ਼ਨਾ-ਭਰਪੂਰ ਨਹੀਂ, ਸਗੋਂ ਇਹ ਅਲੋਕਿਕ ਪੱਧਰ ਦਾ ਰਿਸ਼ਤਾ ਹੈ ਜਿਸ

ਵਿਚ ਭਗਤੀ ਭਾਵਨਾ ਪ੍ਰਬਲ-ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਸ਼੍ਰਿੰਗਾਰ ਰਸ (ਸੰਜੋਗ ਸ਼੍ਰਿੰਗਾਰ ਰਸ, ਵਿਜੋਗ ਸ਼੍ਰਿੰਗਾਰ ਰਸ) ਨਾਲ ਸੰਬੰਧਿਤ ਬਹੁਤ ਸਾਰੀਆਂ ਉਦਾਹਰਨਾਂ ਦੇਖਣ ਨੂੰ ਮਿਲਦੀਆ ਹਨ। ਜਿਵੇਂ :-

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰ॥

ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥

ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥

ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥

ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖੁ ਅਪਾਰੁ॥

ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥

ਜਿਨੀ ਸਖੀਏ ਪ੍ਰਭੁ ਪਾਇਆ ਹਉ ਤਿਨ ਕੈ ਸਦ ਬਲਿਹਾਰ॥

ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ॥

ਸਾਵਣੁ ਤਿਨਾ ਸੁਹਾਗਣੀ ਜਿਨ ਰਾਮਨਾਮੁ ਉਰਿ ਹਾਰੁ॥ (133)

ਉਪਰੋਕਤ ਕਾਵਿ ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜਿਹੜੀ ਜੀਵ ਰੂਪੀ ਇਸਤਰੀ ਪਰਮਾਤਮਾ ਰੂਪੀ ਪਤੀ ਦੇ ਚਰਨ-ਕਮਲਾਂ ਨਾਲ ਪ੍ਰੇਮ ਕਰਦੀ ਹੈ ਤਾਂ ਉਹ ਸਾਵਣ ਦੇ ਮਹੀਨੇ ਵਿਚ ਪੂਰੀ ਤਰ੍ਹਾਂ ਖਿੜੀ ਅਤੇ ਪ੍ਰਸੰਨ ਰਹਿੰਦੀ ਹੈ। ਉਸਦਾ ਮਨ ਅਤੇ ਤਨ, ਸੱਚੇ ਪਰਮਾਤਮਾ ਦੇ ਪ੍ਰੇਮ ਵਿਚ ਰੰਗਿਆ ਰਹਿੰਦਾ ਹੈ। ਉਸ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਮਾਇਆ ਵਿਸ਼ ਦੀ ਤਰ੍ਹਾਂ ਹੈ ਅਤੇ ਇਸ ਨਾਲ ਪ੍ਰੇਮ ਕਰਨ ਦਾ ਕੋਈ ਲਾਭ ਨਹੀਂ ਹੋਵੇਗਾ। ਗੁਰੂ ਜੀ ਪ੍ਰਭੂ ਦੇ ਨਾਮ ਨੂੰ ਅੰਮ੍ਰਿਤ-ਬੂੰਦ ਸਮਝਦੇ ਹਨ ਅਤੇ ਸਾਧੂਆਂ

ਦੀ ਸੰਗਤ ਵਿਚ ਬੈਠ ਕੇ ਅੰਮ੍ਰਿਤ-ਬੂੰਦ ਪੀਣ ਨਾਲ ਇਸ ਦਾ ਆਨੰਦ ਹੀ ਕੁਝ ਹੋਰ ਹੈ। ਪਰਮਾਤਮਾ ਦੀ ਮਿਹਰ ਸਦਕਾ ਸਾਵਣ ਦੇ ਮਹੀਨੇ ਵਿਚ ਹਰ ਪਾਸੇ ਹਰਿਆਵਲ ਹੀ ਹਰਿਆਵਲ ਛਾ ਜਾਂਦੀ ਹੈ। ਇਸ ਖ਼ੂਬਸੂਰਤ ਮੌਸਮ ਵਿਚ ਜੀਵ ਰੂਪੀ ਇਸਤਰੀ ਦੇ ਮਨ ਵਿਚ ਪਤੀ-ਪਰਮਾਤਮਾ ਨੂੰ ਮਿਲਣ ਦੀ ਤੀਬਰ ਇੱਛਾ ਪੈਦਾ ਹੋ ਜਾਂਦੀ ਹੈ ਪਰ ਉਸ ਪਰਮਾਤਮਾ ਦੀ ਮਿਹਰ ਹੋਵੇ ਤਾਂ ਹੀ ਓਸ ਨਾਲ ਮਿਲਨ ਜਾਂ ਮਿਲਾਪ ਹੋ ਸਕਦਾ ਹੈ। ਇਕ ਜੀਵ-ਇਸਤਰੀ ਦੂਸਰੀ ਜੀਵ-ਇਸਤਰੀ ਨੂੰ ਕਹਿੰਦੀ ਹੈ ਕਿ ਮੈਂ ਉਨ੍ਹਾਂ ਜੀਵ-ਇਸਤਰੀਆਂ ਤੋਂ ਸਦਾ ਕੁਰਬਾਨ ਜਾਂਦੀ ਹਾਂ ਜਿਨ੍ਹਾਂ ਨੂੰ ਉਸ ਪਰਮਾਤਮਾ ਜਾਂ ਪ੍ਰਭੂ ਦੀ ਪ੍ਰਾਪਤੀ ਹੋ ਗਈ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਸਾਵਣ ਦਾ ਮਹੀਨਾ ਉਨ੍ਹਾਂ ਸੁਹਾਗਣ ਜੀਵ ਇਸਤਰੀਆਂ ਲਈ ਹੀ ਆਨੰਦਦਾਇਕ ਹੈ, ਜਿਨ੍ਹਾਂ ਦੇ ਦਿਲ ਵਿਚ ਰਾਮ-ਨਾਮ ਭਾਵ ਪਰਮਾਤਮਾ ਦਾ ਪ੍ਰਵੇਸ਼ ਹੋ ਚੁੱਕਾ ਹੈ।

ਉਪਰੋਕਤ ਕਾਵਿ ਸਤਰਾਂ ਸੰਜੋਗ ਸ੍ਰਿੰਗਾਰ ਰਸ ਨਾਲ ਸੰਬੰਧਿਤ ਹਨ, ਕਿਉਂਕਿ ਇਹਨਾਂ ਸਤਰਾਂ ਵਿਚ ਜੀਵ ਰੂਪੀ ਇਸਤਰੀ ਦੇ ਪਰਮਾਤਮਾ ਰੂਪੀ ਪਤੀ ਦੇ ਮਿਲਾਪ ਜਾਂ ਮਿਲਣ ਦੀ ਅਵਸਥਾ ਦਾ ਵਰਨਣ ਕੀਤਾ ਗਿਆ ਹੈ। ਇਨ੍ਹਾਂ ਸਤਰਾਂ ਵਿਚ ਜੀਵ-ਇਸਤਰੀਆਂ ਜਾਂ ਜਗਿਆਸੂਆਂ ਦੀ ਪ੍ਰੇਮ-ਭਗਤੀ ਸਥਾਈ ਭਾਵ ਹੈ, ਕਿਉਂਕਿ ਮਨੁੱਖ ਦੀਆਂ ਮੂਲ ਪ੍ਰਵਿਰਤੀਆਂ (ਪ੍ਰੇਮ, ਹਾਸਾ, ਕ੍ਰੋਧ, ਉਤਸ਼ਾਹ ਆਦਿ) ਨੂੰ ਸਥਾਈ ਭਾਵ ਕਿਹਾ ਜਾਂਦਾ ਹੈ। ਪ੍ਰਭੂ ਦੇ ਮਿਲਾਪ ਲਈ ਤਾਂਘ ਜਾਂ ਬੇਚੈਨੀ ਨੂੰ ਵਿਭਾਵ ਕਿਹਾ ਜਾਂਦਾ ਹੈ, ਕਿਉਂਕਿ ਵਿਭਾਵ ਉਹ ਕਾਰਣ ਜਾਂ ਆਧਾਰ ਹਨ ਜਿਨ੍ਹਾਂ ਦੀ ਵਰਤੋਂ ਸੁੱਤੇ ਹੋਏ ਭਾਵਾਂ ਜਾਂ ਸਥਾਈ ਭਾਵਾਂ ਨੂੰ ਜਗਾਉਣ ਲਈ ਕੀਤੀ ਜਾਂਦੀ ਹੈ। ਪ੍ਰਭੂ ਦੇ ਮਿਲਾਪ ਲਈ ਕੀਤੀ ਗਈ ਭਗਤੀ ਅਨੁਭਾਵ ਹੈ, ਕਿਉਂਕਿ ਅਨੁਭਾਵ ਉਨ੍ਹਾਂ ਕਾਰਜਾਂ ਜਾਂ ਹਰਕਤਾਂ ਨੂੰ ਕਿਹਾ ਜਾਂਦਾ ਹੈ ਜੋ ਸਥਾਈ ਭਾਵ ਦੇ ਪੈਦਾ ਹੋਣ ਤੋਂ ਬਾਅਦ ਤਨ (ਸਰੀਰ) ਅਤੇ ਮਨ ਵਿਚ ਪੈਦਾ ਹੁੰਦੀਆਂ ਹਨ। ਜਦੋਂ ਮਨੁੱਖ ਸੱਚੇ ਮਨ ਨਾਲ ਪਰਮਾਤਮਾ ਦੀ ਭਗਤੀ ਕਰਦਾ ਹੈ ਤਾਂ ਉਸ ਨੂੰ ਪ੍ਰਭੂ ਜਾਂ ਪਰਮਾਤਮਾ ਦਾ ਮਿਲਾਪ ਹੋ ਜਾਂਦਾ ਹੈ ਅਤੇ ਮਨ ਨੂੰ ਥੋੜੇ ਸਮੇਂ ਲਈ ਪ੍ਰਸੰਨਤਾ ਅਤੇ ਧੀਰਜ ਦੀ ਪ੍ਰਾਪਤੀ ਹੋ ਜਾਂਦੀ ਹੈ, ਜਿਸ ਨੂੰ ਸੰਚਾਰੀ ਜਾਂ ਸਹਿਕਾਰੀ ਭਾਵ ਕਿਹਾ ਜਾਂਦਾ ਹੈ।

ਇੱਥੇ ਗੁਰੂ ਅਰਜਨ ਦੇਵ ਜੀ ਨੇ ਸੰਜੋਗ ਅਤੇ ਵਿਯੋਗ ਸ੍ਰਿੰਗਾਰ ਰਸ ਦੇ ਭਾਵ ਨੂੰ ਪ੍ਰਗਟ ਕਰਨ ਲਈ, ਭਾਵ ਨੂੰ ਪ੍ਰਭਾਵਸ਼ਾਲੀ ਬਣਾਉਣ ਅਤੇ ਆਪਣੇ ਵਿਚਾਰ ਨੂੰ ਦ੍ਰਿੜ ਕਰਨ ਲਈ ਬਾਰਹਮਾਹ ਮਾਝ ਵਿਚ ਬਾਰਾਂ ਮਹੀਨਿਆਂ (ਚੇਤ, ਵਿਸਾਖ, ਜੇਠ, ਹਾੜ, ਸਾਉਣ, ਭਾਦੋਂ, ਅੱਸੂ, ਕੱਤਕ, ਮੱਘਰ, ਪੋਹ, ਮਾਘ, ਫੱਗਣ) ਨੂੰ ਆਧਾਰ ਬਣਾ ਕੇ ਜੀਵ ਰੂਪੀ ਇਸਤਰੀ ਦੇ ਪਰਮਾਤਮਾ ਰੂਪੀ ਪਤੀ ਨਾਲ ਮਿਲਾਪ ਅਤੇ ਵਿਛੋੜੇ ਨੂੰ ਨਿਵੇਕਲੇ ਰੂਪ ਵਿਚ ਪ੍ਰਸਤੁਤ ਕੀਤਾ ਹੈ। ਗੁਰੂ ਅਰਜਨ ਦੇਵ ਜੀ ਨੇ ਸੰਜੋਗ ਸ੍ਰਿੰਗਾਰ ਰਸ ਨੂੰ ਪ੍ਰਗਟ ਕਰਨ ਲਈ ਸਾਵਣਿ (ਸਾਵਣ), ਸਰਸੀ (ਹਰਿਆਵਲੀ), ਕਾਮਣੀ (ਜੀਵ-ਇਸਤਰੀ), ਮਉਲਿਆ (ਹਰਿਆ ਭਰਿਆ), ਓਰਿ (ਹਿਰਦਾ) ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ। ਗੁਰੂ ਅਰਜਨ ਦੇਵ ਜੀ ਆਪਣੀ ਗੁਰਬਾਣੀ ਵਿਚ ਸੰਜੋਗ ਸ੍ਰਿੰਗਾਰ ਰਸ ਦੇ ਭਾਵ ਨੂੰ ਪਾਠਕਾਂ ਜਾਂ ਸਰੋਤਿਆਂ ਦੇ ਮਨਾਂ ਵਿਚ ਰਸ ਦੀ ਪ੍ਰਕਿਰਿਆ ਦੇ ਕ੍ਰਮਵਾਰ ਸਾਰੇ ਪੜ੍ਹਾਵਾਂ (ਸਥਾਈ ਭਾਵ, ਵਿਭਾਵ, ਅਨੁਭਾਵ, ਸੰਚਾਰੀ ਭਾਵ) ਅਨੁਸਾਰ ਪੈਦਾ ਕਰਨ ਵਿਚ ਇਕ ਸਫਲ ਗੁਰੂ ਕਵੀ, ਰਚਨਾਕਾਰ ਜਾਂ ਲੇਖਕ ਸਿੱਧ ਹੋਏ ਹਨ। ਇੱਥੇ ਗੁਰੂ ਜੀ ਨੇ ਸ਼ਿੰਗਾਰ ਰਸ ਵਰਤ ਕੇ ਦੁਨਿਆਵੀ ਸਥਿਤੀਆਂ (ਪ੍ਰੇਮੀ-ਪ੍ਰੇਮਿਕਾ, ਪਤੀ-ਪਤਨੀ) ਰਾਹੀਂ ਅਧਿਆਤਮਕ ਆਦਰਸ਼ਾਂ (ਪ੍ਰਭੂ ਭਗਤੀ ਜਾਂ ਨਾਮ-ਸਿਮਰਨ) ਦੀ ਪੂਰਤੀ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ।

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਦੇਸੀ ਮਹੀਨਿਆਂ (ਬਾਰਹਮਾਹ ਮਾਝ) ਨੂੰ ਆਧਾਰ ਬਣਾ ਕੇ ਜੀਵ ਰੂਪੀ ਇਸਤਰੀ ਅਤੇ ਪਰਮਾਤਮਾ ਰੂਪੀ ਪਤੀ ਦੇ ਸੰਦਰਭ ਵਿਚ ਆਪਣੀ ਵਿਚਾਰਧਾਰਾ ਨੂੰ ਪਾਠਕਾਂ ਜਾਂ ਸਾਧਕਾਂ ਦੇ ਸਾਹਮਣੇ ਨਿਵੇਕਲੇ ਢੰਗ ਨਾਲ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ (ਵਿਚਾਰਧਾਰਾ) ਨੂੰ ਵਧੇਰੇ ਦ੍ਰਿੜ, ਸਪੱਸ਼ਟ, ਰੋਚਕ, ਵਿਲੱਖਣ ਅਤੇ ਗ੍ਰਹਿਣਸ਼ੀਲ ਬਣਾਉਣ ਲਈ ਸੰਜੋਗ ਅਤੇ ਵਿਯੋਗ ਸ੍ਰਿੰਗਾਰ ਰਸ ਦੀ ਵਰਤੋਂ ਕੀਤੀ ਹੈ। ਸੰਜੋਗ ਤੇ ਵਿਯੋਗ ਸ੍ਰਿੰਗਾਰ ਰਸ ਦੀ ਵਰਤੋਂ ਨਾਲ ਭਾਵ ਪ੍ਰਭਾਵਸ਼ਾਲੀ ਢੰਗ ਨਾਲ ਨਿਖਰ ਕੇ ਸਾਡੇ ਸਾਹਮਣੇ ਪ੍ਰਸਤੁਤ ਹੋਇਆ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਸੰਜੋਗ ਸ਼ਿੰਗਾਰ ਰਸ ਅਤੇ ਵਿਯੋਗ ਸ਼ਿੰਗਾਰ ਨਾਲ ਸੰਬੰਧਿਤ ਕੁਝ ਉਦਾਹਰਣਾਂ ਹੇਠ ਲਿਖੇ ਅਨੁਸਾਰ ਹਨ:

## ਸੰਜੋਗ ਸ਼੍ਰਿੰਗਾਰ ਰਸ

ਸਖੀ ਨਾਲਿ ਵਸਾ ਅਪੁਨੇ ਨਾਹ ਪਿਆਰੇ ਮੇਰਾ ਮਨੁ ਤਨੁ ਹਰਿ ਸੰਗਿ ਹਿਲਿਆ॥

ਸੁਣਿ ਸਖੀਏ ਮੇਰੀ ਨੀਦ ਭਲੀ ਮੈਂ ਆਪਨੜਾ ਪਿਰੁ ਮਿਲਿਆ॥

ਭ੍ਰਮ ਖੋਇਓ ਸਾਂਤਿ ਸਹਿਜ ਸੁਆਮੀ ਪਰਗਾਸੁ ਭਇਆ ਕਉਲੁ ਖਿਲਿਆ॥

ਵਰੁ ਪਾਇਆ ਪ੍ਰਭ ਅੰਤਰਜਾਮੀ ਨਾਨਕ ਸੋਹਾਗੁ ਨ ਟਲਿਆ (249)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਤਮਾ ਤੇ ਪਰਮਾਤਮਾ ਦੇ ਸੰਜੋਗ ਦੀ ਅਵਸਥਾ ਨੂੰ ਕਲਪਨਾ ਦੇ ਸਹਾਰੇ ਪ੍ਰਸਤੁਤ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਇਕ ਸਹੇਲੀ ਦੂਜੀ ਸਹੇਲੀ ਨੂੰ ਸੰਬੋਧਨ ਕਰਦੀ ਹੈ, ਜਿਸ ਵਿਚ ਇਕ ਧਿਰ ਬੋਲਦੀ ਹੈ ਤੇ ਦੂਜੀ ਅਪ੍ਰਗਟ ਰੂਪ ਵਿਚ ਸੁਣਦੀ ਪ੍ਰਤੀਤ ਹੁੰਦੀ ਹੈ। ਇੱਥੇ ਦੋ ਧਿਰਾਂ ਵਿਚ ਇਕ ਆਤਮਾ ਤੇ ਦੂਜੀ ਪਰਮਾਤਮਾ ਦੀ ਹੈ। ਗੁਰੂ ਜੀ ਦਾ ਨਾਇਕ ਪਰਮਾਤਮਾ ਅਲੰਬਨ ਭਾਵ ਹੈ ਅਤੇ ਪਿਆਰੇ, ਪਿਰੁ, ਵਰੁ, ਸੁਹਾਗ ਆਦਿ ਸ਼ਬਦ ਉਦੀਪਨ ਭਾਵ ਹਨ। ਨਾਲ ਵਸਾਂ, ਨਾਹ ਪਿਆਰੇ, ਨੀਂਦ ਭਲੀ, ਭ੍ਰਮ ਖੋਇਓ, ਕਉਨ ਖਿਲਿਆ, ਵਰ ਪਾਇਆ ਆਦਿ ਸ਼ਬਦ ਅਨੁਭਾਵ ਦਰਸਾਉਂਦੇ ਹਨ। ਇਸ ਵਿਚ ਸੰਜੋਗਾਤਮਕ ਆਨੰਦ ਸੰਚਾਰੀ ਭਾਵ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਸੰਜੋਗ ਸ਼ਿੰਗਾਰ ਰਸ ਦੀ ਸਹਾਇਤਾ ਨਾਲ ਆਪਣੇ ਭਾਵ ਜਾਂ ਸੰਕਲਪ ਨੂੰ ਪ੍ਰਭਾਵਸ਼ਾਲੀ, ਵਿਲੱਖਣ ਢੰਗ ਨਾਲ ਪ੍ਰਸਤੁਤ ਕੀਤਾ ਹੈ। ਗੁਰੂ ਜੀ ਦੀ ਬਾਣੀ ਵਿਚੋਂ ਸੰਜੋਗ ਸ਼੍ਰਿੰਗਾਰ ਰਸ ਨਾਲ ਸੰਬੰਧਿਤ ਹੇਠ ਲਿਖੀਆਂ ਉਦਾਹਰਨਾਂ ਨੂੰ ਵੀ ਵਿਚਾਰਿਆ ਜਾ ਸਕਦਾ ਹੈ :

ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥

ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥

ਮਨ ਇੱਛੇ ਸੁਖ ਮਾਣਦਾ ਕਿਉ ਨਾਹਿ ਵਿਸੂਰੇ॥

ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ॥ (707)

ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥

ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਗਾਇ॥

ਮਿਲਿ ਸਹੀਆ ਮੰਗਲ ਗਾਵਹੀ ਗੀਤ ਗੋਵਿੰਦ ਅਲਾਇ॥

ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥ (133)

ਧੰਨ ਸੁ ਵੇਲਾ ਜਿਤੁ ਦਰਸਨੁ ਕਰਣਾ॥

ਹਉ ਬਲਿਹਾਰੀ ਸਤਿਗੁਰ ਚਰਣਾ॥੧॥

ਜੀਅ ਕੇ ਦਾਤੇ ਪ੍ਰੀਤਮ ਪ੍ਰਭ ਮੇਰੇ॥

ਮਨੁ ਜੀਵੈ ਪ੍ਰਭ ਨਾਮੁ ਚਿਤੇਰੇ॥੧॥ਰਹਾਉ॥ (562)

ਧੰਨਿ ਧੰਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ॥

ਸੋਹੇ ਬੰਕ ਦੁਆਰ ਸਗਲਾ ਬਨੁ ਹਰਾ॥

ਹਰ ਹਰਾ ਸੁਆਮੀ ਸੁਖਹ ਗਾਮੀ ਅਨਦ ਮੰਗਲ ਰਸੁ ਘਣਾ॥

ਨਵਲ ਨਵਤਨ ਨਾਹੁ ਬਾਲਾ ਕਵਨ ਰਸਨਾ ਗੁਨ ਭਣਾ॥

ਮੇਰੀ ਸੇਜ ਸੋਹੀ ਦੇਖਿ ਮੋਹੀ ਸਗਲ ਸਹਸਾ ਦੁਖੁ ਹਰਾ॥

ਨਾਨਕੁ ਪਇਅੰਪੈ ਮੇਰੀ ਆਸ ਪੂਰੀ ਮਿਲੇ ਸੁਆਮੀ ਅਪਰੰਪਰਾ॥ (847)

## ਵਿਯੋਗ ਸ਼ਿੰਗਾਰ ਰਸ

ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਨਾ ਪ੍ਰਾਨ ਅਧਾਰਾ ਰਾਮ॥

ਸੁੰਦਰ ਸੋਭਾ ਲਾਲ ਗੋਪਾਲ ਦਇਆਲ ਕੀ ਅਪਾਰਾ ਰਾਮ॥

ਗੋਪਾਲ ਦਇਆਲ ਗੋਬਿੰਦ ਲਾਲਨ ਮਿਲਹੁ ਕੰਤ ਨਿਮਾਣੀਆ॥

ਨੈਨ ਤਰਸਨ ਦਰਸ ਪਰਸਨ ਨਹ ਨੀਂਦ ਰੈਣਿ ਵਿਹਾਣੀਆ॥

ਗਿਆਨ ਅੰਜਨ ਨਾਮ ਬਿੰਜਨ ਭਏ ਸਗਲ ਸੀਗਾਰਾ॥

ਨਾਨਕ ਪਾਇੰਐ ਸੰਤ ਜਪੈ ਮੇਲਿ ਕੰਤੁ ਹਮਾਰਾ॥ (542)

ਓਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਉਹ ਪ੍ਰਭੂ ਜਾਂ ਪਰਮਾਤਮਾ ਬਹੁਤ ਹੀ ਸੁੰਦਰ, ਸਭ ਦੇ ਮਨ ਨੂੰ ਮੋਹ ਲੈਣ ਵਾਲਾ ਅਤੇ ਸਭ ਦੇ ਜੀਵਨ ਦਾ ਸਹਾਰਾ ਹੈ। ਇੱਥੇ ਜੀਵ ਰੂਪੀ ਇਸਤਰੀ ਪਰਮਾਤਮਾ ਰੂਪੀ ਪਤੀ ਨੂੰ ਦੱਸਦੀ ਹੈ ਕਿ ਮੇਰੀਆਂ ਅੱਖਾਂ ਜਾਂ ਨੈਣ ਤੇਰੇ (ਪਰਮਾਤਮਾ) ਦੇ ਦਰਸ਼ਨ ਲਈ ਤਰਸ ਰਹੇ ਹਨ ਅਤੇ ਮੇਰੀ ਜ਼ਿੰਦਗੀ ਦੀ ਰਾਤ ਲੰਘਦੀ ਜਾ ਰਹੀ ਹੈ ਪਰੰਤੂ ਮੇਰੇ ਜੀਵਨ ਵਿਚ ਪਰਮਾਤਮਾ ਦੇ ਮਿਲਾਪ ਤੋਂ ਪੈਦਾ ਹੋਣ ਵਾਲੀ ਸ਼ਾਂਤੀ ਨਹੀ ਮਿਲ ਰਹੀ ਹੈ। ਗੁਰੂ ਜੀ ਦੇ ਅਨੁਸਾਰ ਜਿਸ ਜੀਵ ਰੂਪੀ ਆਤਮਾ ਨੂੰ ਗੁਰੂ ਦੇ ਬਖ਼ਸ਼ੇ ਗਿਆਨ ਦਾ ਸੁਰਮਾ (ਨਾਮ-ਸਿਮਰਨ) ਮਿਲ ਗਿਆ ਹੈ, ਉਸ ਦੇ ਸਾਰੇ ਆਤਮਿਕ ਸ਼੍ਰਿੰਗਾਰ ਸਫਲ ਹੋ ਗਏ ਹਨ।

ਉਪਰੋਕਤ ਕਾਵਿ-ਤੁਕਾਂ ਵਿਚ ਪਰਮਾਤਮਾ ਅਲੰਬਨ ਵਿਭਾਵ ਹੈ। ਮਨ ਮੋਹਨਾ, ਸੁੰਦਰ, ਲਾਲ ਗੋਪਾਲ ਆਦਿ ਸ਼ਬਦਾਂ ਵਿਚੋਂ ਉਦੀਪਨ ਵਿਭਾਵ ਨਜ਼ਰ ਆਉਂਦੇ ਹਨ। ਨੈਨ ਤਰਸਨ, ਦਰਸ ਪਰਸਨ, ਨਹ ਨੀਂਦ, ਰੈਣਿ ਵਿਹਾਣੀਆ ਆਦਿ ਸ਼ਬਦਾਂ ਦੀ ਵਿਅੰਜਨਾ ਵਿਚੋਂ ਚਿੰਤਾ, ਆਵੇਗ, ਪਛਤਾਵਾ, ਪਤੀ-ਮਿਲਾਪ ਲਈ ਮਨ ਦੀ ਬਿਹਬਲਤਾ ਤੇ ਵਿਛੋੜੇ ਦੀ ਕਰੁਣਾਮਈ ਅਵਸਥਾ ਆਦਿ ਸੰਚਾਰੀ ਭਾਵ ਸਾਕਾਰ ਹੁੰਦੇ ਹਨ।

ਇੱਥੇ ਗੁਰੂ ਅਰਜਨ ਦੇਵ ਜੀ ਨੇ ਵਿਯੋਗ ਸ਼ਿੰਗਾਰ ਰਸ ਦੀ ਸਹਾਇਤਾ ਨਾਲ ਆਪਣੇ ਭਾਵ ਜਾਂ ਵਿਚਾਰਧਾਰਾ ਨੂੰ ਨਿਵੇਕਲੇ ਢੰਗ ਨਾਲ ਪ੍ਰਸਤੁਤ ਕੀਤਾ ਹੈ ਕਿ ਭਾਵ ਜਾਂ ਵਿਚਾਰਧਾਰਾ ਦਾ ਅਰਥ ਆਸਾਮੀ ਨਾਲ ਸਮਝ ਆ ਜਾਵੇ। ਵਿਯੋਗ ਸ਼ਿੰਗਾਰ ਰਸ ਦੀ ਪੁਸ਼ਟੀ ਹੇਠ ਲਿਖੀਆਂ ਉਦਾਹਰਣਾਂ ਤੋਂ ਭਲੀ ਭਾਂਤ ਹੋ ਜਾਂਦੀ ਹੈ :

ਡਿਠੀ ਹਭ ਢੰਢੋਲਿ ਹਿਕਸੁ ਬਾਝੁ ਨ ਕੋਇ॥

ਆਉ ਸਜਨ ਤੂ ਮੁਖਿ ਲਗੁ ਮੇਰਾ ਤਨੁ ਮਨੁ ਠੰਡਾ ਹੋਇ॥ (1100)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਮੈਂ ਸਾਰੀ ਸ੍ਰਿਸ਼ਟੀ ਭਾਲ ਕੇ ਵੇਖ ਲਈ ਹੈ, ਪਰੰਤੂ ਇਸ ਸੰਸਾਰ ਵਿਚ ਪਰਮਾਤਮਾ ਦੇ ਦਰਸਨ ਦੀਦਾਰ ਤੋਂ ਬਿਨਾ ਹੋਰ ਕੋਈ ਵੀ ਦੁਨਿਆਵੀ ਪਦਾਰਥ ਆਤਮਕ ਸੁਖ ਦੇਣ ਵਾਲਾ ਨਹੀਂ ਹੈ। ਗੁਰੂ ਜੀ ਉਸ ਪਰਮਾਤਮਾ ਦੇ ਅੱਗੇ ਅਰਦਾਸ ਕਰਦੇ ਹਨ ਕਿ ਹੇ ਪ੍ਰਭੂ! ਆ ਮੈਨੂੰ ਦਰਸਨ ਦੇਹ ਕਿਉਂਕਿ ਤੇਰੇ ਦਰਸਨ ਦੀਦਾਰ ਨਾਲ ਹੀ ਤਨ ਮਨ ਵਿਚ ਠੰਢ ਪੈਂਦੀ ਹੈ। ਇੱਥੇ ਪਰਮਾਤਮਾ ਜਾ ਪ੍ਰਭੂ (ਨਾਇਕ) ਅਲੰਬਨ ਹੈ ਤੇ ਉਸਦਾ ਰੂਪ ਜਾਂ ਚਰਿੱਤਰ ਵਰਨਣ ਉਦੀਪਨ ਹੈ। ਪਰਮਾਤਮਾ ਦੇ ਦਰਸਨ ਦੀਦਾਰ ਕਰਨ ਦੀ ਦਿਲ ਵਿਚ ਪੈਦਾ ਹੋਈ ਲਾਲਸਾ ਮਾਨਸਿਕ ਅਨੁਭਾਵ ਹੈ। ਉਪਰੋਕਤ ਕਾਵਿ-ਸਤਰਾਂ ਵਿਚ ਮੋਹ, ਪ੍ਰਸੰਨਤਾ ਅਤੇ ਉਤਸੁਕਤਾ ਸੰਚਾਰੀ ਭਾਵ ਹਨ। ਇੱਥੇ ਗੁਰੂ ਜੀ ਨੇ ਆਤਮਕ ਸੁਖ ਦੀ ਪ੍ਰਾਪਤੀ ਲਈ ਪਰਮਾਤਮਾ ਜਾਂ ਪ੍ਰਭੂ ਦੇ ਦਰਸਨ ਦੀਦਾਰ ਨੂੰ ਆਧਾਰ ਬਣਾ ਕੇ ਵਿਯੋਗ ਸ਼ਿੰਗਾਰ ਰਸ ਦੀ ਵਰਤੋਂ ਕਰਕੇ ਆਪਣੇ ਭਾਵ ਜਾਂ ਸੰਕਲਪ ਨੂੰ ਨਿਵੇਕਲੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕੀਤਾ ਹੈ

ਰੁਤਿ ਸਰਦ ਅਡੰਬਰੋ ਅਸੂ ਕਤਿਕੇ ਹਰਿ ਪਿਆਸੁ ਜਿਉ॥

ਖੋਜੰਤੀ ਦਰਸਨੁ ਫਿਰਤ ਕਬ ਮਿਲੀਐ ਗੁਣਤਾਸ ਜੀਉ॥

ਬਿਨੁ ਕੰਤ ਪਿਆਰੇ ਨਹ ਸੂਖ ਸਾਰੇ ਹਾਰ ਕੰਙਣ ਧ੍ਰਿਗ ਬਨਾ॥

ਸੁੰਦਰਿ ਸੁਜਾਣਿ ਚਤੁਰਿ ਬੇਤੀ ਸਾਸ ਬਿਨੁ ਜੈਸੇ ਤਨਾ॥

ਈਤ ਉਤ ਦਹਦਿਸ ਅਲੋਕਨ ਮਨਿ ਮਿਲਨ ਕੀ ਪ੍ਰਭ ਪਿਆਸ ਜੀਓ॥

ਬਿਨਵੰਤਿ ਨਾਨਕ ਧਾਰਿ ਕਿਰਪਾ ਮੇਲਹੁ ਪ੍ਰਭ ਗੁਣ ਤਾਸ ਜੀਉ॥ (928)

ਮਾਈ ਮੋਹਿ ਪ੍ਰੀਤਮੁ ਦੇਹੁ ਮਿਲਾਈ॥

ਸਗਲ ਸਹੇਲੀ ਸੁਖ ਭਰਿ ਸੂਤੀ ਜਿਹ ਘਰਿ ਲਾਲੁ ਬਸਾਈ॥੧॥ਰਹਾਉ॥

ਮੋਹਿ ਅਵਗਨ ਪ੍ਰਭੁ ਸਦਾ ਦਇਆਲਾ ਮੋਹਿ ਨਿਰਗੁਨਿ ਕਿਆ ਚਤੁਰਾਈ॥

ਕਰਉ ਬਰਾਬਰਿ ਜੋ ਪ੍ਰਿਅ ਸੰਗਿ ਰਾਤੀ ਇਹ ਹਉਮੈ ਕੀ ਢੀਠਾਈ॥੧॥

ਭਈ ਨਿਮਾਣੀ ਸਰਣਿ ਇਕ ਤਾਕੀ ਗੁਰ ਸਤਿਗੁਰ ਪੁਰਖ ਸੁਖਦਾਈ॥

ਏਕ ਨਿਮਖ ਮਹਿ ਮੇਰਾ ਸਭੁ ਦੁਖੁ ਕਾਟਿਆ ਨਾਨਕ ਸੁਖਿ ਰੈਨਿ ਬਿਹਾਈ॥ (1267)

**ਹਾਸ ਰਸ**:- ਹਾਸ ਰਸ ਅਣਮੇਲ ਜਾਂ ਬੇਢੰਗੇ ਪਹਿਰਾਵੇ, ਰੂਪ, ਵਾਰਤਾਲਾਪ ਜਾਂ ਕਿਸੇ ਦੀ ਮੂਰਖਤਾ ਆਦਿਕ ਦੇ ਵੇਖਣ-ਸੁਣਨ ਤੋਂ ਪੈਦਾ ਹੋ ਸਕਦਾ ਹੈ। ਅਸੀਂ ਰੋਜ਼ਾਨਾ ਆਮ ਜ਼ਿੰਦਗੀ ਵਿਚ ਦੇਖਦੇ ਹਾਂ ਕਿ ਕਿਸੇ ਦੇ ਬੋਲਣ ਦੇ ਲਹਿਜੇ ਜਾਂ ਪਹਿਰਾਵੇ ਆਦਿ ਤੋਂ ਵੀ ਹਾਸਾ ਆ ਜਾਂਦਾ ਹੈ। ਇਸੇ ਤਰ੍ਹਾਂ ਹਾਸੇ ਨਾਲ ਸੰਬੰਧਿਤ ਵਿਲੱਖਣ ਕਿਰਿਆਵਾ ਕਰਨ ਵਾਲਾ ਵਿਅਕਤੀ ਹਾਸ ਰਸ ਦਾ ਆਲੰਬਨ ਹੋ ਜਾਂਦਾ ਹੈ। ਹਾਸੇ ਨੂੰ ਪੈਦਾ ਕਰਨ ਵਾਲੀਆ ਚੇਸ਼ਟਾਵਾਂ ਜਾਂ ਕਿਰਿਆਵਾਂ ਉਦੀਪਨ ਵਿਭਾਵ ਹਨ। ਬੁਲ੍ਹਾਂ ਦਾ ਫਰਕਣਾ, ਅੱਖਾਂ ਦਾ ਮੀਚਣਾ, ਪੇਟ ਦਾ ਹਿੱਲਣਾ ਆਦਿ ਅਨੁਭਾਵ ਹਨ। ਖੁਸ਼ੀ, ਚੰਚਲਤਾ, ਕਾਂਬਾ ਆਦਿ ਸੰਚਾਰੀ ਭਾਵ ਹਨ। ਹਾਸ ਰਸ ਲਈ ਅੰਗਰੇਜੀ ਭਾਸ਼ਾ ਵਿਚ ਕਈ ਸ਼ਬਦ (Wit, Humour, Joke, Irony, Satire, Smile) ਪ੍ਰਚਲਤ ਹਨ।

ਗੁਰੂ ਅਰਜਨ ਦੇਵ ਜੀ ਦੀ ਬਾਣੀ ਭਾਵੇਂ ਗੰਭੀਰ ਭਾਵ ਦੀ ਧਾਰਨੀ ਹੈ, ਪਰੰਤੂ ਕਿਤੇ-ਕਿਤੇ ਗੁਰੂ ਜੀ ਨੇ ਧਾਰਮਿਕ ਦੰਭ ਜਾਂ ਆਡੰਬਰ ਬਾਰੇ ਲਿਖਿਆ ਹੈ। ਅਧਿਆਤਮਕ ਕਾਵਿ ਜਾਂ ਸਾਹਿਤ ਵਿਚ ਹਾਸ ਰਸ ਦੇ ਪ੍ਰਯੋਗ ਦੁਆਰਾ ਮਨਮੁਖ ਵਿਅਕਤੀਆਂ ਦੇ ਕਿਰਦਾਰ ਨੂੰ ਉਪਹਾਸਜਨਕ ਦਰਸਾ ਕੇ ਜਗਿਆਸੂਆਂ ਨੂੰ ਗੁਰਮੁਖਾਂ ਵਾਲਾ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ। ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਦੁਨੀਆਦਾਰਾਂ ਅਤੇ ਮਾਇਆਧਾਰੀ ਵਿਅਕਤੀਆਂ ਦੀ ਪਾਖੰਡਮਈ ਜੀਵਨ-ਸ਼ੈਲੀ ਉਪਰ ਵਿਅੰਗ ਕਰਨ ਲਈ ਹਾਸ ਰਸ ਦਾ ਪ੍ਰਯੋਗ ਕੀਤਾ ਹੈ। ਜਿਵੇਂ :

ਚੰਦਨ ਲੇਪ ਉਤਾਰੈ ਧੋਇ॥

ਗਰਧਬ ਪ੍ਰੀਤਿ ਭਸਮ ਸੰਗਿ ਹੋਇ॥

ਅੰਧ ਕੂਪ ਮਹਿ ਪਤਿਤ ਬਿਕਰਾਲ॥

ਨਾਨਕ ਕਾਢਿ ਲੇਹੁ ਪ੍ਰਭ ਦਇਆਲ॥੪॥

ਕਰਤੂਤਿ ਪਸੂ ਕੀ ਮਾਨਸ ਜਾਤਿ॥

ਲੋਕ ਪਚਾਰਾ ਕਰੈ ਦਿਨੁ ਰਾਤਿ॥

ਬਾਹਰਿ ਭੇਖ ਅੰਤਰ ਮਲੁ ਮਾਇਆ॥

ਛਪਸਿ ਨਾਹਿ ਕਛੁ ਕਰੈ ਛਪਾਇਆ॥ (266)

ਉਪਰੋਕਤ ਕਾਵਿ ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਜਿਸ ਪ੍ਰਕਾਰ ਗਧੇ ਨੂੰ ਭਾਵੇਂ ਚੰਦਨ ਦਾ ਲੇਪ ਕਰ ਦਿਉ ਤੇ ਜਿਨੀਆਂ ਮਰਜ਼ੀ ਖੁਸ਼ਬੋਆਂ ਲਗਾ ਦਿਉ ਪਰੰਤੂ ਉਹ ਸੁਭਾਅ ਅਨੁਸਾਰ ਝੱਟ ਪੱਟ ਮਿੱਟੀ ਵਿਚ ਲੇਟ ਕੇ ਚੰਦਨ ਦਾ ਲੇਪ ਉਤਾਰ ਦੇਵੇਗਾ, ਠੀਕ ਉਸੇ ਤਰ੍ਹਾਂ ਭਾਵੇਂ ਮਨਮੁਖ ਵਿਅਕਤੀ ਨੂੰ ਪ੍ਰਭੂ ਦੇ ਨਾਮ ਸਿਮਰਨ ਦੀਆਂ ਜੁਗਤਾਂ ਸਮਝਾਉਣ ਦਾ ਯਤਨ ਕਰੋ ਪਰ ਉਸ ਨੂੰ ਪ੍ਰਭੂ ਦਾ ਨਾਮ ਚੰਗਾ ਨਹੀ

ਲਗਦਾ ਅਤੇ ਉਹ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਅੰੰਨ੍ਹੇ ਖੂਹ ਵਿਚ ਡਿੱਗਾ ਰਹਿੰਦਾ ਹੈ। ਗੁਰੂ ਅਰਜਨ ਦੇਵ ਜੀ ਉਸ ਪਰਮਾਤਮਾ ਜਾਂ ਪ੍ਰਭੂ ਅੱਗੇ ਬੇਨਤੀ ਕਰਦੇ ਹਨ ਕਿ ਹੇ ਪਰਮਾਤਮਾ! ਆਪਣੀ ਮੇਹਰ ਅਤੇ ਦਇਆ ਕਰਕੇ ਇਸ ਮਨਮੁਖ ਵਿਅਕਤੀ ਨੂੰ ਵਿਕਾਰਾਂ ਦੇ ਖੂਹ ਵਿਚੋਂ ਕੱਢ ਲਵੋ ਅਤੇ ਆਪਣੇ ਚਰਨਾਂ ਨਾਲ ਲਾ ਲਵੋ। ਗੁਰੂ ਜੀ ਦੇ ਅਨੁਸਾਰ ਪਰਮਾਤਮਾ ਨੇ ਮਨੁੱਖ ਨੂੰ ਸਭ ਜੀਵਾਂ ਤੋਂ ਉੱਤਮ ਬਣਾਇਆ ਹੈ, ਪਰ ਅੱਜ ਦਾ ਮਨੁਖ ਲੋਕ ਵਿਖਾਵੇ ਲਈ ਭੇਸ ਬਦਲ-ਬਦਲ ਕੇ ਗਲਤ ਕੰਮ ਕਰਦਾ ਹੈ। ਪਰਮਾਤਮਾ ਨੇ ਮਨੁਖ ਨੂੰ ਪ੍ਰਭੂ ਦਾ ਨਾਮ-ਸਿਮਰਨ ਵਾਸਤੇ ਇਸ ਸੰਸਾਰ ਵਿਚ ਭੇਜਿਆ ਹੈ, ਪਰੰਤੂ ਉਹ ਪਰਮਾਤਮਾ ਦਾ ਨਾਮ-ਸਿਮਰਨ ਕਰਨ ਦੀ ਬਜਾਏ ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਵਿਚ ਫਸਿਆ ਹੋਇਆ ਹੈ। ਗੁਰੂ ਜੀ ਦੇ ਅਨੁਸਾਰ ਮਨਮੁਖ ਵਿਅਕਤੀ ਲੋਕ ਵਿਖਾਵੇ ਲਈ ਕਈ ਤਰ੍ਹਾਂ ਦੇ ਝੂਠੇ ਭੇਖ ਬਣਾਉਂਦਾ ਹੈ ਜਿਵੇਂ ਭੰਗਵੇਂ ਰੰਗ ਦੇ ਕੱਪੜੇ ਪਾ ਕੇ, ਸਿਰ ਮੁਨਵਾ ਕੇ, ਮੱਥੇ ਤੇ ਟਿੱਕੇ ਲਗਾ ਕੇ। ਗੁਰੂ ਅਰਜਨ ਦੇਵ ਜੀ ਮਨਮੁਖ ਵਿਅਕਤੀ ਨੂੰ ਚਿਤਾਵਨੀ ਦਿੰਦੇ ਹੋਏ ਸਪੱਸ਼ਟ ਕਰਦੇ ਹਨ ਕਿ ਅੱਜ ਨਹੀਂ ਤੇ ਕੱਲ ਤੇਰਾ ਇਹ ਝੂਠ ਫੜਿਆ ਜਾਣਾ ਹੈ, ਜਿਵੇਂ ਸਿਆਣੇ ਲੋਕਾਂ ਦੀ ਕਹਾਵਤ ਹੈ ਕਿ ਸੋ ਦਿਨ ਚੋਰ ਦੇ ਤੇ ਇਕ ਦਿਨ ਸਾਧ ਦਾ ਜਰੂਰ ਆਉਂਦਾ ਹੈ।

ਉਪਰੋਕਤ ਕਾਵਿ ਸਤਰਾਂ ਰਾਹੀਂ ਗੁਰੂ ਅਰਜਨ ਦੇਵ ਜੀ ਨੇ ਵਿਅੰਗਮਈ ਸ਼ਬਦਾਂ ਦੁਆਰਾ ਹਾਸ ਰਸ ਪੈਦਾ ਕਰਨ ਦਾ ਅਨੋਖਾ ਉਪਰਾਲਾ ਕੀਤਾ ਹੈ। ਗੁਰੂ ਜੀ ਨੇ ਅਧਿਆਤਮਕ ਕਾਵਿ ਵਿਚ ਮਨਮੁਖ ਅਤੇ ਮਾਇਆਧਾਰੀ ਵਿਅਕਤੀਆਂ ਦੀ ਪਾਖੰਡਮਈ ਜੀਵਨ-ਸ਼ੈਲੀ ਉਪਰ ਵਿਅੰਗ ਕਰਦੇ ਹੋਏ ਮਨਮੁਖ ਵਿਅਕਤੀਆਂ ਦੀ ਤੁਲਨਾ ਗਧੇ ਦੇ ਨਾਲ ਕੀਤੀ ਹੈ। ਓਪਰੋਕਤ ਕਾਵਿ-ਤੁਕਾਂ ਵਿਚ ਗਧਾ ਆਲੰਬਨ ਹੈ ਕਿਉਂਕਿ ਹਾਸੇ ਨਾਲ ਸੰਬੰਧਿਤ ਵਿਲੱਖਣ ਕਿਰਿਆਵਾ ਕਰਨ ਵਾਲਾ ਵਿਅਕਤੀ ਜਾਂ ਪਸ਼ੂ-ਪੰਛੀ ਹਾਸ ਰਸ ਦਾ ਆਲੰਬਨ ਹੋ ਜਾਂਦੇ ਹਨ। ਹਾਸੇ ਨੂੰ ਉਪਜਾਉਣ ਵਾਲੀਆ ਵਿਅੰਗਮਈ ਕਾਵਿ-ਤੁਕਾਂ "ਚੰਦਨ ਲੇਪ ਉਤਾਰੈ ਧੋਇ॥ ਗਰਧਬ ਪ੍ਰੀਤਿ ਭਸਮ ਸੰਗਿ ਹੋਇ" ਵਿਭਾਵ ਹਨ, ਕਿਉਂਕਿ ਇਹਨਾਂ ਕਾਵਿ-ਤੁਕਾਂ ਰਾਹੀਂ ਗੁਰੂ ਅਰਜਨ ਦੇਵ ਜੀ ਨੇ ਹਾਸ ਰਸ ਨਾਲ ਸੰਬੰਧਿਤ ਸਥਾਈ ਭਾਵਾਂ ਨੂੰ ਉਦੀਪਨ ਕਰਕੇ ਹਾਸ ਰਸ ਨੂੰ ਪੈਦਾ ਕਰਨ ਦਾ ਅਲੋਕਿਕ ਉਪਰਾਲਾ ਕੀਤਾ ਗਿਆ ਹੈ। ਗਧੇ ਨੂੰ ਚੰਦਨ ਦਾ ਲੇਪ ਲਗਾਉਣਾ, ਗਧੇ ਦੁਆਰਾ ਫਿਰ ਮਿੱਟੀ ਵਿਚ

ਲੇਟਣਾ, ਮਨਮੁਖ ਵਿਅਕਤੀ ਦੁਆਰਾ ਪੰਜ ਵਿਕਾਰਾਂ ਵਿਚ ਫਸਣਾ, ਮਨਮੁਖ ਵਿਅਕਤੀ ਦੁਆਰਾ ਪਸੂਆਂ ਦੇ ਸਮਾਨ ਜੀਵਨ ਬਤੀਤ ਕਰਨਾ ਅਤੇ ਮਨਮੁਖ ਵਿਅਕਤੀ ਦੁਆਰਾ ਵੱਖ-ਵੱਖ ਭੇਸ ਬਦਲਣਾ ਆਦਿ ਕਾਰਜ ਅਨੁਭਾਵ ਹਨ। ਖੁਸ਼ੀ, ਚੰਚਲਤਾ, ਕਾਂਬਾ ਆਦਿ ਸੰਚਾਰੀ ਭਾਵ ਹਨ।

ਸਾਹਿਤਕ ਹਾਸਾ ਹਰ ਇਕ ਮਨੁਖ ਦੀ ਸੰਵੇਦਨਸ਼ੀਲਤਾ ਨੂੰ ਸੰਤੁਲਿਤ ਰੱਖਕੇ ਉਸ ਨੂੰ ਮਾਨਸਿਕ ਦਰਦ ਤੋਂ ਬਚਾਉਦਾ ਹੈ। ਅਧਿਆਤਮਕ ਹਾਸਾ ਦੁਨਿਆਵੀ ਸਾਹਿਤ ਵਿਚੋਂ ਪੈਦਾ ਹੋਏ ਹਾਸੇ ਵਰਗਾ ਨਹੀਂ ਹੁੰਦਾ ਬਲਕਿ ਗੰਭੀਰ ਵਿਸ਼ਿਆਂ ਨਾਲ ਸੰਬੰਧਿਤ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਵਿਚ ਵਿਅੰਗਮਈ ਸ਼ਬਦਾਵਲੀ ਰਾਹੀਂ ਆਪਣੀ ਕਲਾਤਮਕ, ਸਿਰਜਨਾਤਮਕ ਤੇ ਸੁਹਜਾਤਮਕ ਪੇਸ਼ਕਾਰੀ ਸਦਕਾ ਗੁਰਬਾਣੀ ਨਾਲ ਸੰਬੰਧਿਤ ਗੰਭੀਰ ਵਿਸ਼ਿਆ ਵਿਚ ਵੀ ਹਾਸ ਰਸ ਨੂੰ ਪ੍ਰਸਤੁਤ ਕਰਨ ਦਾ ਨਿਵੇਕਲਾ ਅਤੇ ਅਨੋਖਾ ਉਪਰਾਲਾ ਕੀਤਾ ਹੈ। ਗੁਰੂ ਅਰਜਨ ਦੇਵ ਜੀ ਬਾਣੀ ਵਿਚ ਹਾਸ ਰਸ ਨਾਲ ਸੰਬੰਧਿਤ ਹੇਠਾਂ ਲਿਖੀਆਂ ਬਹੁਤ ਸਾਰੀਆਂ ਉਦਾਹਰਨਾਂ ਦੇਖਣ ਨੂੰ ਮਿਲਦੀਆਂ ਹਨ:

ਧੋਤੀ ਖੋਲਿ ਵਿਛਾਏ ਹੇਠਿ॥

ਗਰਧਪ ਵਾਂਗੂ ਲਾਹੇ ਪੇਟਿ॥

ਬਿਨ ਕਰਤੂਤੀ ਮੁਕਤਿ ਨ ਪਾਇਐ॥

ਮੁਕਤ ਪਦਾਰਥ ਨਾਮ ਧਿਆਈਐ।

ਪੂਜਾ ਤਿਲਕ ਕਰਤ ਅਸ਼ਨਾਨਾ॥

ਛੁਰੀ ਕਾਢਿ ਲੇਵੈ ਹਥਿ ਦਾਨਾ।

ਬੇਦੁ ਪੜੈ ਮੁਖ ਮੀਠੀ ਬਾਣੀ॥

ਜੀਅ ਕੁਹਤ ਨ ਸੰਗਿ ਪ੍ਰਾਣੀ।

ਕਹੁ ਨਾਨਕ ਜਿਸੁ ਕਿਰਪਾ ਧਾਰੈ॥

ਹਿਰਦਾ ਸੁਖ ਬ੍ਰਹਮ ਬੀਚਾਰੈ। (201)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਨੇ ਵਿਅੰਗਾਤਮਕ ਭਾਵ ਦੁਆਰਾ ਹਾਸ ਰਸ ਪੈਦਾ ਕਰਨ ਦਾ ਨਿਵੇਕਲਾ ਯਤਨ ਕੀਤਾ ਹੈ। ਓਪਰੋਕਤ ਕਾਵਿ-ਸਤਰਾਂ ਵਿਚ ਗੁਰੂ ਜੀ ਵਿਅੰਗਮਈ ਸ਼ਬਦਾਂ ਰਾਹੀਂ ਅਜਿਹੇ ਮਨੁੱਖ ਦਾ ਚਿੱਤਰ ਪੇਸ਼ ਕਰਦੇ ਹਨ ਜੋ ਹਿੰਦੂ ਧਰਮ ਵਿਚ ਪਾਖੰਡੀ ਪੰਡਿਤ ਦੇ ਭੇਸ ਵਿਚ ਵਿਚਰਦਾ ਹੈ। ਇੱਥੇ ਪਾਖੰਡੀ ਮਨੁੱਖ ਦੀ ਕਹਣੀ ਤੇ ਕਰਣੀ ਨੂੰ ਜਾਣ ਕੇ ਪਾਠਕ ਜਾਂ ਸਰੋਤਾ ਮਨ ਵਿਚ ਹਾਸ ਰਸ ਪੈਦਾ ਹੁੰਦਾ ਹੈ। ਸਾਹਿਤਿਕ ਹਾਸਾ ਮਨੁੱਖ ਦੀ ਸੰਵੇਦਨਸ਼ੀਲਤਾ ਨੂੰ ਸੰਤੁਲਤ ਰੱਖਕੇ ਉਸ ਨੂੰ ਮਾਨਸਿਕ ਦਰਦ ਤੋਂ ਬਚਾਉਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਵਿਅੰਗਾਤਮਕ ਭਾਵ ਨੂੰ ਹੇਠਿ-ਪੇਟਿ, ਪਾਈਐ-ਧਿਆਈਐ, ਅਸ਼ਨਾਨਾ-ਦਾਨਾ, ਬਾਣੀ-ਪ੍ਰਾਣੀ, ਧਾਰੈ-ਬਿਚਾਰੈ ਆਦਿ ਤੁਕਾਂਤਕ ਸ਼ਬਦਾਂ ਦੁਆਰਾ ਸੰਗੀਤਕ ਲੈਅ ਵਿਚ ਹਾਸ ਉਲਾਸ ਭਾਵ ਨੂੰ ਸੁਖਾਤਮਕ ਭਾਵ ਨਾਲ ਸੁਮੇਲ ਕੇ ਕਾਵਿ-ਸੰਤੁਲਨ ਰਾਹੀਂ ਭਾਵ-ਇਕਾਗਰਤਾ ਨੂੰ ਕਾਇਮ ਰੱਖਿਆ ਹੈ। ਅਧਿਆਤਮਕ ਕਵਿਤਾ ਵਿਚੋਂ ਪੈਦਾ ਹਾਸ ਰਸ ਦੁਨਿਆਵੀ ਸਾਹਿਤ ਵਿਚੋਂ ਪੈਦਾ ਹੋਏ ਹਾਸ ਰਸ ਵਰਗਾ ਨਹੀਂ ਹੁੰਦਾ ਹੈ ਕਿਉਂਕਿ ਅਧਿਆਤਮਕ ਹਾਸ ਰਸ ਸ਼ਾਂਤ ਵਾਤਾਵਰਣ ਜਿਆਦਾ ਪੈਦਾ ਕਰਦਾ ਹੈ। ਹਾਸ ਰਸ ਨੂੰ ਸਪਸ਼ਟ ਕਰਨ ਲਈ ਹੇਠ ਲਿਖੀਆਂ ਹੋਰ ਉਦਾਹਰਨਾਂ ਨੂੰ ਵੀ ਘੋਖਿਆ ਜਾਂ ਵਿਚਾਰਿਆ ਜਾ ਸਕਦਾ ਹੈ:

ਮਿਰਤੁ ਹਸੈ ਸਿਰ ਉਪਰੇ ਪਸੂਆ ਨਹੀ ਬੂਝੈ॥

ਬਾਦ ਸਾਦ ਅਹੰਕਾਰ ਮਹਿ ਮਰਣਾ ਨਹੀ ਸੂਝੈ॥

ਸਤਿਗੁਰੂ ਸੇਵਹ ਆਪਨਾ ਕਾਹੇ ਫਿਰਹੁ ਅਭਾਗੇ॥

ਦੇਖ ਕਸੁੰਭਾ ਰੰਗਲਾ ਕਾਹੈ ਭੂਲਿ ਲਾਗੇ॥

ਕਰਿ ਕਰਿ ਪਾਪ ਦਰੁਬ ਕੀਆ ਵਰਤਣ ਕੈ ਤਾਈ॥

ਮਾਟੀ ਸਿਉ ਮਾਟੀ ਰਾਲੀ ਨਾਗਾ ਉਠਿ ਜਾਈ (809)

ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ॥

ਨਾਨਕ ਅਨਦਿਨ ਬਿਲਪਤੈ ਜਿਉ ਸੁੰਞੈ ਘਰਿ ਕਾਉ॥ (522)

**ਸ਼ਾਂਤ ਰਸ :** ਸ਼ਾਂਤ ਰਸ ਤੋਂ ਭਗਤੀ ਭਾਵ ਦੀ ਉਤਪਤੀ ਹੁੰਦੀ ਹੈ। ਆਧੁਨਿਕ ਸਮੇਂ ਵਿਚ ਨਵੀਂ ਤਕਨੋਲੋਜੀ ਦੇ ਕਾਰਣ ਮਨ ਵਿਚ ਪੈਦਾ ਹੋਈ ਬੇਚੈਨੀ ਅਤੇ ਵੈਰਾਗ ਨੂੰ ਦੂਰ ਕਰਨ ਲਈ ਸ਼ਾਤ ਰਸ ਦੀ ਵਰਤੋਂ ਕੀਤੀ ਜਾਂਦੀ ਹੈ। ਅੱਜ ਵਿਗਿਆਨ ਦੇ ਯੁੱਗ ਵਿਚ ਹਰ ਇਕ ਮਨੁੱਖ ਭਟਕ ਰਿਹਾ ਹੈ, ਉਹ ਕਾਹਲੀ ਵਿਚ ਹੈ, ਉਸ ਦੇ ਤਨ-ਮਨ ਨੂੰ ਟਿਕਾਓ ਨਹੀਂ ਹੈ ਕਿਉਂਕਿ ਵਿਗਿਆਨ ਨੇ ਉਸਨੂੰ ਭਟਕਣ ਲਈ ਸਾਧਨ ਮਹੁੱਈਆ ਕਰ ਦਿੱਤੇ ਹਨ। ਦੁਨਿਆਵੀ ਸੁਖ ਕਈ ਦੁੱਖਾਂ ਦਾ ਕਾਰਣ ਬਣ ਰਹੇ ਹਨ ਕਿਉਂਕਿ ਹਰ ਇਕ ਮਨੁੱਖ ਦੁਨਿਆਵੀ ਸੁਖਾਂ ਨੂੰ ਪ੍ਰਾਪਤ ਕਰਨ ਲਈ ਕਈ ਹੋਰ ਕੁਕਰਮ ਕਰ ਰਿਹਾ ਹੈ। ਹਰ ਮਨੁੱਖ ਸੁਖ ਦੀ ਭਾਲ ਵਿਚ ਇਧਰ-ਉਧਰ ਭਟਕ ਰਿਹਾ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਦੇ ਅਨੁਸਾਰ, "ਸੰਸਾਰਿਕ ਅਸਥਿਰਤਾ ਦੇ ਕਾਰਣ ਜਾਂ ਤੱਤ-ਗਿਆਨ ਦੇ ਕਾਰਣ ਮਨ ਵਿਚ ਜਦੋਂ ਵੈਰਾਗ ਪੈਦਾ ਹੁੰਦਾ ਹੈ ਉਥੇ ਸ਼ਾਂਤ ਰਸ ਦੀ ਸਥਿਤੀ ਮੰਨੀ ਗਈ ਹੈ।" (***ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ*** 195) ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਗੁਰਬਾਣੀ ਵਿਚ ਸ਼ਾਂਤ ਰਸ ਦੁਆਰਾ ਆਮ ਆਦਮੀ ਦੀ ਮਾਨਸਿਕਤਾ ਦਾ ਨਿਰੂਪਣ ਕੀਤਾ ਹੈ। ਜਿਵੇਂ :

ਪ੍ਰਭ ਬਖਸੰਦ ਦੀਨ ਦਇਆਲ॥

ਭਗਤਿ ਵਛਲ ਸਦਾ ਕਿਰਪਾਲ॥

ਅਨਾਥ ਨਾਥ ਗੋਬਿੰਦ ਗੁਪਾਲ॥

ਸਰਬ ਘਟਾ ਕਰਤ ਪ੍ਰਤਿਪਾਲ॥

ਆਦਿ ਪੁਰਖ ਕਾਰਣ ਕਰਤਾਰ॥

ਭਗਤ ਜਨਾ ਕੇ ਪ੍ਰਾਨ ਆਧਾਰ॥

ਜੋ ਜੋ ਜਪੈ ਸੁ ਹੋਇ ਪੁਨੀਤ॥

ਭਗਤਿ ਭਾਇ ਲਾਵੈ ਮਨ ਹੀਤ॥

ਹਮ ਨਿਰਗੁਨੀਆਰ ਨੀਚ ਅਜਾਨ॥

ਨਾਨਕ ਤੁਮਰੀ ਸਰਨਿ ਪੁਰਖ ਭਗਵਾਨ॥ (289)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਸ਼ਾਂਤ ਰਸ ਨੂੰ ਪ੍ਰਗਟ ਕਰਦੇ ਹੋਏ ਦੱਸਦੇ ਹਨ ਕਿ ਉਹ ਪਰਮਾਤਮਾ ਹਰ ਇਕ ਜੀਵ-ਜੰਤੂ ਨੂੰ ਬਖ਼ਸ਼ ਲੈਣ ਵਾਲਾ ਹੈ। ਉਹ ਆਪਣੇ ਭਗਤਾਂ ਨੂੰ ਪ੍ਰੇਮ ਕਰਦਾ ਹੈ ਅਤੇ ਸਦਾ ਉਹਨਾਂ ਤੇ ਆਪਣੀ ਕਿਰਪਾ ਬਣਾਈ ਰੱਖਦਾ ਹੈ। ਗੁਰੂ ਜੀ ਅਨੁਸਾਰ ਉਹ ਪਰਮਾਤਮਾ ਗਰੀਬਾਂ ਅਤੇ ਯਤੀਮਾਂ ਦਾ ਸਹਾਰਾ, ਸੁਆਮੀ, ਗੋਬਿੰਦ ਅਤੇ ਗੋਪਾਲ ਹੈ, ਜੋ ਉਨ੍ਹਾਂ ਦੀ ਪਾਲਣਾ ਕਰਦਾ ਹੈ। ਪਰਮਾਤਮਾ ਨੇ ਹੀ ਇਸ ਸਾਰੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ ਅਤੇ ਉਹ ਆਪਣੇ ਭਗਤਾਂ ਦੇ ਜੀਵਨ ਦਾ ਆਸਰਾ ਹੈ। ਗੁਰੂ ਜੀ ਅਨੁਸਾਰ ਜਿਹੜਾ ਵੀ ਵਿਅਕਤੀ ਉਸ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹੈ, ਉਹ ਪਵਿੱਤਰ ਹੋ ਜਾਂਦਾ ਹੈ, ਉਸਦੇ ਸਾਰੇ ਪਾਪ ਖ਼ਤਮ ਹੋ ਜਾਂਦੇ ਹਨ। ਭਗਤੀ ਭਾਵ ਨਾਲ ਹਰ ਵਿਅਕਤੀ 'ਤੇਰ ਮੇਰ' ਦੇ ਭਾਵਾਂ ਤੋਂ ਉਪਰ ਉੱਠ ਕੇ ਸਰਬ-ਸਾਂਝੀ, ਲੋਕ-ਭਲਾਈ, ਗਰੀਬਾਂ ਦੀ ਸਹਾਇਤਾ, ਬੇਸਹਾਰਿਆ ਦਾ ਸਹਾਰਾ ਆਦਿ ਵਿਚਾਰਧਾਰਾ ਨੂੰ ਸਮਝਣ ਲੱਗ ਪੈਂਦਾ ਹੈ। ਗੁਰੂ ਜੀ ਅਨੁਸਾਰ ਪਰਮਾਤਮਾ ਦੇ ਨਾਮ ਦੀ ਕਥਾ ਨੂੰ ਆਪਣੇ ਮਨ ਵਿਚ ਵਸਾ ਲੈਣ ਨਾਲ ਵਿਅਕਤੀ ਨੂੰ ਰਾਜ-ਭਾਗ, ਜਸ-ਕੀਰਤ ਅਤੇ ਹੋਰ ਸਾਰੇ ਪਦਾਰਥਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਅਭਿਨਵ ਗੁਪਤ ਦੇ ਅਨੁਸਾਰ, "ਸ਼ਾਂਤ ਰਸ ਸਭ ਰਸਾਂ 'ਚੋ ਉਤਮ ਹੈ ਕਿਉਂਕਿ ਇਹ ਰਸ ਮੁਕਤੀ ਦਾ ਸਾਧਨ ਹੈ।" (***ਆਚਾਰੀਆ ਮੰਮਟ, ਕਾਵਿ-ਪ੍ਰਕਾਸ਼*** 30)

ਭਗਤੀ ਭਾਵ ਵਿਚ ਸੰਸਾਰ ਜਾਂ ਪਰਮਾਤਮਾ ਆਲੰਬਨ ਹੈ। ਸਾਧ-ਸੰਗਤ, ਪਰਮਾਤਮਾ ਦਾ ਨਾਮ ਆਦਿ ਇਸ ਦੇ ਉਦੀਪਨ ਵਿਭਾਵ ਹਨ। ਸਿਮ੍ਰਤੀ, ਦਇਆ, ਪਾਪਾਂ ਉਪਰ ਪਛਤਾਵਾ, ਸਾਧੂ ਸੁਭਾ ਪੈਦਾ ਹੋਣਾ ਆਦਿ ਅਨੁਭਾਵ ਹਨ। ਸ਼ਾਤੀ ਜਾਂ ਖੁਸ਼ੀ ਸੰਚਾਰੀ ਭਾਵ ਹਨ। ਸਾਰੀ ਬਾਣੀ ਭਗਤੀ ਭਾਵ ਨਾਲ ਭਰਪੂਰ ਹੈ, ਕਿਉਂਕਿ ਸਾਰੀ ਗੁਰਬਾਣੀ ਵਿਚ ਆਤਮਾ ਦੀ ਪਰਮਾਤਮਾ ਵਿਚ ਲੀਨ ਹੋਣ ਦੀ ਤਾਂਘ ਭਗਤੀ ਭਾਵ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ। ਬਾਣੀ ਦਾ ਆਧਾਰ ਹੀ ਭਗਤੀ ਭਾਵ ਹੈ ਜੋ ਮਨ ਨੂੰ ਸ਼ਾਂਤੀ ਪ੍ਰਦਾਨ ਕਰਦਾ ਹੈ। ਪਰਮਾਤਮਾ ਦੇ ਗੁਣ-ਗਾਇਨ, ਪ੍ਰਭੂ-ਪ੍ਰੇਮ, ਪ੍ਰਭੂ ਨਾਮ-ਸਿਮਰਨ, ਰੱਬੀ ਚਿੰਤਨ, ਅਕ੍ਰਿਤਘਣ ਆਦਿ ਵਿਚ ਸ਼ਾਂਤੀ ਦਾ ਪ੍ਰਵਾਹ ਚੱਲਦਾ ਹੀ ਰਹਿੰਦਾ ਹੈ।

ਉਪਰੋਕਤ ਕਾਵਿ-ਸਤਰਾਂ ਵਿਚ ਪਰਮਾਤਮਾ ਹੀ ਆਲੰਬਨ ਹੈ। ਬਖਸੰਦ, ਦੀਨ ਦਇਆਲ, ਭਗਤਿ ਵਛਲ, ਕਿਰਪਾਲ, ਸਰਬ ਘਟਾ, ਪ੍ਰਤਿਪਾਲ, ਕਰਤਾਰ, ਪ੍ਰਾਨ ਅਧਾਰ ਆਦਿ ਸ਼ਬਦਾਂ ਵਿਚੋਂ ਉਦੀਪਨ ਵਿਭਾਵ ਫੁਟਦਾ ਹੈ। ਅਚਰਜ ਰੂਪ, ਸੰਤਨ, ਨਾਮਹਿ ਰੰਗ ਸ਼ਬਦ ਅਨੁਭਾਵ ਨੂੰ ਪ੍ਰਗਟਾਉਂਦੇ ਹਨ। ਮਨ ਅੰਦਰ ਖੁਸ਼ੀਆਂ, ਵਡਿਆਈਆਂ ਆਦਿ ਸੰਚਾਰੀ ਭਾਵ ਹਨ। ਇੱਥੇ ਗੁਰੂ ਜੀ ਨੇ ਸ਼ਾਂਤ ਰਸ ਰਾਹੀਂ ਭਗਤੀ ਭਾਵ ਜਾਂ ਸੰਕਲਪ ਨੂੰ ਨਿਵੇਕਲੇ, ਪ੍ਰਭਾਵਸ਼ਾਲੀ, ਗ੍ਰਹਿਣਯੋਗ, ਵਿਲੱਖਣ, ਸਰਲ ਅਤੇ ਰੋਚਕ ਢੰਗ ਨਾਲ ਪ੍ਰਸਤੁਤ ਕਰਨ ਦਾ ਯਤਨ ਕੀਤਾ ਹੈ। ਗੁਰੂ ਅਰਜਨ ਦੇਵ ਜੀ ਨੇ ਇਕ ਲੇਖਕ ਜਾਂ ਰਚਨਾਕਾਰ ਦੇ ਰੂਪ ਵਿਚ ਆਪਣੀ ਗੁਰਬਾਣੀ ਵਿਚ ਸ਼ਾਂਤ ਰਸ ਦੀ ਵਰਤੋਂ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਸ਼ਾਤ ਰਸ ਨਾਲ ਸੰਬੰਧਿਤ ਹੇਠ ਦਿੱਤੀਆਂ ਉਦਾਹਰਨਾਂ ਨੂੰ ਵੀ ਵਿਚਾਰਿਆ ਜਾ ਸਕਦਾ ਹੈ :

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥

ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ॥

ਘਰ ਮੰਦਰ ਖੁਸੀਆ ਤਹੀ ਜਹ ਤੂ ਆਵਹਿ ਚਿਤਿ॥

ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੁਮਿਤ॥ (319)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਭਗਤੀ ਭਾਵ ਨੂੰ ਸਪੱਸ਼ਟ ਕਰਦੇ ਹੋਏ ਦੱਸਦੇ ਹਨ ਕਿ ਜਦੋਂ ਅੰਮ੍ਰਿਤ ਵੇਲਾ (ਪਹੁ-ਫੁਟਾਲਾ) ਹੁੰਦਾ ਹੈ ਜਾਂ ਜਦੋਂ ਚਿੜੀ ਚੂਕਦੀ ਹੈ ਤਾਂ ਉਸ ਵੇਲੇ ਭਗਤ (ਗੁਰਮੁਖ) ਦੇ ਹਿਰਦੇ ਵਿਚ ਪਰਮਾਤਮਾ ਦੇ ਨਾਮ-ਸਿਮਰਨ ਦੇ ਤਰੰਗ ਉੱਠਦੇ ਹਨ। ਗੁਰੂ ਜੀ ਦੇ ਅਨੁਸਾਰ ਜਿਨ੍ਹਾਂ ਗੁਰਮੁਖਾਂ ਦਾ ਪਰਮਾਤਮਾ ਦੇ ਨਾਮ-ਸਿਮਰਨ ਨਾਲ ਪਿਆਰ ਹੁੰਦਾ ਹੈ ਉਹ ਅੰਮ੍ਰਿਤ ਵੇਲੇ ਪ੍ਰਭੂ ਦੇ ਅਚਰਜ ਕੌਤਕ ਨੂੰ ਆਪਣੀਆਂ ਅੱਖਾਂ ਸਾਹਮਣੇ ਲਿਆਉਂਦੇ ਹਨ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਉਨ੍ਹਾਂ ਘਰਾਂ, ਮੰਦਿਰਾਂ ਵਿਚ ਹੀ ਅਸਲੀ ਖ਼ੁਸ਼ੀਆਂ ਹਨ ਜਿੱਥੇ ਪਰਮਾਤਮਾ ਦੇ ਨਾਮ ਦਾ ਸਿਮਰਨ ਕੀਤਾ ਜਾਂਦਾ ਹੈ ਜਾਂ ਪਰਮਾਤਮਾ ਨੂੰ ਯਾਦ ਕੀਤਾ ਜਾਂਦਾ ਹੈ।

ਉਪਰੋਕਤ ਕਾਵਿ-ਤੁਕਾਂ ਵਿਚ ਪਰਮਾਤਮਾ ਹੀ ਆਲੰਬਨ ਹੈ। ਚਿੜੀ ਚੂਹਕੀ, ਪਹੁ ਫੁਟੀ, ਵਗਨਿ ਤਰੰਗ ਸ਼ਬਦਾਂ ਵਿਚੋਂ ਓਦੀਪਨ ਵਿਭਾਵ ਫੁੱਟਦਾ ਹੈ। ਅਚਰਜ ਰੂਪ, ਸੰਤਨ ਨਾਮਹਿ ਰੰਗ ਸ਼ਬਦ ਅਨੁਭਾਵ ਨੂੰ ਪ੍ਰਟਾਉਂਦੇ ਹਨ। ਮਨ ਮੰਦਰ ਖੁਸ਼ੀਆਂ, ਵਡਿਆਈਆਂ ਆਦਿ ਸੰਚਾਰੀ ਭਾਵ ਹਨ। ਸੰਬੋਧਨ ਦ੍ਰਿਸ਼ਟੀ ਤੋਂ ਇਹ ਕਾਵਿ-ਤੁਕਾਂ ਸਵੈ ਸੰਬੋਧਨ ਹੁੰਦੀਆਂ ਹੋਈਆਂ ਵੀ ਸੰਸਾਰੀ ਜੀਵ ਪ੍ਰਤੀ ਇਕ ਸ਼ਾਂਤਮਈ ਸੁਨੇਹਾ ਦਿੰਦੀਆਂ ਹਨ। ਅਚਰਜ ਰੂਪ, ਸੰਤਨ, ਨਾਮਹਿ ਰੰਗ, ਘਰ ਮੰਦਰ, ਖੁਸ਼ੀਆਂ ਆਦਿ ਸ਼ਬਦ ਪ੍ਰਭੂ ਭਗਤ ਦੇ ਹਿਰਦੇ ਵਿਚ ਅਲੌਕਿਕ ਖਿੜਾਓ ਤੇ ਸ਼ਾਂਤਮਈ ਮਾਹੌਲ ਪੈਦਾ ਕਰਦੇ ਹਨ। ਇਨ੍ਹਾਂ ਸ਼ਬਦਾਂ ਵਿਚੋਂ ਸ਼ਾਂਤ ਰਸ ਦੀ ਨਿੰਮੀ ਨਿੰਮੀ ਫੁਹਾਰ ਭਗਤ ਜਨਾਂ ਦੇ ਹਿਰਦੇ ਵਿਚ ਸਰੋਦੀ-ਹੂਕਾਂ ਪੈਦਾ ਕਰਦੀ ਹੈ। ਪਹੁ-ਫਟਾਲੇ (ਅੰਮ੍ਰਿਤ ਵੇਲਾ ਜਾਂ ਸਵੇਰ ਦਾ ਸਮਾਂ) ਦਾ ਸ਼ਾਂਤ ਵਾਤਾਵਰਣ, ਪਰਮਾਤਮਾ ਦੇ ਨਾਮ ਸਿਮਰਨ ਵਿਚ ਸਹਾਈ ਹੋ ਕੇ ਸਰੀਰ ਰੂਪੀ ਮੰਦਰ ਵਿਚ ਖੁਸ਼ੀਆਂ ਦਾ ਸੰਚਾਰ ਕਰਦਾ ਹੈ। ਅਜਿਹੇ ਵਾਤਾਵਰਣ ਵਿਚ ਭਗਤ ਪਰਮਾਤਮਾ ਨਾਲ ਪੂਰਨ-ਪ੍ਰੇਮ ਜਾਂ ਲਿਵ ਲਗਾਉਂਦਾ ਹੋਇਆ ਸ਼ਾਂਤੀ ਦੀ ਅਵਸਥਾ ਪ੍ਰਾਪਤ ਕਰਦਾ ਹੈ। ਇੱਥੇ ਗੁਰੂ ਜੀ ਨੇ ਕਲਪਨਾ, ਸੰਖੇਪਤਾ, ਸੰਗੀਤਕਤਾ ਦੀ ਸੋਹਜਾਤਮਕਤਾ ਦੁਆਰਾ ਸਰੋਦੀ ਅੰਸ਼ ਪੈਦਾ ਕਰਕੇ ਭਗਤੀ ਭਾਵ ਦੁਆਰਾ ਸ਼ਾਂਤ ਰਸ ਦੀ ਉਤਪਤੀ ਕੀਤੀ ਹੈ ਜੋ ਕਿ ਵਿਲੱਖਣ ਜਾਂ ਨਿਵੇਕਲਾ ਉਪਰਾਲਾ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਹੋਰ ਵੀ ਸ਼ਾਂਤ ਰਸ ਦੀਆਂ ਉਦਾਹਰਨਾਂ ਦੇਖੋ :

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥

ਕਿਤਹੀ ਕਾਮਿ ਨ ਧਉਲਹਰ ਜਿਤੁ ਹਰਿ ਬਸਿਰਾਏ॥

ਅਨਦੁ ਗਰੀਬੀ ਸਾਧਸੰਗਿ ਜਿਤੁ ਪ੍ਰਭ ਚਿਤਿ ਆਏ॥

ਜਲ ਜਾਉ ਏਹੁ ਬਡਪਨਾ ਮਾਇਆ ਲਪਟਾਏ॥

ਪੀਸਨੁ ਪੀਸਿ ਓਢਿ ਕਾਮਰੀ ਸੁਖੁ ਮਨੁ ਸੰਤੋਖਾਏ॥

ਐਸੋ ਰਾਜੁ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ॥

ਨਗਨ ਫਿਰਤ ਰੰਗਿ ਏਕ ਕੈ ਓਹੁ ਸੋਭਾ ਪਾਏ॥

ਪਾਟ ਪਾਟੰਬਰ ਬਿਰਥਿਆ ਜਿਹ ਰਚਿ ਲੋਭਾਏ॥

ਸਭੁ ਕਿਛੁ ਤੁਮਰੈ ਹਾਥਿ ਪ੍ਰਭ ਆਪਿ ਕਰੇ ਕਰਾਏ॥

ਸਾਸਿ ਸਾਸਿ ਸਿਮਰਤ ਰਹਾ ਨਾਨਕੁ ਦਾਨੁ ਪਾਏ॥ (745)

ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥

ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ॥

ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ॥

ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ॥ (133)

**ਕਰੁਣਾ ਰਸ :-** ਕਵਿਤਾ ਵਿਚ ਸ਼ੋਕ ਭਾਵ ਦੀ ਅਭਿਵਿਅਕਤੀ ਤੋਂ ਕਰੁਣਾ ਰਸ ਪੈਦਾ ਹੁੰਦਾ ਹੈ। ਕਿਸੇ ਪਿਆਰੀ ਚੀਜ਼ ਦੇ ਬਰਬਾਦ ਹੋ ਜਾਣ ਤੇ ਜਾਂ ਨਾ ਮਿਲਨ ਤੇ ਮਨ ਦੀ ਬਿਹਬਲਤਾ ਨੂੰ ਸ਼ੋਕ ਭਾਵ ਦੁਆਰਾ ਪ੍ਰਗਟ ਕੀਤਾ

ਜਾਂਦਾ ਹੈ। ਕਿਸੇ ਸਕੇ ਸੰਬੰਧੀ ਦੀ ਮੌਤ ਜਾਂ ਉਸ ਦੇ ਵਿਛੋੜੇ ਵੇਲੇ ਜੋ ਸ਼ੋਕ ਭਾਵ ਪ੍ਰਗਟਾਇਆ ਜਾਂਦਾ ਹੈ ਉਸ ਤੋਂ ਕਰੁਣਾ ਰਸ ਦੀ ਉਤਪਤੀ ਹੁੰਦੀ ਹੈ। ਕਰੁਣਾ ਰਸ ਕਵਿਤਾ ਵਿਚ ਉਦਾਸੀ ਤੇ ਸ਼ੋਕ ਦੇ ਭਾਵ ਪ੍ਰਗਟਾਉਂਦਾ ਹੈ। ਜਿਸ ਦੇ ਲਈ ਸ਼ੋਕ ਕੀਤਾ ਜਾਂਦਾ ਹੈ ਉਹ ਆਲੰਬਨ ਹੁੰਦਾ ਹੈ। ਉਸ ਦੀ ਯਾਦ ਵਿਚ ਗੁਣਾਂ ਦਾ ਵਰਨਣ, ਉਸ ਨਾਲ ਸੰਬੰਧਿਤ ਕਿਸੇ ਚੀਜ਼ ਦੇ ਦਰਸ਼ਨ, ਦੁੱਖ ਦੀ ਅਵਸਥਾ ਆਦਿ ਇਸ ਦੇ ਉਦੀਪਨ ਵਿਭਾਵ ਹਨ। ਹੰਝੂਆਂ ਦਾ ਵਹਾਉਣਾ, ਕੋਸਣਾ, ਮੋਹ ਤੇ ਵਿਰਲਾਪ ਆਦਿ ਅਨੁਭਾਵ ਹਨ। ਚਿੰਤਾ, ਭੈ, ਮੋਹ ਆਦਿ ਸੰਚਾਰੀ ਭਾਵ ਹਨ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਥਾਂ ਥਾਂ ਸੰਸਾਰਿਕ ਦੁੱਖਾਂ, ਕਲੇਸ਼ਾਂ ਨੂੰ ਸ਼ੋਕਮਈ ਲਹਿਜੇ ਵਿਚ ਬਿਆਨ ਕੀਤਾ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਕਰੁਣਾ ਰਸ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ :

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਜਿੰਨਾ ਪਾਸਿ॥

ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥

ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥

ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥

ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥

ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥

ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ॥

ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ॥

ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥ (133)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਸ਼ੋਕ ਭਾਵ ਦੀ ਪ੍ਰਸਤੁਤੀ ਕਰਦੇ ਹੋਏ ਬਿਆਨ ਕਰਦੇ ਹਨ ਕਿ ਹਾੜ ਦਾ ਮਹੀਨਾ ਬਹੁਤ ਤਿੱਖੀ ਧੁੱਪ ਅਤੇ ਤੇਜ਼ ਗਰਮੀ ਵਾਲਾ ਹੋਣ ਕਰਕੇ ਉਨ੍ਹਾਂ ਆਭਾਗੀਆਂ ਜੀਵ ਰੂਪੀ ਇਸਤਰੀਆਂ ਨੂੰ ਤਪਾਉਂਦਾ ਹੈ, ਜਿਨ੍ਹਾਂ ਦੇ ਕੋਲ ਪਤੀ ਰੂਪੀ ਪਰਮਾਤਮਾ ਨਹੀ ਹੁੰਦਾ। ਅਜਿਹੀਆਂ ਇਸਤਰੀਆਂ ਗਰਮੀ ਅਤੇ ਵਿਛੋੜੇ ਦੇ ਦੋਹਰੇ ਸੇਕ ਵਿਚ ਤਪਦੀਆਂ ਹਨ। ਅਜਿਹੀਆਂ ਆਭਾਗੀਆਂ ਇਸਤਰੀਆਂ ਇਸ ਜਗਤ ਦੀ ਸਿਰਜਨਾ ਕਰਨ ਵਾਲੇ ਪਰਮਾਤਮਾ ਰੂਪੀ ਪਤੀ ਨੂੰ ਤਿਆਗ ਕੇ ਕਿਸੇ ਦੁਨਿਆਵੀ ਪੁਰਸ਼ ਤੋਂ ਸੁਖ ਦੀ ਝਾਕ ਰੱਖਦੀਆਂ ਹਨ। ਗੁਰੂ ਜੀ ਦੇ ਅਨੁਸਾਰ ਜਦੋਂ ਕੋਈ ਜੀਵ ਰੂਪੀ ਇਸਤਰੀ ਪਰਮਾਤਮਾ ਰੂਪੀ ਪਤੀ ਨੂੰ ਤਿਆਗ ਦਿੰਦੀ ਹੈ ਤਾਂ ਉਸ ਦੇ ਗਲੇ ਵਿਚ ਜਮਾਂ ਦੀ ਫਾਹੀ ਲਾਜ਼ਮੀ ਤੌਰ ਤੇ ਪੈਦੀ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਇਸ ਸੰਸਾਰ ਵਿਚ ਜੇਹਾ ਕੋਈ ਬੀਜਦਾ ਹੈ, ਤੇਹਾ ਹੀ ਉਸ ਨੂੰ ਵੱਢਣਾ ਜਾ ਕੱਟਣਾ ਪੈਂਦਾ ਹੈ ਅਤੇ ਉਸ ਨੂੰ ਆਪਣੇ ਮੱਥੇ ਉਤੇ ਲਿਖੇ ਹੋਏ ਲੇਖ ਭੋਗਣੇ ਹੀ ਪੈਂਦੇ ਹਨ। ਗੁਰੂ ਜੀ ਦੇ ਅਨੁਸਾਰ ਜਦੋਂ ਜੀਵਨ ਰੂਪੀ ਰਾਤ ਖ਼ਤਮ ਹੋ ਜਾਂਦੀ ਹੈ ਤਾਂ ਜੀਵ ਰੂਪੀ ਇਸਤਰੀ ਸ਼ੋਕ ਵਿਚ ਪਛਤਾਉਂਦੀ ਹੈ ਕਿ ਉਹ ਪਰਮਾਤਮਾ ਰੂਪੀ ਪਤੀ ਦਾ ਸੰਗ ਕਿਉਂ ਨਹੀ ਮਾਣ ਸਕੀ। ਗੁਰੂ ਜੀ ਅਨੁਸਾਰ ਹਾੜ ਦਾ ਮਹੀਨਾ ਕੇਵਲ ਉਨ੍ਹਾਂ ਜੀਵ ਇਸਤਰੀਆਂ ਨੂੰ ਹੀ ਚੰਗਾ ਲੱਗਦਾ ਹੈ ਜਿਨ੍ਹਾਂ ਦੇ ਮਨ ਅੰਦਰ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ, ਪਰੰਤੂ ਅਭਾਗੀਆਂ ਜੀਵ ਇਸਤਰੀਆਂ ਇਸ ਮਹੀਨੇ ਵਿਛੋੜੇ ਦੇ ਸ਼ੋਕ ਵਿਚ ਤੜਪਦੀਆਂ ਰਹਿੰਦੀਆਂ ਹਨ।

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਜੀਵ ਰੂਪੀ ਇਸਤਰੀ ਦੇ ਪਤੀ ਰੂਪੀ ਪਰਮਾਤਮਾ ਦੇ ਵਿਛੋੜੇ ਨੂੰ ਕਰੁਣਾਮਈ ਸ਼ੋਕ ਵਿਚ ਪ੍ਰਸਤੁਤ ਕੀਤਾ ਹੈ। ਕਰੁਣਾ ਰਸ ਵਿਚ ਕਿਸੇ ਮਨਪਸੰਦ ਵਸਤੂ ਦੀ ਅਪ੍ਰਾਪਤੀ ਅਤੇ ਵਿਛੋੜੇ ਦੇ ਸ਼ੋਕਮਈ ਭਾਵ ਨੂੰ ਪ੍ਰਗਟ ਕੀਤਾ ਜਾਂਦਾ ਹੈ। ਓਪਰੋਕਤ ਸਤਰਾਂ ਵਿਚ ਪਰਮਾਤਮਾ ਰੂਪੀ ਪਤੀ ਕਰੁਣਾ ਰਸ ਦੀ ਪ੍ਰਕਿਰਿਆ ਵਿਚ ਆਲੰਬਨ ਹੈ ਕਿਉਂਕਿ ਜਿਸ ਦੇ ਲਈ ਸ਼ੋਕ ਭਾਵ ਪ੍ਰਗਟ ਕੀਤਾ ਜਾਂਦਾ ਹੈ, ਉਸਨੂੰ ਆਲੰਬਨ ਕਿਹਾ ਜਾਂਦਾ ਹੈ। ਪਰਮਾਤਮਾ ਦੀ ਯਾਦ ਵਿਚ ਉਸ ਦੇ ਗੁਣਾਂ ਦਾ ਵਰਨਣ, ਉਸ ਨਾਲ ਸੰਬੰਧਿਤ ਕਿਸੇ ਚੀਜ ਦੇ ਦਰਸ਼ਨ, ਦੁੱਖ ਦੀ ਅਵਸਥਾ ਆਦਿ ਉਦੀਪਨ ਵਿਭਾਵ ਹਨ।

ਕਰੁਣਾ ਰਸ ਵਿਚ ਹੰਝੂਆਂ ਦਾ ਵਹਾਉਣਾ, ਕੋਸਣਾਂ, ਮੌਤ ਤੇ ਵਿਰਲਾਪ ਆਦਿ ਅਨੁਭਾਵ ਹਨ। ਗਿਲਾਨੀ, ਚਿੰਤਾ, ਭੈ ਜਾਂ ਡਰ, ਮੋਹ ਆਦਿ ਸੰਚਾਰੀ ਭਾਵ ਹਨ।

ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਦੁਨਿਆਵੀ ਦੁਖਾਂ ਵਿਚ ਗ੍ਰਸੇ ਜੀਵਾਂ ਪ੍ਰਤੀ ਅਤਿ ਸ਼ੋਕਮਈ ਲਹਿਜੇ ਵਿਚ ਕਰੁਣਾ ਰਸ ਦੀ ਵਰਤੋਂ ਕਰਕੇ ਇਕ ਉਚ ਕੋਟੀ ਦੇ ਕਵੀ ਵਜੋਂ ਆਪਣਾ ਸਥਾਨ ਸਥਾਪਿਤ ਕਰਨ ਦਾ ਅਨੋਖਾ ਅਤੇ ਨਿਵੇਕਲਾ ਉਪਰਾਲਾ ਕਰਨ ਦਾ ਯਤਨ ਕੀਤਾ ਹੈ। ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਅੱਗੇ ਕਰੁਣਾਮਈ ਬੇਨਤੀ ਕੀਤੀ ਹੈ ਕਿ ਇਸ ਸੰਸਾਰ ਵਿਚ ਜੀਵ ਰੂਪੀ ਅਭਾਗੀਆਂ ਜੀਵ ਇਸਤਰੀਆਂ ਆਪਣੇ ਪਰਮਾਤਮਾ ਰੂਪੀ ਪਤੀ ਦਾ ਸੰਗ ਨਹੀਂ ਮਾਣ ਸਕੀਆ, ਕਿਰਪਾ ਕਰਕੇ ਇਸ ਹਾੜ ਦੇ ਮਹੀਨੇ ਵਿਚ ਜੀਵ ਰੂਪੀ ਇਸਤਰੀਆਂ ਦੇ ਸੰਸਾਰਿਕ ਦੁਖਾਂ ਦਾ ਖਾਤਮਾ ਕਰੋ। ਕਰੁਣਾ ਰਸ ਦਾ ਸੰਬੰਧ ਮਨ ਨਾਲ ਹੈ ਕਿਉਂਕਿ ਆਪਣੇ ਸਾਕ-ਸੰਬੰਧੀਆਂ ਦੇ ਵਿਛੋੜੇ ਵਿਚ ਮਨ ਤੜਪ ਉਠਦਾ ਹੈ ਅਤੇ ਸ਼ੋਕ ਨਾਲ ਭਰ ਜਾਂਦਾ ਹੈ। ਵਿਜੋਗ ਸ਼੍ਰਿੰਗਾਰ ਰਸ ਨਾਲ ਵੀ ਮਨ ਵਿਚ ਕਰੁਣਾ ਦਾ ਸ਼ੋਕ ਭਾਵ ਉਪਜਦਾ ਹੈ। ਓਪਰੋਕਤ ਕਾਵਿ-ਤੁਕਾਂ ਵਿਚ ਪਰਮਾਤਮਾ ਰੂਪੀ ਪਤੀ ਦਾ ਤਿਆਗ, ਸੰਸਾਰਿਕ ਦੁਖਾਂ ਵਿਚ ਫਸਣਾ, ਪਰਮਾਤਮਾ ਰੂਪੀ ਪਤੀ ਦਾ ਵਿਛੋੜਾ ਆਦਿ ਮਨ ਵਿਚ ਸ਼ੋਕ ਭਾਵ ਪੈਦਾ ਕਰਕ ਕਰੁਣਾ ਰਸ ਦੀ ਉਤਪਤੀ ਵਿਚ ਸਹਾਇਕ ਸਿਧ ਹੁੰਦੇ ਹਨ। ਇੱਥੇ ਗੁਰੂ ਅਰਜਨ ਦੇਵ ਜੀ ਨੇ ਦੁਨਿਆਵੀ ਦੁੱਖਾਂ ਵਿਚ ਫਸੇ ਜੀਵਾਂ ਦੀ ਸਥਿੱਤੀ ਨੂੰ ਕਰੁਣਾ ਰਸ ਦੀ ਸਹਾਇਤਾ ਨਾਲ ਵਿਲੱਖਣ, ਪ੍ਰਭਾਵਸ਼ਾਲੀ, ਸਰਲ, ਸਪੱਸ਼ਟ ਅਤੇ ਰੋਚਕ ਢੰਗ ਨਾਲ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ। ਗੁਰੂ ਅਰਜਨ ਦੇਵ ਜੀ ਨੇ ਇਸ ਸੰਸਾਰ ਵਿਚ ਵਰਤ ਰਹੇ ਦੁੱਖਾਂ ਅਤੇ ਕਲੇਸ਼ਾਂ ਪ੍ਰਤੀ ਅਤਿ ਸ਼ੋਕਮਈ ਲਹਿਜੇ ਵਿਚ ਪ੍ਰਾਰਥਨਾ ਕੀਤੀ ਹੈ :

ਹੇ ਪ੍ਰਾਣ ਨਾਥ ਗੋਬਿੰਦਹ ਕ੍ਰਿਪਾ ਨਿਧਾਨ ਜਗਦ ਗੁਰੋ।

ਹੇ ਸੰਸਾਰ ਤਾਪ ਹਰਣਹ ਕਰੁਣਾ ਮੈ ਸਭ ਦੁਖ ਹਰੋ।

ਹੈ ਸਰਣਿ ਜੋਗ ਦਯਾਲਹ ਦੀਨਾ ਨਾਥ ਮਯਾ ਕਰੋ।

ਸਰੀਰ ਸ੍ਰਸਥ ਖੀਣ ਸਮਏ ਸਿਮਰੰਤਿ ਨਾਨਕ ਰਾਮ ਦਮੋਦਰ ਮਾਧਵਹ। (1353)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਉਸ ਅਕਾਲ ਪੁਰਖ ਪਰਮਾਤਮਾ ਅੱਗੇ ਕਰੁਣਾਮਈ ਬੇਨਤੀ ਕਰਦੇ ਹੋਏ ਦੱਸਦੇ ਹਨ ਕਿ ਹੇ ਗੋਬਿੰਦ! ਹੇ ਜੀਵਾਂ ਦੇ ਮਾਲਕ! ਹੇ ਜਗਤ ਦੇ ਗੁਰੂ ਹੇ ਦੁਨੀਆਂ ਦੇ ਦੁੱਖਾਂ ਦਾ ਨਾਸ ਕਰਨ ਵਾਲੇ ਪ੍ਰਭੂ! ਸਭ ਜੀਵਾਂ ਦੇ ਸੰਸਾਰਿਕ ਦੁੱਖਾਂ-ਕਲੇਸ਼ਾਂ ਦਾ ਨਾਸ਼ ਕਰੋ ਅਤੇ ਮੈਂ ਹਰ ਸਮੇਂ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਰਹਾਂ। ਇੱਥੇ ਸੰਸਾਰਿਕ ਦੁਖਾਂ ਵਿਚ ਸੜ੍ਹਦਾ ਸੰਸਾਰ ਆਲੰਬਨ ਹੈ, ਦੁਖਾਂ ਵਿਚ ਫਸੇ ਮਨੁੱਖਾਂ ਦੀ ਅਵਸਥਾ ਉਦੀਪਨ ਹੈ, ਕਰੁਣਾਮਈ ਰੁਦਨ ਅਨੁਭਾਵ ਅਤੇ ਇਸ ਰੁਦਨ ਤੋਂ ਸੰਸਾਰਿਕ ਜੀਵਾਂ ਪ੍ਰਤੀ ਪੈਦਾ ਮੋਹ ਸੰਚਾਰੀ ਭਾਵ ਹਨ। ਕਰੁਣਾ ਰਸ ਨਾਲ ਸੰਬੰਧਿਤ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਕਿਆ ਸੋਵਹਿ ਨਾਮੁ ਵਿਸਾਰਿ ਗਾਫਲ ਗਹਿਲਿਆ॥

ਕਿਤੀ ਇਤੁ ਦਰੀਆਇ ਵੰਞਨਿ ਵਹਦਿਆ॥੧॥

ਬੋਹਿਥੜਾ ਹਰਿ ਚਰਣ ਮਨ ਚੜਿ ਲੰਘੀਐ॥

ਆਠ ਪਹਰ ਗੁਣ ਗਾਇ ਸਾਧੂ ਸੰਗੀਐ॥ (398)

ਮਿਰਤੁ ਹਸੈ ਸਿਰ ਊਪਰੈ ਪਸੂਆ ਨਹੀ ਬੂਝੈ॥

ਬਾਦ ਸਾਦ ਅਹੰਕਾਰ ਮਹਿ ਮਰਣਾ ਨਹੀਂ ਸੂਝੈ॥੧॥

ਸਤਿਗੁਰੁ ਸੇਵਹੁ ਆਪਨਾ ਕਾਹੇ ਫਿਰਹੁ ਅਭਾਗੇ॥

ਦੇਖਿ ਕਸੁੰਭਾ ਰੰਗੁਲਾ ਕਾਹੇ ਭੂਲਿ ਲਾਗੇ॥ (809)

**ਰੋਦਰ ਰਸ** :- ਕ੍ਰੋਧ ਭਾਵ ਤੋਂ ਰੋਦਰ ਰਸ ਪੈਦਾ ਹੁੰਦਾ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਦੇ ਅਨੁਸਾਰ, "ਜਿਥੇ ਵਿਰੋਧੀਆਂ ਦੀ ਛੇੜਖਾਨੀ, ਬੇਇਜ਼ਤੀ, ਅਪਮਾਨ, ਵਡੇਰਿਆਂ ਦੀ ਨਿੰਦਾ, ਦੇਸ਼ ਤੇ ਧਰਮ ਦੇ ਅਪਮਾਨ ਕਰਕੇ ਬਦਲੇ ਦੀ ਭਾਵਨਾ ਜਾਗਰਿਤ ਹੁੰਦੀ ਹੈ ਉਥੇ ਰੋਦਰ ਰਸ ਹੁੰਦਾ ਹੈ।" (***ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ*** 185) ਰੋਦਰ ਰਸ ਵਿਚ ਦੁਸ਼ਮਨ ਆਲੰਬਨ ਹੈ, ਦੁਸ਼ਮਨ ਦੀਆਂ ਚੇਸ਼ਟਾਵਾਂ ਉਦੀਪਨ ਵਿਭਾਵ ਹਨ, ਹੰਕਾਰ, ਦੰਦ ਪੀਸਣਾ, ਗਾਲੀਆਂ ਦੇਣਾ ਆਦਿ ਸੰਚਾਰੀ ਭਾਵ ਹਨ। ਰੋਦਰ ਰਸ ਅਤੇ ਬੀਰ ਰਸ ਵਿਚ ਥੋੜ੍ਹਾ ਫਰਕ ਹੈ ਕਿਉਂਕਿ ਰੋਦਰ ਰਸ ਵਿਚ ਜੋਸ਼ ਤੇ ਹੋਸ਼ ਕਾਬੂ ਤੋਂ ਬਾਹਰ ਚਲਾ ਜਾਂਦਾ ਹੈ, ਪਰੰਤੂ ਬੀਰ ਰਸ ਵਿਚ ਜੋਸ਼ ਤੇ ਹੋਸ਼ ਪੂਰੀ ਤਰ੍ਹਾਂ ਸੂਝ-ਬੂਝ ਨਾਲ ਵਿਖਾਇਆ ਜਾਂਦਾ ਹੈ। ਗੁਰਬਾਣੀ ਵਿਚ ਥਾਂ ਥਾਂ 'ਤੇ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ , ਹੰਕਾਰ) ਨੂੰ ਤਿਆਗਣ ਦਾ ਉਪਦੇਸ਼ ਹੈ। ਗੁਰੂ ਅਰਜਨ ਦੇਵ ਉਂਝ ਤਾਂ ਸ਼ਾਂਤੀ ਦੇ ਪੁੰਜ ਮੰਨੇ ਜਾਂਦੇ ਹਨ ਪਰੰਤੂ ਕਿਤੇ ਕਿਤੇ ਹਲਕੇ ਪ੍ਰਕਾਰ ਦੇ ਸੁਖਾਂਤਮਕ ਕਰੋਧ ਭਾਵ ਦੀ ਅਭਿਵਿਅਕਤੀ ਹੋਈ ਹੈ। ਸੁਲਹੀ ਖਾਂ ਦੀ ਮੌਤ ਉਪਰੰਤ ਗੁਰੂ ਜੀ ਨੇ ਆਪਣੇ ਹਲਕੇ ਜਿਹੇ ਗੁੱਸੇ ਨੂੰ ਹੇਠ ਲਿਖੇ ਅਨੁਸਾਰ ਅਭਿਵਿਅਕਤ ਕੀਤਾ ਹੈ :

ਗਰੀਬਾਂ ਉਪਰ ਜਿ ਖਿੰਜੈ ਦਾੜੀ॥

ਪਾਰਬ੍ਰਹਮ ਸਾ ਅਗਨਿ ਮਹਿ ਸਾੜੀ॥

ਪੂਰਾ ਨਿਆਉ ਕਰੇ ਕਰਤਾਰ॥

ਆਪੁਨੇ ਦਾਸ ਕਉ ਰਾਖਨਹਾਰ॥ਰਹਾਉ॥

ਆਦਿ ਜੁਗਾਦਿ ਪ੍ਰਗਟ ਪਰਤਾਪੁ॥

ਨਿੰਦਕ ਮੂਆ ਉਪਜਿ ਵਡ ਤਾਪੁ॥

ਤਿਨਿ ਮਾਰਿਆ ਜਿ ਰਖੈ ਨ ਕੋਇ॥

ਆਗੈ ਪਾਛੈ ਮੰਦੀ ਸੋਇ॥

ਆਪੁਨੇ ਦਾਸ ਰਾਖੈ ਕੰਠਿ ਲਾਇ॥

ਸਰਣਿ ਨਾਨਕ ਹਰਿ ਨਾਮੁ ਧਿਆਇ॥ (199)

ਉਪਰੋਕਤ ਕਾਵਿ-ਸਤਰਾਂ ਗੁਰੂ ਅਰਜਨ ਦੇਵ ਜੀ ਰੋਦਰ ਰਸ ਨੂੰ ਅਭਿਵਿਅਕਤ ਕਰਦੇ ਹੋਏ ਦੱਸਦੇ ਹਨ ਕਿ ਜਿਹੜਾਂ ਵਿਅਕਤੀ ਗਰੀਬ ਲੋਕਾਂ 'ਤੇ ਜੁਲਮ ਕਰਦਾ ਹੈ ਪਰਮਾਤਮਾ ਉਸ ਨੂੰ ਕਰੋਧ ਅਤੇ ਹੰਕਾਰ ਦੀ ਅੱਗ ਵਿਚ ਹੀ ਜਲਾ ਦਿੰਦਾ ਹੈ। ਜਿਵੇਂ ਜਦੋਂ ਸੁਲਹੀ ਖਾਂ ਚੰਦੂ ਸ਼ਾਹ ਅਤੇ ਪ੍ਰਿਥੀ ਚੰਦ ਦੇ ਉਕਸਾਉਣ 'ਤੇ ਗੁਰੂ ਅਰਜਨ ਦੇਵ ਜੀ ਉੱਤੇ ਹਮਲਾ ਕਰਨ ਲਈ ਆਇਆ ਸੀ ਤਾਂ ਉਹ ਰਸਤੇ ਵਿਚ ਖੁਦ ਹੀ ਮਰ ਗਿਆ ਸੀ। ਉਹ ਪਰਮਾਤਮਾ ਸਭ ਨਾਲ ਨਿਆਂ ਕਰਦਾ ਹੈ ਅਤੇ ਆਪਣੇ ਭਗਤਾਂ ਨੂੰ ਹਰ ਅੱਗ ਵਿਚੋਂ ਬਚਾ ਲੈਂਦਾ ਹੈ। ਪਰਮਾਤਮਾ ਦੀ ਨਿੰਦਾ ਕਰਨ ਵਾਲਾ ਖੁਦ ਹੀ ਪੰਜ ਵਿਕਾਰਾਂ ਵਿਚ ਫਸ ਕੇ ਮਰ ਜਾਂਦਾ ਹੈ। ਗੁਰੂ ਜੀ ਅਨੁਸਾਰ ਪਰਮਾਤਮਾ ਖੁਦ ਆਪਣੇ ਭਗਤਾਂ ਦੇ ਸਿਰ ਤੇ ਆਪਣਾ ਹੱਥ ਰੱਖ ਕੇ ਉਹਨਾਂ ਦੀ ਹਰ ਮੁਸੀਬਤ ਵਿਚੋਂ ਰੱਖਿਆ ਕਰਦਾ ਹੈ।

ਉਪਰੋਕਤ ਕਾਵਿ-ਤੁਕਾਂ ਵਿਚ ਨਿੰਦਕ ਅਤੇ ਦਾੜੀ ਖਿੰਚਣ ਵਾਲਾ ਵਿਅਕਤੀ ਰੋਦਰ ਰਸ ਦਾ ਆਲੰਬਨ ਹੈ। ਨਿੰਦਾ ਕਰਨਾ, ਦਾੜੀ ਦਾ ਖਿਚਣਾ ਉਦੀਪਨ ਹੈ ਅਤੇ ਨਿੰਦਕ ਦਾ ਤਾਪ ਨਾਲ ਮਰਨਾ ਅਨੁਭਾਵ ਹੈ। ਖਿੰਜੈ ਦਾੜੀ, ਅਗਨ ਮਹਿ ਸਾੜੀ, ਨਿੰਦਕ ਮੂਆ, ਵੱਡ ਤਾਪ ਆਦਿ ਸ਼ਬਦ ਹਲਕੇ ਕਰੋਧ ਭਾਵ ਦਾ ਸੰਚਾਰ ਕਰਦੇ ਹਨ ਪਰੰਤੂ ਇਹ ਕ੍ਰੋਧ ਭਾਵ ਵੀ ਸਥਾਈ ਰੂਪ ਵਿਚ ਨਹੀਂ ਰਹਿੰਦਾ ਹੈ। ਪੂਰਾ ਨਿਆਉ, ਕਰਤਾਰ, ਰਾਖਨਹਾਰ, ਤਿਨਿ ਮਾਰਿਆ, ਰਖੈ ਨਾ ਕੋਇ, ਕੰਠਿ ਲਾਇ ਆਦਿ ਸ਼ਬਦ ਹਲਕੇ ਕਰੋਧ ਦੇ ਭਾਵ ਨੂੰ ਸ਼ਾਂਤ ਭਾਵ ਵਿਚ ਬਦਲਣ ਵਿਚ ਸਹਾਈ ਹੁੰਦੇ ਹਨ। ਗੁਰੂ ਜੀ ਦੇ ਅਨੁਸਾਰ ਜੋ ਗਰੀਬਾਂ ਤੇ ਜੁਲਮ ਢਾਹੁੰਦਾ ਹੈ ਉਸ ਨੂੰ ਪਰਮਾਤਮਾ ਖੁਦ ਹੀ ਸਜਾ ਜਾਂ ਦੰਡ ਦਿੰਦਾ ਹੈ, ਪਰੰਤੂ ਆਪਣੇ ਭਗਤ ਜਾਂ ਦਾਸ ਨੂੰ ਹਮੇਸ਼ਾ ਗਲੇ ਨਾਲ ਲਾ ਕੇ ਰੱਖਦਾ ਹੈ। ਇਕ ਲੇਖਕ ਜਾਂ ਰਚਨਾਕਾਰ ਦੇ ਰੂਪ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ

ਜਾਂ ਸੰਕਲਪ ਨੂੰ ਵਧੇਰੇ ਸਰਲ, ਰੋਚਕ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਰੌਦਰ ਰਸ ਦੀ ਵਰਤੋਂ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ ਹੈ। ਇੱਥੇ ਗੁਰੂ ਜੀ ਨੇ ਗੁਰੂ ਜੀ ਦੀ ਬਾਣੀ ਸਾਰੀ ਮਨੁੱਖਤਾ ਨੂੰ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਆਦਿ ਨੂੰ ਤਿਆਗਣ ਦਾ ਉਪਦੇਸ਼ ਦਿੰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਸਾਧੂ ਜਾਂ ਸੰਤਾਂ ਦੀ ਨਿੰਦਾ ਕਰਨ ਵਾਲੇ ਨਿੰਦਕ ਦੇ ਪ੍ਰਤੀ ਕਰੋਧ ਦੀ ਭਾਵਨਾ ਆਪਣੀ ਬਾਣੀ 'ਸੁਖਮਨੀ ਸਾਹਿਬ' ਵਿਚ ਪ੍ਰਗਟ ਕੀਤੀ ਹੈ, ਜਿਵੇਂ:

ਸੰਤ ਕਾ ਨਿੰਦਕ ਮਹਾ ਅਤਤਾਈ॥

ਸੰਤ ਕਾ ਨਿੰਦਕ ਖਿਨੁ ਟਿਕਨੁ ਨ ਪਾਈ॥

ਸੰਤ ਕਾ ਨਿੰਦਕ ਮਹਾ ਹਤਿਆਰਾ॥

ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ॥

ਸੰਤ ਕਾ ਨਿੰਦਕ ਰਾਜ ਤੇ ਹੀਨੁ॥

ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ॥

ਸਮਤ ਕੇ ਨਿੰਦਕ ਕਉ ਸਰਬ ਰੋਗ॥

ਸਮਤ ਕੇ ਨਿੰਦਕ ਕਉ ਸਦਾ ਬਿਜੋਗ॥

ਸੰਤ ਕੀ ਨਿੰਦਾ ਦੋਖ ਮਹਿ ਦੋਖੁ॥

ਨਾਨਕ ਸੰਤ ਭਾਵੈ ਤਾ ਉਸ ਕਾ ਭੀ ਹੋਇ ਮੋਖੁ॥ (279)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨਿੰਦਕ ਦੇ ਪ੍ਰਤੀ ਕਰੋਧ ਦੇ ਭਾਵ ਨੂੰ ਪ੍ਰਗਟ ਕਰਦੇ ਹੋਏ ਦੱਸਦੇ ਹਨ ਕਿ ਸੰਤਾਂ ਦੀ ਨਿੰਦਾ ਕਰਨ ਵਾਲਾ ਵਿਅਕਤੀ ਹਰ ਕਿਸੇ ਨਾਲ ਵਧੀਕੀ ਕਰਦਾ ਹੈ। ਗੁਰੂ ਜੀ

ਅਨੁਸਾਰ ਨਿੰਦਕ ਨੂੰ ਕਦੇ ਵੀ ਟਿਕਾਉ ਨਹੀਂ ਮਿਲਦਾ ਅਤੇ ਉਹ ਹਮੇਸ਼ਾਂ ਇਧਰ-ਉਧਰ ਭਟਕਦਾ ਰਹਿੰਦਾ ਹੈ। ਗੁਰੂ ਜੀ ਅਨੁਸਾਰ ਨਿੰਦਾ ਕਰਨ ਵਾਲਾ ਵਿਅਕਤੀ ਪਰਮਾਤਮਾ ਵਲੋਂ ਦੁਰਕਾਰਿਆ ਅਤੇ ਫਿਟਕਾਰਿਆ ਹੁੰਦਾ ਹੈ, ਉਹ ਆਪਣੇ ਰਾਜ-ਭਾਗ ਤੋਂ ਛੇਤੀ ਹੀ ਵਾਂਝਾ ਹੋ ਜਾਂਦਾ ਹੈ, ਉਹ ਸਦਾ ਦੁਖੀ ਰਹਿੰਦਾ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਸੰਤ ਦੀ ਨਿੰਦਾ ਕਰਨ ਵਾਲੇ ਨੂੰ ਹਰ ਪ੍ਰਕਾਰ ਦੇ ਰੋਗ ਘੇਰੀ ਰੱਖਦੇ ਹਨ। ਸੰਤ ਦੀ ਨਿੰਦਾ ਕਰਨ ਵਾਲਾ ਵਿਅਕਤੀ ਸਾਰੀ ਜਿੰਦਗੀ ਉਸ ਅਕਾਲ ਪੁਰਖ ਪਰਮਾਤਮਾ ਤੋਂ ਵਿਛੜਿਆ ਰਹਿੰਦਾ ਹੈ ਅਤੇ ਉਸ ਦਾ ਹਰ ਇਕ ਕੰਮ ਅਧੂਰਾ ਰਹਿ ਜਾਂਦਾ ਹੈ। ਗੁਰੂ ਜੀ ਅਨੁਸਾਰ ਜੇ ਸੰਤ ਚਾਹੁਣ ਤਾਂ ਅਜਿਹੇ ਗੁਨਾਹਗਾਰ ਵਿਅਕਤੀ ਦਾ ਵੀ ਪਾਰਉਤਾਰਾ ਹੋ ਸਕਦਾ ਹੈ। ਸੰਤਾਂ ਦੀ ਨਿੰਦਾ ਕਰਨ ਵਾਲਾ ਨਿੰਦਕ ਆਲੰਬਨ ਹੈ, ਨਿੰਦਕ ਦੁਆਰਾ ਸੰਤਾ ਦੀ ਕੀਤੀ ਨਿੰਦਾ ਉਦੀਪਨ ਹੈ ਅਤੇ ਨਿੰਦਕ ਦਾ ਦੁਖੀ, ਰੋਗੀ ਰਹਿਣਾ ਅਨੁਭਾਵ ਹੈ। ਗੁਰੂ ਅਰਜਨ ਦੇਵ ਜੀ ਨੇ ਇਕ ਲੇਖਕ ਜਾਂ ਰਚਨਾਕਾਰ ਦੇ ਰੂਪ ਵਿਚ ਰੌਦਰ ਰਸ ਦੀ ਵਰਤੋਂ ਬਹੁਤ ਹੀ ਵਿਅੰਗਮਈ, ਵਿਲੱਖਣ, ਗ੍ਰਹਿਣਸ਼ੀਲ ਅਤੇ ਨਿਵੇਕਲੇ ਢੰਗ ਨਾਲ ਕੀਤੀ ਹੈ।

**ਅਦਭੁਤ ਰਸ :-** ਹੈਰਾਨੀ ਭਾਵ ਤੋਂ ਅਦਭੁਤ ਰਸ ਦੀ ਉਤਪਤੀ ਹੁੰਦੀ ਹੈ। ਅਨੋਖੀਆਂ ਅਤੇ ਹੈਰਾਨੀਜਨਕ ਵਸਤੂਆਂ ਦੇ ਬਾਰੇ ਸੁਣਨ ਜਾਂ ਵੇਖਣ ਤੋਂ ਜਦੋਂ ਅਸਚਰਜ ਭਾਵ ਦੀ ਪੁਸ਼ਟੀ ਹੁੰਦੀ ਹੈ ਤਾਂ ਅਦਭੁਤ ਰਸ ਦਾ ਆਨੰਦ ਮਹਿਸੂਸ ਹੁੰਦਾ ਹੈ। ਅਭਿਨਵ ਗੁਪਤ ਦੇ ਅਨੁਸਾਰ, "ਅਦਭੁਤ ਦਾ ਮੂਲ ਭਾਵ ਵਿਸਮੈ (ਵਿਸਮਯ) ਹੈ ਜਿਸ ਦੀ ਉਪਜ ਅਸੰਭਵ ਘਟਨਾਵਾਂ ਦੇ ਕਾਰਣ ਹੁੰਦੀ ਹੈ।" (***ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ*** 193) ਹੈਰਾਨੀਜਨਕ ਚੀਜ਼ਾਂ ਜਾਂ ਅਜੀਬ ਕੰਮ ਕਰਨ ਵਾਲਾ ਵਿਅਕਤੀ ਅਦਭੁਤ ਰਸ ਦਾ ਆਲੰਬਨ ਹੈ, ਉਸ ਦੇ ਗੁਣਾਂ ਦੀ ਮਹਿਮਾ ਉਦੀਪਨ ਵਿਭਾਵ ਹੈ, ਅੱਖਾਂ ਪਾੜ-ਪਾੜ ਵੇਖਣਾ, ਘਬਰਾਹਟ ਜਾਂ ਰੋਂਗਟੇ ਖੜ੍ਹੇ ਹੋਣਾ ਅਨੁਭਾਵ ਹੈ ਅਤੇ ਸ਼ੰਕਾ, ਪ੍ਰਸੰਨਤਾ, ਆਵੇਗ, ਉਤਸੁਕਤਾ ਤੇ ਚੰਚਲਤਾ ਆਦਿ ਸੰਚਾਰੀ ਭਾਵ ਹਨ।

ਅਧਿਆਤਮਕ ਕਾਵਿ ਵਿਚ ਅਦਭੁਤ ਰਸ ਰਾਹੀਂ ਜੀਵਨ ਅਤੇ ਜਗਤ ਦੇ ਵਿਸਮਾਦੀ ਅੰਸ਼ਾਂ ਨੂੰ ਪੇਸ਼ ਕਰਕੇ ਜੀਵਾਤਮਾ ਅਤੇ ਪਰਮਾਤਮਾ ਦੇ ਸੰਬੰਧਾਂ ਨੂੰ ਇਕ ਨਵੀਂ ਪਹਿਚਾਣ ਦਿੱਤੀ ਜਾਂਦੀ ਹੈ। ਮਨੁੱਖ ਨੂੰ ਇਹ ਸਮਝਾਇਆ ਜਾਂਦਾ ਹੈ ਕਿ ਉਸ ਦੀ ਹੋਂਦ ਪ੍ਰਭੂ ਜਾਂ ਪਰਮਾਤਮਾ ਦੀ ਰਜ਼ਾ ਵਿਚ ਰਹਿਣ ਨਾਲ ਹੀ

ਅਰਥਪੂਰਨ ਬਣ ਸਕਦੀ ਹੈ। ਇਸੇ ਮੰਤਵ ਲਈ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਅਦਭੁਤ ਰਸ ਦੀ ਵਰਤੋਂ ਕੀਤੀ ਹੈ। ਅਦਭੁਤ ਰਸ ਬ੍ਰਹਿਮੰਡ ਦੀ ਅਨੇਕਤਾ, ਵੰਨ-ਸੁਵੰਨਤਾ ਅਤੇ ਇਕਸੁਰਤਾ ਆਦਿਕ ਵਸਤੂ-ਸਥਿਤੀਆਂ ਨੂੰ ਪ੍ਰਕਾਸ਼ ਵਿਚ ਲਿਆ ਕੇ ਆਮ ਆਦਮੀ ਦੀ ਸੰਵੇਦਨਾ ਨੂੰ ਟੁੰਬਦਾ ਹੈ। ਗੁਰੂ ਜੀ ਦੀ ਗੁਰਬਾਣੀ ਵਿਚੋਂ ਅਦਭੁਤ ਰਸ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਕਈ ਕੋਟਿ ਖਾਣੀ ਅਰੁ ਖੰਡ॥

ਕਈ ਕੋਟਿ ਅਕਾਸ ਬ੍ਰਹਿਮੰਡ॥

ਕਈ ਕੋਟਿ ਹੋਏ ਅਵਤਾਰ॥

ਕਈ ਜੁਗਤਿ ਕੀਨੋ ਬਿਸਥਾਰ॥

ਕਈ ਬਾਰ ਪਸਰਿਓ ਪਾਸਾਰ॥

ਸਦਾ ਸਦਾ ਇਕੁ ਏਕੰਕਾਰ॥

ਕਈ ਕੋਟਿ ਕੀਨੇ ਬਹੁ ਭਾਤਿ॥

ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ॥

ਤਾ ਕਾ ਅੰਤ ਨ ਜਾਨੈ ਕੋਇ॥

ਆਪੇ ਆਪਿ ਨਾਨਕ ਪ੍ਰਭੁ ਸੋਇ॥ (275)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਅਦਭੁਤ ਰਸ ਦਾ ਪ੍ਰਸਤੁਤੀਕਰਨ ਕਰਦੇ ਹੋਏ ਦੱਸਦੇ ਹਨ ਕਿ ਪਰਮਾਤਮਾ ਨੇ ਸ੍ਰਿਸ਼ਟੀ ਜਾਂ ਸੰਸਾਰ ਵਿਚ ਜੀਵਨ ਨੂੰ ਪੈਦਾ ਕਰਨ ਵਾਲੀਆਂ ਕਰੋੜਾਂ ਹੀ ਖਾਣੀਆਂ (ਅੰਡਜ, ਜੇਰਜ, ਸੇਤਜ ਤੇ ਉਤਭੁਜ) ਉਤਪੰਨ ਕੀਤੀਆਂ ਹਨ ਅਤੇ ਕਰੋੜਾਂ ਹੀ ਇਸ ਧਰਤੀ ਦੇ

ਖੰਡ ਬਣਾਏ ਹਨ। ਇਸ ਸੰਸਾਰ ਵਿਚ ਅਕਾਸ਼ਾਂ ਅਤੇ ਬ੍ਰਹਿਮੰਡਾਂ ਦੀ ਗਿਣਤੀ ਕਰੋੜਾਂ ਵਿਚ ਹੈ। ਗੁਰੂ ਜੀ ਅਨੁਸਾਰ ਇਸ ਧਰਤੀ ਉਤੇ ਅਨੇਕਾਂ ਹੀ ਅਵਤਾਰ ਪੈਦਾ ਹੋਏ ਹਨ, ਜਿਨ੍ਹਾਂ ਨੇ ਅਨੇਕਾਂ ਵਿਧੀਆਂ ਨਾਲ ਇਸ ਜਗਤ ਦਾ ਵਿਸਤਾਰ ਕੀਤਾ ਹੈ ਪਰ ਉਹ ਪਰਮਾਤਮਾ ਸਦਾ ਇਕ ਹੀ ਰਿਹਾ ਹੈ। ਗੁਰੂ ਜੀ ਅਨੁਸਾਰ ਉਸ ਪਰਮਾਤਮਾ ਨੇ ਕਰੋੜਾਂ ਦੀ ਗਿਣਤੀ ਵਿਚ ਵੰਨ-ਸੁਵੰਨੇ ਜੀਵ ਪੈਦਾ ਕੀਤੇ ਹਨ, ਜਿਹੜੇ ਪਰਮਾਤਮਾ ਤੋਂ ਪੈਦਾ ਹੋ ਕੇ ਮੁੜ ਉਸੇ ਵਿਚ ਸਮਾ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਅਨੁਸਾਰ ਕਰੋੜਾਂ ਦੀ ਗਿਣਤੀ ਵਿਚ ਜੀਵ ਜੰਤੂ ਪੈਦਾ ਕਰਨ ਵਾਲੇ ਉਸ ਪਰਮਾਤਮਾ ਦਾ ਅੰਤ ਨਹੀਂ ਪਾਇਆ ਜਾ ਸਕਦਾ।

ਉਪਰੋਕਤ ਕਾਵਿ-ਸਤਰਾਂ ਵਿਚ ਪਰਮਾਤਮਾ ਦੀ ਅਦਭੁਤ ਲੀਲਾ ਆਲੰਬਨ ਹੈ, ਪਰਮਾਤਮਾ ਦੀ ਮਹਿਮਾ ਦਾ ਗਾਇਨ ਉਦੀਪਨ ਹੈ, ਉਸਦੀ ਮਹਿਮਾ ਸੁਣ ਕੇ ਮਨ ਵਿਚ ਹੈਰਾਨੀ, ਅੱਖਾਂ ਦਾ ਕੁਝ ਪਲਾਂ ਲਈ ਨਾ ਝਮਕਣਾ ਆਦਿ ਅਨੁਭਾਵ ਹਨ ਅਤੇ ਮਹਿਮਾ ਸੁਣਨ ਨਾਲ ਮਨ ਵਿਚ ਜੋ ਪ੍ਰਸੰਨਤਾ, ਉਤਸੁਕਤਾ, ਸ਼ਰਧਾ ਆਦਿ ਪੈਦਾ ਹੁੰਦੇ ਹਨ ਉਹ ਸੰਚਾਰੀ ਭਾਵ ਹਨ। ਉਪਰੋਕਤ ਕਾਵਿ-ਸਤਰਾਂ ਵਿਚ ਚਾਰ ਵਸੀਲੇ (ਅੰਡਜ, ਜੇਰਜ, ਸੇਤਜ ਤੇ ਉਤਭੁਜ), ਨੌ ਖੰਡ, ਕਰੋੜਾਂ ਅਕਾਸ਼ ਅਤੇ ਬ੍ਰਹਿਮੰਡ, ਵੰਨ-ਸੁਵੰਨੇ ਜੀਵ-ਜੰਤੂ ਆਦਿ ਅਦਭੁਤ ਰਸ ਨੂੰ ਪੈਦਾ ਕਰਦੇ ਹਨ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਇਕ ਲੇਖਕ ਜਾਂ ਰਚਨਾਕਾਰ ਦੇ ਰੂਪ ਵਿਚ ਅਦਭੁਤ ਰਸ ਦੀ ਵਰਤੋਂ ਬਹੁਤ ਹੀ ਸੁਚੱਜੇ, ਸਰਲ, ਰੋਚਕ, ਪ੍ਰਭਾਵਸ਼ਾਲੀ ਅਤੇ ਨਿਵੇਕਲੇ ਢੰਗ ਨਾਲ ਕੀਤੀ ਹੈ। ਗੁਰੂ ਜੀ ਦੀ ਬਾਣੀ ਵਿਚ ਅਦਭੁਤ ਰਸ ਨਾਲ ਸੰਬੰਧਿਤ ਹੇਠਾਂ ਲਿਖੀਆਂ ਬਹੁਤ ਸਾਰੀਆਂ ਉਦਾਹਰਨਾਂ ਨੂੰ ਵੀ ਵਿਚਾਰਿਆ ਜਾ ਸਕਦਾ ਹੈ:

ਗਊ ਕਉ ਚਾਰੇ ਸਾਰਦੂਲ ਕਉਡੀ ਕਾ ਲਖ ਹੂਆ ਮੂਲੁ॥

ਬਕਰੀ ਕਉ ਹਸਤੀ ਪ੍ਰਤਿਪਾਲੇ ਅਪਨਾ ਪ੍ਰਭੁ ਨਦਰਿ ਨਿਹਾਲੇ॥

ਕ੍ਰਿਪਾ ਨਿਧਾਨੁ ਪ੍ਰੀਤਮ ਪ੍ਰਭ ਮੇਰੇ ਬਰਨਿ ਨ ਸਾਕਉ ਬਹੁ ਗੁਨ ਤੇਰੇ॥

ਦੀਸਤ ਮਾਸੁ ਨ ਖਾਇ ਬਿਲਾਈ ਮਹਾ ਕਸਾਬਿ ਛੁਰੀ ਸਟਿ ਪਾਈ॥

ਕਰਣ ਹਾਰ ਪ੍ਰਭੁ ਹਿਰਦੈ ਵੂਠਾ ਫਾਥੀ ਮਛੁਲੀ ਕਾ ਜਾਲਾ ਟੂਟਾ॥

ਸੂਕੇ ਕਾਸਟ ਹਰੇ ਚਲੂਲ ਊਚੈ ਥਲਿ ਫੂਲੇ ਕਮਲ ਅਨੂਪ॥

ਅਗਨਿ ਨਿਵਾਰੀ ਸਤਿਗੁਰ ਦੇਵ ਸੇਵਕੁ ਅਪਨੀ ਲਾਇਓ ਸੇਵ॥

ਅਕਿਰਘਣਾ ਕਾ ਕਰੇ ਉਧਾਰੁ ਪ੍ਰਭੁ ਮੇਰਾ ਹੈ ਸਦਾ ਦਇਆਰੁ॥

ਸੰਤ ਜਨਾ ਕਾ ਸਦਾ ਸਹਾਈ ਚਰਨ ਕਮਲ ਨਾਨਕ ਸਰਣਾਈ॥ (898)

ਉਪਰੋਕਤ ਕਾਵਿ-ਤੁਕਾਂ ਵਿਚ ਗਊ ਅਤੇ ਸ਼ੇਰ ਦਾ ਇਕ ਥਾਂ ਚਰਨਾ, ਕਉਡੀ ਦਾ ਲੱਖ ਮੁਲ ਪੈਣਾ, ਬਕਰੀ ਦੀ ਰਖਵਾਲੀ ਹਾਥੀ ਨੇ ਕਰਨੀ, ਬਿਲੀ ਦਾ ਸਾਹਮਣੇ ਪਿਆ ਮਾਸ ਨਾ ਖਾਣਾ, ਪਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਨਾਲ ਮੱਛਲੀ ਦਾ ਜਾਲ ਟੁੱਟਣਾ, ਸੁਕੇ ਦਰਖਤਾਂ ਦਾ ਹਰੇ ਹੋਣਾ, ਉਚੇ ਥਾਂ ਕਮਲ ਫੁਲ ਉਗਣਾ ਆਦਿ ਹੈਰਾਨੀਜਨਕ ਗੱਲਾਂ ਨਾਲ ਅਦਭੁਤ ਰਸ ਦੀ ਉਤਪਤੀ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਅਦਭੁਤ ਰਸ ਨਾਲ ਸੰਬੰਧਿਤ ਹੇਠ ਲਿਖੀਆਂ ਬਹੁਤ ਸਾਰੀਆਂ ਉਦਾਹਰਨਾਂ ਦੇਖਣ ਨੂੰ ਮਿਲਦੀਆਂ ਹਨ :

ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥

ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥ (133)

ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ॥

ਨਾ ਤੂ ਆਵਹਿ ਵਸਿ ਬੇਦ ਪੜਾਵਣੇ॥

ਨਾ ਤੂ ਆਵਹਿ ਵਸਿ ਤੀਰਥਿ ਨਾਈਐ॥

ਨਾ ਤੂ ਆਵਹਿ ਵਸਿ ਧਰਤੀ ਧਾਈਐ॥

ਨਾ ਤੂ ਆਵਹਿ ਵਸਿ ਕਿਤੈ ਸਿਆਣਪੈ॥

ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥

ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥

ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥ (962)

ਵਿਸਮਾਦੁ ਨਾਦ ਵਿਸਮਾਦੁ ਵੇਦ॥

ਵਿਸਮਾਦੁ ਜੀਅ ਵਿਸਮਾਦੁ ਭੇਦ॥

ਵਿਸਮਾਦੁ ਰੂਪ ਵਿਸਮਾਦੁ ਰੰਗ॥

ਵਿਸਮਾਦੁ ਨਾਗੇ ਫਿਰਹਿ ਜੰਤ॥

ਵਿਸਮਾਦੁ ਪਉਣੁ ਵਿਸਮਾਦੁ ਪਾਣੀ॥

ਵਿਸਮਾਦੁ ਅਗਨੀ ਖੇਡਹਿ ਵਿਡਾਣੀ॥

ਵਿਸਮਾਦੁ ਧਰਤੀ ਵਿਸਮਾਦੁ ਖਾਣੀ॥

ਵਿਸਮਾਦੁ ਸਾਦਿ ਲਗਹਿ ਪਰਾਣੀ॥

ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ॥

ਵਿਸਮਾਦੁ ਭੁਖ ਵਿਸਮਾਦੁ ਭੋਗੁ॥ (463)

**ਵੀਭਤਸ ਰਸ :-** ਵੀਭਤਸ ਰਸ ਦਾ ਸਥਾਈ ਭਾਵ ਘ੍ਰਿਣਾ ਹੈ। ਘ੍ਰਿਣਾ ਭਾਵ ਕਿਸੇ ਅਣਚਾਹੀ ਜਾਂ ਘ੍ਰਿਣਾ-ਯੋਗ ਵਸਤੂ ਨੂੰ ਵੇਖ ਕੇ ਪੈਦਾ ਹੋ ਜਾਂਦਾ ਹੈ। ਕੇ.ਸੀ. ਪਾਂਡੇ ਦੇ ਅਨੁਸਾਰ, "ਸਟੇਜ ਉਤੇ ਵਿਖਾਈਆਂ ਜਾਂ ਸੁਣਾਈਆਂ ਗਈਆਂ ਘਿਨੋਣੀਆਂ ਵਸਤੂਆਂ ਦੇ ਕਾਰਣ ਪੁਸ਼ਟ ਹੋਇਆ ਘ੍ਰਿਣਾ ਭਾਵ ਵੀਭਤਸ ਰਸ ਵਿਚ ਪ੍ਰਗਟ ਹੁੰਦਾ ਹੈ।"

(***ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ*** 191) ਗੰਦੇ ਦ੍ਰਿਸ਼, ਇਖਲਾਕੀ ਬੁਰਾਈ, ਗਲੀ ਸੜੀ ਜਾਂ ਬਦਬੂਦਾਰ ਵਸਤਾਂ ਆਦਿ ਘ੍ਰਿਣਾ ਭਾਵ ਦੇ ਆਲੰਬਨ ਹਨ। ਵਸਤਾਂ ਵਿਚ ਕੀੜਿਆਂ ਦਾ ਫਿਰਨਾ, ਗਿਰਝਾਂ ਦਾ ਮਾਸ ਨੋਚਣਾ ਆਦਿ ਉਦੀਪਨ ਵਿਭਾਵ ਹਨ। ਚਿੰਤਾ, ਗਲਾਨੀ, ਅੱਖਾਂ ਦਾ ਮੀਚਣਾ ਆਦਿ ਸੰਚਾਰੀ ਭਾਵ ਹਨ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵੀਭਤਸ ਰਸ ਦਾ ਪ੍ਰਯੋਗ ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਵਿਚ ਫਸੇ ਮਨਮੁਖ ਵਿਅਕਤੀਆਂ ਲਈ ਕੀਤਾ ਗਿਆ ਹੈ। ਜਦੋਂ ਗੁਰੂ ਜੀ ਆਪਣੀ ਗੁਰਬਾਣੀ ਵਿਚ ਮੋਹ-ਮਾਇਆ ਵਿਚ ਗ੍ਰਸੇ ਮਨਮੁਖ ਵਿਅਕਤੀਆਂ ਦੀ ਦੁਰਦਸ਼ਾ ਦੀ ਤੁਲਨਾ ਕਿਸੇ ਘ੍ਰਿਣਾ ਯੋਗ ਵਸਤੂ ਨਾਲ ਕਰਦੇ ਹਨ ਤਾਂ ਉਸ ਸਮੇਂ ਘ੍ਰਿਣਾ ਦਾ ਭਾਵ ਪੈਦਾ ਹੁੰਦਾ ਹੈ, ਜਿਵੇਂ :

ਬਿਸਟਾ ਅਸਤ ਰਕਤ ਪਰੇਟੇ ਚਾਮ॥

ਇਸ ਊਪਰ ਲੈ ਰਾਖਿਓ ਗੁਮਾਨ॥ (374)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਘ੍ਰਿਣਾ ਭਾਵ ਦਾ ਪ੍ਰਸਤੁਤੀਕਰਨ ਕਰਦੇ ਹੋਏ ਮਨੁੱਖੀ ਸਰੀਰ ਦੀ ਤੁਲਨਾ ਚੰਮ ਦੇ ਥੈਲੇ ਨਾਲ ਕਰਦੇ ਹਨ, ਜਿਸ ਨਾਲ ਹਰ ਵਿਅਕਤੀ ਦੇ ਮਨ ਵਿਚ ਵੈਰਾਗ ਪੈਦਾ ਹੁੰਦਾ ਹੈ ਅਤੇ ਉਸ ਦੁਆਰਾ ਆਪਣੇ ਸਰੀਰ ਨੂੰ ਲੈ ਕੇ ਕੀਤਾ ਜਾਣ ਵਾਲਾ ਘੁਮੰਡ ਟੁੱਟ ਜਾਂਦਾ ਹੈ। ਗੁਰੂ ਜੀ ਦੇ ਅਨੁਸਾਰ ਇਸ ਮਿੱਟੀ ਦੇ ਸਮਾਨ ਸਰੀਰ ਦਾ ਸਾਨੂੰ ਹੰਕਾਰ ਨਹੀਂ ਕਰਨਾ ਚਾਹੀਦਾ, ਕਿਉਂਕਿ ਇਸ ਚੰਮ ਦੇ ਸਰੀਰ ਵਿਚ ਕੇਵਲ ਹੱਡੀਆਂ, ਲਹੂ, ਚਰਬੀ ਅਤੇ ਮਲਮੂਤਰ ਹੀ ਹੁੰਦਾ ਹੈ ਜੋ ਕਈ ਵਾਰ ਕਾਵਾਂ-ਕੁਤਿਆਂ ਦੇ ਭੋਜਨ ਦੇ ਯੋਗ ਵੀ ਨਹੀਂ ਰਹਿੰਦਾ। ਉਪਰੋਕਤ ਤੁਕਾਂ ਵਿਚ ਬਿਸਟਾਂ, ਅਸਤ, ਰਕਤ ਅਤੇ ਚਾਮ ਵਰਗੇ ਸ਼ਬਦ ਘ੍ਰਿਣਤ-ਭਾਵ ਪੈਦਾ ਕਰਦੇ ਹਨ। ਮਨੁੱਖੀ ਸਰੀਰ ਦੀ ਚੰਮ ਦੇ ਥੈਲੇ ਨਾਲ ਕੀਤੀ ਤੁਲਨਾ ਆਲੰਬਨ ਹੈ, ਮਨੁੱਖੀ ਸਰੀਰ ਵਿਚ ਕੀੜਿਆਂ ਦਾ ਫਿਰਨਾ, ਕਾਵਾਂ-ਕੁਤਿਆਂ ਦੁਆਰਾ ਮਨੁੱਖੀ ਸਰੀਰ ਨੂੰ ਨੋਚਣਾ ਆਦਿ ਉਦੀਪਨ ਵਿਭਾਵ ਹਨ ਅਤੇ ਚਿੰਤਾ, ਗਲਾਨੀ, ਅੱਖਾਂ ਦਾ ਮੀਚਣਾਂ ਆਦਿ ਸੰਚਾਰੀ ਭਾਵ ਹਨ। ਬਿਸਟਾਂ, ਪਰੇਟੇ, ਚਾਮ, ਲੈ, ਗੁਮਾਨ ਆਦਿ ਸ਼ਬਦਾਂ ਵਿਚ ਟ, ਮ, ਲ, ਨ ਆਦਿ ਅੱਖਰਾਂ ਜਾਂ ਵਰਨਾਂ ਦਾ ਉਚਾਰਨ

ਸੰਗੀਤਕਤਾ ਪੈਦਾ ਕਰਦਾ ਹੈ। ਇਹ ਸ਼ਬਦ ਵਿਸ਼ਾਲ-ਅਰਥਾਂ ਨੂੰ ਸੰਖੇਪਤਾ ਵਿਚ ਪੇਸ਼ ਕਰ ਰਹੇ ਹਨ। ਇਕ ਗੁਰੂ ਕਵੀ ਜਾਂ ਰਚਨਾਕਾਰ ਦੇ ਰੂਪ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਬਹੁਤ ਹੀ ਸੁਚੱਜੇ, ਵਿਲੱਖਣ, ਨਿਵੇਕਲੇ ਜਾਂ ਪ੍ਰਭਾਵਸ਼ਾਲੀ ਢੰਗ ਨਾਲ ਵੀਭਤਸ ਰਸ ਦੀ ਵਰਤੋਂ ਕੀਤੀ ਹੈ ਤਾਂ ਜੋ ਭਾਵ ਦਾ ਅਰਥ ਆਸਾਨੀ ਨਾਲ ਸਮਝ ਆ ਸਕੇ ਜਾਂ ਭਾਵ ਨੂੰ ਸਰਲ ਤਰੀਕੇ ਨਾਲ ਦ੍ਰਿੜ ਕੀਤਾ ਜਾ ਸਕੇ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਵੀਭਤਸ ਰਸ ਨਾਲ ਸੰਬੰਧਿਤ ਹੇਠ ਲਿਖੀਆਂ ਉਦਾਹਰਨਾਂ ਨੂੰ ਵੀ ਵੀਚਾਰਿਆ ਜਾ ਸਕਦਾ ਹੈ:

> ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ॥
>
> ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ॥
>
> ਸੰਤ ਕਾ ਦੋਖੀ ਸਦਾ ਸਹਕਾਈਐ॥
>
> ਸੰਤ ਕਾ ਦੋਖੀ ਨ ਮਰੈ ਨ ਜੀਵਾਈਐ॥ (279)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਘ੍ਰਿਣਾ ਭਾਵ ਦਾ ਪ੍ਰਸਤੁਤੀਕਰਨ ਕਰਦੇ ਹੋਏ ਦੱਸਦੇ ਹਨ ਕਿ ਜਿਹੜਾ ਵਿਅਕਤੀ ਸਾਧੂ-ਸੰਤਾਂ ਦੀ ਨਿੰਦਾ ਕਰਦਾ ਹੈ ਉਸ ਦੀ ਸ਼ਕਲ-ਸੂਰਤ ਭ੍ਰਿਸ਼ਟ ਜਾਂ ਵਿਗੜ ਜਾਂਦੀ ਹੈ, ਉਸ ਨੂੰ ਪ੍ਰਭੂ ਦੀ ਦਰਗਾਹ ਵਿਚ ਸਜ਼ਾ ਮਿਲਦੀ ਹੈ। ਸੰਤਾਂ ਦਾ ਨਿੰਦਕ ਸਦਾ ਸਹਿਕਦਾ ਜਾਂ ਤਰਲੇ ਲੈਂਦਾ ਰਹਿੰਦਾ ਹੈ ਅਤੇ ਉਹ ਨਾ ਮਰਿਆ ਵਿਚ ਤੇ ਨਾ ਜੀਊਂਦਿਆਂ ਵਿਚ ਰਹਿੰਦਾ ਹੈ। ਇੱਥੇ ਗੁਰੂ ਜੀ ਨੇ ਨਿੰਦਕ ਵਿਅਕਤੀਆਂ ਦੇ ਕਿਰਦਾਰ ਨੂੰ ਪ੍ਰਸਤੁਤ ਕਰਨ ਲਈ ਵੀਭਤਸ ਰਸ ਦੀ ਵਰਤੋਂ ਕੀਤੀ ਹੈ। ਉਪਰੋਕਤ ਉਦਾਹਰਨ ਵਿਚ 'ਸੰਤ ਕਾ ਦੋਖੀ' ਆਲੰਬਨ ਹੈ ਅਤੇ ਸਾਧੂ-ਸੰਤਾਂ ਦੇ ਨਿੰਦਕ ਦੀ ਸ਼ਖਸੀਅਤ ਉਦੀਪਨ ਵਿਭਾਵ ਨਾਲ ਸੰਬੰਧਿਤ ਹੈ। ਸੰਤ ਦੇ ਦੋਖੀ ਦਾ ਰੂਪ ਵਿਗੜਣਾ, ਸਹਕਣਾ ਜਾਂ ਤਰਲੇ ਕੱਢਣਾ, ਅੱਧ-ਵਿਚਾਲੇ (ਨਾ ਮਰਿਆ ਨਾ ਜਿਉਂਦਾ) ਆਦਿ ਸਰੀਰਕ ਹਰਕਤਾਂ ਕਾਇਕ ਅਨੁਭਾਵ ਨਾਲ ਸੰਬੰਧਿਤ ਹਨ। ਥਕਾਵਟ, ਆਲਸ, ਮਿਰਗੀ, ਸੁੰਨਤਾ ਆਦਿ ਸੰਚਾਰੀ ਭਾਵ ਵੀਭਤਸ ਰਸ ਨਾਲ ਸੰਬੰਧਿਤ ਹੈ। ਗੁਰੂ ਜੀ

ਨੇ ਇਕ ਆਦਰਸ਼ਕ ਮਨੁੱਖ ਦੀ ਸਿਰਜਨਾ ਕਰਨ ਲਈ ਵੀਭਤਸ ਰਸ ਦਾ ਸਹਾਰਾ ਲਿਆ ਹੈ ਤਾਂ ਜੋ ਪਾਠਕ ਜਾਂ ਸਾਧਕ ਆਪਣੇ ਜੀਵਨ ਵਿਚ ਵਧੀਆ ਜੀਵਨ-ਸ਼ੈਲੀ ਨੂੰ ਧਾਰਨ ਕਰ ਸਕਣ।

**ਬੀਰ ਰਸ :-** ਜਿਥੇ ਉਤਸ਼ਾਹ ਭਾਵ ਦਾ ਸੰਚਾਰ ਹੋਵੇ ਉਥੇ ਬੀਰ ਰਸ ਹੁੰਦਾ ਹੈ। ਜਦੋਂ ਕਿਸੇ ਕਾਰਜ ਨੂੰ ਸੰਪੂਰਨ ਕਰਨ ਲਈ ਸਾਡੇ ਮਨਾਂ ਵਿਚ ਇਕ ਖਾਸ ਕਿਸਮ ਦਾ ਹੋਸਲਾ, ਚਾਅ ਜਾਂ ਉਤਸ਼ਾਹ ਭਰਿਆ ਰਹਿੰਦਾ ਹੈ, ਤਾਂ ਉੱਥੇ ਬੀਰ ਰਸ ਹੁੰਦਾ ਹੈ। ਆਮ ਤੌਰ ਤੇ ਜੰਗ ਦੇ ਮੈਦਾਨ ਵਿਚਲੇ ਕਾਰਨਾਮਿਆਂ ਨੂੰ, ਦ੍ਰਿੜ੍ਹਤਾ ਅਤੇ ਆਤਮ ਤਿਆਗ ਨੂੰ ਵੀ ਬੀਰ ਰਸੀ ਕਵਿਤਾ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਦ੍ਰਿੜਤਾ ਅਤੇ ਆਤਮ ਤਿਆਗ ਨੂੰ ਆਲੰਬਨ, ਜੰਗ ਦੇ ਮੈਦਾਨ ਦੀਆਂ ਹਰਕਤਾਂ ਅਤੇ ਹਥਿਆਰਾਂ ਨੂੰ ਉਦੀਪਨ ਵਿਭਾਵ, ਧੀਰਜ, ਗਰਵ ਅਤੇ ਆਵੇਗ ਨੂੰ ਸੰਚਾਰੀ ਭਾਵ ਕਿਹਾ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਉਤਸ਼ਾਹ ਭਾਵ ਦੀ ਵਰਤੋਂ ਕਾਫ਼ੀ ਜ਼ਿਆਦਾ ਮਾਤਰਾ ਵਿਚ ਕੀਤੀ ਹੈ। ਗੁਰੂ ਜੀ ਨੇ ਸਾਧਕ, ਗੁਰਮੁਖਿ, ਗਿਆਨੀ, ਸੰਤ ਦੀ ਸੇਵਾ, ਪਰਮਤਾਮਾ ਦੇ ਦਰਸ਼ਨਾਂ ਦੀ ਤਾਂਘ ਆਦਿ ਦੇ ਮਾਧਿਅਮ ਦੁਆਰਾ ਉਤਸ਼ਾਹ ਭਾਵ ਦੀ ਅਭਿਵਿਅਕਤੀ ਕਰਕੇ ਬੀਰ ਰਸ ਦਾ ਸੰਚਾਰ ਕੀਤਾ ਹੈ। ਹਰ ਉਹ ਕੋਈ ਵੀ ਕੰਮ, ਆਤਮ-ਤਿਆਗ, ਤਸੀਹੇ ਸਹਾਰਨਾ ਆਦਿ ਵੀ ਉਤਸ਼ਾਹ ਪੂਰਨ ਭਾਵ ਹਨ ਜਿਸ ਤੋਂ ਬੀਰ ਰਸ ਦੀ ਉਤਪਤੀ ਹੁੰਦੀ ਹੈ। ਜਿਸ ਕਵਿਤਾ ਵਿਚ ਦ੍ਰਿੜਤਾ ਤੇ ਆਤਮ-ਵਿਸ਼ਵਾਸ਼ ਦੇ ਭਾਵ ਹੋਣ ਉਸਨੂੰ ਬੀਰ ਰਸੀ ਕਵਿਤਾ ਕਿਹਾ ਜਾ ਸਕਦਾ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਵੀਰ ਰਸ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਜਨੁ ਲਾਗਾ ਹਰਿ ਏਕੈ ਨਾਇ॥

ਤਿਸ ਕੀ ਆਸ ਨ ਬਿਰਥੀ ਜਾਇ॥

ਸੇਵਕ ਕਉ ਸੇਵਾ ਬਨਿ ਆਈ॥

ਹੁਕਮੁ ਬੂਝਿ ਪਰਮ ਪਦੁ ਪਾਈ॥

ਇਸ ਤੇ ਊਪਰਿ ਨਹੀ ਬੀਚਾਰੁ॥

ਜਾ ਕੈ ਮਨਿ ਬਸਿਆ ਨਿਰੰਕਾਰੁ॥

ਬੰਧਨ ਤੋਰਿ ਭਏ ਨਿਰਵੈਰ॥

ਅਨਦਿਨ ਪੂਜਹਿ ਗੁਰ ਕੇ ਪੈਰ॥

ਇਹ ਲੋਕ ਸੁਖੀਏ ਪਰਲੋਕ ਸੁਹੇਲੇ॥

ਨਾਨਕ ਹਰਿ ਪ੍ਰਭਿ ਆਪਹਿ ਮੇਲੇ॥ (292)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਉਤਸ਼ਾਹ ਭਾਵ ਨੂੰ ਪ੍ਰਗਟ ਕਰਦੇ ਹੋਏ ਦੱਸਦੇ ਹਨ ਕਿ ਜਿਹੜਾ ਵਿਅਕਤੀ ਉਸ ਪਰਮਾਤਮਾ ਦੇ ਨਾਮ ਨਾਲ ਜੁੜ ਜਾਂਦਾ ਹੈ, ਉਸ ਦੇ ਮਨ ਅੰਦਰ ਪਰਮਾਤਮਾ ਨੂੰ ਮਿਲਣ ਜਾਂ ਪ੍ਰਾਪਤ ਕਰਨ ਦੀ ਲਗਨ ਲੱਗ ਜਾਂਦੀ ਹੈ ਅਤੇ ਉਹ ਪਰਮਾਤਮਾ ਦੇ ਨਾਮ ਦਾ ਦਿਨ-ਰਾਤ ਸਿਮਰਨ ਕਰਦਾ ਹੈ ਤਾਂ ਉਸ ਵਿਅਕਤੀ ਦੀ ਆਸ ਕਦੇ ਵਿਅਰਥ ਨਹੀਂ ਜਾਂਦੀ ਹੈ ਕਿਉਂਕਿ ਸੇਵਕ ਦਾ ਕਰਤੱਵ ਉਸ ਪਰਮਾਤਮਾ ਦੀ ਸੇਵਾ ਕਰਨਾ ਹੈ। ਉਸ ਪਰਮਾਤਮਾ ਦੁਆਰਾ ਦੱਸੇ ਰਸਤੇ ਤੇ ਚੱਲਣ ਨਾਲ ਜਨਮ-ਮਰਨ ਦੇ ਚੱਕਰ ਤੋਂ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਜਿਸ ਵਿਅਕਤੀ ਦੇ ਮਨ ਅੰਦਰ ਉਸ ਪਰਮਾਤਮਾ ਦਾ ਵਾਸਾ ਜਾਂ ਪ੍ਰਵੇਸ਼ ਹੋ ਜਾਦਾ ਹੈ ਤਾਂ ਉਸ ਵਿਅਕਤੀ ਨੂੰ ਕਿਸੇ ਕਿਸਮ ਦਾ ਲਾਲਚ ਨਹੀਂ ਰਹਿੰਦਾ, ਉਹ ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਤੋਂ ਮੁਕਤ ਹੋ ਜਾਂਦਾ ਹੈ ਅਤੇ ਅਜਿਹੇ ਵਿਅਕਤੀ ਲੋਕ ਅਤੇ ਪਰਲੋਕ ਵਿਚ ਸੁਖੀ ਰਹਿੰਦੇ ਹਨ। ਗੁਰੂ ਜੀ ਦੇ ਅਨੁਸਾਰ ਜਿਹੜਾ ਵਿਅਕਤੀ ਸੱਚੇ ਮਨ ਅਤੇ ਉਤਸ਼ਾਹ ਭਾਵ ਨਾਲ ਉਸ ਪਰਮਾਤਮਾ ਦਾ ਸਿਮਰਨ ਕਰਦਾ ਹੈ, ਉਹ ਹਰ ਸਮੇਂ ਪਰਮਾਤਮਾ ਨੂੰ ਆਪਣੇ ਨੇੜੇ ਅਨੁਭਵ ਕਰਦਾ ਹੈ ਅਤੇ ਉਸ ਦਾ ਅਗਿਆਨ ਰੂਪੀ ਹਨ੍ਹੇਰਾ ਮਿਟ ਜਾਂਦਾ ਹੈ।

ਆਮ ਤੌਰ ਤੇ ਜੰਗ ਦੇ ਮੈਦਾਨ ਦੇ ਕਾਰਨਾਮਿਆਂ ਨੂੰ ਬੀਰ ਰਸੀ ਕਿਹਾ ਜਾਂਦਾ ਹੈ ਪਰੰਤੂ ਇਸ ਤੋਂ ਇਲਾਵਾ ਦ੍ਰਿੜ੍ਹਤਾ ਨਾਲ ਕੀਤਾ ਕੋਈ ਵੀ ਕੰਮ ਅਤੇ ਆਤਮ-ਤਿਆਗ ਵੀ ਉਤਸ਼ਾਹ ਪੂਰਨ ਭਾਵ ਹਨ ਜਿਸ ਤੋਂ ਬੀਰ ਰਸ ਦੀ ਉਤਪਤੀ ਹੁੰਦੀ ਹੈ। ਉਪਰੋਕਤ ਕਾਵਿ-ਸਤਰਾਂ ਵਿਚ ਦ੍ਰਿੜ੍ਹਤਾ, ਆਤਮ ਵਿਸ਼ਵਾਸ਼ ਅਤੇ

ਉਤਸ਼ਾਹ ਦੇ ਭਾਵ ਮੌਜੂਦ ਹਨ, ਇਸ ਲਈ ਉਪਰੋਕਤ ਸਤਰਾਂ ਨੂੰ ਅਸੀਂ ਬੀਰ ਰਸ ਦੀ ਸ਼੍ਰੇਣੀ ਵਿਚ ਸ਼ਾਮਿਲ ਕਰ ਸਕਦੇ ਹਾਂ। ਉਪਰੋਕਤ ਸਤਰਾਂ ਵਿਚ ਪਰਮਾਤਮਾ ਨੂੰ ਮਿਲਣ ਜਾਂ ਪ੍ਰਾਪਤ ਕਰਨ ਦੀ ਇੱਛਾ ਵਿਭਾਵ ਹੈ, ਪ੍ਰਭੂ ਜਾਂ ਪਰਮਾਤਮਾ ਆਲੰਬਨ ਹੈ, ਪ੍ਰਭੂ ਦਾ ਨਾਮ-ਸਿਮਰਨ, ਵਿਕਾਰਾਂ ਤੇ ਜਿੱਤ ਪਾਉਣੀ ਅਨੁਭਾਵ ਹੈ, ਦ੍ਰਿੜ੍ਹ-ਵਿਸ਼ਵਾਸ਼ ਅਤੇ ਆਤਮ-ਤਿਆਗ ਸੰਚਾਰੀ ਭਾਵ ਹਨ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਉਸ ਪਰਮਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਪੰਜ ਵਿਕਾਰਾਂ ਨੂੰ ਆਪਣੇ ਦ੍ਰਿੜ ਆਤਮ-ਵਿਸ਼ਵਾਸ਼, ਤਿਆਗ ਅਤੇ ਉਤਸ਼ਾਹ ਨਾਲ ਜਿੱਤ ਸਕਦਾ ਹੈ। ਸੋ ਇਸ ਤਰ੍ਹਾਂ ਅਸੀ ਇਹ ਕਹਿ ਸਕਦੇ ਹਾਂ ਕਿ ਗੁਰੂ ਅਰਜਨ ਦੇਵ ਜੀ ਨੇ ਉਤਸ਼ਾਹ ਭਾਵ ਦੁਆਰਾ ਬੀਰ ਰਸ ਨੂੰ ਆਪਣੀ ਗੁਰਬਾਣੀ ਵਿਚ ਪ੍ਰਸਤੁਤ ਕਰਨ ਵਿਚ ਇਕ ਕਵੀ ਦੇ ਰੂਪ ਵਿਚ ਕਲਪਨਾ, ਸੰਗੀਤਕਤਾ, ਸੰਖੇਪਤਾ ਤੇ ਸੋਹਜਾਤਮਕਤਾ ਵਰਗੇ ਕਾਵਿ-ਗੁਣਾਂ ਦੀ ਸਫਲਤਾਪੂਰਵਕ ਵਰਤੋਂ ਕੀਤੀ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਬੀਰ ਰਸ ਨਾਲ ਸੰਬੰਧਿਤ ਬਹੁਤ ਸਾਰੀਆਂ ਉਦਾਹਰਨਾਂ ਦੇਖਣ ਨੂੰ ਮਿਲਦੀਆਂ ਹਨ :

ਹਉ ਗੋਸਾਈ ਦਾ ਪਹਿਲਵਾਨੜਾ।

ਮੈ ਗੁਰ ਮਿਲ ਉਚ ਦੁਆਲੜਾ।

ਸਭ ਹੋਈ ਛਿੰਜ ਇਕਠੀਆਂ।

ਦਯੁ ਬੈਠਾ ਵੇਖੈ ਆਪਿ ਜੀਉ।

ਵਾਤ ਵਜਨ ਟਮਕ ਭੇਰੀਆ।

ਨਿਹਥੇ ਪੰਜ ਜਵਾਨ ਮੈ।

ਗੁਰ ਥਾਪੀ ਦਿੱਤੀ ਕੰਡਿ ਜੀਉ। (74)

ਉਪਰੋਕਤ ਕਾਵਿ-ਤੁਕਾਂ ਵਿਚ ਗੋਸਾਈ (ਪਰਮਾਤਮਾ) ਦੀ ਸ਼ਕਤੀ ਨੀਤੀ ਜਾਂ ਪਹਿਲਵਾਨੜਾ ਆਲੰਬਨ ਹੈ। ਵਿਕਾਰਾਂ ਤੇ ਜਿੱਤ ਪਾਉਣੀ, ਛਿੰਜ ਵਾਤ ਵੱਜਨ, ਟੱਮਕ ਭੇਰੀਆਂ, ਮੱਲ ਆਦਿ ਉਦੀਪਨ ਵਿਭਾਵ ਹਨ। ਨਿਹਥੇ ਪੰਜ ਜਵਾਨ ਅਨੁਭਾਵ ਅਤੇ ਦ੍ਰਿੜ੍ਹ ਵਿਸ਼ਵਾਸ਼ ਸੰਚਾਰੀ ਭਾਵ ਹਨ। ਉਪਰੋਕਤ ਕਾਵਿ ਤੁਕਾਂ ਵਿਚ ਜੀਵਨ ਦੇ ਦੋ ਪੱਖ ਪ੍ਰਸਤੁਤ ਹੋਏ ਹਨ - ਇਕ ਲੋਕਿਕ ਅਤੇ ਦੂਜਾ ਅਲੋਕਿਕ ਜਾਂ ਅਧਿਆਤਮਕ। ਲੋਕਿਕ ਪੱਖ ਵਿਚ ਪੇਂਡੂ ਵਾਤਾਵਰਣ ਦਾ ਚਿਤਰਨ ਕਰਨ ਲਈ ਗੁਰੂ ਜੀ ਨੇ ਕਲਪਨਾ ਦਾ ਸਹਾਰਾ ਲਿਆ ਹੈ। ਅਧਿਆਤਮਕ ਪੱਖ ਵਿਚ ਗੁਰਮੁਖ ਗੁਰੂ ਦੀ ਕਿਰਪਾ ਨਾਲ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਨੂੰ ਆਪਣੇ ਦ੍ਰਿੜ੍ਹ ਵਿਸ਼ਵਾਸ਼ ਨਾਲ ਜਿੱਤ ਲੈਂਦਾ ਹੈ। ਗੁਰੂ ਜੀ ਦ੍ਰਿੜ੍ਹ ਆਤਮ ਵਿਸ਼ਵਾਸ਼, ਤਿਆਗ ਅਤੇ ਉਤਸ਼ਾਹ ਭਾਵ ਦੇ ਧਾਰਨੀ ਹਨ ਜਿਸ ਤੋਂ ਬੀਰ ਰਸ ਦਾ ਸੰਚਾਰ ਹੁੰਦਾ ਹੈ। ਬੀਰ ਰਸ ਨਾਲ ਸੰਬੰਧਿਤ ਹੋਰ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ :

ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥

ਸਿਰੇ ਰਾਜ ਰਸ ਭੋਗ ਜਾਗਤ ਭਖਲਾਇਆ॥

ਆਰਜਾ ਗਈ ਵਿਹਾਇ ਧੰਧੇ ਲਾਇਆ॥

ਪੂਰਨ ਭਏ ਨਾ ਕਾਮ ਮੋਹਿਆ ਮਾਇਆ॥

ਕਿਆ ਵਿਚਾਰਾ ਜੰਤੁ ਜਾ ਆਪਿ ਮਾਇਆ॥ (707)

ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥

ਸੱਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨ॥ (133)

ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥

ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥

ਰੋਗ ਸੋਗ ਸਭਿ ਮਿਟ ਗਏ ਨਿਤ ਨਵਾ ਨਿਰੋਆ॥

ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ॥

ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ॥ (1193)

**ਭਿਆਨਕ ਰਸ :-** ਭਿਆਨਕ ਰਸ ਦਾ ਸਥਾਈ ਭਾਵ ਭੈ ਜਾਂ ਡਰ ਹੈ। ਕਿਸੇ ਭਿਆਨਕ ਦ੍ਰਿਸ਼ ਨੂੰ ਦੇਖਣ ਜਾਂ ਸੁਨਣ ਕਰਕੇ ਮਨ ਵਿਚ ਪੈਦਾ ਹੋਇਆ ਡਰ ਜਾਂ ਭੈ ਜਦੋਂ ਪ੍ਰਬਲ ਰੂਪ ਧਾਰਨ ਕਰ ਲੈਂਦਾ ਹੈ ਤਾਂ ਉਦੋਂ ਭਿਆਨਕ ਰਸ ਦੀ ਉਤਪਤੀ ਹੁੰਦੀ ਹੈ। ਖੂੰਖਾਰ ਜਾਨਵਰ, ਭੂਤ-ਪ੍ਰੇਤਾਂ ਦੀ ਕਲਪਨਾ, ਹਨੇਰੀ ਰਾਤ ਵਿਚ ਇਕੱਲਪੁਣਾ, ਸੰਘਣੇ ਜੰਗਲ ਇਸ ਦੇ ਆਲੰਬਨ ਵਿਭਾਵ ਹਨ। ਖੂੰਖਾਰ ਪਸ਼ੂਆਂ ਦੀਆਂ ਹਰਕਤਾਂ, ਦੁਸ਼ਮਨ ਦਾ ਭੈਦਾਇਕ ਵਿਵਹਾਰ, ਭਿਆਨਕ ਸਥਾਨ ਦੀ ਇਕਾਂਤਤਾ ਆਦਿ ਇਸ ਦੇ ਉਦੀਪਨ ਵਿਭਾਵ ਹਨ। ਮੂੰਹ ਦਾ ਸੁਕਣਾ, ਦਿਲ ਦਾ ਤੇਜੀ ਨਾਲ ਧੜ੍ਹਕਣਾ, ਪਸੀਨੇ ਦਾ ਆਉਣਾ, ਖੁਦ ਨੂੰ ਇਕੱਲਾ ਅਤੇ ਬੇਬੱਸ ਸਮਝਣਾ ਆਦਿ ਸੰਚਾਰੀ ਭਾਵ ਹਨ। ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਭੈ-ਭਾਵ ਦੀ ਅਭਿਵਿਅਕਤੀ ਕੇਵਲ ਸ਼ਾਂਤ ਭਾਵ ਦੇ ਸਹਾਇਕ ਦੇ ਤੌਰ ਤੇ ਕੀਤੀ ਹੈ। ਗੁਰੂ ਜੀ ਮਨੁਖ ਨੂੰ ਮੌਤ ਦਾ, ਜਮਾਂ ਦਾ, ਜਨਮ-ਮਰਨ ਦੇ ਚੱਕਰ ਦਾ, ਵੱਖ-ਵੱਖ ਜੂਨਾਂ ਦਾ ਅਤੇ ਨਰਕ ਆਦਿ ਦਾ ਡਰ ਦੱਸ ਕੇ ਉਸਨੂੰ ਪਰਮਾਤਮਾ ਦਾ ਨਾਮ ਜਪਣ ਲਈ ਪ੍ਰੇਰਦੇ ਹਨ। ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਗੁਰਬਾਣੀ ਵਿਚ ਭਿਆਨਕ ਰਸ ਦੀ ਝਲਕ ਦੇਖਣ ਨੂੰ ਮਿਲਦੀ ਹੈ :

ਸੰਤ ਕੇ ਦੂਖਨ ਤੇ ਮੁਖੁ ਭਵੈ॥

ਸੰਤਨ ਕੈ ਦੂਖਿਨ ਕਾਗ ਜਿਉ ਲਵੈ॥

ਸੰਤਨ ਕੈ ਦੂਖਿਨ ਸਰਪ ਜੋਨਿ ਪਾਇ॥

ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ॥

ਸੰਤਨ ਕੈ ਦੂਖਨਿ ਤ੍ਰਿਸਨਾ ਮਹਿ ਜਲੈ॥

ਸੰਤ ਕੈ ਦੂਖਨਿ ਸਭੁ ਕੋ ਛਲੈ॥

ਸੰਤ ਕੈ ਦੂਖਨਿ ਤੇਜ ਸਭੁ ਜਾਇ॥

ਸੰਤ ਕੈ ਦੂਖਨਿ ਨੀਚੁ ਨੀਚਾਇ॥

ਸੰਤ ਦੋਖੀ ਕਾ ਥਾਉ ਕੋ ਨਾਹਿ॥

ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ॥ (279)

.........................................

ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ॥

ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ॥

ਸੰਤ ਕਾ ਦੋਖੀ ਸਦਾ ਸਹਕਾਈਐ॥

ਸੰਤ ਕਾ ਦੋਖੀ ਨ ਮਰੈ ਨ ਜੀਵਾਈਐ॥

ਸੰਤ ਕੇ ਦੋਖੀ ਕੀ ਪੁਜੈ ਨ ਆਸਾ॥

ਸੰਤ ਕਾ ਦੋਖੀ ਉਠਿ ਚਲੈ ਨਿਰਾਸਾ॥

ਸੰਤ ਕੈ ਦੋਖਿ ਨ ਤ੍ਰਿਸਟੈ ਕੋਇ॥

ਜੈਸਾ ਭਾਵੈ ਤੈਸਾ ਕੋਇ ਹੋਇ॥

ਪਇਆ ਕਿਰਤੁ ਨ ਮੇਟੈ ਕੋਇ॥

ਨਾਨਕ ਜਾਨੈ ਸਚਾ ਸੋਇ॥ (279)

ਉਪਰੋਕਤ ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਆਪਣੀ ਬਾਣੀ 'ਸੁਖਮਨੀ ਸਾਹਿਬ' ਵਿਚ ਭੈ-ਭਾਵ ਦੀ ਅਭਿਵਿਅਕਤੀ ਕਰਦੇ ਹੋਏ ਦੱਸਦੇ ਹਨ ਕਿ ਜਿਹੜਾ ਵਿਅਕਤੀ ਸਾਧੂ-ਸੰਤਾਂ ਦੀ ਨਿੰਦਾ ਕਰਦਾ ਹੈ, ਉਸ ਨੂੰ ਹਰ ਕੋਈ ਬੁਰੀ ਨਜ਼ਰ ਨਾਲ ਦੇਖਦਾ ਹੈ, ਉਹ ਕਾਂ ਵਾਂਗ ਕਾਂ-ਕਾਂ ਕਰਦਾ ਰਹਿੰਦਾ ਹੈ। ਗੁਰੂ ਜੀ ਅਨੁਸਾਰ ਅਜਿਹੇ ਵਿਅਕਤੀ ਨੂੰ ਸੱਪ, ਜਾਨਵਰਾਂ ਅਤੇ ਕੀੜਿਆਂ-ਮਕੌੜਿਆਂ ਦੀ ਜੂਨ ਪ੍ਰਾਪਤ ਹੁੰਦੀ ਹੈ। ਅਜਿਹਾ ਵਿਅਕਤੀ ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਅਤੇ ਜਨਮ-ਮਰਨ ਦੇ ਚੱਕਰਾਂ ਵਿਚ ਫਸਿਆ ਰਹਿੰਦਾ ਹੈ। ਗੁਰੂ ਅਰਜਨ ਦੇਵ ਜੀ ਅਨੁਸਾਰ ਸਾਧੂ-ਸੰਤਾਂ ਦੀ ਨਿੰਦਾ ਕਰਨ ਵਾਲਾ ਵਿਅਕਤੀ ਸਭ ਨਾਲ ਠੱਗੀ ਮਾਰਨ ਦੀ ਕੋਸ਼ਿਸ਼ ਕਰਦਾ ਹੈ, ਜਿਸ ਨਾਲ ਉਸ ਦਾ ਸਾਰਾ ਤੇਜ, ਪ੍ਰਤਾਪ ਅਤੇ ਵਡਿਆਈ ਨਸ਼ਟ ਹੋ ਜਾਂਦੀ ਹੈ। ਪਰ ਗੁਰੂ ਜੀ ਦੇ ਅਨੁਸਾਰ ਜੇਕਰ ਅਜਿਹੇ ਤ੍ਰਿਸਕਾਰੇ ਵਿਅਕਤੀ ਉਪਰ ਪ੍ਰਭੂ ਜਾਂ ਪਰਮਾਤਮਾ ਦੀ ਕਿਰਪਾ ਹੋ ਜਾਵੇ ਤਾਂ ਉਸ ਦਾ ਵੀ ਪਾਰਉਤਾਰਾ ਹੋ ਜਾਂਦਾ ਹੈ ਅਤੇ ਉਹ ਸਾਰੇ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ।

ਗੁਰੂ ਅਰਜਨ ਦੇਵ ਜੀ ਦੂਜੇ ਕਾਵਿ-ਬੰਦ ਦੀਆਂ ਕਾਵਿ-ਸਤਰਾਂ ਵਿਚ ਭਿਆਨਕ ਰਸ ਦੀ ਅਭਿਵਿਅਕਤੀ ਕਰਦੇ ਹੋਏ ਦੱਸਦੇ ਹਨ ਕਿ ਜਿਹੜਾ ਵਿਅਕਤੀ ਸਾਧੂ-ਸੰਤਾਂ ਦੀ ਨਿੰਦਾ ਜਾਂ ਚੁਗਲੀ ਕਰਦਾ ਹੈ, ਉਸ ਦੀ ਸ਼ਕਲ-ਸੂਰਤ ਵਿਗੜ ਜਾਂਦੀ ਹੈ ਅਤੇ ਇਸ ਸੰਸਾਰ ਵਿਚ ਕੀਤੇ ਹੋਏ ਬੁਰੇ ਕਰਮਾਂ ਦੀ ਸਜ਼ਾ ਉਸ ਨੂੰ ਪਰਮਾਤਮਾ ਦੀ ਦਰਗਾਹ ਵਿਚ ਮਿਲਦੀ ਹੈ। ਉਹ ਨਾ ਮਰਿਆ ਵਿਚ ਹੁੰਦਾ ਹੈ ਅਤੇ ਨਾ ਹੀ ਜਿਉਂਦਿਆਂ ਵਿਚ। ਸਾਧੂ-ਸੰਤਾਂ ਦੇ ਨਿੰਦਕ ਦੀ ਕੋਈ ਵੀ ਇੱਛਾ ਜਾਂ ਆਸ਼ਾ ਪੂਰਨ ਨਹੀਂ ਹੁੰਦੀ, ਜਿਸ ਕਰਕੇ ਉਹ ਇਸ ਸੰਸਾਰ ਜਾਂ ਜਹਾਨ ਤੋਂ ਨਿਰਾਸ਼ ਅਤੇ ਪਛਤਾਉਂਦਾ ਹੋਇਆ ਹੀ ਰੁਖ਼ਸਤ ਜਾਂ ਚਲਾ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਜਿਹੋ ਜਿਹੀ ਕਿਸੇ ਵਿਅਕਤੀ ਦੀ ਭਾਵਨਾ ਹੁੰਦੀ ਹੈ, ਉਹੋ ਜਿਹਾ ਉਹ ਬਣ ਜਾਂਦਾ ਹੈ। ਚੰਗੀ ਭਾਵਨਾ ਵਾਲੇ ਵਿਅਕਤੀ ਚੰਗੇ ਅਤੇ ਮੰਦੀ ਭਾਵਨਾ ਵਾਲੇ ਵਿਅਕਤੀ ਮੰਦੇ ਬਣ ਜਾਂਦੇ ਹਨ। ਗੁਰੂ ਜੀ ਅਨੁਸਾਰ ਹਰ ਇਕ ਵਿਅਕਤੀ ਨੂੰ ਕੀਤੇ ਗਲਤ ਕੰਮਾਂ ਜਾਂ ਪਾਪਾਂ ਦਾ ਫਲ ਇਸ ਜਨਮ ਵਿਚ ਹੀ ਭੁਗਤਣਾ ਪੈਦਾ ਹੈ।

ਭਾਰਤੀ ਕਾਵਿ-ਸ਼ਾਸਤਰ ਵਿਚ ਚਿਤ ਦੀ ਵਿਆਕੁਲਤਾ ਜਾਂ ਬੇਚੈਨੀ ਤੋਂ ਪੈਦਾ ਹੋਈ ਮਨ ਦੀ ਭਾਵ-ਡੋਲਤਾ ਜਾਂ ਅਥਿਰਤਾ ਨੂੰ ਭਿਆਨਕ ਰਸ (ਡਰ ਜਾਂ ਭੈ) ਦਾ ਨਾਮ ਦਿੱਤਾ ਜਾਂਦਾ ਹੈ। ਉਪਰੋਕਤ ਕਾਵਿ-ਸਤਰਾਂ ਵਿਚ ਤਨਾਓ ਆਲੰਬਨ ਅਕ੍ਰਿਤਘਣ ਦੁਆਲੇ ਘੁੰਮਦਾ ਹੈ। ਮਾਇਆ ਵਿਚ ਗ੍ਰਸੇ ਰਹਿਣਾ, ਜਮਾਂ ਦਾ ਪਕੜਨਾ, ਪੰਜ ਵਿਕਾਰਾਂ ਵਿਚ ਫਸਣਾ ਉਦੀਪਨ ਵਿਭਾਵ ਹਨ ਅਤੇ ਜਮਾਂ ਵਲੋਂ ਫੜ ਕੇ ਤਸੀਹੇ ਦੇਣਾ, ਚੰਗੇ-ਬੁਰੇ ਕਰਮਾਂ ਦਾ ਫਲ ਅਨੁਭਾਵ ਹੈ। ਡਰ, ਭੈ ਆਦਿ ਸੰਚਾਰੀ ਭਾਵ ਹਨ। ਭਿਆਨਕ ਰਸ ਵਿਚਲਾ ਦੁਖਾਂਤ ਮਨੁੱਖ ਦੇ ਭਾਵਾਂ ਨੂੰ ਭੜਕਾ ਕੇ ਉਨ੍ਹਾਂ ਨੂੰ ਸ਼ਾਂਤ ਕਰਦਾ ਹੈ, ਕਿਉਂਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚਲੇ ਭਿਆਨਕ ਰਸ ਵਿਚੋਂ ਵੀ ਸ਼ਾਂਤ ਰਸ ਹੀ ਝਲਕਦਾ ਹੈ। ਗੁਰੂ ਅਰਜਨ ਦੇਵ ਜੀ ਨੇ ਇਕ ਲੇਖਕ, ਰਚਨਾਕਾਰ ਜਾਂ ਕਵੀ ਦੇ ਰੂਪ ਵਿਚ ਭਿਆਨਕ ਰਸ ਦੀ ਵਰਤੋਂ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ ਹੈ। ਇੱਥੇ ਗੁਰੂ ਜੀ ਨੇ ਭਿਆਨਕ ਰਸ ਨਾਲ ਸੰਬੰਧਿਤ ਅਜਿਹੇ ਅੱਖਰਾਂ ਅਤੇ ਸ਼ਬਦਾਂ ਦੀ ਵਰਤੋਂ ਕੀਤੀ ਹੈ, ਜੋ ਭਾਵ ਜਾਂ ਸੰਕਲਪ ਨੂੰ ਸਪੱਸ਼ਟ ਅਤੇ ਦ੍ਰਿੜ੍ਹ ਕਰਵਾਉਣ ਵਿਚ ਸਹਾਈ ਹੁੰਦੇ ਹਨ। ਗੁਰੂ ਅਰਜਨ ਬਾਣੀ ਵਿਚ ਭਿਆਨਕ ਰਸ ਨਾਲ ਸੰਬੰਧਿਤ ਹੇਠ ਲਿਖੀਆਂ ਉਦਾਹਰਨਾਂ ਨੂੰ ਵੀ ਵਿਚਾਰਿਆ ਜਾ ਸਕਦਾ ਹੈ:

ਬੀਚੁ ਨ ਕੋਇ ਕਰੇ ਅਕ੍ਰਿਤਘਣ ਵਿਛੁੜਿ ਪਇਆ।

ਆਏ ਖਰੇ ਕਠਿਕ ਜਮ ਕੰਕਰ ਪਕੜਿ ਚਲਾਇਆ।

ਪਕੜੇ ਚਲਾਇਆ ਅਪਣਾ ਕਮਾਇਆ ਮਹਾ ਮੋਹਨੀ ਰਾਤਿਆ।

ਗੁਨ ਗੋਬਿੰਦ ਗੁਰਮੁਖਿ ਨ ਜਪਿਆ ਤਪਤ ਥੰਮ ਗਲ ਲਤਿਆ।

ਕਾਮ ਕ੍ਰੋਧ ਅਹੰਕਾਰਿ ਮੂਠਾ ਖੋਇ ਗਿਆਨੁ ਪਛੁਤਾਇਆ।

ਬਿਨਵੰਤ ਨਾਨਕ ਸੰਜੋਗ ਭੂਲਾ ਹਰਿ ਜਾਪ ਰਸਨ ਨ ਜਪਿਆ। (535)

ਉਪਰੋਕਤ ਕਾਵਿ-ਸਤਰਾਂ ਵਿਚ ਅਕ੍ਰਿਤਘਣ ਆਲੰਬਨ ਹੈ, ਮਾਇਆ ਵਿਚ ਗ੍ਰਸੇ ਰਹਿਣਾ, ਜਮ ਕੰਕਰ ਦਾ ਪਕੜਨਾ, ਤਪਤ ਥੰਮ ਆਦਿ ਉਦੀਪਨ ਵਿਭਾਵ ਹਨ, ਜਮਾਂ ਵਲੋਂ ਫੜ ਕੇ ਤਸੀਹੇ ਦੇਣਾ ਅਨੁਭਾਵ ਹੈ ਅਤੇ ਡਰਨਾ ਸੰਚਾਰੀ ਭਾਵ ਹੈ। ਉਪਰੋਕਤ ਕਾਵਿ-ਸਤਰਾਂ ਵਿਚ ਜਮ ਕੰਕਰ ਤੇ ਤਪਤ ਥੰਮ ਸ਼ਬਦ ਨਰਕਾਂ ਦੇ ਭਿਆਨਕ ਦ੍ਰਿਸ਼ ਨੂੰ ਪਾਠਕ ਜਾਂ ਸਰੋਤੇ ਦੀ ਕਲਪਨਾ ਵਿਚ ਪ੍ਰਸਤੁਤ ਕਰਦੇ ਹਨ। ਗੁਰੂ ਜੀ ਅਕ੍ਰਿਤਘਣ (ਕਿਸੇ ਦੇ ਕੀਤੇ ਕੰਮ ਨੂੰ ਭੁੱਲ ਜਾਣ ਵਾਲਾ) ਤੇ ਗੁਰਮੁਖ (ਗੁਰੂ ਦੁਆਰਾ ਦੱਸੇ ਰਸਤੇ 'ਤੇ ਚੱਲਣ ਵਾਲਾ) ਨੂੰ ਅਧਿਆਤਮਕ ਤਰਾਜ਼ੂ ਵਿਚ ਰੱਖਕੇ ਗੁਰਮੁਖ ਵਾਲੇ ਪਲੜੇ ਨੂੰ ਭਾਰੀ ਦੱਸਦੇ ਹਨ। ਭਿਆਨਕ ਰਸ ਦੀ ਉਤਪਤੀ ਦੇ ਨਾਲ ਗੁਰੂ ਜੀ ਨੇ ਜਿੰਦਗੀ ਦਾ ਸਕਾਰਾਤਮਕ ਪੱਖ ਵੀ ਪੇਸ਼ ਕੀਤਾ ਹੈ।

**ਵਾਤਸਲ ਰਸ :-** ਜਦੋਂ ਕਵੀ ਮਾਤਾ-ਪਿਤਾ ਦਾ ਆਪਣੇ ਬੱਚਿਆਂ ਪ੍ਰਤੀ ਜਾਂ ਬੱਚਿਆਂ ਦਾ ਆਪਣੇ ਮਾਤਾ-ਪਿਤਾ ਪ੍ਰਤੀ ਪ੍ਰੇਮ ਜਾਂ ਸਨੇਹ ਨੂੰ ਕਵਿਤਾ ਜਾਂ ਕਾਵਿ ਵਿਚ ਪ੍ਰਸਤੁਤ ਕੀਤਾ ਜਾਂਦਾ ਹੈ, ਤਾਂ ਉੱਥੇ ਵਾਤਸਲ ਰਸ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਆਪਣੇ ਪਿਤਾ ਸ੍ਰੀ ਗੁਰੂ ਰਾਮਦਾਸ ਨੂੰ ਬਹੁਤ ਪਿਆਰ ਕਰਦੇ ਸਨ। ਇਕ ਵਾਰ ਜਦੋਂ ਉਹ ਕਾਫੀ ਦਿਨ ਆਪਣੇ ਪਿਤਾ ਜੀ ਤੋਂ ਦੂਰ ਰਹੇ ਤਾਂ ਪਿਤਾ ਜੀ ਦੇ ਵਿਯੋਗ ਵਿਚ ਗੁਰੂ ਰਾਮਦਾਸ ਜੀ ਨੂੰ ਬਹੁਤ ਸਾਰੇ ਪੱਤਰ ਲਿਖੇ ਸਨ ਜਿਨ੍ਹਾਂ ਵਿਚੋਂ ਵਾਤਸਲ ਰਸ ਦੀ ਝਲਕ ਦੇਖਣ ਨੂੰ ਮਿਲਦੀ ਹੈ। ਗੁਰੂ ਜੀ ਦੇ ਉਹ ਸਾਰੇ ਪੱਤਰ 'ਸ਼ਬਦ ਹਜਾਰੇ' ਗੁਰਬਾਣੀ ਦੇ ਅਧੀਨ ਦਰਜ ਹਨ। ਸ਼ਬਦ ਹਜਾਰੇ ਵਿਚੋਂ ਵਾਤਸਲ ਰਸ ਨਾਲ ਸੰਬੰਧਿਤ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ।

ਹੁਣ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ।

ਮੁਹਿ ਰੈਣਿ ਨ ਵਿਹਾਵੈ ਨੀਦ ਨ ਆਵੈ।

ਬਿਨ ਦੇਖੇ ਗੁਰ ਦਰਬਾਰੇ ਜੀਉ।

ਹਉ ਘੋਲੀ ਜੀਉ ਘੋਲਿ ਘੁਮਾਈ।

ਤਿਸੁ ਸਚੇ ਗੁਰ ਦਰਬਾਰੇ ਜੀਉ। (96-97)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਵਾਤਸਲ ਰਸ ਨੂੰ ਪ੍ਰਗਟ ਕਰਦੇ ਹੋਏ ਦੱਸਦੇ ਹਨ ਕਿ ਜੇਕਰ ਬੱਚੇ ਨੂੰ ਇਕ ਪਲ ਵੀ ਆਪਣੇ ਮਾਤਾ-ਪਿਤਾ ਦਿਖਾਈ ਨਹੀਂ ਦਿੰਦੇ ਤਾਂ ਉਸ ਨੂੰ ਸਾਰੇ ਪਾਸੇ ਕਲਿਜੁਗ ਹੀ ਦਿਖਾਈ ਦੇਣ ਲੱਗ ਪੈਂਦਾ ਹੈ। ਉਹ ਡਰ ਵਿਚ ਇਹ ਸੋਚਣ ਲੱਗ ਪੈਂਦਾ ਹੈ ਕਿ ਹੁਣ ਉਸਦਾ ਆਪਣੇ ਮਾਤਾ-ਪਿਤਾ ਨਾਲ ਮਿਲਾਪ ਪਤਾ ਨਹੀਂ ਹੁਣ ਕਦੋਂ ਹੋਵੇਗਾ। ਜਦੋਂ ਤੱਕ ਬੱਚਾ ਆਪਣੇ ਮਾਤਾ-ਪਿਤਾ ਨੂੰ ਨਾ ਦੇਖ ਲਵੇ ਉਸ ਦੀਆਂ ਅੱਖਾਂ ਵਿਚੋਂ ਨਾ ਹੀ ਅੱਥਰੋ ਬੰਦ ਹੁੰਦੇ ਹਨ ਅਤੇ ਨਾ ਹੀ ਉਸ ਨੂੰ ਨੀਂਦ ਆਉਂਦੀ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਵਾਤਸਲ ਰਸ ਰਾਹੀਂ ਆਤਮਾ ਅਤੇ ਪਰਮਾਤਮਾ ਦੇ ਵਿਯੋਗ ਨੂੰ ਵੀ ਨਿਵੇਕਲੇ ਢੰਗ ਨਾਲ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਹੈ। ਗੁਰਬਾਣੀ ਵਿਚ ਨਾਇਕ ਪ੍ਰਭੂ-ਪਰਮਾਤਮਾ ਹੈ, ਜਿਸ ਦੇ ਪ੍ਰਤੀ ਪਿਆਰ ਦਾ ਪ੍ਰਗਟਾ ਜੀਵ-ਆਤਮਾ ਵਲੋਂ ਹੀ ਕੀਤਾ ਜਾ ਸਕਦਾ ਹੈ।

ਵਾਤਸਲਤਾ ਦਾ ਸਥਾਈ ਭਾਵ ਸਨੇਹ ਜਾਂ ਪਿਆਰ ਹੈ। ਪੁੱਤਰ ਜਾਂ ਪੁੱਤਰੀ ਆਦਿ ਇਸ ਦੇ ਆਲੰਬਨ ਹਨ। ਉਹਨਾਂ ਦੀਆਂ ਹਰਕਤਾਂ, ਤੋਤਲਾਪਨ ਜਾਂ ਭੋਲੀਆਂ ਭੋਲੀਆਂ ਗੱਲਾਂ ਉਦੀਪਨ ਵਿਭਾਵ ਹਨ। ਬੱਚੇ ਦੇ ਸਿਰ ਤੇ ਪਿਆਰ ਦੇਣਾ , ਥਾਪੜਨਾਂ ਆਦਿ ਅਨੁਭਾਵ ਹਨ। ਹਰਸ, ਗੋਰਵ ਆਦਿ ਸੰਚਾਰੀ ਭਾਵ ਹਨ। ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਦਾ ਆਪਣੇ ਪਰਮ-ਪਿਤਾ (ਪਰਮਾਤਮਾ ਜਾਂ ਪ੍ਰਭੂ) ਨਾਲ ਪ੍ਰੇਮ ਜਾਂ ਪਿਆਰ, ਵਾਤਸਲ ਰਸ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਇਕ ਕਵੀ ਦੇ ਰੂਪ ਵਿਚ ਗੁਰੂ ਅਰਜਨ ਦੇਵ ਜੀ ਨੇ ਵਾਤਸਲ ਰਸ ਦੀ ਵਰਤੋਂ ਬਹੁਤ ਹੀ ਸੁਚੱਜੇ ਢੰਗ ਨਾਲ ਕੀਤੀ ਹੈ, ਤਾਂ ਜੋ ਭਾਵ ਜਾਂ ਸੰਕਲਪ ਦੇ ਅਰਥ ਨੂੰ ਆਸਾਨੀ ਨਾਲ ਸਮਝਿਆ ਜਾ ਸਕੇ। ਗੁਰੂ ਜੀ ਦੀ ਬਾਣੀ 'ਸ਼ਬਦ ਹਜ਼ਾਰੇ' ਵਿਚ ਵਾਤਸਲ ਰਸ ਨਾਲ ਸੰਬੰਧਿਤ ਇਕ ਹੋਰ ਉਦਾਹਰਨ ਹੇਠ ਲਿਖੇ ਅਨੁਸਾਰ ਹੈ :

ਭਾਗੁ ਹੋਆ ਗੁਰਿ ਸੰਤ ਮਿਲਾਇਆ।

ਪ੍ਰਭੁ ਅਬਿਨਾਸੀ ਘਰ ਮਹਿ ਪਾਇਆ।

ਸੇਵ ਕਰੀ ਪਲੁ ਚਸਾ ਨ ਵਿਛੁੜਾ।

ਜਨ ਨਾਨਕ ਦਾਸ ਤੁਮਾਰੇ ਜੀਉ।੪।

ਹਉ ਘੋਲੀ ਜੀਉ ਘੋਲਿ ਘੁਮਾਈ।

ਜਨ ਨਾਨਕ ਦਾਸ ਤੁਮਾਰੇ ਜੀਉ।     (97)

ਜਿਉ ਮਾਤ ਪੂਤਹਿ ਹੇਤੁ॥

ਹਰਿ ਸਿਮਰਿ ਨਾਨਕ ਨੇਤ॥  (837)

**ਭਗਤੀ ਰਸ:-** ਜਦੋਂ ਕਵੀ ਜਾਂ ਲੇਖਕ ਆਪਣੀ ਕਵਿਤਾ ਜਾਂ ਕਾਵਿ ਰਚਨਾ ਵਿਚ ਪਾਠਕਾਂ ਨੂੰ ਪ੍ਰਭੂ ਭਗਤੀ ਜਾਂ ਪਰਮਾਤਮਾ ਦੇ ਨਾਮ ਸਿਮਰਨ ਲਈ ਪ੍ਰੇਰਿਤ ਕਰਦਾ ਹੈ ਤਾਂ ਉੱਥੇ ਭਗਤੀ ਰਸ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਹਰੇਕ ਮਨੁੱਖ ਨੂੰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਲਈ ਪ੍ਰੇਰਿਤ ਕਰਦੀ ਹੈ। ਗੁਰੂ ਜੀ ਦੀ ਗੁਰਬਾਣੀ ਵਿਚੋਂ ਭਗਤੀ ਰਸ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਭਗਵੰਤ ਕੀ ਟਹਲ ਕਰੈ ਨਿਤ ਨੀਤਿ॥

ਮਨੁ ਤਨੁ ਅਰਪੈ ਬਿਸਨ ਪਰੀਤਿ॥

ਹਰਿ ਕੇ ਚਰਨ ਹਿਰਦੈ ਬਸਾਵੈ॥

ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ॥ (274)

ਓਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਉਸੇ ਉਪਾਸ਼ਕ ਦੀ ਮਤਿ ਉੱਤਮ ਹੁੰਦੀ ਹੈ ਜੋ ਹਰ ਰੋਜ਼ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹੈ ਅਤੇ ਮਨ, ਤਨ ਨੂੰ ਪ੍ਰਭੂ ਭਗਤੀ ਵਿਚ ਨਿਛਾਵਰ ਕਰ ਦਿੰਦਾ ਹੈ। ਗੁਰੂ ਜੀ ਦੇ ਅਨੁਸਾਰ ਕੇਵਲ ਉਹ ਵਿਅਕਤੀ ਹੀ ਪਰਮਾਤਮਾ ਦੀ ਪ੍ਰਾਪਤੀ ਕਰ

ਸਕਦਾ ਹੈ ਜਿਹੜਾ ਪਰਮਾਤਮਾ ਦੇ ਨਾਮ ਨੂੰ ਨਾਮ-ਸਿਮਰਨ ਰਾਹੀਂ ਆਪਣੇ ਮਨ ਅੰਦਰ ਵਸਾ ਲੈਂਦਾ ਹੈ। ਭਗਤੀ ਰਸ ਵਿਚ ਪ੍ਰਭੂ ਜਾਂ ਪਰਮਾਤਮਾ ਅਲੰਬਨ ਹੈ ਤੇ ਉਸਦਾ ਰੂਪ ਜਾਂ ਚਰਿੱਤਰ ਵਰਨਣ ਉਦੀਪਨ ਹੈ। ਪਰਮਾਤਮਾ ਦੇ ਨਾਮ-ਸਿਮਰਨ ਤੋਂ ਮਨ ਵਿਚ ਪੈਦਾ ਹੋਈ ਮਸਤੀ (ਆਤਮਿਕ ਆਨੰਦ) ਨੂੰ ਭਗਤੀ ਰਸ ਦਾ ਅਨੁਭਾਵ ਕਿਹਾ ਜਾਂਦਾ ਹੈ। ਧੀਰਜ, ਪ੍ਰਸੰਨਤਾ ਅਤੇ ਉਤਸੁਕਤਾ ਨੂੰ ਭਗਤੀ ਰਸ ਦੇ ਸੰਚਾਰੀ ਭਾਵ ਕਿਹਾ ਜਾਂਦਾ ਹੈ। ਇੱਥੇ ਗੁਰੂ ਜੀ ਨੇ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਜੋ ਹਰੇਕ ਪਾਠਕ ਜਾਂ ਸਾਧਕ ਨੂੰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਲਈ ਪ੍ਰੇਰਿਤ ਕਰਦੇ ਹਨ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਭਗਤੀ ਰਸ ਨਾਲ ਸੰਬੰਧਿਤ ਹੇਠ ਲਿਖੀਆਂ ਉਦਾਹਰਨਾਂ ਨੂੰ ਵੀ ਵਿਚਾਰਿਆ ਜਾ ਸਕਦਾ ਹੈ:

ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ॥

ਚਰਨ ਕਮਲ ਗੁਰ ਰਿਦੈ ਬਸਾਇਆ॥ (202)

ਭਗਤ ਸੰਗਿ ਪ੍ਰਭੁ ਗੋਸਟਿ ਕਰਤ॥

ਤਹ ਹਰਖ ਨ ਸੋਗ ਨ ਜਨਮ ਨ ਮਰਤ॥ (893)

ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ॥

ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨ॥ (218)

ਤਿਸੁ ਗੁਰ ਕਉ ਸਿਮਰਉ ਸਾਸਿ ਸਾਸਿ॥

ਗੁਰ ਮੇਰੇ ਪ੍ਰਾਣ ਸਤਿਗੁਰੁ ਮੇਰੀ ਰਾਸਿ॥ (239)

ਭਗਤ ਜਨਾ ਕਉ ਸਦਾ ਅਨੰਦੁ ਹੈ ਹਰਿ ਕੀਰਤਨੁ ਗਾਇ ਬਿਗਸਾਵੈ॥ (373)

**ਪ੍ਰੇਮ-ਰਸ**: ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪ੍ਰੇਮ ਰਸ ਦੀ ਝਲਕ ਦੇਖਣ ਨੂੰ ਮਿਲਦੀ ਹੈ। ਗੁਰੂ ਜੀ ਦੀ ਗੁਰਬਾਣੀ ਵਿਚ ਰੱਬੀ ਪ੍ਰੇਮ ਦੀ ਤਾਂਘ ਤੇ ਪ੍ਰੇਮ-ਰਸ ਡੁਲ੍ਹ-ਡੁਲ੍ਹ ਪੈਂਦਾ ਹੈ। ਗੁਰੂ ਅਰਜਨ ਦੇਵ ਜੀ ਦਾ ਉਸ ਪਰਮਾਤਮਾ ਨਾਲ ਇਸ਼ਕ ਇੰਨਾ ਡੂੰਘਾ ਹੈ ਕਿ ਉਸ ਤੋਂ ਬਿਨਾਂ ਕਿਸੇ ਹੋਰ ਦੀ ਕਲਪਨਾ ਕਰਨਾ ਵੀ ਅਸੰਭਵ ਹੈ। ਰੱਬੀ ਪ੍ਰੇਮ ਦੀ ਉਦਾਹਰਨ ਗੁਰੂ ਸਾਹਿਬ ਜੀ ਦੇ ਜੀਵਨ ਦੀ ਅਖੀਰਲੀ ਘਟਨਾ ਵਿਚੋਂ ਦੇਖਣ ਨੂੰ ਮਿਲਦੀ ਹੈ, ਜਿਸ ਤਰ੍ਹਾਂ ਗੁਰੂ ਸਾਹਿਬ ਜੀ ਨੇ ਜਿਉਂਦਿਆਂ ਸ਼ਹੀਦ ਹੋ ਕੇ, ਅਸਹਿ ਤਸੀਹੇ ਸਹਿ ਕੇ, ਪ੍ਰਭੂ-ਪ੍ਰੇਮ, ਰੱਬੀ ਇਸ਼ਕ ਦੀ ਸਿਖਰ ਹੈ। ਗੁਰੂ ਸਾਹਿਬ ਜੀ ਅਹਿੰਸਾ, ਸ਼ਾਂਤੀ, ਕੁਰਬਾਨੀ ਦੇ ਅਦੁੱਤੀ ਅਵਤਾਰ ਸਨ ਅਤੇ ਉਨ੍ਹਾਂ ਦੀ ਸੰਪੂਰਨ ਬਾਣੀ ਰੱਬੀ ਇਸ਼ਕ, ਆਸ਼ਾਵਾਦ ਨਾਲ ਓਤਪੋਤ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਪ੍ਰੇਮ-ਰਸ ਨਾਲ ਸੰਬੰਧਿਤ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਤੇਰਾ ਕੀਆ ਮੀਠਾ ਲਾਗੈ॥

ਨਾਮ ਪਦਾਰਥ ਨਾਨਕ ਮਾਂਗੈ॥ (394)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਹੇ ਪ੍ਰਭੂ! ਮੈਨੂੰ ਤੇਰਾ ਕੀਤਾ ਹੋਇਆ ਹਰੇਕ ਕੰਮ ਚੰਗਾ ਲੱਗਦਾ ਹੈ ਭਾਵ ਹਰ ਮਨੁੱਖ ਨੂੰ ਉਸ ਪਰਮਾਤਮਾ ਦੇ ਭਾਣੇ ਵਿਚ ਖੁਸ਼ ਰਹਿਣਾ ਚਾਹੀਦਾ ਹੈ। ਗੁਰੂ ਜੀ ਅਨੁਸਾਰ ਹੇ ਪ੍ਰਭੂ! ਤੇਰਾ ਦਾਸ ਤੇਰੇ ਕੋਲੋਂ ਸਭ ਤੋਂ ਕੀਮਤੀ ਵਸਤੂ ਤੇਰਾ ਨਾਮ ਮੰਗ ਰਿਹਾ ਹੈ। ਪ੍ਰੇਮ-ਰਸ ਵਿਚ ਪ੍ਰਭੂ ਜਾਂ ਪਰਮਾਤਮਾ ਅਲੰਬਨ ਹੈ ਤੇ ਉਸਦਾ ਰੂਪ ਜਾਂ ਚਰਿੱਤਰ ਵਰਨਣ ਉਦੀਪਨ ਹੈ। ਪਰਮਾਤਮਾ ਦੇ ਨਾਮ-ਸਿਮਰਨ ਤੋਂ ਮਨ ਵਿਚ ਪੈਦਾ ਹੋਈ ਮਸਤੀ (ਆਤਮਿਕ ਆਨੰਦ) ਨੂੰ ਪ੍ਰੇਮ-ਰਸ ਦਾ ਅਨੁਭਾਵ ਕਿਹਾ ਜਾਂਦਾ ਹੈ। ਪ੍ਰਸੰਨਤਾ ਅਤੇ ਉਤਸੁਕਤਾ ਨੂੰ ਪ੍ਰੇਮ-ਰਸ ਦੇ ਸੰਚਾਰੀ ਭਾਵ ਕਿਹਾ ਜਾਂਦਾ ਹੈ। ਇੱਥੇ ਗੁਰੂ ਜੀ ਨੇ ਪ੍ਰੇਮ-ਰਸ ਵਰਤੋਂ ਇਸ ਲਈ ਕੀਤੀ ਹੈ ਤਾਂ ਜੋ ਹਰੇਕ ਪਾਠਕ ਜਾਂ ਸਾਧਕ ਨੂੰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਲਈ ਪ੍ਰੇਰਿਤ ਕੀਤਾ ਜਾ ਸਕੇ।

**2.4. ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਰਸ ਸਿਧਾਂਤ ਦੀ ਭੂਮਿਕਾ ਤੇ ਸਾਰਥਿਕਤਾ**: ਭਾਰਤੀ ਕਾਵਿ-ਸ਼ਾਸਤਰ ਦੇ ਅਨੁਸਾਰ ਸਾਹਿਤ ਦੇ ਕਿਸੇ ਵੀ ਰੂਪ ਨੂੰ ਪੜ੍ਹਨ ਜਾਂ ਸੁਣਨ ਤੋਂ ਪਾਠਕ ਜਾਂ ਸਰੋਤੇ ਦੇ ਮਨ ਅੰਦਰ ਪੈਦਾ ਹੋਣ ਵਾਲਾ ਭਾਵ, ਸੁਹਜ-ਸੁਆਦ ਜਾਂ ਆਨੰਦ ਰਸ ਹੈ। ਭਾਰਤੀ ਕਾਵਿ-ਸ਼ਾਸਤਰ ਦੇ ਅਨੁਸਾਰ ਸਾਹਿਤ ਵਿਚ ਹਰ ਇਕ ਭਾਵ ਜਾਂ ਸੰਕਲਪ ਨੂੰ ਅਜਿਹੇ ਰੂਪ ਵਿਚ ਪ੍ਰਸਤੁਤ ਕੀਤਾ ਜਾਣਾ ਚਾਹੀਦਾ ਹੈ ਕਿ ਉਹ ਹਰੇਕ ਪਾਠਕ ਜਾਂ ਸਰੋਤੇ ਦੇ ਮਨ ਵਿਚ ਸਥਿਤ ਗੁਪਤ ਸਥਾਈ ਭਾਵਾਂ ਨੂੰ ਜਾਗ੍ਰਿਤ ਕਰਕੇ ਉਸ ਨੂੰ ਆਨੰਦ-ਮਗਨ ਕਰ ਸਕੇ। ਗੁਰੂ ਅਰਜਨ ਦੇਵ ਜੀ ਇਕ ਧਾਰਮਿਕ ਗੁਰੂ ਹੋਣ ਦੇ ਨਾਲ-ਨਾਲ ਇਕ ਵਧੀਆ ਗੁਰੂ ਕਵੀ, ਸ਼ਾਇਰ, ਲੇਖਕ ਜਾਂ ਰਚਨਾਹਾਰ ਵੀ ਸਨ ਜਿਹਨਾਂ ਨੇ ਆਪਣੀ ਬਾਣੀ ਵਿਚ ਵੱਖ-ਵੱਖ ਰਸਾਂ (ਸ਼੍ਰਿੰਗਾਰ ਰਸ, ਹਾਸਯ ਰਸ, ਕਰੁਣਾ ਰਸ, ਰੌਦ੍ਰ ਰਸ, ਵੀਰ ਰਸ, ਭਿਆਨਕ ਰਸ, ਬੀਭਤਸ ਰਸ, ਅਦਭੁਤ ਰਸ, ਸ਼ਾਂਤ ਰਸ, ਵਾਤਸਲ ਰਸ) ਦੀ ਵਰਤੋਂ ਕਰਕੇ ਆਪਣੇ ਭਾਵਾਂ ਜਾਂ ਸੰਕਲਪਾਂ ਨੂੰ ਸਰਲ, ਸਪੱਸ਼ਟ, ਵਿਲੱਖਣ, ਗ੍ਰਹਿਣਸ਼ੀਲ ਅਤੇ ਰੋਚਕ ਢੰਗ ਨਾਲ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ। ਗੁਰੂ ਅਰਜਨ ਦੇਵ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸੰਪੂਰਨ ਬਾਣੀ ਵਿਚੋਂ ਸਾਰੇ ਰਸਾਂ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਇਹ ਸਿੱਟਾ ਨਿਕਲਦਾ ਹੈ ਕਿ ਗੁਰੂ ਜੀ ਦੀ ਬਾਣੀ ਵਿਚੋਂ ਸਮੁੱਚੇ ਰੂਪ ਵਿਚ ਸਾਰੇ ਰਸਾਂ ਵਿਚੋਂ ਭਗਤੀ ਰਸ ਹੀ ਪੈਦਾ ਹੁੰਦਾ ਹੈ ਜੋ ਕਿ ਹਰ ਇੱਕ ਮਨੁੱਖ ਨੂੰ ਸੰਸਾਰ ਦੇ ਸਿਰਜਣਹਾਰ ਜਾਂ ਪਾਲਣਹਾਰ (ਪਰਮਾਤਮਾ ਜਾਂ ਪ੍ਰਭੂ) ਦੇ ਨਾਮ ਦਾ ਸਿਮਰਨ ਕਰਨ ਦਾ ਅਧਿਆਤਮਕ ਸੁਨੇਹਾ ਦਿੰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਸੰਪੂਰਨ ਗੁਰਬਾਣੀ ਵਿਚਲੇ ਆਪਣੇ ਭਾਵਾਂ ਨੂੰ ਸਰਲ, ਸਪੱਸ਼ਟ ਅਤੇ ਦ੍ਰਿੜ ਕਰਨ ਲਈ ਵੱਖ-ਵੱਖ ਰਸਾਂ ਦੀ ਨਿਵੇਕਲੇ ਜਾਂ ਵਿੱਲਖਣ ਢੰਗ ਨਾਲ ਵਰਤੋਂ ਕੀਤੀ ਹੈ।

ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚ ਰਸਾਂ ਦਾ ਕਮਾਲ ਇਸ ਤੱਥ ਵਿਚ ਦ੍ਰਿਸ਼ਟੀਗੋਚਰ ਹੈ ਕਿ ਉਨ੍ਹਾਂ ਨੇ ਜੀਵਨ ਦੀਆਂ ਵਿਭਿੰਨ ਪਰਿਸਥਿਤੀਆਂ ਨੂੰ ਵਿਭਿੰਨ ਰਸਾਂ ਦੇ ਮਾਧਿਅਮ ਰਾਹੀਂ ਨਿਵੇਕਲੇ ਢੰਗ ਰਾਹੀਂ ਪ੍ਰਸਤੁਤ ਕਰਨ ਦਾ ਵਿੱਲਖਣ ਉਪਰਾਲਾ ਕੀਤਾ ਹੈ। ਗੁਰੂ ਅਰਜਨ ਬਾਣੀ ਵਿਚ ਰਸ ਜੋ ਵਿਭਿੰਨ ਰੂਪਾਂ ਵਿਚ ਉਜਾਗਰ ਹੋਇਆ ਹੈ, ਉਸ ਰਸ ਦਾ ਮੁੱਖ ਪ੍ਰਯੋਜਨ ਕੇਵਲ ਮਨੁੱਖ ਦੀ ਸ਼ਖਸੀਅਤ ਦਾ ਅਧਿਆਤਮਕ

ਵਿਕਾਸ ਕਰਨਾ ਹੈ। ਗੁਰੂ ਜੀ ਨੇ ਗੁਰਬਾਣੀ ਵਿਚਲੇ ਵਿਭਿੰਨ ਰਸਾਂ ਦੀ ਵਰਤੋਂ ਰਾਹੀਂ ਆਪਣੀ ਕਲਾਤਮਕਤਾ ਤੇ ਸੁਹਜਾਤਮਕਤਾ ਦੁਆਰਾ ਭਾਵ ਜਾਂ ਸੰਕਲਪ ਨੂੰ ਵਧੇਰੇ ਗ੍ਰਹਿਣਯੋਗ ਬਣਾਉਣ ਦਾ ਨਿਵੇਕਲਾ ਯਤਨ ਹੈ। ਗੁਰੂ ਅਰਜਨ ਬਾਣੀ ਵਿਚਲੇ ਵਰਤੇ ਗਏ ਸਾਰੇ ਰਸਾਂ ਦੀ ਮੁੱਖ ਵਿਸ਼ੇਸਤਾ ਇਹ ਹੈ ਕਿ ਇਹ ਸਾਰੇ ਰਸ ਭਗਤੀ ਰਸ ਦਾ ਮੂਲ ਸਰੋਤ ਬਣ ਜਾਂਦੇ ਹਨ। ਗੁਰੂ ਜੀ ਨੇ ਵਿਭਾਵਾਂ, ਅਨੁਭਾਵਾਂ, ਸੰਚਾਰੀ ਭਾਵਾਂ ਅਤੇ ਸਥਾਈ ਭਾਵਾਂ ਦੀ ਬਹੁਤ ਹੀ ਯੋਗ ਤੇ ਸੁਚੱਜੀ ਵਰਤੋਂ ਨਾਲ ਵੱਖ-ਵੱਖ ਰਸਾਂ ਦੀ ਉਤਪਤੀ ਆਪਣੇ ਭਾਵ ਜਾਂ ਵਿਚਾਰ ਨੂੰ ਸਰਲ, ਸਪੱਸ਼ਟ, ਮੰਨਣਯੋਗ ਅਤੇ ਗ੍ਰਹਿਣਯੋਗ ਬਣਾਉਣ ਲਈ ਕੀਤੀ ਹੈ। ਗੁਰੂ ਅਰਜਨ ਬਾਣੀ ਵਿਚ ਰਸਾਂ ਦੀ ਪੇਸ਼ਕਾਰੀ ਦੀ ਵਿਲੱਖਣਤਾ ਇਸ ਤੱਥ ਵਿਚ ਦ੍ਰਿਸ਼ਟੀਗੋਚਰ ਹੈ ਕਿ ਗੁਰੂ ਸਾਹਿਬ ਸਾਧਕ ਜਾਂ ਸਰੋਤੇ ਦੀ ਅਭਿਵਿਅਕਤੀ ਨੂੰ ਮੋਹ ਲੈਂਦੇ ਹਨ ਅਤੇ ਉਨ੍ਹਾਂ ਅੰਦਰ ਉਹੀ ਅਨੁਭੂਤੀ ਪੈਦਾ ਹੋ ਜਾਂਦੀ ਹੈ ਜਿਸ ਦਾ ਅਹਿਸਾਸ ਗੁਰੂ ਜੀ ਨੂੰ ਉਸ ਸਮੇਂ ਹੋਇਆ ਸੀ।

ਗੁਰਬਾਣੀ ਹਿੰਮਤ, ਚਾਓ, ਭਗਤੀ, ਸਾਧਨਾ, ਪ੍ਰੇਰਨਾ ਆਦਿ ਦਾ ਸਾਹਿਤ ਹੈ, ਇਸੇ ਤੱਥ ਨੂੰ ਗੁਰੂ ਜੀ ਨੇ ਸ਼੍ਰਿੰਗਾਰ ਰਸ ਵਿਚ ਵਰਤ ਕੇ ਦੁਨਿਆਵੀਂ ਪਰਿਸਥਿਤੀਆਂ ਰਾਹੀਂ ਅਧਿਆਤਮਕ ਆਦਰਸਾਂ ਦੀ ਪੂਰਤੀ ਕਰਨ ਦਾ ਨਿਵੇਕਲਾ ਜਾਂ ਵਿਲੱਖਣ ਉਪਰਾਲਾ ਹੈ। ਗੁਰਬਾਣੀ ਵਿਚ ਵਰਤੇ ਗਏ ਕਰੁਣਾ ਰਸ ਵਿਚ ਦੁਖ ਜਾਂ ਸੋਗ ਦਾ ਮਾਹੌਲ ਸਿਰਜਣ ਦੀ ਬਜਾਏ ਗੁਰੂ ਅਰਜਨ ਦੇਵ ਜੀ ਨੇ ਅਜਿਹੀਆਂ ਸਥਿਤੀਆਂ ਸਿਰਜਣ ਦਾ ਨਿਵੇਕਲਾ ਉਪਰਾਲਾ ਕੀਤਾ ਹੈ ਜੋ ਮਨੁੱਖ ਨੂੰ ਹਰ ਸਮੇਂ ਹਿੰਮਤ ਅਤੇ ਚਾਓ (ਚੜ੍ਹਦੀ ਕਲਾ) ਵਿਚ ਰਹਿਣ ਦਾ ਸੰਦੇਸ਼ ਦਿੰਦੀਆਂ ਹਨ। ਗੁਰ ਅਰਜਨ ਦੇਵ ਜੀ ਦੁਆਰਾ ਵਰਤਿਆ ਗਿਆ ਵੀਭਤਸ ਰਸ ਘ੍ਰਿਣਾ ਜਾਂ ਘਿਣ ਪੈਦਾ ਕਰਨ ਵਾਲੀਆਂ ਸਥਿਤੀਆਂ ਵਿਚ ਵੀ ਅਧਿਆਤਮਕ ਆਦਰਸ਼ ਦੀ ਸਥਾਪਤੀ ਲਈ ਰਹਿਬਰੀ ਕਰਦਾ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਗੁਰਬਾਣੀ ਵਿਚ ਵਰਤੇ ਗਏ ਹਰ ਰਸ ਦੀ ਉਤਪਤੀ ਪਿੱਛੇ ਕੋਈ ਨਾ ਕੋਈ ਵਿਚਾਰ ਜਾਂ ਭਾਵ ਕਾਰਜਸ਼ੀਲ ਹੁੰਦਾ ਦਿਖਾਈ ਦਿੰਦਾ ਹੈ, ਜੋ ਕਿ ਮਨੁੱਖੀ ਜੀਵਨ ਨੂੰ ਆਦਰਸ਼ਕ ਉਚਾਈਆਂ ਜਾਂ ਅਧਿਆਤਮਕ ਮੰਜਿਲਾਂ ਨੂੰ ਸਰ ਕਰਨ ਲਈ ਪ੍ਰੇਰਨਾ ਸਰੋਤ ਦਾ ਕੰਮ ਕਰਦਾ ਹੈ।

# ਅਧਿਆਇ ਤੀਜਾ

## 3. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ: ਧੁਨੀ ਸੰਪਰਦਾਇ

3.1. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਅਭਿਧਾ ਸ਼ਬਦ ਸ਼ਕਤੀ ਦਾ ਪ੍ਰਸਤੁਤੀਕਰਨ

3.2. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲਕਸ਼ਣਾਂ ਸ਼ਬਦ ਸ਼ਕਤੀ ਦਾ ਪ੍ਰਸਤੁਤੀਕਰਨ

3.3. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਵਿਅੰਜਨਾ ਸ਼ਬਦ ਸ਼ਕਤੀ ਦਾ ਪ੍ਰਸਤੁਤੀਕਰਨ

# ਅਧਿਆਇ ਤੀਜਾ

## ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ: ਧੁਨੀ ਸੰਪਰਦਾਇ

ਇਸ ਖੋਜ ਦਾ ਵਿਸ਼ਾ ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਅਧਿਐਨ ਹੈ, ਜਿਸ ਦੇ ਸੰਦਰਭ ਵਿਚ ਗੁਰੂ ਜੀ ਦੀ ਸੰਪੂਰਨ ਬਾਣੀ ਨੂੰ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ (ਰਸ, ਧੁਨੀ, ਅਲੰਕਾਰ, ਰੀਤੀ, ਵਕੋਕਤੀ, ਔਚਿਤਯ) ਦੇ ਆਧਾਰ 'ਤੇ ਮੁਲਾਂਕਣ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਜਾ ਰਿਹਾ ਹੈ। ਅਧਿਆਇ ਦੂਜੇ ਵਿਚ ਅਸੀਂ ਗੁਰੂ ਅਰਜਨ ਦੇਵ ਜੀ ਦੀ ਬਾਣੀ ਨੂੰ ਰਸ ਸਿਧਾਂਤ, ਰਸ ਦੀ ਪ੍ਰਕਿਰਿਆ (ਵਿਭਾਵ, ਅਨੁਭਾਵ, ਸੰਚਾਰੀ ਭਾਵ) ਅਤੇ ਰਸ ਦੀਆਂ ਕਿਸਮਾਂ ਦੇ ਸੰਦਰਭ ਵਿਚ ਵਿਚਾਰਨ ਜਾਂ ਘੋਖਣ ਦਾ ਇਕ ਅਨੋਖਾ ਉਪਰਾਲਾ ਜਾਂ ਯਤਨ ਕੀਤਾ ਗਿਆ ਹੈ। ਇਸ ਅਧਿਆਇ ਵਿਚ ਅਸੀਂ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਨੂੰ ਧੁਨੀ ਸਿਧਾਂਤ, ਸ਼ਬਦ ਸ਼ਕਤੀਆਂ (ਅਭਿਧਾ ਸ਼ਬਦ ਸ਼ਕਤੀ, ਲਕਸ਼ਣਾਂ ਸ਼ਬਦ ਸ਼ਕਤੀ ਅਤੇ ਵਿਅੰਜਨਾ ਸ਼ਬਦ ਸ਼ਕਤੀ) ਦੇ ਵੱਖ-ਵੱਖ ਪੱਖਾਂ ਦਾ ਵਿਸ਼ਲੇਸ਼ਣ ਕਰਦੇ ਹੋਇਆਂ ਇਸ ਦੇ ਮਹੱਤਵ ਨੂੰ ਸਮਝਣ ਜਾਂ ਵਿਚਾਰਨ ਦਾ ਇਕ ਵਿਲੱਖਣ ਉਪਰਾਲਾ ਕਰਾਂਗੇ।

ਜਿਸ ਪ੍ਰਕਾਰ ਸੰਗੀਤ ਕਲਾ ਦਾ ਸੰਬੰਧ ਲੈ ਅਤੇ ਸੁਰ ਨਾਲ ਹੈ, ਚਿਤਰਕਲਾ ਦਾ ਸੰਬੰਧ ਵੱਖ-ਵੱਖ ਰੰਗਾਂ ਨਾਲ ਹੈ ਠੀਕ ਉਸੇ ਤਰ੍ਹਾਂ ਕਾਵਿ ਜਾਂ ਸਾਹਿਤ ਦਾ ਸੰਬੰਧ ਸ਼ਬਦ ਕਲਾ ਨਾਲ ਹੈ ਕਿਉਂਕਿ ਕਾਵਿ ਦਾ ਆਧਾਰ ਵੱਖ-ਵੱਖ ਸ਼ਬਦ ਹੁੰਦੇ ਹਨ ਜਿਹੜੇ ਕੰਨਾਂ ਦੀਆਂ ਵਿਸ਼ੇਸ਼ ਤੰਦਾਂ ਨਾਲ ਜੁੜ੍ਹੇ ਹੁੰਦੇ ਹਨ ਅਤੇ ਜਿਹੜ੍ਹੇ ਚਿੰਨ੍ਹਾਂ ਦੁਆਰਾ ਅੱਖਰਾਂ ਤੇ ਅੱਖਰ-ਸਮੂਹਾਂ ਦਾ ਰੂਪ ਧਾਰਣ ਕਰਕੇ ਲਿਖਿਤ ਰੂਪ ਵਿਚ ਸਥਾਈ ਬਣਾਏ ਜਾਂਦੇ ਹਨ। ਕਾਵਿ ਜਾਂ ਸਾਹਿਤ ਨੂੰ ਸ਼ਬਦ ਕਲਾ ਵੀ ਕਿਹਾ ਜਾਂਦਾ ਹੈ ਕਿਉਂਕਿ ਕਾਵਿ ਵਿਚ ਲੇਖਕ ਜਾਂ ਕਵੀ ਕੋਲ ਭਾਸ਼ਾ ਜਾਂ ਸ਼ਬਦ ਇਕ ਅਜਿਹਾ ਸਾਧਨ ਹੈ ਜਿਸ ਦੁਆਰਾ ਉਹ ਆਪਣੇ ਹੁਨਰ, ਪ੍ਰਤਿਭਾ ਅਤੇ ਵਿਚਾਰਾਂ ਨੂੰ ਪਾਠਕਾਂ ਦੇ ਸਾਹਮਣੇ ਪ੍ਰਸਤੁਤ ਕਰਦਾ ਹੈ। ਵਿਆਕਰਣ ਜਾਂ ਭਾਸ਼ਾ-ਵਿਗਿਆਨ ਦੇ ਅਨੁਸਾਰ ਵੱਖ-ਵੱਖ

ਅੱਖਰਾਂ, ਵਰਣਾਂ ਜਾਂ ਧੁਨੀਆਂ ਨੂੰ ਮਿਲਾ ਕੇ ਸ਼ਬਦ ਜਾਂ ਸ਼ਬਦਾਂ ਦੀ ਸਿਰਜਨਾ ਕੀਤੀ ਜਾਂਦੀ ਹੈ। ਵਿਆਕਰਨ ਦੇ ਅਨੁਸਾਰ ਧੁਨੀ ਭਾਸ਼ਾ ਦੀ ਸਭ ਤੋਂ ਛੋਟੀ ਪਰ ਨਿਰਾਰਥਕ ਇਕਾਈ ਹੈ ਅਤੇ ਸ਼ਬਦ ਭਾਸ਼ਾ ਦੀ ਸਭ ਤੋਂ ਛੋਟੀ ਪਰ ਸਾਰਥਿਕ ਇਕਾਈ ਹੈ ਪਰੰਤੂ ਕਵਿਤਾ ਵਿਚ ਧੁਨੀ ਦਾ ਮਾਧਿਅਮ ਸ਼ਬਦ ਹਨ ਜਿਨ੍ਹਾਂ ਰਾਹੀਂ ਨਵੇਂ-ਨਵੇਂ ਅਰਥਾਂ ਦੀ ਪ੍ਰਤੀਤੀ ਹੁੰਦੀ ਹੈ।

ਕਾਵਿ ਵਿਚ ਸ਼ਬਦ ਹੀ ਧੁਨੀ ਦਾ ਆਧਾਰ ਹੁੰਦੇ ਹਨ ਕਿਉਂਕਿ ਕਾਵਿ ਵਿਚ ਪ੍ਰੋਏ ਹੋਏ ਸ਼ਬਦਾਂ ਦੇ ਜ਼ਰੀਏ ਹੀ ਕਵੀ ਜਾਂ ਲੇਖਕ ਦੁਆਰਾ ਧੁਨੀ ਉਤਪੰਨ ਹੁੰਦੀ ਹੈ। ਜਦੋਂ ਕਵਿਤਾ ਵਿਚ ਆਮ ਬੋਲਚਾਲ ਦੇ ਸ਼ਬਦ ਕਵੀ ਜਾਂ ਲੇਖਕ ਆਪਣੀ ਪ੍ਰਤਿਭਾ ਜਾਂ ਹੁਨਰ ਦੁਆਰਾ ਸਜਾਉਂਦਾ ਹੈ ਤਾਂ ਉਨ੍ਹਾਂ ਸ਼ਬਦਾਂ ਵਿਚੋਂ ਨਵੇਂ ਨਵੇਂ ਅਰਥ ਮਹਿਸੂਸ ਕੀਤੇ ਜਾਂਦੇ ਹਨ। ਕਾਵਿ ਵਿਚ ਇਨ੍ਹਾਂ ਨਵੇਂ ਤੇ ਵਿਅੰਗਮਈ ਅਰਥਾਂ ਦੀ ਅਨੁਭੂਤੀ ਜਾਂ ਪ੍ਰਸਤੁਤੀ ਹੀ ਕਵਿਤਾ ਦੀ ਧੁਨੀ ਹੈ। ਸ਼ਬਦ ਵਿਚੋਂ ਹੀ ਵਿਅੰਗ ਅਤੇ ਵੱਖ-ਵੱਖ ਰਮਜ਼ਾਂ ਫੁੱਟ-ਫੁੱਟ ਨਿਕਲਦੀਆਂ ਹਨ। 'ਧੁਨੀ ਸਿਧਾਂਤ' ਦੇ ਸੰਚਾਲਕ ਆਨੰਦ ਵਰਧਨ ਦੇ ਅਨੁਸਾਰ, "ਜਿਥੇ ਸ਼ਬਦ ਤੇ ਅਰਥ ਆਪਣੇ ਆਮ ਖੇਤਰ ਤੋਂ ਉਤਾਂਹ ਉਠਕੇ ਸ਼ਬਦ ਸ਼ਕਤੀਆਂ (ਅਭਿਧਾ, ਲਕਸ਼ਣਾ, ਵਿਅੰਜਨਾ) ਦੇ ਰਾਹੀਂ ਕਿਸੇ ਅਨੋਖੇ ਵਿਅੰਗ-ਅਰਥ ਨੂੰ ਜ਼ਾਹਰ ਕਰਦੇ ਹਨ ਉਹ ਕਾਵਿ ਧੁਨੀ-ਕਾਵਿ ਹੈ।" (***ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ*** 47)

ਇਕ ਸਿਧਾਂਤ ਦੇ ਰੂਪ ਵਿਚ ਧੁਨੀ ਦਾ ਅਰਥ ਹੈ :- ਵਿਅੰਗ ਜਾਂ ਰਮਜ਼। ਵਿਅੰਗ ਦਾ ਅਦਭੁੱਤ ਤੇ ਅਲੌਕਿਕ ਅਰਥ ਹੁੰਦਾ ਹੈ, ਜਿਹੜਾ ਕਾਵਿ ਦੇ ਪੜ੍ਹੇ ਜਾਣ ਉਪਰੰਤ ਵੀ ਪਾਠਕ ਜਾਂ ਸਰੋਤੇ ਦੇ ਕੰਨਾਂ ਵਿਚ ਗੂੰਜਦਾ ਰਹਿੰਦਾ ਹੈ। ਧੁਨੀ ਰਮਜ਼ੀਆ, ਵਿਅੰਗਮਈ ਜਾਂ ਪ੍ਰਤੀਕ-ਮਈ ਕਵਿਤਾ ਨੂੰ ਕਿਹਾ ਜਾਂਦਾ ਹੈ। ਆਮ ਬੋਲ-ਚਾਲ ਵਿਚ ਵਰਤੇ ਜਾਣ ਵਾਲੇ ਸ਼ਬਦ ਜਦੋਂ ਕਵੀ ਦੁਆਰਾ ਕਵਿਤਾ ਵਿਚ ਸਜਾਏ ਜਾਂ ਵਰਤੇ ਜਾਂਦੇ ਹਨ ਤਾਂ ਉਹਨਾਂ ਸ਼ਬਦਾਂ ਵਿਚੋਂ ਨਵੇਂ-ਨਵੇਂ ਅਰਥਾਂ ਦੀ ਪ੍ਰਤੀਤੀ ਹੁੰਦੀ ਹੈ ਜਿਸ ਨੂੰ ਧੁਨੀ ਕਿਹਾ ਜਾਂਦਾ ਹੈ। ਧੁਨੀ ਰਾਹੀਂ ਕਵਿਤਾ ਵਿਚੋਂ ਇਹ ਪਤਾ ਲਗਾਇਆ ਜਾਂਦਾ ਹੈ ਕਿ ਇਸ ਕਵਿਤਾ ਰਾਹੀਂ ਕਵੀ ਸਾਨੂੰ ਕੀ ਦੱਸਣਾ

ਚਾਹੁੰਦੇ ਹਨ ਜਾਂ ਕਵੀ ਨੇ ਕਵਿਤਾ ਦੇ ਮਾਧਿਅਮ ਰਾਹੀਂ ਸਾਧਾਰਨ ਅਤੇ ਸੂਝਵਾਨ ਪਾਠਕਾਂ ਨੂੰ ਕੀ ਨਵਾਂ ਸਮਝਾਉਣ ਦਾ ਉਪਰਾਲਾ ਕੀਤਾ ਹੈ?

ਕਵਿਤਾ ਵਿਚ ਜਿੱਥੇ ਸ਼ਬਦ ਦਾ ਅਰਥ ਮੁੱਖ-ਅਰਥ ਨਾਲੋਂ ਵਿਅੰਗਾਰਥ ਵਿਚ ਵਧੇਰੇ ਚਮਤਕਾਰ ਜਾਂ ਕਾਵਿਕ ਸੁਹਜ ਪੈਦਾ ਕਰੇ, ਤਾਂ ਉੱਥੇ ਧੁਨੀ ਸਿਧਾਂਤ ਹੁੰਦਾ ਹੈ, ਭਾਵ ਜਿੱਥੇ ਇੱਕ ਸ਼ਬਦ ਵਿਚੋਂ ਸਾਧਾਰਣ ਅਰਥ ਦੇ ਨਾਲ-ਨਾਲ ਇੱਕ ਨਵੇਂ, ਚਮਤਕਾਰੀ ਤੇ ਰਮਣੀਕ ਅਰਥ ਦੀ ਝਲਕ ਉਭਰਦੀ ਹੋਵੇ, ਉਸਨੂੰ ਧੁਨੀ ਕਾਵਿ ਕਿਹਾ ਜਾਂਦਾ ਹੈ। ਕੁਝ ਵਿਦਵਾਨ ਕਾਵਿ ਨੂੰ ਇਕ ਪੁਰਖ ਸਮਝ ਕੇ ਧੁਨੀ ਉਸਦੀ ਆਤਮਾ ਦੱਸਦੇ ਹਨ ਭਾਵ ਸ਼ਬਦ ਤੇ ਅਰਥ ਉਸਦਾ ਸਰੀਰ ਹੈ, ਰੀਤੀ ਜਾਂ ਸ਼ੈਲੀ ਅੰਗ ਅਤੇ ਅਲੰਕਾਰ ਸਰੀਰ ਦੇ ਗਹਿਣੇ ਹਨ। ਵਿਆਕਰਣ ਦੇ ਅਨੁਸਾਰ ਕੰਨਾਂ ਨੂੰ ਜੋ ਸ਼ਬਦ ਸੁਣਾਈ ਦਿੰਦਾ ਹੈ ਉਹ ਅਸਥਿਰ ਤੇ ਨਾਸ਼ਮਾਨ ਹੈ ਕਿਉਂਕਿ ਉਸ ਤੋਂ ਕਿਸੇ ਅਰਥ ਨੂੰ ਨਹੀਂ ਜਾਣਿਆ ਜਾ ਸਕਦਾ। ਜਿਵੇਂ 'ਗਊ' ਸ਼ਬਦ ਵਿਚਲੇ ਅੱਖਰ 'ਗੱਗਾ' ਬੋਲਣ ਵੇਲੇ 'ਊੜਾ' ਅੱਖਰ ਨਹੀਂ ਹੈ ਅਤੇ ਜਦੋਂ 'ਊੜਾ' ਅੱਖਰ ਬੋਲਾਂਗੇ ਤਾਂ 'ਗੱਗਾ' ਅੱਖਰ ਆਕਾਸ਼ ਵਿਚ ਲੋਪ ਹੋ ਚੁੱਕਾ ਹੋਵੇਗਾ। ਸਫੋਟ ਸਿਧਾਂਤ ਦੇ ਅਨੁਸਾਰ ਜਿਸ ਸ਼ਬਦ ਨੂੰ ਪੜ੍ਹ ਕੇ ਜਾਂ ਸੁਣ ਕੇ ਉਸ ਦੇ ਕਈ ਅਰਥਾਂ ਬਾਰੇ ਗਿਆਨ ਹੋਵੇ, ਉਸ ਸ਼ਬਦ ਨੂੰ 'ਸਫੋਟ' ਕਿਹਾ ਜਾਂਦਾ ਹੈ। ਉਦਾਹਰਨ ਲਈ :

ਸਰਬ ਰੋਗ ਕਾ ਅਉਖਦੁ ਨਾਮੁ॥

ਕਲਿਆਣ ਰੂਪ ਮੰਗਲ ਗੁਣ ਗਾਮ॥ (***ਸ੍ਰੀ ਗੁਰੂ ਗ੍ਰੰਥ ਸਾਹਿਬ*** 274)

ਉਪਰੋਕਤ ਕਾਵਿ-ਸਤਰਾਂ ਵਿਚ 'ਰੋਗ' ਸ਼ਬਦ ਦਾ ਮੁਢਲਾ ਅਰਥ ਬਿਮਾਰੀ, ਮਰਜ਼ ਜਾਂ ਕਮੀ ਹੈ, ਪਰੰਤੂ ਇੱਥੇ 'ਰੋਗ' ਸ਼ਬਦ ਦੀ ਵਰਤੋਂ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਲਈ ਕੀਤੀ ਗਈ ਹੈ ਕਿਉਂਕਿ ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਪੰਜ ਵਿਕਾਰਾਂ ਵਿਚ ਗੁਆਚਿਆ ਮਨੁੱਖ ਪਰਮਾਤਮਾ ਦੇ ਨਾਮ-ਸਿਮਰਨ ਤੋਂ ਬਿਨ੍ਹਾਂ ਇਕ ਮਾਨਸਿਕ ਰੋਗੀ ਦੀ ਤਰ੍ਹਾਂ ਜੀਵਨ ਬਤੀਤ ਕਰਦਾ ਹੈ। ਉਪਰੋਕਤ ਕਾਵਿ-ਸਤਰਾਂ ਵਿਚ 'ਅਉਖਦੁ' ਸ਼ਬਦ ਦਾ ਮੁਢਲਾ ਅਰਥ ਔਸ਼ਧੀ ਜਾਂ ਦਵਾਈ ਹੈ, ਪਰੰਤੂ ਇੱਥੇ 'ਅਉਖਦੁ' ਸ਼ਬਦ ਦੀ ਵਰਤੋਂ

ਪਰਮਾਤਮਾ ਦੇ ਨਾਮ-ਸਿਮਰਨ ਲਈ ਕੀਤੀ ਗਈ ਹੈ ਕਿਉਂਕਿ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਨਾਲ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਵਰਗੇ ਸਭ ਮਾਨਸਿਕ ਰੋਗਾਂ ਦਾ ਖਾਤਮਾ ਹੋ ਜਾਂਦਾ ਹੈ। 'ਧੁਨੀ' ਸ਼ਬਦ ਦਾ ਅਰਥ ਜਾਂ ਭਾਵ ਸੰਕੇਤਕ, ਸੁਝਾਊ, ਰਮਜ਼, ਸ਼ਬਦ ਜਾਂ ਕਾਵਿ ਹੈ। ਧੁਨੀ ਦਾ ਕੋਸ਼ਗਤ ਅਰਥ ਸੁਰ ਜਾਂ ਗੂੰਜ ਹੈ। ਆਨੰਦ ਵਰਧਨ ਦੇ ਅਨੁਸਾਰ, "ਮਹਾਨ ਕਵੀਆਂ ਦੀ ਕਾਵਿ-ਬਾਣੀ ਵਿਚ ਕੁਝ ਹੋਰ ਵੀ ਚਮਤਕਾਰੀ ਵਸਤੂ ਜਾਂ ਅਰਥ ਇਉਂ ਸੁਝਦਾ ਪ੍ਰਤੀਤ ਹੁੰਦਾ ਹੈ ਜਿਵੇਂ ਕਿਸੇ ਸੁੰਦਰੀ ਦੇ ਵੱਖ-ਵੱਖ ਅੰਗਾਂ ਦੀ ਸੁੰਦਰਤਾ ਤੋਂ ਇਲਾਵਾ ਇੱਕ ਨਿਵੇਕਲੇ ਰੂਪ ਸੁਹਜ ਦੀ ਸ਼ੋਭਾ ਵਰਤਮਾਨ ਹੁੰਦੀ ਹੈ।" (ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ 40)

**3. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ: ਧੁਨੀ ਸੰਪਰਦਾਇ :-** ਗੁਰੂ ਅਰਜਨ ਦੇਵ ਜੀ ਇਕ ਧਾਰਮਿਕ ਗੁਰੂ ਹੋਣ ਦੇ ਨਾਲ-ਨਾਲ ਇਕ ਵਧੀਆ ਸਾਹਿਤਕਾਰ ਜਾਂ ਕਵੀ ਵੀ ਸਨ ਜਿਨ੍ਹਾਂ ਦੀ ਬਾਣੀ ਵਿਚ ਰਹੱਸਵਾਦੀ ਅਤੇ ਅਧਿਆਤਮਕ ਰੰਗ, ਬੁੱਧੀ, ਭਾਵ ਅਤੇ ਸੁਹਜ ਦਾ ਸੰਤੁਲਨ, ਸ਼ੈਲੀ ਵਿਚ ਸਹਿਜ, ਸੰਜਮ, ਠਰ੍ਹੰਮਾ ਤੇ ਡੂੰਘਾਈ ਹੈ। ਗੁਰੂ ਜੀ ਨੇ ਭਾਵਕਤਾ ਦੀ ਥਾਂ ਬੜੇ ਸੋਚੇ-ਸਮਝੇ ਢੰਗ ਨਾਲ ਰਹੱਸਮਈ ਵਿਚਾਰ ਨੂੰ ਪ੍ਰਗਟਾਇਆ ਹੈ। ਗੁਰੂ ਅਰਜਨ ਦੇਵ ਜੀ ਬਾਣੀ ਦਾ ਅਧਿਐਨ ਕਰਦਿਆਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ ਜੀ ਦੁਆਰਾ ਵਰਤੇ ਗਏ ਸ਼ਬਦ ਬਹੁ-ਅਰਥੀ ਅਤੇ ਬਹੁ-ਪਰਤੀ ਹਨ ਕਿਉਂਕਿ ਉਨ੍ਹਾਂ ਸ਼ਬਦਾਂ ਦੇ ਅਰਥ ਬਹੁ-ਅਰਥੀ ਅਤੇ ਬਹੁ-ਪਰਤੀ ਹਨ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਵਰਤੇ ਗਏ ਕੁਝ ਬਹੁ-ਅਰਥੀ ਅਤੇ ਬਹੁ-ਪਰਤੀ ਸ਼ਬਦ ਹੇਠ ਲਿਖੇ ਹਨ:

**ਸੋਇ**

1. ਸੋਇ - ਪੜਨਾਂਵੀ ਵਿਸ਼ੇਸ਼ਣ - ਉਹ

    ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਦਿਨੁ ਨੇੜੈ ਆਇਆ 'ਸੋਇ'॥੪॥੧॥੪॥ ਸਿਰੀਰਾਗੁ )
    (77 ਪੰਨਾ ,5 :ਪਹਰੇ ਮ

2. ਸੋਇ - ਨਾਂਵ - ਸੋਭਾ

ਸੁਣਿ ਸੁਣਿ ਜੀਵਾ 'ਸੋਇ' ਤੁਮਾਰੀ॥੧॥੩੩॥ (104 ਪੰਨਾ ,5 :ਮਾਝ ਮ)

3. ਸੋਇ - ਕਿਰਿਆ

ਦ੍ਰਿਸਟਿ ਨ ਆਵਹਿ ਅੰਧ ਅਗਿਆਨੀ

'ਸੋਇ ਰਹਿਓ' ਮਦ ਮਾਵਤ ਹੇ॥੩॥੨॥੮੮॥ (822 ਪੰਨਾ ,5 :ਬਿਲਾਵਲੁ ਮ)

**ਨਿਆਈ**

1. ਨਾਂਵ - ਨਿਆਉ ਕਰਨ ਵਾਲਾ

ਆਪੇ ਤਖਤਿ ਬਹੈ ਸਚੁ 'ਨਿਆਈ'॥੩॥੧੦॥ (97 ਪੰਨਾ ,5 :ਮਾਝ ਮ)

2. ਸੰਬੰਧਕ

ਬਿਲਪ ਕਰੇ ਚਾਤ੍ਰਿਕ 'ਕੀ ਨਿਆਈ'॥੧॥੮॥

ਹੋਏ ਕ੍ਰਿਪਾਲ ਮਾਤ ਪਿਤ 'ਨਿਆਈ' ਬਾਰਿਕ ਜਿਉ ਪ੍ਰਤਿਪਾਰਿਆ॥੧॥੬॥੪੫॥ ਪੰਨਾ ,5 :ਆਸਾ ਮ)
(382

**ਪਾਹਿ**

1. ਕਿਰਿਆ - ਪਾਂਦੇ ਹਨ

ਮਾਰਣ 'ਪਾਹਿ' ਹਰਾਮ ਮਹਿ ਹੋਇ ਹਲਾਲੁ ਨ ਜਾਇ॥੨॥੭॥ (141 ਪੰਨਾ ,ਮਾਝ ਕੀ ਵਾਰ)

2. ਸੰਬੰਧਕ - ਪਾਸ

ਕਹੁ ਬੇਨੰਤੀ ਅਪੁਨੇ ਸਤਿਗੁਰ 'ਪਹਿ'॥੨੧॥੬॥ (182 ਪੰਨਾ ,5 :ਗਉੜੀ ਮ)

**ਰੰਗਿ**

1. ਕਿਰਿਆ

ਇਹੁ ਮਨੁ ਸੁੰਦਰਿ ਆਪਣਾ ਹਰਿ ਨਾਮਿ ਮਜੀਠੈ 'ਰੰਗਿ' ਰੀ॥੧੬॥੧੧੮॥ ਪੰਨਾ ,5 :ਆਸਾ ਮ)
(400

2. ਨਾਂਵ - ਰੰਗ ਵਿਚ

ਨਾਮ 'ਰੰਗਿ' ਇਹੁ ਮਨੁ ਤ੍ਰਿਪਤਾਨਾ

ਬਹੁਰਿ ਨ ਕਤਹੂੰ ਧਾਵਉ ਰੇ॥੧॥੨॥੧੩੧॥ 5 :ਆਸਾ ਮ), ਪੰਨਾ 404)

**ਅੰਤਰਿ**

1. ਸੰਬੰਧਕ

ਘਟ ਘਟ 'ਅੰਤਰਿ' ਤੂੰ ਹੈ ਵੁਠਾ॥੩॥੯॥ (97 ਪੰਨਾ ,5 :ਮਾਝ ਮ)

2. ਕਿਰਿਆ ਵਿਸ਼ੇਸ਼ਣ

'ਅੰਤਰਿ ਬਾਹਰਿ' ਤੇਰੀ ਬਾਣੀ॥੩॥੧੭॥ (99 ਪੰਨਾ ,5 :ਮਾਝ ਮ)

**ਸਾ**

1. ਵਿਸ਼ੇਸ਼ਣ - ਅਜਿਹੀ

'ਸਾ' ਮਤਿ ਨਿਰਮਲ ਕਹੀਅਤ ਧਰਿ॥੧॥੧੬੧॥ (198 ਪੰਨਾ ,5 :ਗਉੜੀ ਮ)

2. ਸੰਬੰਧਕ - ਵਰਗਾ

ਸਿਮਰਿ ਸੁਆਮੀ ਹਰਿ 'ਸਾ' ਮੀਤ॥੪॥੧੬੦॥ (198 ਪੰਨਾ ,5 :ਗਉੜੀ ਮ)

3. ਪੜਨਾਂਵ - ਉਹ

ਪਾਰਬ੍ਰਹਮਿ 'ਸਾ' ਅਗਨਿ ਮਹਿ ਸਾੜੀ॥੧॥੧੬੭॥ (199 ਪੰਨਾ ,5 :ਗਉੜੀ ਮ)

4. ਕਿਰਿਆ - ਸੀ

ਹੋਣਾ 'ਸਾ' ਸੋਈ ਫਨਿ ਹੋਸੀ ਸੁਖੁ ਦੁਖੁ ਕਹਾ ਦਿਖਾਇਓ॥੨॥੨॥੧੨੩॥ ਪੰਨਾ ,5 :ਗਉੜੀ ਮ)
(204

**ਸੋ**

1. ਪੜਨਾਂਵ

'ਸੋ' ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ॥੩॥੩॥੩੩॥ (808 ਪੰਨਾ ,5 :ਬਿਲਾਵਲੁ ਮ)

2. ਕਿਰਿਆ

ਜਬ ਇਹੁ ਨ 'ਸੋ' ਤਬ ਕਿਨਹਿ ਉਪਾਇਆ॥੨॥੩੮॥ (1161 ਪੰਨਾ ,5 :ਭੈਰਉ ਮ)

**ਹਉ**

1. ਪੜਨਾਂਵ - ਮੈਂ

'ਹਉ' ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ॥੩॥ (ਸੂਹੀ ਮ: 5, ਪੰਨਾ (767

2. ਨਾਂਵ - ਹਉਮੈ

'ਹਉ' ਛੁਟਕੈ ਹੋਇ ਅਨੰਦ ਤਿਹ,

'ਹਉ' ਨਾਹੀ ਤਹ ਆਪਿ॥੫੧॥ (ਗਉੜੀ ਬਾਵਨ ਅੱਖਰੀ ਮ: 5, ਪੰਨਾ (260)

**ਤਉ**

1. ਪੜਨਾਂਵ - ਸੰਬੰਧ ਕਾਰਕ - ਤੇਰੀ

ਫਿਰਤ ਫਿਰਤ ਪ੍ਰਭ ਆਇਆ ਪਰਿਆ 'ਤਉ' ਸਰਨਾਇ॥੧॥੨੦॥ (ਸੁਖਮਨੀ ਸਾਹਿਬ)

2. ਕਿਰਿਆ ਵਿਸ਼ੇਸ਼ਣ - ਤਾਂ, ਤਦੋਂ

ਖੇਲੁ ਸੰਕੋਚੇ 'ਤਉ' ਨਾਨਕ ਏਕੈ॥੭॥੨੧॥ (ਸੁਖਮਨੀ ਸਾਹਿਬ)

**3.1. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਅਭਿਧਾ ਸ਼ਬਦ ਸ਼ਕਤੀ ਦਾ ਪ੍ਰਸਤੁਤੀਕਰਨ:-** ਅਭਿਧਾ ਸ਼ਬਦ ਸ਼ਕਤੀ ਦੁਆਰਾ ਮੂਲ ਜਾਂ ਮੁੱਢਲੇ ਅਰਥ ਦਾ ਗਿਆਨ ਹੁੰਦਾ ਹੈ। ਜਿਥੇ ਸ਼ਬਦ ਦਾ ਅਰਥ ਵਿਚ ਅਤੇ ਅਰਥ ਦਾ ਸ਼ਬਦ ਵਿਚ ਪ੍ਰਤੱਖ ਸੰਬੰਧ ਹੋਵੇ ਉਥੇ ਅਭਿਧਾ-ਸ਼ਕਤੀ ਹੁੰਦੀ ਹੈ, ਭਾਵ ਕਿਸੇ ਵੀ ਸ਼ਬਦ ਤੋਂ ਪ੍ਰਗਟ

ਹੁੰਦਾ ਸਿੱਧਾ ਮੂਲ ਅਰਥ (ਮੁੱਢਲਾ ਅਰਥ, ਕੋਸ਼ਗਤ ਅਰਥ, ਪ੍ਰੰਪਰਾਵਾਦੀ ਅਰਥ) ਸ਼ਬਦ ਦੀ ਅਭਿਧਾ ਸ਼ਕਤੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿਨ੍ਹਾਂ ਨੂੰ ਅਸੀਂ ਬਹੁਤ ਹੀ ਅਸਾਨੀ ਨਾਲ ਸਮਝ ਸਕਦੇ ਹਾਂ। ਗੁਰੂ ਜੀ ਨੇ ਬਹੁਤ ਹੀ ਸੂਝਬੂਝ ਨਾਲ ਬਾਣੀ ਵਿਚ ਸ਼ਬਦਾਂ ਦੀ ਵਰਤੋਂ ਕੀਤੀ ਹੈ। ਅਸੀਂ ਇਸ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਕ੍ਰਮਵਾਰ ਤਿੰਨ ਸ਼ਬਦ ਸ਼ਕਤੀਆਂ (ਅਭਿਧਾ, ਲਕਸ਼ਣਾ, ਵਿਅੰਜਨਾ) ਦੇ ਆਧਾਰ 'ਤੇ ਮੁਲਾਂਕਣ ਕਰਨ ਦਾ ਵਿਲੱਖਣ ਉਪਰਾਲਾ ਕਰਾਂਗੇ। ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਅਭਿਧਾ ਸ਼ਬਦ ਸ਼ਕਤੀ ਦੇ ਆਧਾਰ ਤੇ ਮੁਲਾਂਕਣ ਹੇਠ ਲਿਖੇ ਅਨੁਸਾਰ ਹੈ:

> ਹਰ ਕੀਰਤਨ ਸੁਣੈ ਹਰਿ ਕੀਰਤਨ ਗਾਵੈ॥
>
> ਤਿਸੁ ਜਨ ਦੂਖੁ ਨਿਕਟਿ ਨਹੀ ਆਵੈ॥੨॥ (190)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿਨ੍ਹਾਂ ਦੇ ਮੂਲ ਅਰਥ ਪ੍ਰੰਪਰਾਵਾਦੀ ਅਤੇ ਕੋਸ਼ਗਤ ਹਨ। ਗੁਰੂ ਜੀ ਦੇ ਅਨੁਸਾਰ ਜਿਹੜਾ ਮਨੁੱਖ ਉਸ ਪਰਮਾਤਮਾ ਦੀ ਮਹਿਮਾ ਦਾ ਸਤਿਸੰਗ ਸੁਣਦਾ ਹੈ ਅਤੇ ਦਿਨ-ਰਾਤ ਉਸ ਦੀ ਮਹਿਮਾ ਗਾਉਂਦਾ ਹੈ ਉਸ ਦੇ ਜੀਵਨ ਵਿਚ ਕਦੇ ਵੀ ਦੁੱਖ ਨਹੀਂ ਆਉਂਦੇ ਅਤੇ ਉਸ ਨੂੰ ਕਦੇ ਵੀ ਕਿਸੇ ਵੀ ਕਿਸਮ ਦੀ ਘਾਟ ਨਹੀਂ ਰਹਿੰਦੀ। ਇੱਥੇ 'ਕੀਰਤਨ' ਸ਼ਬਦ ਦਾ ਅਰਥ ਸ਼ਬਦ-ਗਾਇਨ, ਸ਼ਬਦ ਨੂੰ ਰਾਗਾਂ ਵਿਚ ਗਾਉਣਾ ਜਾਂ ਪ੍ਰਭੂ ਉਸਤਤਿ ਹੈ, 'ਹਰਿ' ਸ਼ਬਦ ਦਾ ਅਰਥ ਪ੍ਰਭੂ ਜਾਂ ਪਰਮਾਤਮਾ ਅਤੇ 'ਨਿਕਟਿ' ਸ਼ਬਦ ਦਾ ਅਰਥ ਨੇੜ੍ਹੇ ਹੈ। ਇੱਥੇ ਅਸੀਂ ਬਹੁਤ ਹੀ ਆਸਾਨੀ ਨਾਲ ਕਾਵਿ-ਸਤਰਾਂ ਦੇ ਅਰਥਾਂ ਨੂੰ ਸਮਝ ਸਕਦੇ ਹਾਂ।

> ਕਲਜੁਗ ਮਹਿ ਕੀਰਤਨੁ ਪਰਧਾਨਾ॥
>
> ਗੁਰਮੁਖਿ ਜਪੀਐ ਲਾਇ ਧਿਆਨਾ॥ (1075)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਵਿਚਾਰਾਂ ਨੂੰ ਪ੍ਰਸਤੁਤ ਕਰਨ ਲਈ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿਨ੍ਹਾਂ ਸ਼ਬਦਾਂ ਦੇ ਅਰਥ ਆਮ ਪ੍ਰਚਲਿਤ ਹਨ। ਇੱਥੇ 'ਕਲਜੁਗ' ਸ਼ਬਦ ਦਾ ਅਰਥ ਦੁਖਦਾਈ ਜਾਂ ਬੁਰਾ ਸਮਾਂ, 'ਕੀਰਤਨ' ਸ਼ਬਦ ਦਾ ਅਰਥ ਸ਼ਬਦ-ਗਾਇਨ ਜਾਂ ਪ੍ਰਭੂ ਉਸਤਤਿ ਅਤੇ 'ਗੁਰਮੁਖਿ' ਸ਼ਬਦ ਗੁਰੂ ਦੀ ਸਿੱਖਿਆ 'ਤੇ ਵੱਲਣ ਵਾਲੇ ਵਿਅਕਤੀ ਲਈ ਵਰਤਿਆ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਕਲਜੁਗ ਦੇ ਦੁਖਦਾਈ ਜਾਂ ਮਾੜੇ ਸਮੇਂ ਵਿਚ ਗੁਰੂ ਦੀ ਸਿੱਖਿਆ 'ਤੇ ਚੱਲਣ ਵਾਲਾ ਵਿਅਕਤੀ ਹਰ ਸਮੇਂ ਪ੍ਰਭੂ ਦੀ ਮਹਿਮਾ ਜਾਂ ਉਸਤਤ ਵਿਚ ਸ਼ਬਦ ਗਾਇਨ ਜਾਂ ਸਿਮਰਨ ਕਰਦਾ ਰਹਿੰਦਾ ਹੈ।

ਤੂੰ ਠਾਕੁਰ ਤੁਮ ਪਹਿ ਅਰਦਾਸਿ॥ ਜੀਉ ਪਿੰਡੁ ਸਭੁ ਤੇਰੀ ਰਾਸਿ॥

ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥

ਕੋਇ ਨ ਜਾਨੈ ਤੁਮਰਾ ਅੰਤੁ॥ ਊਚੇ ਤੇ ਊਚਾ ਭਗਵੰਤ॥

ਸਗਲ ਸਮਗ੍ਰੀ ਤੁਮਰੈ ਸੂਤ੍ਰਿ ਧਾਰੀ॥ ਤੁਮ ਤੇ ਹੋਇ ਸੁ ਆਗਿਆਕਾਰੀ॥

ਤੁਮਰੀ ਗਤਿ ਮਤਿ ਤੁਮ ਹੀ ਜਾਨੀ॥ ਨਾਨਕ ਦਾਸ ਸਦਾ ਕੁਰਬਾਨੀ॥੮॥੪॥ (266)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਸਨਮੁਖ ਬੇਨਤੀ ਕੀਤੀ ਹੈ ਕਿ ਹੇ ਪਰਮਾਤਮਾ ਤੂੰ ਸਾਡਾ ਸੁਆਮੀ ਹੈ ਕਿਉਂਕਿ ਇਹ ਸਰੀਰ ਅਤੇ ਜੀਵਨ ਤੁਹਾਡੇ ਦੁਆਰਾ ਦਿੱਤੀ ਹੋਈ ਬਖ਼ਸ਼ੀਸ਼ ਜਾਂ ਵਡਮੁੱਲੀ ਦਾਤ ਹੈ। ਅਸੀਂ ਤੇਰੇ ਬੱਚੇ ਹਾਂ, ਤੂੰ ਸਾਡਾ ਮਾਤਾ-ਪਿਤਾ ਹੈਂ ਅਤੇ ਇਹ ਸਾਰੇ ਸੁੱਖ ਤੁਹਾਡੀ ਕਿਰਪਾ ਨਾਲ ਹੀ ਪ੍ਰਾਪਤ ਹੋ ਰਹੇ ਹਨ। ਗੁਰੂ ਜੀ ਦੇ ਅਨੁਸਾਰ ਕੋਈ ਵੀ ਵਿਅਕਤੀ ਉਸ ਪਰਮਾਤਮਾ ਦਾ ਅੰਤ ਨਹੀਂ ਪਾ ਸਕਦਾ ਹੈ। ਇਸ ਸੰਸਾਰ ਵਿਚ ਸਾਰੇ ਜੀਵ-ਜੰਤੂ ਉਸ ਪਰਮਾਤਮਾ ਦੀ ਕਿਰਪਾ ਨਾਲ ਹੀ ਚੱਲ ਰਹੇ ਹਨ। ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਅਜਿਹੇ ਸ਼ਬਦਾਂ (ਠਾਕੁਰ - ਸੁਆਮੀ, ਅਰਦਾਸਿ - ਬੇਨਤੀ, ਰਾਸਿ - ਬਖ਼ਸ਼ੀਸ਼ ਜਾਂ ਦਾਤ, ਬਾਰਿਕ - ਬੱਚੇ, ਘਨੇਰੇ - ਬਹੁਤ, ਸੂਤ੍ਰਿ - ਹੁਕਮ ਵਿਚ, ਮਿਤਿ - ਅੰਦਾਜ਼ਾ, ਕੁਰਬਾਨੀ - ਬਲਿਹਾਰ) ਦੀ ਵਰਤੋਂ ਕੀਤੀ ਹੈ ਜਿਨ੍ਹਾਂ ਦੇ ਮੂਲ ਅਰਥ ਪ੍ਰੰਪਰਾਵਾਦੀ ਅਤੇ

ਕੋਸ਼ਗਤ ਹਨ ਅਤੇ ਓਪਰੋਕਤ ਕਾਵਿ-ਸਤਰਾਂ ਨੂੰ ਪੜ੍ਹ ਕੇ ਬਾਣੀ ਦੇ ਅਰਥ ਆਸਾਨੀ ਨਾਲ ਸਪੱਸ਼ਟ ਹੋ ਜਾਂਦੇ ਹਨ।

ਜਾ ਤੂੰ ਮੇਰੇ ਵਲਿ ਹੈ ਤਾ ਕਿਆ ਮੁਹਛੰਦਾ॥

ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥

ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ॥

ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ॥ (1096)

ਓਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਦੀ ਮਹਿਮਾ ਦਾ ਬਿਆਨ ਕਰਦੇ ਹੋਏ ਦੱਸਦੇ ਹਨ ਕਿ ਜੇਕਰ ਉਸ ਪਰਮ-ਪਰਮਾਤਮਾ ਦੀ ਕਿਰਪਾ ਕਿਸੇ ਜੀਵ ਉਪਰ ਹੋ ਜਾਵੇ ਤਾਂ ਉਸ ਨੂੰ ਕਿਸੇ ਕਿਸਮ ਦੀ ਕੋਈ ਘਾਟ ਜਾਂ ਡਰ ਨਹੀਂ ਰਹਿੰਦਾ। ਉਹ ਪਰਮਾਤਮਾ ਇਸ ਸੰਸਾਰ ਵਿਚ ਰਹਿਣ ਵਾਲੇ ਸਭ ਜੀਵਾਂ ਨੂੰ ਹਰ ਪ੍ਰਕਾਰ ਦੀਆ ਦਾਤਾ ਦਿੰਦਾ ਹੈ। ਗੁਰੂ ਜੀ ਅਨੁਸਾਰ ਰੱਬ ਨੂੰ ਮੰਨਣ ਵਾਲੇ ਵਿਅਕਤੀ ਨੂੰ ਕਿਸੇ ਵੀ ਕਿਸਮ ਦੀ ਕੋਈ ਵੀ ਘਾਟ ਨਹੀਂ ਰਹਿੰਦੀ ਅਤੇ ਹਰ ਜਨਮ ਵਿਚ ਉਹ ਪਰਮਾਤਮਾ ਦਾ ਸਿਮਰਨ ਜਾਂ ਵਡਿਆਈ ਕਰਦਾ ਹੈ। ਇੱਥੇ ਓਪਰੋਕਤ ਕਾਵਿ-ਸਤਰਾਂ ਨੂੰ ਪੜ੍ਹ ਕੇ ਹਰ ਪਾਠਕ ਜਾਂ ਸਾਧਕ ਗੁਰੂ ਜੀ ਦੁਆਰਾ ਦਿੱਤੇ ਸੰਦੇਸ਼ ਨੂੰ ਆਸਾਨੀ ਨਾਲ ਸਮਝ ਕੇ ਨੇਕੀ ਜਾਂ ਸਮਾਜ ਭਲਾਈ ਦੇ ਕੰਮ ਕਰ ਸਕਦਾ ਹੈ।

ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾਕੀ ਦੁਰਮਤਿ ਨਾਸ॥

ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ॥ (1300)

ਓਪਰੋਕਤ ਕਾਵਿ-ਪੰਕਤੀਆਂ ਰਾਹੀਂ ਗੁਰੂ ਅਰਜਨ ਦੇਵ ਜੀ ਨੇ ਕੀਰਤਨ ਅਤੇ ਨਾਮ ਸਿਮਰਨ ਦੀ ਮਹਾਨਤਾ ਦੀ ਮਹਤੱਤਾ ਨੂੰ ਉਜਾਗਰ ਕੀਤਾ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਜਿਹੜਾ ਵੀ ਵਿਅਕਤੀ ਉਸ ਪ੍ਰਭੂ ਜਾਂ ਪਰਮਾਤਮਾ ਦੀ ਵਡਿਆਈ ਜਾਂ ਮਹਿਮਾ ਸੁਣਦਾ ਹੈ ਅਤੇ ਪਰਮਾਤਮਾ ਦਾ ਨਾਮ ਸਿਮਰਨ ਕਰਦਾ ਹੈ ਉਸਦੀ ਦੁਰਮਤਿ ਭਾਵ ਗਲਤ ਵਿਚਾਰਧਾਰਾ ਜਾਂ ਸੋਚ ਦਾ ਨਾਸ਼ ਹੋ ਜਾਂਦਾ ਹੈ ਅਤੇ ਉਸ ਵਿਅਕਤੀ ਦੀ ਹਰ

ਇਕ ਮਨੋਕਾਮਨਾ ਜਾਂ ਇੱਛਾ ਪੂਰੀ ਹੋ ਜਾਂਦੀ ਹੈ। ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਮ ਪ੍ਰਚਲਿਤ ਸ਼ਬਦਾਂ (ਕਥਾ - ਕਹਾਣੀ, ਕੀਰਤਨ - ਸ਼ਬਦ-ਗਾਇਨ ਜਾਂ ਪ੍ਰਭੂ ਉਸਤਤਿ, ਦੁਰਮਤਿ - ਗਲਤ ਜਾਂ ਬੁਰੀ ਸੋਚ, ਸਗਲ - ਹਰੇਕ, ਮਨੋਰਥ - ਇੱਛਾ, ਪੂਰਨ - ਪੂਰੀ, ਆਸ - ਇੱਛਾ ਜਾਂ ਮਨੋਕਾਮਨਾ) ਦੀ ਵਰਤੋਂ ਕੀਤੀ ਹੈ। ਸ੍ਰੀ ਹਰਿਮੰਦਰ ਸਾਹਿਬ ਤੋਂ ਵਰਤਮਾਨ ਸਮੇਂ ਤੱਕ ਕੀਰਤਨ ਦਾ ਨਿਰੰਤਰ ਕੀਰਤਨ ਪ੍ਰਵਾਹ ਸੰਗੀਤ ਅਤੇ ਅਧਿਆਤਮਕ ਖੇਤਰ ਵਿਚ ਨਿਵੇਕਲੀ ਤੇ ਅਦੁੱਤੀ ਮਿਸਾਲ ਹੈ ਜਿਸ ਦੇ ਅੰਤਰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਵੱਖ-ਵੱਖ ਰਾਗਾਂ, ਗਾਇਨ ਸ਼ੈਲੀਆਂ ਅਤੇ ਵਿਸ਼ੇਸ਼ ਸ਼ਾਜਾਂ ਰਾਹੀਂ ਗਾਇਨ ਕੀਤਾ ਜਾਂਦਾ ਹੈ।

ਗੁਨ ਕੀਰਤਿ ਨਿਧਿ ਮੋਰੀ॥੧॥ਰਹਾਉ॥

ਤੂੰ ਹੀ ਰਸ ਤੂੰ ਹੀ ਜਸ ਤੂੰ ਹੀ ਰੂਪ ਤੂੰ ਹੀ ਰੰਗ॥

ਆਸ ਓਟ ਪ੍ਰਭ ਤੋਰੀ॥੧॥

ਤੂੰ ਹੂ ਮਾਨ ਤੂੰ ਹੀ ਧਾਨ ਤੂੰ ਹੀ ਪਤਿ ਤੂੰ ਹੀ ਪ੍ਰਾਨ॥ (213-294)

ਉਪਰੋਕਤ ਕਾਵਿ-ਪੰਕਤੀਆਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਉਸ ਪ੍ਰਭੂ ਜਾਂ ਪਰਮਾਤਮਾ ਦੀ ਉਸਤਤਿ ਜਾਂ ਮਹਿਮਾਂ ਦਾ ਵਰਨਣ ਕਰਦੇ ਹੋਏ ਦੱਸਦੇ ਹਨ ਕਿ ਇਸ ਸੰਸਾਰ ਦੀ ਰਚਨਾ ਕਰਨ ਵਾਲਾ ਉਹ ਪਰਮਾਤਮਾ ਖ਼ੁਦ ਹੈ ਜੋ ਇਸ ਸੰਸਾਰ ਦੇ ਕਣ-ਕਣ ਵਿਚ ਵਸਿਆ ਹੋਇਆ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਉਸ ਪਰਮਾਤਮਾ ਦੀ ਮਹਿਮਾ ਦਾ ਬਿਆਨ ਕਰਨਾ ਮੇਰੇ ਵਾਸਤੇ ਬਹੁਤ ਹੀ ਮਾਣ ਵਾਲੀ ਗੱਲ ਹੈ ਕਿਉਂਕਿ ਉਸ ਪਰਮਾਤਮਾ ਦੀ ਕਿਰਪਾ ਤੋ ਬਿਨ੍ਹਾਂ ਇਕ ਪੱਤਾ ਵੀ ਨਹੀਂ ਹਿੱਲ ਸਕਦਾ ਹੈ। ਇਸ ਸੰਸਾਰ ਵਿਚ ਹਰੇਕ ਕੰਮ ਤੁਹਾਡੀ ਕਿਰਪਾ ਨਾਲ ਹੀ ਹੋ ਰਿਹਾ ਹੈ ਕਿਉਂਕਿ ਤੁਹਾਡੀ ਮਿਹਰ ਸਦਕਾ ਹੀ ਲੋਕਾਂ ਨੂੰ ਜਸ, ਧਨ, ਇੱਜਤ ਅਤੇ ਜੀਵਣ ਦੀ ਪ੍ਰਾਪਤੀ ਹੋ ਰਹੀ ਹੈ। ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਮ ਪ੍ਰਚਲਿਤ ਸ਼ਬਦਾਂ (ਗੁਨ - ਗੁਣ, ਕੀਰਤਿ - ਸ਼ਬਦ ਗਾਇਨ, ਨਿਧਿ - ਧਨ ਦੌਲਤ, ਮੋਰੀ - ਮੇਰੀ, ਰਸ -

ਮਿਠਾਸ, ਜਸ - ਮਹਿਮਾ ਜਾਂ ਪ੍ਰਸਿੱਧੀ, ਰੂਪ-ਰੰਗ - ਸ਼ਕਲ-ਸੂਰਤ, ਆਸ - ਆਸਰਾ, ਮਾਨ - ਗੌਰਵ, ਧਾਨ - ਧਨ-ਦੌਲਤ, ਪਤਿ - ਇੱਜਤ, ਪ੍ਰਾਣ -ਜਿੰਦਗੀ ਜਾਂ ਜੀਵਨ) ਦੀ ਵਰਤੋਂ ਕੀਤੀ ਹੈ।

ਬ੍ਰਹਮ ਗਿਆਨੀ ਸਦਾ ਨਿਰਲੇਪ॥

ਜੈਸੇ ਜਲ ਮਹਿ ਕਮਲ ਅਲੇਪ॥

ਬ੍ਰਹਮ ਗਿਆਨੀ ਸਦਾ ਨਿਰਦੋਖ॥

ਜੈਸੇ ਸੂਰੁ ਸਰਬ ਕਉ ਸੋਖ॥

ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥

ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥ (272)

ਓਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਬ੍ਰਹਮ ਗਿਆਨੀ ਦੇ ਗੁਣਾਂ ਦਾ ਵਰਨਣ ਕਰਦੇ ਹੋਏ ਦੱਸਦੇ ਹਨ ਕਿ ਬ੍ਰਹਮ ਗਿਆਨੀ ਇਸ ਸੰਸਾਰ ਵਿਚ ਰਹਿੰਦੇ ਹੋਏ ਮੋਹ ਮਾਇਆ ਦੇ ਪ੍ਰਭਾਵ ਤੋਂ ਦੂਰ ਜਾਂ ਮੁਕਤ ਰਹਿੰਦਾ ਹੈ ਜਿਸ ਤਰ੍ਹਾਂ ਇਕ ਕਮਲ ਦਾ ਫੁੱਲ ਗੰਦੇ ਪਾਣੀ ਵਿਚ ਰਹਿਣ ਦੇ ਬਾਵਜੂਦ ਪਾਣੀ ਤੋਂ ਅਣਭਿੱਜ ਰਹਿੰਦਾ ਹੈ। ਗੁਰੂ ਜੀ ਅਨੁਸਾਰ ਬ੍ਰਹਮ ਗਿਆਨੀ ਹਰ ਪ੍ਰਕਾਰ ਦੇ ਪਾਪਾਂ ਤੋਂ ਮੁਕਤ ਰਹਿੰਦਾ ਹੈ। ਬ੍ਰਹਮ ਗਿਆਨੀ ਦੇ ਤੇਜ ਨਾਲ ਪਾਪ ਇਸ ਤਰ੍ਹਾਂ ਨਸ਼ਟ ਹੋ ਜਾਂਦੇ ਹਨ ਜਿਵੇਂ ਸੂਰਜ ਸਭ ਚੀਜਾਂ ਨੂੰ ਸੁਕਾ ਦਿੰਦਾ ਹੈ। ਗੁਰੂ ਜੀ ਅਨੁਸਾਰ ਬ੍ਰਹਮ ਗਿਆਨੀ ਹਰ ਇਕ ਵਿਅਕਤੀ ਨੂੰ ਸਮਾਨ ਦ੍ਰਿਸ਼ਟੀ ਨਾਲ ਦੇਖਦਾ ਹੈ ਜਿਵੇਂ ਹਵਾ ਰਾਜੇ ਅਤੇ ਗਰੀਬ ਨੂੰ ਇਕੋ ਜਿਹਾ ਸੁਖ ਅਤੇ ਅਰਾਮ ਦਿੰਦੀ ਹੈ। ਓਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਅਜਿਹੇ ਸ਼ਬਦਾਂ ,ਸੰਤ ਜਾਂ ਬ੍ਰਹਮ ਗਿਆਨ ਦਾ ਗਿਆਤਾ - ਬ੍ਰਹਮ ਗਿਆਨੀ) ਅਣਭਿੱਜ ਜਾਂ - ਅਲੇਪ ,ਨਿਰਲੇਪਦੂਰ, ਨਿਰਦੋਖ - ਪਾਪਾਂ ਤੋਂ ਮੁਕਤ, ਸੂਰੁ - ਸੂਰਜ, ਪਵਾਨ - ਹਵਾ, ਰਾਜ - ਰਾਜਾ ਜਾਂ ਅਮੀਰ, ਰੰਕ - ਗਰੀਬ, ਤੁਲਿ - ਬਰਾਬਰ) ਦੀ ਵਰਤੋਂ ਕੀਤੀ ਹੈ ਜੋ ਆਮ ਪ੍ਰਚਲਿਤ ਹਨ ਅਤੇ ਜਿਨ੍ਹਾਂ ਦੇ ਅਰਥ ਅਸੀਂ ਅਸਾਨੀ ਨਾਲ ਸਮਝ ਸਕਦੇ ਹਾਂ।

ਜੈਸਾ ਸਤਿਗੁਰ ਸੁਣੀਦਾ ਤੈਸੋ ਹੀ ਮੈਂ ਡੀਠੁ॥

ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥

ਹਰਿਨਾਮੋ ਮੰਤ੍ਰ ਦ੍ਰਿੜਾਇਦਾ ਕਟੇ ਹਉਮੈ ਰੋਗੁ॥

ਨਾਨਕ ਸਤਿਗੁਰੁ ਤਿਨਾ ਮਿਲਾਇਆ ਜਿਨਾ ਧੁਰੇ ਪਇਆ ਸੰਜੋਗੁ॥੧॥ (957)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿੰਨ੍ਹਾਂ ਦੇ ਅਰਥਾਂ ਨੂੰ ਕੋਈ ਵੀ ਵਿਅਕਤੀ ਜਾਂ ਪਾਠਕ ਬਹੁਤ ਹੀ ਆਸਾਨੀ ਨਾਲ ਸਮਝ ਸਕਦਾ ਹੈ। ਗੁਰੂ ਜੀ ਨੇ ਜੀਵ ਰੂਪੀ ਇਸਤਰੀ ਅਤੇ ਪ੍ਰਭੂ ਰੂਪੀ ਪਤੀ ਦੇ ਰਾਹੀਂ ਆਤਮਾ ਅਤੇ ਪਰਮਾਤਮਾ ਦੇ ਮਿਲਾਪ ਦਾ ਵਰਨਣ ਕੀਤਾ ਹੈ। ਗੁਰੂ ਜੀ ਨੇ ਅਜਿਹੇ ਸ਼ਬਦਾਂ (ਸਤਿਗੁਰ - ਸੱਚਾ ਗੁਰੂ, ਡੀਠੁ -ਦੇਖਿਆ, ਦਰਗਹ -ਰੱਬ ਦਾ ਘਰ, ਬਸੀਠੁ - ਦੂਤ ਜਾਂ ਵਕੀਲ, ਹਰਿਨਾਮ - ਪਰਮਾਤਮਾ ਦਾ ਨਾਮ, ਹਉਮੈ - ਹੰਕਾਰ, ਧੁਰ - ਮੂਲ ਜਾਂ ਮੁੱਢ, ਸੰਜੋਗ - ਮਿਲਾਪ) ਦੀ ਵਰਤੋਂ ਕੀਤੀ ਹੈ ਜਿਨ੍ਹਾਂ ਦੇ ਮੁੱਢਲੇ ਜਾਂ ਕੋਸ਼ਗਤ ਅਰਥ ਕੋਈ ਵੀ ਆਮ ਪਾਠਕ ਆਸਾਨੀ ਨਾਲ ਸਮਝ ਸਕਦਾ ਹੈ।

ਧੰਨੁ ਸੁ ਵੇਲਾ ਘੜੀ ਧੰਨੁ ਧਨੁ ਮੂਰਤੁ ਪਲੁ ਸਾਰੁ॥

ਧੰਨੁ ਸੁ ਦਿਨਸੁ ਸੰਜੋਗੜਾ ਜਿਤੁ ਡਿਠਾ ਗੁਰ ਦਰਸਾਰ॥

ਮਨ ਕੀਆਂ ਇਛਾ ਪੂਰੀਆਂ ਹਰਿ ਪਾਇਆ ਅਗਮ ਅਪਾਰ॥

ਹਉਮੈ ਤੁਟਾ ਮੋਹੜਾ ਇਕ ਸਚੁ ਨਾਮੁ ਆਧਾਰੁ॥ (958)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਪ੍ਰਭੂ-ਵਿਛੋੜੇ ਦੇ ਬਿਰਤਾਂਤ ਦਾ ਵਰਨਣ ਕੀਤਾ ਹੈ। ਹੁਰੂ ਜੀ ਦੇ ਅਨੁਸਾਰ ਪਰਮਾਤਮਾ ਬਖਸ਼ਿੰਦ ਅਤੇ ਦਇਆਲੂ ਹੈ, ਉਹ ਆਪਣੇ ਭਗਤਾਂ ਉਪਰ ਕਿਰਪਾ ਕਰਕੇ ਉਨ੍ਹਾਂ ਨੂੰ ਆਪਣੇ ਨਾਮ ਮਿਲਾ ਲੈਂਦਾ ਹੈ। ਗੁਰੂ ਜੀ ਦੇ ਅਨੁਸਾਰ ਉਹ ਸਮਾਂ ਅਤੇ ਘੜੀਆਂ ਧੰਨ ਹੁੰਦੇ

ਹਨ ਜਦੋਂ ਗੁਰੂ ਦੀ ਕਿਰਪਾ ਨਾਲ ਜੀਵ ਰੂਪੀ ਇਸਤਰੀਆਂ ਦਾ ਪਰਮਾਤਮਾ ਰੂਪੀ ਪਤੀ ਨਾਲ ਮਿਲਾਪ ਹੁੰਦਾ ਹੈ ਅਤੇ ਹਰ ਮਨੋਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ। ਇੱਥੇ ਗੁਰੂ ਜੀ ਨੇ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿਨ੍ਹਾਂ ਨੂੰ ਸਮਝਣਾ ਬਹੁਤ ਸੌਖਾ ਅਤੇ ਸਰਲ ਹੈ।

ਮਾਹ ਦਿਵਸ ਮੂਰਤ ਭਲੇ ਜਿਨ ਕਉ ਨਦਰਿ ਕਰੇ॥

ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥ (133)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਸਰਲ ਸ਼ਬਦਾਂ ਵਿਚ ਆਮ ਲੋਕਾਂ ਨੂੰ ਇਹ ਸਮਝਾਇਆ ਹੈ ਕਿ ਕੋਈ ਵੀ ਮਹੀਨਾ, ਦਿਨ ਅਤੇ ਮਹੂਰਤ ਸ਼ੁਭ ਜਾਂ ਅਸ਼ੁਭ ਨਹੀਂ ਹੁੰਦਾ। ਗੁਰੂ ਜੀ ਨੇ 'ਬਾਰਹਮਾਹ ਮਾਝ' ਵਿਚ ਆਮ ਲੋਕਾਂ ਦੇ ਵਹਿਮ-ਭਰਮ ਦੂਰ ਕਰਨ ਲਈ ਇਹ ਸਪਸ਼ਟ ਕਰ ਦਿੱਤਾ ਹੈ ਕਿ ਜੇ ਪਰਮਾਤਮਾ ਦੀ ਕਿਰਪਾ ਹੋਵੇ ਤਾਂ ਹਰ ਮਹੀਨਾ, ਦਿਨ ਅਤੇ ਮਹੂਰਤ ਇਕੋ ਜਿਹਾ ਸੁਭਾਗਾ ਅਤੇ ਸੁਲੱਖਣਾ ਹੁੰਦਾ ਹੈ। ਇੱਥੇ ਗੁਰੂ ਜੀ ਨੇ ਅਜਿਹੇ ਸ਼ਬਦਾਂ (ਮਾਹ - ਮਹੀਨਾ, ਦਿਵਸ - ਦਿਨ, ਮੂਰਤ - ਮਹੂਰਤ, ਭਲੇ - ਚੰਗੇ ਜਾਂ ਸ਼ੁਭ, ਦਰਸ ਦਾਨੁ - ਪ੍ਰਭੂ ਦਰਸ਼ਨ, ਹਰੀ - ਪਰਮਾਤਮਾ ਜਾਂ ਪ੍ਰਭੂ, ਕਿਰਪਾ - ਮਿਹਰ) ਦੀ ਵਰਤੋਂ ਕੀਤੀ ਹੈ ਜਿਨ੍ਹਾਂ ਦੇ ਅਰਥ ਮੁਢਲੇ ਜਾਂ ਕੋਸ਼ਗਤ ਹਨ। ਉਪਰੋਕਤ ਸ਼ਬਦਾਂ ਦੇ ਮੁਢਲੇ ਅਰਥਾਂ ਨੂੰ ਕੋਈ ਵੀ ਪਾਠਕ ਆਸਾਨੀ ਨਾਲ ਸਮਝ ਸਕਦਾ ਹੈ।

ਹਰਿ ਇਕਸੈ ਨਾਲਿ ਮੈ ਦੋਸਤੀ ਹਰਿ ਇਕਸੈ ਨਾਲਿ ਮੈ ਰੰਗੁ॥

ਹਰਿ ਇਕੋ ਮੇਰਾ ਸਜਣੋ ਹਰਿ ਇਕਸੈ ਨਾਲਿ ਮੈ ਸੰਗੁ॥

ਹਰਿ ਇਕੋ ਨਾਲਿ ਮੈ ਗੋਸਟੇ ਮੁਹੁ ਮੈਲਾ ਕਰੈ ਨ ਭੰਗੁ॥

ਜਾਣੈ ਬਿਰਥਾ ਜੀਅ ਕੀ ਕਦੇ ਨ ਮੋੜੇ ਰੰਗੁ॥ (958)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਜੀਵਾਤਮਾ ਅਤੇ ਪਰਮਾਤਮਾ ਦੇ ਸੰਬੰਧਾਂ ਦਾ ਬਹੁਤ ਹੀ ਸਰਲ ਮੁਢਲੇ, ਕੋਸ਼ਗਤ ਅਤੇ ਸਪੱਸ਼ਟ ਸ਼ਬਦਾਂ ਵਿਚ ਵਰਨਣ ਕੀਤਾ ਹੈ ਜਿਸ ਨੂੰ ਕੋਈ ਵੀ ਪਾਠਕ ਜਾਂ ਸਾਧਕ ਆਸਾਨੀ ਨਾਲ ਸਮਝ ਸਕਦਾ ਹੈ। ਗੁਰੂ ਜੀ ਅਨੁਸਾਰ ਜੋ ਜੀਵਾਤਮਾ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦੀ ਹੈ ਉਸ ਨੂੰ ਹਰ ਇਕ ਮਨੁੱਖ ਵਿਚ ਪਰਮਾਤਮਾ ਦਿਖਾਈ ਦਿੰਦਾ ਹੈ, ਉਸ ਦੀ ਹਰ ਇਕ ਮਨੁੱਖ ਨਾਲ ਦੋਸਤੀ ਹੁੰਦੀ ਹੈ ਅਤੇ ਕਿਸੇ ਦੇ ਨਾਲ ਕਿਸੇ ਵੀ ਕਿਸਮ ਦਾ ਵੈਰ-ਵਿਰੋਧ ਨਹੀਂ ਹੁੰਦਾ ਹੈ। ਜੀਵਾਤਮਾ ਦੀ ਹਰ ਕਿਸੇ ਨਾਲ ਆਪਣੀ ਗੱਲਬਾਤ ਸਾਂਝੀ ਹੁੰਦੀ ਹੈ ਅਤੇ ਉਹ ਕੋਈ ਵੀ ਗਲਤ ਕੰਮ ਨਹੀਂ ਕਰਦਾ ਹੈ। ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਨਾਲ  ਜੀਵਾਤਮਾ ਨੂੰ ਪਰਮਾਤਮਾ ਦੀ ਸੋਝੀ ਆ ਜਾਂਦੀ ਹੈ ਅਤੇ ਉਹ ਹਰ ਮਨੁੱਖ ਦਾ ਸਤਿਕਾਰ ਕਰਦੀ ਹੈ।

ਜਹ ਮਾਤ ਪਿਤਾ ਸੁਤ ਮੀਤ ਨ ਭਾਈ॥

ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥ (264)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਆਮ ਲੋਕਾਂ ਨੂੰ ਪ੍ਰਭੂ ਦੇ ਨਾਮ ਸਿਮਰਨ ਦੀ ਮਹਿਮਾ ਦਾ ਵਰਨਣ ਕਰਦੇ ਹੋਏ ਦੱਸਦੇ ਹਨ ਕਿ ਇਸ ਲੋਕ ਅਤੇ ਪਰਲੋਕ ਵਿਚ ਮੁਸੀਬਤ ਦੇ ਸਮੇਂ ਮਾਤਾ, ਪਿਤਾ, ਭੈਣ, ਭਰਾ, ਪਤਨੀ ਅਤੇ ਪੁੱਤਰ ਵਿਚੋਂ ਕਿਸੇ ਨੇ ਵੀ ਸਹਾਈ ਨਹੀਂ ਹੋਣਾ ਹੈ ਸਗੋਂ ਉਸ ਪਰਮਾਤਮਾ ਦੇ ਨਾਮ ਸਿਮਰਨ ਨੇ ਹੀ ਮੁਸੀਬਤ ਦੇ ਸਮੇਂ ਸਹਾਈ ਹੋਣਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਬਹੁਤ ਹੀ ਸਰਲ ਅਤੇ ਸਪਸ਼ਟ ਸ਼ਬਦਾਂ (ਮਾਤ - ਮਾਤਾ, ਪਿਤਾ- ਪਿਊ ਜਾਂ ਬਾਪ, ਸੁਤ - ਪੁੱਤਰ, ਮੀਤ - ਦੋਸਤ ਜਾਂ ਮਿੱਤਰ, ਸਹਾਈ - ਸਹਾਇਤਾ) ਦੀ ਵਰਤੋਂ ਕੀਤੀ ਹੈ ਜਿਨ੍ਹਾਂ ਦੇ ਅਰਥ ਮੁਢਲੇ, ਕੋਸ਼ਗਤ ਅਤੇ ਪ੍ਰਚਲਿਤ ਹਨ।

ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥

ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥ (133)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਅਜਿਹੇ ਸਰਲ ਸ਼ਬਦਾਂ (ਹਰਿ - ਪਰਮਾਤਮਾ, ਦਰਸਨ - ਮਿਲਾਪ, ਮਨੁ - ਚਿਤ, ਹਿਰਦਾ, ਲੋਚਦਾ - ਇੱਛਾ, ਖ਼ਾਹਸ਼, ਕਾਮਨਾ) ਦੀ ਵਰਤੋਂ ਕੀਤੀ ਹੈ ਜਿਨ੍ਹਾਂ ਦੇ ਅਰਥ ਮੁੱਢਲੇ, ਕੋਸ਼ਗਤ ਅਤੇ ਪ੍ਰਚਲਿਤ ਹਨ। ਗੁਰੂ ਜੀ ਦੇ ਅਨੁਸਾਰ ਮੇਰਾ ਮਨ ਪ੍ਰਭੂ ਜਾਂ ਪਰਮਾਤਮਾ ਦੇ ਦਰਸ਼ਨਾਂ ਲਈ ਬਹੁਤ ਵਿਆਕੁਲ ਅਤੇ ਪਿਆਸਾ ਹੈ ਅਤੇ ਜਿਹੜਾ ਵਿਅਕਤੀ ਮੈਨੂੰ ਪਰਮਾਤਮਾ ਦੇ ਦਰਸ਼ਨ ਕਰਵਾ ਦੇਵੇਗਾ ਮੈਂ ਉਸ ਦੇ ਚਰਨਾਂ ਦਾ ਦਾਸ ਜਾ ਸੇਵਕ ਬਣ ਜਾਵਾਂਗਾ।

**3.2. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲਕਸ਼ਣਾਂ ਸ਼ਬਦ ਸ਼ਕਤੀ ਦਾ ਪ੍ਰਸਤੁਤੀਕਰਨ:** ਜਿਸ ਸ਼ਬਦ ਤੋਂ ਮੁੱਖ ਜਾਂ ਕੋਸ਼ਗਤ ਅਰਥ ਤੋਂ ਇਲਾਵਾ ਕਿਸੇ ਹੋਰ ਅਰਥ ਦਾ ਗਿਆਨ ਹੁੰਦਾ ਹੈ, ਤਾਂ ਉੱਥੇ ਲਕਸ਼ਣਾਂ ਸ਼ਬਦ ਸ਼ਕਤੀ ਹੁੰਦੀ ਹੈ। ਭਾਰਤੀ ਕਾਵਿ-ਸ਼ਾਸਤਰ ਵਿਚ ਜਿਸ ਸ਼ਬਦ ਤੋਂ ਹੋਰ ਵੱਖ-ਵੱਖ ਅਰਥਾਂ ਦੀ ਪ੍ਰਤੀਤੀ ਹੋਵੇ, ਉਸ ਸ਼ਬਦ ਨੂੰ ਲਕਸ਼ਕ ਸ਼ਬਦ ਅਤੇ ਉਸ ਸ਼ਬਦ ਦੇ ਅਰਥ ਨੂੰ ਲੱਖਣਾਰਥ ਕਹਿੰਦੇ ਹਨ। ਕਵਿਤਾ ਜਾਂ ਕਾਵਿ ਵਿਚ ਜਦੋਂ ਮੁੱਢਲੇ ਜਾਂ ਕੋਸ਼ਗਤ ਅਰਥ ਦੇ ਰੁਕਣ ਤੇ ਕਿਸੇ ਮਨੋਰਥ ਨੂੰ ਲੈ ਕੇ ਜਿਸ ਸ਼ਕਤੀ ਦੇ ਦੁਆਰਾ ਮੁੱਖ-ਅਰਥ ਨਾਲ ਸੰਬੰਧ ਰੱਖਣ ਵਾਲਾ ਕੋਈ ਹੋਰ ਅਰਥ ਨਿਕਲਦਾ ਹੋਵੇ ਤਾਂ ਉੱਥੇ ਲਕਸ਼ਣਾਂ ਸ਼ਬਦ ਸ਼ਕਤੀ ਹੁੰਦੀ ਹੈ। ਜਿਵੇਂ 'ਗਧਾ' ਸ਼ਬਦ ਦਾ ਮੁਢਲਾ ਜਾਂ ਕੋਸ਼ਗਤ ਅਰਥ ਇਕ ਜਾਨਵਰ ਹੈ, ਪਰੰਤੂ 'ਗਧਾ' ਸ਼ਬਦ ਦੀ ਵਰਤੋਂ ਮੂਰਖ ਜਾਂ ਬੇਵਕੂਫ ਵਿਅਕਤੀ ਲਈ ਵੀ ਕੀਤੀ ਜਾਂਦੀ ਹੈ। ਇਥੇ 'ਗਧਾ' ਸ਼ਬਦ ਦਾ ਅਰਥ ਮੂਰਖ ਜਾਂ ਬੇਵਕੂਫ ਦੱਸਣ ਦੀ ਸਮਰੱਥਾ ਕੇਵਲ ਲਕਸ਼ਕ ਸ਼ਬਦ ਕੋਲ ਹੀ ਹੈ। ਮੂਰਖ ਵਿਅਕਤੀ ਨੂੰ ਗਧਾ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਗਧੇ ਅਤੇ ਮੂਰਖ ਵਿਅਕਤੀ ਦੇ ਕੁਝ ਗੁਣ ਆਪਸ ਵਿਚ ਮਿਲਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿਹੜੇ ਬਹੁ-ਅਰਥਕ ਅਤੇ ਬਹੁ-ਪਰਤੀ ਹਨ, ਜਿਨ੍ਹਾਂ ਨੂੰ ਸਾਧਾਰਨ ਪਾਠਕਾਂ ਦੇ ਨਾਲ-ਨਾਲ ਸੂਝਵਾਨ ਪਾਠਕ ਅਤੇ ਸਾਧਕ ਵੀ ਆਪਣੀ ਸੂਝਬੂਝ ਅਤੇ ਸੋਚਣ ਸ਼ਕਤੀ ਨਾਲ ਸਮਝ ਸਕਦੇ ਹਨ। ਇਸ ਖੋਜ-ਕਾਰਜ ਰਾਹੀਂ ਅਸੀਂ ਇਹ ਦੱਸਣ ਦਾ ਉਪਰਾਲਾ ਕਰਾਂਗੇ ਕਿ ਗੁਰੂ ਜੀ ਇਕ ਧਾਰਮਿਕ ਗੁਰੂ ਹੋਣ ਦੇ ਨਾਲ-ਨਾਲ ਇਕ ਵਧੀਆ ਗੁਰੂ-ਕਵੀ ਜਾਂ ਲੇਖਕ ਵੀ ਸਨ ਜਿਨ੍ਹਾਂ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਸਰਲ, ਸਪੱਸ਼ਟ, ਰੌਚਕ,

ਗ੍ਰਹਿਣਯੋਗ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਬਹੁਤ ਹੀ ਸੂਝਬੂਝ ਨਾਲ ਬਾਣੀ ਵਿਚ ਬਹੁ-ਅਰਥੀ ਅਤੇ ਬਹੁ-ਪਰਤੀ ਸ਼ਬਦਾਂ ਦੀ ਵਰਤੋਂ ਕੀਤੀ ਹੈ। ਅਸੀਂ ਇਸ ਅਧਿਆਇ ਵਿਚ ਅਸੀਂ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਕ੍ਰਮਵਾਰ ਤਿੰਨ ਸ਼ਬਦ ਸ਼ਕਤੀਆਂ (ਅਭਿਧਾ, ਲਕਸ਼ਣਾ, ਵਿਅੰਜਨਾ) ਦੇ ਆਧਾਰ 'ਤੇ ਮੁਲਾਂਕਣ ਕਰਨ ਦਾ ਵਿਲੱਖਣ ਜਾਂ ਨਿਵੇਕਲਾ ਉਪਰਾਲਾ ਕਰਾਂਗੇ। ਇਸੇ ਸੰਦਰਭ ਵਿਚ ਇਸ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਲਕਸ਼ਣਾਂ ਸ਼ਬਦ ਸ਼ਕਤੀ ਦੇ ਆਧਾਰ ਤੇ ਮੁਲਾਂਕਣ ਹੇਠ ਲਿਖੇ ਅਨੁਸਾਰ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ:

ਰਤਨੁ ਤਿਆਗਿ ਕਉਡੀ ਸੰਗਿ ਰਚੈ॥

ਸਾਚੁ ਛੋਡਿ ਝੂਠ ਸੰਗਿ ਮਚੈ॥

...........................

ਚੰਦਨ ਲੇਪੁ ਉਤਾਰੈ ਧੋਇ॥

ਗਰਧਬ ਪ੍ਰੀਤਿ ਭਸਮ ਸੰਗਿ ਹੋਇ॥ (266)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਅਜਿਹੇ ਬਹੁ-ਪਰਤੀ ਅਤੇ ਬਹੁ-ਅਰਥੀ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿੰਨ੍ਹਾਂ ਨੂੰ ਆਮ ਜਾਂ ਸਾਧਾਰਨ ਅਤੇ ਪੜ੍ਹੇ-ਲਿਖੇ ਜਾਂ ਸੂਝਵਾਨ ਪਾਠਕ ਵੀ ਸਮਝ ਸਕਦੇ ਹਨ। ਗੁਰੂ ਜੀ ਅਨੁਸਾਰ ਮਨਮੁਖ ਵਿਅਕਤੀ ਪਰਮਾਤਮਾ ਦੇ ਨਾਮ ਦੀ ਵਡਮੁੱਲੀ ਦਾਤ (ਰਤਨ) ਨੂੰ ਤਿਆਗ ਕੇ ਸਾਰੀ ਉਮਰ ਸੰਸਾਰਿਕ ਧਨ-ਦੌਲਤ (ਕਉਡੀ) ਨੂੰ ਇਕੱਠਾ ਕਰਦਾ ਫਿਰਦਾ ਹੈ ਅਤੇ ਸੱਚ ਦੇ ਮਾਰਗ ਨੂੰ ਤਿਆਗ ਕੇ ਝੂਠ ਦੇ ਮਾਰਗ 'ਤੇ ਬਹੁਤ ਆਕੜ-ਆਕੜ ਕੇ ਚੱਲਦਾ ਹੈ। ਇੱਥੇ 'ਰਤਨ' ਸ਼ਬਦ ਦਾ ਮੁਢਲਾ / ਕੋਸ਼ਗਤ ਅਰਥ ਸੋਨੇ ਚਾਂਦੀ ਦੇ ਸਿੱਕੇ ਹਨ, ਪਰੰਤੂ ਗੁਰੂ ਜੀ ਨੇ ਇੱਥੇ 'ਰਤਨ' ਪਰਮਾਤਮਾ ਦੇ ਨਾਮ ਨੂੰ ਕਿਹਾ ਗਿਆ ਹੈ। ਉਪਰੋਕਤ ਕਾਵਿ-ਸਤਰ ਵਿਚ 'ਕਉਡੀ' ਸ਼ਬਦ ਦਾ ਮੁਢਲਾ ਅਰਥ ਘੱਟ ਕੀਮਤ ਵਾਲੀਆਂ ਵਸਤੂਆਂ ਹੈ ਪਰੰਤੂ ਗੁਰੂ ਜੀ ਨੇ ਇੱਥੇ 'ਕਉਡੀ' ਸੰਸਾਰਿਕ ਧਨ ਦੋਲਤ ਨੂੰ ਕਿਹਾ ਗਿਆ ਹੈ, ਕਿਉਂਕਿ ਜਿਸ

ਧਨ-ਦੌਲਤ ਨੂੰ ਮਨੁੱਖ ਨੇ ਇੱਥੇ ਹੀ ਛੱਡ ਕੇ ਚਲੇ ਜਾਣਾ ਹੈ ਉਸ ਨੂੰ ਸਾਰਾ ਜੀਵਨ ਇੱਕਠਾ ਕਰਨ ਲਈ ਸਖ਼ਤ ਮਿਹਨਤ ਕਰ ਰਿਹਾ ਹੈ। ਉਪਰੋਕਤ ਕਾਵਿ-ਸਤਰ ਵਿਚ 'ਚੰਦਨ' ਸ਼ਬਦ ਦਾ ਮੁਢਲਾ / ਕੋਸ਼ਗਤ ਅਰਥ ਚੰਦਨ ਦਾ ਲੇਪ ਹੈ ਪਰੰਤੂ ਇੱਥੇ ਗੁਰੂ ਜੀ ਨੇ 'ਚੰਦਨ' ਸੰਸਾਰਿਕ ਧਨ-ਦੌਲਤ ਨੂੰ ਕਿਹਾ ਹੈ। ਉਪਰੋਕਤ ਕਾਵਿ-ਪੰਕਤੀ ਵਿਚ 'ਗਰਧਬ' ਸ਼ਬਦ ਦਾ ਮੁਢਲਾ / ਕੋਸ਼ਗਤ  ਅਰਥ ਗਧਾ ਜਾਂ ਖੋਤਾ ਹੈ ਪਰੰਤੂ ਇੱਥੇ ਗੁਰੂ ਜੀ ਨੇ 'ਗਰਧਬ' ਜਾਂ ਖੋਤਾ ਮਨਮੁਖ (ਮਨ ਦੇ ਪਿਛੇ ਚੱਲਣ ਵਾਲਾ) ਵਿਅਕਤੀ ਨੂੰ ਕਿਹਾ ਗਿਆ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਬਹੁ-ਅਰਥੀ ਜਾਂ ਬਹੁ-ਪਰਤੀ ਸ਼ਬਦਾਂ ਰਾਹੀਂ ਸ਼ਬਦਾਂ ਦੇ ਵੱਖ-ਵੱਖ ਅਰਥਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਜਾਂ ਨਿਵੇਕਲੇ ਢੰਗ ਰਾਹੀਂ ਪ੍ਰਸਤੁਤ ਕਰਨ ਦਾ ਵਿਲੱਖਣ ਉਪਰਾਲਾ ਕੀਤਾ ਹੈ।

ਸੋ ਪੰਡਿਤੁ ਜੋ ਮਨੁ ਪਰਬੋਧੈ॥

ਰਾਮ ਨਾਮੁ ਆਤਮ ਮਾਹਿ ਸੋਧੈ॥

ਰਾਮ ਨਾਮ ਸਾਰੁ ਰਸੁ ਪੀਵੈ॥

ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ॥ (274)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਬਹੁ-ਅਰਥੀ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿਵੇਂ 'ਪੰਡਿਤ' ਸ਼ਬਦ ਦਾ ਮੁਢਲਾ ਜਾਂ ਕੋਸ਼ਗਤ ਅਰਥ ਮੰਦਿਰ ਦਾ ਪੁਜਾਰੀ ਜਾਂ ਬ੍ਰਾਹਮਣ ਹੈ ਪਰੰਤੂ ਜੇਕਰ ਇਸ ਸ਼ਬਦ ਨੂੰ ਲਕਸ਼ਣਾਂ ਸ਼ਬਦ ਸ਼ਕਤੀ ਦੁਆਰਾ ਘੋਖੀਏ ਜਾਂ ਵਿਚਾਰੀਏ ਤਾਂ ਇੱਥੇ 'ਪੰਡਿਤ' ਸ਼ਬਦ ਦਾ ਅਰਥ ਵਿਦਵਾਨ, ਬੁੱਧੀਮਾਨ ਜਾਂ ਵਿਵੇਕੀ ਵਿਅਕਤੀ ਲਈ ਵਰਤਿਆ ਗਿਆ ਹੈ। ਗੁਰੂ ਜੀ ਅਨੁਸਾਰ ਪੰਡਿਤ ਉਸ ਵਿਅਕਤੀ ਨੂੰ ਕਿਹਾ ਜਾਂਦਾ ਹੈ ਜਿਸ ਨੂੰ ਸੱਚ ਅਤੇ ਝੂਠ ਦੀ ਪਰਖ ਹੋਵੇ ਅਤੇ ਜਿਸ ਨੇ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਅਤੇ ਮਨ 'ਤੇ ਕਾਬੂ ਕਰ ਲਿਆ ਹੋਵੇ। ਗੁਰੂ ਜੀ ਅਨੁਸਾਰ ਸੱਚਾ ਪੰਡਿਤ ਉਹ ਹੈ ਜਿਸ ਨੇ ਪਰਮਾਤਮਾ ਦੇ ਨਾਮ ਸਿਮਰਨ ਦੁਆਰਾ ਆਪਣੀ ਆਤਮਾ ਅਤੇ ਮਨ ਨੂੰ ਸ਼ੁੱਧ ਕਰ ਲਿਆ ਹੈ। ਉਪਰੋਕਤ ਕਾਵਿ-ਸਤਰ ਵਿਚ 'ਰਾਮਨਾਮ' ਸ਼ਬਦ ਦਾ ਮੁਢਲਾ / ਕੋਸ਼ਗਤ ਅਰਥ ਸ੍ਰੀ ਰਾਮ ਜੀ ਦਾ ਨਾਮ ਹੈ

ਪਰੰਤੂ ਇੱਥੇ ਗੁਰੂ ਜੀ ਨੇ ਪ੍ਰਭੂ ਜਾਂ ਪਰਮਾਤਮਾ ਦੇ ਨਾਮ ਨੂੰ ਹੀ 'ਰਾਮਨਾਮ' ਕਿਹਾ ਹੈ। ਇੱਥੇ ਉਪਰੋਕਤ ਕਾਵਿ-ਸਤਰਾਂ ਗੁਰੂ ਅਰਜਨ ਦੇਵ ਜੀ ਨੇ ਸ਼ਬਦਾਂ ਦੇ ਅਰਥਾਂ ਨੂੰ ਵਧੇਰੇ ਗ੍ਰਹਿਣਯੋਗ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਲਕਸ਼ਣਾਂ ਸ਼ਬਦ ਸ਼ਕਤੀ ਦੀ ਵਰਤੋਂ ਕੀਤੀ ਹੈ।

ਖਿਨ ਮਹਿ ਨੀਚ ਕੀਟ ਕਉ ਰਾਜ॥

ਪਾਰਬ੍ਰਹਮ ਗਰੀਬ ਨਿਵਾਜ॥ (276)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਪ੍ਰਭੂ ਜਾਂ ਪਰਮਾਤਮਾ ਦੀ ਮਹਿਮਾ ਦਾ ਵਰਨਣ ਕੀਤਾ ਹੈ। ਇੱਥੇ ਗੁਰੂ ਜੀ ਨੇ ਅਜਿਹੇ ਬਹੁ-ਅਰਥੀ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿਨ੍ਹਾਂ ਨੂੰ ਕੇਵਲ ਲਕਸ਼ਣਾਂ ਸ਼ਬਦ ਸ਼ਕਤੀ ਦੁਆਰਾ ਹੀ ਸਮਝਿਆ ਜਾ ਸਕਦਾ ਹੈ। 'ਕੀਟ' ਸ਼ਬਦ ਦਾ ਮੁਢਲਾ ਅਰਥ ਕੀੜੇ-ਮਕੋੜੇ ਹੈ ਪਰੰਤੂ ਇੱਥੇ 'ਕੀਟ' ਸ਼ਬਦ ਦਾ ਅਰਥ ਗਰੀਬ ਜਾਂ ਬੇਸਹਾਰਾ ਵਿਅਕਤੀ ਨੂੰ ਕਿਹਾ ਗਿਆ ਹੈ। ਗੁਰੂ ਜੀ ਦੇ ਅਨੁਸਾਰ ਜੇਕਰ ਪਰਮਾਤਮਾ ਦੀ ਕਿਰਪਾ ਜਾਂ ਮਿਹਰ ਹੋ ਜਾਵੇ ਤਾਂ ਇਕ ਪਲ ਵਿਚ ਮਾਮੂਲੀ ਜਿਹੇ ਮਨੁੱਖ ਨੂੰ ਵੀ ਰਾਜਾ ਜਾਂ ਅਮੀਰ ਬਣਾ ਸਕਦਾ ਹੈ। 'ਪਾਰਬ੍ਰਹਮ' ਸ਼ਬਦ ਦਾ ਮੁਢਲਾ ਅਰਥ ਜਗਤ ਤੋਂ ਪਰੇ ਬ੍ਰਹਮ ਹੈ ਪਰੰਤੂ ਇੱਥੇ ਇਸ ਸ਼ਬਦ ਦਾ ਅਰਥ ਪਰਮਾਤਮਾ ਜਾਂ ਪ੍ਰਭੂ ਹੈ। ਇੱਥੇ ਗੁਰੂ ਜੀ ਨੇ ਬਹੁ-ਅਰਥੀ ਸ਼ਬਦਾਂ ਦੀ ਵਰਤੋਂ ਆਪਣੇ ਬਾਣੀ ਵਿਚਲੇ ਭਾਵ ਨੂੰ ਸਰਲ, ਸਪੱਸ਼ਟ, ਪ੍ਰਭਾਵਸ਼ਾਲੀ ਅਤੇ ਗ੍ਰਹਿਣਯੋਗ ਬਣਾਉਣ ਲਈ ਕੀਤੀ ਹੈ।

ਮਿਰਤਕ ਕਉ ਜੀਵਾਲਨ ਹਾਰ॥

ਭੂਖੇ ਕੋ ਦੇਵਤ ਅਧਾਰ॥ (282)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਨੇ ਬਹੁ-ਅਰਥੀ ਅਤੇ ਬਹੁ-ਪਰਤੀ ਸ਼ਬਦਾਂ ਦੀ ਵਰਤੋਂ ਕੀਤੀ ਹੈ। 'ਮਿਰਤਕ' ਸ਼ਬਦ ਦੀ ਵਰਤੋਂ ਮਰ ਚੁੱਕੇ ਵਿਅਕਤੀ ਲਈ ਕੀਤੀ ਜਾਂਦੀ ਹੈ ਪਰੰਤੂ ਇੱਥੇ ਇਸ ਸ਼ਬਦ ਦੀ ਵਰਤੋਂ ਮਨਮੁਖ ਅਤੇ ਪੰਜ ਵਿਕਾਰਾਂ ਵਿਚ ਡੁੱਬੇ ਵਿਅਕਤੀ ਲਈ ਕੀਤੀ ਗਈ ਹੈ। 'ਭੂਖੇ' ਸ਼ਬਦ ਦੀ

ਵਰਤੋਂ ਗਰੀਬ ਵਿਅਕਤੀ ਲਈ ਕੀਤੀ ਜਾਂਦੀ ਹੈ ਪਰੰਤੂ ਇੱਥੇ ਇਸ ਸ਼ਬਦ ਦੀ ਵਰਤੋਂ ਪਰਮਾਤਮਾ ਦੇ ਨਾਮ ਸਿਮਰਨ ਤੋਂ ਸੱਖਣੇ ਵਿਅਕਤੀ ਲਈ ਕੀਤੀ ਗਈ ਹੈ ਜੋ ਇਸ ਸੰਸਾਰਿਕ ਸੁਖਾਂ ਦੀ ਪ੍ਰਾਪਤੀ ਵਿਚ ਲੱਗਾ ਹੋਇਆ ਹੈ ਅਤੇ ਪਰਮਾਤਮਾ ਦੇ ਨਾਮ ਨੂੰ ਮਨੋ ਵਿਸਾਰੀ ਬੈਠਾ ਹੈ। ਸੋ ਗੁਰੂ ਅਰਜਨ ਦੇਵ ਜੀ ਬਹੁਤ ਉੱਚ-ਕੋਟੀ ਦੇ ਗੁਰੂ-ਕਵੀ ਜਾਂ ਸਾਹਿਤਕਾਰ ਸਨ, ਜਿਨ੍ਹਾਂ ਦੀ ਗੁਰਬਾਣੀ ਦੇ ਬਹੁ-ਅਰਥੀ ਅਤੇ ਬਹੁ-ਪਰਤੀ ਸ਼ਬਦਾਂ ਨੂੰ ਸਮਝਣ ਲਈ ਸਾਨੂੰ ਕ੍ਰਮਵਾਰ ਅਭਿਧਾ, ਲਕਸ਼ਣਾਂ ਅਤੇ ਵਿਅੰਜਨਾਂ ਸ਼ਬਦ ਸ਼ਕਤੀ ਦੀ ਜਰੂਰਤ ਪੈਂਦੀ ਹੈ।

ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥

ਸਾਬਤੁ ਵਸਤੁ ਓਹੁ ਅਪਨੀ ਲਹੈ॥

ਸਗਲ ਸਹੇਲੀ ਅਪਨੈ ਰਸ ਮਾਤੀ॥

ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ॥

ਮੁਸਨਹਾਰ ਪੰਚ ਬਟਵਾਰੇ॥ (182)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਜੀ ਨੇ ਆਪਣੀ ਬਾਣੀ ਵਿਚਲੇ ਸ਼ਬਦਾਂ ਦੇ ਅਰਥਾਂ ਨੂੰ ਵਧੇਰੇ ਸਰਲ, ਸਪੱਸ਼ਟ ਅਤੇ ਗ੍ਰਹਿਣਸ਼ੀਲ ਬਣਾਉਣ ਲਈ ਬਹ-ਅਰਥੀ ਅਤੇ ਬਹੁ-ਪਰਤੀ ਸ਼ਬਦਾਂ ਦੀ ਵਰਤੋਂ ਨਿਵੇਕਲੇ ਜਾਂ ਵਿਲੱਖਣ ਢੰਗ ਨਾਲ ਕੀਤੀ ਹੈ। ਇੱਥੇ 'ਗ੍ਰਿਹ' ਸ਼ਬਦ ਦਾ ਮੁੱਢਲਾ / ਕੋਸ਼ਗਤ ਅਰਥ ਘਰ ਹੈ, ਪਰੰਤੂ ਇੱਥੇ 'ਗ੍ਰਿਹ' ਸ਼ਬਦ ਦਾ ਅਰਥ ਮਨੁੱਖ ਦਾ ਸਰੀਰ-ਘਰ ਹੈ। ਇੱਥੇ ਗੁਰੂ ਜੀ ਆਮ ਪਾਠਕ ਨੂੰ ਸਮਝਾਉਂਦੇ ਹਨ ਕਿ ਇਸ ਮਨੁੱਖਾ ਜੀਵਨ ਵਿਚ ਸਰੀਰ ਰੂਪੀ ਘਰ ਕੋਈ ਵਿਰਲਾ ਮਨੁੱਖ ਹੀ ਸੁਚੇਤ ਰਹਿੰਦਾ ਹੈ ਭਾਵ ਕਿ ਉਹ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹੈ। ਇੱਥੇ 'ਸਹੇਲੀ' ਸ਼ਬਦ ਦਾ ਮੁੱਢਲਾ ਜਾਂ ਕੋਸ਼ਗਤ ਅਰਥ ਦੋਸਤ, ਮਿੱਤਰ ਜਾਂ ਸਾਥੀ ਹੈ, ਪਰੰਤੂ ਇੱਥੇ 'ਸਹੇਲੀ' ਸ਼ਬਦ ਦਾ ਅਰਥ ਮਨੁੱਖ ਦੀਆਂ ਪੰਜ ਗਿਆਨ ਇੰਦਰੀਆਂ (ਅੱਖਾਂ, ਕੰਨ, ਨੱਕ, ਜੀਭ, ਚਮੜੀ) ਤੋਂ ਹੈ, ਜੋ ਕਿ ਆਪਣੇ-ਆਪਣੇ ਕੰਮਾਂ ਵਿਚ ਮਸਤ ਹਨ। ਇੱਥੇ 'ਬਟਵਾਰੇ' ਸ਼ਬਦ ਦਾ ਮੁੱਢਲਾ ਜਾਂ ਕੋਸ਼ਗਤ ਅਰਥ ਡਾਕੂ ਜਾਂ ਚੋਰ ਹੈ, ਪਰੰਤੂ ਇੱਥੇ 'ਬਟਵਾਰੇ' ਸ਼ਬਦ ਦਾ

ਅਰਥ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਤੋਂ ਹੈ, ਜੋ ਕਿ ਮਨੁੱਖ ਨੂੰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਤੋਂ ਰੋਕਦੇ ਹਨ।

ਨੀਕੀ ਕੀਰੀ ਮਹਿ ਕਲ ਰਾਖੈ॥

ਭਸਮ ਕਰੈ ਲਸਕਰ ਕੋਟਿ ਲਾਖੈ॥ (285)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੀ ਮਹਿਮਾ ਦਾ ਵਰਨਣ ਕਰਨ ਲਈ ਬਹੁ-ਅਰਥੀ ਅਤੇ ਬਹੁ-ਪਰਤੀ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿਨ੍ਹਾਂ ਨੂੰ ਸਮਝਣ ਲਈ ਕ੍ਰਮਵਾਰ ਅਭਿਧਾ, ਲਕਸ਼ਣਾਂ ਅਤੇ ਵਿਅੰਜਨਾਂ ਸ਼ਬਦ ਸ਼ਕਤੀ ਦੀ ਲੋੜ ਪੈਂਦੀ ਹੈ। 'ਨੀਕੀ ਕੀਰੀ' ਸ਼ਬਦ ਦਾ ਮੁਢਲਾ ਅਰਥ ਨਿੱਕੀ ਜਿਹੀ ਕੀੜੀ ਤੋਂ ਹੈ ਪਰੰਤੂ ਇੱਥੇ ਇਸ ਸ਼ਬਦ ਦਾ ਦੂਸਰਾ ਅਰਥ ਮਾਮੂਲੀ ਜਿਹੇ ਗਰੀਬ ਮਨੁੱਖ ਤੋਂ ਹੈ। ਗੁਰੂ ਜੀ ਅਨੁਸਾਰ ਜੇਕਰ ਪਰਮਾਤਮਾ ਦੀ ਕਿਰਪਾ ਕਿਸੇ ਵੀ ਮਾਮੂਲੀ ਜਿਹੀ ਕੀੜੀ ਦੇ ਸਮਾਨ ਮਨੁੱਖ ਉੱਪਰ ਹੋ ਜਾਵੇ ਤਾਂ ਉਹ ਲੱਖਾ-ਕਰੋੜਾਂ ਲਸ਼ਕਰਾਂ ਜਾਂ ਦੁਸ਼ਮਣਾਂ ਨੂੰ ਇਕੱਲਾ ਹੀ ਢਹਿ ਢੇਰੀ ਕਰ ਸਕਦਾ ਹੈ। ਇੱਥੇ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਜ਼ਿਕਰ ਕੀਤਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਗਵਾਈ ਅਤੇ ਪਰਮਾਤਮਾ ਦੀ ਮਿਹਰ ਸਦਕਾ ਮਾਮੂਲੀ ਜਿਹੇ ਮਨੁੱਖ ਨੇ ਬਹੁਤ ਹੀ ਬਹਾਦਰੀ ਨਾਲ ਮੁਗਲਾਂ ਦਾ ਮੁਕਾਬਲਾ ਕੀਤਾ ਸੀ ਅਤੇ ਛੋਟੇ ਸਾਹਿਬਜਾਦਿਆਂ ਦੀ ਸ਼ਹੀਦੀ ਦਾ ਬਦਲਾ ਵਜ਼ੀਰ ਖਾਨ ਕੋਲੋਂ ਲਿਆ ਸੀ।

ਤਪਤਿ ਮਾਹਿ ਠਾਢਿ ਵਰਤਾਈ॥

ਅਨਦੁ ਭਇਆ ਦੁਖ ਨਾਠੇ ਭਾਈ॥ (286)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਨੇ ਬਹੁ-ਪਰਤੀ ਅਤੇ ਬਹੁ-ਅਰਥੀ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿਨ੍ਹਾਂ ਨੂੰ ਸੂਝਵਾਨ ਜਾਂ ਵਿਦਵਾਨ ਪਾਠਕ ਕ੍ਰਮਵਾਰ ਸ਼ਬਦ ਸ਼ਕਤੀਆਂ (ਅਭਿਧਾ, ਲਕਸ਼ਣਾਂ, ਵਿਅੰਜਨਾਂ) ਦੁਆਰਾ ਸਮਝ ਸਕਦੇ ਹਨ। 'ਤਪਤਿ' ਸ਼ਬਦ ਦਾ ਮੁਢਲਾ ਜਾਂ ਕੋਸ਼ਗਤ ਅਰਥ ਤਪਸ਼ ਜਾਂ

ਗਰਮੀ ਹੈ ਪਰੰਤੂ ਇੱਥੇ ਇਸ 'ਤਪਤਿ' ਸ਼ਬਦ ਦਾ ਅਰਥ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਤੋਂ ਹੈ। 'ਠਾਡਿ' ਸ਼ਬਦ ਦਾ ਮੁਢਲਾ ਅਤੇ ਕੋਸ਼ਗਤ ਅਰਥ ਠੰਡ ਹੈ ਪਰੰਤੂ ਇੱਥੇ ਇਸ ਸ਼ਬਦ ਦਾ ਅਰਥ ਪਰਮਾਤਮਾ ਦੇ ਨਾਮ ਸਿਮਰਨ ਤੋਂ ਹੈ ਜਿਸ ਦੇ ਕਰਨ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੈ, ਸਾਰੇ ਸੰਸਾਰਿਕ ਦੁੱਖ ਖਤਮ ਹੋ ਜਾਂਦੇ ਹਨ ਅਤੇ ਜਨਮ-ਮਰਨ ਦਾ ਫਿਕਰ ਮੁੱਕ ਜਾਂਦਾ ਹੈ। ਉਪਰੋਕਤ ਕਾਵਿ-ਪੰਕਤੀਆਂ ਦਾ ਅਰਥ ਕੇਵਲ ਲਕਸ਼ਣਾਂ ਸ਼ਬਦ ਸ਼ਕਤੀ ਦੁਆਰਾ ਹੀ ਸਮਝਿਆ ਜਾ ਸਕਦਾ ਹੈ।

ਜਿਸੁ ਧਨ ਕਉ ਚਾਰਿ ਕੁੰਟ ਉਠਿ ਧਾਵਹਿ॥

ਸੋ ਧਨ ਹਰਿ ਸੇਵਾ ਤੇ ਪਾਵਹਿ॥

ਜਿਸ ਸੁਖ ਕਉ ਨਿਤ ਬਾਛਹਿ ਮੀਤ॥

ਸੋ ਸੁਖੁ ਸਾਧੂ ਸੰਗਿ ਪਰੀਤਿ॥ (288)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿਨ੍ਹਾਂ ਨੂੰ ਚੰਗੀ ਤਰ੍ਹਾਂ ਸਮਝਣ ਲਈ ਕ੍ਰਮਵਾਰ ਅਭਿਧਾ, ਲਕਸ਼ਣਾਂ ਅਤੇ ਵਿਅੰਜਨਾਂ ਸ਼ਬਦ ਸ਼ਕਤੀਆਂ ਦੀ ਵਰਤੋਂ ਕਰਨੀ ਪੈਂਦੀ ਹੈ। 'ਧਨ' ਸ਼ਬਦ ਦਾ ਮੁਢਲਾ ਅਰਥ ਧਨ-ਦੌਲਤ ਤੋਂ ਹੈ ਜਿਸ ਨਾਲ ਸੰਸਾਰਿਕ ਸੁੱਖ ਸਹੂਲਤਾਂ ਦੀ ਪ੍ਰਾਪਤੀ ਹੁੰਦੀ ਹੈ ਪਰੰਤੂ ਫਿਰ ਵੀ ਮਨੁੱਖ ਨੂੰ ਮਾਨਸਿਕ ਸੁੱਖ ਦੀ ਪ੍ਰਾਪਤੀ ਨਹੀਂ ਹੈ। ਇੱਥੇ 'ਧਨ' ਸ਼ਬਦ ਦਾ ਲਕਸ਼ਣਾਂ ਅਰਥ ਮਾਨਸਿਕ ਸੁਖ ਨੂੰ ਕਿਹਾ ਗਿਆ ਹੈ ਜਿਸ ਦੀ ਪ੍ਰਾਪਤੀ ਕੇਵਲ ਪਰਮਾਤਮਾ ਦੇ ਨਾਮ ਸਿਮਰਨ ਦੁਆਰਾ ਕੀਤੀ ਜਾ ਸਕਦੀ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਸੰਸਾਰਿਕ ਧਨ-ਦੌਲਤ ਨੂੰ ਮਨੁੱਖ ਨੇ ਇੱਥੇ ਹੀ ਛੱਡ ਜਾਣਾ ਹੈ, ਲੋਕ ਅਤੇ ਪਰਲੋਕ ਵਿਚ ਕੇਵਲ ਪਰਮਾਤਮਾ ਦੇ ਨਾਮ ਸਿਮਰਨ ਨੇ ਹੀ ਸਹਾਈ ਹੋਣਾ ਹੈ।

ਗੁਨ ਗਾਵਤ ਤੇਰੀ ਉਤਰਸਿ ਮੈਲੁ॥

ਬਿਨਸਿ ਜਾਇ ਹਉਮੈ ਬਿਖੁ ਫੈਲੁ॥ (288)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਅਜਿਹੇ ਬਹੁ-ਅਰਥੀ ਅਤੇ ਬਹੁ-ਪਰਤੀ ਸ਼ਬਦਾਂ (ਮੈਲੁ, ਬਿਖੁ) ਦੀ ਵਰਤੋਂ ਕੀਤੀ ਹੈ ਜਿਨ੍ਹਾਂ ਨੂੰ ਕੇਵਲ ਸ਼ਬਦ ਸ਼ਕਤੀਆਂ ਦੁਆਰਾ ਹੀ ਸਮਝਿਆ ਜਾ ਸਕਦਾ ਹੈ। 'ਮੈਲੁ' ਸ਼ਬਦ ਦਾ ਮੁਢਲਾ ਅਤੇ ਕੋਸ਼ਗਤ ਅਰਥ ਗੰਦ, ਮਲ ਜਾਂ ਮਲੀਨਤਾ ਹੈ ਪਰੰਤੂ ਇੱਥੇ ਇਸ ਸ਼ਬਦ ਦਾ ਲਕਸ਼ਣਾਂ ਅਰਥ (ਲੱਖਣਾਰਥ) ਮਨ ਦੀ ਅਪਵਿੱਤਰਤਾ ਤੋਂ ਹੈ ਜਿਸ ਨੂੰ ਪਰਮਾਤਮਾ ਦੇ ਨਾਮ ਸਿਮਰਨ ਦੁਆਰਾ ਦੂਰ ਕੀਤਾ ਜਾ ਸਕਦਾ ਹੈ। 'ਫੈਲੁ' ਸ਼ਬਦ ਦਾ ਮੁਢਲਾ ਅਤੇ ਪ੍ਰਚਲਿਤ ਅਰਥ ਜ਼ਹਿਰ ਹੈ ਪਰੰਤੂ ਇੱਥੇ ਇਸ ਸ਼ਬਦ ਦਾ ਅਰਥ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਤੋਂ ਹੈ। ਗੁਰੂ ਜੀ ਅਨੁਸਾਰ ਮਨ ਦੀ ਅਪਵਿੱਤਰਤਾ ਅਤੇ ਪੰਜ ਵਿਕਾਰਾਂ ਤੋਂ ਕੇਵਲ ਪ੍ਰਭੂ ਜਾਂ ਪਰਮਾਤਮਾ ਦੇ ਨਾਮ ਸਿਮਰਨ ਦੁਆਰਾ ਹੀ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਸਾਧਜਨਾ ਕੀ ਮਾਗਉ ਧੂਰਿ॥ (289)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨੇ ਅਜਿਹੇ ਸ਼ਬਦਾਂ (ਸਾਧਜਨ, ਧੂਰਿ, ਪਾਰਬ੍ਰਹਮ) ਦੀ ਵਰਤੋਂ ਕੀਤੀ ਹੈ ਜੋ ਬਹੁ-ਪਰਤੀ ਅਤੇ ਬਹੁ-ਅਰਤੀ ਹਨ। 'ਸਾਧਜਨ' ਸ਼ਬਦ ਦਾ ਮੁਢਲਾ ਅਰਥ ਸਾਧੂ, ਸੰਤ ਜਾਂ ਮਹਾਤਮਾ ਹੈ ਪਰੰਤੂ ਇੱਥੇ ਇਸ ਸ਼ਬਦ ਦਾ ਲਕਸ਼ਣਾਂ ਅਰਥ (ਲੱਖਣਾਰਥ) ਗੁਰਮੁਖ ਤੋਂ ਹੈ ਜੋ ਗੁਰੂ ਦੁਆਰਾ ਦੱਸੇ ਨਿਯਮਾਂ ਅਨੁਸਾਰ ਜੀਵਨ ਬਤੀਤ ਕਰਦਾ ਹੈ। 'ਧੂਰਿ' ਸ਼ਬਦ ਦਾ ਮੁਢਲਾ ਅਰਥ ਧੂੜ ਮਿੱਟੀ ਹੈ ਪਰੰਤੂ ਇੱਥੇ ਇਸ ਸ਼ਬਦ ਦਾ ਲਕਸ਼ਣਾਂ ਅਰਥ (ਲੱਖਣਾਰਥ) ਗੁਰਮੁਖਾਂ ਦੀ ਸੰਗਤ ਤੋਂ ਹੈ ਜਿਸ ਨਾਲ ਮਨ ਦੀ ਅਪਵਿੱਤਰਤਾ ਅਤੇ ਪੰਜ ਵਿਕਾਰਾਂ ਤੋਂ ਮੁਕਤੀ ਮਿਲਦੀ ਹੈ।

ਬੰਧਨ ਕਾਟਿ ਮੁਕਤਿ ਜਨੁ ਭਇਆ॥

ਜਨਮ ਮਰਨ ਦੂਖੁ ਭ੍ਰਮ ਗਇਆ॥ (289)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਨਾਮ ਸਿਮਰਨ ਦੀ ਮਹਿਮਾ ਨੂੰ ਬਿਆਨ ਕੀਤਾ ਹੈ। ਗੁਰੂ ਜੀ ਨੇ ਅਜਿਹੇ ਬਹੁ-ਅਰਥੀ ਅਤੇ ਬਹੁ-ਪਰਤੀ ਸ਼ਬਦਾਂ (ਬੰਧਨ, ਮੁਕਤਿ, ਜਨਮ ਮਰਨ) ਦੀ ਵਰਤੋਂ ਕੀਤੀ ਹੈ ਜਿਨ੍ਹਾਂ ਨੂੰ ਕੇਵਲ ਸ਼ਬਦ ਸ਼ਕਤੀਆਂ ਦੁਆਰਾ ਹੀ ਸਮਝਿਆ ਜਾ ਸਕਦਾ ਹੈ। 'ਬੰਧਨ' ਸ਼ਬਦ ਦਾ ਮੁਢਲਾ ਅਤੇ ਪ੍ਰਚਲਿਤ ਅਰਥ ਰਕਾਵਟ ਕਾਂ ਰੋਕ ਹੈ ਪਰੰਤੂ ਇੱਥੇ ਇਸ ਸ਼ਬਦ ਦਾ ਅਰਥ ਪੰਜ ਵਿਕਾਰ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਅਤੇ ਸੰਸਾਰਿਕ ਸੁਖ ਹਨ ਜਿਨ੍ਹਾਂ ਤੋਂ ਮੁਕਤੀ ਕੇਵਲ ਪਰਮਾਤਮਾ ਦੇ ਨਾਮ ਸਿਮਰਨ ਦੁਆਰਾ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। 'ਮੁਕਤਿ' ਸ਼ਬਦ ਦਾ ਮੁਢਲਾ ਅਰਥ ਮੁਕਤੀ ਜਾਂ ਮੋਕਸ਼ ਹੈ ਪਰੰਤੂ ਇੱਥੇ ਇਸ ਸ਼ਬਦ ਦਾ ਲਕਸ਼ਣਾਂ ਅਰਥ (ਲੱਖਣਾਰਥ) ਸੰਸਾਰਿਕ ਸੁਖ-ਸਹੂਲਤਾਂ ਅਤੇ ਪੰਜ ਵਿਕਾਰਾਂ ਤੋਂ ਦੂਰੀ ਹੈ। 'ਜਨਮ ਮਰਨ' ਸ਼ਬਦਾਂ ਵਿਚ 'ਜਨਮ' ਸ਼ਬਦ ਦਾ ਮੁਢਲਾ ਅਰਥ ਭਰਮ ਪੈਦਾ ਹੋਣਾ ਜਾਂ ਉਤਪਤੀ ਹੈ ਪਰੰਤੂ ਇੱਥੇ ਇਸ ਸ਼ਬਦ ਦਾ ਲਕਸ਼ਣਾਂ ਅਰਥ (ਲੱਖਣਾਰਥ) ਸੰਸਾਰਿਕ ਸੁੱਖਾਂ ਅਤੇ ਪੰਜ ਵਿਕਾਰਾਂ ਦੀ ਉਤਪਤੀ ਤੋਂ ਹੈ ਅਤੇ 'ਮਰਨ' ਸ਼ਬਦ ਦਾ ਮੁਢਲਾ ਅਰਥ ਮੌਤ ਜਾਂ ਮਰਨਾ ਹੈ ਪਰੰਤੂ ਇੱਥੇ ਇਸ ਸ਼ਬਦ ਦਾ ਲਕਸ਼ਣਾਂ ਅਰਥ (ਲੱਖਣਾਰਥ) ਜੀਵਨ ਵਿਚ ਸੰਸਾਰਿਕ ਸੁੱਖਾਂ ਅਤੇ ਪੰਜ ਵਿਕਾਰਾਂ ਦਾ ਖਾਤਮਾ ਕਰਕੇ ਪਰਮਾਤਮਾ ਦਾ ਨਾਮ ਸਿਮਰਨ ਕਰਨਾ ਹੈ।

ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ॥ (260)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਅਜਿਹੇ ਸ਼ਬਦਾਂ ਵਿਚ ਦੀ ਵਰਤੋਂ ਕੀਤੀ ਹੈ ਜੋ ਬਹੁ-ਅਰਥਕ ਅਤੇ ਬਹੁ-ਪਰਤੀ ਹਨ। 'ਖੁਦੀ' ਸ਼ਬਦ ਦਾ ਮੁਢਲਾ ਅਰਥ ਆਪਾ, ਸਵੈ, ਆਪਣਾ ਜਾਂ ਆਪ ਹੈ ਪਰੰਤੂ ਇੱਥੇ ਇਸ ਸ਼ਬਦ ਦਾ ਲਕਸ਼ਣਾਂ ਅਰਥ (ਲੱਖਣਾਰਥ) ਅਹੰਬੁਧਿ, ਦੁਰਮਤਿ, ਅਭਿਮਾਨ ਜਾਂ ਹਉਮੈ (ਚਤੁਰਾਈ ਜਾਂ ਸਿਆਣਪ) ਹੈ। ਗੁਰੂ ਜੀ ਅਨੁਸਾਰ ਹਉਮੈ ਦਾ ਰੋਗ ਛੱਡਣ ਨਾਲ ਮਾਨਸਿਕ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ ਭਾਵ ਸਰੀਰ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਤੋਂ ਦੂਰ ਰਹਿੰਦਾ ਹੈ। ਗੁਰੂ ਜੀ ਅਨੁਸਾਰ ਸਭ ਵਿਕਾਰਾਂ ਦਾ ਖਾਤਮਾ ਪਰਮਾਤਮਾ ਦੇ ਨਾਮ ਸਿਮਰਨ ਅਤੇ ਨਿਮਰਤਾ ਦੁਆਰਾ ਕੀਤਾ ਜਾ ਸਕਦਾ ਹੈ।

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥

ਭਗਤ ਜਨਾ ਕੈ ਮਨ ਬਿਸ੍ਰਾਮ॥ਰਹਾਉ॥ (262)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ, ਜੋ ਬਹੁ-ਅਰਥਕ ਅਤੇ ਬਹੁ-ਪਰਤੀ ਹਨ। ਇੱਥੇ 'ਸੁਖਮਨੀ' ਸ਼ਬਦ ਬਹੁ-ਅਰਥੀ ਹੈ ਕਿਉਂਕਿ ਇਸਦਾ ਮੁਢਲਾ ਅਰਥ ਸੁਖਾਂ ਦੀ ਮਣੀ ਭਾਵ ਸੰਸਾਰਿਕ ਸੁਖਾਂ ਦੀ ਪ੍ਰਾਪਤੀ ਤੋਂ ਹੈ ਅਤੇ ਲੱਖਣਾਰਥ (ਦੂਸਰਾ ਅਰਥ) ਆਤਮਿਕ ਜਾਂ ਮਨ ਦਾ ਸੁਖ ਹੈ। ਆਮ ਸਾਧਕ ਜਾਂ ਪਾਠਕ ਜਦੋਂ ਉਪਰੋਕਤ ਕਾਵਿ-ਸਤਰਾਂ ਨੂੰ ਪੜ੍ਹੇਗਾ ਜਾਂ ਸੁਣੇਗਾ ਤਾਂ ਉਹ ਸਮਝੇਗਾ ਕਿ ਸੁਖਮਨੀ ਸਾਹਿਬ ਦਾ ਪਾਠ ਕਰਨ ਨਾਲ ਸੰਸਾਰਿਕ ਸੁਖਾਂ ਦੀ ਪ੍ਰਾਪਤੀ ਹੋ ਜਾਵੇਗੀ ਪਰੰਤੂ ਜੇਕਰ ਕੋਈ ਪਾਠਕ ਜਾਂ ਸਾਧਕ ਇਨ੍ਹਾਂ ਸਤਰਾਂ ਨੂੰ ਧਿਆਨ ਨਾਲ ਘੋਖੇਗਾ ਜਾਂ ਵਿਚਾਰੇਗਾ ਤਾਂ ਉਸ ਨੂੰ ਇਸ ਗੱਲ ਦੀ ਪ੍ਰਤੀਤੀ ਹੋ ਜਾਵੇਗੀ ਕਿ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਨਾਲ ਆਤਮਾ ਅਤੇ ਪਰਮਾਤਮਾ ਦਾ ਮਿਲਾਪ ਹੋ ਜਾਂਦਾ ਹੈ, ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) 'ਤੇ ਕਾਬੂ ਜਾਂ ਕੰਟਰੋਲ ਹੋ ਜਾਂਦਾ ਹੈ ਅਤੇ ਮਾਨਸਿਕ ਜਾਂ ਆਤਮਿਕ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ। ਗੁਰੂ ਜੀ ਦੇ ਅਨੁਸਾਰ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਵਾਲੇ ਵਿਅਕਤੀ ਦਾ ਲੋਕ ਅਤੇ ਪਰਲੋਕ ਸਫ਼ਲ ਹੋ ਜਾਂਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਲਕਸ਼ਣਾ ਸ਼ਬਦ ਸ਼ਕਤੀ ਰਾਹੀਂ ਸ਼ਬਦਾਂ ਦੇ ਵੱਖ-ਵੱਖ ਅਰਥਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਜਾਂ ਨਿਵੇਕਲੇ ਢੰਗ ਰਾਹੀਂ ਪ੍ਰਸਤੁਤ ਕਰਨ ਦਾ ਵਿਲੱਖਣ ਉਪਰਾਲਾ ਕੀਤਾ ਹੈ।

**3.3. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਵਿਅੰਜਨਾ ਸ਼ਬਦ ਸ਼ਕਤੀ ਦਾ ਪ੍ਰਸਤੁਤੀਕਰਨ:** ਅਭਿਧਾ ਅਤੇ ਲਕਸ਼ਣਾ ਸ਼ਕਤੀ ਦੇ ਆਧਾਰ ਸ਼ਬਦ ਹੁੰਦੇ ਹਨ ਪਰੰਤੂ ਵਿਅੰਜਨਾ ਸ਼ਕਤੀ ਅਰਥ ਵਿਚੋਂ ਪ੍ਰਗਟ ਹੁੰਦੀ ਹੈ। ਵਿਸ਼ਵਨਾਥ ਦੇ ਅਨੁਸਾਰ, "ਜਿੱਥੇ ਅਭਿਧਾ ਤੇ ਲਕਸ਼ਣਾ ਆਪੋ ਆਪਣਾ ਕੰਮ ਕਰਕੇ ਸ਼ਾਂਤ ਹੋ ਜਾਣ, ਪਰ ਫਿਰ ਵੀ ਕਿਸੇ ਨਵੇਂ ਅਰਥ ਦੀ ਪ੍ਰਤੀਤੀ ਹੁੰਦੀ ਹੋਵੇ, ਉੱਥੇ ਵਿਅੰਜਨਾ ਸ਼ਬਦ ਸ਼ਕਤੀ ਹੁੰਦੀ ਹੈ।" (***ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ*** 35) ਜਿਵੇਂ 'ਗੁਰਪ੍ਰੀਤ ਦੇ ਘਰ ਵਿਚ ਗੰਗਾ ਵਹਿ ਰਹੀ ਹੈ।' ਵਾਕ ਵਿਚ 'ਗੰਗਾ'

ਸ਼ਬਦ ਦਾ ਮੁੱਖ-ਅਰਥ (ਅਭਿਧਾ) ਪਾਣੀ-ਪ੍ਰਵਾਹ ਹੈ, ਲਕਸ਼ਣਾ ਅਰਥ ਗੰਗਾ ਦਾ ਕਿਨਾਰਾ ਹੈ, ਪਰੰਤੂ ਇੱਥੇ 'ਘਰ ਵਿਚ ਗੰਗਾ' ਕਹਿਣ ਤੋਂ ਭਾਵ ਘਰ ਦਾ ਪਵਿੱਤਰ ਜਾਂ ਸ਼ੀਤਲ ਹੋਣਾ ਹੈ। ਭਾਰਤੀ ਕਾਵਿ-ਸ਼ਾਸਤਰ ਵਿਚ ਇਹਨਾਂ ਸੁਝਾਉ ਅਰਥਾਂ ਨੂੰ ਪ੍ਰਗਟਾਉਣ ਵਾਲੀ ਸ਼ਬਦ ਸ਼ਕਤੀ 'ਵਿਅੰਜਨਾ' ਹੀ ਹੈ। ਵਿਅੰਜਨਾ ਸ਼ਬਦ ਸ਼ਕਤੀ ਵਿਚ, ਜਿਸ ਸ਼ਬਦ ਦੁਆਰਾ ਅਜਿਹਾ ਅਰਥ ਨਿਕਲਦਾ ਹੈ ਉਸਨੂੰ **ਵਿਅੰਜਕ ਸ਼ਬਦ** ਅਤੇ ਅਰਥ ਨੂੰ **ਵਿਅੰਗ-ਅਰਥ** ਕਿਹਾ ਜਾਂਦਾ ਹੈ।

ਵਿਅੰਜਨਾ ਸ਼ਬਦ ਸ਼ਕਤੀ ਦੀ ਵਰਤੋਂ ਉੱਥੇ ਕੀਤੀ ਜਾਂਦੀ ਹੈ ਜਿੱਥੇ ਪਹਿਲੀ ਸ਼ਬਦ ਸ਼ਕਤੀ (ਅਭਿਧਾ) ਅਤੇ ਦੂਜੀ ਸ਼ਬਦ ਸ਼ਕਤੀ (ਲਕਸ਼ਣਾਂ) ਆਪੋ ਆਪਣਾ ਜ਼ੋਰ ਲਾ ਕੇ ਸ਼ਾਂਤ ਹੋ ਜਾਣ। ਇੱਥੇ ਇਹ ਦੱਸ ਦੇਣਾ ਬਹੁਤ ਜ਼ਰੂਰੀ ਹੈ ਕਿ ਹਰੇਕ ਸ਼ਬਦ ਨੂੰ ਕ੍ਰਮਵਾਰ ਅਭਿਧਾ ਤੇ ਲਕਸ਼ਣਾ ਵਿਚੋਂ ਗੁਜ਼ਰਨਾ ਲਾਜ਼ਮੀ ਨਹੀਂ ਹੁੰਦਾ, ਸਗੋਂ ਅਭਿਧਾ ਸ਼ਬਦ ਸ਼ਕਤੀ ਤੋਂ ਬਾਅਦ ਵਿਅੰਜਨਾ ਸ਼ਬਦ ਸ਼ਕਤੀ ਦਾ ਖੇਤਰ ਸ਼ੁਰੂ ਹੋ ਸਕਦਾ ਹੈ। ਅਭਿਧਾ ਸ਼ਬਦ ਸ਼ਕਤੀ ਅਤੇ ਲਕਸ਼ਣਾ ਸ਼ਬਦ ਸ਼ਕਤੀ ਦਾ ਆਧਾਰ ਕੇਵਲ ਸ਼ਬਦ ਹੀ ਹਨ ਪਰੰਤੂ ਵਿਅੰਜਨਾ ਸ਼ਬਦ ਸ਼ਕਤੀ ਦਾ ਆਧਾਰ ਸ਼ਬਦ ਅਤੇ ਅਰਥ ਦੋਵੇਂ ਹੁੰਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਬਹੁ-ਅਰਥੀ ਅਤੇ ਬਹੁ-ਪਰਤੀ ਸ਼ਬਦਾਂ ਦੀ ਵਰਤੋਂ ਕੀਤੀ ਹੈ, ਜਿਨ੍ਹਾਂ ਨੂੰ ਕੇਵਲ ਸੂਝਵਾਨ ਪਾਠਕ ਅਤੇ ਸਾਧਕ ਹੀ ਆਪਣੀ ਸੂਝਬੂਝ ਅਤੇ ਤਿੰਨ ਸ਼ਬਦ ਸ਼ਕਤੀਆਂ (ਅਭਿਧਾ, ਲਕਸ਼ਣਾ, ਵਿਅੰਜਨਾ) ਦੀ ਸਹਾਇਤਾ ਨਾਲ ਸਮਝ ਸਕਦੇ ਹਨ। ਗੁਰੂ ਜੀ ਇਕ ਧਾਰਮਿਕ ਗੁਰੂ ਹੋਣ ਦੇ ਨਾਲ-ਨਾਲ ਇਕ ਬਹੁਤ ਵਧੀਆ ਅਤੇ ਉਚ-ਕੋਟੀ ਦੇ ਗੁਰੂ -ਕਵੀ ਵੀ ਸਨ ਜਿਨ੍ਹਾਂ ਨੇ ਬਹੁਤ ਹੀ ਸੂਝਬੂਝ ਨਾਲ ਗੁਰਬਾਣੀ ਵਿਚ ਬਹੁ-ਅਰਥੀ, ਬਹੁ-ਪਰਤੀ ਅਤੇ ਵਿਅੰਗਾਤਮਕ ਸ਼ਬਦਾਂ ਦੀ ਵਰਤੋਂ ਕੀਤੀ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਦਾ ਵਿਅੰਜਨਾਂ ਸ਼ਬਦ ਸ਼ਕਤੀ ਦੇ ਆਧਾਰ ਤੇ ਮੁਲਾਂਕਣ ਹੇਠ ਲਿਖੇ ਅਨੁਸਾਰ ਹੈ:

ਸਿਫਤਿ ਸਲਾਹਣੁ ਭਗਤਿ ਵਿਰਲੇ ਦਿਤੀਅਨੁ॥

ਸਉਪੇ ਜਿਸੁ ਭੰਡਾਰ ਫਿਰਿ ਪਛੁ ਨ ਲੀਤੀਅਨੁ॥ (958)

ਉਪਰੋਕਤ ਕਾਵਿ-ਸਤਰਾਂ ਵਿਚ 'ਭੰਡਾਰ' ਸ਼ਬਦ ਦਾ ਮੁੱਢਲਾ ਜਾਂ ਕੋਸ਼ਗਤ (ਅਭਿਧਾ) ਅਰਥ ਅੰਨ ਦਾ ਖ਼ਜ਼ਾਨਾ ਹੈ ਅਤੇ ਦੂਸਰਾ (ਲਕਸ਼ਣਾਂ) ਅਰਥ ਪਰਮਾਤਮਾ ਦੀਆਂ ਦਾਤਾ ਦਾ ਖ਼ਜ਼ਾਨਾ ਹੈ ਪਰੰਤੂ ਸੁਝਾਉ (ਵਿਅੰਜਨਾ) ਅਰਥ ਪਰਮਾਤਮਾ ਦੀ ਸਿਫ਼ਤ-ਸਾਲਾਹ ਦਾ ਖ਼ਜ਼ਾਨਾ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਪਰਮਾਤਮਾ ਦੀ ਸਿਫ਼ਤ-ਸਾਲਾਹ, ਨਾਮ-ਸਿਮਰਨ ਅਤੇ ਭਗਤੀ ਦੀ ਦਾਤਿ ਪਰਮਾਤਮਾ ਨੇ ਕਿਸੇ ਵਿਰਲੇ ਭਾਗਾਂ ਵਾਲੇ ਵਿਅਕਤੀ ਜਾਂ ਮਨੁੱਖ ਨੂੰ ਹੀ ਦਿੱਤੀ ਹੈ। ਜਿਸ ਮਨੁੱਖ ਨੂੰ ਪਰਮਾਤਮਾ ਨੇ ਸਿਫ਼ਤ-ਸਾਲਾਹ ਦੇ ਖ਼ਜ਼ਾਨੇ ਸੌਂਪੇ ਹਨ, ਉਸ ਪਾਸੋਂ ਪਰਮਾਤਮਾ ਕੀਤੇ ਕਰਮਾਂ ਦਾ ਲੇਖਾ-ਜੋਖਾ ਨਹੀਂ ਮੰਗਦਾ ਹੈ। ਇੱਥੇ ਭੰਡਾਰ ਸ਼ਬਦ ਦਾ ਅਰਥ ਪਰਮਾਤਮਾ ਦੀ ਸਿਫ਼ਤ-ਸਾਲਾਹ ਦਾ ਖ਼ਜ਼ਾਨਾ ਕੇਵਲ ਵਿਅੰਜਨਾ ਸ਼ਬਦ ਸ਼ਕਤੀ ਦੁਆਰਾ ਹੀ ਸਪੱਸ਼ਟ ਹੋਇਆ ਹੈ।

ਹਮ ਚਾਕਰ ਗੋਬਿੰਦ ਕੇ ਠਾਕੁਰੁ ਮੇਰਾ ਭਾਰਾ॥

ਕਰਨ ਕਰਾਵਨ ਸਗਲ ਬਿਧਿ ਸੋ ਸਤਿਗੁਰੂ ਹਮਾਰਾ॥ (399)

ਉਪਰੋਕਤ ਕਾਵਿ-ਪੰਕਤੀਆਂ ਵਿਚ ਭਾਰਾ ਸ਼ਬਦ ਦਾ ਮੁੱਢਲਾ ਜਾਂ ਕੋਸ਼ਗਤ (ਅਭਿਧਾ) ਅਰਥ ਜਿਆਦਾ ਭਾਰ ਵਾਲਾ ਜਾਂ ਵੱਡਾ ਹੈ, ਪਰੰਤੂ ਵਿਅੰਜਨਾ ਸ਼ਬਦ ਸ਼ਕਤੀ ਦੇ ਅਨੁਸਾਰ ਇੱਥੇ ਭਾਰਾ ਸ਼ਬਦ ਦਾ ਅਰਥ ਇਹ ਹੈ ਕਿ ਪਰਮਾਤਮਾ ਸਰਵ-ਵਿਆਪਕ ਹੈ, ਉਹ ਸਭ ਜੀਵਾਂ ਵਿਚ ਵਸਿਆ ਹੋਇਆ ਹੈ ਅਤੇ ਉਸ ਦੀ ਕਿਰਪਾ ਤੋਂ ਬਿਨਾ ਇਸ ਸੰਸਾਰ ਵਿਚ ਪੱਤਾ ਵੀ ਹਿੱਲ ਨਹੀਂ ਸਕਦਾ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਅਸੀਂ ਉਸ ਗੋਬਿੰਦ ਜਾਂ ਪਰਮਾਤਮਾ ਦੇ ਨੌਕਰ (ਸੇਵਕ) ਹਾਂ, ਉਹ ਪਰਮਾਤਮਾ ਸਭ ਜੀਵਾਂ ਵਿਚ ਵਿਆਪਕ ਹੋ ਕੇ ਆਪ ਹੀ ਸਭ ਕੁਝ ਕਰਨ ਵਾਲਾ ਹੈ ਤੇ ਜੀਵਾਂ ਕੋਲੋਂ ਕਰਵਾਉਣ ਵਾਲਾ ਹੈ।

ਸਾਧੂ ਧੂਰਿ ਮੁਖਿ ਮਸਤਕਿ ਲਾਈ॥

ਨਾਨਕ ਉਧਰੇ ਹਰਿ ਗੁਰ ਸਰਣਾਈ॥ (744)

ਉਪਰੋਕਤ ਕਾਵਿ-ਸਤਰਾਂ ਵਿਚ 'ਧੂਰਿ' ਸ਼ਬਦ ਦਾ ਮੁਢਲਾ (ਅਭਿਧਾ) ਅਰਥ ਪੈਰਾਂ ਦੀ ਖ਼ਾਕ (ਮਿੱਟੀ) ਹੈ, ਪਰੰਤੂ ਇੱਥੇ ਵਿਅੰਜਨਾ ਸ਼ਬਦ ਸ਼ਕਤੀ ਅਨੁਸਾਰ 'ਧੂਰਿ' ਸ਼ਬਦ ਦਾ ਅਰਥ ਸੱਚੇ ਗੁਰੂ ਦੀ ਸਿੱਖਿਆ ਜਾਂ ਉਪਦੇਸ਼ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਜੇਕਰ ਮਨੁੱਖ ਚੰਗੇ ਲੋਕਾਂ ਦੀ ਸੰਗਤ ਵਿਚ ਬੈਠ ਕੇ ਗੁਰੂ ਦੁਆਰਾ ਦੱਸੇ ਰਸਤੇ ਉਪਰ ਚੱਲ ਕੇ, ਗੁਰੂ ਦੇ ਉਪਦੇਸ਼ਾਂ ਦੀ ਪਾਲਣਾ ਕਰਦੇ ਹੋਏ ਜੀਵਨ ਬਤੀਤ ਕਰੇਗਾ ਤਾਂ ਉਸ ਦੇ ਜੀਵਨ ਵਿਚ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਤੋਂ ਪੈਦਾ ਹੋਣ ਵਾਲੇ ਸਭ ਲੜਾਈ-ਝਗੜਿਆਂ ਦਾ ਖਾਤਮਾ ਹੋ ਜਾਵੇਗਾ। ਇੱਥੇ ਗੁਰੂ ਜੀ ਸਾਨੂੰ ਇਹ ਸਮਝਾਉਣਾ ਚਾਹੁੰਦੇ ਹਨ ਕਿ ਗੁਰਬਾਣੀ ਦੇ ਸਿਮਰਨ ਨਾਲ ਮਨੁੱਖੀ ਜੀਵਨ ਵਿਚ ਸਭ ਲੜਾਈ-ਝਗੜੇ ਮਿਟ ਜਾਂਦੇ ਹਨ।

ਭਿੰਨੀ ਰੈਨੜੀਐ ਚਾਮਕਨਿ ਤਾਰੇ॥

ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ॥ (459)

ਉਪਰੋਕਤ ਕਾਵਿ-ਸਤਰਾਂ ਵਿਚ 'ਭਿੰਨੀ' ਸ਼ਬਦ ਦਾ ਮੁਢਲਾ (ਅਭਿਧਾ) ਅਰਥ ਤ੍ਰੇਲ-ਭਿੱਜੀ ਵਸਤੂ ਜਾਂ ਪਦਾਰਥ ਤੋਂ ਹੈ, ਪਰੰਤੂ ਇੱਥੇ ਵਿਅੰਜਨਾ ਸ਼ਬਦ ਸ਼ਕਤੀ ਅਨੁਸਾਰ 'ਭਿੰਨੀ' ਸ਼ਬਦ ਦਾ ਅਰਥ ਪਰਮਾਤਮਾ ਦੇ ਪਿਆਰ ਵਿਚ ਭਿੱਜੇ ਹੋਏ ਹਿਰਦੇ ਹਨ। ਉਪਰੋਕਤ ਕਾਵਿ-ਸਤਰਾਂ ਵਿਚ 'ਰੈਨੜੀਐ' ਸ਼ਬਦ ਦਾ ਮੁਢਲਾ (ਅਭਿਧਾ) ਅਰਥ ਸੋਹਣੀ ਰਾਤ ਹੈ, ਪਰੰਤੂ ਇੱਥੇ ਵਿਅੰਜਨਾ ਸ਼ਬਦ ਸ਼ਕਤੀ ਅਨੁਸਾਰ 'ਰੈਨੜੀਐ' ਸ਼ਬਦ ਦਾ ਅਰਥ ਚੰਗੇ ਆਤਮਕ ਗੁਣ ਹਨ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਜਿਵੇਂ ਤ੍ਰੇਲ ਭਿੱਜੀ ਸੋਹਣੀ ਰਾਤ ਵਿਚ ਆਕਾਸ਼ ਵਿਚ ਤਾਰੇ ਚਮਕਦੇ ਹਨ, ਠੀਕ ਉਸੇ ਤਰ੍ਹਾਂ ਹੀ ਪਰਮਾਤਮਾ ਦੇ ਪ੍ਰੇਮ ਵਿਚ ਭਿਜੇ ਹੋਏ ਮਨੁੱਖਾਂ ਦੇ ਮਨ ਅੰਦਰ ਚੰਗੇ ਜਾਂ ਵਧੀਆਂ ਆਤਮਕ ਗੁਣ ਲਿਸ਼ਕਾਂ ਮਾਰਦੇ ਹਨ। ਇੱਥੇ ਉਪਰੋਕਤ ਭਾਵ ਨੂੰ ਕੇਵਲ ਵਿਅੰਜਨਾ ਸ਼ਬਦ-ਸ਼ਕਤੀ ਦੁਆਰਾ ਹੀ ਸਮਝਿਆ ਜਾ ਸਕਦਾ ਹੈ।

ਸੀਤਲ ਆਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ॥ (452)

ਉਪਰੋਕਤ ਕਾਵਿ-ਪੰਕਤੀ ਵਿਚ 'ਬਸੀਠ' ਸ਼ਬਦ ਦਾ ਕੋਸ਼ਗਤ (ਅਭਿਧਾ) ਅਰਥ ਵਕੀਲ, ਦੂਤ ਜਾਂ ਵਿਚੋਲਾ ਹੈ, ਪਰੰਤੂ ਵਿਅੰਜਨਾ ਸ਼ਬਦ ਸ਼ਕਤੀ ਦੇ ਅਨੁਸਾਰ ਇੱਥੇ 'ਬਸੀਠ' ਸ਼ਬਦ ਦਾ ਸੰਬੰਧ ਪਰਮਾਤਮਾ ਦੇ ਨਾਮ ਨਾਲ ਹੈ। ਗੁਰੂ ਜੀ ਦੇ ਅਨੁਸਾਰ ਮਨੁੱਖ ਇਸ ਸੰਸਾਰ ਵਿਚ ਕੇਵਲ ਪਰਮਾਤਮਾ ਦੇ ਸਿਮਰਨ ਦੁਆਰਾ ਪ੍ਰਭੂ ਦੀ ਪ੍ਰਾਪਤੀ ਕਰ ਸਕਦਾ ਹੈ। ਇੱਥੇ ਇਹ ਦੱਸ ਦੇਣਾ ਵੀ ਬਹੁਤ ਜ਼ਰੂਰੀ ਹੈ ਕਿ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਸਾਨੂੰ ਸ਼ਬਦ ਗੁਰੂ (ਸਭ ਸਿੱਖਨ ਕੋ ਹੁਕਮੁ ਹੈ ਗੁਰੂ ਮਾਨਿਓ ਗ੍ਰੰਥ) ਦੇ ਲੜ੍ਹ ਲੱਗਣ ਦਾ ਸੰਦੇਸ਼ ਦਿੱਤਾ ਹੈ। ਇੱਥੇ ਉਪਰੋਕਤ ਭਾਵ ਨੂੰ ਕੇਵਲ ਵਿਅੰਜਨਾ ਸ਼ਬਦ-ਸ਼ਕਤੀ ਦੁਆਰਾ ਹੀ ਸਮਝਿਆ ਜਾ ਸਕਦਾ ਹੈ।

ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ॥

ਸਰਬ ਨਿਧਾਨ ਨਾਨਕ ਹਰਿ ਰੰਗਿ॥ (262)

ਉਪਰੋਕਤ ਕਾਵਿ-ਸਤਰਾਂ ਵਿਚ 'ਨਿਧਾਨ' ਸ਼ਬਦ ਦਾ ਕੋਸ਼ਗਤ (ਅਭਿਧਾ) ਅਰਥ ਸੰਸਾਰਿਕ ਧਨ-ਦੌਲਤ ਦੇ ਖ਼ਜ਼ਾਨੇ ਤੋਂ ਹੈ ਪਰੰਤੂ ਵਿਅੰਜਨਾ ਸ਼ਬਦ ਸ਼ਕਤੀ ਦੇ ਅਨੁਸਾਰ ਇੱਥੇ 'ਨਿਧਾਨ' ਸ਼ਬਦ ਦਾ ਅਰਥ ਸੰਤੋਖ, ਨਿਮਰਤਾ, ਹਲੀਮੀ, ਧੀਰਜ ਅਤੇ ਸਮਾਜ ਭਲਾਈ ਵਰਗੇ ਗੁਣਾਂ ਦੇ ਖ਼ਜ਼ਾਨੇ ਤੋਂ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਨਾਲ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਤੋਂ ਛੁਟਕਾਰਾ ਮਿਲਦਾ ਹੈ ਅਤੇ ਸੰਤੋਖ, ਨਿਮਰਤਾ, ਹਲੀਮੀ, ਧੀਰਜ ਅਤੇ ਸਮਾਜ ਭਲਾਈ ਵਰਗੇ ਗੁਣਾਂ ਦੇ ਖ਼ਜ਼ਾਨੇ ਦੀ ਪ੍ਰਾਪਤੀ ਹੋ ਜਾਂਦੀ ਹੈ।

ਹਉ ਮੈਲਾ ਮਲੁ ਕਬਹੁ ਨ ਧੋਵੈ॥

ਹਰਿ ਕਾ ਨਾਮ ਕੋਟਿ ਪਾਪ ਖੋਵੈ॥ (264)

ਉਪਰੋਕਤ ਕਾਵਿ-ਸਤਰਾਂ ਵਿਚ 'ਮਲੁ' ਸ਼ਬਦ ਦਾ ਕੋਸ਼ਗਤ (ਅਭਿਧਾ) ਅਰਥ ਮੈਲ ਹੈ, ਪਰੰਤੂ ਵਿਅੰਜਨਾ ਸ਼ਬਦ ਸ਼ਕਤੀ ਅਨੁਸਾਰ ਇੱਥੇ 'ਮਲੁ' ਸ਼ਬਦ ਦੀ ਵਰਤੋਂ ਪੰਜ ਵਿਕਾਰਾਂ ਲਈ ਕੀਤੀ ਗਈ ਹੈ। ਗੁਰੂ ਅਰਜਨ

ਦੇਵ ਜੀ ਦੇ ਅਨੁਸਾਰ ਜਿਹੜਾ ਵਿਅਕਤੀ ਆਪਣੀ ਹਉਮੈ ਦੇ ਕਾਰਨ ਅਪਵਿੱਤਰ ਹੋ ਜਾਂਦਾ ਹੈ, ਉਸ ਦੀ ਅਪਵਿੱਤਰਤਾ ਸ਼ੁੱਧ ਨਹੀਂ ਹੋ ਸਕਦੀ ਪਰੰਤੂ ਪਰਮਾਤਮਾ ਦੇ ਨਾਮ ਵਿਚ ਕਰੋੜਾਂ ਪਾਪਾਂ ਨੂੰ ਧੋ ਦੇਣ ਦੀ ਸ਼ਕਤੀ ਹੈ। ਗੁਰੂ ਜੀ ਅਨੁਸਾਰ ਪਰਮਾਤਮਾ ਦੇ ਨਾਮ-ਸਿਮਰਨ ਦੀ ਪ੍ਰਾਪਤੀ ਕੇਵਲ ਸਾਧੂ-ਸੰਤਾਂ ਦੀ ਸੰਗਤ ਦੁਆਰਾ ਹੀ ਪ੍ਰਾਪਤ ਹੁੰਦੀ ਹੈ।

ਸੁਨਿ ਅੰਧਾ ਕੈਸੇ ਮਾਰਗੁ ਪਾਵੈ॥

ਕਰੁ ਗਹਿ ਲੇਹੁ ਓੜਿ ਨਿਬਹਾਵੈ॥

ਕਹਾ ਬੁਝਾਰਤਿ ਬੂਝੈ ਡੋਰਾ॥

ਨਿਸਿ ਕਹੀਐ ਤਉ ਸਮਝੈ ਭੋਰਾ॥

ਕਹਾ ਬਿਸਨਪਦ ਗਾਵੈ ਗੁੰਗ॥

ਜਤਨ ਕਰੈ ਤਉ ਭੀ ਸੁਰ ਭੰਗ॥

ਕਹੁ ਪਿੰਗੁਲ ਪਰਬਤ ਪਰ ਭਵਨ॥

ਨਹੀ ਹੋਤ ਊਹਾ ਉਸੁ ਗਵਨ॥ (266)

ਉਪਰੋਕਤ ਕਾਵਿ-ਸਤਰਾਂ ਵਿਚ 'ਅੰਧਾ' ਸ਼ਬਦ ਦਾ ਕੋਸ਼ਗਤ ਅਰਥ ਅੰਨ੍ਹਾਂ ਜਾਂ ਨੇਤਰਹੀਣ ਹੈ, 'ਡੋਰਾ' ਸ਼ਬਦ ਦਾ ਕੋਸ਼ਗਤ ਅਰਥ ਬੋਲਾ ਹੈ, 'ਗੁੰਗ' ਸ਼ਬਦ ਦਾ ਕੋਸ਼ਗਤ ਅਰਥ ਗੁੰਗਾ ਵਿਅਕਤੀ ਹੈ ਅਤੇ 'ਪਿੰਗਲ' ਸ਼ਬਦ ਦਾ ਕੋਸ਼ਗਤ ਅਰਥ ਲੂਲ੍ਹਾ ਜਾਂ ਲੰਗੜਾ ਵਿਅਕਤੀ ਹੈ ਪਰੰਤੂ ਵਿਅੰਜਨਾ ਸ਼ਬਦ ਸ਼ਕਤੀ ਅਨੁਸਾਰ ਇੱਥੇ ਗੁਰੂ ਅਰਜਨ ਦੇਵ ਜੀ ਨੇ ਮਨਮੁਖ, ਅਗਿਆਨੀ, ਕੁਕਰਮੀ ਅਤੇ ਮਾਇਆਧਾਰੀ ਵਿਅਕਤੀਆਂ ਲਈ 'ਅੰਧੇ', 'ਡੋਰੇ', 'ਗੁੰਗੇ' ਅਤੇ 'ਪਿੰਗਲੇ' ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਗੁਰੂ ਜੀ ਅਨੁਸਾਰ ਇਸ ਸੰਸਾਰ ਵਿਚ ਉਹ

ਵਿਅਕਤੀ ਉਤਨੀ ਦੇਰ ਅਪੰਗ ਜਾਂ ਅਪਾਹਿਜ ਹੈ ਜਿਤਨੀ ਦੇਰ ਉਹ ਪਰਮਾਤਮਾ ਦੇ ਨਾਮ ਦਾ ਸਿਮਰਨ ਨਹੀਂ ਕਰਦਾ ਹੈ।

ਬਲੂਆ ਕੇ ਗ੍ਰਿਹ ਭੀਤਰਿ ਬਸੈ॥

ਅਨਦ ਕੇਲ ਮਾਇਆ ਰੰਗਿ ਰਸੈ॥ (266)

ਉਪਰੋਕਤ ਕਾਵਿ-ਸਤਰਾਂ ਵਿਚ 'ਬਲੂਆ ਕੇ ਗ੍ਰਿਹ' ਸ਼ਬਦਾਂ ਦਾ ਅਭਿਧਾ ਅਰਥ ਰੇਤ ਦਾ ਘਰ ਹੈ, ਪਰੰਤੂ ਵਿਅੰਜਨਾ ਸ਼ਬਦ ਸ਼ਕਤੀ ਅਨੁਸਾਰ ਇੱਥੇ 'ਬਲੂਆ ਕੇ ਗ੍ਰਿਹ' ਸ਼ਬਦਾਂ ਦੀ ਵਰਤੋਂ ਮਨੁੱਖਾਂ ਜੀਵਨ ਲਈ ਕੀਤੀ ਗਈ ਹੈ ਕਿਉਂਕਿ ਮਾਇਆਧਾਰੀ ਮਨੁੱਖ ਮੌਤ ਨੂੰ ਭੁਲਾਈ ਬੈਠਾ ਹੈ ਪਰੰਤੂ ਉਸ ਨੂੰ ਇਸ ਗੱਲ ਦਾ ਅੰਦਾਜਾ ਵੀ ਨਹੀ ਹੈ ਕਿ ਮੌਤ ਉਸ ਨੂੰ ਕਿਸੇ ਸਮੇਂ ਵੀ ਦਬੋਚ ਸਕਦੀ ਹੈ।

ਬਿਰਖ ਕੀ ਛਾਇਆ ਸਿਉ ਰੰਗੁ ਲਾਵੈ॥

ਓਹ ਬਿਨਸੈ ਉਹੁ ਮਨਿ ਪਛੁਤਾਵੈ॥

....................................

ਬਟਾਊ ਸਿਉ ਜੋ ਲਾਵੈ ਨੇਹ॥

ਤਾ ਕਉ ਹਾਥਿ ਨ ਆਵੈ ਕੇਹ॥ (268)

ਉਪਰੋਕਤ ਕਾਵਿ-ਸਤਰਾਂ ਵਿਚ 'ਬਿਰਖ ਕੀ ਛਾਇਆ' ਸ਼ਬਦਾਂ ਦਾ ਅਭਿਧਾ ਅਰਥ ਰੁੱਖ ਦੀ ਛਾਂ ਹੈ, ਪਰੰਤੂ ਵਿਅੰਜਨਾ ਸ਼ਬਦ ਸ਼ਕਤੀ ਅਨੁਸਾਰ ਇੱਥੇ 'ਬਿਰਖ ਕੀ ਛਾਇਆ' ਸ਼ਬਦਾਂ ਦੀ ਵਰਤੋਂ ਨਾਸ਼ਮਾਨ, ਅਸਥਾਈ ਮੋਹ-ਮਾਇਆ ਅਤੇ ਸੰਸਾਰਿਕ ਧਨ-ਦੌਲਤ ਲਈ ਕੀਤੀ ਗਈ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਜੇਕਰ ਕੋਈ ਵਿਅਕਤੀ ਕਿਸੇ ਰੁੱਖ ਦੀ ਛਾਂ ਨਾਲ ਪ੍ਰੇਮ ਕਰਨ ਲੱਗ ਪਵੇ ਤਾਂ ਛਾਂ ਦੇ ਖਤਮ ਹੋ ਜਾਣ ਤੇ ਉਸ ਨੂੰ ਪਛਤਾਉਣਾ ਪੈਂਦਾ ਹੈ ਠੀਕ ਉਸੇ ਪ੍ਰਕਾਰ ਜਦੋਂ ਕੋਈ ਵਿਅਕਤੀ ਮੋਹ-ਮਾਇਆ ਦੇ ਜਾਲ ਵਿਚ ਫਸ ਕੇ

ਪਰਮਾਤਮਾ ਦੇ ਨਾਮ-ਸਿਮਰਨ ਨੂੰ ਭੁੱਲ ਜਾਂਦਾ ਹੈ ਤਾਂ ਅੰਤ ਸਮੇਂ ਉਸ ਨੂੰ ਵੀ ਪਛਤਾਉਣਾ ਪੈਂਦਾ ਹੈ। ਉਪਰੋਕਤ ਕਾਵਿ-ਸਤਰਾਂ ਵਿਚ 'ਬਟਾਊ' ਸ਼ਬਦ ਦਾ ਅਭਿਧਾ ਅਰਥ ਮੁਸਾਫਿਰ ਹੈ, ਪਰੰਤੂ ਵਿਅੰਜਨਾ ਸ਼ਬਦ ਸ਼ਕਤੀ ਅਨੁਸਾਰ ਇੱਥੇ 'ਬਟਾਊ' ਸ਼ਬਦ ਦੀ ਵਰਤੋਂ ਮਨੁੱਖ ਲਈ ਕੀਤੀ ਗਈ ਹੈ, ਜੋ ਇਸ ਸੰਸਾਰ ਵਿਚ ਮੁਸਾਫਿਰ ਦੀ ਤਰ੍ਹਾਂ ਆਇਆ ਹੋਇਆ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਇਸ ਸੰਸਾਰ ਵਿਚ ਜੋ ਕੁਝ ਵੀ ਦਿਖਾਈ ਦੇ ਰਿਹਾ ਹੈ, ਉਹ ਸਭ ਨਾਸ਼ਮਾਨ ਅਤੇ ਅਸਥਾਈ ਹੈ ਪਰੰਤੂ ਕੇਵਲ ਪਰਮਾਤਮਾ ਦਾ ਨਾਮ ਹੀ ਸਥਾਈ ਅਤੇ ਸੁਖਦਾਈ ਹੈ।

ਅੰਧਕੂਪ ਤੇ ਕਾਢਿ ਲੀਏ ਤੁਮ ਆਪਿ ਭਏ ਕਿਰਪਾਲਾ॥ (748)

ਉਪਰੋਕਤ ਕਾਵਿ-ਸਤਰ ਵਿਚ 'ਅੰਧਕੂਪ' ਦਾ ਕੋਸ਼ਗਤ (ਅਭਿਧਾ) ਅਰਥ ਹਨੇਰੇ ਖੂਹ ਤੋਂ ਹੈ ਪਰੰਤੂ ਵਿਅੰਜਨਾ ਸ਼ਬਦ-ਸ਼ਕਤੀ ਦੇ ਅਨੁਸਾਰ ਇੱਥੇ 'ਅੰਧਕੂਪ' ਦਾ ਸੰਬੰਧ ਮੋਹ-ਮਾਇਆ (ਧਨ-ਦੌਲਤ) ਨਾਲ ਹੈ। ਗੁਰੂ ਜੀ ਦੇ ਅਨੁਸਾਰ ਜਿੰਨ੍ਹਾਂ ਮਨੁੱਖਾਂ ਨੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਸ਼ੁਰੂ ਕਰ ਦਿੱਤਾ ਹੈ, ਪਰਮਾਤਮਾ ਨੇ ਉਨ੍ਹਾਂ ਨੂੰ ਮੋਹ-ਮਾਇਆ ਦੇ ਖੂਹ ਵਿਚੋਂ ਕੱਢ ਲਿਆ ਹੈ। ਇੱਥੇ ਉਪਰੋਕਤ ਭਾਵ ਨੂੰ ਕੇਵਲ ਵਿਅੰਜਨਾ ਸ਼ਬਦ-ਸ਼ਕਤੀ ਦੁਆਰਾ ਹੀ ਸਮਝਿਆ ਜਾ ਸਕਦਾ ਹੈ।

ਧੁਨੀ ਸਿਧਾਂਤ ਦਾ ਸੰਬੰਧ ਸਿੱਧੇ ਰੂਪ ਵਿਚ ਸੰਚਾਰ-ਜੁਗਤਾਂ ਨਾਲ ਸੰਬੰਧਿਤ ਹੈ। ਕਵੀ ਦਾ ਸੰਚਾਰ ਉਦੋਂ ਹੀ ਸਫ਼ਲ ਮੰਨਿਆ ਜਾਂਦਾ ਹੈ ਜਦੋਂ ਉਸ ਦੀ ਪੇਸ਼ਕਾਰੀ ਨਾਲ ਅਰਥਾਂ ਦਾ ਸਰਲ ਬੋਧ ਜਾਂ ਸਪੱਸ਼ਟੀਕਰਨ ਹੋਵੇ। ਭਾਰਤੀ ਕਾਵਿ-ਸ਼ਾਸਤਰ ਦੇ ਅਨੁਸਾਰ ਕਵੀ ਕਾਵਿ ਜਾਂ ਕਵਿਤਾ ਵਿਚਲੇ ਸ਼ਬਦਾਂ ਦੇ ਅਰਥ ਅਤੇ ਉਨ੍ਹਾਂ ਅਰਥਾਂ ਦੇ ਹੋਰ ਅਗਲੇਰੇ ਜਾਂ ਨਵੇਂ ਅਰਥ ਪ੍ਰਸਤੁਤ ਕਰਨ ਲਈ ਵੱਖ-ਵੱਖ ਸ਼ਬਦ ਸ਼ਕਤੀਆਂ (ਅਭਿਧਾ, ਲਕਸ਼ਣਾ, ਵਿਅੰਜਨਾਂ) ਦੀ ਵਰਤੋਂ ਕਰਦਾ ਹੈ। ਜਦੋਂ ਗੁਰੂ ਅਰਜਨ ਦੇਵ ਜੀ ਜਨ-ਸਾਧਾਰਨ ਜਾਂ ਜਨ-ਮਾਨਸ ਨਾਲ ਸੰਬੋਧਿਤ ਹੁੰਦੇ ਹਨ ਤਾਂ ਉੱਥੇ ਅਭਿਧਾ ਸ਼ਬਦ ਸ਼ਕਤੀ ਹਾਜ਼ਰ ਹੁੰਦੀ ਹੈ, ਕਿਉਂਕਿ ਇਸ ਸ਼ਕਤੀ ਰਾਹੀਂ ਸ਼ਬਦ ਆਪਣੇ ਸਿੱਧੇ ਜਾਂ ਕੋਸ਼ਗਤ ਰੂਪ ਵਿਚ ਪ੍ਰਸਤੁਤ ਹੁੰਦੇ ਹਨ। ਅਭਿਧਾ

ਸ਼ਬਦ ਸ਼ਕਤੀ ਰਾਹੀਂ ਸ਼ਬਦ ਆਮ ਵਿਅਕਤੀ ਜਾਂ ਪਾਠਕ ਦੀ ਸਮਝ ਵਿਚ ਆ ਕੇ ਆਪਣਾ ਪ੍ਰਯੋਜਨ ਸਫ਼ਲ ਬਣਾਉਂਦੇ ਹਨ। ਇਸੇ ਕਰਕੇ ਗੁਰੂ ਅਰਜਨ ਦੇਵ ਜੀ ਨੇ ਆਪਣੀਆਂ ਵਾਰਾਂ ਵਿਚ ਅਭਿਧਾ ਸ਼ਬਦ ਸ਼ਕਤੀ ਦੀ ਵਰਤੋਂ ਕੀਤੀ ਹੈ।

ਜਦੋਂ ਸ਼ਾਇਰ ਜਾਂ ਸਾਹਿਤਕਾਰ ਵਧੇਰੇ ਕਲਾਤਮਕਤਾ ਨਾਲ ਸ਼ਬਦਾਂ ਦੀ ਪੇਸ਼ਕਾਰੀ ਕਰਦਾ ਹੈ ਤਾਂ ਸ਼ਬਦ ਦਾ ਮੁਢਲਾ ਅਰਥ ਪਿੱਛੇ ਛਿਪ ਜਾਂਦਾ ਹੈ ਅਤੇ ਉਸ ਸ਼ਬਦ ਨਾਲ ਸੰਬੰਧਿਤ ਹੋਰ ਵੱਖ-ਵੱਖ ਅਰਥਾਂ ਦੀ ਪ੍ਰਤੀਤੀ ਹੋਣ ਲੱਗ ਪੈਂਦੀ ਹੈ, ਤਾਂ ਉੱਥੇ ਲਕਸ਼ਣਾ ਸ਼ਬਦ ਸ਼ਕਤੀ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਲਕਸ਼ਣਾ ਸ਼ਬਦ ਸ਼ਕਤੀ ਰਾਹੀਂ ਸ਼ਬਦਾਂ ਦੇ ਵੱਖ-ਵੱਖ ਅਰਥਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਜਾਂ ਨਿਵੇਕਲੇ ਢੰਗ ਰਾਹੀਂ ਪ੍ਰਸਤੁਤ ਕਰਨ ਦਾ ਵਿਲੱਖਣ ਉਪਰਾਲਾ ਕੀਤਾ ਹੈ। ਗੁਰੂ ਜੀ ਨੇ ਪੜ੍ਹੇ-ਲਿਖੇ ਬੁਧੀ-ਜੀਵੀਆਂ ਜਾਂ ਚਿੰਤਕਾਂ ਲਈ ਵਿਅੰਜਨਾਂ ਸ਼ਬਦ ਸ਼ਕਤੀ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਨਿਵੇਕਲੇ ਰੂਪ ਵਿਚ ਚਿਤਰਿਆ ਹੈ। ਵਿਅੰਜਨਾਂ ਸ਼ਬਦ ਸ਼ਕਤੀ ਰਾਹੀਂ ਅਰਥ ਅਗਾਂਹ ਤੋਂ ਅਗਾਂਹ ਹੋਰ ਨਿਕਲਣ ਲੱਗਦੇ ਹਨ ਭਾਵ ਹਾਜ਼ਰ ਅਰਥਾਂ ਤੋਂ ਅੱਗੇ ਦਾ ਅਰਥ ਦ੍ਰਿਸ਼ਟੀਗੋਚਰ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਸ਼ਬਦਾਂ ਅਤੇ ਅਰਥਾਂ ਦੇ ਸੰਚਾਰ ਦੀ ਵਿਭਿੰਨਤਾ ਦੇਖਣ ਨੂੰ ਮਿਲਦੀ ਹੈ, ਕਿਉਂਕਿ ਗੁਰੂ ਜੀ ਨੇ ਬਹੁ-ਅਰਥੀ ਜਾਂ ਬਹੁ-ਪਰਤੀ ਸ਼ਬਦਾਂ ਅਤੇ ਅਰਥਾਂ ਦੀ ਵਰਤੋਂ ਕੀਤੀ ਹੈ, ਪਰੰਤੂ ਕਿਤੇ ਵੀ ਕੋਈ ਸ਼ਬਦ ਜਾਂ ਅਰਥ ਭੁਲੇਖਾ ਨਹੀਂ ਸਿਰਜਦਾ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਵਰਤੇ ਗਏ ਬਹੁ-ਅਰਥੀ, ਬਹੁ-ਪਰਤੀ ਸ਼ਬਦ ਅਤੇ ਅਰਥ ਅੱਜ ਦੇ ਪੰਜਾਬੀ ਕਾਵਿ-ਸ਼ਾਸਤਰ ਦੀ ਵਿਸ਼ੇਸ਼ ਪ੍ਰਾਪਤੀ ਹੈ। ਗੁਰੂ ਅਰਜਨ ਦੇਵ ਜੀ ਨੇ ਸ਼ਬਦ-ਸ਼ਕਤੀਆਂ (ਅਭਿਧਾ, ਲਕਸ਼ਣਾਂ, ਵਿਅੰਜਨਾਂ) ਦੀ ਯੋਗ ਵਰਤੋਂ ਨਾਲ ਆਪਣੀ ਕਲਾਤਮਕਤਾ, ਰਚਨਾਤਮਕਤਾ ਅਤੇ ਸ਼ਿਲਪ-ਕਲਾ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਜਾਂ ਸਥਾਪਿਤ ਕਰਨ ਦਾ ਮਾਣ ਹਾਸਿਲ ਕੀਤਾ ਹੈ।

# ਅਧਿਆਇ ਚੌਥਾ

## 4. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ: ਅਲੰਕਾਰ ਸੰਪਰਦਾਇ

4.1. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਸ਼ਬਦ ਅਲੰਕਾਰਾਂ ਦੀ ਪੇਸ਼ਕਾਰੀ

4.2. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਅਰਥ ਅਲੰਕਾਰਾਂ ਦੀ ਪੇਸ਼ਕਾਰੀ

4.3. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਸ਼ਬਦਾਰਥ ਅਲੰਕਾਰਾਂ ਦੀ ਪੇਸ਼ਕਾਰੀ

## ਅਧਿਆਇ ਚੌਥਾ

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ: ਅਲੰਕਾਰ ਸੰਪਰਦਾਇ

ਇਸ ਖੋਜ-ਕਾਰਜ ਦਾ ਮੁੱਖ ਵਿਸ਼ਾ ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਕਲਾਤਮਕ, ਸੁਹਜਾਤਮਕ ਅਤੇ ਵਿਸ਼ਲੇਸ਼ਣਾਤਮਕ ਅਧਿਐਨ ਕਰਨਾ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚਲੇ ਸ਼ਿਲਪ-ਵਿਧਾਨ ਅਤੇ ਕਲਾ ਪੱਖ ਨੂੰ ਉਜਾਗਰ ਕਰਨ ਲਈ ਅਧਿਆਇ ਦੂਜੇ ਵਿਚ ਰਸ ਸਿਧਾਂਤ ਅਤੇ ਅਧਿਆਇ ਤੀਜੇ ਵਿਚ ਧੁਨੀ ਸਿਧਾਂਤ ਦੇ ਮਹੱਤਵ ਨੂੰ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਸੰਦਰਭ ਵਿਚ ਵਿਚਾਰਨ ਜਾਂ ਘੋਖਣ ਦਾ ਇਕ ਵਿਲੱਖਣ ਉਪਰਾਲਾ ਕੀਤਾ ਗਿਆ ਹੈ। ਇਸੇ ਲੜੀ ਦੇ ਸੰਦਰਭ ਵਿਚ ਅਸੀਂ ਇਸ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਦਾ ਅਲੰਕਾਰ ਸਿਧਾਂਤ ਅਤੇ ਅਲੰਕਾਰ ਦੀਆਂ ਵਿਭਿੰਨ ਕਿਸਮਾਂ (ਸ਼ਬਦ ਅਲੰਕਾਰ, ਅਰਥ ਅਲੰਕਾਰ, ਸ਼ਬਦਾਰਥ ਅਲੰਕਾਰ) ਦੇ ਵੱਖ-ਵੱਖ ਪੱਖਾਂ ਦਾ ਕਲਾਤਮਕ ਵਿਸ਼ਲੇਸ਼ਣ ਕਰਨ ਦਾ ਇਕ ਨਿਵੇਕਲਾ ਉਪਰਾਲਾ ਕਰਾਂਗੇ। ਇਸ ਅਧਿਆਇ ਦਾ ਮੁੱਖ ਉਦੇਸ਼ ਕੇਵਲ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿੱਚੋਂ ਵੱਖ-ਵੱਖ ਅਲੰਕਾਰਾਂ ਨੂੰ ਖੋਜਣਾ ਜਾਂ ਲੱਭਣਾਂ ਹੀ ਨਹੀਂ ਹੈ ਸਗੋਂ ਇਹ ਵੀ ਸਿੱਧ ਕਰਨਾ ਹੈ ਕਿ ਇੱਕ ਉੱਚ-ਕੋਟੀ ਦੇ ਸਾਹਿਤਕਾਰ ਜਾਂ ਗੁਰੂ-ਕਵੀ ਦੇ ਰੂਪ ਵਿਚ ਗੁਰੂ ਅਰਜਨ ਦੇਵ ਜੀ ਨੇ ਹਰ ਇਕ ਭਾਵ ਨੂੰ ਉਜਾਗਰ ਕਰਨ ਲਈ, ਵਿਸ਼ੇ ਨੂੰ ਵਧੇਰੇ ਗ੍ਰਹਿਣਯੋਗ, ਪ੍ਰਭਾਵਸ਼ਾਲੀ ਬਣਾਉਣ ਲਈ ਅਤੇ ਉਹਨਾਂ ਭਾਵਾਂ ਦਾ ਸਰਲ ਤਰੀਕੇ ਨਾਲ ਪਾਠਕਾਂ ਤੱਕ ਸੰਚਾਰ ਕਰਨ ਲਈ ਅਲੰਕਾਰਾਂ ਦੀ ਵਰਤੋਂ ਕਿਸ ਪੱਧਰ ਤੱਕ ਕੀਤੀ ਹੈ?

ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿਚ ਅਧਿਐਨ ਕਰਨ ਤੋਂ ਪਹਿਲਾਂ 'ਅਲੰਕਾਰ ਸਿਧਾਂਤ' ਨੂੰ ਸਮਝਣਾ ਬਹੁਤ ਜਰੂਰੀ ਹੈ। ਜਿਵੇਂ ਸਾਡੇ ਸਮਾਜ ਵਿਚ ਔਰਤ ਜਾਂ ਆਦਮੀ ਆਪਣੇ ਸਰੀਰ ਨੂੰ ਸੋਹਣਾ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਆਪਣੇ-ਆਪ ਨੂੰ ਸਜਾਉਂਦਾ ਹੈ ਅਤੇ ਕਈ ਤਰ੍ਹਾਂ ਦੇ ਗਹਿਣੇ ਪਹਿਨਦਾ ਹੈ, ਉਸੇ ਤਰ੍ਹਾਂ ਇਕ ਕਵੀ ਜਾਂ ਸਾਹਿਤਕਾਰ ਵੀ ਆਪਣੀਆਂ ਕਵਿਤਾਵਾਂ ਨੂੰ

ਵਧੇਰੇ ਪ੍ਰਭਾਵਸ਼ਾਲੀ, ਵਿਅੰਗਮਈ ਅਤੇ ਸੁਹਜਮਈ ਬਣਾਉਣ ਲਈ ਕਈ ਤਰ੍ਹਾਂ ਦੀਆਂ ਸਜਾਵਟੀ ਜੁਗਤਾਂ ਵਰਤਦਾ ਹੈ। ਭਾਰਤੀ ਕਾਵਿ-ਸ਼ਾਸਤਰ ਦੇ ਅਨੁਸਾਰ ਕਵੀ ਜਾਂ ਸਾਹਿਤਕਾਰ ਦੀਆਂ ਇਹਨਾਂ ਕਲਾਤਮਕ ਅਤੇ ਸੁਹਜਾਤਮਿਕ ਜੁਗਤਾਂ ਨੂੰ ਹੀ ਆਮ ਤੌਰ 'ਤੇ 'ਅਲੰਕਾਰ' ਕਿਹਾ ਜਾਂਦਾ ਹੈ। ਕਵੀ ਜਾਂ ਸਾਹਿਤਕਾਰ ਆਪਣੀਆਂ ਕਾਵਿ-ਕਿਰਤਾਂ ਵਿਚ ਅੱਖਰਾਂ, ਸ਼ਬਦਾਂ, ਵਾਕਾਂ ਤੇ ਮੁਹਾਵਰਿਆਂ ਨੂੰ ਇਸ ਤਰਾਂ ਵਰਤਦਾ ਹੈ ਕਿ ਉਨ੍ਹਾਂ ਦੇ ਜੋੜ-ਸੰਜੋਗ ਤੋਂ ਨਿਵੇਕਲਾ ਅਤੇ ਚਮਤਕਾਰੀ ਸੁਹਜ ਉੱਭਰਦਾ ਹੈ, ਇਸੇ ਹੀ ਨਿਵੇਕਲੇ ਅਤੇ ਚਮਤਕਾਰੀ ਸੁਹਜ ਨੂੰ ਅਲੰਕਾਰ ਕਿਹਾ ਜਾਂਦਾ ਹੈ। ਕਾਵਿ ਜਾਂ ਕਵਿਤਾ ਵਿਚ ਕਵੀ ਦੁਆਰਾ ਸ਼ਬਦਾਂ ਦੇ ਵਰਤਣ ਦੀਆਂ ਕਲਾਤਮਕ ਜੁਗਤਾਂ ਵਿਚੋਂ ਹੀ ਅਲੰਕਾਰ ਸਿਧਾਂਤ ਪੈਦਾ ਹੋਇਆ ਹੈ। ਇੱਥੇ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਅਲੰਕਾਰਾਂ ਦੀ ਸਾਜ-ਸਜਾਵਟ ਕਵਿਤਾ ਉੱਤੇ ਭਾਰੀ ਨਹੀਂ ਹੋਣੀ ਚਾਹੀਦੀ ਸਗੋਂ ਕਵਿਤਾ ਦੇ ਭਾਵ ਨੂੰ ਉਜਾਗਰ ਕਰਨ ਵਾਲੀ ਹੋਣੀ ਚਾਹੀਦੀ ਹੈ।

ਕਈ ਵਾਰ ਕਵੀ ਜਾਂ ਸਾਹਿਤਕਾਰ ਆਪਣੀਆਂ ਰਚਨਾਵਾਂ ਜਾਂ ਕਵਿਤਾਵਾਂ ਵਿਚ ਧੁਨੀਆਂ, ਸ਼ਬਦਾਂ, ਵਾਕਾਂ, ਮੁਹਾਵਰਿਆਂ ਅਤੇ ਸ਼ਬਦ-ਅਰਥਾਂ ਦੀ ਵਰਤੋਂ ਅਜਿਹੇ ਪੱਧਰ 'ਤੇ ਕਰ ਜਾਂਦਾ ਹੈ ਕਿ ਉਸ ਕਾਵਿ ਦੇ ਅਰਥ ਵਧੇਰੇ ਪ੍ਰਭਾਵਸ਼ਾਲੀ, ਵਿਅੰਗਮਈ ਅਤੇ ਚਮਤਕਾਰੀ ਸੁਹਜ ਪੈਦਾ ਕਰ ਜਾਂਦੇ ਹਨ, ਜਿਨ੍ਹਾਂ ਨੂੰ ਸੁਣ ਕੇ ਜਾਂ ਸਮਝ ਕੇ ਪਾਠਕ ਝੂਮ ਉਠਦੇ ਹਨ। ਅਜਿਹੀਆਂ ਸਾਰੀਆਂ ਸੁਹਜ-ਵਿਧੀਆਂ ਅਤੇ ਕਲਾਂ-ਜੁਗਤਾਂ ਨੂੰ ਭਾਰਤੀ ਕਾਵਿ-ਸ਼ਾਸਤਰ ਦੇ ਵਿਦਵਾਨਾਂ ਨੇ 'ਅਲੰਕਾਰ' ਦਾ ਨਾਂ ਦਿੱਤਾ ਹੈ। 'ਅਲੰਕਾਰ' ਸ਼ਬਦ ਦਾ ਮੁਢਲਾ ਜਾਂ ਕੋਸ਼ਗਤ ਅਰਥ ਗਹਿਣੇ, ਜ਼ੇਵਰ, ਭੂਸ਼ਣ, ਟੂੰਬਾਂ, ਸਜਾਵਟ, ਸੁਹਜ-ਸ਼ਿੰਗਾਰ ਆਦਿ ਹਨ। ਭਾਰਤ ਦੇ ਕਾਵਿ-ਸ਼ਾਸਤਰੀ ਵਿਦਵਾਨਾਂ ਨੇ ਅਲੰਕਾਰ ਨੂੰ ਕਵਿਤਾ ਦਾ ਇੱਕ ਜ਼ਰੂਰੀ ਤੱਤ ਮੰਨਿਆ ਹੈ। 'ਅਲੰਕਾਰ' ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਆਚਾਰੀਆ ਭਰਤਮੁਨੀ ਨੇ ਆਪਣੇ ਗ੍ਰੰਥ "ਨਾਟਯ ਸ਼ਾਸਤਰ" ਵਿਚ ਕੀਤੀ ਸੀ, ਪਰੰਤੂ ਵਿਸਥਾਰ ਰੂਪ ਵਿਚ ਭਾਮਹ ਨੇ 'ਅਲੰਕਾਰ' ਨੂੰ ਕਾਵਿ ਦੀ ਆਤਮਾ ਪ੍ਰਵਾਨ ਕਰਦਿਆਂ ਹੋਇਆਂ ਇਸਦੀ ਰੂਪਾਤਮਕ ਹੋਂਦ ਨੂੰ ਪ੍ਰਮਾਣਿਤ ਕੀਤਾ ਸੀ।

**4. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ: ਅਲੰਕਾਰ ਸੰਪਰਦਾਇ :-** ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਬੜੇ ਸਰਲ ਅਤੇ ਘਰੋਗੀ ਜੀਵਨ ਵਿਚੋਂ ਅਲੰਕਾਰ ਵਰਤੇ ਹਨ। ਗੁਰੂ ਜੀ ਦੁਆਰਾ ਵਰਤੇ ਅਲੰਕਾਰਾਂ ਨੇ ਗੁਰਬਾਣੀ ਦੀ ਸਮਝ, ਸੁਹਜ ਅਤੇ ਵਿਸ਼ਾ ਵਧੇਰੇ ਗ੍ਰਹਿਣਯੋਗ ਬਣਾਉਣ ਵਿਚ ਅਹਿਮ ਯੋਗਦਾਨ ਪਾਇਆ ਹੈ, ਕਿਉਂਕਿ ਅਲੰਕਾਰਾਂ ਦੀ ਸਹਾਇਤਾ ਨਾਲ ਇਕ ਸਾਧਾਰਨ ਪਾਠਕ ਜਾਂ ਸਾਧਕ ਵੀ ਗੁਰੂ ਜੀ ਦੀ ਬਾਣੀ ਦੇ ਅਰਥਾਂ ਨੂੰ ਬਹੁਤ ਹੀ ਸਰਲ ਤਰੀਕੇ ਨਾਲ ਸਮਝ ਸਕਦੇ ਹਨ। ਗੁਰੂ ਜੀ ਇਕ ਧਾਰਮਿਕ ਗੁਰੂ ਦੇ ਹੋਣ ਦੇ ਨਾਲ-ਨਾਲ ਇਕ ਵਧੀਆ ਅਤੇ ਉੱਚ-ਕੋਟੀ ਦੇ ਲੇਖਕ ਜਾਂ ਗੁਰੂ-ਕਵੀ ਵੀ ਸਨ, ਇਸ ਪੱਖ ਨੂੰ ਸਪੱਸ਼ਟ ਕਰਨ ਲਈ ਅਸੀਂ ਇਸ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਦਾ ਸ਼ਬਦ-ਅਲੰਕਾਰ, ਅਰਥ-ਅਲੰਕਾਰ ਅਤੇ ਸ਼ਬਦਾਰਥ ਅਲੰਕਾਰ ਦੇ ਆਧਾਰ 'ਤੇ ਮੁਲਾਂਕਣ ਕਰਨ ਦਾ ਉਪਰਾਲਾ ਕਰ ਰਹੇ ਹਾਂ ਪਰੰਤੂ ਇਸ ਅਧਿਆਇ ਦਾ ਮੁੱਖ ਉਦੇਸ਼ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਆਪਣੀ ਸੰਪੂਰਨ ਬਾਣੀ ਵਿਚਲੇ ਹਰ ਇਕ ਭਾਵ ਜਾਂ ਸੰਕਲਪ ਨੂੰ ਉਜਾਗਰ ਕਰਨ ਲਈ, ਸਪੱਸ਼ਟ ਕਰਨ ਲਈ, ਦ੍ਰਿੜ੍ਹ ਕਰਨ ਲਈ, ਪ੍ਰਭਾਵਸ਼ਾਲੀ ਬਣਾਉਣ ਲਈ ਅਤੇ ਉਹਨਾਂ ਭਾਵਾਂ ਦਾ ਸਰਲ ਤਰੀਕੇ ਨਾਲ ਪਾਠਕਾਂ ਤੱਕ ਸੰਚਾਰ ਕਰਨ ਲਈ ਅਲੰਕਾਰਾਂ ਦੀ ਵਰਤੋਂ ਕਿਸ ਪੱਧਰ ਤੱਕ ਕੀਤੀ ਹੈ? ਇਸੇ ਸੰਦਰਭ ਵਿਚ ਅਸੀਂ ਇਸ ਅਧਿਆਇ ਵਿਚ ਗੁਰੂ ਅਰਜਨ ਬਾਣੀ ਦਾ ਕ੍ਰਮਵਾਰ ਸ਼ਬਦ ਅਲੰਕਾਰ, ਅਰਥ ਅਲੰਕਾਰ ਅਤੇ ਸ਼ਬਦਾਰਥ ਅਲੰਕਾਰ ਦੇ ਆਧਾਰ 'ਤੇ ਵਿਸ਼ਲੇਸ਼ਣ ਕਰਾਂਗੇ।

**4.1. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਸ਼ਬਦ ਅਲੰਕਾਰਾਂ ਦੀ ਪੇਸ਼ਕਾਰੀ:-** ਕਵਿਤਾ ਵਿਚਲਾ ਅਨੂਠਾਪਣ ਜਾਂ ਅਨੋਖਾਪਣ ਜਦੋਂ ਸ਼ਬਦਾਂ 'ਤੇ ਆਧਾਰਿਤ ਹੁੰਦਾ ਹੈ ਤਾਂ ਉੱਥੇ ਸ਼ਬਦ ਅਲੰਕਾਰ ਹੁੰਦਾ ਹੈ। ਕਵਿਤਾ ਜਾਂ ਕਾਵਿ ਵਿਚ ਸ਼ਬਦਾਂ ਦੇ ਆਧਾਰ 'ਤੇ ਕੋਈ ਕਾਵਿਕ ਚਮਤਕਾਰ ਜਾਂ ਸੰਗੀਤਕ ਲੈਅ ਪੈਦਾ ਕਰਨ ਦਾ ਉਪਰਾਲਾ ਕੇਵਲ ਸ਼ਬਦ-ਅਲੰਕਾਰ ਦੇ ਸੰਦਰਭ ਵਿਚ ਕੀਤਾ ਜਾਂਦਾ ਹੈ। ਸ਼ਬਦ-ਅਲੰਕਾਰ ਕੇਵਲ ਸ਼ਬਦਾਂ ਉੱਪਰ ਹੀ ਆਧਾਰਿਤ ਹੁੰਦੇ ਹਨ। ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਵਿਭਿੰਨ ਸ਼ਬਦ-ਅਲੰਕਾਰਾਂ ਦੀ ਵਰਤੋਂ ਕੀਤੀ ਗਈ ਹੈ, ਜੋ ਕਿ ਹੇਠ ਲਿਖੇ ਅਨੁਸਾਰ ਹੈ:

**ਅਨੁਪ੍ਰਾਸ ਅਲੰਕਾਰ :-** ਅਨੁਪ੍ਰਾਸ ਸ਼ਬਦ ਦਾ ਅਰਥ ਹੈ- ਵਾਰ-ਵਾਰ ਦੁਹਰਾਅ। ਜਦੋ ਕਿਸੇ ਕਾਵਿ-ਪੰਕਤੀ ਜਾਂ ਕਾਵਿ-ਤੁਕ ਵਿਚ ਕਵੀ ਇਕ ਹੀ ਸ਼ਬਦ ਦੇ ਬਾਰ-ਬਾਰ ਦੁਹਰਾਓ ਦੁਆਰਾ ਕਾਵਿ ਵਿਚ ਸੰਗੀਤਾਤਮਕਤਾ ਅਤੇ ਸੁਰਤਾਲ ਦੀ ਸਿਰਜਣਾ ਕਰਦਾ ਹੈ, ਤਾਂ ਉਥੇ ਅਨੁਪ੍ਰਾਸ ਅਲੰਕਾਰ ਹੁੰਦਾ ਹੈ। ਅਨੁਪ੍ਰਾਸ ਅਲੰਕਾਰ ਵਿਚ ਵਰਣਾਂ / ਅੱਖਰਾਂ ਅਤੇ ਸ਼ਬਦਾਂ ਦੇ ਵਾਰ-ਵਾਰ ਦੁਹਰਾਅ ਦੁਆਰਾ ਚਮਤਕਾਰ ਪੈਦਾ ਕਰਨ ਦਾ ਯਤਨ ਕੀਤਾ ਜਾਂਦਾ ਹੈ, ਪਰੰਤੂ ਇੱਥੇ ਸਮਝਣ ਵਾਲੀ ਗੱਲ ਇਹ ਹੈ ਕਿ ਅਨੁਪ੍ਰਾਸ ਅਲੰਕਾਰ ਵਿਚ ਅੱਖਰਾਂ ਅਤੇ ਸ਼ਬਦਾਂ ਦਾ ਦੁਹਰਾਉ ਇਕ ਹੀ ਕਾਵਿ-ਤੁਕ ਜਾਂ ਕਾਵਿ-ਪੰਕਤੀ ਵਿਚ ਹੋਵੇ। ਜਿਵੇਂ :-

ਸਤਿ ਸਤਿ ਸਤਿ ਪ੍ਰਭੁ ਸੁਆਮੀ॥ ਗੁਰਪ੍ਰਸਾਦਿ ਕਿਨੈ ਵਖਿਆਨੀ॥

ਸਚੁ ਸਚੁ ਸਚੁ ਸਭੁ ਕੀਨਾ॥ ਕੋਟਿ ਮਧੇ ਕਿਨੈ ਬਿਰਲੈ ਚੀਨਾ॥

ਭਲਾ ਭਲਾ ਭਲਾ ਤੇਰਾ ਰੂਪ॥ ਅਤਿ ਸੁੰਦਰ ਅਪਾਰ ਅਨੂਪ॥

ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ॥ ਘਟਿ ਘਟਿ ਸੁਨੀ ਸ੍ਰਵਨ ਬਖ੍ਯਾਣੀ॥

ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ॥ ਨਾਮੁ ਜਪੈ ਨਾਨਕ ਮਨਿ ਪ੍ਰੀਤਿ॥ (279)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ 'ਸਤਿ', 'ਸਚੁ', 'ਭਲਾ', 'ਨਿਰਮਲ', 'ਘਟਿ' ਅਤੇ 'ਪਵਿਤ੍ਰ' ਸ਼ਬਦਾਂ ਦਾ ਵਾਰ-ਵਾਰ ਦੁਹਰਾਓ ਸੰਗੀਤਕ ਸੁਰ ਅਤੇ ਲੈਅ ਪੈਦਾ ਕਰਨ ਲਈ ਕੀਤਾ ਗਿਆ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਅਨੁਪ੍ਰਾਸ ਅਲੰਕਾਰ ਦੀ ਵਰਤੋਂ ਕਾਵਿ ਵਿਚ ਸ਼ਬਦਾਂ ਰਾਹੀਂ ਚਮਤਕਾਰ ਪੈਦਾ ਕਰਨ, ਆਪਣੇ ਵਿਸ਼ੇ ਨੂੰ ਵਧੇਰੇ ਪ੍ਰਭਾਵਸ਼ਾਲੀ, ਸਰਲ ਅਤੇ ਗ੍ਰਹਿਣਯੋਗ ਬਣਾਉਣ ਲਈ ਕੀਤੀ ਹੈ। ਗੁਰੂ ਜੀ ਨੇ ਅਨੁਪ੍ਰਾਸ ਅਲੰਕਾਰ ਦੇ ਮਾਧਿਅਮ ਰਾਹੀਂ ਆਪਣੇ ਭਾਵ ਜਾਂ ਸੰਕਲਪ ਨੂੰ ਬਹੁਤ ਹੀ ਸਰਲ ਤਰੀਕੇ ਨਾਲ ਦ੍ਰਿੜ੍ਹ ਕੀਤਾ ਹੈ, ਕਿਉਂਕਿ ਸ਼ਬਦਾਂ ਦੇ ਦੁਹਰਾਅ ਨਾਲ ਅਰਥ ਬਹੁਤ ਹੀ ਆਸਾਨੀ ਨਾਲ ਸਪੱਸ਼ਟ ਹੋ ਜਾਂਦੇ ਹਨ ਜਿਵੇਂ 'ਸਤਿ' ਸ਼ਬਦ ਦੇ ਵਾਰ-ਵਾਰ ਦੁਹਰਾਅ ਨਾਲ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਸੰਸਾਰ ਵਿਚ ਕੇਵਲ ਪਰਮਾਤਮਾ ਹੀ ਸਦਾ ਕਾਇਮ ਰਹਿਣ ਵਾਲਾ ਹੈ ਅਤੇ ਬਾਕੀ ਸਭ ਨਸ਼ਟਵਾਨ ਪਦਾਰਥ ਹਨ। 'ਸਚੁ'

ਸ਼ਬਦ ਦੇ ਵਾਰ-ਵਾਰ ਦੁਹਰਾਅ ਨਾਲ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਜੋ ਕੁਝ ਵੀ ਉਸ ਪਰਮਾਤਮਾ ਨੇ ਬਣਾਇਆ ਹੈ ਉਹ ਸੰਪੂਰਨ ਭਾਵ ਮੁਕੰਮਲ ਹੈ। 'ਭਲਾ' ਸ਼ਬਦ ਦੇ ਵਾਰ-ਵਾਰ ਦੁਹਰਾਅ ਨਾਲ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਭੂ ਜਾਂ ਪਰਮਾਤਮਾ ਦਾ ਰੂਪ ਬਹੁਤ ਸੁੰਦਰ ਜਾਂ ਪਿਆਰਾ ਹੈ। 'ਨਿਰਮਲ' ਸ਼ਬਦ ਦੇ ਵਾਰ-ਵਾਰ ਦੁਹਰਾਅ ਨਾਲ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਪਰਮਾਤਮਾ ਦੀ ਬਾਣੀ ਸੁਣਨ ਨਾਲ ਮਨ ਨੂੰ ਸ਼ਾਂਤੀ ਅਤੇ ਮਿਠਾਸ ਮਿਲਦੀ ਹੈ। 'ਪਵਿਤ੍ਰ' ਸ਼ਬਦ ਦੇ ਦੁਹਰਾਅ ਨਾਲ ਇਹ ਭਾਵ ਸਪੱਸ਼ਟ ਹੋ ਜਾਂਦਾ ਹੈ ਕਿ ਪਰਮਾਤਮਾ ਦਾ ਨਾਮ-ਸਿਮਰਨ ਕਰਮ ਨਾਲ ਮਨ ਅਤੇ ਤਨ ਸ਼ੁੱਧ ਜਾਂ ਪਵਿੱਤਰ ਹੋ ਜਾਂਦਾ ਹੈ। ਇੱਥੇ ਗੁਰੂ ਜੀ ਨੇ ਪਰਮਾਤਮਾ ਦੇ ਨਾਮ ਦੇ ਭਾਵ ਨੂੰ ਦ੍ਰਿੜ੍ਹ ਕਰਨ ਲਈ ਸ਼ਬਦਾਂ ਜਾਂ ਅੱਖਰਾਂ ਦਾ ਜੋ ਦੁਹਰਾਅ ਵਾਰ-ਵਾਰ ਕੀਤਾ ਹੈ, ਉਸ ਨਾਲ ਰਚਨਾ ਦਾ ਪ੍ਰਭਾਵ ਵਿਲੱਖਣ ਅਤੇ ਪ੍ਰਭਾਵਸ਼ਾਲੀ ਬਣਿਆ ਹੈ।

ਸਸਾ ਸਤਿ ਸਤਿ ਸਤਿ ਸੋਊ॥

ਸਤਿ ਪੁਰਖ ਤੇ ਭਿੰਨ ਨਾ ਕੋਊ॥ (250)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਨੇ 'ਸਤਿ' ਸ਼ਬਦ ਦਾ ਵਾਰ-ਵਾਰ ਦੁਹਰਾਓ ਕੀਤਾ ਗਿਆ ਹੈ, ਜੋ ਕਿ ਅਨੁਪ੍ਰਾਸ ਅਲੰਕਾਰ ਨਾਲ ਸੰਬੰਧਿਤ ਹੈ। ਇੱਥੇ ਸ਼ਬਦਾਂ ਦਾ ਵਾਰ-ਵਾਰ ਦੁਹਰਾਅ ਸੰਗੀਤਕ ਸੁਰ ਅਤੇ ਲੈਅ ਪੈਦਾ ਕਰਨ ਲਈ ਕੀਤਾ ਗਿਆ ਹੈ ਤਾਂ ਜੋ ਕਵਿਤਾ ਵਿਚ ਸ਼ਬਦਾਂ ਰਾਹੀਂ ਚਮਤਕਾਰ ਪੈਦਾ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਜਾ ਸਕੇ। ਇੱਥੇ ਗੁਰੂ ਜੀ ਨੇ ਸ਼ਬਦਾਂ ਦਾ ਦੁਹਰਾਅ ਇਸ ਢੰਗ ਨਾਲ ਕੀਤਾ ਹੈ ਕਿ ਆਮ ਪਾਠਕ ਵੀ ਇਨ੍ਹਾਂ ਸ਼ਬਦਾਂ ਨੂੰ ਆਸਾਨੀ ਨਾਲ ਸਮਝ ਕੇ ਯਾਦ ਰੱਖ ਸਕਣ। ਉਪਰੋਕਤ ਸਤਰਾਂ ਵਿਚ ਗੁਰੂ ਜੀ ਦੱਸਦੇ ਹਨ ਕਿ 'ਸ' ਅੱਖਰ ਸੱਚ ਦਾ ਪ੍ਰਤੀਕ ਹੈ ਅਤੇ ਉਸ ਪਰਮਾਤਮਾ ਦੇ ਨਾਮ ਤੋਂ ਇਲਾਵਾ ਇਸ ਸੰਸਾਰ ਵਿਚ ਸਭ ਕੁਝ ਝੂਠ ਹੈ।

ਕੋਟਿ ਕੋਟਿ ਕੋਟਿ ਲਖ ਧਾਵੈ॥

ਇਕੁ ਤਿਲੁ ਤਾਕਾ ਮਹਲੁ ਨ ਪਾਵੈ॥ (562)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਨੇ 'ਕੋਟਿ' ਸ਼ਬਦ ਦਾ ਵਾਰ-ਵਾਰ ਦੁਹਰਾਅ ਕੀਤਾ ਗਿਆ ਹੈ ਜੋ ਕਿ ਅਨੁਪ੍ਰਾਸ ਅਲੰਕਾਰ ਨਾਲ ਸੰਬੰਧਿਤ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਇਹ ਸਮਝਾਉਣ ਦਾ ਯਤਨ ਕੀਤਾ ਹੈ ਕਿ ਉਸ ਪਰਮਾਤਮਾ ਦੀ ਕਿਰਪਾ ਤੋਂ ਬਿਨ੍ਹਾਂ ਮਨੁੱਖ ਲੱਖ ਵਾਰ ਜਾਂ ਕਰੋੜ ਵਾਰ ਯਤਨ ਕਰ ਕੇ ਵੀ ਪਰਮਾਤਮਾ ਦੀ ਬੰਦਗੀ ਨਹੀ ਕਰ ਸਕਦਾ ਹੈ। ਉਪਰੋਕਤ ਕਾਵਿ-ਸਤਰਾਂ ਵਿਚ 'ਕੋਟਿ' ਸ਼ਬਦ ਦੇ ਵਾਰ-ਵਾਰ ਦੁਹਰਾਅ ਨਾਲ ਅਰਥ ਬਹੁਤ ਹੀ ਖ਼ੂਬਸੂਰਤੀ ਨਾਲ ਵਧੇਰੇ ਸਪੱਸ਼ਟ ਹੋ ਜਾਂਦੇ ਹਨ ਕਿ ਭਾਵੇਂ ਮਨੁੱਖ ਕਰੋੜਾਂ ਯਤਨ ਕਰ ਲਵੇ ਪਰੰਤੂ ਪ੍ਰਭੂ ਦੀ ਕਿਰਪਾ ਤੋਂ ਬਿਨ੍ਹਾਂ ਪਰਮਾਤਮਾ ਦਾ ਨਾਮ-ਸਿਮਰਨ ਨਹੀਂ ਕਰ ਸਕਦਾ ਹੈ।

ਖੋਜਤ ਖੋਜਤ ਮਾਰਗੁ ਪਾਇਓ ਸਾਧੂ ਸੇਵ ਕਰੀਜੈ॥ (1269)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਦਾ ਪਾਠਕਾਂ ਤੱਕ ਪ੍ਰਭਾਵਸ਼ਾਲੀ ਸੰਚਾਰ ਕਰਨ ਲਈ 'ਖੋਜਤ' ਸ਼ਬਦ ਨੂੰ ਦੋ ਵਾਰ ਦੁਹਰਾਇਆ ਗਿਆ ਹੈ, ਇਸ ਦੁਹਰਾਅ ਨਾਲ ਇੱਥੇ ਸੰਗੀਤਕ ਲੈਅ ਪੈਦਾ ਕਰਨ ਦਾ ਅਨੋਖਾ ਯਤਨ ਜਾਂ ਉਪਰਾਲਾ ਕੀਤਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਸਾਧੂ ਜਾਂ ਸੰਤਾਂ ਦੀ ਸੰਗਤ ਕਰਨ ਨਾਲ ਪਰਮਾਤਮਾ ਦੇ ਮਿਲਾਪ ਦਾ ਰਸਤਾ (ਨਾਮ-ਸਿਮਰਨ) ਲੱਭਿਆ ਜਾ ਸਕਦਾ ਹੈ। 'ਖੋਜਤ' ਸ਼ਬਦ ਦੇ ਦੁਹਰਾਅ ਨਾਲ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸੱਚੇ ਸਾਧੂ-ਸੰਤਾਂ ਦੀ ਸੰਗਤ ਵਾਰ-ਵਾਰ ਕਰਨ ਨਾਲ ਅਤੇ ਪਰਮਾਤਮਾ ਦੇ ਨਾਮ-ਸਿਮਰਨ ਨਾਲ ਪਰਮਾਤਮਾ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ।

ਸੋ ਸੁਰਤਾ ਸੋ ਬੈਸਨੋ ਸੋ ਗਿਆਨੀ ਧਨਵੰਤੁ॥

ਸੋ ਸੂਰਾ ਕੁਲਵੰਤੁ ਸੋਇ ਜਿਨਿ ਭਜਿਆ ਭਗਵੰਤੁ॥ (300)

ਉਪਰੋਕਤ ਕਾਵਿ-ਸਤਰਾਂ ਵਿਚ 'ਧਨਵੰਤੁ', 'ਕੁਲਵੰਤੁ' ਅਤੇ 'ਭਗਵੰਤੁ' ਸ਼ਬਦਾਂ ਵਿਚ 'ਵੰਤੁ' ਪਿਛੇਤਰ ਦੀ ਵਰਤੋਂ ਤਿੰਨ ਵਾਰ ਕੀਤੀ ਗਈ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਇਹ ਦੁਹਰਾਅ ਕੇਵਲ ਵਿਸ਼ੇ ਨੂੰ ਵਧੇਰੇ

ਸਰਲ, ਸਪੱਸ਼ਟ, ਪ੍ਰਭਾਵਸ਼ਾਲੀ ਅਤੇ ਗ੍ਰਹਿਣਯੋਗ ਬਣਾਉਣ ਲਈ ਇਕ ਉਪਰਾਲਾ ਜਾਂ ਯਤਨ ਹੈ। ਇੱਥੇ ਗੁਰੂ ਅਰਜਨ ਦੇਵ ਨੇ ਪਰਮਾਤਮਾ ਦੇ ਨਾਮ-ਸਿਮਰਨ ਦੇ ਸੰਕਲਪ ਜਾਂ ਭਾਵ ਨੂੰ ਦ੍ਰਿੜ੍ਹ ਕਰਨ ਲਈ ਉਸ ਵਿਅਕਤੀ ਨੂੰ ਧਨਵੰਤੁ (ਸ਼ਾਹੂਕਾਰ ਜਾਂ ਅਮੀਰ), ਕੁਲਵੰਤੁ (ਉੱਚੀ ਕੁਲ ਵਾਲਾ) ਅਤੇ ਭਗਵੰਤੁ (ਪਰਮਾਤਮਾ ਨਾਲ ਡੂੰਘੀ ਸਾਂਝ ਵਾਲਾ) ਕਿਹਾ ਹੈ ਜੋ ਦਿਨ-ਰਾਤ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹੈ। ਅਨੁਪ੍ਰਾਸ ਅਲੰਕਾਰ ਵਿਚ ਸ਼ਬਦਾਂ ਦੇ ਦੁਹਰਾਅ ਨਾਲ ਸ਼ਬਦਾਂ ਦੇ ਅਰਥ ਬਹੁਤ ਹੀ ਆਸਾਨੀ ਨਾਲ ਸਮਝ ਆ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਹੇਠ ਲਿਖੀਆਂ ਕਾਵਿ-ਸਤਰਾਂ ਨੂੰ ਵੀ ਵਿਚਾਰਿਆ ਜਾਂ ਘੋਖਿਆਂ ਜਾ ਸਕਦਾ ਹੈ:

ਪ੍ਰਭ ਕਉ ਸਿਮਰਹਿ ਸੇ ਧਨਵੰਤੇ॥

ਪ੍ਰਭ ਕਉ ਸਿਮਰਹਿ ਸੇ ਪਤਿਵੰਤੇ॥ (263)

ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ॥

ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ॥ *(523)*

ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ॥ *(457)*

ਸੋਵਤ ਜਾਗਿ ਹਰਿ ਹਰਿ ਗਾਇਆ ਨਾਨਕ ਗੁਰ ਚਰਨ ਪਰਾਤੇ॥ *(529)*

ਭ੍ਰਮਤ ਭ੍ਰਮਤ ਪ੍ਰਭ ਸਰਨੀ ਆਇਆ॥ *(1005)*

ਗੁਰੂ ਗੁਰੂ ਗੁਰੁ ਕਰਿ ਮਨ ਮੋਰ॥

ਗੁਰੂ ਬਿਨਾ ਮੈ ਨਾਹੀ ਹੋਰ॥ *(864)*

ਖੋਜਤ ਖੋਜਤ ਖੋਜਿਆ ਨਾਮੈ ਬਿਨੁ ਕੂਰੁ॥

.........................................

ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਸਿਆਨਪ ਸਭ ਜਾਲੀ॥ (811)

ਸਾਸਿ ਸਾਸਿ ਸਿਮਰਤ ਰਹਾ ਨਾਨਕ ਦਾਨ ਪਾਏ॥ (745)

ਮੇਰੇ ਮਨ ਮੁਖਿ ਹਰਿ ਹਰਿ ਹਰਿ ਬੋਲੀਐ॥ (527)

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ॥ (262)

ਮਾਈ ਸਿਮਰਤ ਰਾਮ ਰਾਮ ਰਾਮ॥ (1307)

**ਛੇਕ ਅਨੁਪ੍ਰਾਸ:-** ਜਿੱਥੇ ਇਕੋ ਅੱਖਰ ਸ਼ਬਦਾਂ ਦੇ ਆਰੰਭ, ਵਿਚਕਾਰ ਅਤੇ ਅੰਤ ਵਿਚ ਵਰਤਿਆ ਜਾਵੇ, ਤਾਂ ਉੱਥੇ ਛੇਕ ਅਨੁਪ੍ਰਾਸ ਅਲੰਕਾਰ ਹੁੰਦਾ ਹੈ। ਜਿਵੇਂ :

ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਨਾਨਕ ਜੰਤ ਅਨਾਥ॥ (257)

ਓਪਰੋਕਤ ਕਾਵਿ-ਸਤਰ ਵਿਚ /ਜ/ ਅਤੇ /ਤ/ ਵਰਣ ਜਾਂ ਅੱਖਰ ਦੀ ਵਰਤੋਂ ਸ਼ਬਦਾਂ ਦੇ ਆਰੰਭ, ਮੱਧ ਅਤੇ ਅੰਤ ਵਿਚ ਵਾਰ-ਵਾਰ ਕੀਤੀ ਗਈ ਹੈ, ਜੋ ਕਿ ਛੇਕ ਅਨੁਪ੍ਰਾਸ ਨਾਲ ਸੰਬੰਧਿਤ ਹੈ। ਗੁਰੂ ਜੀ ਨੇ ਇੱਥੇ ਅੱਖਰਾਂ ਦਾ ਦੁਹਰਾਅ ਕੇਵਲ ਆਪਣੇ ਵਿਸ਼ੇ ਨੂੰ ਵਧੇਰੇ ਗ੍ਰਹਿਣਯੋਗ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਕੀਤਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਇਹ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਇਸ ਸੰਸਾਰ ਵਿਚ ਜੋ ਕੁਝ ਵੀ ਹੋ ਰਿਹਾ ਹੈ, ਉਹ ਸਭ ਪਰਮਾਤਮਾ ਦੀ ਕਿਰਪਾ ਦੇ ਸਦਕੇ ਹੀ ਹੋ ਰਿਹਾ ਹੈ। ਗੁਰੂ ਜੀ ਦੇ ਅਨੁਸਾਰ ਕੇਵਲ ਉਹ ਵਿਅਕਤੀ ਹੀ ਪਰਮਾਤਮਾ ਦੇ ਨਾਮ ਦਾ ਸਿਮਰਨ ਕਰ ਸਕਦਾ ਹੈ, ਜਿਸ ਮਨੁੱਖ ਜਾਂ ਜੀਵ 'ਤੇ ਉਸ ਪਰਮਾਤਮਾ ਦੀ ਕਿਰਪਾ ਹੁੰਦੀ ਹੈ। ਇੱਥੇ ਗੁਰੂ ਜੀ ਨੇ ਵਰਣਾਂ ਜਾਂ ਅੱਖਰਾਂ ਦਾ ਦੁਹਰਾਓ ਕੇਵਲ ਅਰਥ ਨੂੰ ਸਰਲ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਕੀਤੀ ਗਈ ਹੈ।

ਅਹੰਕਾਰੁ ਕਰਹਿ ਅਹੰਕਾਰੀਆ ਵਿਆਪਿਆ ਮਨ ਕੀ ਮਤਿ॥

ਤਿਨਿ ਪ੍ਰਭਿ ਆਪਿ ਭੁਲਾਇਆ ਨਾ ਤਿਸੁ ਜਾਤਿ ਨ ਪਤਿ॥ (42)

ਉਪਰੋਕਤ ਕਾਵਿ-ਪੰਕਤੀਆਂ ਵਿਚ /ਹ/ ਅਤੇ /ਤ/ ਵਰਣ ਜਾਂ ਅੱਖਰ ਦੀ ਵਰਤੋਂ ਸ਼ਬਦਾਂ ਦੇ ਆਰੰਭ, ਮੱਧ ਅਤੇ ਅੰਤ ਵਿਚ ਵਾਰ-ਵਾਰ ਕੀਤੀ ਗਈ ਹੈ, ਜੋ ਕਿ ਛੇਕ ਅਨੁਪ੍ਰਾਸ ਨਾਲ ਸੰਬੰਧਿਤ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਜਿਹੜਾ ਮਨੁੱਖ ਸੰਸਾਰਿਕ ਧਨ-ਦੌਲਤ ਦੇ ਅਹੰਕਾਰ ਵਿਚ ਅਤੇ ਮਨ ਦੀ ਮੱਤ ਦੇ ਦਬਾਅ ਅਧੀਨ ਪਰਮਾਤਮਾ ਨੂੰ ਭੁੱਲ ਜਾਂਦਾ ਹੈ, ਪਰਮਾਤਮਾ ਦੀ ਹਜ਼ੂਰੀ ਵਿਚ ਉਸ ਮਨੁੱਖ ਦੀ ਨਾ ਉੱਚੀ ਜਾਤਿ ਅਤੇ ਨਾ ਉੱਚੀ ਇੱਜ਼ਤ ਦਾ ਕੋਈ ਮੁੱਲ ਪੈਂਦਾ ਹੈ। ਉਪਰੋਕਤ ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਨਾਮ ਦੇ ਭਾਵ ਜਾਂ ਸੰਕਲਪ ਨੂੰ ਦ੍ਰਿੜ੍ਹ ਕਰਨ ਦਾ ਯਤਨ ਕੀਤਾ ਹੈ।

ਪਪਾ ਪਰਮਿਤਿ ਪਾਰੁ ਨ ਪਾਇਆ॥ (258)

ਉਪਰੋਕਤ ਕਾਵਿ-ਪੰਕਤੀ ਵਿਚ /ਪ/ ਵਰਣ ਜਾਂ ਅੱਖਰ ਦੀ ਵਰਤੋਂ ਸ਼ਬਦਾਂ ਦੇ ਆਰੰਭ, ਮੱਧ ਅਤੇ ਅੰਤ ਵਿਚ ਵਾਰ-ਵਾਰ ਕੀਤੀ ਗਈ ਹੈ, ਜੋ ਕਿ ਛੇਕ ਅਨੁਪ੍ਰਾਸ ਨਾਲ ਸੰਬੰਧਿਤ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੀ ਗੱਲ ਆਮ ਲੋਕਾਂ ਨੂੰ ਸਮਝਾਉਣ ਯਤਨ ਕੀਤਾ ਹੈ ਕਿ ਉਸ ਪਰਮਾਤਮਾ ਜਾਂ ਪ੍ਰਭੂ ਦੀ ਹਸਤੀ ਦਾ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਵਿਚਲਾ ਭਾਵ ਜਾਂ ਸੰਕਲਪ ਆਮ ਲੋਕਾਂ ਨੂੰ ਸਮਝਾਉਣ ਲਈ ਅੱਖਰਾਂ ਜਾਂ ਸ਼ਬਦਾਂ ਦਾ ਦੁਹਰਾਅ ਕੀਤਾ ਹੈ।

ਅਯੋ ਅੰਙੈ ਸਭੁ ਜਗੁ ਆਇਆ ਕਾਖੈ ਘੰਙੈ ਕਾਲੁ ਭਇਆ॥

ਰੀਰੀ ਲਲੀ ਪਾਪ ਕਮਾਣੇ ਪੜਿ ਅਵਗਣ ਗੁਣ ਵੀਸਰਿਆ॥ (434)

ਉਪਰੋਕਤ ਕਾਵਿ-ਸਤਰਾਂ ਵਿਚ /ਅ/ /ਙ/ /ਰ/ /ਲ/ /ਪ/ ਅਤੇ /ਣ/ ਵਰਣ ਜਾਂ ਅੱਖਰ ਦੀ ਵਰਤੋਂ ਸ਼ਬਦਾਂ ਦੇ ਆਰੰਭ, ਮੱਧ ਅਤੇ ਅੰਤ ਵਿਚ ਵਾਰ-ਵਾਰ ਕੀਤੀ ਗਈ ਹੈ, ਜੋ ਕਿ ਛੇਕ ਅਨੁਪ੍ਰਾਸ ਨਾਲ ਸੰਬੰਧਿਤ

ਹੈ। ਗੁਰੂ ਜੀ ਨੇ ਇੱਥੇ ਸ਼ਬਦਾਂ ਦਾ ਦੁਹਰਾਅ ਕੇਵਲ ਗੁਰਬਾਣੀ ਵਿਚਲੇ ਵਿਸ਼ੇ ਅਤੇ ਅਰਥ ਨੂੰ ਵਧੇਰੇ ਗ੍ਰਹਿਣਯੋਗ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਕੀਤੀ ਗਈ ਹੈ। ਇੱਥੇ ਗੁਰੂ ਜੀ ਨੇ ਇਹ ਸਮਝਾਉਣ ਦਾ ਯਤਨ ਕੀਤਾ ਹੈ ਕਿ ਇਹ ਸਾਰਾ ਸੰਸਾਰ ਨਸ਼ਟਮਾਨ ਹੈ, ਜੋ ਇੱਥੇ ਹੋਂਦ ਵਿਚ ਆਇਆ ਹੈ, ਉਸ ਨੇ ਇਕ ਦਿਨ ਜਰੂਰ ਖਤਮ ਜਾਂ ਨਸ਼ਟ ਹੋਣਾ ਹੈ।

ਢਢਾ ਢੂਢਤ ਕਹ ਫਿਰਹੁ ਢੂਢਨ ਇਆ ਮਨ ਮਾਹਿ॥ (256)

ਉਪਰੋਕਤ ਕਾਵਿ-ਪੰਕਤੀ ਵਿਚ /ਢ/ ਵਰਣ ਜਾਂ ਅੱਖਰ ਦੀ ਵਰਤੋਂ ਸ਼ਬਦਾਂ ਦੇ ਆਰੰਭ ਅਤੇ ਮੱਧ ਵਿਚ ਵਾਰ-ਵਾਰ ਕੀਤੀ ਗਈ ਹੈ, ਜੋ ਕਿ ਛੇਕ ਅਨੁਪ੍ਰਾਸ ਨਾਲ ਸੰਬੰਧਿਤ ਹੈ। ਗੁਰੂ ਜੀ ਨੇ ਇੱਥੇ ਅੱਖਰਾਂ ਦਾ ਦੁਹਰਾਅ ਕੇਵਲ ਆਪਣੇ ਵਿਸ਼ੇ ਨੂੰ ਵਧੇਰੇ ਗ੍ਰਹਿਣਯੋਗ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਕੀਤੀ ਗਈ ਹੈ। ਗੁਰੂ ਜੀ ਨੇ ਇੱਥੇ ਇਹ ਸਮਝਾਉਣ ਦਾ ਉਪਰਾਲਾ ਕੀਤਾ ਹੈ ਕਿ ਪਰਮਾਤਮਾ ਜਾਂ ਪ੍ਰਭੂ ਨੂੰ ਬਾਹਰ ਲੱਭਣ ਜਾਂ ਖੋਜਣ ਦੀ ਜਰੂਰਤ ਨਹੀਂ ਹੈ ਕਿਉਕਿ ਇਸ ਦੀ ਭਾਲ ਮਨ ਵਿਚ ਹੀ ਕਰਨੀ ਚਾਹੀਦੀ ਹੈ।

ਣਾ ਹਉ ਣਾ ਤੂੰ ਣਹਿ ਛੁਟਹਿ ਨਿਕਟਿ ਨ ਜਾਈਅਹੁ ਦੂਤ॥ (256)

ਉਪਰੋਕਤ ਕਾਵਿ-ਸਤਰ ਵਿਚ /ਣ/ ਵਰਣ ਜਾਂ ਅੱਖਰ ਦੀ ਵਰਤੋਂ ਸ਼ਬਦਾਂ ਦੇ ਆਰੰਭ ਵਿਚ ਵਾਰ-ਵਾਰ ਕੀਤੀ ਗਈ ਹੈ, ਜੋ ਕਿ ਛੇਕ ਅਨੁਪ੍ਰਾਸ ਨਾਲ ਸੰਬੰਧਿਤ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਇਹ ਸਮਝਾਉਣ ਦਾ ਯਤਨ ਕੀਤਾ ਹੈ ਕਿ ਜਿੱਥੇ ਪਰਮਾਤਮਾ ਦੇ ਨਾਮ ਦਾ ਸਿਮਰਨ ਹੁੰਦਾ ਹੈ, ਉੱਥੇ ਨਾ ਹਉਮੈ ਜਾਂਦੀ ਹੈ, ਨਾ ਤੂੰ-ਤੂੰ, ਨਾ ਮੈਂ-ਮੈਂ ਰਹਿ ਜਾਂਦੀ ਹੈ ਅਤੇ ਜਮਦੂਤ ਵੀ ਉਸ ਥਾਂ ਤੋਂ ਦੂਰ ਰਹਿੰਦੇ ਹਨ।

ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ॥ (518)

ਉਪਰੋਕਤ ਕਾਵਿ-ਤੁਕ ਵਿਚ /ਪ/ ਵਰਣ ਜਾਂ ਅੱਖਰ ਦੀ ਵਰਤੋਂ ਸ਼ਬਦਾਂ ਦੇ ਆਰੰਭ ਵਿਚ ਵਾਰ-ਵਾਰ ਕੀਤੀ ਗਈ ਹੈ, ਜੋ ਕਿ ਛੇਕ ਅਨੁਪ੍ਰਾਸ ਨਾਲ ਸੰਬੰਧਿਤ ਹੈ। ਇੱਥੇ ਗੁਰੂ ਅਰਜਨ ਦੇਵ ਜੀ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਸਾਧੂ ਜਾਂ ਸੰਤਾਂ ਦੀ ਸੇਵਾ ਕਰਨ ਦੇ ਨਾਲ ਸਰੀਰ ਪਵਿੱਤਰ ਹੁੰਦਾ ਹੈ ਅਤੇ ਮਨ ਨੂੰ ਆਤਮਿਕ

ਸ਼ਾਂਤੀ ਮਿਲਦੀ ਹੈ। ਇੱਥੇ ਗੁਰੂ ਜੀ ਨੇ ਕੇਵਲ ਸੇਵਾ ਕਰਨ ਦੇ ਸਿਧਾਂਤ ਨੂੰ ਹੀ ਨਹੀਂ ਸਮਝਾਇਆ ਹੈ, ਸਗੋਂ ਸੇਵਾ ਨੂੰ ਯਾਦ ਰੱਖਣ ਲਈ 'Alphabetically' ਨੁਕਤਾ ਦਿੰਦੇ ਹਨ।

**ਛ੍ਰਤੀ ਅਨੁਪ੍ਰਾਸ:-** ਜਿਸ ਵਾਕ ਦੇ ਸ਼ਬਦਾਂ ਦੇ ਅੱਖਰਾਂ ਦਾ ਉਚਾਰਨ ਮੂੰਹ ਦੇ ਇਕੋ ਹਿੱਸੇ ਵਿਚੋਂ ਹੁੰਦਾ ਹੈ। ਜਿਵੇਂ :

ਸਸਾ ਸਤਿ ਸਤਿ ਸਤਿ ਸੋਊ॥ (250)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨੇ /ਸ/ ਅਤੇ /ਤ/ ਦੰਤੀ (ਮੌਖਿਕ) ਧੁਨੀਆਂ ਦੀ ਵਰਤੋਂ ਕੀਤੀ ਹੈ, ਜੋ ਕਿ ਛ੍ਰਤੀ ਅਨੁਪ੍ਰਾਸ ਨਾਲ ਸੰਬੰਧਿਤ ਹੈ। ਮੌਖਿਕ ਧੁਨੀਆਂ ਦੇ ਉਚਾਰਨ ਸਮੇਂ ਮੂੰਹ ਪੋਲ ਖੁੱਲ੍ਹਾ ਹੁੰਦਾ ਹੈ, ਨੱਕ ਪੋਲ ਬੰਦ ਹੁੰਦਾ ਹੈ ਅਤੇ ਕੋਮਲ ਤਾਲੂ ਉੱਪਰ ਨੂੰ ਉਠਿਆ ਹੁੰਦਾ ਹੈ। ਇੱਥੇ ਗੁਰੂ ਜੀ ਨੇ ਇਹ ਭਾਵ ਸਮਝਾਉਣ ਦਾ ਯਤਨ ਕੀਤਾ ਹੈ ਕਿ ਇਸ ਸਾਰਾ ਸੰਸਾਰ ਨਸ਼ਟਮਾਨ ਹੈ ਕੇਵਲ ਪਰਮਾਤਮਾ ਹੀ ਹਮੇਸ਼ਾ ਰਹਿਣ ਵਾਲਾ ਹੈ।

ਕਕਾ ਕਾਰਨ ਕਰਤਾ ਸੋਊ॥ (253)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਨੇ /ਕ/ ਕੰਠੀ (ਮੌਖਿਕ) ਧੁਨੀ ਦੀ ਵਰਤੋਂ ਕੀਤੀ ਹੈ, ਜੋ ਕਿ ਛ੍ਰਤੀ ਅਨੁਪ੍ਰਾਸ ਨਾਲ ਸੰਬੰਧਿਤ ਹੈ। ਇੱਥੇ ਗੁਰੂ ਜੀ ਨੇ ਇਹ ਭਾਵ ਸਮਝਾਉਣ ਦਾ ਯਤਨ ਕੀਤਾ ਹੈ ਕਿ ਜੀਵ ਦੇ ਸਭ ਕਰਮਾਂ ਦਾ ਕਾਰਨ ਅਤੇ ਕਰਤਾ ਉਹ ਪਰਮਾਤਮਾ ਹੀ ਹੈ, ਕਿਉਂਕਿ ਜੀਵ ਨੂੰ ਉਹ ਖੁਦ ਹੀ ਸਹੀ ਮਾਰਗ ਸਮਝਾਉਂਦਾ ਹੈ।

ਙਾ ਹਉ ਙਾ ਤੂੰ ਙਹਿ ਛੁਟਹਿ ਨਿਕਟਿ ਨ ਜਾਈਅਹੁ ਦੂਤ॥ (256)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਨੇ /ਙ/ ਨਾਸਕੀ ਧੁਨੀ ਦੀ ਵਰਤੋਂ ਕੀਤੀ ਹੈ, ਜੋ ਕਿ ਛ੍ਰਤੀ ਅਨੁਪ੍ਰਾਸ ਨਾਲ ਸੰਬੰਧਿਤ ਹੈ। ਨਾਸਕੀ ਧੁਨੀਆਂ ਦੇ ਉਚਾਰਨ ਸਮੇਂ ਮੂੰਹ ਪੋਲ ਬੰਦ ਹੁੰਦਾ ਹੈ, ਨੱਕ ਪੋਲ

ਖੁੱਲ੍ਹਾ ਹੁੰਦਾ ਹੈ ਅਤੇ ਕੋਮਲ ਤਾਲੂ ਹੇਠਾਂ ਨੂੰ ਡਿੱਗਾ ਹੁੰਦਾ ਹੈ। ਇੱਥੇ ਗੁਰੂ ਜੀ ਨੇ ਇਹ ਭਾਵ ਸਮਝਾਉਣ ਦਾ ਯਤਨ ਕੀਤਾ ਹੈ ਕਿ ਜੀਵ ਦੇ ਸਭ ਕਰਮਾਂ ਦਾ ਕਾਰਨ ਅਤੇ ਕਰਤਾ ਉਹ ਪਰਮਾਤਮਾ ਹੀ ਹੈ, ਕਿਉਂਕਿ ਜੀਵ ਨੂੰ ਉਹ ਖੁਦ ਹੀ ਸਹੀ ਮਾਰਗ ਸਮਝਾਉਂਦਾ ਹੈ।

ਪਪਾ ਪਰਮਿਤਿ ਪਾਰੁ ਨ ਪਾਇਆ॥ (258)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨੇ /ਪ/ ਦੋ ਹੋਠੀ (ਮੌਖਿਕ) ਧੁਨੀ ਦੀ ਵਰਤੋਂ ਕੀਤੀ ਹੈ, ਜੋ ਕਿ ਛ੍ਰਤੀ ਅਨੁਪ੍ਰਾਸ ਨਾਲ ਸੰਬੰਧਿਤ ਹੈ। ਮੌਖਿਕ ਧੁਨੀਆਂ ਦੇ ਉਚਾਰਨ ਸਮੇਂ ਮੂੰਹ ਪੋਲ ਖੁੱਲ੍ਹਾ ਹੁੰਦਾ ਹੈ, ਨੱਕ ਪੋਲ ਬੰਦ ਹੁੰਦਾ ਹੈ ਅਤੇ ਕੋਮਲ ਤਾਲੂ ਉੱਪਰ ਨੂੰ ਉਠਿਆ ਹੁੰਦਾ ਹੈ। ਇੱਥੇ ਗੁਰੂ ਜੀ ਨੇ ਇਹ ਭਾਵ ਸਮਝਾਉਣ ਦਾ ਯਤਨ ਕੀਤਾ ਹੈ ਕਿ ਇਸ ਸਾਰਾ ਸੰਸਾਰ ਉਸ ਪਰਮਾਤਮਾ ਦੀ ਸਿਰਜਨਾ ਹੈ, ਜਿਸ ਦਾ ਅੰਤ ਨਹੀਂ ਪਾਇਆ ਜਾ ਸਕਦਾ ਹੈ।

**ਲਾਟ ਅਨੁਪ੍ਰਾਸ:-** ਜਦੋਂ ਕਿਸੇ ਵਾਕ ਵਿਚ ਸ਼ਬਦ ਅਜਿਹੇ ਜੁੜੇ ਹੋਣ ਕਿ ਵਿਸ਼ਰਾਮ ਚਿੰਨ੍ਹ ਬਦਲਣ ਨਾਲ ਅਰਥ ਹੀ ਬਦਲ ਜਾਣ, ਉੱਥੇ ਲਾਟ ਅਨੁਪ੍ਰਾਸ ਅਲੰਕਾਰ ਹੁੰਦਾ ਹੈ। ਜਿਵੇਂ :

ਤਿਸੁ ਭਉ ਨਾਹੀ ਜਿਸੁ ਨਾਮੁ ਅਧਾਰਾ॥ (192)

ਜੇਕਰ ਉਪਰੋਕਤ ਤੁਕ ਨੂੰ ਇਓ ਕਹੀਏ ਕਿ "ਤਿਸੁ ਭਉ, ਨਾਹੀ ਜਿਸੁ ਨਾਮੁ ਅਧਾਰਾ" ਤਾਂ ਅਰਥ ਨਿਕਲਦਾ ਹੈ ਕਿ ਕੇਵਲ ਉਸ ਮਨੁੱਖ ਉੱਤੇ ਕੋਈ ਵੀ ਡਰ ਆਪਣਾ ਜ਼ੋਰ ਪਾ ਸਕਦਾ ਹੈ, ਜਿਸਨੂੰ ਪਰਮਾਤਮਾ ਦੇ ਨਾਮ ਦਾ ਸਹਾਰਾ ਨਹੀਂ ਹੈ। ਪਰੰਤੂ ਜੇਕਰ ਉਪਰੋਕਤ ਤੁਕ ਨੂੰ ਇਓ ਕਹੀਏ ਕਿ "ਤਿਸੁ ਭਉ ਨਾਹੀ ਜਿਸੁ ਨਾਮੁ ਅਧਾਰਾ" ਤਾਂ ਅਰਥ ਨਿਕਲਦਾ ਹੈ ਕਿ ਸਿਰਫ਼ ਉਸ ਮਨੁੱਖ ਉੱਤੇ ਕੋਈ ਵੀ ਡਰ ਆਪਣਾ ਜ਼ੋਰ ਨਹੀਂ ਪਾ ਸਕਦਾ, ਜਿਸਨੂੰ ਪਰਮਾਤਮਾ ਦੇ ਨਾਮ-ਸਿਮਰਨ ਦਾ ਸਹਾਰਾ ਹੈ।

ਖੋਜਤ ਖੋਜਤ ਦੁਆਰੇ ਆਇਆ॥

ਤਾ ਨਾਨਕ ਜੋਗੀ ਮਹਲੁ ਘਰੁ ਪਾਇਆ॥ (886)

ਜੇਕਰ ਉਪਰੋਕਤ ਪੰਕਤੀ ਨੂੰ ਇਓ ਕਹੀਏ ਕਿ "ਤਾ ਨਾਨਕ ਜੋਗੀ, ਮਹਲੁ ਘਰੁ ਪਾਇਆ" ਤਾਂ ਅਰਥ ਨਿਕਲਦਾ ਹੈ ਕਿ ਹੇ ਨਾਨਕ ਜੋਗੀ ਪਰਮਾਤਮਾ ਨੂੰ ਬਾਹਰ ਲੱਭਣ ਦੀ ਜਰੂਰਤ ਨਹੀਂ ਹੈ ਕਿਉਂਕਿ ਪਰਮਾਤਮਾ ਦਾ ਘਰ ਤਾਂ ਹਰ ਮਨੁੱਖ ਦੇ ਅੰਦਰ ਹੈ। ਪਰੰਤੂ ਜੇਕਰ ਉਪਰੋਕਤ ਪੰਕਤੀ ਨੂੰ ਇਓ ਕਹੀਏ ਕਿ "ਤਾ ਨਾਨਕ ਜੋਗੀ ਮਹਲੁ ਘਰੁ ਪਾਇਆ" ਤਾਂ ਅਰਥ ਨਿਕਲਦਾ ਹੈ ਕਿ ਨਾਮ-ਸਿਮਰਨ ਕਰਨ ਨਾਲ ਭਾਵ ਪ੍ਰਭੂ-ਚਰਨਾਂ ਵਿਚ ਜੁੜੇ ਹੋਏ ਮਨੁੱਖ ਨੂੰ ਪਰਮਾਤਮਾ ਕਣ-ਕਣ ਵਿਚ ਵਸਿਆ ਹੋਇਆ ਦਿਖਾਈ ਦਿੰਦਾ ਹੈ।

**ਵ੍ਰਤੀ ਅਨੁਪ੍ਰਾਸ:-** ਜਦੋ ਕਾਵਿ ਜਾਂ ਕਵਿਤਾ ਵਿਚ ਅੱਖਰ ਜਾਂ ਅੱਖਰਾਂ ਦਾ ਸਮੂਹ ਸ਼ਬਦਾਂ ਦੇ ਅੰਤ ਵਿਚ ਆ ਕੇ ਸੰਗੀਤਕ ਸੁਰ ਜਾਂ ਲੈਅ ਕਰੇ ਤਾਂ ਉੱਥੇ ਵ੍ਰਤੀ ਅਨੁਪ੍ਰਾਸ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦਾ ਪਾਠਕਾਂ ਤੱਕ ਸਰਲ ਤਰੀਕੇ ਨਾਲ ਸੰਚਾਰ ਕਰਨ ਲਈ ਸ਼ਬਦ ਅਲੰਕਾਰਾਂ ਦੀ ਵਰਤੋਂ ਕੀਤੀ ਹੈ। ਜਿਵੇਂ :

ਮੇਰੇ ਮਨ ਪ੍ਰੀਤਿ ਚਰਨ ਪ੍ਰਭ ਪਰਸਨ॥

ਰਸਨਾ ਹਰਿ ਹਰਿ ਭੋਜਨਿ ਤ੍ਰਿਪਤਾਨੀ ਅਖੀਅਨ ਕਉ ਸੰਤੋਖ ਪ੍ਰਭ ਦਰਸਨ॥੧॥ਰਹਾਉ॥

ਕਰਨਨਿ ਪੂਰਿ ਰਹਿਓ ਜਸੁ ਪ੍ਰੀਤਮ ਕਲਮਲ ਦੋਖ ਸਗਲ ਮਲ ਹਰਸਨ॥

ਪਾਵਨ ਧਾਵਨ ਸੁਆਮੀ ਸੁਖ ਪੰਥਾ ਅੰਗ ਸੰਗ ਕਾਇਆ ਸੰਤ ਸਰਸਨ॥੧॥

ਸਰਨਿ ਗਹੀ ਪੂਰਨ ਅਬਿਨਾਸੀ ਆਨ ਉਪਾਵ ਥਕਿਤ ਨਹੀ ਕਰਸਨ॥

ਕਰੁ ਗਹਿ ਲੀਏ ਨਾਨਕ ਜਨ ਅਪਨੇ ਅੰਧ ਘੋਰ ਸਾਗਰ ਨਹੀ ਮਰਸਨ॥੨॥ (1303)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਸੰਗੀਤਕ ਸੁਰ ਜਾਂ ਲੈਅ ਪੈਦਾ ਕਰਨ ਕਈ 'ਪਰਸਨ', 'ਦਰਸਨ', 'ਹਰਸਨ', 'ਸਰਸਨ', 'ਕਰਸਨ', 'ਮਰਸਨ' ਸ਼ਬਦਾਂ ਵਿਚ 'ਸਨ' ਪਿਛੇਤਰ ਦੀ ਵਰਤੋਂ ਸ਼ਬਦਾਂ ਦੇ ਅੰਤ ਵਿਚ ਵਾਰ-ਵਾਰ ਕੀਤੀ ਗਈ ਹੈ ਜੋ ਕਿ ਵ੍ਰਤੀ ਅਨੁਪ੍ਰਾਸ ਨਾਲ ਸੰਬੰਧਿਤ ਹੈ। ਇੱਥੇ ਗੁਰੂ ਜੀ

ਨੇ ਕੀਰਤਨ ਦੀ ਪਰੰਪਰਾ (ਗਾਇਨ ਸ਼ੈਲੀ) ਨੂੰ ਕਾਇਮ ਰੱਖਣ ਲਈ ਸ਼ਬਦਾਂ ਦੀ ਜੜ੍ਹਤ ਵਿਚ ਰਵਾਨਗੀ ਅਤੇ ਲੈਅ ਦੀ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕੀਤੀ ਹੈ।

ਤਟਨ ਖਟਨ ਜਟਨ ਹੋਮਨ ਨਾਹੀ ਡੰਡਧਾਰ ਸੁਆਉ॥ (1306)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ 'ਤਟਨ', 'ਖਟਨ' ਅਤੇ 'ਜਟਨ' ਸ਼ਬਦਾਂ ਵਿਚ 'ਟਨ' ਪਿਛੇਤਰ ਦੀ ਵਰਤੋਂ ਸ਼ਬਦਾਂ ਦੇ ਅੰਤ ਵਿਚ ਵਾਰ-ਵਾਰ ਸੰਗੀਤਕ ਸੁਰ ਜਾਂ ਲੈਅ ਪੈਦਾ ਕਰਨ ਕੀਤੀ ਗਈ ਹੈ, ਜੋ ਕਿ ਵ੍ਰਤੀ ਅਨੁਪ੍ਰਾਸ ਨਾਲ ਸੰਬੰਧਿਤ ਹੈ।

ਅਨਾਥ ਨਾਥ ਸਨਾਥ ਸੰਤਨ ਕੋਟਿ ਪਾਪ ਬਿਨਾਸ॥ (1306)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਸੰਗੀਤਕ ਲੈਅ ਪੈਦਾ ਕਰਨ ਕਈ 'ਅਨਾਥ' ਅਤੇ 'ਸਨਾਥ' ਸ਼ਬਦਾਂ ਵਿਚ 'ਨਾਥ' ਪਿਛੇਤਰ ਦੀ ਵਰਤੋਂ ਸ਼ਬਦਾਂ ਦੇ ਅੰਤ ਵਿਚ ਵਾਰ-ਵਾਰ ਕੀਤੀ ਗਈ ਹੈ ਜੋ ਕਿ ਵ੍ਰਤੀ ਅਨੁਪ੍ਰਾਸ ਨਾਲ ਸੰਬੰਧਿਤ ਹੈ। ਇੱਥੇ ਇਹ ਦੁਹਰਾਅ ਕੇਵਲ ਵਿਸ਼ੇ ਨੂੰ ਸਪੱਸ਼ਟ, ਸਰਲ, ਪ੍ਰਭਾਵਸ਼ਾਲੀ ਅਤੇ ਗ੍ਰਹਿਣਯੋਗ ਬਣਾਉਣ ਲਈ ਕੀਤਾ ਗਿਆ ਹੈ।

**ਅੰਤ ਅਨੁਪ੍ਰਾਸ:-** ਜਦੋਂ ਕਵਿਤਾ ਜਾਂ ਕਾਵਿ ਵਿਚ ਦੋ ਜਾਂ ਦੋ ਤੋਂ ਵੱਧ ਤੁਕਾਂ ਜਾਂ ਪੰਕਤੀਆਂ ਦੇ ਅਖੀਰ ਵਿਚ ਸ਼ਬਦ ਤਾਂ ਵੱਖ-ਵੱਖ ਹੋਣ ਪਰੰਤੂ ਉਹਨਾਂ ਸ਼ਬਦਾਂ ਦੀ ਸੁਰ ਆਪਸ ਵਿਚ ਮਿਲਦੀ ਹੋਵੇ ਤਾਂ ਉੱਥੇ ਅੰਤ ਅਨੁਪ੍ਰਾਸ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਬਹੁਤ ਜਗ੍ਹਾ ਅੰਤ ਅਨੁਪ੍ਰਾਸ ਦੀ ਵਰਤੋਂ ਕੀਤੀ ਹੈ, ਜਿਸ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਕਿਰਤਿ ਕਰਮ ਕੇ ਵੀਛੁੜੇ, ਕਰਿ ਕਿਰਪਾ ਮੇਲਹੁ ਰਾਮ॥

ਚਾਰਿ ਕੁੰਟ ਦਹਦਿਸ ਭਰਮੇ, ਥਕਿ ਆਏ ਪ੍ਰਭ ਕੀ ਸਾਮ॥

......................................................

ਨਾਨਕ ਕੀ ਬੇਨੰਤੀਆ, ਕਰ ਕਿਰਪਾ ਦੀਜੈ ਨਾਮੁ॥

ਹਰਿ ਮੇਲਹੁ ਸੁਆਮੀ ਸੰਗਿ ਪ੍ਰਭ, ਜਿਸ ਕਾ ਨਿਹਚਲ ਧਾਮ॥ (133)

ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ 'ਬਾਰਹਮਾਹ ਮਾਝ' ਵਿਚ ਵਿਸ਼ੇਸ਼ ਕਰਕੇ ਅੰਤ ਅਨੁਪ੍ਰਾਸ ਹੀ ਪ੍ਰਤੱਖ ਦਿਖਾਈ ਦਿੰਦਾ ਹੈ। ਓਪਰੋਕਤ ਕਾਵਿ-ਸਤਰਾਂ ਵਿਚ 'ਰਾਮ', 'ਸਾਮ', 'ਨਾਮੁ' ਅਤੇ 'ਧਾਮ' ਸ਼ਬਦਾਂ ਦੀ ਸੁਰ ਆਪਸ ਵਿਚ ਮਿਲਦੀ ਹੈ ਜਿਸ ਨਾਲ ਸੰਗੀਤਕ ਲੈ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਅਰਥ ਸਪੱਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ। ਇੱਥੇ ਗੁਰੂ ਜੀ ਨੇ ਇਹ ਸਮਝਾਉਣ ਦਾ ਯਤਨ ਕੀਤਾ ਹੈ ਕਿ ਅਸੀਂ ਸੰਸਾਰਿਕ ਮੋਹ-ਮਾਇਆ ਦੇ ਜਾਲ ਵਿਚ ਫਸ ਕੇ ਪਰਮਾਤਮਾ ਦੇ ਨਾਮ-ਸਿਮਰਨ ਨੂੰ ਭੁਲਾਈ ਬੈਠੇ ਹਾਂ।

ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ॥

ਗਾਵਤੇ ਉਧਰਹਿ ਸੁਣਤੇ ਉਧਰਹਿ ਬਿਨਸਹਿ ਪਾਪ ਘਨੇਰੇ॥ (802)

ਓਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ 'ਤੇਰੇ' ਅਤੇ 'ਘਨੇਰੇ' ਵੱਖ-ਵੱਖ ਸ਼ਬਦਾਂ ਦੀ ਵਰਤੋਂ ਕਾਵਿ-ਸਤਰਾਂ ਜਾਂ ਤੁਕਾਂ ਦੇ ਅਖੀਰ ਵਿਚ ਕੀਤੀ ਹੈ ਜਿਨ੍ਹਾਂ ਦੀ ਸੁਰ ਆਪਸ ਵਿਚ ਮਿਲਦੀ ਹੈ ਜਿਸ ਨਾਲ ਸੰਗੀਤਕ ਸੁਰ ਅਤੇ ਲੈ ਪੈਦਾ ਕਰਨ ਦਾ ਅਨੋਖਾ ਜਾਂ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ।

ਚੇਤਿ ਗੋਵਿੰਦ ਅਰਾਧੀਐ, ਹੋਵੈ ਅਨੰਦ ਘਣਾ॥

ਸੰਤ ਜਨਾ ਮਿਲਿ ਪਾਈਐ, ਰਸਨਾ ਨਾਮੁ ਭਣਾ॥

ਜਿਨਿ ਪਾਇਆ ਪ੍ਰਭੁ ਆਪਣਾ, ਆਏ ਤਿਸਹਿ ਗਣਾ॥

ਇਕੁ ਖਿਨੁ ਤਿਸੁ ਬਿਨੁ ਜੀਵਣਾ, ਬਿਰਥਾ ਜਨਮੁ ਜਣਾ॥ (133)

ਓਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ 'ਘਣਾ', 'ਭਣਾ', 'ਗਣਾ' ਅਤੇ 'ਜਣਾ' ਵਰਗੇ ਅਜਿਹੇ ਵੱਖ-ਵੱਖ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿਨ੍ਹਾਂ ਦੀ ਸੁਰ ਆਪਸ ਵਿਚ ਮਿਲਦੀ ਹੈ ਜਿਸ ਨਾਲ ਸੰਗੀਤਕ ਸੁਰ ਅਤੇ ਲੈ ਪੈਦਾ ਕਰਨ ਦਾ ਅਨੋਖਾ ਜਾਂ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ।

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥

ਮੈ ਨਿਰਗੁਣਿਆਰੇ ਕੋ ਗੁਣ ਨਾਹੀ ਆਪੇ ਤਰਸੁ ਪਇਓਈ॥ (1429)

ਗੁਰੂ ਅਰਜਨ ਦੇਵ ਜੀ ਨੇ ਓਪਰੋਕਤ ਕਾਵਿ-ਸਤਰਾਂ ਵਿਚ 'ਕੀਤੋਈ' ਅਤੇ 'ਪਇਓਈ' ਵੱਖ-ਵੱਖ ਸ਼ਬਦਾਂ ਦੀ ਵਰਤੋਂ ਕਾਵਿ-ਸਤਰਾਂ ਦੇ ਅਖੀਰ ਵਿਚ ਕੀਤੀ ਹੈ ਜਿਨ੍ਹਾਂ ਦੀ ਸੁਰ ਆਪਸ ਵਿਚ ਮਿਲਦੀ ਹੈ ਜਿਸ ਨਾਲ ਸੰਗੀਤਕ ਲੈ ਪੈਦਾ ਕਰਨ ਦਾ ਅਨੋਖਾ ਜਾਂ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ।

ਰੈਣਿ ਵਿਹਾਣੀ ਪਛੁਤਾਣੀ, ਉਠਿ ਚਲੀ ਗਈ ਨਿਰਾਸ॥

ਜਿਨ ਕੌ ਸਾਧੂ ਭੇਟੀਐ, ਸੋ ਦਰਗਹ ਹੋਇ ਖਲਾਸੁ॥

ਕਰਿ ਕਿਰਪਾ ਪ੍ਰਭ ਆਪਣੀ, ਤੇਰੇ ਦਰਸਨ ਹੋਇ ਪਿਆਸ॥

ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ, ਨਾਨਕ ਕੀ ਅਰਦਾਸਿ॥ (133)

ਗੁਰੂ ਅਰਜਨ ਦੇਵ ਜੀ ਨੇ ਓਪਰੋਕਤ ਕਾਵਿ-ਸਤਰਾਂ ਵਿਚ 'ਨਿਰਾਸ', 'ਖਲਾਸੁ', 'ਪਿਆਸ' ਅਤੇ 'ਅਰਦਾਸਿ' ਵੱਖ-ਵੱਖ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿਨ੍ਹਾਂ ਦੀ ਸੁਰ ਆਪਸ ਵਿਚ ਮਿਲਦੀ ਹੈ ਜਿਸ ਨਾਲ ਸੰਗੀਤਕ ਲੈ ਪੈਦਾ ਕਰਨ ਦਾ ਅਨੋਖਾ ਜਾਂ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ।

ਪਰਮੇਸਰਿ ਦਿਤਾ ਬੰਨਾ॥

ਦੁਖ ਰੋਗ ਕਾ ਡੇਰਾ ਭੰਨਾ॥

ਅਨਦ ਕਰਹਿ ਨਰ ਨਾਰੀ॥

ਹਰਿ ਹਰਿ ਪ੍ਰਭਿ ਕਿਰਪਾ ਧਾਰੀ॥ (628)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ 'ਬੰਨਾ', 'ਭੰਨਾ' ਅਤੇ 'ਨਾਰੀ', 'ਧਾਰੀ' ਵੱਖ-ਵੱਖ ਸ਼ਬਦਾਂ ਦੀ ਵਰਤੋਂ ਕਾਵਿ-ਸਤਰਾਂ ਜਾਂ ਤੁਕਾਂ ਦੇ ਅਖੀਰ ਵਿਚ ਕੀਤੀ ਹੈ ਜਿਨ੍ਹਾਂ ਦੀ ਸੁਰ ਆਪਸ ਵਿਚ ਮਿਲਦੀ ਹੈ ਜਿਸ ਨਾਲ ਸੰਗੀਤਕ ਲੈ ਪੈਦਾ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ।

ਘੋਲਿ ਘੁਮਾਈ ਲਾਲਨਾ ਗੁਰਿ ਮਨੁ ਦੀਨਾ॥

ਸੁਣਿ ਸਬਦੁ ਤੁਮਾਰਾ ਮੇਰਾ ਮਨੁ ਭੀਨਾ॥ (1117)

ਗੁਰੂ ਅਰਜਨ ਦੇਵ ਜੀ ਨੇ ਉਪਰੋਕਤ ਕਾਵਿ-ਸਤਰਾਂ ਵਿਚ 'ਦੀਨਾ' ਅਤੇ 'ਭੀਨਾ' ਵੱਖ-ਵੱਖ ਸ਼ਬਦਾਂ ਦੀ ਵਰਤੋਂ ਕਾਵਿ-ਸਤਰਾਂ ਦੇ ਅਖੀਰ ਵਿਚ ਕੀਤੀ ਹੈ ਜਿਨ੍ਹਾਂ ਦੀ ਸੁਰ ਆਪਸ ਵਿਚ ਮਿਲਦੀ ਹੈ ਜਿਸ ਨਾਲ ਸੰਗੀਤਕ ਲੈ ਪੈਦਾ ਕਰਨ ਦਾ ਅਨੋਖਾ ਯਤਨ ਕੀਤਾ ਗਿਆ ਹੈ।

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥

ਕਲਿ ਕਲੇਸ ਤਨ ਮਾਹਿ ਮਿਟਾਵਉ॥

ਸਿਮਰਉ ਜਾਸੁ ਬਿਸੁੰਭਰ ਏਕੈ॥

ਨਾਮੁ ਜਪਤੁ ਅਗਨਤ ਅਨੇਕੈ॥ (262)

ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ 'ਸੁਖਮਨੀ ਸਾਹਿਬ' ਦੀਆਂ ਉਪਰੋਕਤ ਕਾਵਿ-ਸਤਰਾਂ ਵਿਚ 'ਪਾਵਉ', 'ਮਿਟਾਵਉ' ਅਤੇ 'ਏਕੈ', 'ਅਨੇਕੈ' ਵੱਖ-ਵੱਖ ਸ਼ਬਦਾਂ ਦੀ ਵਰਤੋਂ ਕਾਵਿ-ਸਤਰਾਂ ਜਾਂ ਤੁਕਾਂ ਦੇ ਅਖੀਰ

ਵਿਚ ਕੀਤੀ ਹੈ ਜਿਨ੍ਹਾਂ ਦੀ ਸੁਰ ਆਪਸ ਵਿਚ ਮਿਲਦੀ ਹੈ ਜਿਸ ਨਾਲ ਸੰਗੀਤਕ ਲੈ ਪੈਦਾ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ।

**ਯਮਕ ਅਲੰਕਾਰ:-** ਯਮਕ ਅਲੰਕਾਰ ਵਿਚ ਇਕੋ ਸ਼ਬਦ ਵਾਰ-ਵਾਰ ਵਰਤਿਆ ਜਾਂਦਾ ਹੈ, ਪਰ ਹਰ ਵਾਰ ਉਸਦਾ ਅਰਥ ਵੱਖ-ਵੱਖ ਹੁੰਦਾ ਹੈ। ਭਾਵ ਜਿੱਥੇ ਵੱਖ-ਵੱਖ ਅਰਥ ਦਰਸਾਉਣ ਵਾਲੇ ਸ਼ਬਦਾਂ ਦਾ ਵਰਨਣ ਹੋਵੇ, ਉੱਥੇ ਯਮਕ ਅਲੰਕਾਰ ਹੁੰਦਾ ਹੈ। ਜਿਵੇਂ:

ਭਾਤਿ ਭਾਤਿ ਬਨ ਬਨ ਅਵਗਾਹੇ॥ (98)

ਓਪਰੋਕਤ ਕਾਵਿ-ਸਤਰ ਵਿਚ ਇਕੋ ਸ਼ਬਦ 'ਬਨ' ਨੂੰ ਵਾਰ-ਵਾਰ ਵਰਤਿਆ ਜਾਂਦਾ ਹੈ, ਪਰ ਹਰ ਵਾਰ ਉਸਦਾ ਅਰਥ ਵੱਖ-ਵੱਖ ਹੈ ਕਿਉਂਕਿ ਪਹਿਲੇ 'ਬਨ' ਦਾ ਅਰਥ ਜੰਗਲ ਹੈ ਅਤੇ ਦੂਜੇ 'ਬਨ' ਦਾ ਅਰਥ ਜਲ ਜਾਂ ਤੀਰਥ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਪਰਮਾਤਮਾ ਦੀ ਪ੍ਰਾਪਤੀ ਜੰਗਲਾਂ ਵਿਚ ਨਹੀਂ ਕੀਤੀ ਜਾ ਸਕਦੀ ਹੈ ਕਿਉਂਕਿ ਪਰਮਾਤਮਾ ਤਾਂ ਹਰ ਇਕ ਮਨੁੱਖ ਦੇ ਅੰਦਰ ਵਸਿਆ ਹੋਇਆ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਨਾਮ-ਸਿਮਰਨ ਦੇ ਭਾਵ ਜਾਂ ਸੰਕਲਪ ਨੂੰ ਸਪੱਸ਼ਟ ਜਾਂ ਦ੍ਰਿੜ੍ਹ ਕਰਨ ਲਈ ਯਮਕ ਅਲੰਕਾਰ ਦੀ ਵਰਤੋਂ ਕੀਤੀ ਹੈ।

ਸੋ ਜੀਵਤ ਜਿਹਿ ਜੀਵਤ ਜਪਿਆ॥ (254)

ਓਪਰੋਕਤ ਕਾਵਿ-ਪੰਕਤੀ ਵਿਚ ਇਕੋ ਸ਼ਬਦ 'ਜੀਵਿਤ' ਨੂੰ ਵਾਰ-ਵਾਰ ਵਰਤਿਆ ਜਾਂਦਾ ਹੈ, ਪਰ ਹਰ ਵਾਰ ਉਸਦਾ ਅਰਥ ਵੱਖ-ਵੱਖ ਹੁੰਦਾ ਹੈ ਕਿਉਂਕਿ ਪਹਿਲੇ 'ਜੀਵਿਤ' ਦਾ ਅਰਥ ਹੈ ਜਿਉਂਦਾ ਅਤੇ ਦੂਜੇ 'ਜੀਵਿਤ' ਦਾ ਅਰਥ ਹੈ ਚੇਤੰਨ ਭਾਵ ਗੁਰੂ ਜੀ ਦੇ ਅਨੁਸਾਰ ਜੋ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦੇ ਹਨ ਜਾਂ ਗੁਰੂ ਦੁਆਰਾ ਦੱਸੇ ਮਾਰਗ 'ਤੇ ਚਲਦੇ ਹਨ, ਉਹ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਤੋਂ ਮੁਕਤ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਜੀਵਨ ਜੀਣ ਦੀ ਸੋਝੀ ਆ ਜਾਂਦੀ ਹੈ ਕਿ ਇਹ ਸੰਸਾਰਿਕ ਧਨ-ਦੌਲਤ ਸਭ ਨਸ਼ਟਵਾਨ ਹੈ ਜਿਸ ਨੂੰ ਇੱਕਠੇ ਕਰਨ ਦਾ ਕੋਈ ਵੀ ਲਾਭ ਨਹੀਂ ਹੈ। ਇੱਥੇ ਗੁਰੂ ਜੀ ਯਮਕ ਅਲੰਕਾਰ ਦੇ

ਰਾਹੀਂ ਇਹ ਸਮਝਾਉਣਾ ਚਾਹੁੰਦੇ ਹਨ ਕਿ ਜਿਹੜਾ ਵਿਅਕਤੀ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹੈ, ਕੇਵਲ ਉਹ ਵਿਅਕਤੀ ਹੀ ਜੀਵਤ ਮੰਨਿਆ ਜਾ ਸਕਦਾ ਹੈ।

ਖੋਜਤ ਖੋਜਤ ਖੋਜਿ ਬੀਚਾਰਿਓ ਰਾਮ ਨਾਮੁ ਤਤੁ ਸਾਰਾ॥ (611)

ਉਪਰੋਕਤ ਕਾਵਿ-ਤੁਕ ਵਿਚ ਇਕੋ ਸ਼ਬਦ 'ਖੋਜਤ' ਨੂੰ ਵਾਰ-ਵਾਰ ਵਰਤਿਆ ਗਿਆ ਹੈ, ਪਰ ਹਰ ਵਾਰ ਉਸਦਾ ਅਰਥ ਵੱਖ-ਵੱਖ ਹੈ, ਕਿਉਂਕਿ ਪਹਿਲੇ 'ਖੋਜਤ' ਦਾ ਅਰਥ ਹੈ ਭਾਲ ਜਾਂ ਤਲਾਸ਼ ਅਤੇ ਦੂਜੇ 'ਖੋਜਤ' ਦਾ ਅਰਥ ਹੈ ਪੜਤਾਲ ਜਾਂ ਸਿੱਟਾ। ਗੁਰੂ ਜੀ ਦੇ ਅਨੁਸਾਰ ਬੜੀ ਲੰਮੀ ਖੋਜ ਕਰ ਕੇ ਇਹ ਸਿੱਟਾ ਕੱਢਿਆ ਗਿਆ ਹੈ ਕਿ ਇਸ ਸੰਸਾਰ ਵਿਚ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਹੀ ਮਨੁੱਖਾ ਜੀਵਨ ਦੀ ਅਸਲੀਅਤ ਹੈ।

ਹਰਿ ਰਾਮ ਰਾਮ ਰਾਮ ਰਾਮਾ॥ (218)

ਉਪਰੋਕਤ ਕਾਵਿ-ਪੰਕਤੀ ਵਿਚ ਇਕੋ ਸ਼ਬਦ 'ਰਾਮ' ਨੂੰ ਵਾਰ-ਵਾਰ ਵਰਤਿਆ ਗਿਆ ਹੈ, ਪਰ ਹਰ ਵਾਰ ਉਸਦਾ ਅਰਥ ਵੱਖ-ਵੱਖ ਹੈ, ਕਿਉਂਕਿ ਪਹਿਲੇ 'ਰਾਮ' ਦਾ ਅਰਥ ਹੈ ਰਾਜਾ ਦਸ਼ਰਥ ਦਾ ਪੁੱਤਰ ਸ੍ਰੀ ਰਾਮ ਚੰਦਰ ਜੀ, ਦੂਜੇ 'ਰਾਮ' ਦਾ ਅਰਥ ਹੈ ਹਰ ਜਗ੍ਹਾ ਵਸਿਆ ਹੋਇਆ ਅਤੇ ਤੀਜੇ 'ਰਾਮ' ਦਾ ਅਰਥ ਹੈ ਵਾਹਿਗੁਰੂ ਜਾਂ ਪਰਮਾਤਮਾ। ਇੱਥੇ ਗੁਰੂ ਜੀ ਨੇ ਇਹ ਸਮਝਾਉਣ ਦਾ ਉਪਰਾਲਾ ਕੀਤਾ ਹੈ ਕਿ ਉਹ ਪਰਮਾਤਮਾ ਹਰ ਇਕ ਮਨੁੱਖ ਦੇ ਮਨ ਵਿਚ ਵਸਿਆ ਹੋਇਆ ਹੈ।

ਸਚੁ ਸਚੁ ਸਚੁ ਸਭੁ ਕੀਨਾ॥ (279)

ਉਪਰੋਕਤ ਕਾਵਿ-ਸਤਰ ਵਿਚ ਇਕੋ ਸ਼ਬਦ 'ਸਚੁ' ਨੂੰ ਵਾਰ-ਵਾਰ ਵਰਤਿਆ ਗਿਆ ਹੈ, ਪਰ ਹਰ ਵਾਰ ਉਸਦਾ ਅਰਥ ਵੱਖ-ਵੱਖ ਹੈ, ਕਿਉਂਕਿ ਪਹਿਲੇ 'ਸਚੁ' ਦਾ ਅਰਥ ਹੈ ਅਸਲੀਅਤ, ਦੂਜੇ 'ਸਚੁ' ਦਾ ਅਰਥ ਹੈ ਸਦਾ ਟਿਕਿਆ ਰਹਿਣ ਵਾਲਾ ਅਤੇ ਤੀਜੇ 'ਸਚੁ' ਦਾ ਅਰਥ ਹੈ ਵਾਹਿਗੁਰੂ ਜਾਂ ਪਰਮਾਤਮਾ। ਇੱਥੇ ਗੁਰੂ ਜੀ ਨੇ

ਇਹ ਸਮਝਾਉਣ ਦਾ ਉਪਰਾਲਾ ਕੀਤਾ ਹੈ ਕਿ ਇਸ ਸੰਸਾਰ ਵਿਚ ਜੋ ਕੁਝ ਵੀ ਉਸ ਪਰਮਾਤਮਾ ਨੇ ਬਣਾਇਆ ਹੈ, ਉਹ ਸਭ ਕੁਝ ਮੁਕੰਮਲ ਜਾਂ ਸੰਪੂਰਨ ਹੈ।

**ਸ਼ਲੇਸ਼ ਅਲੰਕਾਰ:-** ਸ਼ਲੇਸ਼ ਦਾ ਅਰਥ ਹੈ **-** ਚਿਪਕਿਆ ਹੋਇਆ। ਜਿੱਥੇ ਇਕ ਸ਼ਬਦ ਦਾ ਅਰਥ ਦੂਜੇ ਅਰਥ ਨਾਲ ਚਿਪਕਿਆ ਹੁੰਦਾ ਹੈ। ਜਿਵੇਂ :-

ਗੁਰ ਦਰਸਨਿ ਉਦਰੇ ਸੰਸਾਰਾ॥ (361)

ਉਪਰੋਕਤ ਸਤਰ ਵਿਚ ਦਰਸਨਿ ਸ਼ਬਦ ਦਾ ਅਰਥ 'ਦੇਖਣ' ਤੋਂ ਇਲਾਵਾ 'ਵਿਚਾਰਧਾਰਾ' ਵੀ ਹੈ। ਸ਼ਲੇਸ਼ ਅਲੰਕਾਰ ਵਿਚ ਬਹੁ-ਅਰਥਕ ਅਤੇ ਬਹੁ-ਪਰਤੀ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਦੀ ਵਰਤੋਂ ਕੇਵਲ ਸੂਝਵਾਨ ਕਵੀ ਜਾਂ ਲੇਖਕ ਹੀ ਕਰ ਸਕਦਾ ਹੈ।

ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥

ਮੋਹਨ ਤੇਰੇ ਸੋਹਿਨ ਦੁਆਰ ਜੀਉ ਸੰਤ ਧਰਮਸਾਲਾ॥ (248)

ਓਪਰੋਕਤ ਕਾਵਿ-ਪੰਕਤੀਆਂ ਵਿਚ 'ਮੰਦਰ' ਸ਼ਬਦ ਪਰਮਾਤਮਾ ਦੇ ਘਰ ਲਈ ਅਤੇ ਉਸ ਘਰ ਲਈ ਵਰਤਿਆ ਗਿਆ ਹੈ, ਜਿਸ ਘਰ ਵਿਚ ਹਰ ਸਮੇਂ ਪਰਮਾਤਮਾ ਦੇ ਨਾਮ ਦਾ ਸਿਮਰਨ ਜਾਂ ਸਿਫਤ ਸਾਲਾਹ ਹੁੰਦੀ ਹੈ।

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥

ਭਗਤ ਜਨਾ ਕੈ ਮਨ ਬਿਸ੍ਰਾਮ॥ਰਹਾਉ॥ (262)

ਓਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਬਹੁ-ਅਰਥਕ ਅਤੇ ਬਹੁ-ਪਰਤੀ ਸ਼ਬਦਾਂ ਦੀ ਵਰਤੋਂ ਕੀਤੀ ਹੈ। ਇੱਥੇ 'ਸੁਖਮਨੀ' ਸ਼ਬਦ ਦਾ ਮੁਢਲਾ ਅਰਥ ਸੁਖਾਂ ਦੀ ਮਣੀ ਭਾਵ ਸੰਸਾਰਿਕ ਸੁਖਾਂ ਦੀ ਪ੍ਰਾਪਤੀ ਤੋਂ ਹੈ ਅਤੇ ਦੂਸਰਾ ਅਰਥ ਮਨ ਦਾ ਸੁਖ ਹੈ। ਆਮ ਸਾਧਕ ਜਾਂ ਪਾਠਕ ਜਦੋਂ ਓਪਰੋਕਤ ਕਾਵਿ-

ਸਤਰਾਂ ਨੂੰ ਪੜ੍ਹੇਗਾ ਜਾਂ ਸੁਣੇਗਾ ਤਾਂ ਉਹ ਸਮਝੇਗਾ ਕਿ ਸੁਖਮਨੀ ਦਾ ਪਾਠ ਕਰਨ ਨਾਲ ਸੰਸਾਰਿਕ ਸੁਖਾਂ ਦੀ ਪ੍ਰਾਪਤੀ ਹੋ ਜਾਵੇਗੀ ਪਰੰਤੂ ਜੇਕਰ ਕੋਈ ਪਾਠਕ ਜਾਂ ਸਾਧਕ ਇਨ੍ਹਾਂ ਸਤਰਾਂ ਨੂੰ ਧਿਆਨ ਨਾਲ ਸਮਝੇਗਾ ਤਾਂ ਉਸ ਨੂੰ ਇਸ ਗੱਲ ਦੀ ਪ੍ਰਤੀਤੀ ਹੋ ਜਾਵੇਗੀ ਕਿ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਨਾਲ ਆਤਮਾ ਅਤੇ ਪਰਮਾਤਮਾ ਦਾ ਮਿਲਾਪ ਹੋ ਜਾਂਦਾ ਹੈ, ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) 'ਤੇ ਕਾਬੂ ਜਾਂ ਕੰਟਰੋਲ ਅਤੇ ਮਾਨਸਿਕ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ। ਉਪਰੋਕਤ ਕਾਵਿ-ਤੁਕ ਵਿਚ 'ਬਿਸ੍ਰਾਮ' ਸ਼ਬਦ ਦਾ ਮੁਢਲਾ ਅਰਥ ਹੈ ਆਰਾਮ ਜਾਂ ਚੈਨ ਪਰੰਤੂ ਇੱਥੇ 'ਬਿਸ੍ਰਾਮ' ਦਾ ਅਰਥ ਹੈ ਮਨ ਅੰਦਰ ਟਿਕਾਓ ਦੀ ਸਥਿੱਤੀ ਜੋ ਕੇਵਲ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਨਾਲ ਹੀ ਪ੍ਰਾਪਤ ਹੋਵੇਗੀ। ਇੱਥੇ ਗੁਰੂ ਜੀ ਨੇ ਆਪਣੇ ਭਾਵ ਨੂੰ ਪ੍ਰਭਾਵਸ਼ਾਲੀ ਪ੍ਰਗਟ ਕਰਨ ਲਈ ਸ਼ਲੇਸ਼ ਅਲੰਕਾਰ ਦਾ ਸਹਾਰਾ ਲਿਆ ਹੈ।

ਰਤਨੁ ਤਿਆਗਿ ਕਉਡੀ ਸੰਗਿ ਰਚੈ॥

ਸਾਚੁ ਛੋਡਿ ਝੂਠ ਸੰਗਿ ਮਚੈ॥

............................

ਚੰਦਨ ਲੇਪੁ ਉਤਾਰੈ ਧੋਇ॥

ਗਰਧਬ ਪ੍ਰੀਤਿ ਭਸਮ ਸੰਗਿ ਹੋਇ॥ (266)

ਉਪਰੋਕਤ ਕਾਵਿ-ਸਤਰਾਂ ਵਿਚ 'ਰਤਨ' ਸ਼ਬਦ ਸੋਨੇ ਚਾਂਦੀ ਦੇ ਸਿੱਕਿਆਂ ਲਈ ਨਹੀਂ ਸਗੋਂ ਪਰਮਾਤਮਾ ਦੇ ਨਾਮ ਸਿਮਰਨ ਲਈ ਵਰਤਿਆ ਗਿਆ ਹੈ ਅਤੇ 'ਕਉਡੀ' ਸ਼ਬਦ ਘੱਟ ਕੀਮਤ ਵਾਲੀਆਂ ਵਸਤੂਆਂ ਲਈ ਨਹੀਂ ਸਗੋਂ ਸੰਸਾਰਿਕ ਧਨ ਦੋਲਤ ਲਈ ਵਰਤਿਆ ਗਿਆ ਹੈ। ਇੱਥੇ 'ਚੰਦਨ' ਸ਼ਬਦ ਦੀ ਵਰਤੋਂ ਚੰਦਨ ਦੇ ਲੇਪ ਲਈ ਨਹੀਂ ਸਗੋਂ ਸੰਸਾਰਿਕ ਧਨ-ਦੌਲਤ ਲਈ ਵਰਤਿਆ ਗਿਆ ਹੈ ਅਤੇ 'ਗਰਧਬ' ਸ਼ਬਦ ਦੀ ਵਰਤੋਂ ਗਧੇ ਜਾਂ ਖੋਤੇ ਲਈ ਨਹੀਂ ਸਗੋਂ ਮਨਮੁਖ ਵਿਅਕਤੀ ਲਈ ਕੀਤੀ ਗਈ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਬਹੁ-

ਅਰਥਕ ਅਤੇ ਬਹੁ-ਪਰਤੀ ਸ਼ਬਦਾਂ ਦੀ ਵਰਤੋਂ ਆਪਣੇ ਭਾਵ ਨੂੰ ਸਪੱਸ਼ਟ ਕਰਨ ਲਈ ਕੀਤੀ ਹੈ, ਜੋ ਕਿ ਸ਼ਲੇਸ਼ ਅਲੰਕਾਰ ਨਾਲ ਸੰਬੰਧਿਤ ਹੈ।

ਗੁਨ ਗਾਵਤ ਤੇਰੀ ਉਤਰਸਿ ਮੈਲੁ॥ (289)

ਉਪਰੋਕਤ ਕਾਵਿ-ਤੁਕ ਵਿਚ 'ਮੈਲੁ' ਸ਼ਬਦ ਦਾ ਅਰਥ ਸਰੀਰ ਦੀ ਗੰਦਗੀ ਅਤੇ ਅਪਵਿੱਤਰਤਾ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਵੀ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਸਪੱਸ਼ਟ ਕਰਨ ਲਈ ਬਹੁ-ਅਰਥੀ ਅਤੇ ਬਹੁ-ਪਰਤੀ ਸ਼ਬਦਾਂ ਦੀ ਵਰਤੋਂ ਕੀਤੀ ਹੈ।

**ਵੀਪਸਾ ਅਲੰਕਾਰ** :- ਜਦੋਂ ਕਿਸੇ ਤੀਬਰਤਾ (ਕ੍ਰੋਧ, ਹੈਰਾਨੀ, ਪ੍ਰੇਮ, ਘ੍ਰਿਣਾ) ਨੂੰ ਪ੍ਰਗਟ ਕਰਨ ਲਈ ਇਕ ਸ਼ਬਦ ਦੀ ਵਰਤੋਂ ਵਾਰ-ਵਾਰ ਕੀਤੀ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਤੀਬਰਤਾ ਵਾਲੇ ਭਾਵ ਜਾਂ ਸੰਕਲਪ ਨੂੰ ਸਪੱਸ਼ਟ, ਦ੍ਰਿੜ੍ਹ ਅਤੇ ਵਧੇਰੇ ਗ੍ਰਹਿਣਯੋਗ ਬਣਾਉਣ ਲਈ ਖੂਬੁ ਖੂਬੁ, ਜੁਗੁ ਜੁਗੁ, ਜੁਗਿ ਜੁਗਿ, ਫਿਰਿ ਫਿਰਿ, ਪੁਨਹ ਪੁਨਹ, ਵਲਿ ਵਲਿ, ਨਿਤ ਨਿਤ, ਪਲੁ ਪਲੁ, ਖਿਨੁ ਖਿਨੁ, ਨਿਮਖ ਨਿਮਖ, ਵਾਰ ਵਾਰ, ਦਿਹੁ ਦਿਹੁ, ਸਦਾ ਸਦਾ, ਸਾਸਿ ਸਾਸਿ, ਦਿਨੁ ਦਿਨੁ ਆਦਿ ਸ਼ਬਦਾਂ ਦੀ ਵਰਤੋਂ ਵਾਰ-ਵਾਰ ਕੀਤੀ ਹੈ।ਜਿਵੇਂ :-

ਖੂਬੁ ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ॥

ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ॥੧॥ (1137)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ 'ਖੂਬੁ' ਅਤੇ 'ਝੂਠੁ' ਸ਼ਬਦਾਂ ਦਾ ਵਾਰ-ਵਾਰ ਦੁਹਰਾਅ ਕੀਤਾ ਗਿਆ ਹੈ ਪਰ ਅਰਥ ਵਿਚ ਕੋਈ ਵੀ ਫਰਕ ਨਹੀਂ ਹੈ, ਜੋ ਕਿ ਵੀਪਸਾ ਅਲੰਕਾਰ ਨਾਲ ਸੰਬੰਧਿਤ ਹੈ। 'ਖੂਬੁ' ਸ਼ਬਦ ਦੇ ਵਾਰ-ਵਾਰ ਦੁਹਰਾਅ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਵਾਲਿਆ ਨੂੰ ਪਰਮਾਤਮਾ ਦਾ ਨਾਮ ਸਭ ਤੋ ਸੋਹਣਾ, ਮਿੱਠਾ ਅਤੇ ਚੰਗਾ ਲੱਗਦਾ ਹੈ। 'ਝੂਠੁ' ਸ਼ਬਦ ਦੇ ਵਾਰ-ਵਾਰ ਦੁਹਰਾਅ ਨਾਲ ਇਹ ਭਾਵ ਸਪੱਸ਼ਟ ਹੋ ਜਾਂਦਾ ਹੈ ਕਿ ਸਾਨੂੰ ਸੰਸਾਰਿਕ ਧਨ-ਦੌਲਤ ਦਾ

ਮਾਨ ਨਹੀਂ ਕਰਨਾ ਚਾਹੀਦਾ ਹੈ ਕਿਉਂਕਿ ਇਹ ਸਭ ਨਸ਼ਟਵਾਨ ਵਸਤਾਂ ਹਨ। ਇੱਥੇ ਵੀਪਸਾ ਅਲੰਕਾਰ ਦੀ ਸਹਾਇਤਾ ਨਾਲ ਗੁਰੂ ਅਰਜਨ ਦੇਵ ਜੀ ਨੇ ਨਾਮ-ਸਿਮਰਨ ਅਤੇ ਨਸ਼ਟਵਾਨ ਪਦਾਰਥ (ਧਨ-ਦੌਲਤ, ਪਤਨੀ, ਬੱਚੇ, ਮਾਤਾ-ਪਿਤਾ) ਦੇ ਭਾਵ ਨੂੰ ਪ੍ਰਗਟ ਕਰਨ ਲਈ 'ਖੂਬੁ' ਅਤੇ 'ਝੂਠੁ' ਸ਼ਬਦਾਂ ਦੀ ਵਾਰ-ਵਾਰ ਵਰਤੋਂ ਕੀਤੀ ਹੈ। ਇੱਥੇ ਗੁਰੂ ਜੀ ਨੇ ਸ਼ਬਦਾਂ ਦੀ ਵਾਰ-ਵਾਰ ਵਰਤੋਂ ਅਰਥ ਨੂੰ ਵਧੇਰੇ ਸਰਲ, ਸਪੱਸ਼ਟ, ਦ੍ਰਿੜ੍ਹ ਅਤੇ ਗ੍ਰਹਿਣਯੋਗ ਬਣਾਉਣ ਲਈ ਕੀਤੀ ਹੈ।

ਜਿਤ ਜਾਤ ਜਾਤ ਜਾਤ ਸਦਾ ਸਦਾ ਸਦਾ ਸਦਾ ਕਾਲ ਹਈ॥

ਮਾਨੁ ਮਾਨੁ ਮਾਨੁ ਤਿਆਗਿ ਮਿਰਤੁ ਮਿਰਤੁ ਨਿਕਿਟ ਨਿਕਿਟ ਸਦਾ ਹਈ॥ (1308)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ 'ਜਾਤ', 'ਸਦਾ', 'ਮਾਨੁ', ਮਿਰਤੁ' ਅਤੇ 'ਨਿਕਿਟ' ਸ਼ਬਦਾਂ ਦਾ ਵਾਰ-ਵਾਰ ਦੁਹਰਾਅ ਕੀਤਾ ਗਿਆ ਹੈ ਪਰ ਅਰਥ ਵਿਚ ਕੋਈ ਵੀ ਫਰਕ ਨਹੀਂ ਹੈ, ਜੋ ਕਿ ਵੀਪਸਾ ਅਲੰਕਾਰ ਨਾਲ ਸੰਬੰਧਿਤ ਹੈ। ਇੱਥੇ 'ਜਾਤ' ਸ਼ਬਦ ਦਾ ਅਰਥ 'ਜਾਂਦੇ', 'ਸਦਾ' ਸ਼ਬਦ ਦਾ ਅਰਥ 'ਹਮੇਸ਼ਾ', 'ਮਾਨੁ' ਸ਼ਬਦ ਦਾ ਅਰਥ 'ਅਹੰਕਾਰ' ' ਮਿਰਤੁ' ਸ਼ਬਦ ਦਾ ਅਰਥ 'ਮੌਤ' ਅਤੇ 'ਨਿਕਿਟ' ਸ਼ਬਦ ਦਾ ਅਰਥ 'ਨੇੜੇ' ਹੈ। ਗੁਰੂ ਅਰਜਨ ਦੇਵ ਜੀ ਨੇ ਆਮ ਲੋਕਾਂ ਨੂੰ ਮੌਤ ਦੀ ਅਟੱਲ ਸੱਚਾਈ ਬਾਰੇ ਸਮਝਾਉਂਦੇ ਹੋਏ ਦੱਸਦੇ ਹਨ ਕਿ ਤੂੰ ਸਮਾਧੀਆਂ ਅਤੇ ਸ਼ਾਸਤਰਾਂ ਦੇ ਗਿਆਨ ਦਾ ਅਹੰਕਾਰ ਛੱਡ ਦੇ ਕਿਉਂਕਿ ਤੂੰ ਧਰਤੀ ਉੱਤੇ ਜਿੱਥੇ ਵੀ ਜਾਂਦਾ ਹੈ, ਮੌਤ ਹਮੇਸ਼ਾ ਤੇਰੇ ਨਾਲ-ਨਾਲ ਅੰਗ-ਸ਼ੰਗ ਰਹਿੰਦੀ ਹੈ। ਇੱਥੇ ਗੁਰੂ ਜੀ ਨਸ਼ਟਵਾਨ ਸੰਸਾਰ ਦੇ ਭਾਵ ਨੂੰ ਪ੍ਰਗਟ ਕਰਨ ਲਈ ਦੱਸਦੇ ਹਨ ਕਿ ਮਨੁੱਖ ਨੂੰ ਹਮੇਸ਼ਾ ਮੌਤ ਨੂੰ ਯਾਦ ਰੱਖਣਾ ਚਾਹੀਦਾ ਹੈ ਅਤੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦੇ ਰਹਿਣਾ ਚਾਹੀਦਾ ਹੈ। ਇੱਥੇ ਵੀਪਸਾ ਅਲੰਕਾਰ ਨਾਲ ਸੰਬੰਧਿਤ ਹੇਠ ਲਿਖੀਆਂ ਉਦਾਹਰਨਾਂ ਨੂੰ ਵੀ ਵਿਚਾਰਿਆ ਜਾ ਸਕਦਾ ਹੈ:

ਸਫਲ ਸਫਲ ਸਫਲ ਦਰਸੁ ਰੇ ਪਰਿਸ ਪਰਿਸ ਗੁਨ ਗਾਈਐ॥

ਨਾਨਕ ਤਤ ਤਤ ਸਿਉ ਮਿਲੀਐ ਹੀਰੈ ਹੀਰੁ ਬਿਧਾਈਐ॥ (1321)

ਸੋਧਤ ਸੋਧਤ ਸੋਧਤ ਸੀਝਿਆ॥ (281)

ਅਭਿਮਾਨੁ ਖੋਇ ਖੋਇ ਖੋਇ ਖੋਈ ਹਉ ਮੋ ਕਉ ਸਤਿਗੁਰ ਮੰਤ੍ਰ ਦ੍ਰਿੜਾਏ॥ (820)

**ਪੁਨਰੋਕਤੀ ਅਲੰਕਾਰ:-** ਜਦੋਂ ਕਵੀ ਕਾਵਿ ਜਾਂ ਕਵਿਤਾ ਵਿਚ ਕਿਸੇ ਇਕ ਵਾਕੰਸ਼ ਜਾਂ ਸ਼ਬਦ-ਸਮੂਹ ਦਾ ਵਾਰ-ਵਾਰ ਦੁਹਰਾਓ ਕਰਦਾ ਹੈ ਤਾਂ ਉੱਥੇ ਪੁਨਰੋਕਤੀ ਅਲੰਕਾਰ ਹੁੰਦਾ ਹੈ। ਗੁਰਬਾਣੀ ਜਾਂ ਧਾਰਮਿਕ ਸਾਹਿਤ ਵਿਚ ਕਿਸੇ ਮਹੱਤਵਪੂਰਨ ਸੰਕਲਪ ਨੂੰ ਦ੍ਰਿੜ੍ਹ ਕਰਵਾਉਣ ਲਈ ਪੁਨਰੋਕਤੀ ਅਲੰਕਾਰ ਦਾ ਪ੍ਰਯੋਗ ਕੀਤਾ ਜਾਂਦਾ ਹੈ। ਪੁਨਰੋਕਤੀ ਅਲੰਕਾਰ ਦੀ ਸੁਚੱਜੀ ਵਰਤੋਂ ਦੁਆਰਾ ਬਿਰਤਾਂਤ ਵਿਚ ਇਕ ਤੀਬਰ ਗਤੀ ਦਾ ਆਗਮਨ ਵੀ ਹੋ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ 'ਸੁਖਮਨੀ ਸਾਹਿਬ' ਵਿਚ ਇਸ ਅਲੰਕਾਰ ਦੀ ਵਰਤੋਂ ਵਧੇਰੇ ਮਾਤਰਾ ਵਿਚ ਹੋਈ ਹੈ। ਜਿਵੇਂ:

ਪ੍ਰਭ ਕੈ ਸਿਮਰਨਿ ਗਰਭਿ ਨ ਬਸੈ॥

ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ॥

ਪ੍ਰਭ ਕੈ ਸਿਮਰਨਿ ਕਾਲੁ ਪਰਹਰੈ॥

ਪ੍ਰਭ ਕੈ ਸਿਮਰਨਿ ਦੁਸਮਨੁ ਟਰੈ॥ (262)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ 'ਪ੍ਰਭ ਕੈ ਸਿਮਰਨਿ' ਵਾਕੰਸ਼ ਜਾਂ ਸ਼ਬਦ-ਸਮੂਹ ਦਾ ਵਾਰ-ਵਾਰ ਦੁਹਰਾਓ ਕੀਤਾ ਹੈ। ਗੁਰਬਾਣੀ ਨਾਮ ਦੀ ਮਹਿਮਾ ਦਾ ਮਾਰਗ ਹੈ, ਕਿਉਂਕਿ ਸਮੁੱਚੀ ਬਾਣੀ ਮਨੁੱਖ ਨੂੰ ਜੀਵਨ ਵਿਚ ਪਰਮਾਤਮਾ ਦੇ ਨਾਮ ਦੀ ਮਹਿਮਾ ਜਾਂ ਸਿਮਰਨ ਕਰਨ ਲਈ ਅਤੇ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਦੀ ਹੈ। ਗੁਰੂ ਜੀ ਦੇ ਅਨੁਸਾਰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਨਾਲ ਜੀਵ ਜਾਂ ਮਨੁੱਖ ਜਨਮ-ਮਰਨ ਦੇ ਚੱਕਰ ਵਿਚ ਨਹੀਂ ਆਉਂਦਾ ਹੈ, ਉਸਦਾ ਸੰਸਾਰਿਕ ਦੁੱਖਾਂ ਅਤੇ ਜਮ ਦਾ ਡਰ ਦੂਰ ਹੋ ਜਾਂਦਾ ਹੈ, ਉਸ ਦਾ ਮੌਤ ਦਾ ਡਰ ਦੂਰ ਹੋ ਜਾਂਦਾ ਹੈ ਅਤੇ

ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਨਾਲ ਦੁਸ਼ਮਨ (ਪੰਜ ਵਿਕਾਰ) ਦੂਰ ਹੋ ਜਾਂਦੇ ਹਨ। ਇੱਥੇ ਗੁਰੂ ਜੀ ਨੇ 'ਪ੍ਰਭ ਕੈ ਸਿਮਰਨਿ' ਵਾਕੰਸ਼ ਜਾਂ ਸ਼ਬਦ-ਸਮੂਹ ਦਾ ਵਾਰ-ਵਾਰ ਦੁਹਰਾਓ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਲਈ ਅਤੇ ਪ੍ਰੇਰਿਤ ਕਰਨ ਲਈ ਕੀਤਾ ਹੈ। ਇੱਥੇ ਗੁਰੂ ਜੀ ਨੇ ਗਾਇਨ ਸ਼ੈਲੀ ਰਾਹੀਂ ਆਮ ਪਾਠਕਾਂ ਨੂੰ ਭਾਵ ਜਾਂ ਸੰਕਲਪ ਦਾ ਅਰਥ ਨਿਵੇਕਲੇ ਢੰਗ ਨਾਮ ਸਮਝਾਉਣ ਦਾ ਯਤਨ ਕੀਤਾ ਹੈ। ਪਮਨਰੋਕਤੀ ਅਲੰਕਾਰ ਨਾਲ ਸੰਬੰਧਿਤ ਹੇਠ ਲਿਖੀਆਂ ਉਦਾਹਰਨਾਂ ਨੂੰ ਵੀ ਘੋਖਿਆ ਜਾਂ ਵਿਚਾਰਿਆ ਜਾ ਸਕਦਾ ਹੈ:

ਜਿਹ ਪ੍ਰਸਾਦਿ ਸੁਨਹਿ ਕਰਨ ਨਾਦ॥

ਜਿਹ ਪ੍ਰਸਾਦਿ ਪੇਖਹਿ ਬਿਸਮਾਦ॥

ਜਿਹ ਪ੍ਰਸਾਦਿ ਬੋਲਹਿ ਅੰਮ੍ਰਿਤ ਰਸਨਾ॥

ਜਿਹ ਪ੍ਰਸਾਦਿ ਸੁਖਿ ਸਹਜੇ ਬਸਨਾ॥ (270)

ਕਈ ਕੋਟਿ ਖਾਣੀ ਅਰੁ ਖੰਡ॥

ਕਈ ਕੋਟਿ ਅਕਾਸ ਬ੍ਰਹਮੰਡ॥ (276)

ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ॥

ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ॥

ਸੰਤ ਕਾ ਦੋਖੀ ਸਦਾ ਸਹਕਾਈਐ॥

ਸੰਤ ਕਾ ਦੋਖੀ ਨ ਮਰੈ ਨ ਜੀਵਾਈਐ॥ (280)

**ਧੁਨੀ ਚਿੱਤਰ ਅਲੰਕਾਰ: -** ਜਦੋਂ ਕਵੀ ਕਵਿਤਾ ਜਾਂ ਕਾਵਿ ਵਿਚ ਕਿਸੇ ਸਥਿਤੀ, ਦ੍ਰਿਸ਼ ਜਾਂ ਘਟਨਾਂ ਨੂੰ ਬਿਆਨ ਜਾਂ ਵਰਨਣ ਕਰਨ ਲਈ ਸ਼ਬਦਾਂ ਦਾ ਸਹਾਰਾ ਲੈਂਦਾ ਹੈ, ਤਾਂ ਉੱਥੇ ਧੁਨੀ ਚਿੱਤਰ ਅਲੰਕਾਰ ਹੁੰਦਾ ਹੈ। ਇੱਥੇ ਕਵੀ ਸ਼ਬਦਾਂ ਦੇ ਰਾਹੀਂ ਹੀ ਕਿਸੇ ਦ੍ਰਿਸ਼ ਜਾਂ ਘਟਨਾ ਨੂੰ ਵਰਨਣ ਕਰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਵਿਚ ਧੁਨੀ ਜਾਂ ਸ਼ਬਦ ਚਿੱਤਰਾਂ ਦੀ ਵਰਤੋਂ ਕਿਸੇ ਭਾਵ ਜਾਂ ਸੰਕਲਪ ਦੇ ਅਰਥ ਨੂੰ ਸਰਲ, ਸਪੱਸ਼ਟ ਅਤੇ ਦ੍ਰਿੜ੍ਹ ਕਰਨ ਲਈ ਕੀਤੀ ਹੈ। ਜਿਵੇਂ:

ਅਨਦਿਨੁ ਸਿਮਰਹੁ ਤਾਸੁ ਕਉ ਜੋ ਅੰਤਿ ਸਹਾਈ ਹੋਇ॥

ਇਹਿ ਬਿਖਿਆ ਦਿਨ ਚਾਰਿ ਛਿਅ ਛਾਡਿ ਚਲਿਓ ਸਭੁ ਕੋਇ॥

ਕਾ ਕੋ ਮਾਤ ਪਿਤਾ ਸੁਤ ਧੀਆ॥ ਗ੍ਰਿਹ ਬਨਿਤਾ ਕਛੁ ਸੰਗਿ ਨ ਲੀਆ॥

ਐਸੀ ਸੰਚਿ ਜੁ ਬਿਸਨਤ ਨਾਹੀ॥ ਪਤਿ ਸੇਤੀ ਅਪੁਨੈ ਘਰਿ ਜਾਹੀ॥ (253)

ਓਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਜੀਵਨ ਦੀ ਨਾਸ਼ਮਾਨਤਾ ਦੇ ਦ੍ਰਿਸ਼ ਦਾ ਵਰਨਣ ਬਹੁਤ ਹੀ ਸੁੰਦਰ ਢੰਗ ਨਾਲ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਮਨੁੱਖ ਹਰ ਰੋਜ਼ ਦੇਖਦਾ ਹੈ ਕਿ ਉਸਦੇ ਆਸਿਉਂ-ਪਾਸਿਉਂ ਅਨੇਕ ਲੋਕ ਉੱਠ ਕੇ ਚਲੇ ਗਏ ਹਨ ਭਾਵ ਉਨ੍ਹਾਂ ਦੀ ਮੌਤ ਹੋ ਗਈ ਹੈ ਪਰੰਤੂ ਇਸਦੇ ਬਾਵਜੂਦ ਵੀ ਉਸਨੂੰ ਆਪਣੀ ਮੌਤ ਯਾਦ ਨਹੀਂ ਆਉਂਦੀ ਹੈ, ਕਿਉਂਕਿ ਉਹ ਇਸ ਝੂਠੀ ਆਸ ਵਿਚ ਬੈਠਾ ਹੈ ਕਿ ਸ਼ਾਇਦ ਉਸਨੇ ਹਮੇਸ਼ਾ ਜਿੰਦਾ ਰਹਿਣਾ ਹੈ ਅਤੇ ਮਰਨਾ ਨਹੀਂ ਹੈ। ਇੱਥੇ ਗੁਰੂ ਜੀ ਨੇ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿਨ੍ਹਾਂ ਨੂੰ ਸੁਣ ਕੇ ਪਾਠਕ ਦੀਆਂ ਅੱਖਾਂ ਦੇ ਸਾਹਮਣੇ ਜੀਵਨ ਦੀ ਨਾਸ਼ਮਾਨਤਾ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ। ਇੱਥੇ ਗੁਰੂ ਜੀ ਨੇ ਮਨੁੱਖ ਨੂੰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਅਤੇ ਨੇਕ ਕਰਨ ਕਰਨ ਲਈ ਪ੍ਰੇਰਿਤ ਕਰਨ ਲਈ ਧੁਨੀ ਚਿੱਤਰ ਅਲੰਕਾਰ ਦਾ ਸਹਾਰਾ ਲਿਆ ਹੈ।

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥

ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥

ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥

ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥ (133)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਹਾੜ ਮਹੀਨੇ ਦਾ ਚਿਤਰਣ ਕਰਦੇ ਹੋਏ ਦੱਸਦੇ ਹਨ ਕਿ ਹਾੜ ਦਾ ਮਹੀਨਾ ਤਿੱਖੀ ਧੁੱਪ ਅਤੇ ਤੇਜ਼ ਗਰਮੀ ਵਾਲਾ ਮਹੀਨਾ ਹੁੰਦਾ ਹੈ। ਇਹ ਮਹੀਨਾ ਉਨ੍ਹਾਂ ਅਭਾਗੀਆਂ ਜੀਵ ਰੂਪੀ ਇਸਤਰੀਆਂ ਨੂੰ ਤਪਾਉਂਦਾ ਹੈ, ਜਿਨ੍ਹਾਂ ਪਾਸ ਪਤੀ ਰੂਪੀ ਪਰਮਾਤਮਾ ਨਹੀਂ ਹੁੰਦਾ ਹੈ, ਜੋ ਵਿਛੋੜੇ ਅਤੇ ਗਰਮੀ ਦੇ ਦੋਹਰੇ ਸੇਕ ਵਿਚ ਤਪਦੀਆਂ ਹਨ। ਉਹ ਜੀਵ ਇਸ ਜਗਤ ਵਿਚ ਜਨਮ ਦੇਣ ਵਾਲੇ ਪਰਮਾਤਮਾ ਨੂੰ ਤਿਆਗ ਕੇ ਕਿਸੇ ਦੁਨਿਆਵੀ ਪੁਰਸ਼ ਤੋਂ ਸੁਖ ਦੀ ਝਾਕ ਰੱਖਦੇ ਹਨ। ਇੱਥੇ ਗੁਰੂ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਸਪੱਸ਼ਟ ਕਰਨ ਲਈ ਧੁਨੀ ਚਿਤਰ ਅਲੰਕਾਰ ਦਾ ਸਹਾਰਾ ਲਿਆ ਹੈ।

**ਵਕ੍ਰੋਕਤੀ ਅਲੰਕਾਰ: -** ਜਦੋਂ ਕਵਿਤਾ ਜਾਂ ਕਾਵਿ ਵਿਚ ਕਵੀ ਕਿਸੇ ਸਾਧਾਰਨ ਗੱਲ ਨੂੰ ਵਧਾ ਚੜ੍ਹਾ ਕੇ ਪ੍ਰਸਤੁਤ ਕਰਦਾ ਹੈ, ਤਾਂ ਉੱਥੇ ਵਕ੍ਰੋਕਤੀ ਅਲੰਕਾਰ ਹੁੰਦਾ ਹੈ। ਭਾਵ ਜਦੋਂ ਸਾਧਾਰਨ ਕਾਵਿ-ਕਥਨ ਨੂੰ ਚਮਤਕਾਰੀ ਬਣਾਉਣ ਲਈ ਕਵੀ ਆਪਣੇ ਕਾਵਿ-ਕਥਨ ਨੂੰ ਵਿੰਗੇ-ਟੇਢੇ ਭਾਵ ਨਾਲ ਜਾਂ ਵਧਾ-ਚੜ੍ਹਾ ਕੇ ਬਿਆਨ ਕਰਦਾ ਹੈ। ਜਿਵੇਂ:

ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥

ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥ (133)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਸੰਸਾਰਿਕ ਧਨ-ਦੌਲਤ ਦੀ ਤੁਲਨਾ ਵਿਸ਼ ਜਾਂ ਜ਼ਹਿਰ ਨਾਲ, ਸੁਆਹ ਦੀ ਢੇਰੀ ਨਾਲ ਅਤੇ ਪਰਮਾਤਮਾ ਦੇ ਨਾਮ ਦੀ ਤੁਲਨਾ ਅੰਮ੍ਰਿਤ-ਬੂੰਦ ਨਾਲ ਕੀਤੀ ਹੈ। ਗੁਰੂ ਜੀ ਦੇ ਅਨੁਸਾਰ ਜਿਹੜਾ ਵਿਅਕਤੀ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹੈ, ਉਸਨੂੰ ਇਸ ਗੱਲ

ਦਾ ਗਿਆਨ ਹੋ ਜਾਂਦਾ ਹੈ ਕਿ ਮਾਇਆ ਵਿਸ਼ ਦੀ ਤਰ੍ਹਾਂ ਹੈ ਅਤੇ ਇਸ ਨਾਲ ਪ੍ਰੇਮ ਕਰਨ ਦਾ ਕੋਈ ਲਾਭ ਨਹੀਂ ਹੈ। ਉਸਨੂੰ ਮਾਇਆ ਸੁਆਹ ਦੀ ਢੇਰੀ ਵਾਂਗ ਅਰਥਹੀਣ ਪ੍ਰਤੀਤ ਹੋਣ ਲੱਗਦੀ ਹੈ ਅਤੇ ਪਰਮਾਤਮਾ ਦਾ ਨਾਮ ਅੰਮ੍ਰਿਤ-ਬੂੰਦ ਦੀ ਤਰ੍ਹਾਂ ਲੱਗਦਾ ਹੈ ਜਿਸ ਦੀ ਪ੍ਰਾਪਤੀ ਕੇਵਲ ਸਾਧੂ-ਸੰਤਾਂ ਦੀ ਸੰਗਤ ਵਿਚੋਂ ਹੀ ਹੋ ਸਕਦੀ ਹੈ। ਇੱਥੇ ਗੁਰੂ ਜੀ ਨੇ ਸਾਧਾਰਨ ਭਾਵ ਜਾਂ ਸੰਕਲਪ ਨੂੰ ਸਰਲ, ਸਪੱਸ਼ਟ ਅਤੇ ਦ੍ਰਿੜ੍ਹ ਕਰਨ ਲਈ ਵਕ੍ਰੋਕਤੀ ਅਲੰਕਾਰ ਦੀ ਵਰਤੋਂ ਕੀਤੀ ਹੈ।

ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥

ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥ (133)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਜੀਵਨ ਦੀ ਅਟੱਲ ਸੱਚਾਈ ਮੌਤ ਦਾ ਵਰਨਣ ਕਰਦੇ ਹੋਏ ਦੱਸਦੇ ਹਨ ਕਿ ਇਹ ਸਰੀਰ ਜਿਤਨੀ ਦੇਰ ਤੱਕ ਹੈ, ਇਸ ਕੋਈ ਸਾਰਥਿਕਤਾ ਹੈ ਕਿਉਂਕਿ ਇਸ ਨਾਲ ਪਰਮਾਤਮਾ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ ਪਰ ਜਿਸ ਦਿਨ ਇਹ ਸਰੀਰ ਨਸ਼ਟ ਹੋ ਜਾਵੇਗਾ, ਹਰ ਕੋਈ ਇਸ ਸਰੀਰ ਨੂੰ ਭੂਤ-ਪ੍ਰੇਤ ਸਮਝ ਕੇ ਇਸ ਤੋਂ ਕਿਨਾਰਾ ਕਰਨ ਲੱਗ ਜਾਵੇਗਾ। ਉਸ ਸਮੇਂ ਜਮਦੂਤ ਜੀਵਾਤਮਾ ਨੂੰ ਪਕੜ ਕੇ ਅੱਗੇ ਲਾ ਲੈਣਗੇ ਅਤੇ ਕਿਸੇ ਨੂੰ ਵੀ ਕੁਝ ਪਤਾ ਨਹੀਂ ਲੱਗੇਗਾ। ਇੱਥੇ ਗੁਰੂ ਜੀ ਨੇ ਸਾਧਾਰਨ ਭਾਵ ਜਾਂ ਸੰਕਲਪ ਨੂੰ ਸਪੱਸ਼ਟ ਅਤੇ ਦ੍ਰਿੜ੍ਹ ਕਰਨ ਲਈ ਵਧਾ-ਚੜ੍ਹਾ ਕੇ ਬਿਆਨ ਕਰਨ ਦਾ ਉਪਰਾਲਾ ਕੀਤਾ ਹੈ।

**4.2. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਅਰਥ ਅਲੰਕਾਰਾਂ ਦੀ ਪੇਸ਼ਕਾਰੀ**:- ਜਦੋਂ ਕਵਿਤਾ ਵਿਚਲਾ ਚਮਤਕਾਰ ਸ਼ਬਦਾਂ ਦੇ ਅਰਥ ਉੱਤੇ ਆਧਾਰਿਤ ਹੋਵੇ, ਤਾਂ ਉੱਥੇ ਅਰਥ ਅਲੰਕਾਰ ਹੁੰਦਾ ਹੈ। ਵਿਦਵਾਨਾਂ ਨੇ ਅਰਥ ਅਲੰਕਾਰ ਦੇ ਅਨੇਕਾਂ ਭੇਦ ਬਣਾਏ ਹਨ:-

ਉਪਮਾ ਅਲੰਕਾਰ :- ਉਪਮਾ ਸ਼ਬਦ ਦਾ ਅਰਥ ਹੈ - ਸਮਾਨਤਾ। ਜਦੋਂ ਦੋ ਚੀਜਾਂ ਜਾਂ ਵਸਤਾਂ ਦੇ ਭਿੰਨ ਹੋਣ ਤੇ ਵੀ ਕਿਸੇ ਖਾਸ ਗੁਣ ਦੀ ਸਾਂਝ ਕਰਕੇ ਇਕ ਨੂੰ ਦੂਜੀ ਵਰਗੀ ਦੱਸਿਆ ਜਾਵੇ। ਜਿਵੇਂ :-

ਬ੍ਰਹਮ ਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ॥

ਬ੍ਰਹਮ ਗਿਆਨੀ ਸਦਾ ਨਿਰਦੋਖ॥ ਜੈਸੇ ਸੂਰੁ ਸਰਬ ਕਉ ਸੋਖ॥

ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥ ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥ (272)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਗਿਆਨੀ ਦੀ ਹੋਂਦ / ਵਿਅਕਤੀਤਵ ਉਸਾਰਨ ਲਈ ਕਮਾਲ ਦੀ ਜੁਗਤ ਦੀ ਵਰਤੋਂ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ। ਗੁਰੂ ਜੀ ਨੇ ਉਪਰੋਕਤ ਕਾਵਿ-ਸਤਰਾਂ ਰਾਹੀਂ ਬ੍ਰਹਮ ਗਿਆਨੀ ਦੀ ਕਮਲ ਦੇ ਫੁੱਲ ਅਤੇ ਸੂਰਜ ਦੇ ਨਾਲ ਆਪਸ ਵਿਚ ਪਾਏ ਜਾਣ ਵਾਲੇ ਸਾਂਝੇ ਗੁਣਾਂ ਕਰਕੇ ਸਮਾਨਤਾ ਨੂੰ ਨਿਵੇਕਲੇ ਜਾਂ ਵਿਲੱਖਣ ਢੰਗ ਨਾਲ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਜਿਸ ਪ੍ਰਕਾਰ ਕਮਲ ਦਾ ਫੁੱਲ ਗੰਦੇ ਪਾਣੀ ਵਿਚ ਰਹਿ ਕੇ ਵੀ ਉਸ ਤੋਂ ਅਭਿੱਜ ਜਾਂ ਦੂਰ ਰਹਿੰਦਾ ਹੈ, ਠੀਕ ਉਸੇ ਤਰ੍ਹਾਂ ਹੀ ਬ੍ਰਹਮ ਗਿਆਨੀ ਵੀ ਇਸ ਸੰਸਾਰ ਵਿਚ ਜੀਵਨ ਬਤੀਤ ਕਰਦੇ ਸਮੇਂ ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਤੋਂ ਦੂਰ ਰਹਿੰਦਾ ਹੈ। ਗੁਰੂ ਜੀ ਦੱਸਦੇ ਹਨ ਕਿ ਜਿਸ ਪ੍ਰਕਾਰ ਸੂਰਜ ਧਰਤੀ ਉੱਤੇ ਸਾਰਿਆ ਨੂੰ ਇਕ ਸਮਾਨ ਰੋਸ਼ਨੀ ਦਿੰਦਾ ਹੈ, ਠੀਕ ਉਸੇ ਤਰ੍ਹਾਂ ਹੀ ਬ੍ਰਹਮ ਗਿਆਨੀ ਵੀ ਇਸ ਸੰਸਾਰ ਵਿਚ ਸਭ ਜੀਵਾਂ ਨਾਲ ਸਮਾਨ ਵਿਵਹਾਰ ਕਰਦਾ ਹੈ ਅਤੇ ਉਸ ਦਾ ਕਿਸੇ ਨਾਲ ਕਿਸੇ ਵੀ ਪ੍ਰਕਾਰ ਦਾ ਕੋਈ ਵੀ ਵੈਰ ਨਹੀਂ ਕਰਦਾ ਹੈ। ਉਪਮਾ ਅਲੰਕਾਰ ਦੇ ਚਾਰ ਅੰਗ ਹੁੰਦੇ ਹਨ :-

ਉਪਮੇਯ :- ਜਿਸ ਵਸਤੂ ਦੀ ਤੁਲਨਾ ਕੀਤੀ ਜਾਵੇ। ਜਿਵੇ :- ਬ੍ਰਹਮ ਗਿਆਨੀ

ਉਪਮਾਨ :- ਜਿਸ ਵਸਤੂ ਨਾਲ ਤੁਲਨਾ ਕੀਤੀ ਜਾਵੇ। ਜਿਵੇਂ :- ਕਮਲ ਦਾ ਫੁੱਲ, ਸੂਰਜ, ਰਾਜਾ

ਸਾਂਝਾ ਗੁਣ :- ਉਹ ਗੁਣ ਜੋ ਦੋਹਾਂ ਵਸਤੂਆਂ ਵਿਚ ਇਕੋ ਜਿਹਾ ਸਾਂਝਾ ਹੋਵੇ। ਜਿਵੇ :- ਨਿਰਲੇਪ, ਨਿਰਦੋਖ, ਦ੍ਰਿਸਟਿ ਸਮਾਨਿ

ਵਾਚਕ ਸ਼ਬਦ :- ਜਿਸ ਸ਼ਬਦ ਦੀ ਵਰਤੋਂ ਤੁਲਨਾ ਕਰਨ ਲਈ ਕੀਤੀ ਜਾਂਦੀ ਹੈ। ਜਿਵੇਂ :- ਜੈਸੇ

ਜਜਾ ਜਾਨੈ ਹਉ ਕਛੁ ਹੂਆ॥

ਬਾਧਿਓ ਜਿਉ ਨਲਿਨੀ ਭਰਮਿ ਸੂਆ॥

...................................

ਜਉ ਜਾਨੈ ਮੈ ਕਥਨੀ ਕਰਤਾ॥

ਬਿਆਪਾਰੀ ਬਸੁਧਾ ਜਿਉ ਫਿਰਤਾ॥ (255)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਅਭਿਮਾਨੀ ਪੁਰਸ਼ ਦੀ ਤੁਲਨਾ ਕ੍ਰਮਵਾਰ ਤੋਤੇ ਦੇ ਨਾਲ ਅਤੇ ਵਪਾਰੀ ਦੇ ਨਾਲ ਕੀਤੀ ਹੈ। ਗੁਰੂ ਜੀ ਦੇ ਅਨੁਸਾਰ ਜਿਵੇਂ ਇਕ ਸ਼ਿਕਾਰੀ ਬਹੁਤ ਹੀ ਆਸਾਨੀ ਨਾਲ ਆਪਣੀ ਤਕਨੀਕ ਦੀ ਵਰਤੋਂ ਕਰਕੇ ਚਲਾਕ ਤੋਤੇ ਨੂੰ ਵੀ ਪਕੜ ਲੈਂਦਾ ਹੈ, ਠੀਕ ਉਸੇ ਤਰ੍ਹਾਂ ਅਭਿਮਾਨੀ ਵਿਅਕਤੀ ਨੂੰ ਇਕ ਦਿਨ ਜਮਦੂਤਾਂ ਨੇ ਪਕੜ ਹੀ ਲੈਣਾ ਹੈ ਭਾਵ ਇਸ ਮਿੱਟੀ ਦੇ ਸਮਾਨ ਸਰੀਰ ਨੇ ਇਕ ਦਿਨ ਮਿੱਟੀ ਵਿਚ ਹੀ ਮਿਲ ਜਾਣਾ ਹੈ। ਅੱਗੇ ਗੁਰੂ ਜੀ ਦੱਸਦੇ ਹਨ ਕਿ ਜਿਵੇਂ ਇਕ ਵਪਾਰੀ ਆਪਣੇ ਸਮਾਨ ਨੂੰ ਵੇਚਣ ਲਈ ਥਾਂ-ਥਾਂ ਭਟਕਦਾ ਫਿਰਦਾ ਹੈ ਪਰ ਆਪ ਉਨ੍ਹਾਂ ਚੀਜ਼ਾਂ ਦਾ ਸੁਖ ਨਹੀਂ ਮਾਣ ਸਕਦਾ, ਠੀਕ ਉਸੇ ਤਰ੍ਹਾਂ ਅਭਿਮਾਨੀ ਵਿਅਕਤੀ ਇਸ ਸੰਸਾਰ ਵਿਚ ਬਹੁਤ ਉਪਦੇਸ਼ ਦਿੰਦਾ ਹੈ ਪਰ ਆਪਣੀ ਹਉਮੈ ਨੂੰ ਨਹੀਂ ਮਾਰਦਾ ਹੈ। ਉਪਰੋਕਤ ਕਾਵਿ-ਸਤਰਾਂ ਰਾਹੀਂ ਗੁਰੂ ਜੀ ਨੇ ਸਾਨੂੰ ਇਹ ਸਮਝਾਉਣ ਦਾ ਯਤਨ ਕੀਤਾ ਹੈ ਕਿ ਜਿਸ ਵੀ ਵਿਅਕਤੀ ਨੇ ਸਾਧਸੰਗਤ ਵਿਚ ਬੈਠ ਕੇ ਆਪਣੀ ਹਉਮੈ ਨੂੰ ਮਾਰ ਲਿਆ ਹੈ, ਕੇਵਲ ਉਸੇ ਵਿਅਕਤੀ ਨੂੰ ਹੀ ਪਰਮਾਤਮਾ ਦੀ ਪ੍ਰਾਪਤੀ ਹੋ ਸਕਦੀ ਹੈ। ਉਪਮਾ ਅਲੰਕਾਰ ਦੇ ਚਾਰ ਅੰਗ ਹੁੰਦੇ ਹਨ :-

ਉਪਮੇਯ :- ਜਿਸ ਵਸਤੂ ਦੀ ਤੁਲਨਾ ਕੀਤੀ ਜਾਵੇ। ਜਿਵੇ :- ਅਭਿਮਾਨੀ ਪੁਰਸ਼

ਉਪਮਾਨ :- ਜਿਸ ਵਸਤੂ ਨਾਲ ਤੁਲਨਾ ਕੀਤੀ ਜਾਵੇ। ਜਿਵੇਂ :- ਤੋਤਾ, ਵਪਾਰੀ

ਸਾਂਝਾ ਗੁਣ :- ਉਹ ਗੁਣ ਜੋ ਦੋਹਾਂ ਵਸਤੂਆਂ ਵਿਚ ਇਕੋ ਜਿਹਾ ਸਾਂਝਾ ਹੋਵੇ। ਜਿਵੇ :- ਹਉਮੈ

ਵਾਚਕ ਸ਼ਬਦ :- ਜਿਸ ਸ਼ਬਦ ਦੀ ਵਰਤੋਂ ਤੁਲਨਾ ਕਰਨ ਲਈ ਕੀਤੀ ਜਾਂਦੀ ਹੈ। ਜਿਵੇਂ :- ਜਿਉ

ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ॥ (133)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਨੇ ਉਸ ਪ੍ਰਭੂ ਜਾਂ ਪਰਮਾਤਮਾ ਤੋਂ ਵਿਛੜੇ ਜੀਵ ਦੇ ਦੁਖੀ ਹਿਰਦੇ ਦੀ ਤੁਲਨਾ ਅੱਗ ਨਾਲ ਤਪਦੇ ਭੱਠੇ ਨਾਲ ਕੀਤੀ ਹੈ। ਇੱਥੇ ਗੁਰੂ ਜੀ ਨੇ ਆਮ ਲੋਕਾਂ ਨੂੰ ਪਰਮਾਤਮਾ ਦੇ ਨਾਮ-ਸਿਮਰਨ ਦੀ ਮਹਿਮਾ ਨੂੰ ਸਮਝਾਉਣ ਲਈ ਅਜਿਹੀ ਤੁਲਨਾ ਕੀਤੀ ਹੈ।

ਉਪਮੇਯ :- ਜਿਸ ਵਸਤੂ ਦੀ ਤੁਲਨਾ ਕੀਤੀ ਜਾਵੇ। ਜਿਵੇ :- ਦੁਖੀ ਹਿਰਦਾ

ਉਪਮਾਨ :- ਜਿਸ ਵਸਤੂ ਨਾਲ ਤੁਲਨਾ ਕੀਤੀ ਜਾਵੇ। ਜਿਵੇਂ :- ਭੱਠਾ

ਸਾਂਝਾ ਗੁਣ :- ਉਹ ਗੁਣ ਜੋ ਦੋਹਾਂ ਵਸਤੂਆਂ ਵਿਚ ਇਕੋ ਜਿਹਾ ਸਾਂਝਾ ਹੋਵੇ। ਜਿਵੇ :- ਤਪਦਾ

ਵਾਚਕ ਸ਼ਬਦ :- ਜਿਸ ਸ਼ਬਦ ਦੀ ਵਰਤੋਂ ਤੁਲਨਾ ਕਰਨ ਲਈ ਕੀਤੀ ਜਾਂਦੀ ਹੈ। ਜਿਵੇਂ :- ਸੇ

ਮਾਇਆ ਰੰਗ ਬਿਰੰਗ ਖਿਨੈ ਮਾਹਿ ਜਿਉ ਬਾਦਰ ਕੀ ਛਾਇਆ। (1003)

ਉਪਮੇਯ :- ਜਿਸ ਵਸਤੂ ਦੀ ਤੁਲਨਾ ਕੀਤੀ ਜਾਵੇ। ਜਿਵੇ :- ਮਾਇਆ (ਸੰਸਾਰਿਕ ਧਨ-ਦੌਲਤ)

ਉਪਮਾਨ :- ਜਿਸ ਵਸਤੂ ਨਾਲ ਤੁਲਨਾ ਕੀਤੀ ਜਾਵੇ। ਜਿਵੇਂ :- ਬਾਂਦਰ

ਸਾਂਝਾ ਗੁਣ :- ਉਹ ਗੁਣ ਜੋ ਦੋਹਾਂ ਵਸਤੂਆਂ ਵਿਚ ਇਕੋ ਜਿਹਾ ਸਾਂਝਾ ਹੋਵੇ। ਜਿਵੇ :- ਅਸਥਿਰਤਾ (ਇਕ ਜਗ੍ਹਾਂ ਟਿਕ ਕੇ ਨਾ ਰਹਿਣਾ)

ਵਾਚਕ ਸ਼ਬਦ :- ਜਿਸ ਸ਼ਬਦ ਦੀ ਵਰਤੋਂ ਤੁਲਨਾ ਕਰਨ ਲਈ ਕੀਤੀ ਜਾਂਦੀ ਹੈ। ਜਿਵੇਂ :- ਜਿਉਂ

ਜਿਉ ਮਛਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥

ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥ (708)

ਉਪਮੇਯ :- ਜਿਸ ਵਸਤੂ ਦੀ ਤੁਲਨਾ ਕੀਤੀ ਜਾਵੇ। ਜਿਵੇ :- ਮਛਲੀ

ਉਪਮਾਨ :- ਜਿਸ ਵਸਤੂ ਨਾਲ ਤੁਲਨਾ ਕੀਤੀ ਜਾਵੇ। ਜਿਵੇਂ :- ਚਾਤ੍ਰਿਕ (ਪਪੀਹਾ), ਜਿਗਿਆਸੂ

ਸਾਂਝਾ ਗੁਣ :- ਉਹ ਗੁਣ ਜੋ ਦੋਹਾਂ ਵਸਤੂਆਂ ਵਿਚ ਇਕੋ ਜਿਹਾ ਸਾਂਝਾ ਹੋਵੇ। ਜਿਵੇ :- ਅੰਮ੍ਰਿਤ ਬੂੰਦ (ਪਰਮਾਤਮਾ ਦਾ ਨਾਮ)

ਵਾਚਕ ਸ਼ਬਦ :- ਜਿਸ ਸ਼ਬਦ ਦੀ ਵਰਤੋਂ ਤੁਲਨਾ ਕਰਨ ਲਈ ਕੀਤੀ ਜਾਂਦੀ ਹੈ। ਜਿਵੇਂ :- ਜਿਉ

ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹ ਪਰਗ੍ਰਿਹ॥ (403)

ਉਪਮੇਯ :- ਜਿਸ ਵਸਤੂ ਦੀ ਤੁਲਨਾ ਕੀਤੀ ਜਾਵੇ। ਜਿਵੇ :- ਪਰ-ਨਾਰੀ

ਉਪਮਾਨ :- ਜਿਸ ਵਸਤੂ ਨਾਲ ਤੁਲਨਾ ਕੀਤੀ ਜਾਵੇ। ਜਿਵੇਂ :- ਸਰਪ-ਸੰਗ

ਸਾਂਝਾ ਗੁਣ :- ਉਹ ਗੁਣ ਜੋ ਦੋਹਾਂ ਵਸਤੂਆਂ ਵਿਚ ਇਕੋ ਜਿਹਾ ਸਾਂਝਾ ਹੋਵੇ। ਜਿਵੇ :- ਮਾਰੂ ਪ੍ਰਭਾਵ

ਵਾਚਕ ਸ਼ਬਦ :- ਜਿਸ ਸ਼ਬਦ ਦੀ ਵਰਤੋਂ ਤੁਲਨਾ ਕਰਨ ਲਈ ਕੀਤੀ ਜਾਂਦੀ ਹੈ। ਜਿਵੇਂ :- ਜੈਸਾ

ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦਰਮਾ॥ (1099)

ਉਪਮੇਯ :- ਜਿਸ ਵਸਤੂ ਦੀ ਤੁਲਨਾ ਕੀਤੀ ਜਾਵੇ। ਜਿਵੇ :- ਬ੍ਰਹਮ ਜੋਤਿ

ਉਪਮਾਨ :- ਜਿਸ ਵਸਤੂ ਨਾਲ ਤੁਲਨਾ ਕੀਤੀ ਜਾਵੇ। ਜਿਵੇਂ :- ਜਲ ਦੇ ਘੜੇ ਵਿਚ ਚੰਦਰਮਾ ਦਾ ਪ੍ਰਤਿਬਿੰਬ

ਸਾਂਝਾ ਗੁਣ :- ਉਹ ਗੁਣ ਜੋ ਦੋਹਾਂ ਵਸਤੂਆਂ ਵਿਚ ਇਕੋ ਜਿਹਾ ਸਾਂਝਾ ਹੋਵੇ। ਜਿਵੇ :- ਸਮਾਣਾ

ਵਾਚਕ ਸ਼ਬਦ :- ਜਿਸ ਸ਼ਬਦ ਦੀ ਵਰਤੋਂ ਤੁਲਨਾ ਕਰਨ ਲਈ ਕੀਤੀ ਜਾਂਦੀ ਹੈ। ਜਿਵੇਂ :- ਜਿਉ

ਜਿਉ ਬਾਰਿਕੁ ਪੀ ਖੀਰੁ ਅਘਾਵੈ॥ ਜਿਉ ਨਿਰਧਨ ਧਨੁ ਦੇਖਿ ਸੁਖ ਪਾਵੈ॥

ਤ੍ਰਿਖਾਵੰਤ ਜਲੁ ਪੀਵਤ ਠੰਡਾ ਤਿਉ ਹਰਿ ਸੰਗ ਇਹੁ ਮਨੁ ਭੀਨਾ ਜੀਉ॥ (100)

ਉਪਮੇਯ :- ਜਿਸ ਵਸਤੂ ਦੀ ਤੁਲਨਾ ਕੀਤੀ ਜਾਵੇ। ਜਿਵੇ :- ਖੀਰ, ਠੰਡਾ ਪਾਣੀ

ਉਪਮਾਨ :- ਜਿਸ ਵਸਤੂ ਨਾਲ ਤੁਲਨਾ ਕੀਤੀ ਜਾਵੇ। ਜਿਵੇਂ :- ਧਨ-ਦੌਲਤ, ਸਾਧੂ-ਸੰਤਾਂ ਦੀ ਸੰਗਤ

ਸਾਂਝਾ ਗੁਣ :- ਉਹ ਗੁਣ ਜੋ ਦੋਹਾਂ ਵਸਤੂਆਂ ਵਿਚ ਇਕੋ ਜਿਹਾ ਸਾਂਝਾ ਹੋਵੇ। ਜਿਵੇ :- ਖੁਸ਼ੀ, ਸੁਖ ਦੀ ਪ੍ਰਾਪਤੀ

ਵਾਚਕ ਸ਼ਬਦ :- ਜਿਸ ਸ਼ਬਦ ਦੀ ਵਰਤੋਂ ਤੁਲਨਾ ਕਰਨ ਲਈ ਕੀਤੀ ਜਾਂਦੀ ਹੈ। ਜਿਵੇਂ :- ਜਿਉ

**ਰੂਪਕ ਅਲੰਕਾਰ :-** ਰੂਪਕ ਸ਼ਬਦ ਦਾ ਅਰਥ ਹੈ **-** ਰੂਪ ਧਾਰਨ ਕਰਨਾ। ਜਦੋਂ ਕਵੀ ਉਪਮੇਯ (ਜਿਸ ਵਸਤੂ ਦੀ ਤੁਲਨਾ ਕੀਤੀ ਜਾਵੇ) ਤੇ ਉਪਮਾਨ (ਜਿਸ ਵਸਤੂ ਨਾਲ ਤੁਲਨਾ ਕੀਤੀ ਜਾਵੇ) ਨੂੰ ਇਕ ਰੂਪ ਦਿੰਦਾ ਹੈ, ਤਾਂ ਉੱਥੇ ਰੂਪਕ ਅਲੰਕਾਰ ਦੀ ਸਿਰਜਣਾ ਹੁੰਦੀ ਹੈ। ਜਿਵੇਂ **:-**

ਨਾਮ ਖੇਤੀ ਬੀਜਹੁ ਭਾਈ ਮੀਤੁ॥

ਸਉਦਾ ਕਰਹੁ ਗੁਰੁ ਸੇਵਹੁ ਨੀਤੁ॥ (430)

ਓਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਨਾਮ ਸਿਮਰਨ ਅਤੇ ਖੇਤੀ ਦੇ ਕਰਨ ਦੇ ਕੰਮ ਵਿਚ ਅਭੇਦਤਾ ਸਥਾਪਿਤ ਕੀਤੀ ਹੈ, ਜੋ ਕਿ ਰੂਪਕ ਅਲੰਕਾਰ ਨਾਲ ਸੰਬੰਧਿਤ ਹੈ। ਗੁਰੂ ਜੀ ਦੇ ਅਨੁਸਾਰ ਅਸੀਂ ਜਿਸ ਤਰ੍ਹਾਂ ਦਾ ਬੀਜ ਬੀਜਾਂਗੇ, ਠੀਕ ਉਸੇ ਤਰ੍ਹਾਂ ਦੀ ਹੀ ਫਸਲ ਪ੍ਰਾਪਤ ਕਰਾਂਗੇ। ਠੀਕ ਉਸੇ ਤਰ੍ਹਾਂ ਅਸੀਂ ਜਿਨ੍ਹਾਂ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਾਂਗੇ, ਉਨ੍ਹਾਂ ਹੀ ਅਸੀਂ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਤੋਂ ਮੁਕਤ ਰਹਿ ਕੇ ਮਾਨਵਤਾ ਦੀ ਭਲਾਈ ਲਈ ਉਪਰਾਲੇ ਜਾਂ ਯਤਨ ਕਰਾਂਗੇ।

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥

ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ॥

ਗੁਰਦੇਵ ਦਾਤਾ ਹਰਿ ਨਾਮੁ ਉਪਦੇਸੈ ਗੁਰਦੇਵ ਮੰਤੁ ਨਿਰੋਧਰਾ॥

ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ ਗੁਰਦੇਵ ਪਾਰਸ ਪਰਸ ਪਰਾ॥

ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ ਗੁਰ ਗਿਆਨ ਮਜਨੁ ਅਪਰੰਪਰਾ॥ (250)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਗੁਰੂ ਦੇ ਮਹੱਤਵ ਨੂੰ ਦ੍ਰਿੜ੍ਹ ਕਰਵਾਉਂਦੇ ਹੋਏ ਦੱਸਦੇ ਹਨ ਕਿ ਗੁਰੂ ਮਾਤਾ ਹੈ, ਗੁਰੂ ਪਿਤਾ ਹੈ, ਗੁਰੂ ਸੁਆਮੀ ਜਾਂ ਪਾਲਣਹਾਰ ਹੈ, ਗੁਰੂ ਮਿੱਤਰ ਹੈ ਅਤੇ ਗੁਰੂ ਭਰਾ ਹੈ। ਗੁਰੂ ਸਾਨੂੰ ਦਾਤਾਂ ਦੇਣ ਵਾਲਾ ਹੈ, ਗੁਰੂ ਪਰਮਾਤਮਾ ਦੇ ਨਾਮ-ਸਿਮਰਨ ਦਾ ਉਪਦੇਸ਼ ਦਿੰਦਾ ਹੈ ਅਤੇ ਗੁਰੂ ਸਾਨੂੰ ਅਸ਼ੁਭ ਮੰਤਰਾਂ ਦੇ ਅਸਰ ਤੋਂ ਬਚਾ ਕੇ ਰੱਖਦਾ ਹੈ। ਗੁਰੂ ਸ਼ਾਂਤੀ-ਸਰੂਪ ਹੈ, ਸੱਚਾ ਹੈ, ਬੁਧੀਮਾਨ ਹੈ ਅਤੇ ਇਕ ਅਜਿਹਾ ਪਾਰਸ ਹੈ ਜੋ ਆਪਣੀ ਇਕ ਛੋਹ ਨਾਲ ਦੂਜਿਆਂ ਨੂੰ ਵੀ ਪਾਰਸ ਬਣਾ ਦਿੰਦਾ ਹੈ। ਗੁਰੂ ਪਵਿੱਤਰ ਤੀਰਥ ਹੈ, ਅੰਮ੍ਰਿਤ ਨਾਲ ਭਰਪੂਰ ਸਰੋਵਰ ਹੈ ਜਿਸ ਦੇ ਗਿਆਨ ਵਿਚ ਇਸ਼ਨਾਨ ਕਰਨ ਨਾਲ ਲੋਕ-ਪਰਲੋਕ ਦੀ ਸੋਝੀ ਪ੍ਰਾਪਤ ਹੋ ਜਾਂਦੀ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਗੁਰੂ ਅਤੇ ਮਾਤਾ, ਪਿਤਾ, ਸੁਆਮੀ, ਮਿੱਤਰ, ਭਰਾ, ਪਾਰਸ, ਪਵਿੱਤਰ ਤੀਰਥ, ਅੰਮ੍ਰਿਤ ਸਰੋਵਰ ਵਿਚ ਅਭੇਦਤਾ ਸਥਾਪਿਤ ਕੀਤੀ ਹੈ, ਜੋ ਕਿ ਰੂਪਕ ਅਲੰਕਾਰ ਨਾਲ ਸੰਬੰਧਿਤ ਹੈ।

ਪਾਰਜਾਤੁ ਇਹ ਹਰਿ ਕੋ ਨਾਮ॥

ਕਾਮਧੇਨ ਹਰਿ ਹਰਿ ਗੁਣ ਗਾਮ॥ (264)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਦੇ ਨਾਮ-ਸਿਮਰਨ ਦੇ ਮਹੱਤਵ ਨੂੰ ਦ੍ਰਿੜ੍ਹ ਕਰਵਾਉਂਦੇ ਹੋਏ ਦੱਸਦੇ ਹਨ ਕਿ ਪਰਮਾਤਮਾ ਦਾ ਨਾਮ ਮਨੋਕਾਮਨਾਵਾਂ ਪੂਰੀਆਂ ਕਰਨ ਵਾਲੇ ਰੁੱਖ ਅਤੇ ਮਨੋਕਾਮਨਾਵਾਂ ਪੂਰੀਆਂ ਕਰਨ ਵਾਲੀ ਸੁਰਗ-ਲੋਕ ਦੀ ਗਾਂ ਦੇ ਸਮਾਨ ਹੈ ਕਿਉਂਕਿ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਨਾਲ ਸੰਸਾਰਿਕ ਜੀਵਨ ਦੇ ਦੁੱਖ ਖਤਮ ਹੋ ਜਾਂਦੇ ਹਨ ਅਤੇ ਮਾਨਸਿਕ ਸੁਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਨਾਮ-ਸਿਮਰਨ ਅਤੇ ਮਨੋਕਾਮਨਾਵਾਂ ਪੂਰੀਆਂ

ਕਰਨ ਵਾਲੇ ਰੁੱਖ ਅਤੇ ਮਨੋਕਾਮਨਾਵਾਂ ਪੂਰੀਆਂ ਕਰਨ ਵਾਲੀ ਸੁਰਗ-ਲੋਕ ਦੀ ਗਾਂ ਦੇ ਵਿਚਕਾਰ ਅਭੇਦਤਾ ਸਥਾਪਿਤ ਕੀਤੀ ਹੈ, ਜੋ ਕਿ ਰੂਪਕ ਅਲੰਕਾਰ ਨਾਲ ਸੰਬੰਧਿਤ ਹੈ।

ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥ (133)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਦੇ ਨਾਮ ਦੇ ਮਹੱਤਵ ਨੂੰ ਦ੍ਰਿੜ੍ਹ ਕਰਵਾਉਂਦੇ ਹੋਏ ਦੱਸਦੇ ਹਨ ਕਿ ਪਰਮਾਤਮਾ ਦਾ ਨਾਮ ਬਹੁਮੁੱਲੇ ਜਾਂ ਕੀਮਤੀ ਮਾਣਕ-ਮੋਤੀਆਂ ਜੇਹਾ ਹੈ, ਜਿਸ ਨੂੰ ਕੋਈ ਵੀ ਚੋਰ ਆਦਿ ਚੁਰਾ ਨਹੀਂ ਸਕਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਨਾਮ ਅਤੇ ਕੀਮਤੀ ਜਾਂ ਅਨਮੋਲ ਮਾਣਕ-ਮੋਤੀਆਂ ਦੇ ਵਿਚਕਾਰ ਅਭੇਦਤਾ ਸਥਾਪਿਤ ਕੀਤੀ ਹੈ, ਜੋ ਕਿ ਰੂਪਕ ਅਲੰਕਾਰ ਨਾਲ ਸੰਬੰਧਿਤ ਹੈ।

ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰ॥ (133)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਨਾਮ ਅਤੇ ਅੰਮ੍ਰਿਤ-ਬੂੰਦ ਵਿਚ ਅਭੇਦਤਾ ਪ੍ਰਸਤੁਤ ਕੀਤੀ ਹੈ। ਗੁਰੂ ਜੀ ਦੇ ਅਨੁਸਾਰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਨਾਲ ਪੰਜ ਵਿਕਾਰਾਂ ਤੋਂ ਮੁਕਤੀ ਮਿਲ ਜਾਦੀਂ ਹੈ, ਤਨ ਅਤੇ ਮਨ ਉਸ ਪਰਮਾਤਮਾ ਦੇ ਪ੍ਰੇਮ ਵਿਚ ਰੰਗਿਆ ਰਹਿੰਦਾ ਹੈ, ਧਨ-ਦੌਲਤ ਸੁਆਹ ਦੀ ਢੇਰੀ ਵਾਂਗ ਅਰਥਹੀਣ ਪ੍ਰਤੀਤ ਹੋਣ ਲੱਗਦੀ ਹੈ। ਗੁਰੂ ਜੀ ਦੇ ਅਨੁਸਾਰ ਪਰਮਾਤਮਾ ਦੇ ਨਾਮ ਦੀ ਅੰਮ੍ਰਿਤ-ਬੂੰਦ ਕੇਵਲ ਸਾਧੂ-ਸੰਤਾਂ ਦੀ ਸੰਗਤ ਵਿਚੋਂ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਲਾਲ ਗੁਪਾਲ ਗੋਬਿੰਦ ਪ੍ਰਭ ਗਹਿਰ ਗੰਭੀਰ ਅਥਾਹ॥ (252)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਅਤੇ ਸਮੁੰਦਰ ਵਿਚਲੀ ਅਭੇਦਤਾ ਨੂੰ ਨਿਵੇਕਲੇ ਢੰਗ ਨਾਲ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਪਰਮਾਤਮਾ ਸਭ ਦਾ ਪਿਆਰਾ ਹੈ, ਸੰਸਾਰ ਦੀ ਪਾਲਕ ਅਤੇ ਰੱਖਿਅਕ ਹੈ, ਸਭ ਦੀ ਜਾਣਨ ਵਾਲਾ ਹੈ, ਵੱਡੇ ਜਿਗਰੇ ਵਾਲਾ ਇਕ ਐਸਾ ਸਮੁੰਦਰ ਹੈ, ਜਿਸ ਦਾ ਕੋਈ ਅੰਤ ਨਹੀਂ ਹੈ ਅਤੇ ਜਿਸ ਦਾ ਕੋਈ ਭੇਦ ਨਹੀਂ ਪਾਇਆ ਜਾ ਸਕਦਾ ਹੈ।

ਇੱਥੇ ਗੁਰੂ ਜੀ ਨੇ ਪਰਮਾਤਮਾ ਅਤੇ ਸਮੁੰਦਰ ਵਿਚਲੀ ਅਭੇਦਤਾ ਨੂੰ ਨਿਵੇਕਲੇ ਜਾਂ ਵਿਲੱਖਣ ਢੰਗ ਨਾਲ ਪ੍ਰਸਤੁਤ ਕਰਨ ਲਈ ਰੂਪਕ ਅਲੰਕਾਰ ਦੀ ਵਰਤੋਂ ਕੀਤੀ ਹੈ।

**ਦ੍ਰਿਸ਼ਟਾਂਤ ਅਲੰਕਾਰ :-** ਦ੍ਰਿਸ਼ਟਾਂਤ ਸ਼ਬਦ ਦਾ ਅਰਥ ਹੈ **-** ੳਦਾਹਰਣ ਜਾਂ ਮਿਸਾਲ। ਜਿੱਥੇ ਕਿਸੇ ਗੱਲ ਜਾਂ ਪ੍ਰਸੰਗ ਦਾ ਪੂਰਾ ਗਿਆਨ ਕਰਾਉਣ ਲਈ ਉਸ ਨੂੰ ਉਹੋ ਜਿਹੀ ਕਿਸੇ ਹੋਰ ਗੱਲ ਦੀ ਮਿਸਾਲ ਜਾਂ ਉਦਾਹਰਣ ਦੇ ਕੇ ਸਪੱਸ਼ਟ ਕੀਤਾ ਜਾਵੇ ਤਾਂ ਉੱਥੇ ਦ੍ਰਿਸ਼ਟਾਂਤ ਅਲੰਕਾਰ ਹੁੰਦਾ ਹੈ। ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਜੀਵਨ ਦੇ ਕਿਸੇ ਰਹੱਸ ਨੂੰ ਉਜਾਗਰ ਕਰਨ ਲਈ ਜਾਂ ਕਿਸੇ ਅਣਗੌਲੀ ਸੱਚਾਈ ਨੂੰ ਪ੍ਰਕਾਸ਼ ਵਿਚ ਲਿਆਉਣ ਵਾਸਤੇ ਗੁਰੂ ਜੀ ਨੇ ਦ੍ਰਿਸ਼ਟਾਂਤ ਅਲੰਕਾਰ ਦਾ ਬਹੁਤ ਵਧੀਆ ਅਤੇ ਕੁਸ਼ਲ ਪ੍ਰਯੋਗ ਕੀਤਾ ਹੈ। ਜਿਵੇਂ :

> ਜਿਉ ਮੰਦਰ ਕਉ ਥਾਮੈ ਥੰਮਨ॥ ਤਿਉ ਗੁਰ ਕਾ ਸਬਦ ਮਨਹਿ ਅਸਥੰਮਨੁ॥
>
> ਜਿਉ ਪਾਖਾਣੁ ਨਾਵ ਚੜਿ ਤਰੈ॥ ਪ੍ਰਾਣੀ ਗੁਰ ਚਰਣ ਲਗਤ ਨਿਸਤਰੈ॥
>
> ਜਿਉ ਅੰਧਕਾਰ ਦੀਪਕ ਪਰਗਾਸੁ॥ ਗੁਰਸਰਸਨੁ ਦੇਖਿ ਮਨਿ ਹੋਇ ਬਿਗਾਸੁ॥
>
> ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ॥ ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ॥ (282)

ੳਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਵਿਸ਼ੇ, ਭਾਵ ਜਾਂ ਪ੍ਰਸੰਗ ਦਾ ਪੂਰਾ ਗਿਆਨ ਕਰਾਉਣ ਲਈ ਉਸ ਨੂੰ ਉਹੋ ਜਿਹੀ ਕਿਸੇ ਹੋਰ ਗੱਲ ਦੀ ਮਿਸਾਲ ਜਾਂ ਉਦਾਹਰਣ ਦੇ ਕੇ ਸਪੱਸ਼ਟ ਕਰਨ ਦਾ ਉਪਰਾਲਾ ਕੀਤਾ ਹੈ ਤਾਂ ਜੋ ਆਮ ਪਾਠਕ ਵੀ ਉਸ ਨੂੰ ਆਸਾਨੀ ਨਾਲ ਸਮਝ ਸਕੇ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਜਿਸ ਤਰ੍ਹਾਂ ਘਰ ਦੀ ਛੱਤ ਨੂੰ ਉਸ ਦੇ ਥੰਮ੍ਹਾਂ ਦਾ ਸਹਾਰਾ ਹੁੰਦਾ ਹੈ, ਉਸੇ ਤਰ੍ਹਾਂ ਪਰਮਾਤਮਾ ਦਾ ਨਾਮ ਇਸ ਸੰਸਾਰ ਵਿਚ ਡੋਲਦੇ ਮਨ ਭਾਵ ਮੁਸੀਬਤ ਵਿਚ ਹਰ ਕਿਸੇ ਨੂੰ ਸਹਾਰਾ ਦਿੰਦਾ ਹੈ। ਜਿਵੇਂ ਇਕ ਵੱਡੇ ਪੱਥਰ ਨੂੰ ਬੇੜੀ ਵਿਚ ਰੱਖ ਕੇ ਉਸ ਨੂੰ ਸਮੁੰਦਰ ਤੋਂ ਪਾਰ ਲਿਜਾਇਆ ਜਾ ਸਕਦਾ ਹੈ, ਠੀਕ ਉਸੇ ਤਰ੍ਹਾਂ ਗੁਰਮੁਖ ਮਨੁੱਖ ਇਸ ਸੰਸਾਰ ਵਿਚ ਸੱਚੇ ਗੁਰੂ ਦੇ ਚਰਨ ਪਕੜ ਕੇ ਭਾਵ ਗੁਰੂ ਦੀ ਸਿੱਖਿਆ ਤੇ ਚੱਲ ਕੇ

ਸੰਸਾਰ-ਸਮੁੰਦਰ ਨੂੰ ਪਾਰ ਕਰ ਸਕਦਾ ਹੈ। ਗੁਰੂ ਜੀ ਦੇ ਅਨੁਸਾਰ ਜਿਸ ਤਰ੍ਹਾਂ ਇਕ ਰੌਸ਼ਨੀ ਦੀ ਕਿਰਨ ਹਨੇਰੇ ਨੂੰ ਖਤਮ ਕਰ ਦਿੰਦੀ ਹੈ, ਠੀਕ ਉਸੇ ਤਰ੍ਹਾਂ ਗੁਰੂ ਦੇ ਦਰਸ਼ਨ ਦੁਆਰਾ ਮਨ ਵਿਚ ਖੇੜੇ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਜਿਵੇਂ ਇਕ ਸੰਘਣੇ ਜੰਗਲ ਵਿਚ ਵਿਅਕਤੀ ਬਾਹਰ ਨਿਕਲਣ ਦਾ ਰਸਤਾ ਲੱਭ ਲੈਂਦਾ ਹੈ, ਠੀਕ ਉਸੇ ਤਰ੍ਹਾਂ ਸਾਧੂ-ਸੰਤਾਂ ਦੀ ਸੰਗਤ ਵਿਚ ਬੈਠ ਕੇ ਮਨੁੱਖ ਦੇ ਅੰਦਰੋਂ ਅਕਾਲ ਪੁਰਖ ਦੀ ਜੋਤਿ ਪ੍ਰਗਟ ਹੋ ਜਾਂਦੀ ਹੈ। ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਨੇ ਜੀਵਨ ਦੇ ਰਹੱਸ ਨੂੰ ਉਜਾਗਰ ਕਰਨ ਲਈ ਜਾਂ ਅਣਗੌਲੀ ਸੱਚਾਈ ਨੂੰ ਪ੍ਰਕਾਸ਼ ਵਿਚ ਲਿਆਉਣ ਲਈ ਦ੍ਰਿਸ਼ਟਾਂਤ ਅਲੰਕਾਰ ਦਾ ਬਹੁਤ ਵਧੀਆ, ਕੁਸ਼ਲ ਅਤੇ ਪ੍ਰਭਾਵਸ਼ਾਲੀ ਪ੍ਰਯੋਗ ਕੀਤਾ ਗਿਆ ਹੈ।

ਧੇਨੁ ਦੁਧੈ ਤੇ ਬਾਹਰੀ, ਕਿਤੈ ਨ ਆਵੈ ਕਾਮ॥

ਜਲ ਬਿਨੁ ਸਾਖ ਕੁਮਲਾਵਤੀ, ਉਪਜਹਿ ਨਾਹੀ ਦਾਮ॥

ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥ (133)

ਗੁਰੂ ਅਰਜਨ ਦੇਵ ਜੀ ਨੇ ਬਾਰਹਮਾਹ ਮਾਝ ਦੀਆਂ ਉਪਰੋਕਤ ਕਾਵਿ-ਸਤਰਾਂ ਵਿਚ ਪਰਮਾਤਮਾ ਦੇ ਨਾਮ-ਸਿਮਰਨ ਦੇ ਮਹੱਤਵ ਨੂੰ ਉਜਾਗਰ ਕਰਨ ਲਈ ਦ੍ਰਿਸ਼ਟਾਂਤ ਅਲੰਕਾਰ ਦਾ ਬਹੁਤ ਹੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਯੋਗ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਜਿਵੇਂ ਦੁੱਧ ਤੋਂ ਬਿਨਾਂ ਗਊ ਕਿਸੇ ਕੰਮ ਦੀ ਨਹੀਂ ਹੁੰਦੀ ਅਤੇ ਪਾਣੀ ਤੋਂ ਬਿਨਾਂ ਖੇਤੀ ਕੁਮਲਾ ਕੇ ਨਸ਼ਟ ਹੋ ਜਾਂਦੀ ਹੈ, ਠੀਕ ਉਸੇ ਤਰ੍ਹਾਂ ਜਦੋਂ ਜੀਵ ਰੂਪੀ ਇਸਤਰੀ ਨੂੰ ਆਪਣਾ ਪਰਮਾਤਮਾ ਰੂਪੀ ਪਤੀ ਨਹੀਂ ਮਿਲਦਾ ਤਾਂ ਉਸ ਨੂੰ ਸੁਖ-ਸ਼ਾਂਤੀ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇੱਥੇ ਗੁਰੂ ਅਰਜਨ ਦੇਵ ਜੀ ਨੇ ਪ੍ਰਭੂ ਜਾਂ ਪਰਮਾਤਮਾ ਦੇ ਨਾਮ ਸਿਮਰਨ ਦੇ ਮਹੱਤਵ ਨੂੰ ਸਪੱਸ਼ਟ ਕਰਨ ਲਈ ਉਹੋ ਜਿਹੀ ਕਿਸੇ ਹੋਰ ਗੱਲ ਦੀ ਮਿਸਾਲ ਜਾਂ ਉਦਾਹਰਣ ਦੇ ਕੇ ਸਪੱਸ਼ਟ ਕਰਨ ਦਾ ਉਪਰਾਲਾ ਕੀਤਾ ਹੈ।

ਸੁਨਿ ਅੰਧਾ ਕੈਸੇ ਮਾਰਗੁ ਪਾਵੈ॥ ਕਰੁ ਗਹਿ ਲੇਹੁ ਓੜਿ ਨਿਬਹਾਵੈ॥

ਕਹਾ ਬੁਝਾਰਤਿ ਬੂਝੈ ਡੋਰਾ॥ ਨਿਸਿ ਕਹੀਐ ਤਉ ਸਮਝੈ ਭੋਰਾ॥

ਕਹਾ ਬਿਸਨਪਦ ਗਾਵੈ ਗੁੰਗ॥ ਜਤਨ ਕਰੈ ਤਉ ਭੀ ਸੁਰ ਭੰਗ॥

ਕਹੁ ਪਿੰਗਲ ਪਰਬਤ ਪਰ ਭਵਨ॥ ਨਹੀ ਹੋਤ ਊਹਾ ਉਸੁ ਗਵਨ॥

ਕਰਤਾਰ ਕਰੁਣਾਮੈ ਦੀਨੁ ਬੇਨਤੀ ਕਰੈ॥ ਨਾਨਕ ਤੁਮਰੀ ਕਿਰਪਾ ਤਰੈ॥ (266)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਨੇ ਮਨੁੱਖੀ ਜੀਵਨ ਪਰਮਾਤਮਾ ਦੇ ਨਾਮ-ਸਿਮਰਨ ਦੇ ਮਹੱਤਵ ਨੂੰ ਸਪੱਸ਼ਟ ਅਤੇ ਉਜਾਗਰ ਕਰਨ ਲਈ ਉਹੋ ਜਿਹੀ ਕਿਸੇ ਹੋਰ ਗੱਲ ਦੀ ਮਿਸਾਲ ਜਾਂ ਉਦਾਹਰਣ ਦੇ ਕੇ ਸਪੱਸ਼ਟ ਕਰਨ ਦਾ ਉਪਰਾਲਾ ਕੀਤਾ ਹੈ ਜੋ ਕਿ ਦ੍ਰਿਸ਼ਟਾਂਤ ਅਲੰਕਾਰ ਨਾਲ ਸੰਬੰਧਿਤ ਹੈ। ਗੁਰੂ ਜੀ ਦੇ ਅਨੁਸਾਰ ਜਿਵੇਂ ਇਕ ਅੰਧਾ ਵਿਅਕਤੀ ਸੁਣ ਕੇ ਸਹੀ ਮਾਰਗ ਤੇ ਨਹੀਂ ਪਹੁੰਚ ਸਕਦਾ ਹੈ, ਪਰੰਤੂ ਜੇਕਰ ਉਸ ਅੰਧੇ ਵਿਅਕਤੀ ਦਾ ਹੱਥ ਪਕੜ ਲਵੋ ਤਾਂ ਉਹ ਆਪਣੀ ਮੰਜ਼ਿਲ ਤੇ ਪਹੁੰਚ ਸਕਦਾ ਹੈ। ਗੁਰੂ ਜੀ ਦੇ ਅਨੁਸਾਰ ਜਿਵੇਂ ਇਕ ਬੋਲਾ ਵਿਅਕਤੀ ਕਿਵੇਂ ਕੋਈ ਵੀ ਬੁਝਾਰਤ ਬੁਝ ਸਕਦਾ ਹੈ! ਇਕ ਗੂੰਗਾ ਵਿਅਕਤੀ ਕਿਵੇਂ ਪ੍ਰਭੂ-ਭਗਤੀ ਦੇ ਗੀਤ ਅਲਾਪ ਸਕਦਾ ਹੈ! ਇਕ ਲੰਗੜਾ ਵਿਅਕਤੀ ਉਚੇ ਪਰਬਤਾਂ ਉਪਰ ਕਿਵੇਂ ਘੁੰਮ-ਫਿਰ ਸਕਦਾ ਹੈ! ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਵਿਸ਼ੇ ਨੂੰ ਸੰਬੰਧਿਤ ਉਦਾਹਰਨਾਂ ਸਹਿਤ ਸਮਝਾਉਣ ਦਾ ਉਪਰਾਲਾ ਕੀਤਾ ਹੈ ਕਿ ਅਧਿਆਤਮਕ ਮਾਰਗ ਉਪਰ ਚਲਣ ਵਾਲਾ ਵਿਅਕਤੀ ਉਤਨੀ ਦੇਰ ਤੱਕ ਅਪਾਹਿਜ ਜਾਂ ਅਪੰਗ ਹੈ, ਜਿਤਨੀ ਦੇਰ ਤਕ ਉਸ ਉਪਰ ਪਰਮਾਤਮਾ ਦੀ ਕਿਰਪਾ ਜਾਂ ਮਿਹਰ ਨਹੀਂ ਹੋ ਜਾਂਦੀ।

ਬਿਰਖ ਕੀ ਛਾਇਆ ਸਿਉ ਰੰਗ ਲਾਵੈ॥ ਓਹ ਬਿਨਸੈ ਉਹੁ ਮਨਿ ਪਛੁਤਾਵੈ॥

ਜੋ ਦੀਸੈ ਸੋ ਚਾਲਨਹਾਰੁ॥ ਲਪਟਿ ਰਹਿਓ ਤਹ ਅੰਧ ਅੰਧਾਰੁ॥ (268)

ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀਆਂ ਉਪਰੋਕਤ ਕਾਵਿ-ਪੰਕਤੀਆਂ ਵਿਚ ਸੰਸਾਰਿਕ ਮੋਹ-ਮਾਇਆ ਦੇ ਆਕ੍ਰਸ਼ਣ ਅਤੇ ਨਾਸ਼ਮਾਨ ਹੋਣ ਦੀ ਗੱਲ ਨੂੰ ਪ੍ਰਸਤੁਤ ਕਰਨ ਲਈ ਦ੍ਰਿਸ਼ਟਾਂਤ ਅਲੰਕਾਰ ਦਾ ਬਹੁਤ ਹੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਯੋਗ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਜੇਕਰ ਕੋਈ ਵਿਅਕਤੀ ਕਿਸੇ ਰੁੱਖ ਜਾਂ ਦਰਖੱਤ ਦੀ ਛਾਂ ਨਾਲ ਪ੍ਰੇਮ ਕਰਨ ਲੱਗ ਪੈਂਦਾ ਹੈ ਤਾਂ ਜਦੋਂ ਛਾਂ ਢਲ ਜਾਂ ਖਤਮ ਹੋ ਜਾਂਦੀ ਹੈ, ਫਿਰ ਉਸ ਨੂੰ ਪਛਤਾਉਣਾ ਪੈਂਦਾ ਹੈ, ਠੀਕ ਉਸੇ ਪ੍ਰਕਾਰ ਇਸ ਸੰਸਾਰ ਵਿਚ ਜੋ ਕੁਝ ਵੀ ਨਜ਼ਰ ਆ ਰਿਹਾ ਹੈ, ਉਹ ਸਭ ਨਾਸ਼ਮਾਨ ਅਤੇ ਅਸਥਾਈ ਹੈ, ਪਰ ਫਿਰ ਵੀ ਅਕਲ ਦਾ ਅੰਨ੍ਹਾਂ ਵਿਅਕਤੀ ਇਨ੍ਹਾਂ ਨਸ਼ਟਮਾਨ ਚੀਜ਼ਾਂ ਨੂੰ ਜੱਫੀ ਮਾਰੀ ਬੈਠਾ ਹੈ। ਇੱਥੇ ਗੁਰੂ ਜੀ ਨੇ ਇਸ ਸੰਸਾਰ ਦੀ ਨਸ਼ਟਮਾਨਤਾ ਦੇ ਸਿਧਾਂਤ ਨੂੰ ਆਮ ਪਾਠਕਾਂ ਜਾਂ ਸਾਧਕਾਂ ਨੂੰ ਸਮਝਾਉਣ ਦ੍ਰਿਸ਼ਟਾਂਤ ਅਲੰਕਾਰ ਦੀ ਵਰਤੋਂ ਕੀਤੀ ਹੈ।

ਜੈਸੇ ਧਰਤੀ ਸਾਧੈ ਬਹੁ ਬਿਧਿ ਬਿਨੁ ਬੀਜੈ ਨਹੀ ਜਾਂਮੈ॥

ਰਾਮ ਨਾਮ ਬਿਨੁ ਮੁਕਤਿ ਨ ਹੋਈ ਹੈ ਤੁਟੈ ਨਾਹੀ ਅਭਿਮਾਨੈ॥ (1205)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਨਾਮ-ਸਿਮਰਨ ਦੇ ਮਹੱਤਵ ਨੂੰ ਪ੍ਰਸਤੁਤ ਕਰਨ ਲਈ ਦ੍ਰਿਸ਼ਟਾਂਤ ਅਲੰਕਾਰ ਦਾ ਬਹੁਤ ਹੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਯੋਗ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਜਿਵੇਂ ਕੋਈ ਕਿਸਾਨ ਆਪਣੀ ਜ਼ਮੀਨ ਨੂੰ ਕਈ ਤਰੀਕਿਆਂ ਤੋਂ ਤਿਆਰ ਕਰਦਾ ਹੈ, ਪਰ ਉਸ ਵਿਚ ਬੀਜ ਬੀਜਣ ਤੋਂ ਬਿਨਾ ਕੁਝ ਵੀ ਨਹੀਂ ਉੱਗਦਾ, ਠੀਕ ਉਸੇ ਤਰ੍ਹਾਂ ਪਰਮਾਤਮਾ ਦੇ ਨਾਮ-ਸਿਮਰਨ ਤੋਂ ਬਿਨਾ ਮਨੁੱਖ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਤੋਂ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਸਪੱਸ਼ਟ ਅਤੇ ਦ੍ਰਿੜ੍ਹ ਕਰਨ ਲਈ ਦ੍ਰਿਸ਼ਟਾਂਤ ਅਲੰਕਾਰ ਦੀ ਵਰਤੋਂ ਕੀਤੀ ਹੈ।

ਜਿਉ ਤਰੁਨਿ ਭਰਤ ਪਰਾਨ॥ ਜਿਉ ਲੋਭੀਐ ਧਨੁ ਦਾਨੁ॥

ਜਿਉ ਦੂਧ ਜਲਹਿ ਸੰਜੋਗੁ॥ ਜਿਉ ਮਹਾ ਖੁਧਿਆਰਥ ਭੋਗੁ॥

ਜਿਉ ਮਾਤ ਪੂਤਹਿ ਹੇਤੁ॥ ਹਰਿ ਸਿਮਰਿ ਨਾਨਕ ਨੇਤ॥ (837)

ਓਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਪ੍ਰਸੰਗ ਨੂੰ ਹੋਰ ਵਧੇਰੇ ਸਪੱਸ਼ਟ ਕਰਨ ਲਈ ਦ੍ਰਿਸ਼ਟਾਂਤ ਅਲੰਕਾਰ ਦਾ ਸਹਾਰਾ ਲਿਆ ਹੈ। ਗੁਰੂ ਜੀ ਦੇ ਅਨੁਸਾਰ ਜਿਵੇਂ ਜੁਆਨ ਇਸਤਰੀ ਨੂੰ ਆਪਣਾ ਖਸਮ ਜਾਂ ਪਤੀ ਬਹੁਤ ਪਿਆਰਾ ਹੁੰਦਾ ਹੈ, ਜਿਵੇਂ ਲਾਲਚੀ ਮਨੁੱਖ ਨੂੰ ਧਨ-ਦੌਲਤ ਤੋਂ ਖ਼ੁਸ਼ੀ ਦੀ ਪ੍ਰਾਪਤੀ ਹੁੰਦੀ ਹੈ, ਜਿਵੇਂ ਦੁੱਧ ਬਹੁਤ ਆਸਾਨੀ ਨਾਲ ਪਾਣੀ ਵਿਚ ਘੁਲ-ਮਿਲ ਜਾਂਦਾ ਹੈ, ਜਿਵੇਂ ਭੁੱਖੇ ਮਨੁੱਖ ਨੂੰ ਕੇਵਲ ਭੋਜਨ ਹੀ ਤ੍ਰਿਪਤ ਕਰਦਾ ਹੈ ਅਤੇ ਜਿਵੇਂ ਮਾਂ ਦਾ ਆਪਣੇ ਬੱਚੇ ਨਾਲ ਪਿਆਰ ਹੁੰਦਾ ਹੈ ਠੀਕ ਉਸੇ ਹੀ ਤਰ੍ਹਾਂ ਮਨੁੱਖ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਕੇ ਉਸ ਦੀ ਪ੍ਰਾਪਤੀ ਕਰ ਸਕਦਾ ਹੈ।

ਜਿਉ ਪਾਵਕ ਸੰਗਿ ਸੀਤ ਕੋ ਨਾਸ॥

ਐਸੇ ਪ੍ਰਾਛਤ ਸੰਤਸੰਗਿ ਬਿਨਾਸ॥

ਜਿਉ ਸਾਬੁਨਿ ਕਾਪਰ ਊਜਲ ਹੋਤ॥

ਨਾਮ ਜਪਤ ਸਭੁ ਭ੍ਰਮੁ ਭਉ ਖੋਤ॥ (914)

ਓਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਸੰਕਲਪ ਜਾਂ ਭਾਵ ਨੂੰ ਵਧੇਰੇ ਸਪੱਸ਼ਟ ਕਰਨ ਲਈ ਦ੍ਰਿਸ਼ਟਾਂਤ ਅਲੰਕਾਰ ਦਾ ਸਹਾਰਾ ਲਿਆ ਹੈ। ਗੁਰੂ ਜੀ ਦੇ ਅਨੁਸਾਰ ਜਿਵੇਂ ਅੱਗ ਨਾਲ ਠੰਡ ਦੂਰ ਹੋ ਜਾਂਦੀ ਹੈ ਤਿਵੇਂ ਹੀ ਸਾਧੂ-ਸੰਤਾਂ ਦੀ ਸੰਗਤ ਕਰਨ ਨਾਲ ਪਾਪਾਂ ਦਾ ਨਾਸ ਹੋ ਜਾਂਦਾ ਹੈ। ਗੁਰੂ ਜੀ ਦੇ ਅਨੁਸਾਰ ਜਿਵੇਂ ਸਾਬਣ ਦੇ ਨਾਲ ਕੱਪੜੇ ਸਾਫ਼-ਸੁਥਰੇ ਹੋ ਜਾਂਦੇ ਹਨ ਤਿਵੇਂ ਹੀ ਉਸ ਪ੍ਰਭੂ ਜਾਂ ਪਰਮਾਤਮਾ ਦਾ ਨਾਮ ਜਪਦਿਆਂ ਹਰੇਕ ਵਹਿਮ, ਭਰਮ ਅਤੇ ਡਰ ਦੂਰ ਹੋ ਜਾਂਦਾ ਹੈ। ਇੱਥੇ ਗੁਰੂ ਜੀ ਨੇ ਆਮ ਪਾਠਕਾਂ ਨੂੰ ਆਪਣਾ ਭਾਵ ਜਾਂ ਸੰਕਲਪ ਸਪੱਸ਼ਟ ਕਰਨ ਲਈ ਜੀਵਨ ਵਿਚੋਂ ਉਹੋ ਜਿਹੀ ਕਿਸੇ ਹੋਰ ਗੱਲ ਦੀ ਮਿਸਾਲ ਜਾਂ ਉਦਾਹਰਣ ਦੇ ਕੇ ਸਪੱਸ਼ਟ ਕਰਨ ਦਾ ਉਪਰਾਲਾ ਕੀਤਾ ਹੈ।

**ਅਤਿਕਥਨੀ ਅਲੰਕਾਰ:-** ਜਦੋਂ ਕਿਸੇ ਸਾਧਾਰਨ ਗੱਲ ਜਾਂ ਤੱਥ ਨੂੰ ਵਧਾ ਚੜ੍ਹਾ ਕੇ ਬਿਆਨ ਕੀਤਾ ਜਾਵੇ ਤਾਂ ਉੱਥੇ ਅਤਿਕਥਨੀ ਅਲੰਕਾਰ ਹੁੰਦਾ ਹੈ। ਕਵੀ ਆਪਣੀ ਕਵਿਤਾ ਦੇ ਕਿਸੇ ਪਾਤਰ, ਘਟਨਾ ਜਾਂ ਗੱਲ ਦੀ ਬਹੁਤ ਉਪਮਾ ਕਰਨੀ ਚਾਹੁੰਦਾ ਹੈ, ਤਾਂ ਉਹ ਨਿੱਕੀ ਜਿਹੀ ਗੱਲ ਨੂੰ ਵਧਾ-ਚੜ੍ਹਾ ਕੇ ਬਿਆਨ ਕਰਨ ਲੱਗ ਪੈਂਦਾ ਹੈ, ਤਾਂ ਜੋ ਪਾਠਕ ਜਾਂ ਸਰੋਤੇ ਉੱਪਰ ਵਿਸ਼ਾ-ਵਸਤੂ ਦੇ ਵਡੱਪਣ ਦਾ ਜ਼ੋਰਦਾਰ ਪ੍ਰਭਾਵ ਪਵੇ। ਜਿਵੇਂ :

ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ॥ (133)

ਓਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜੀਵ ਪਿਛਲੇ ਜਨਮ ਵਿਚ ਕੀਤੇ ਕਰਮਾਂ ਦੇ ਸਦਕਾ ਪਰਮਾਤਮਾ ਤੋਂ ਵਿਛੜ ਜਾਂਦਾ ਹੈ। ਅਜਿਹੇ ਵਿਅਕਤੀਆਂ ਵਲੋਂ ਅਰਦਾਸ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਹੇ ਪਰਮਾਤਮਾ! ਇਸ ਵਾਰ ਸਾਡੇ ਉੱਤੇ ਮਿਹਰ ਕਰ, ਜਨਮ-ਮਰਨ ਦੇ ਚੱਕਰ ਤੋਂ ਮੁਕਤ ਕਰ ਕਿਉਂਕਿ ਅਸੀਂ ਮੁਕਤੀ ਦੀ ਪ੍ਰਾਪਤੀ ਲਈ ਚਾਰ ਕੁੱਟਾਂ ਅਤੇ ਦਸ ਦਿਸ਼ਾਂਵਾਂ ਵਿਚ ਭਟਕ ਚੁੱਕੇ ਹਾਂ। ਇੱਥੇ ਗੁਰੂ ਅਰਜਨ ਦੇਵ ਜੀ ਨੇ ਸਾਧਾਰਨ ਗੱਲ ਨੂੰ ਵੀ ਗੁਰੂ ਜੀ ਨੇ ਵਧਾ-ਚੜ੍ਹਾ ਕੇ ਪ੍ਰਸਤੁਤ ਕੀਤਾ ਹੈ।

ਸੂਰਬੀਰ ਵਰਿਆਮ ਕਿਨੇ ਨ ਹੋੜੀਐ॥

ਫਉਜ ਸਤਾਵੀ ਹਾਠ ਪੰਜਾ ਜੋੜੀਐ॥ (522)

**ਲੋਕੋਕਤੀ ਅਲੰਕਾਰ :-** 'ਲੋਕੋਕਤੀ' ਸ਼ਬਦ ਦਾ ਅਰਥ ਹੈ **-** ਅਖਾਣ ਜਾਂ ਅਖੌਤ। ਜਿੱਥੇ ਕਿਸੇ ਗੱਲ ਦੀ ਪੁਸ਼ਟੀ ਕਰਨ ਲਈ ਕਿਸੇ ਢੁੱਕਵੀਂ ਕਹਾਵਤ ਜਾਂ ਅਖਾਣ ਨੂੰ ਵਰਤਿਆ ਜਾਵੇ, ਉੱਥੇ ਲੋਕੋਕਤੀ ਅਲੰਕਾਰ ਹੁੰਦਾ ਹੈ। ਲੋਕੋਕਤੀ ਅਲੰਕਾਰ ਦੀ ਵਰਤੋਂ ਕਵੀ ਆਪਣੇ ਕਥਨ ਨੂੰ ਸਰਬ-ਪ੍ਰਵਾਨਿਤ ਬਣਾਉਣ ਲਈ ਕਵਿਤਾ ਵਿਚ ਕਰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੇ ਅਨੁਭਵ ਦੇ ਪ੍ਰਭਾਵਸ਼ਾਲੀ ਸੰਚਾਰ ਵਾਸਤੇ ਮੁਹਾਵਰਿਆਂ ਅਤੇ ਲੋਕੋਕਤੀਆਂ ਦਾ ਵੀ ਪ੍ਰਯੋਗ ਕੀਤਾ ਹੈ। ਜਿਵੇਂ :

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥ (133)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨੇ ਆਮ ਲੋਕਾਂ ਜਾਂ ਪਾਠਕਾਂ ਨੂੰ ਇਸ ਸੰਸਾਰ ਵਿਚ ਨੇਕ ਕਰਮ ਕਰਨ ਲਈ ਪ੍ਰੇਰਿਤ ਕਰਦੇ ਹਨ। ਗੁਰੂ ਜੀ ਦੇ ਅਨੁਸਾਰ ਪਰਮਾਤਮਾ ਦੇ ਨਾਮ ਦਾ ਸਿਮਰਨ ਅਤੇ ਨੇਕ ਕਰਮ ਕਰਨ ਵਾਲੇ ਵਿਅਕਤੀ ਦੀ ਸਾਰਾ ਜਹਾਨ ਪ੍ਰਸੰਸਾ ਕਰਦਾ ਹੈ।

ਜੈਸਾ ਬੀਜਿਹ ਤੈਸਾ ਖਾਸਾ॥ (176)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਨੇ ਆਮ ਲੋਕਾਂ ਜਾਂ ਪਾਠਕਾਂ ਨੂੰ ਇਸ ਸੰਸਾਰ ਵਿਚ ਨੇਕ ਕਰਮ ਕਰਨ ਲਈ ਪ੍ਰੇਰਿਤ ਕਰਦੇ ਹਨ, ਕਿਉਂਕਿ ਗੁਰੂ ਜੀ ਦੇ ਅਨੁਸਾਰ ਇਸ ਸੰਸਾਰ ਵਿਚ ਮਨੁੱਖ ਜਿਹੋ ਜਿਹੇ ਕਰਮ ਕਰੇਗਾ ਉਸ ਨੂੰ ਆਪਣੇ ਕਰਮਾਂ ਦਾ ਫਲ ਭੋਗਣਾ ਪਵੇਗਾ।

ਜੇਹਾ ਬੀਜੈ ਸੋ ਲੁਣੈ ਮਥੇ ਜੋ ਲਿਖਿਆਸੁ॥ (133)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਨਾਮ-ਸਿਮਰਨ ਦੇ ਮਹੱਤਵ ਨੂੰ ਸਮਝਾਉਂਦੇ ਹੋਏ ਦੱਸਦੇ ਹਨ ਕਿ ਮਨੁੱਖ ਜਿਹੋ ਜਿਹੀ ਫ਼ਸਲ ਬੀਜਦਾ ਹੈ, ਉਸ ਨੂੰ ਉਹੋ ਜਿਹੀ ਫ਼ਸਲ ਵੱਡਣੀ ਪੈਂਦੀ ਹੈ ਭਾਵ ਮਨੁੱਖ ਇਸ ਸੰਸਾਰ ਵਿਚ ਜਿਹੋ ਜਿਹੇ ਕਰਮ ਕਰਦਾ ਹੈ, ਉਸ ਨੂੰ ਉਹੋ ਜਿਹੇ ਲੇਖ ਭੋਗਣੇ ਪੈਂਦੇ ਹਨ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਦ੍ਰਿੜ੍ਹ ਕਰਨ ਲਈ ਅਖਾਣ ਜਾਂ ਮੁਹਾਵਰੇ ਦੀ ਵਰਤੋਂ ਕੀਤੀ ਹੈ। ਲੋਕੋਕਤੀ ਅਲੰਕਾਰ ਨਾਲ ਸੰਬੰਧਿਤ ਉਦਾਹਰਨਾਂ ਹੇਠਾਂ ਦਰਜ਼ ਹਨ:

ਚਿਤਿ ਆਵੈ ਓਸੁ ਪਾਰਬ੍ਰਹਮ ਲਗੈ ਨ ਤਤੀ ਵਾਉ॥ (70)

ਤਤੀ ਵਾਉ ਨਾ ਲੱਗਣੀ - ਕੋਈ ਨੁਕਸਾਨ ਨ ਹੋਣਾ।

ਨਾਨਕ ਕਾ ਅੰਗੁ ਕੀਆ ਕਰਤਾਰਿ॥ (866)

ਅੰਗ ਕਰਨਾ - ਸਹਾਇਤਾ ਕਰਨੀ।

ਤਿਉ ਹਰਿ ਜਨ ਰਾਖੈ ਕੰਠਿ ਲਾਇ॥ (914)

ਕੰਠਿ ਲਾਉਣਾ - ਅਪਨਾਉਣਾ

ਦੇ ਕੰਨ ਸੁਣਹੁ ਅਰਦਾਸਿ ਜੀਉ॥ (74)

ਕੰਨੀ ਸੁਣਨਾ - ਕੰਨ ਦੇ ਕੇ ਸੁਣਨਾ ਜਾਂ ਧਿਆਨ ਨਾਲ ਸੁਣਨਾ।

ਤੰਤ ਮੰਤੁ ਨਹ ਜੋਹਈ ਤਿਤੁ ਚਾਖੈ ਨ ਲਾਗੈ॥ (818)

ਚਾਖੁ ਲਗਣੀ - ਨਜ਼ਰ ਲੱਗ ਜਾਣੀ।

ਕਹਾ ਸੁ ਭਾਈ ਮੀਤ ਹੈ ਦੇਖੁ ਨੈਨ ਪਸਾਰਿ॥ (808)

ਨੈਨ ਪਸਾਰਿ ਦੇਖਣਾ - ਗਹੁ ਜਾਂ ਧਿਆਨ ਨਾਲ ਵੇਖਣਾ।

ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥ (136)

ਲਵੈ ਲਾਉਣਾ - ਬਰਾਬਰੀ ਕਰਨਾ

**ਵਿਰੋਧ ਅਲੰਕਾਰ:-** ਕਈ ਵਾਰ ਕਵਿਤਾ ਵਿਚ ਕਿਸੇ ਅਮਰ ਸੱਚਾਈ ਜਾਂ ਵੇਦਨਾ ਦਾ ਰੂਪਮਾਨ ਕਰਨ ਲਈ ਪ੍ਰਤੱਖ (ਦਿਸਦੇ) ਅਤੇ ਅਪ੍ਰਤੱਖ (ਅਣਦਿਸਦੇ ਜਾਂ ਪਰੋਖ) ਦੇ ਦਰਮਿਆਨ ਇਕ ਵਿਰੋਧ ਦੀ ਸਿਰਜਣਾ ਕਰ ਲਈ ਜਾਂਦੀ ਹੈ। ਭਾਵ ਜਿੱਥੇ ਕਿਸੇ ਕੰਮ ਦਾ ਅਸਰ ਉਲਟਾ ਦੱਸਿਆ ਜਾਵੇ, ਉੱਥੇ ਵਿਰੋਧ ਅਲੰਕਾਰ ਹੁੰਦਾ ਹੈ। ਜਿਵੇਂ :

ਬ੍ਰਹਮ ਗਿਆਨੀ ਊਚ ਤੇ ਊਚਾ॥

ਮਨਿ ਅਪਨੈ ਹੈ ਸਭ ਤੇ ਨੀਚਾ॥ (272)

ਓਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਵਿਰੋਧ ਅਲੰਕਾਰ ਦੀ ਵਰਤੋਂ ਬਾਣੀ ਵਿਚਲੇ ਭਾਵ ਨੂੰ ਸਰਲ, ਸਪੱਸ਼ਟ ਅਤੇ ਦ੍ਰਿੜ੍ਹ ਕਰਨ ਲਈ ਵਿਲੱਖਣ ਢੰਗ ਨਾਲ ਕੀਤੀ ਹੈ। ਗੁਰੂ ਜੀ ਦੇ ਅਨੁਸਾਰ

ਬ੍ਰਹਮਗਿਆਨੀ ਆਤਮਿਕ ਅਵਸਥਾ ਵਿਚ ਸਭ ਤੋਂ ਉੱਚਾ ਹੁੰਦਾ ਹੈ ਪਰੰਤੂ ਦੂਜੇ ਪਾਸੇ ਬ੍ਰਹਮ ਗਿਆਨੀ ਆਪਣੇ ਮਨ ਵਿਚ ਆਪਣੇ ਆਪ ਨੂੰ ਸਭ ਤੋਂ ਨੀਵਾਂ ਸਮਝਦਾ ਹੈ। ਇੱਥੇ ਉਪਰੋਕਤ ਸਤਰਾਂ ਨੂੰ ਪੜ੍ਹਨ ਜਾਂ ਸੁਣਨ ਨਾਲ ਵਿਰੋਧ ਦੇ ਭਾਵ ਦਾ ਅਹਿਸਾਸ ਹੁੰਦਾ ਹੈ।

ਪ੍ਰਭ ਭਾਵੈ ਮਾਨੁਖ ਗਤਿ ਪਾਵੈ॥

ਪ੍ਰਭ ਭਾਵੈ ਤਾ ਪਾਥਰ ਤਰਾਵੈ॥

ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ॥

ਪ੍ਰਭ ਭਾਵੈ ਤਾ ਹਰਿ ਗੁਣ ਭਾਖੈ॥ (276)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜੇ ਪਰਮਾਤਮਾ ਦੀ ਕਿਰਪਾ ਹੋਵੈ ਤਾਂ ਹਰ ਮਨੁੱਖ ਦਾ ਉਧਾਰ ਹੋ ਸਕਦਾ ਹੈ, ਪੱਥਰ ਪਾਣੀ ਵਿਚ ਤੈਰ ਸਕਦਾ ਹੈ, ਮਨੁੱਖ ਸੁਆਸਾਂ ਤੋਂ ਬਿਨਾਂ ਵੀ ਜਿਉਂਦਾ ਰਹਿ ਸਕਦਾ ਹੈ ਅਤੇ ਹਰ ਜੀਵ ਪ੍ਰਭੂ ਦੇ ਗੁਣ ਗਾ ਸਕਦਾ ਹੈ। ਇੱਥੇ ਉਪਰੋਕਤ ਸਤਰਾਂ ਦਾ ਅਧਿਐਨ ਕਰਨ ਨਾਲ ਵਿਰੋਧ ਦਾ ਅਹਿਸਾਸ ਹੁੰਦਾ ਹੈ।

**ਕਾਵਿ ਲਿੰਗ ਅਲੰਕਾਰ:-** ਕਾਵਿ ਲਿੰਗ ਦਾ ਅਰਥ ਹੈ - ਦਲੀਲ ਜਾਂ ਜੁਗਤੀ ਨਾਲ ਅਰਥ ਦੀ ਪੁਸ਼ਟੀ ਕਰਨੀ। ਭਾਵ ਜਿੱਥੇ ਇਕ ਗੱਲ ਕਹਿ ਕੇ, ਉਸ ਗੱਲ ਨਾਲ ਸੰਬੰਧਿਤ ਦਲੀਲ ਦੇ ਕੇ ਉਸ ਗੱਲ ਦੀ ਪੁਸ਼ਟੀ ਕੀਤੀ ਜਾਵੇ। ਜਿਵੇਂ:

ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ॥

ਜੈਸੇ ਮੈਲੁ ਨ ਲਾਗੈ ਜਲਾ॥

ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ॥

ਜੈਸੇ ਧਰ ਊਪਰਿ ਆਕਾਸੁ॥ (272)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਬ੍ਰਹਮ ਗਿਆਨੀ ਦੀ ਮਹਿਮਾ ਦਾ ਵਰਨਣ ਕਰਦੇ ਹੋਏ ਦੱਸਦੇ ਹਨ ਕਿ ਬ੍ਰਹਮ ਗਿਆਨੀ ਇਸ ਸੰਸਾਰ ਵਿਚ ਸਭ ਤੋਂ ਵੱਧ ਪਵਿੱਤਰ ਹੈ। ਜਿਵੇਂ ਪਾਣੀ ਨੂੰ ਕਦੇ ਮੈਲ ਨਹੀਂ ਲੱਗਦੀ, ਉਸੇ ਤਰ੍ਹਾਂ ਬ੍ਰਹਮ ਗਿਆਨੀ ਕਦੇ ਅਪਵਿੱਤਰ ਨਹੀਂ ਹੁੰਦਾ। ਬ੍ਰਹਮ ਗਿਆਨੀ ਦਾ ਮਨ ਸਦਾ ਰੌਸ਼ਨ ਰਹਿੰਦਾ ਹੈ। ਜਿਵੇਂ ਧਰਤੀ ਉਪਰ ਆਕਾਸ਼ ਵਿਆਪਕ ਹੈ, ਉਸੇ ਤਰ੍ਹਾਂ ਬ੍ਰਹਮ ਗਿਆਨੀ ਵੀ ਪਰਮਾਤਮਾ ਨੂੰ ਹਰ ਥਾਂ ਤੇ ਮੌਜੂਦ ਦੇਖਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੀ ਗੱਲ ਨਾਲ ਸੰਬੰਧਿਤ ਦਲੀਲ ਦੇ ਕੇ ਉਸ ਗੱਲ ਦੀ ਪੁਸ਼ਟੀ ਕੀਤੀ ਹੈ ਜੋ ਕਿ ਕਾਵਿ ਲਿੰਗ ਅਲੰਕਾਰ ਨਾਲ ਸੰਬੰਧਿਤ ਹੈ।

ਅਨਿਕ ਭਾਤਿ ਮਾਇਆ ਕੇ ਹੇਤ॥

ਸਰਪਰ ਹੋਵਤ ਜਾਨੁ ਅਨੇਤ॥

ਬਿਰਖ ਕੀ ਛਾਇਆ ਸਿਉ ਰੰਗੁ ਲਾਵੈ॥

ਓਹ ਬਿਨਸੈ ਉਹੁ ਮਨਿ ਪਛੁਤਾਵੈ॥ (268)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਇਸ ਸੰਸਾਰ ਵਿਚ ਮਾਇਆ ਦੇ ਅਨੇਕ ਆਕ੍ਰਸ਼ਣ ਹਨ ਪਰੰਤੂ ਅੰਤ ਵਿਚ ਇਹ ਸਭ ਕੁਝ ਨਾਸ਼ ਹੋ ਜਾਂਦੇ ਹਨ। ਜਿਹੜਾ ਵਿਅਕਤੀ ਕਿਸੇ ਰੁੱਖ ਦੀ ਛਾਂ ਨਾਲ ਪ੍ਰੇਮ ਕਰਨ ਲੱਗ ਪੈਂਦਾ ਹੈ ਤਾਂ ਜਦੋਂ ਛਾਂ ਖਤਮ ਹੋ ਜਾਂਦੀ ਹੈ, ਫਿਰ ਉਸ ਨੂੰ ਪਛਤਾਉਣਾ ਪੈਂਦਾ ਹੈ ਕਿਉਂਕਿ ਇਸ ਸੰਸਾਰ ਵਿਚ ਜੋ ਕੁਝ ਵੀ ਦਿਖਾਈ ਦੇ ਰਿਹਾ ਹੈ ਉਹ ਸਭ ਕੁਝ ਨਸ਼ਟਮਾਨ ਅਤੇ ਅਸਥਾਈ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੀ ਗੱਲ ਨਾਲ ਸੰਬੰਧਿਤ ਦਲੀਲ ਦੇ ਕੇ ਉਸ ਗੱਲ ਦੀ ਪੁਸ਼ਟੀ ਕੀਤੀ ਹੈ ਜੋ ਕਿ ਕਾਵਿ ਲਿੰਗ ਅਲੰਕਾਰ ਨਾਲ ਸੰਬੰਧਿਤ ਹੈ।

ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥

ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥

ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥ (133)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜਿਵੇਂ ਦੁੱਧ ਤੋਂ ਬਿਨਾਂ ਗਊ ਕਿਸੇ ਕੰਮ ਦੀ ਨਹੀਂ ਹੁੰਦੀ, ਪਾਣੀ ਤੋਂ ਬਿਨਾਂ ਖੇਤੀ ਕੁਮਲਾ ਕੁਮਲਾ ਜਾਂਦੀ ਹੈ ਅਤੇ ਨਸ਼ਟ ਹੋਈ ਖੇਤੀ ਦੀ ਕੋਈ ਕੀਮਤ ਨਹੀਂ ਹੁੰਦੀ, ਠੀਕ ਉਸੇ ਤਰ੍ਹਾਂ ਜੇਕਰ ਮਨੁੱਖ ਪਰਮਾਤਮਾ ਦੇ ਨਾਮ ਦਾ ਸਿਮਰਨ ਨਹੀਂ ਕਰਦਾ ਤਾਂ ਉਸਨੂੰ ਸੁਖ-ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੀ ਗੱਲ ਨਾਲ ਸੰਬੰਧਿਤ ਦਲੀਲ ਦੇ ਕੇ ਉਸ ਗੱਲ ਦੀ ਪੁਸ਼ਟੀ ਕੀਤੀ ਹੈ ਜੋ ਕਿ ਕਾਵਿ ਲਿੰਗ ਅਲੰਕਾਰ ਨਾਲ ਸੰਬੰਧਿਤ ਹੈ।

ਸੰਤ ਕਾ ਦੋਖੀ ਅੰਤਰ ਤੇ ਥੋਥਾ॥

ਜਿਉ ਸਾਸ ਬਿਨਾ ਮਿਰਤਕ ਕੀ ਲੋਥਾ॥ (279)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜਿਵੇਂ ਪ੍ਰਾਣਾਂ ਜਾਂ ਸੁਆਸਾਂ ਤੋਂ ਬਿਨਾਂ ਮ੍ਰਿਤਕ ਵਿਅਕਤੀ ਇਕ ਲਾਸ਼ ਬਣ ਕੇ ਰਹਿ ਜਾਂਦਾ ਹੈ, ਠੀਕ ਉਸੇ ਤਰ੍ਹਾਂ ਸੰਤਾਂ ਦੀ ਨਿੰਦਾ ਕਰਨ ਵਾਲਾ ਵਿਅਕਤੀ ਅੰਦਰੋਂ ਥੋਥਾ ਜਾਂ ਖਾਲੀ ਹੀ ਰਹਿ ਜਾਂਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੀ ਗੱਲ ਨਾਲ ਸੰਬੰਧਿਤ ਦਲੀਲ ਦੇ ਕੇ ਉਸ ਗੱਲ ਦੀ ਪੁਸ਼ਟੀ ਕੀਤੀ ਹੈ ਜੋ ਕਿ ਕਾਵਿ ਲਿੰਗ ਅਲੰਕਾਰ ਨਾਲ ਸੰਬੰਧਿਤ ਹੈ।

ਸੰਤ ਕਾ ਦੋਖੀ ਇਉ ਬਿਲਲਾਇ॥

ਜਿਉ ਜਲ ਬਿਹੂਨ ਮਛੁਲੀ ਤੜਫੜਾਇ॥

ਸੰਤ ਕਾ ਦੋਖੀ ਭੂਖਾ ਨਹੀ ਰਾਜੈ॥

ਜਿਉ ਪਾਵ੍ਕ ਈਧਨਿ ਨਹੀ ਧ੍ਰਾਪੈ॥

ਸੰਤ ਕਾ ਦੋਖੀ ਛੁਟੈ ਇਕੇਲਾ॥

ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ॥ (279)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਸੰਤ ਦਾ ਨਿੰਦਕ ਇਸ ਤਰ੍ਹਾਂ ਵਿਲਕਦਾ ਹੈ ਜਿਵੇਂ ਇਕ ਮੱਛੀ ਪਾਣੀ ਦੇ ਵੱਖ ਹੋ ਜਾਣ ਦੀ ਸੂਰਤ ਵਿਚ ਤੜਪਦੀ ਹੈ। ਸੰਤ ਦੇ ਨਿੰਦਕ ਦੀ ਨੀਤ ਕਦੇ ਨਹੀਂ ਭਰਦੀ, ਜਿਵੇਂ ਅੱਗ ਵਿਚ ਬਹੁਤ ਸਾਰਾ ਬਾਲਣ ਪਾਉਣ ਦੇ ਬਾਵਜੂਦ ਇਸ ਨੂੰ ਹੋਰ ਬਾਲਣ ਦੀ ਜਰੂਰਤ ਹੁੰਦੀ ਹੈ। ਸੰਤ ਦਾ ਨਿੰਦਕ ਇਸ ਸੰਸਾਰ ਵਿਚ ਇਕੱਲਾ ਹੀ ਰਹਿ ਜਾਂਦਾ ਹੈ ਜਿਵੇਂ ਤਿਲਾਂ ਦੇ ਖੇਤ ਵਿਚ ਸੜੇ ਹੋਏ ਬੂਟਿਆਂ ਨੂੰ ਉਥੇ ਹੀ ਛੱਡ ਦਿੱਤਾ ਜਾਂਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੀ ਗੱਲ ਨਾਲ ਸੰਬੰਧਿਤ ਦਲੀਲ ਦੇ ਕੇ ਉਸ ਗੱਲ ਦੀ ਪੁਸ਼ਟੀ ਕੀਤੀ ਹੈ ਜੋ ਕਿ ਕਾਵਿ ਲਿੰਗ ਅਲੰਕਾਰ ਨਾਲ ਸੰਬੰਧਿਤ ਹੈ।

ਜਲ ਤਰੰਗੁ ਜਿਉ ਜਲਹਿ ਸਮਾਇਆ॥

ਤਿਉ ਜੋਤੀ ਸੰਗਿ ਜੋਤਿ ਮਿਲਾਇਆ॥ (102)

**ਅਸੰਭਵ ਅਲੰਕਾਰ:-** ਜਦੋਂ ਕਵਿਤਾ ਜਾਂ ਕਾਵਿ ਵਿਚ ਕਿਸੇ ਅਣਹੋਈ ਗੱਲ ਦੇ ਹੋਣ ਬਾਰੇ ਦੱਸਿਆ ਜਾਵੇ, ਤਾਂ ਉੱਥੇ ਅਸੰਭਵ ਅਲੰਕਾਰ ਹੁੰਦਾ ਹੈ।

ਪ੍ਰਭ ਭਾਵੈ ਤਾ ਪਾਥਰ ਤਰਾਵੈ॥

ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ॥ (276)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜੇ ਪਰਮਾਤਮਾ ਦੀ ਕਿਰਪਾ ਹੋਵੈ ਤਾਂ ਪੱਥਰ ਪਾਣੀ ਵਿਚ ਤੈਰ ਸਕਦਾ ਹੈ ਅਤੇ ਮਨੁੱਖ ਸੁਆਸਾਂ ਤੋਂ ਬਿਨਾਂ ਵੀ ਜਿਉਂਦਾ ਰਹਿ ਸਕਦਾ ਹੈ, ਜੋ ਕਿ

ਵਿਗਿਆਨ ਦੇ ਪੱਖ ਤੋਂ ਸੰਭਵ ਨਹੀਂ ਹੈ। ਇੱਥੇ ਓਪਰੋਕਤ ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਸੰਕਲਪ ਨੂੰ ਸਪੱਸ਼ਟ ਕਰਨ ਲਈ ਅਸੰਭਵ ਅਲੰਕਾਰ ਦੀ ਵਰਤੋਂ ਕੀਤੀ ਹੈ।

ਛਾਰੁ ਕੀ ਪੁਤਰੀ ਪਰਮ ਗਤਿ ਪਾਈ॥

ਨਾਨਕ ਜਾ ਕਉ ਸੰਤ ਸਹਾਈ॥ (254)

ਓਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜਿਸ ਉਪਰ ਸੰਤਾਂ ਦੀ ਕਿਰਪਾ ਹੋ ਜਾਵੇ, ਤਾਂ ਮਿੱਟੀ ਦਾ ਪੁਤਲਾ ਵੀ ਮੁਕਤੀ ਜਾਂ ਪਰਮਗਤਿ ਨੂੰ ਪ੍ਰਾਪਤ ਕਰ ਲੈਂਦਾ ਹੈ, ਜੋ ਕਿ ਵਿਗਿਆਨ ਦੇ ਪੱਖ ਤੋਂ ਸੰਭਵ ਨਹੀਂ ਹੈ। ਇੱਥੇ ਓਪਰੋਕਤ ਸਤਰ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਨੂੰ ਸਪੱਸ਼ਟ ਕਰਨ ਲਈ ਅਸੰਭਵ ਅਲੰਕਾਰ ਦੀ ਵਰਤੋਂ ਕੀਤੀ ਹੈ।

ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ॥ (261)

ਓਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜੇ ਪਰਮਾਤਮਾ ਚਾਹੇ ਤਾਂ ਪੱਥਰਾਂ ਪਾਣੀ ਵਿਚ ਤੈਰਨ ਲਾ ਦਿੰਦਾ ਹੈ, ਜੋ ਕਿ ਵਿਗਿਆਨ ਦੇ ਪੱਖ ਤੋਂ ਸੰਭਵ ਨਹੀਂ ਹੈ। ਇੱਥੇ ਓਪਰੋਕਤ ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਦ੍ਰਿੜ੍ਹ ਕਰਨ ਲਈ ਅਸੰਭਵ ਅਲੰਕਾਰ ਦੀ ਵਰਤੋਂ ਕੀਤੀ ਹੈ।

ਸਾਧ ਕਿਰਪਾ ਤੇ ਸੂਕਾ ਹਰਿਆ॥ (102)

ਓਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜੇ ਸਾਧੂ ਜਾਂ ਸੰਤਾਂ ਦੀ ਮਿਹਰ ਜਾਂ ਕਿਰਪਾ ਹੋ ਜਾਵੇ ਤਾਂ ਸੁੱਕਾ ਰੁੱਖ ਵੀ ਹਰਿਆ-ਭਰਿਆ ਹੋ ਜਾਂਦਾ ਹੈ, ਜੋ ਕਿ ਵਿਗਿਆਨ ਦੇ ਪੱਖ ਤੋਂ ਸੰਭਵ ਨਹੀਂ ਹੈ। ਇੱਥੇ ਓਪਰੋਕਤ ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਦ੍ਰਿੜ੍ਹ ਕਰਨ ਲਈ ਅਸੰਭਵ ਅਲੰਕਾਰ ਦੀ ਵਰਤੋਂ ਕੀਤੀ ਹੈ।

ਕਰਿ ਕਿਰਪਾ ਡੁਬਦਾ ਪਥਰੁ ਲੀਜੈ॥ (103)

ਜਿਨਿ ਕੀਤਾ ਮਾਟੀ ਤੇ ਰਤਨੁ॥ (177)

ਨੀਕੀ ਕੀਰੀ ਮਹਿ ਕਲ ਰਾਖੈ॥

ਭਸਮ ਕਰੇ ਲਸਕਰ ਕੋਟਿ ਲਾਖੈ॥ (285)

ਮਿਰਤਕ ਕਉ ਜੀਵਾਲਨ ਹਾਰ॥ (282)

**ਵਚਿੱਤਰ ਅਲੰਕਾਰ:-** 'ਵਚਿੱਤਰ' ਸ਼ਬਦ ਦਾ ਅਰਥ ਹੈ **-** ਅਨੋਖਾ ਜਾਂ ਅਸਚਰਜ। ਜਦੋਂ ਕਿਸੇ ਕਵਿਤਾ ਜਾਂ ਕਾਵਿ ਵਿਚ ਕਿਸੇ ਫਲ ਦੀ ਪ੍ਰਾਪਤੀ ਲਈ ਉਸ ਫਲ ਤੋਂ ਉਲਟਾ ਯਤਨ ਕੀਤਾ ਜਾਵੇ।

ਜੋਗ ਅਭਿਆਸ ਕਰਮ ਧ੍ਰਮ ਕਿਰਿਆ॥ ਸਗਲ ਤਿਆਗਿ ਬਨ ਮਧੇ ਫਿਰਿਆ॥

ਅਨਿਕ ਪ੍ਰਕਾਰ ਕੀਏ ਬਹੁ ਜਤਨਾ॥ ਪੁੰਨ ਦਾਨ ਹੋਮੇ ਬਹੁ ਰਤਨਾ॥

ਸਰੀਰ ਕਟਾਇ ਹੋਮੈ ਕਰਿ ਰਾਤੀ॥ ਵਰਤ ਨੇਮ ਕਰੈ ਬਹੁ ਭਾਤੀ॥

ਨਹੀ ਤੁਲਿ ਰਾਮ ਨਾਮ ਬੀਚਾਰ॥ ਨਾਨਕ ਗੁਰਮੁਖਿ ਨਾਮੁ ਜਪੀਐ ਇਕ ਬਾਰ॥ (265)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜਪ ਤਪ ਕਰਨੇ, ਸਮਾਧੀ ਲਗਾਉਣਾ, ਯੋਗ-ਅਭਿਆਸ ਕਰਨੇ, ਸਭ ਕੁਝ ਤਿਆਗ ਕੇ ਜੰਗਲਾਂ ਵਿਚ ਤਪਸਿਆ ਕਰਨੀ, ਯੱਗ ਕਰਨੇ, ਆਪਣੇ ਸਰੀਰ ਦੀ ਬਲੀ ਚੜ੍ਹਾ ਦੇਣਾ ਆਦਿਕ ਸਭ ਕੁਝ ਅਰਥਹੀਣ ਹੈ, ਕਿਉਂਕਿ ਪਰਮਾਤਮਾ ਦੀ ਪ੍ਰਾਪਤੀ ਕੇਵਲ ਨਾਮ-ਸਿਮਰਨ ਅਤੇ ਚੰਗੇ ਕਰਮ ਦੁਆਰਾ ਹੀ ਕੀਤੀ ਜਾ ਸਕਦੀ ਹੈ। ਇੱਥੇ ਪਰਮਾਤਮਾ ਦੀ ਪ੍ਰਾਪਤੀ ਲਈ ਉਸ ਦੇ ਉਲਟ ਕਰਮ-ਕਾਂਡ ਕੀਤੇ ਜਾ ਰਹੇ ਹਨ ਜੋ ਕਿ ਵਚਿੱਤਰ ਅਲੰਕਾਰ ਨਾਲ ਸੰਬੰਧਿਤ ਹੈ।

ਰਤਨੁ ਤਿਆਗਿ ਕਉਡੀ ਸੰਗਿ ਰਚੈ॥ ਸਾਚੁ ਛੋਡਿ ਝੂਠ ਸੰਗਿ ਮਚੈ॥

ਜੋ ਛਡਨਾ ਸੁ ਅਸਥਿਰ ਮਾਨੈ॥ ਜੋ ਹੋਵਨੁ ਸੋ ਦੂਰਿ ਪਰਾਨੈ॥ (266)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਮਨਮੁਖ ਵਿਅਕਤੀ ਜਾਂ ਪਦਾਰਥਵਾਦੀ ਰੁਚੀ ਵਾਲਾ ਵਿਅਕਤੀ ਪਰਮਾਤਮਾ ਦੇ ਨਾਮ ਦੀ ਬਹੁਮੁੱਲੀ ਦਾਤ ਨੂੰ ਤਿਆਗ ਦਿੰਦਾ ਹੈ ਅਤੇ ਝੂਠੇ ਮਾਰਗ ਉੱਤੇ ਆਕੜ-ਆਕੜ ਕੇ ਚੱਲਦਾ ਹੈ। ਜਿਹੜੀ ਧਨ-ਦੌਲਤ ਉਸਨੇ ਇੱਥੇ ਹੀ ਛੱਡ ਜਾਣੀ ਹੈ, ਉਸ ਨੂੰ ਇੱਕਠੀ ਕਰਨ ਲਈ ਉਹ ਸਖ਼ਤ ਮਿਹਨਤ ਕਰਦਾ ਹੈ ਅਤੇ ਜਿਸ ਪਰਮਾਤਮਾ ਨੇ ਹਰ ਸਮੇਂ ਸਹਾਈ ਹੋਣਾ ਹੈ, ਉਸ ਨੂੰ ਭੁਲਾਈ ਬੈਠਾ ਹੈ। ਇੱਥੇ ਮਨਮੁਖ ਵਿਅਕਤੀ ਪਰਮਾਤਮਾ ਦੇ ਨਾਮ-ਸਿਮਰਨ ਕਰਨ ਦੀ ਬਜਾਏ ਹੋਰ ਕਰਮ-ਕਾਂਡ ਕਰ ਰਿਹਾ ਹੈ ਜੋ ਕਿ ਵਚਿੱਤਰ ਅਲੰਕਾਰ ਨਾਲ ਸੰਬੰਧਿਤ ਹੈ।

**ਪ੍ਰਸ਼ਨ ਅਲੰਕਾਰ:-** ਇਹ ਅਲੰਕਾਰ ਪੁਛੇ ਗਏ ਪ੍ਰਸ਼ਨ ਤੇ ਆਧਾਰਿਤ ਹੁੰਦਾ ਹੈ। ਜਦੋਂ ਕਵਿਤਾ ਜਾਂ ਕਾਵਿ ਵਿਚ ਕਵੀ ਪਾਠਕਾਂ ਤੋਂ ਕੋਈ ਪ੍ਰਸ਼ਨ ਪੁੱਛਦਾ ਹੈ ਤਾਂ ਉੱਥੇ ਪ੍ਰਸ਼ਨ ਅਲੰਕਾਰ ਹੁੰਦਾ ਹੈ। ਅਧਿਆਤਮਕ ਸਾਹਿਤ ਵਿਚ ਗੁਰੂ ਅਤੇ ਚੇਲੇ (ਸਾਧਕ, ਜਿਗਿਆਸੂ) ਵਿਚਲੀ ਵਾਰਤਾਲਾਪ ਨੂੰ ਪ੍ਰਸ਼ਨ-ਉੱਤਰ ਸ਼ੈਲੀ ਵਿਚ ਪ੍ਰਸਤੁਤ ਕੀਤਾ ਜਾਂਦਾ ਹੈ। ਪ੍ਰਸ਼ਨ ਅਲੰਕਾਰ ਵਿਚ ਜਿਗਿਆਸੂ ਪਹਿਲਾਂ ਪ੍ਰਸ਼ਨ ਪੁੱਛਦਾ ਹੈ ਅਤੇ ਗੁਰੂ ਉਸ ਪ੍ਰਸ਼ਨ ਦਾ ਜਵਾਬ ਜਾਂ ਉੱਤਰ ਦਿੰਦਾ ਹੈ। ਜਿਵੇਂ:

ਤੁਝ ਬਿਨੁ ਕਵਨੁ ਹਮਾਰਾ॥ (206)

ਉਪਰੋਕਤ ਕਾਵਿ-ਸਤਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਇਕ ਜਿਗਿਆਸੂ ਜਾਂ ਸਾਧਕ ਦੇ ਰੂਪ ਵਿਚ ਉਸ ਪਰਮਾਤਮਾ ਜਾਂ ਪ੍ਰਭੂ ਨੂੰ ਪ੍ਰਸ਼ਨ ਕਰਦੇ ਹਨ ਕਿ ਤੁਹਾਡੇ ਤੋਂ ਬਿਨ੍ਹਾਂ ਇਸ ਸੰਸਾਰ ਵਿਚ ਸਾਡਾ ਕੌਣ ਹੈ?

ਜਾ ਤੂੰ ਸਾਹਿਬੁ ਤਾ ਭਉ ਕੇਹਾ ਹਉ ਤੁਧੁ ਬਿਨੁ ਕਿਸ ਸਾਲਾਹੀ॥ (382)

ਉਪਰੋਕਤ ਕਾਵਿ-ਤੁਕ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਇਕ ਜਿਗਿਆਸੂ ਜਾਂ ਸਾਧਕ ਦੇ ਰੂਪ ਵਿਚ ਉਸ ਪਰਮਾਤਮਾ ਜਾਂ ਪ੍ਰਭੂ ਨੂੰ ਪ੍ਰਸ਼ਨ ਕਰਦੇ ਹਨ ਕਿ ਤੁਹਾਡੇ ਤੋਂ ਬਿਨ੍ਹਾਂ ਇਸ ਸੰਸਾਰ ਵਿਚ ਕਿਸ ਦੀ ਸਿਫਤ ਸਾਲਾਹ ਕਰੀਏ?

ਕਿਸੁ ਭਰਵਾਸੈ ਬਿਚਰਹਿ ਭਵਨ॥

ਮੂੜ ਮੁਗਧ ਤੇਰਾ ਸੰਗੀ ਕਵਨ॥ (382)

ਉਪਰੋਕਤ ਕਾਵਿ-ਪੰਕਤੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਜਿਗਿਆਸੂ ਨੂੰ ਪ੍ਰਸ਼ਨ ਕਰਦੇ ਹਨ ਕਿ ਇਸ ਲੋਕ ਅਤੇ ਪਰਲੋਕ ਵਿਚ ਵਿਚ ਤੇਰਾ ਸੰਗੀ ਜਾਂ ਸਾਥੀ ਕੌਣ ਹੈ?

ਢੋ ਪੇਖਉ ਸੋ ਬਿਨਸਤਉ ਕਾ ਸਿਉ ਕਰੀਐ ਸੰਗੁ॥ (255)

ਉਪਰੋਕਤ ਕਾਵਿ-ਸਤਰ ਵਿਚ ਜਿਗਿਆਸੂ ਆਪਣੇ ਗੁਰੂ ਨੂੰ ਪ੍ਰਸ਼ਨ ਕਰਦਾ ਹੈ ਕਿ ਜੇਕਰ ਇਸ ਸੰਸਾਰ ਵਿਚ ਸਭ ਕੁਝ ਨਸ਼ਟਮਾਨ ਹੈ ਤਾਂ ਫਿਰ ਕਿਸ ਦੀ ਸੰਗਤ ਕਰੀਏ?

ਸੰਗਿ ਤੁਹਾਰੈ ਪ੍ਰਭੂ ਬਸੈ ਬਨੁ ਬਨੁ ਕਹਾ ਫਿਰਾਹਿ॥ (256)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਆਪਣੇ ਸਾਧਕ ਕੋਲੋਂ ਪ੍ਰਸ਼ਨ ਪੁੱਛਦਾ ਹੈ ਕਿ ਪਰਮਾਤਮਾ ਤੇ ਹਰ ਮਨੁੱਖ ਦੇ ਅੰਦਰ ਵੱਸਦਾ ਹੈ ਪਰ ਤੂੰ ਪਰਮਾਤਮਾ ਨੂੰ ਲੱਭਣ ਲਈ ਜੰਗਲਾਂ ਵਿਚ ਇੱਧਰ-ਉੱਧਰ ਕਿਉਂ ਭਟਕ ਰਿਹਾ ਹੈ?

ਥਥਾ ਥਿਰੁ ਕੋਉ ਨਹੀ ਕਾਇ ਪਸਾਰਹੁ ਪਾਵ॥ (257)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਆਪਣੇ ਸਾਧਕ ਕੋਲੋਂ ਪ੍ਰਸ਼ਨ ਪੁੱਛਦਾ ਹੈ ਕਿ ਇਸ ਸੰਸਾਰ ਵਿਚ ਸਥਿਰ ਅਤੇ ਪੱਕਾ ਕੁਝ ਵੀ ਨਹੀਂ ਹੈ ਪਰ ਤੂੰ ਇੱਥੇ ਪੈਰ ਕਿਉਂ ਪਸਾਰ ਰਿਹਾ ਹੈ ਭਾਵ ਪੰਜ ਵਿਕਾਰਾਂ ਵਿਚ ਫਸ ਕੇ ਕਿਉਂ ਮੌਤ ਨੂੰ ਵਿਸਾਰ ਬੈਠਾ ਹੈ?

ਜੋ ਦੀਨੇ ਸੋ ਏਕਹਿ ਬਾਰ॥

ਮਨ ਮੂਰਖ ਕਹ ਕਰਹਿ ਪੁਕਾਰ॥ (258)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਆਪਣੇ ਮਨ ਕੋਲੋਂ ਪ੍ਰਸ਼ਨ ਪੁੱਛਦੇ ਹਨ ਕਿ ਜੇਕਰ ਪਰਮਾਤਮਾ ਸਾਨੂੰ ਬਿਨ੍ਹਾ ਮੰਗੇ ਸਭ ਕੁਝ ਦੇ ਰਿਹਾ ਹੈ ਤਾਂ ਤੂੰ ਕਿਉਂ ਵਾਰ-ਵਾਰ ਪਰਮਾਤਮਾ ਕੋਲੋਂ ਮੰਗ ਕੇ ਸ਼ਰਮਸਾਰ ਜਾਂ ਸ਼ਰਮਿੰਦਾ ਹੋ ਰਿਹਾ ਹੈ।

ਸਾ ਵੇਲਾ ਕਹੁ ਕਉਣ ਹੈ ਜਿਤੁ ਪ੍ਰਭੁ ਕਉ ਪਾਈ॥

ਆਠ ਪਹਰ ਹਰਿ ਧਿਆਇਕੈ ਮਨ-ਇਛ ਪੁਜਾਈ॥ (709)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜਿਗਿਆਸੂ ਆਪਣੇ ਗੁਰੂ ਕੋਲੋਂ ਪ੍ਰਸ਼ਨ ਪੁੱਛਦੇ ਹਨ ਕਿ ਉਹ ਕਿਹੜਾ ਸਮਾਂ ਹੈ ਜਦੋਂ ਅਸੀਂ ਉਸ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਕੇ ਉਸ ਨੂੰ ਪ੍ਰਾਪਤ ਕਰ ਸਕਦੇ ਹਾਂ?

ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ॥ ਤਹ ਬਿਨੁ ਮੈਲੁ ਕਹਹੁ ਕਿਆ ਧੋਤਾ॥

ਜਹ ਨਿਰੰਜਨ ਨਿਰੰਕਾਰ ਨਿਰਬਾਨ॥ ਤਹ ਕਉਨ ਕਉ ਮਾਨ ਕਉਨ ਅਭਿਮਾਨ॥

ਜਹ ਸਰੂਪ ਕੇਵਲ ਜਗਦੀਸ॥ ਤਹ ਛਲ ਛਿਦ੍ਰ ਲਗਤ ਕਹੁ ਕੀਸ॥

ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ॥ ਤਹ ਕਿਸਹਿ ਭੂਖ ਕਵਨੁ ਤ੍ਰਿਪਤਾਵੈ॥ (290)

ਉਪਰੋਕਤ ਕਾਵਿ-ਸਤਰਾਂ ਵਿਚ ਜਿਗਿਆਸੂ ਆਪਣੇ ਗੁਰੂ ਕੋਲੋਂ ਪ੍ਰਸ਼ਨ ਪੁਛਦਾ ਹੈ ਕਿ ਜੇਕਰ ਉਹ ਪਰਮਾਤਮਾ ਪਵਿੱਤਰ ਹੈ ਤਾਂ ਅਪਵਿੱਤਰਤਾ ਦਾ ਕੋਈ ਸਵਾਲ ਹੀ ਨਹੀਂ ਸੀ। ਜਦੋਂ ਪਰਮਾਤਮਾ ਮਾਇਆ-ਰਹਿਤ, ਆਕਾਰ-ਰਹਿਤ ਅਤੇ ਵਾਸ਼ਨਾ-ਰਹਿਤ ਸੀ ਤਾਂ ਕਿਸੇ ਦੇ ਮਾਨ ਜਾਂ ਅਪਮਾਨ ਦੀ ਕੀ ਗੱਲ ਹੋਣੀ ਸੀ? ਜਿੱਥੇ ਕੇਵਲ ਇਕ ਹੀ ਪਰਮਾਤਮਾ ਦੀ ਹੋਂਦ ਸੀ ਤਾਂ ਉੱਥੇ ਕਿਸੇ ਨੂੰ ਧੋਖਾ ਜਾਂ ਫਰੇਬ ਕਿਸੇ ਨੇ ਕੀ ਦੇਣਾ ਸੀ? ਜਦੋਂ ਕੇਵਲ ਇਕ ਹੀ ਜੋਤਿ ਸਰੂਪ ਪਰਮਾਤਮਾ ਆਪਣੀ ਜੋਤਿ ਵਿਚ ਸੁਭਾਇਮਾਨ ਸੀ ਤਾਂ ਉੱਥੇ ਕਿਸੇ ਦੀ ਤ੍ਰਿਪਤੀ ਜਾਂ ਅਤ੍ਰਿਪਤੀ ਦੀ ਸਮੱਸਿਆ ਹੀ ਕੀ ਹੋਣੀ ਸੀ?

**ਉੱਤਰ ਅਲੰਕਾਰ:-** ਇਹ ਅਲੰਕਾਰ ਕਵਿਤਾ ਜਾਂ ਕਾਵਿ ਵਿਚ ਪੁੱਛੇ ਗਏ ਪ੍ਰਸ਼ਨ ਦੇ ਉੱਤਰ 'ਤੇ ਆਧਾਰਿਤ ਹੁੰਦਾ ਹੈ। ਅਧਿਆਤਮਕ ਸਾਹਿਤ ਵਿਚ ਜਿਗਿਆਸੂ ਜਾਂ ਸਾਧਕ ਆਪਣੇ ਗੁਰੂ ਤੋਂ ਪ੍ਰਸ਼ਨ ਪੁਛਦਾ ਹੈ ਅਤੇ ਗੁਰੂ ਉਨ੍ਹਾਂ ਪ੍ਰਸ਼ਨਾਂ ਦਾ ਉੱਤਰ ਦੱਸਦਾ ਹੈ। ਜਿਵੇਂ :

ਪ੍ਰਸ਼ਨ: ਤੁਝ ਬਿਨੁ ਕਵਨੁ ਹਮਾਰਾ॥ (206)

ਉੱਤਰ: ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ (262)

ਓਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨਾਮ-ਸਿਮਰਨ ਦੇ ਮਹੱਤਵ ਨੂੰ ਦ੍ਰਿੜ੍ਹ ਕਰਦੇ ਹੋਏ ਦੱਸਦੇ ਹਨ ਕਿ ਉਸ ਪਰਮਾਤਮਾ ਦਾ ਅੰਮ੍ਰਿਤ ਰੂਪੀ ਨਾਮ ਸਾਰੇ ਸੁੱਖਾਂ ਦੀ ਮਣੀ ਹੈ ਭਾਵ ਪਰਮਾਤਮਾ ਦਾ ਨਾਮ-ਸਿਮਰਨ ਕਰਨ ਨਾਲ ਦੁਨੀਆਂ ਦੇ ਸਮੂਹ ਖ਼ਜ਼ਾਨੇ ਪ੍ਰਾਪਤ ਹੋ ਜਾਂਦੇ ਹਨ।

> ਗੁਰਮੁਖਿ ਨਾਮੁ ਜਪਹੁ ਮਨ ਮੇਰੇ॥ ਨਾਨਕ ਪਾਵਹੁ ਸੂਖ ਘਨੇਰੇ॥ (264)

ਓਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਜੀ ਦੱਸਦੇ ਹਨ ਕਿ ਜਿੱਥੇ ਮਾਤਾ, ਪਿਤਾ, ਪੁੱਤਰ ਜਾਂ ਮਿੱਤਰ ਕੋਈ ਵੀ ਸਹਾਇਤਾ ਲਈ ਨਹੀਂ ਪਹੁੰਚ ਸਕਦੇ, ਉੱਥੇ ਉਸ ਪਰਮਾਤਮਾ ਦਾ ਨਾਮ ਤੇਰੀ ਸਹਾਇਤਾ ਕਰੇਗਾ। ਇੱਥੇ ਗੁਰੂ ਜੀ ਨੇ ਪਰਮਾਤਮਾ ਦੇ ਨਾਮ-ਸਿਮਰਨ ਦੇ ਸੰਕਲਪ ਜਾ ਭਾਵ ਨੂੰ ਦ੍ਰਿੜ੍ਹ ਕਰਨ ਲਈ ਉੱਤਰ ਅਲੰਕਾਰ ਦਾ ਸਹਾਰਾ ਲਿਆ ਹੈ।

> ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥
>
> ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ॥ (250)

ਓਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਸਤਿਗੁਰੂ ਦੇ ਮਹੱਤਵ ਨੂੰ ਦ੍ਰਿੜ ਕਰਵਾਉਂਦੇ ਹੋਏ ਦੱਸਦੇ ਹਨ ਕਿ ਗੁਰੂ ਮਾਤਾ ਹੈ, ਪਿਤਾ ਹੈ, ਸੁਆਮੀ ਹੈ, ਸਕਾ-ਸੰਬੰਧੀ ਹੈ, ਅਗਿਆਨ ਦੂਰ ਕਰਨ ਵਾਲਾ ਹੈ ਅਤੇ ਸਾਡਾ ਭਰਾ ਹੈ, ਕਿਉਂਕਿ ਇਸ ਇਸ ਸੰਸਾਰ ਵਿਚ ਸਭ ਪਦਾਰਥ ਅਤੇ ਵਸਤਾਂ ਨਸ਼ਟਵਾਨ ਹਨ।

ਪ੍ਰਸ਼ਨ: ਜਾ ਤੂੰ ਸਾਹਿਬੁ ਤਾ ਭਉ ਕੇਹਾ ਹਉ ਤੁਧੁ ਬਿਨੁ ਕਿਸ ਸਾਲਾਹੀ॥ (382)

ਉੱਤਰ: ਸੰਤਸੰਗਿ ਸਿਮਰਤ ਰਹਹੁ ਇਹੈ ਤੁਹਾਰੈ ਕਾਜ॥ (256)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਮਨੁੱਖ ਦਾ ਸਭ ਤੋਂ ਵੱਡਾ ਪ੍ਰਯੋਜਨ ਅਤੇ ਕਾਰਜ ਸਾਧੂ-ਸੰਤਾਂ ਦੀ ਸੰਗਤ ਵਿਚ ਬੈਠ ਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਹੈ।

ਪ੍ਰਭ ਕਾ ਸਿਮਰਨੁ ਸਭ ਤੇ ਊਚਾ॥ (262)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਪਰਮਾਤਮਾ ਦੇ ਨਾਮ ਦਾ ਸਿਮਰਨ ਸਭ ਤੋਂ ਮਹਾਨ ਕਾਰਜ ਹੈ।

ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਰ॥

ਕੀਨੇ ਰਾਮ ਨਾਮ ਇਕ ਆਖ੍ਰ॥ (262)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਵੇਦਾਂ, ਪੁਰਾਣਾਂ ਅਤੇ ਸਿਮ੍ਰਤੀਆਂ ਵਿਚ ਉਸ ਪਰਮਾਤਮਾ ਦੇ ਨਾਮ ਨੂੰ ਹੀ ਸਭ ਤੋਂ ਪਵਿੱਤਰ ਮੰਨਿਆ ਗਿਆ ਹੈ।

ਪ੍ਰਸ਼ਨ: ਕਿਸੁ ਭਰਵਾਸੈ ਬਿਚਰਹਿ ਭਵਨ॥ ਮੂੜ ਮੁਗਧ ਤੇਰਾ ਸੰਗੀ ਕਵਨ॥ (382)

ਉੱਤਰ: ਜਹ ਮਾਤ ਪਿਤਾ ਸੁਤ ਮੀਤ ਨ ਭਾਈ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ॥ (264)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜਿੱਥੇ ਮਾਤਾ, ਪਿਤਾ, ਪੁੱਤਰ ਜਾਂ ਮਿੱਤਰ ਕੋਈ ਵੀ ਸਹਾਇਤਾ ਵਾਸਤੇ ਨਹੀਂ ਪਹੁੰਚ ਸਕਦਾ, ਉੱਥੇ ਕੇਵਲ ਪ੍ਰਭੂ ਜਾਂ ਪਰਮਾਤਮਾ ਦਾ ਨਾਮ ਹੀ ਸਹਾਈ ਹੋਵੇਗਾ।

ਪ੍ਰਸ਼ਨ: ਞੋ ਪੇਖਹੁ ਸੋ ਬਿਨਸਤਉ ਕਾ ਸਿਉ ਕਰੀਐ ਸੰਗੁ॥ (255)

ਉੱਤਰ: ਨਾਨਕ ਤਿਹ ਉਸਤਤਿ ਕਰਉ ਢਾਹੂ ਕੀਓ ਸੰਜੋਗ॥ (255)

ਓਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਆਮ ਲੋਕਾਂ ਨੂੰ ਦੱਸਦੇ ਹਨ ਕਿ ਉਸੇ ਪ੍ਰਭੂ ਜਾ ਪਰਮਾਤਮਾ ਦੀ ਸਿਫ਼ਤ-ਸਲਾਹ ਕਰਨੀ ਚਾਹੀਦੀ ਹੈ ਅਤੇ ਉਸੇ ਦੀ ਮਹਿਮਾ ਦੇ ਗੁਣਗਾਣ ਕਰਦੇ ਰਹਿਣਾ ਚਾਹੀਦਾ ਹੈ।

ਪ੍ਰਸ਼ਨ: ਸੰਗਿ ਤੁਹਾਰੈ ਪ੍ਰਭੂ ਬਸੈ ਬਨੁ ਬਨੁ ਕਹਾ ਫਿਰਾਹਿ॥ (256)

ਉੱਤਰ: ਢਢਾ ਢੂਢਤ ਕਹ ਫਿਰਹੁ ਢੂਢਨ ਇਆ ਮਨ ਮਾਹਿ॥ (256)

ਓਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਪਰਮਾਤਮਾ ਹਰ ਮਨੁੱਖ ਦੇ ਮਨ ਅੰਦਰ ਵੱਸਦਾ ਹੈ, ਪਰਮਾਤਮਾ ਨੂੰ ਲੱਭਣ ਲਈ ਜੰਗਲਾਂ ਵਿਚ ਇੱਧਰ-ਉੱਧਰ ਭਟਕਣ ਦੀ ਕੋਈ ਵੀ ਜਰੂਰਤ ਨਹੀਂ ਹੈ।

ਸਭ ਕਿਛੁ ਘਰ ਮਹਿ ਬਾਹਰਿ ਨਾਹੀ॥

ਬਾਹਰਿ ਟੋਲੈ ਸੋ ਭਰਮਿ ਭੁਲਾਹੀ॥ (102)

ਪ੍ਰਸ਼ਨ: ਥਥਾ ਥਿਰੁ ਕੋਊ ਨਹੀ ਕਾਇ ਪਸਾਰਹੁ ਪਾਵ॥ (257)

ਉੱਤਰ: ਜਨਮੁ ਪਦਾਰਥੁ ਸਫਲੁ ਹੈ ਜੇ ਸਚਾ ਸਬਦੁ ਕਥਿ॥ (44)

ਪ੍ਰਸ਼ਨ: ਸਾ ਵੇਲਾ ਕਹੁ ਕਉਣ ਹੈ ਜਿਤੁ ਪ੍ਰਭੁ ਕਉ ਪਾਈ॥

ਆਠ ਪਹਰ ਹਰਿ ਧਿਆਇਕੈ ਮਨ-ਇਛੁ ਪੁਜਾਈ॥ (ਵਾਰ ਜੈਤਸਰੀ)

ਤੁਝ ਬਿਨੁ ਕਵਨੁ ਹਮਾਰਾ॥ (206)

ਉਪਰੋਕਤ ਕਾਵਿ-ਸਤਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਇਕ ਜਿਗਿਆਸੂ ਜਾਂ ਸਾਧਕ ਦੇ ਰੂਪ ਵਿਚ ਉਸ ਪਰਮਾਤਮਾ ਜਾਂ ਪ੍ਰਭੂ ਨੂੰ ਪ੍ਰਸ਼ਨ ਕਰਦੇ ਹਨ ਕਿ ਤੁਹਾਡੇ ਤੋਂ ਬਿਨ੍ਹਾਂ ਇਸ ਸੰਸਾਰ ਵਿਚ ਸਾਡਾ ਕੌਣ ਹੈ?

ਜਾ ਤੂੰ ਸਾਹਿਬੁ ਤਾ ਭਉ ਕੇਹਾ ਹਉ ਤੁਧੁ ਬਿਨੁ ਕਿਸ ਸਾਲਾਹੀ॥ (382)

ਉਪਰੋਕਤ ਕਾਵਿ-ਤੁਕ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਇਕ ਜਿਗਿਆਸੂ ਜਾਂ ਸਾਧਕ ਦੇ ਰੂਪ ਵਿਚ ਉਸ ਪਰਮਾਤਮਾ ਜਾਂ ਪ੍ਰਭੂ ਨੂੰ ਪ੍ਰਸ਼ਨ ਕਰਦੇ ਹਨ ਕਿ ਤੁਹਾਡੇ ਤੋਂ ਬਿਨ੍ਹਾਂ ਇਸ ਸੰਸਾਰ ਵਿਚ ਕਿਸ ਦੀ ਸਿਫਤ ਸਾਲਾਹ ਕਰੀਏ?

ਕਿਸੁ ਭਰਵਾਸੈ ਬਿਚਰਹਿ ਭਵਨ॥

ਮੂੜ ਮੁਗਧ ਤੇਰਾ ਸੰਗੀ ਕਵਨ॥ (382)

ਉਪਰੋਕਤ ਕਾਵਿ-ਪੰਕਤੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਜਿਗਿਆਸੂ ਨੂੰ ਪ੍ਰਸ਼ਨ ਕਰਦੇ ਹਨ ਕਿ ਇਸ ਲੋਕ ਅਤੇ ਪਰਲੋਕ ਵਿਚ ਵਿਚ ਤੇਰਾ ਸੰਗੀ ਜਾਂ ਸਾਥੀ ਕੌਣ ਹੈ?

ਦ੍ਰਿਸਟਿ ਪੇਖਹੁ ਸੋ ਬਿਨਸਤਉ ਕਾ ਸਿਉ ਕਰੀਐ ਸੰਗੁ॥ (255)

ਉਪਰੋਕਤ ਕਾਵਿ-ਸਤਰ ਵਿਚ ਜਿਗਿਆਸੂ ਆਪਣੇ ਗੁਰੂ ਨੂੰ ਪ੍ਰਸ਼ਨ ਕਰਦਾ ਹੈ ਕਿ ਜੇਕਰ ਇਸ ਸੰਸਾਰ ਵਿਚ ਸਭ ਕੁਝ ਨਸ਼ਟਮਾਨ ਹੈ ਤਾਂ ਫਿਰ ਕਿਸ ਦੀ ਸੰਗਤ ਕਰੀਏ?

ਸੰਗਿ ਤੁਹਾਰੈ ਪ੍ਰਭੂ ਬਸੈ ਬਨੁ ਬਨੁ ਕਹਾ ਫਿਰਾਹਿ॥ (256)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਆਪਣੇ ਸਾਧਕ ਕੋਲੋਂ ਪ੍ਰਸ਼ਨ ਪੁੱਛਦਾ ਹੈ ਕਿ ਪਰਮਾਤਮਾ ਤੇ ਹਰ ਮਨੁੱਖ ਦੇ ਅੰਦਰ ਵੱਸਦਾ ਹੈ ਪਰ ਤੂੰ ਪਰਮਾਤਮਾ ਨੂੰ ਲੱਭਣ ਲਈ ਜੰਗਲਾਂ ਵਿਚ ਇੱਧਰ-ਉੱਧਰ ਕਿਉਂ ਭਟਕ ਰਿਹਾ ਹੈ?

ਥਥਾ ਥਿਰੁ ਕੋਊ ਨਹੀ ਕਾਇ ਪਸਾਰਹੁ ਪਾਵ॥ (257)

ਜੋ ਦੀਨੋ ਸੋ ਏਕਹਿ ਬਾਰ॥

ਮਨ ਮੂਰਖ ਕਹ ਕਰਹਿ ਪੁਕਾਰ॥ (258)

ਸਾ ਵੇਲਾ ਕਹੁ ਕਉਣ ਹੈ ਜਿਤੁ ਪ੍ਰਭ ਕਉ ਪਾਈ॥

ਆਠ ਪਹਰ ਹਰਿ ਧਿਆਇ ਕੈ ਮਨ ਇਛ ਪੁਜਾਈ॥ (709)

**ਵਿਆਜ ਨਿੰਦਾ ਅਲੰਕਾਰ:-** ਸੰਸਕ੍ਰਿਤ ਭਾਸ਼ਾ ਦੇ ਸ਼ਬਦ 'ਵਿਆਜ' ਦਾ ਅਰਥ ਹੈ **-** ਬਹਾਨਾ। ਸੋ ਬਹਾਨੇ ਨਾਲ ਕੀਤੀ ਗਈ ਨਿੰਦਿਆ ਭਾਵ ਜਦੋਂ ਪ੍ਰਤੱਖ ਤੌਰ ਤੇ ਕਿਸੇ ਦੀ ਉਸਤਤਿ ਜਾਂ ਵਡਿਆਈ ਕੀਤੀ ਜਾਵੇ ਪਰ ਅਪ੍ਰਤੱਖ ਤੌਰ ਤੇ ਨਿੰਦਿਆ ਹੀ ਕੀਤੀ ਗਈ ਹੋਵੇ ਤਾਂ ਉੱਥੇ ਵਿਆਜ ਨਿੰਦਾ ਅਲੰਕਾਰ ਹੁੰਦਾ ਹੈ। ਜਿਵੇਂ:

ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥

ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥ (253)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜੀਵ ਰੂਪੀ ਇਸਤਰੀ ਚਾਹੇ ਕਿੰਨੀ ਵੀ ਸੁੰਦਰ, ਉੱਚੀ ਕੁੱਲ ਵਾਲੀ, ਹੋਸ਼ਿਆਰ, ਗਿਆਨੀ ਅਤੇ ਧਨਵਾਨ ਕਿਉਂ ਨਾ ਹੋਵੇ, ਪਰੰਤੂ ਜੇਕਰ ਉਸ ਦੇ ਮਨ ਵਿਚ ਪ੍ਰਭੂ ਦਾ ਵਾਸਾ ਜਾਂ ਨਿਵਾਸ ਨਹੀਂ ਹੈ ਤਾਂ ਉਹ ਮੁਰਦਿਆਂ ਸੇ ਸਮਾਨ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਦੇ ਅਰਥ ਨੂੰ ਸਪੱਸ਼ਟ ਕਰਨ ਲਈ ਪਹਿਲਾਂ ਪ੍ਰਤੱਖ ਤੌਰ ਤੇ ਜੀਵ ਰੂਪੀ ਇਸਤਰੀ ਦੀ ਉਸਤਤਿ ਜਾਂ ਵਡਿਆਈ ਕੀਤੀ ਹੈ ਪਰੰਤੂ ਨਾਲ ਹੀ ਅਗਲੀ ਸਤਰ ਵਿਚ ਅਪ੍ਰਤੱਖ ਤੌਰ ਤੇ ਨਿੰਦਿਆ ਵੀ ਕੀਤੀ ਹੈ, ਜੋ ਕਿ ਵਿਆਜ ਨਿੰਦਾ ਅਲੰਕਾਰ ਨਾਲ ਸੰਬੰਧਿਤ ਹੈ।

ਙੰਙਾ ਖਟੁ ਸਾਸਤ੍ਰ ਹੋਇ ਙਿਆਤਾ॥ ਪੂਰਕੁ ਕੁੰਭਕ ਰੇਚਕ ਕਰਾਮਾਤਾ॥

ਗਿਆਨ ਧਿਆਨ ਤੀਰਥ ਇਸਨਾਨੀ॥ ਸੋਮਪਾਕ ਅਪਰਸ ਉਦਿਆਨੀ॥

ਰਾਮ ਨਾਮ ਸੰਗਿ ਮਨਿ ਨਹੀ ਹੇਤਾ॥ ਜੋ ਕਛੁ ਕੀਨੋ ਸੋਊ ਅਨੇਤਾ॥

ਉਆ ਤੇ ਊਤਮੁ ਗਨਉ ਚੰਡਾਲਾ॥ ਨਾਨਕ ਜਿਹ ਮਨਿ ਬਸਹਿ ਗੁਪਾਲਾ॥ (253)

ਓਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਸਮਝਾਉਂਦੇ ਹਨ ਕਿ ਚਾਹੇ ਕੋਈ ਵਿਅਕਤੀ ਸ਼ਾਸਤਰਾਂ ਦਾ ਗਿਆਤਾ ਹੋਵੇ, ਪ੍ਰਾਣਾਯਾਮ ਰਾਹੀਂ ਪ੍ਰਾਣਾਂ ਨੂੰ ਵੱਸ ਵਿਚ ਕਰਨ ਦੀ ਕਲਾ ਜਾਣਦਾ ਹੋਵੇ, ਪਵਿੱਤਰ ਜੀਵਨ-ਜਾਚ ਦਾ ਧਾਰਨੀ ਹੋਵੇ, ਆਪਣਾ ਖਾਣਾ ਆਪ ਤਿਆਰ ਕਰਦਾ ਹੋਵੇ ਅਤੇ ਜੰਗਲਾਂ ਦਾ ਸੰਨਿਆਸੀ ਹੋਵੇ, ਪਰੰਤੂ ਇਹੋ ਜਿਹੇ ਵਿਅਕਤੀ ਨਾਲੋਂ ਉਸ ਚੰਡਾਲ ਨੂੰ ਉੱਤਮ ਅਤੇ ਸ੍ਰੇਸ਼ਟ ਜਾਣੋ ਜਿਸ ਦੇ ਮਨ ਵਿਚ ਪ੍ਰਭੂ ਦਾ ਨਿਵਾਸ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਸਪੱਸ਼ਟ ਕਰਨ ਲਈ ਅਪ੍ਰਤੱਖ ਢੰਗ ਨਾਲ ਮਨਮੁਖ ਵਿਅਕਤੀ ਦੀ ਨਿੰਦਾ ਕੀਤੀ ਹੈ ਅਤੇ ਚੰਡਾਲ ਵਿਅਕਤੀ ਦੀ ਪ੍ਰਸ਼ੰਸਾ ਕੀਤੀ ਹੈ।

ਚੰਦਨ ਲੇਪੁ ਉਤਾਰੈ ਧੋਇ॥

ਗਰਧਬ ਪ੍ਰੀਤਿ ਭਸਮ ਸੰਗਿ ਹੋਇ॥ (266)

ਓਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਨੂੰ ਅਪ੍ਰਤੱਖ ਢੰਗ ਨਾਲ ਪ੍ਰਸਤੁਤ ਕੀਤਾ ਹੈ। ਇੱਥੇ ਗੁਰੂ ਜੀ ਨੇ 'ਚੰਦਨ' ਸੰਸਾਰਿਕ ਧਨ-ਦੌਲਤ (ਪੰਜ ਵਿਕਾਰਾਂ) ਨੂੰ ਅਤੇ 'ਗਰਧਬ ਜਾਂ ਖੋਤਾ' ਮਨਮੁਖ ਵਿਅਕਤੀ ਨੂੰ ਕਿਹਾ ਗਿਆ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਅਪ੍ਰਤੱਖ ਢੰਗ ਨਾਲ ਮਨਮੁਖ ਵਿਅਕਤੀ ਦੀ ਨਿੰਦਾ ਕੀਤੀ ਹੈ।

ਮਿਰਤਕ ਕਉ ਜੀਵਾਲਨ ਹਾਰ॥

ਭੂਖੇ ਕੋ ਦੇਵਤ ਅਧਾਰ॥ (282)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਨੂੰ ਸਪੱਸ਼ਟ ਕਰਨ ਲਈ ਬਹੁ-ਅਰਥੀ ਅਤੇ ਬਹੁ-ਪਰਤੀ ਸ਼ਬਦਾਂ ਦੀ ਵਰਤੋਂ ਕੀਤੀ ਹੈ। 'ਮਿਰਤਕ' ਸ਼ਬਦ ਦੀ ਵਰਤੋਂ ਮਰ ਚੁੱਕੇ ਵਿਅਕਤੀ ਲਈ ਕੀਤੀ ਜਾਂਦੀ ਹੈ ਪਰੰਤੂ ਇੱਥੇ ਇਸ ਸ਼ਬਦ ਦੀ ਵਰਤੋਂ ਮਨਮੁਖ ਅਤੇ ਪੰਜ ਵਿਕਾਰਾਂ ਵਿਚ ਡੁੱਬੇ ਵਿਅਕਤੀ ਲਈ ਕੀਤੀ ਗਈ ਹੈ। 'ਭੂਖੇ' ਸ਼ਬਦ ਦੀ ਵਰਤੋਂ ਗਰੀਬ ਵਿਅਕਤੀ ਲਈ ਕੀਤੀ ਜਾਂਦੀ ਹੈ ਪਰੰਤੂ ਇੱਥੇ ਇਸ ਸ਼ਬਦ ਦੀ ਵਰਤੋਂ ਪਰਮਾਤਮਾ ਦੇ ਨਾਮ ਸਿਮਰਨ ਤੋਂ ਸੱਖਣੇ ਵਿਅਕਤੀ ਲਈ ਕੀਤੀ ਗਈ ਹੈ ਜੋ ਇਸ ਸੰਸਾਰਿਕ ਸੁਖਾਂ ਦੀ ਪ੍ਰਾਪਤੀ ਵਿਚ ਲੱਗਾ ਹੋਇਆ ਹੈ। ਸੋ ਗੁਰੂ ਅਰਜਨ ਦੇਵ ਜੀ ਬਹੁਤ ਉੱਚ-ਕੋਟੀ ਦੇ ਕਵੀ ਸਨ ਜਿਨ੍ਹਾਂ ਦੀ ਗੁਰਬਾਣੀ ਵਿਚ ਬਹੁ-ਅਰਥੀ ਅਤੇ ਬਹੁ-ਪਰਤੀ ਸ਼ਬਦਾਂ ਦੀ ਵਰਤੋਂ ਰਾਹੀਂ ਅਪ੍ਰਤੱਖ ਰੂਪ ਵਿਚ ਮਨੁਖ ਨੂੰ ਸਮਝਾਉਣ ਦਾ ਯਤਨ ਜਾਂ ਉਪਰਾਲਾ ਕੀਤਾ ਹੈ।

**ਉਤਪ੍ਰੇਖਿਆ ਅਲੰਕਾਰ:-** ਜਿੱਥੇ ਉਪਮੇਯ ਦੀ ਉਪਮਾਨ ਦੇ ਰੂਪ ਵਿਚ ਸੰਭਾਵਨਾ ਕੀਤੀ ਜਾਵੇ ਭਾਵ ਜਦੋਂ ਕਿਸੇ ਵਸਤੂ ਦੀ ਉਸ ਨਾਲ ਮਿਲਦੀ ਹੋਰ ਵਸਤੂ ਦੇ ਰੂਪ ਵਿਚ ਸੰਭਾਵਨਾ ਕੀਤੀ ਜਾਵੇ, ਤਾਂ ਉੱਥੇ ਉਤਪ੍ਰੇਖਿਆ ਅਲੰਕਾਰ ਹੁੰਦਾ ਹੈ। ਜਿਵੇਂ:

> ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ॥
>
> ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ॥ (133)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਦ੍ਰਿੜ੍ਹ ਕਰਨ ਲਈ ਉਤਪ੍ਰੇਖਿਆ ਅਲੰਕਾਰ ਦੀ ਵਰਤੋਂ ਕੀਤੀ ਹੈ। ਗੁਰੂ ਜੀ ਦੇ ਅਨੁਸਾਰ ਜਿਨ੍ਹਾਂ ਜੀਵ ਰੂਪੀ ਇਸਤਰੀਆਂ ਨੇ ਪਰਮਾਤਮਾ ਦੇ ਨਾਮ-ਸਿਮਰਨ ਨੂੰ ਆਪਣੇ ਹਿਰਦੇ ਵਿਚ ਵਸਾ ਲਿਆ ਹੈ, ਉਹ ਹਰ ਵੇਲੇ ਪਰਮਾਤਮਾ ਦੇ ਗੁਣਾਂ ਦਾ ਗੁਣਗਾਨ ਕਰਨ ਦੇ ਨਾਲ-ਨਾਲ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਤੋਂ ਵੀ ਸੁਚੇਤ ਰਹਿੰਦੀਆਂ ਹਨ। ਗੁਰੂ ਜੀ ਦੇ ਅਨੁਸਾਰ ਜੀਵ ਰੂਪੀ ਇਸਤਰੀਆਂ ਦਾ ਸਭ ਤੋਂ ਉੱਤਮ ਸ਼ਿੰਗਾਰ ਪਰਮਾਤਮਾ

ਦਾ ਨਾਮ-ਸਿਮਰਨ ਅਤੇ ਪਰਮਾਤਮਾ ਦੀ ਸਿਫ਼ਤ-ਸਾਲਾਹ ਹੈ, ਜਿਸ ਨੂੰ ਉਨ੍ਹਾਂ ਨੇ ਗਲ ਵਿਚ ਭਾਵ ਹਿਰਦੇ ਵਿਚ ਵਸਾ ਲਿਆ ਹੈ, ਜਿਵੇਂ ਹੀਰੇ (ਰਤਨ), ਜਵਾਹਰ ਅਤੇ ਲਾਲਾਂ ਦਾ ਹਾਰ ਗਲੇ ਦੀ ਸ਼ੋਭਾ ਵਧਾਉਂਦਾ ਹੈ।

ਮੁਕਤਿ ਬੈਕੁੰਠ ਸਾਧ ਕੀ ਸੰਗਤਿ ਜਨ ਪਾਇਓ ਹਰਿ ਕਾ ਧਾਮ॥ (682)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜੋ ਸੇਵਕ ਸਾਧੂ-ਸੰਤਾਂ ਦੀ ਸੰਗਤ ਪ੍ਰਾਪਤ ਕਰ ਲੈਂਦੇ ਹਨ, ਉਹ ਸਾਧ ਸੰਗਤ ਹੀ ਉਨ੍ਹਾਂ ਨੂੰ ਵਿਸ਼ਨੂ ਦੀ ਪੁਰੀ ਦਿਖਾਈ ਦੇਣ ਲੱਗ ਪੈਂਦੀ ਹੈ। ਇੱਥੇ ਸਾਧ ਦੀ ਸੰਗਤ ਉੱਤੇ ਬੈਕੁੰਠ (ਵਿਸ਼ਨੂ ਦੀ ਪੁਰੀ) ਦਾ ਆਰੋਪ ਕੀਤੇ ਜਾਣ ਕਰਕੇ ਉਤਪ੍ਰੇਖਿਆ ਅਲੰਕਾਰ ਹੈ।

**ਸਮਰਣ ਅਲੰਕਾਰ:-** 'ਸਮਰਣਾ' ਦਾ ਅਰਥ ਹੈ ਯਾਦ। ਜਦੋਂ ਕਵਿਤਾ ਵਿਚ ਸਮਾਨ ਵਸਤੂ ਜਾਂ ਦ੍ਰਿਸ਼ ਦੇ ਦੇਖਣ ਤੋਂ ਕਿਸੇ ਪਹਿਲਾਂ ਵੇਖੀ ਵਸਤੂ ਜਾਂ ਦ੍ਰਿਸ਼ ਦੀ ਯਾਦ ਆ ਜਾਵੇ ਤਾਂ ਉੱਥੇ ਸਮਰਣ ਅਲੰਕਾਰ ਹੁੰਦਾ ਹੈ। ਜਿਵੇਂ:

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ॥

ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥ (10)

ਉਪਰੋਕਤ ਕਾਵਿ-ਸਤਰਾਂ ਵਿਚ ਪਰਮਾਤਮਾ ਵਲੋਂ ਸਭ ਦੀ ਕੀਤੀ ਜਾ ਰਹੀ ਦੇਖ ਭਾਲ ਦੀ ਗੱਲ ਫਿਰ ਤੋਂ ਯਾਦ ਹੋ ਗਈ, ਜਦੋਂ ਪੱਥਰਾਂ ਵਿਚ ਉਪਜੇ ਜੀਵਾਂ ਲਈ ਰਿਜ਼ਕ ਦੀ ਉਪਲੱਬਧੀ ਵੇਖੀ। ਇੱਥੇ ਗੁਰੂ ਅਰਜਨ ਦੇਵ ਜੀ ਨੇ ਸਮਰਣ ਅਲੰਕਾਰ ਦੀ ਸਹਾਇਤਾ ਨਾਲ ਪਰਮਾਤਮਾ ਦੇ ਨਾਮ-ਸਿਮਰਨ ਦੇ ਸਿਧਾਂਤ ਨੂੰ ਦ੍ਰਿੜ੍ਹ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਪਰਮਾਤਮਾ ਇਸ ਸੰਸਾਰ ਦੇ ਕਣ-ਕਣ ਵਿਚ ਵਸਿਆ ਹੋਇਆ ਹੈ ਅਤੇ ਉਸ ਨੂੰ ਹਰ ਇਕ ਜੀਵ ਦੇ ਭੋਜਣ ਜਾਂ ਰਿਜ਼ਕ ਦਾ ਫਿਕਰ ਹੈ।

**4.3. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਸ਼ਬਦਾਰਥ ਅਲੰਕਾਰਾਂ ਦੀ ਪੇਸ਼ਕਾਰੀ:-** ਜਿਹੜੇ ਅਲੰਕਾਰ ਸ਼ਬਦ ਅਤੇ ਅਰਥ ਤੇ ਆਧਾਰਿਤ ਹੋ ਕੇ ਦੋਹਾਂ ਵਿਚਕਾਰ ਕਾਵਿਕ ਚਮਤਕਾਰ ਪੈਦਾ ਕਰਦੇ ਹਨ।

ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਸ਼ਬਦਾਰਥ ਅਲੰਕਾਰਾਂ ਦੀ ਵੀ ਵਰਤੋਂ ਕੀਤੀ ਹੈ ਜੋ ਕਿ ਹੇਠ ਲਿਖੇ ਹਨ :-

**ਸਸ੍ਰਿਸ਼ਨੀ ਅਲੰਕਾਰ:-** ਇਸ ਅਲੰਕਾਰ ਵਿਚ ਸ਼ਬਦ ਤੇ ਅਰਥ ਦੋਹਾਂ ਦੀ ਵਰਤੋਂ ਹੁੰਦੀ ਹੈ। ਜਦੋਂ ਕਵੀ ਕਵਿਤਾ ਵਿਚਲੇ ਭਾਵ ਜਾਂ ਸੰਕਲਪ ਅਤੇ ਅਰਥ ਨੂੰ ਸਪੱਸ਼ਟ ਕਰਨ ਲਈ ਸ਼ਬਦਾਂ ਅਤੇ ਅਰਥਾਂ ਦਾ ਸਹਾਰਾ ਲੈਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਮਨੁੱਖ ਨੂੰ ਪੰਜ ਵਿਕਾਰਾਂ ਤੋਂ ਸੁਚੇਤ ਕਰਨ ਲਈ, ਪਰਮਾਤਮਾ ਦੇ ਨਾਮ-ਸਿਮਰਨ ਦੇ ਭਾਵ ਨੂੰ ਦ੍ਰਿੜ ਕਰਨ ਲਈ ਅਤੇ ਸੰਸਾਰ ਦੇ ਨਸ਼ਟਮਾਨਤਾ ਦੇ ਭਾਵ ਨੂੰ ਸਮਝਾਉਣ ਲਈ ਸ਼ਬਦਾਰਥ ਅਲੰਕਾਰਾਂ ਦਾ ਸਹਾਰਾ ਲਿਆ ਹੈ। ਜਿਵੇ :

ਸਸਾ ਸਤਿ ਸਤਿ ਸਤਿ ਸੋਊ॥

ਸਤਿ ਪੁਰਖ ਤੇ ਭਿੰਨ ਨ ਕੋਊ॥ (250)

ਓਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਜੀ ਨੇ ਸ਼ਬਦਾਂ ਅਤੇ ਅਰਥਾਂ ਤੇ ਆਧਾਰਿਤ ਹੋ ਕੇ ਦੋਹਾਂ ਵਿਚਕਾਰ ਕਾਵਿਕ ਚਮਤਕਾਰ ਪੈਦਾ ਕਰਨ ਦਾ ਯਤਨ ਕੀਤਾ ਹੈ। ਇੱਥੇ ਗੁਰੂ ਜੀ ਨੇ 'ਸਤਿ' ਸ਼ਬਦ ਦੀ ਵਾਰ-ਵਾਰ ਵਰਤੋਂ ਕੀਤੀ ਹੈ, ਸ਼ਬਦਾਂ ਦੇ ਵਾਰ-ਵਾਰ ਦੁਹਰਾਅ ਨਾਲ ਅਰਥ ਬਹੁਤ ਹੀ ਅਸਾਨੀ ਨਾਲ ਸਪੱਸ਼ਟ ਹੋ ਜਾਂਦੇ ਹਨ। ਓਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਜੀ ਨੇ ਮਨੁੱਖ ਨੂੰ ਸੰਸਾਰ ਦੇ ਨਸ਼ਟਮਾਨਤਾ ਅਤੇ ਨਾਮ-ਸਿਮਰਨ ਦੇ ਭਾਵ ਨੂੰ ਸਪੱਸ਼ਟ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ।

**ਸ਼ੰਕਰ ਅਲੰਕਾਰ:-** ਜਦੋਂ ਦੋ ਜਾਂ ਦੋ ਤੋਂ ਵੱਧ ਅਲੰਕਾਰ ਆਪਸ ਵਿਚ ਦੁੱਧ ਪਾਣੀ ਵਾਂਗ ਮਿਲੇ ਹੋਣ ਤੇ ਉਨ੍ਹਾਂ ਨੂੰ ਵੱਖ-ਵੱਖ ਵੇਖਿਆ ਨਾ ਜਾ ਸਕੇ। ਜਿਵੇ :

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥

ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ॥ (250)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਰੂਪਕ ਅਲੰਕਾਰ ਅਤੇ ਅਨੁਪ੍ਰਾਸ ਅਲੰਕਾਰ ਦੀ ਵਰਤੋਂ ਇਸ ਵਿਲੱਖਣ ਢੰਗ ਨਾਲ ਕੀਤੀ ਹੈ, ਜਿਵੇਂ ਦੋਵੇਂ ਅਲੰਕਾਰ ਆਪਸ ਵਿਚ ਦੁੱਧ ਪਾਣੀ ਵਾਂਗ ਮਿਲੇ ਹੋਣ। ਇੱਥੇ ਗੁਰੂ ਜੀ ਨੇ 'ਗੁਰਦੇਵ' ਸ਼ਬਦ ਦੇ ਦੁਹਰਾਅ ਦੁਆਰਾ ਸ਼ਬਦਾਂ ਰਾਹੀਂ ਚਮਤਕਾਰ ਪੈਦਾ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ, ਜੋ ਕਿ ਅਨੁਪ੍ਰਾਸ ਅਲੰਕਾਰ ਨਾਲ ਸੰਬੰਧਿਤ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਉਪਮੇਯ (ਗੁਰਦੇਵ) ਦੀ ਸਮਾਨਤਾ ਉਪਮਾਨ (ਮਾਤਾ, ਪਿਤਾ, ਸੁਆਮੀ, ਸਖਾ, ਬੰਧਿਪ) ਇਸ ਨਿਵੇਕਲੇ ਢੰਗ ਨਾਲ ਕੀਤੀ ਹੈ ਕਿ ਗੁਰਦੇਵ (ਗੁਰੂ) ਨੇ ਮਾਤਾ, ਪਿਤਾ, ਸੁਆਮੀ, ਦੋਸਤ ਅਤੇ ਰਿਸ਼ਤੇਦਾਰ ਦਾ ਰੂਪ ਧਾਰਨ ਕਰ ਲਿਆ ਹੈ, ਜੋ ਕਿ ਰੂਪਕ ਅਲੰਕਾਰ ਨਾਲ ਸੰਬੰਧਿਤ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਅਲੰਕਾਰ ਵਿਸ਼ੇ-ਵਸਤੂ ਦੀ ਸਪੱਸ਼ਟਤਾ ਲਈ, ਕਾਵਿ ਦੇ ਪ੍ਰਭਾਵ ਨੂੰ ਤੀਬਰ ਕਰਨ ਲਈ, ਕਾਵਿ ਵਿਚ ਰੋਚਿਕਤਾ, ਸੁਆਦਲਾਪਨ, ਸੂਖਮਤਾ, ਸੰਜਮਤਾ ਅਤੇ ਸੌਂਦਰਯ ਦੀ ਪ੍ਰਸਤੁਤੀ ਹਿਤ ਵਰਤਿਆ ਹੈ। ਭਾਰਤੀ ਕਾਵਿ-ਸ਼ਾਸਤਰ ਦੇ ਅਨੁਸਾਰ ਅਲੰਕਾਰ ਕਵਿਤਾ ਜਾਂ ਕਾਵਿ ਨੂੰ ਸਾਧਾਰਨ ਤੋਂ ਅਸਾਧਾਰਨ ਬਣਾਉਂਦੇ ਹਨ, ਅਸਾਧਾਰਨ ਨੂੰ ਸਾਰਿਆ ਦੁਆਰਾ ਗ੍ਰਹਿਣ ਕਰਨ ਦੇ ਯੋਗ ਬਣਾਉਂਦੇ ਹਨ, ਅਭਿਵਿਅਕਤੀ ਨੂੰ ਸ਼ੋਭਾ ਜਾਂ ਚਮਤਕਾਰ ਪ੍ਰਦਾਨ ਕਰਦੇ ਹਨ, ਅਰਥਾਂ ਦਾ ਸਪੱਸ਼ਟੀਕਰਨ ਕਰਦੇ ਹਨ ਅਤੇ ਵਿਸ਼ੇ ਜਾਂ ਸੰਕਲਪ ਨੂੰ ਵਧੇਰੇ ਦ੍ਰਿੜ ਅਤੇ ਗ੍ਰਹਿਣਸ਼ੀਲ ਬਣਾਉਂਦੇ ਹਨ। ਡਾ. ਓਮ ਪ੍ਰਕਾਸ਼ ਸ਼ਰਮਾ ਸ਼ਾਸਤਰੀ ਨੇ ਆਪਣੇ ਗ੍ਰੰਥ 'ਕਾਵਯਲੋਚਨ' ਵਿਚ ਇਹ ਸਪੱਸ਼ਟ ਕੀਤਾ ਹੈ ਕਿ ਜੇਕਰ ਇਕ ਸਾਧਾਰਨ ਇਸਤਰੀ ਜਾਂ ਨਾਰੀ ਗਹਿਣੇ ਧਾਰਨ ਕਰ ਲਏ ਤਾਂ ਉਸ ਦੀ ਸੁੰਦਰਤਾ ਵੱਧ ਜਾਂਦੀ ਹੈ, ਠੀਕ ਉਸੇ ਤਰ੍ਹਾਂ ਅਲੰਕਾਰ ਸਾਧਾਰਨ ਕਵਿਤਾ ਦੇ ਸੌਂਦਰਯ ਵਿਚ ਵਾਧਾ ਕਰਦੇ ਹਨ ਅਤੇ ਭਾਵ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਗ੍ਰਹਿਣਸ਼ੀਲ ਬਣਾਉਂਦੇ ਹਨ। ਪਰ ਜਿਵੇਂ ਕੁਰੂਪ ਜਾਂ ਬਦਸੂਰਤ ਇਸਤਰੀ ਦੀ ਗਹਿਣਿਆਂ ਨਾਲ ਸ਼ੋਭਾ ਨਹੀਂ ਵਧਦੀ, ਠੀਕ ਉਸੇ ਤਰ੍ਹਾਂ ਭਾਵਾਂ ਤੋਂ ਸੱਖਣੀ ਕਵਿਤਾ ਲਈ ਅਲੰਕਾਰ ਸੌਂਦਰਯ ਵਿਚ ਵਾਧਾ ਨਹੀਂ ਕਰ ਸਕਦੇ ਹਨ।

ਜਦੋਂ ਅਧਿਆਤਮਕ ਕਾਵਿ ਜਾਂ ਕਵਿਤਾ ਵਿਚ ਕਵੀ ਨੂੰ ਆਪਣੀ ਜਿੰਦਗੀ ਦਾ ਅਨੁਭਵ ਜਿਗਿਆਸੂਆਂ ਨਾਲ ਸਾਂਝਾ ਕਰਨਾ ਪੈਂਦਾ ਹੈ ਤਾਂ ਉਸ ਅਨੁਭਵ ਨੂੰ ਪ੍ਰਸਤੁਤ ਕਰਨ ਲਈ ਵਸਤੂਆਂ ਦੇ ਉਪਮਾਨਾਂ ਦੀ ਲੋੜ ਪੈਂਦੀ ਹੈ। ਇਹ ਉਪਮਾਨ ਜਾਂ ਅਲੰਕਾਰ ਸਹਿਜ ਸੁਭਾਅ ਹੀ ਉਸ ਦੀ ਬਾਣੀ ਵਿਚ ਆ ਜਾਂਦੇ ਹਨ। ਇਕ ਕਵੀ ਦੇ ਰੂਪ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਵੀ ਭਾਵਾਂ ਦੇ ਪ੍ਰਕਾਸ਼ਨ ਲਈ, ਭਾਵਾਂ ਦੇ ਸਪੱਸ਼ਟੀਕਰਨ ਲਈ ਅਤੇ ਭਾਵਾਂ ਦੇ ਪ੍ਰਗਟਾਓ ਲਈ ਭਾਵਪੂਰਤ ਅਲੰਕਾਰਾਂ ਦੀ ਵਰਤੋਂ ਦੇਖਣ ਨੂੰ ਮਿਲਦੀ ਹੈ। ਅਲੰਕਾਰਾਂ ਦੀ ਵਰਤੋਂ ਨਾਲ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਉਨ੍ਹਾਂ ਦਾ ਰਹੱਸਵਾਦੀ ਅਨੁਭਵ ਬਹੁਤ ਉਘੜਿਆ ਹੈ ਅਤੇ ਮਨੁੱਖ ਦੀ ਮਾਨਸਿਕ ਸਥਿਤੀ ਵੀ ਸਪਸ਼ਟ ਹੋਈ ਹੈ। ਇਸ ਅਧਿਆਇ ਵਿਚ ਅਸੀਂ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਗੁਰੂ ਅਰਜਨ ਜੀ ਨੇ ਆਪਣੀ ਸੰਪੂਰਨ ਬਾਣੀ ਵਿਚ ਅਲੰਕਾਰਾਂ ਦੀ ਸਹਾਇਤਾ ਨਾਲ ਆਪਣੇ ਭਾਵਾਂ ਜਾਂ ਸੰਕਲਪਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਇਸ ਤਰ੍ਹਾਂ ਪ੍ਰਸਤੁਤ ਕੀਤਾ ਹੈ ਤਾਂ ਜੋ ਆਮ ਪਾਠਕ ਜਾਂ ਜਿਗਿਆਸੂ ਵੀ ਇਨ੍ਹਾਂ ਨੂੰ ਅਸਾਨੀ ਨਾਲ ਸਮਝ ਸਕਣ।

ਅਲੰਕਾਰਾਂ ਦੀ ਵਰਤੋਂ ਰਚਨਾ (ਕਵਿਤਾ ਜਾਂ ਕਾਵਿ) ਵਿਚ ਵਿਸ਼ੇ ਨੂੰ ਵਧੇਰੇ ਸਰਲ, ਸਪੱਸ਼ਟ, ਗ੍ਰਹਿਣਯੋਗ ਅਤੇ ਗ੍ਰਹਿਣਸ਼ੀਲ ਬਣਾਉਣ ਲਈ ਕੀਤੀ ਜਾਂਦੀ ਹੈ। ਅਲੰਕਾਰ ਰਚਨਾ ਦੇ ਵਿਸ਼ੇ ਦੇ ਅਰਥ ਨੂੰ ਸਪੱਸ਼ਟ ਕਰਨ ਵਿਚ ਸਹਾਇਤਾ ਕਰਦੇ ਹਨ, ਤਾਂ ਜੋ ਆਮ ਪਾਠਕ ਆਸਾਨੀ ਨਾਲ ਸਮਝ ਸਕਣ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਸ਼ਬਦ, ਅਰਥ ਅਤੇ ਸ਼ਬਦਾਰਥ ਅਲੰਕਾਰਾਂ ਦੀ ਵਰਤੋਂ ਬਹੁਤ ਹੀ ਸੁਚੱਜੇ ਅਤੇ ਢੁੱਕਵੇਂ ਢੰਗ ਨਾਲ ਹੋਈ ਹੈ। ਇਸ ਅਧਿਆਇ ਵਿਚ ਸ਼ਬਦ ਅਲੰਕਾਰਾਂ (ਅਨੁਪ੍ਰਾਸ, ਯਮਕ, ਸ਼ਲੇਸ, ਵੀਪਸਾ, ਪੁਨਰੋਕਤੀ, ਧੁਨੀ ਚਿੱਤਰ, ਵਕ੍ਰੋਕਤੀ), ਅਰਥ ਅਲੰਕਾਰਾਂ (ਉਪਮਾ, ਰੂਪਕ, ਦ੍ਰਿਸ਼ਟਾਂਤ, ਅਤਿਕਥਨੀ, ਲੋਕੋਕਤੀ, ਵਿਰੋਧ, ਲੇਸ਼, ਲਲਿਤ, ਕਾਵਿ ਲਿੰਗ, ਪ੍ਰਤੀਪ, ਅਸੰਭਵ, ਵਚਿੱਤਰ, ਪ੍ਰਸ਼ਨ, ਉੱਤਰ, ਵਿਆਜ ਨਿੰਦਾ) ਅਤੇ ਸ਼ਬਦਾਰਥ ਅਲੰਕਾਰਾਂ (ਸਸ੍ਰਿਸ਼ਨੀ, ਸ਼ੰਕਰ) ਨੂੰ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਦੇ ਸੰਦਰਭ ਵਿਚ ਵਿਚਾਰਨ ਦਾ ਇਕ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਅਲੰਕਾਰਾਂ ਦੇ ਅਧਿਐਨ ਉਪਰੰਤ ਇਹ ਸਪੱਸ਼ਟ ਹੁੰਦਾ ਹੈ ਕਿ ਜਿੱਥੇ ਇਹ ਬਾਣੀ ਵਿਚਲੇ

ਅਰਥਾਂ ਨੂੰ ਸਪੱਸ਼ਟ ਕਰਨ ਵਿਚ, ਭਾਵ ਜਾਂ ਸੰਕਲਪ ਨੂੰ ਵਧੇਰੇ ਗ੍ਰਹਿਣਸ਼ੀਲ ਅਤੇ ਪ੍ਰਭਾਵਸ਼ਾਲੀ ਬਣਾਉਣ ਵਿਚ ਸਹਾਈ ਹੁੰਦੇ ਹਨ, ਉੱਥੇ ਅਲੰਕਾਰ ਬਾਣੀ ਦੇ ਰਾਗਾਤਮਕ ਪ੍ਰਭਾਵ ਨੂੰ ਜਾਦੂਈ ਸ਼ਕਤੀ ਪ੍ਰਦਾਨ ਕਰਦੇ ਹਨ। ਗੁਰੂ ਜੀ ਦੁਆਰਾ ਵਰਤੇ ਗਏ ਅਲੰਕਾਰਾਂ ਦੀ ਚੌਣ ਸਮਾਜਿਕ ਚੌਗਿਰਦੇ ਅਤੇ ਪ੍ਰਕਿਰਤੀ ਵਿਚੋਂ ਹੋਣ ਕਰਕੇ ਇਤਨੇ ਘਰੋਗੀ ਹਨ ਕਿ ਸਾਧਾਰਨ ਸੂਝ ਵਾਲਾ ਵਿਅਕਤੀ ਵੀ ਗੁਰੂ ਜੀ ਦੇ ਭਾਵਾਂ ਵਿਚ ਜੋ ਉਪਦੇਸ਼ ਜਾਂ ਸਿੱਖਿਆ ਨੂੰ ਸਮਝ ਕੇ ਸੰਸਾਰਿਕ ਜੀਵਨ ਵਿਚ ਲਾਹਾ ਲੈ ਸਕਦਾ ਹੈ। ਗੁਰੂ ਜੀ ਨੇ ਗੁਰਬਾਣੀ ਵਿਚ ਅਲੰਕਾਰਾਂ ਦਾ ਖਿਲਾਰਾ ਨਹੀ ਪਾਇਆ ਹੈ, ਸਗੋਂ ਲੋੜ ਵੇਲੇ ਹੀ ਢੁਕਵੇਂ ਅਲੰਕਾਰਾਂ ਦੀ ਵਰਤੋਂ ਕੀਤੀ ਹੈ। ਗੁਰੂ ਜੀ ਦੁਆਰਾ ਵਰਤੇ ਗਏ ਅਲੰਕਾਰ ਸੰਵੇਦਨਾ (ਪਰਮਾਤਮਾ ਦੇ ਨਾਮ ਦੀ ਮਹਿਮਾ) ਪੈਦਾ ਕਰਨ ਵਾਲੇ ਹਨ। ਗੁਰੂ ਅਰਜਨ ਬਾਣੀ ਵਿਚ ਅਲੰਕਾਰ ਬਹੁਤ ਹੀ ਸਹਿਜ ਰੂਪ ਵਿਚ ਪੇਸ਼ ਹੋਏ ਹਨ ਅਤੇ ਆਮ ਪਾਠਕ ਬਹੁਤ ਹੀ ਆਸਾਨੀ ਨਾਲ ਵਿਸ਼ੇ ਦਾ ਭਾਵ ਜਾਂ ਅਰਥ ਸਮਝ ਸਕਦੇ ਹਨ। ਅਰਜਨ ਬਾਣੀ ਵਿਚ ਅਲੰਕਾਰਾਂ ਦੀ ਵਰਤੋਂ ਦਾ ਕਮਾਲ ਇਹ ਹੈ ਕਿ ਇਹ ਬਾਣੀ ਵਿਚ ਪ੍ਰਧਾਨ ਰੂਪ ਵਿਚ ਵਰਤੇ ਹੋਣ ਦੇ ਬਾਵਜੂਦ ਵੀ ਭਾਵ ਜਾਂ ਸੰਕਲਪ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਗ੍ਰਹਿਣਯੋਗ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ ਅਰਥਾਤ ਪੂਰੀ ਤਰ੍ਹਾਂ ਨਾਲ ਵਿਸ਼ੇ ਉੱਤੇ ਹੀ ਕੇਂਦਰਿਤ ਹਨ।

# ਅਧਿਆਇ ਪੰਜਵਾਂ

## 5. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ: ਰੀਤੀ ਸੰਪਰਦਾਇ

5.1. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਵੈਦਰਭੀ ਰੀਤੀ ਦਾ ਸਰੂਪ

5.2. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਗੌੜੀ ਰੀਤੀ ਦਾ ਸਰੂਪ

5.3. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪਾਂਚਾਲੀ ਰੀਤੀ ਦਾ ਸਰੂਪ

# ਅਧਿਆਇ ਪੰਜਵਾਂ

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ: ਰੀਤੀ ਸੰਪਰਦਾਇ

ਇਸ ਖੋਜ-ਕਾਰਜ ਦਾ ਵਿਸ਼ਾ ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਅਧਿਐਨ ਹੈ। ਇਸੇ ਲੜੀ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚਲੇ ਕਲਾਤਮਕ ਜਾਂ ਕਲਾ ਪੱਖ ਨੂੰ ਉਜਾਗਰ ਕਰਨ ਲਈ ਅਧਿਆਇ ਦੂਜੇ ਵਿਚ ਰਸ ਸਿਧਾਂਤ, ਅਧਿਆਇ ਤੀਜੇ ਵਿਚ ਧੁਨੀ ਸਿਧਾਂਤ ਅਤੇ ਅਧਿਆਇ ਚੌਥੇ ਵਿਚ ਅਲੰਕਾਰ ਸਿਧਾਂਤ ਨੂੰ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਸੰਦਰਭ ਵਿਚ ਵਿਚਾਰਨ ਦਾ ਇਕ ਉਪਰਾਲਾ ਕੀਤਾ ਗਿਆ ਹੈ। ਉਸੇ ਕੜੀ ਦੇ ਸੰਦਰਭ ਵਿਚ ਅਸੀਂ ਇਸ ਅਧਿਆਇ ਵਿਚ 'ਰੀਤੀ' ਸਿਧਾਂਤ ਅਤੇ ਰੀਤੀ ਦੀਆਂ ਵਿਭਿੰਨ ਕਿਸਮਾਂ (ਵੈਦਰਭੀ ਰੀਤੀ, ਗੌੜੀ ਰੀਤੀ, ਪਾਂਚਾਲੀ ਰੀਤੀ) ਦੇ ਵੱਖ-ਵੱਖ ਪੱਖਾਂ ਦਾ ਵਿਸ਼ਲੇਸ਼ਣ ਕਰਦੇ ਹੋਇਆਂ ਇਸ ਦੇ ਭਾਵ, ਪ੍ਰਭਾਵ ਅਤੇ ਮਹੱਤਵ ਨੂੰ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਸੰਦਰਭ ਵਿਚ ਵਿਚਾਰਨ ਦਾ ਇਕ ਉਪਰਾਲਾ ਕੀਤਾ ਜਾਵੇਗਾ। ਇਸ ਅਧਿਆਇ ਦਾ ਮੁੱਖ ਉਦੇਸ਼ ਇਹ ਹੈ ਕਿ ਇੱਕ ਉੱਚ-ਕੋਟੀ ਦੇ ਸਾਹਿਤਕਾਰ ਜਾਂ ਕਵੀ ਦੇ ਰੂਪ ਵਿਚ ਗੁਰੂ ਅਰਜਨ ਦੇਵ ਜੀ ਨੇ ਹਰ ਇਕ ਭਾਵ ਨੂੰ ਉਜਾਗਰ ਕਰਨ ਲਈ, ਵਿਸ਼ੇ ਨੂੰ ਵਧੇਰੇ ਗ੍ਰਹਿਣਯੋਗ, ਪ੍ਰਭਾਵਸ਼ਾਲੀ ਬਣਾਉਣ ਲਈ ਅਤੇ ਉਹਨਾਂ ਭਾਵਾਂ ਦਾ ਸਰਲ ਤਰੀਕੇ ਨਾਲ ਪਾਠਕਾਂ ਤੱਕ ਸੰਚਾਰ ਕਰਨ ਲਈ ਰੀਤੀ ਸਿਧਾਂਤ ਦੀ ਵਰਤੋਂ ਕਿਸ ਪੱਧਰ ਤੱਕ ਕੀਤੀ ਹੈ?

ਕਾਵਿ ਜਾਂ ਕਵਿਤਾ ਵਿਚ ਜਦੋਂ ਇਕ ਲੇਖਕ ਉਚਿਤ ਸ਼ਬਦਾਂ ਨੂੰ ਯੋਗ ਅਤੇ ਵਿਸ਼ੇਸ਼ ਕ੍ਰਮ ਦੇ ਅਨੁਸਾਰ ਪ੍ਰਸਤੁਤ ਕਰਦਾ ਹੈ ਤਾਂ ਉਸ ਦੇ ਲਿਖਣ ਦੇ ਨਿਵੇਕਲੇ ਢੰਗ ਨੂੰ ਲੇਖਕ ਦੀ ਰੀਤੀ ਕਿਹਾ ਜਾਂਦਾ ਹੈ। ਆਧੁਨਿਕ ਆਲੋਚਨਾ ਦੀ ਬੋਲੀ ਵਿਚ ਰੀਤੀ ਨੂੰ 'ਸ਼ੈਲੀ' ਅਤੇ ਅੰਗਰੇਜ਼ੀ ਭਾਸ਼ਾ ਵਿਚ 'ਸਟਾਈਲ' ਵੀ ਕਿਹਾ ਜਾਂਦਾ ਹੈ। ਭਾਰਤੀ ਕਾਵਿ-ਸ਼ਾਸਤਰ ਵਿਚ ਰੀਤੀ ਨੂੰ ਲੇਖਕ ਦੀ ਨਿਜੀ ਪ੍ਰਗਟਾ-ਸ਼ੈਲੀ (A mode of expression) ਮੰਨਿਆ ਜਾਂਦਾ ਹੈ। ਵਾਮਨ ਨੇ ਸਭ ਤੋਂ ਪਹਿਲਾਂ 'ਰੀਤੀ' ਸ਼ਬਦ ਦੀ ਵਰਤੋਂ ਕੀਤੀ ਸੀ, ਜਿਸ ਕਰਕੇ ਵਾਮਨ ਨੂੰ

ਹੀ ਰੀਤੀ ਸਿਧਾਂਤ ਜਾਂ ਸੰਪਦਾਇ ਦੇ ਸਥਾਪਕ ਮੰਨਿਆ ਜਾਂਦਾ ਹੈ। ਵਾਮਨ ਨੇ 'ਰੀਤੀ' ਸ਼ਬਦ ਦੇ ਦੋ ਅਰਥ ਕੀਤੇ ਹਨ - ਸਾਧਾਰਨ ਅਰਥ ਵਿਚ ਵਾਮਨ ਨੇ ਰੀਤੀ ਨੂੰ ਮਾਰਗ ਜਾਂ ਰਸਤਾ ਕਿਹਾ ਹੈ ਅਤੇ ਵਿਸ਼ੇਸ਼ ਅਰਥ ਵਿਚ ਰੀਤੀ ਨੂੰ ਵਿਸ਼ਿਸ਼ਟ ਪਦ ਰਚਨਾ ਮੰਨਿਆ ਹੈ। ਵਾਮਨ ਦੇ ਅਨੁਸਾਰ, "ਰੀਤੀ ਵਿਸ਼ੇਸ਼ ਕਿਸਮ ਦੀ ਸ਼ਬਦ ਰਚਨਾ ਹੈ, ਜਿਸ ਵਿਚ ਕਾਵਿ ਗੁਣਾਂ (ਮਾਧੁਰਯ, ਪ੍ਰਸਾਦ, ਓਜ) ਦਾ ਹੋਣਾ ਬਹੁਤ ਜਰੂਰੀ ਹੈ।" (***ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ*** 145) ਇਸ ਤਰ੍ਹਾਂ ਵਾਮਨ ਦੇ ਅਨੁਸਾਰ ਰੀਤੀ ਉਹ ਸ਼ਬਦ ਰਚਨਾ ਹੈ, ਜਿਹੜੀ ਮਧੁਰਤਾ, ਪ੍ਰਸਾਦ ਆਦਿ ਗੁਣਾਂ ਦਾ ਸੰਜੋਗ ਰੱਖਦੀ ਹੈ।

ਆਨੰਦ ਵਰਧਨ ਦਾ ਵਿਚਾਰ ਹੈ ਕਿ ਕਿਸੇ ਕਾਵਿ-ਰਚਨਾ ਵਿਚ ਉਚਿਤ ਸ਼ਬਦਾਂ ਦੇ ਰਾਹੀਂ ਰਚਨਾ ਦਾ ਭਾਵ ਸਪੱਸ਼ਟ ਕੇਵਲ ਰੀਤੀ ਦੇ ਦੁਆਰਾ ਹੀ ਕੀਤਾ ਜਾਂਦਾ ਹੈ। ਸ਼ਾਰਦਾ ਤਨਯ ਅਤੇ ਰਾਜਸ਼ੇਖਰ ਦੇ ਅਨੁਸਾਰ ਕਵਿਤਾ ਜਾਂ ਕਾਵਿ ਵਿਚ ਵਚਨਾਂ ਦੇ ਟਿਕਾਉਣ ਦੀ ਤਰਤੀਬ ਹੀ ਰੀਤੀ ਹੈ। ਭਾਵ ਰੀਤੀ ਦੇ ਰਾਹੀਂ ਕਾਵਿ ਜਾਂ ਕਵਿਤਾ ਵਿਚ ਯੋਗ ਸ਼ਬਦਾਂ ਨੂੰ ਯੋਗ ਥਾਂ 'ਤੇ ਰੱਖਿਆਂ ਜਾਂਦਾ ਹੈ। ਆਚਾਰੀਆ ਵਿਦਿਆਧਰ ਦੇ ਅਨੁਸਾਰ ਕਾਵਿ ਵਿਚ ਰਸ ਦੇ ਅਨੁਕੂਲ ਸ਼ਬਦ ਅਤੇ ਅਰਥ ਦੀ ਵਰਤੋਂ, ਰੀਤੀ ਨਾਲ ਸੰਬੰਧਿਤ ਹੈ। ਸ਼ਿੰਗ ਭੂਪਾਲ ਦੇ ਅਨੁਸਾਰ ਰੀਤੀ ਇਕ ਅਜਿਹੀ ਭਾਸ਼ਾ ਸ਼ਕਤੀ ਹੈ ਜਿਸ ਦੁਆਰਾ ਸਾਧਾਰਨ ਸ਼ਬਦਾਂ ਰਾਹੀਂ ਵੀ ਚਮਤਕਾਰ ਪੈਦਾ ਕੀਤਾ ਜਾ ਸਕਦਾ ਹੈ। ਕੁੰਤਕ ਦੇ ਅਨੁਸਾਰ ਰੀਤੀ ਕਵੀ ਦੀ ਇਕ ਸ਼ੈਲੀ ਹੈ, ਇਹ ਸ਼ੈਲੀ ਕਵੀ ਦੀ ਆਪੋ ਆਪਣੇ ਸੁਭਾ ਮੁਤਾਬਕ ਭਿੰਨ ਭਿੰਨ ਹੈ। ਕੁੰਤਕ ਨੇ ਰੀਤੀ ਲਈ 'ਮਾਰਗ 'ਸ਼ਬਦ ਦੀ ਵਰਤੋਂ ਵੀ ਕੀਤੀ ਹੈ। ਮੰਮਟ ਨੇ ਆਪਣੇ ਗ੍ਰੰਥ 'ਕਾਵਯ ਪ੍ਰਕਾਸ਼ 'ਵਿਚ ਰੀਤੀ ਲਈ 'ਵ੍ਰਿਤੀ 'ਸ਼ਬਦ ਦੀ ਵਰਤੋਂ ਕੀਤੀ ਹੈ। ਮੰਮਟ ਦੇ ਅਨੁਸਾਰ ਵਰਣਾਂ ਦੀ ਵਿਸ਼ੇਸ਼ ਢੰਗ ਨਾਲ ਕੀਤੀ ਜੜਤ ਹੀ ਰੀਤੀ ਹੈ।

रीति -सम्बन्धी आचार्य वामन के मत से रीति काव्य की आत्मा है। विशिष्ट पद रचना रीति है। यह विशिष्टता गुण पर आधारित है। इस प्रकार गुणों के आधार पर रचना रीति हुई रीति के तीन प्रकार के भेद होते हैं- वैदर्भी, गौडीय और पांचाली। (*डॉ० भगीरथ मिश्र, भारतीय काव्यशास्त्र* 195) Riti or style is one of the important measuring rods for the poets. This is an indispensable characteristic feature of a poem. Visvanatha Kaviraja opines

that the arrangement of words or syllables, which render help in heightening the excellence of rasa or the sentiment, is regarded as riti.

ਉਪਰੋਕਤ ਪਰਿਭਾਸ਼ਾਵਾਂ ਨੂੰ ਵਿਚਾਰਨ ਤੋਂ ਬਾਅਦ ਅਸੀਂ ਸਿੱਟੇ 'ਤੇ ਪੁੱਜਦੇ ਹਾਂ ਕਿ ਰੀਤੀ ਇਕ ਸਾਹਿਤਕ ਪ੍ਰਵਿਰਤੀ ਹੈ ਜਿਹੜੀ ਕਿ ਕਾਵਿ-ਗੁਣਾਂ ਵਾਲੇ ਸ਼ਬਦਾਂ ਦੇ ਕ੍ਰਮ ਉੱਤੇ ਨਿਰਭਰ ਹੈ। ਭਾਰਤੀ ਕਾਵਿ-ਸ਼ਾਸਤਰ ਦੇ ਆਚਾਰੀਆਂ ਦੇ ਅਨੁਸਾਰ ਸ਼ਬਦਾਂ ਦੀ ਚੋਣ, ਭਾਸ਼ਾ ਦੀ ਸ਼ਕਤੀ, ਪਦਾਂ ਦੀ ਵਿਸ਼ੇਸ਼ ਰਚਨਾ, ਰਸ, ਅਲੰਕਾਰ, ਧੁਨੀ ਆਦਿ ਨੂੰ ਰੀਤੀ ਦੇ ਤੱਤ ਮੰਨਿਆਂ ਜਾਂਦਾ ਹੈ। ਜਿੱਥੇ ਵਾਮਨ ਨੇ ਰੀਤੀ ਨੂੰ ਕਾਵਿ ਆਤਮਾ ਸਿੱਧ ਕੀਤਾ ਹੈ, ਉੱਥੇ ਵਿਸ਼ਵਨਾਥ ਨੇ ਰੀਤੀ ਨੂੰ ਰਸ ਦੀ ਸਹਾਇਕਾ ਸਵੀਕਾਰ ਕੀਤਾ ਹੈ। ਆਧੁਨਿਕ ਆਲੋਚਨਾ ਵਿਚ 'ਸ਼ੈਲੀ' ਨੂੰ ਜੋ ਸਥਾਨ ਪ੍ਰਾਪਤ ਹੈ, ਉਹੋ ਸਥਾਨ ਭਾਰਤੀ ਕਲਾਸੀਕਲ ਸਮਾਲੋਚਨਾਂ ਵਿਚ 'ਰੀਤੀ' ਨੂੰ ਪ੍ਰਾਪਤ ਸੀ। ਸੋ ਰੀਤੀ ਲੇਖਕ ਦੀ ਅਜਿਹੀ ਪ੍ਰਤਿਭਾ ਜਾਂ ਕਲਾ ਹੈ, ਜਿਸ ਰਾਹੀਂ ਕਵਿਤਾ ਜਾਂ ਕਾਵਿ ਵਿਚ ਵਰਣਾਂ, ਅੱਖਰਾਂ, ਪਦਾਂ ਤੇ ਸ਼ਬਦਾਂ ਦੀ ਚੋਣ ਦਾ ਖਾਸ ਖਿਆਲ ਰਖਿਆ ਜਾਂਦਾ ਹੈ। ਰੀਤੀ ਰਾਹੀਂ ਇਹ ਦੇਖਿਆ ਜਾਂਦਾ ਹੈ ਕਿ ਕਵਿਤਾ ਵਿਚ ਕਿਸੇ ਵਿਸ਼ੇ ਲਈ ਕਿਹੜੇ ਅੱਖਰ ਜਾਂ ਧੁਨੀਆਂ ਉਚਿਤ ਹਨ, ਕਿਸ ਰਸ ਲਈ ਕਿਹੋ ਜਿਹੀ ਸ਼ਬਦਾਵਲੀ ਲਾਹੇਵੰਦ ਹੈ। ਰੀਤੀ ਜਿੱਥੇ ਕਵੀ ਦੀ ਸ਼ਖਸੀਅਤ ਦਾ ਪ੍ਰਗਟਾਵਾ ਕਰਦੀ ਹੈ, ਤਾਂ ਉੱਥੇ ਕਾਵਿ ਵਿਚਲੇ ਵਿਸੇ-ਵਸਤੂ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਂਦੀ ਹੈ। ਭਾਰਤੀ ਕਾਵਿ-ਸ਼ਾਸਤਰ ਦੇ ਅਨੁਸਾਰ ਕਵਿਤਾ ਜਾਂ ਕਾਵਿ ਵਿਚ ਕਵੀ ਦੀ ਲਿਖਣ ਦੀ ਵਿਧੀ, ਢੰਗ ਅਤੇ ਜੁਗਤੀ ਨੂੰ ਰੀਤੀ ਵਿਚ ਸ਼ਾਮਿਲ ਕੀਤਾ ਜਾਂਦਾ ਹੈ।

**ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ: ਰੀਤੀ ਸੰਪਰਦਾਇ:-** ਸ਼ੈਲੀ ਦਾ ਆਧਾਰ ਕਵੀ ਦੀ ਸ਼ਖਸੀਅਤ ਹੁੰਦੀ ਹੈ, ਕਿਉਂਕਿ ਕਵੀ ਜਿੰਨੀ ਬਹੁ-ਪੱਖੀ ਪ੍ਰਤਿਭਾ ਦਾ ਸੁਆਮੀ ਹੋਵੇਗਾ, ਉਨਾ ਹੀ ਅਸਰਦਾਇਕ ਕਵੀ ਦਾ ਆਪਣੇ ਵਿਚਾਰਾਂ ਨੂੰ ਪ੍ਰਗਟਾਅ ਕਰਨ ਦਾ ਢੰਗ ਹੋਵੇਗਾ। ਸ੍ਰੀ ਗੁਰੂ ਅਰਜਨ ਦੇਵ ਜੀ ਇੱਕ ਉੱਤਮ-ਸ਼ੈਲੀਕਾਰ ਸਨ, ਕਿਉਂਕਿ ਉਨ੍ਹਾਂ ਦੀ ਗੁਰਬਾਣੀ ਵਿਚ ਸਹਿਜ, ਸੰਜਮ, ਠਰ੍ਹੰਮਾਂ, ਡੂੰਘਾਈ, ਸੰਕੋਚ, ਸਰਲਤਾ, ਨਾਟਕੀਪਨ, ਸੂਤਰਬੱਧਤਾ, ਸਪੱਸ਼ਟਤਾ, ਸੰਗੀਤਾਤਮਕਤਾ ਅਤੇ ਹਾਸ ਰਸ ਆਦਿ ਗੁਣ ਦ੍ਰਿਸ਼ਟਮਾਨ ਹਨ। ਗੁਰੂ ਜੀ ਦੀ

ਸ਼ੈਲੀ ਵਿਚ ਬੁੱਧੀ, ਭਾਵ ਅਤੇ ਸੁਹਜ ਦਾ ਸੰਤੁਲਨ ਮਿਲਦਾ ਹੈ, ਕਿਉਂਕਿ ਗੁਰੂ ਜੀ ਨੇ ਅਧਿਆਤਮਕ ਜਾਂ ਰਹੱਸਵਾਦੀ ਵਿਚਾਰ ਨੂੰ ਭਾਵੁਕਤਾ ਦੀ ਥਾਂ ਸੋਚੇ-ਸਮਝੇ ਢੰਗ ਨਾਲ ਬਹੁਤ ਹੀ ਸੁਚੱਜੀ ਸ਼ੈਲੀ ਰਾਹੀਂ ਪ੍ਰਸਤੁਤ ਕੀਤਾ ਹੈ। ਡਾ. ਮਹਿੰਦਰ ਕੌਰ ਗਿੱਲ ਦੇ ਵਿਚਾਰ ਅਨੁਸਾਰ, "ਗੁਰੂ ਅਰਜਨ ਦੇ ਸਿਰਜਨ-ਕ੍ਰਮ ਵਿਚ ਵਿਸ਼ੇ ਅਤੇ ਰੂਪ ਪੱਖੋਂ ਵਿਸ਼ਾਲ ਵੰਨ-ਸੁਵੰਨਤਾ ਹੈ। ਵੰਨ-ਸੁਵੰਨੀ ਭਾਸ਼ਾ ਦਾ ਪ੍ਰਯੋਗ ਵੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਸ਼ਿੰਗਾਰ ਹੈ। ਗੁਰੂ ਅਰਜਨ-ਬਾਣੀ ਵਿਚ ਇਕ ਬਜ਼ੁਰਗ ਵਾਲਾ ਦੁਹਰਾਓ, ਸਰਲਤਾ, ਸੁਗਮਤਾ, ਸੰਜਮਤਾ, ਰਾਗਬੱਧਤਾ, ਵਿਅੰਗਮਤਾ ਆਦਿ ਗੁਣ ਪਾਏ ਜਾਂਦੇ ਹਨ।" (***ਬਾਣੀ ਬੋਧ*** 76)

ਡਾ. ਮਹਿੰਦਰ ਕੌਰ ਗਿੱਲ ਦੇ ਕਥਨ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਸ਼ਬਦਾਂ ਦਾ ਦੁਹਰਾਉ, ਸਰਲਤਾ, ਰਾਗਬੱਧਤਾ, ਵਿਅੰਗਾਤਮਕ, ਸੰਜਮ ਅਤੇ ਸਹਿਜ, ਨਵੇਂ ਅਤੇ ਸ੍ਰੇਸ਼ਟ ਭਾਵ ਚਿਤਰ ਰਚਣ ਦੀ ਯੋਗਤਾ ਆਦਿ ਸ਼ੈਲੀ-ਗੁਣ ਪਾਏ ਜਾਂਦੇ ਹਨ। ਗੁਰੂ ਜੀ ਦੀ ਬਾਣੀ ਦੀ ਕਥਨ-ਵਿਧੀ ਗ੍ਰਾਮੀਣ ਭਾਵ ਪੇਂਡੂ ਨਹੀਂ, ਸਗੋਂ ਸ਼ਹਿਰੀ ਹੈ। ਗੁਰੂ ਜੀ ਨੇ ਆਪਣੀ ਗੁਰਬਾਣੀ ਰਾਹੀਂ ਕਿਸੇ ਅਸਭਯ ਜਾਂ ਚਰਿੱਤਰਹੀਣ ਵਿਅਕਤੀ ਦਾ ਨਹੀਂ ਸਗੋਂ ਸਭਯ ਅਤੇ ਆਦਰਸ਼ਕ ਵਿਅਕਤੀ ਦਾ ਚਰਿੱਤਰ ਉਭਾਰਨ ਦਾ ਨਿਵੇਕਲਾ ਯਤਨ ਜਾਂ ਉਪਰਾਲਾ ਕੀਤਾ ਹੈ। ਗੁਰੂ ਜੀ ਦੀ ਸੰਪੂਰਨ ਬਾਣੀ ਹਰੇਕ ਪਾਠਕ ਜਾਂ ਮਾਨਵ ਨੂੰ ਗਲਤ ਰਸਤੇ ਵਲੋਂ ਮੋੜ ਕੇ ਇਕ ਆਦਰਸ਼ਕ ਅਤੇ ਵਧੀਆ ਮਨੁੱਖ ਬਣਾਉਣ ਦੀ ਸਮਰਥਕ ਹੈ। ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਧਿਆਤਮਕ ਭਾਵਾਂ ਦੇ ਪ੍ਰਵਾਹ ਲਈ ਵਰਤੀ ਗਈ ਬੋਲੀ ਅਤੇ ਸ਼ੈਲੀ ਵਿਚ ਉੱਦਾਤ ਜਾਂ ਸ੍ਰੇਸ਼ਟ (Sublime) ਦੇ ਕਾਵਿ-ਗੁਣ ਦੇਖਣ ਨੂੰ ਮਿਲਦੇ ਹਨ। ਗੁਰੂ ਜੀ ਦੀ ਬਾਣੀ ਵਿਚ ਸ਼ਬਦ ਕਾਵਿ-ਗੁਣ (ਸ਼ਲੇਸ਼, ਪ੍ਰਸਾਦ, ਮਾਧੁਰਯ, ਸੁਕੁਮਾਰਤਾ, ਓਜ, ਕਾਂਤੀ), ਅਰਥ ਕਾਵਿ-ਗੁਣ (ਸਹਿਜਤਾ, ਦਰਸ਼ਨ (ਅਰਥਾਂ ਦੀ ਸਪੱਸ਼ਟਤਾ), ਅਗ੍ਰਾਮਕਰਤੱਤਵ (ਪੇਂਡੂ ਅਰਥਾਂ ਦਾ ਨਾ ਹੋਣਾ), ਵਿਮਲਤਾ (ਅਰਥਾਂ ਦੀ ਸ਼ੁੱਧਤਾ, ਪ੍ਰੋਢਤਾ (Maturity), ਅਰਥ-ਵਿਅਕਤੀ ਅਤੇ ਸ਼ੈਲੀ ਕਾਵਿ-ਗੁਣ (ਸਮਾਨਤਾ (ਸ਼ੈਲੀ ਦੀ ਇਕਰੂਪਤਾ), ਸਮਾਧੀ (ਸ਼ੈਲੀ ਦਾ ਉਤਾਰ-ਚੜ੍ਹਾਅ) ਅਤੇ ਉਦਾਰਤਾ (ਜਟਿਲ ਸ਼ੈਲੀ) ਭਰਪੂਰ ਮਾਤਰਾ ਵਿਚ ਦੇਖਣ ਨੂੰ ਮਿਲਦੇ ਹਨ। 'ਨੇਮ ਤੇ ਪ੍ਰੇਮ' ਪੁਸਤਕ ਵਿਚ ਡਾ. ਤਾਰਨ ਸਿੰਘ ਗੁਰੂ

ਅਰਜਨ ਦੇਵ ਜੀ ਦੀ ਸ਼ੈਲੀ ਦੀ ਸਿਫ਼ਤ-ਸਲਾਹ ਕਰਦੇ ਹੋਏ ਲਿਖਦੇ ਹਨ ਕਿ ਗੁਰਬਾਣੀ ਵਿਚ ਕੋਈ ਐਸੀ ਸ਼ਕਤੀਵਾਨ ਸ਼ੈਲੀ ਹੈ ਜਿਸ ਵਿਚ ਪਰਮਾਤਮਾ ਵਰਗਾ ਸਤਿ ਹੈ, ਚਿਤ ਹੈ ਤੇ ਆਨੰਦ ਹੈ। ਇਸ ਦੀ ਸ਼ੈਲੀ ਕਿਸੇ ਭਗਤ ਜਨ, ਸਾਧ-ਸੰਤ ਅਤੇ ਬ੍ਰਹਮ ਗਿਆਨੀ ਦੀ ਸ਼ੈਲੀ ਹੈ ਜਿਸ ਨੇ ਇਸ ਵਿਚ ਪ੍ਰਭੂ ਜਾਂ ਪਰਮਾਤਮਾ ਦਾ ਪ੍ਰਵਾਹ, ਸਵੈ-ਸੰਜਮ ਦੀ ਸਾਧਨਾ, ਬ੍ਰਹਿਮੰਡ ਜਿੰਨੀ ਵਿਸ਼ਾਲਤਾ, ਹਮਦਰਦੀ ਅਤੇ ਸੰਤ ਦੀ ਮੀਰੀ-ਪੀਰੀ ਦੀ ਇਕਸੁਰਤਾ ਦੇ ਪ੍ਰਭਾਵ ਉਤਪੰਨ ਕੀਤੇ ਹਨ। ਗੁਰਬਾਣੀ ਇਕ ਅਜਿਹੀ ਰਚਨਾ ਹੈ ਜੋ ਆਮ ਰਚਨਾ ਨਹੀਂ ਸਗੋਂ 'ਧੁਰ ਕੀ ਬਾਣੀ' ਹੈ। ਗੁਰੂ ਅਰਜਨ ਦੇਵ ਜੀ ਖੁਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ੈਲੀ ਦੀ ਸਿਫ਼ਤ-ਸਲਾਹ ਵਿਚ ਫੁਰਮਾਉਂਦੇ ਹਨ:

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥ (763)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਬਾਣੀ ਦੇ ਰਾਹੀਂ ਜੋ ਕੁਝ ਤੁਹਾਨੂੰ ਮੈਂ ਦੱਸਿਆ ਹੈ, ਉਹ ਗੁਰੂ ਦਾ ਹੁਕਮ ਹੀ ਦੱਸਿਆ ਹੈ, ਮੈਂ ਆਪਣੀ ਅਕਲ ਦਾ ਆਸਰਾ ਲੈ ਕੇ ਇਹ ਸਭ ਕੁਝ ਨਹੀਂ ਦੱਸ ਰਿਹਾ ਹਾਂ। ਗੁਰੂ ਸਾਹਿਬ ਦੀ ਨਿਵੇਕਲੀ ਪ੍ਰਤਿਭਾ, ਸੂਖ਼ਮ ਵਿਸ਼ੇ ਦੀਆਂ ਬਾਰੀਕੀਆਂ ਅਤੇ ਡੂੰਘਾਈਆਂ ਦਾ ਅੰਦਾਜਾ ਗੁਰੂ ਸਾਹਿਬ ਦੇ ਯੋਗ ਅਤੇ ਢੁਕਵੇਂ ਕਾਵਿਕ ਪ੍ਰਗਟਾ ਅਤੇ ਸ਼ੈਲੀ ਤੋਂ ਲਗਾਇਆ ਜਾ ਸਕਦਾ ਹੈ। ਗੁਰੂ ਜੀ ਨੇ ਕਬੀਰ, ਨਾਮਦੇਵ ਅਤੇ ਰਵਿਦਾਸ ਕਵੀਆਂ ਵਾਂਗ ਸਮਾਜਿਕ, ਧਾਰਮਿਕ ਅਤੇ ਰਾਜਸੀ ਪਾਖੰਡਾਂ, ਧਰੋਹਾਂ ਅਤੇ ਅਤਿਆਚਾਰਾਂ ਨੂੰ ਖੁਲ੍ਹੇ ਸ਼ਬਦਾਂ ਅਤੇ ਵਿਅੰਗ-ਭਰੀ ਬੋਲੀ ਵਿਚ ਭੰਡਿਆ ਅਤੇ ਸਾਰੇ ਵਹਿਮਾਂ-ਭਰਮਾਂ ਦੇ ਪਰਦੇ ਦੂਰ ਕਰਕੇ ਸੱਚਾਈ ਦਾ ਰਸਤਾ ਲੋਕਾਂ ਦੀ ਆਪਣੀ ਬੋਲੀ ਵਿਚ ਦੱਸਣ ਦਾ ਨਿਵੇਕਲਾ ਅਤੇ ਅਨੋਖਾ ਉਪਰਾਲਾ ਕੀਤਾ ਹੈ। ਜਿਵੇਂ:

ਬਾਹਰਿ ਭੇਖ ਅੰਤਰ ਮਲੁ ਮਾਇਆ॥

ਛਪਸਿ ਨਾਹਿ ਕਛੁ ਕਰੈ ਛਪਾਇਆ॥ (266)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਬਾਹਰਲੇ ਭੇਖ ਜਾਂ ਪਾਖੰਡ ਕਰਨ ਨਾਲ ਮਨ ਦੇ ਅੰਦਰ ਦੀ ਮੈਲ ਨੂੰ ਛਪਾਇਆ ਨਹੀਂ ਜਾ ਸਕਦਾ ਹੈ। ਇੱਥੇ ਗੁਰੂ ਜੀ ਨੇ ਆਪਣੀ ਵਿਲੱਖਣ ਸ਼ੈਲੀ ਦਾ ਪ੍ਰਮਾਣ ਦਿੰਦੇ ਹੋਏ ਧਾਰਮਿਕ ਪਾਖੰਡ ਨੂੰ ਖੁਲ੍ਹੇ ਸ਼ਬਦਾਂ ਅਤੇ ਵਿਅੰਗ-ਭਰੀ ਬੋਲੀ ਵਿਚ ਭੰਡਿਆ ਹੈ।

ਇਸ ਖੋਜ ਕਾਰਜ ਰਾਹੀਂ ਅਸੀਂ ਰੀਤੀ ਸਿਧਾਂਤ ਦੇ ਸ਼ਬਦ ਕਾਵਿ-ਗੁਣਾਂ, ਅਰਥ ਕਾਵਿ-ਗੁਣਾਂ ਅਤੇ ਸ਼ੈਲੀ ਕਾਵਿ-ਗੁਣਾਂ ਨੂੰ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਸੰਦਰਭ ਵਿਚ ਅਧਿਐਨ ਕਰਨ ਦਾ ਯਤਨ ਕਰਾਂਗੇ ਅਤੇ ਇਹ ਜਾਣਨ ਦਾ ਉਪਰਾਲਾ ਕਰਾਂਗੇ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਰਜਨਾਤਮਕ ਅਮਲ ਅਤੇ ਰਚਨਾਤਮਕ ਪ੍ਰਕਿਰਿਆ ਵਿਚ ਰੀਤੀ ਸਿਧਾਂਤ ਦੀ ਭੂਮਿਕਾ ਕਿਸ ਪੱਧਰ ਤੱਕ ਜੁੜੀ ਹੋਈ ਹੈ। ਭਾਰਤੀ ਕਾਵਿ-ਸ਼ਾਸਤਰ ਦੇ ਵੱਖ-ਵੱਖ ਵਿਦਵਾਨ ਸ਼ੈਲੀ ਨੂੰ ਨਿਰਧਾਰਿਤ ਕਰਨ ਲਈ ਵੱਖ-ਵੱਖ ਮਿਆਰ (ਸ਼ਬਦਾਂ ਦਾ ਦੁਹਰਾਅ, ਮਧੁਰਤਾ, ਰਾਗ-ਬੱਧਤਾ, ਵਿਅੰਗਮਈ, ਓਜਮਈ, ਸਹਿਜ, ਸੰਜਮ, ਸਰਲਤਾ, ਸਪਸ਼ਟਤਾ, ਸਾਦਗੀ) ਨਿਸ਼ਚਿਤ ਕਰਦੇ ਹਨ, ਜਿੰਨ੍ਹਾਂ ਦੇ ਆਧਾਰ 'ਤੇ ਅਸੀਂ ਇਸ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਰੀਤੀ ਜਾਂ ਸ਼ੈਲੀ ਦਾ ਮੁਲਾਂਕਣ ਜਾਂ ਵਿਸ਼ਲੇਸ਼ਣ ਕਰਨ ਦਾ ਨਿਵੇਕਲਾ ਉਪਰਾਲਾ ਕਰਾਂਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਗੁਰਬਾਣੀ ਨੂੰ ਚੰਗੀ ਤਰ੍ਹਾਂ ਪੜ੍ਹਨ, ਸਮਝਣ ਅਤੇ ਵਿਚਾਰਨ ਤੋਂ ਬਾਅਦ ਇਹ ਸਿੱਟਾ ਨਿਕਲਦਾ ਹੈ ਕਿ ਗੁਰੂ ਜੀ ਦੀ ਗੁਰਬਾਣੀ ਵਿਚ ਸ਼ਬਦਾਂ ਦਾ ਦੁਹਰਾਅ, ਮਧੁਰਤਾ, ਰਾਗ-ਬੱਧਤਾ, ਵਿਅੰਗਮਈ, ਓਜਮਈ, ਸਹਿਜ, ਸੰਜਮ, ਸਰਲਤਾ, ਸਪਸ਼ਟਤਾ, ਸਾਦਗੀ ਆਦਿ ਸ਼ੈਲੀ-ਗੁਣ ਪਾਏ ਜਾਂਦੇ ਹਨ, ਜਿੰਨ੍ਹਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

**ਸਬਦਾਂ ਦਾ ਦੁਹਰਾਅ:** ਸ਼ੈਲੀ ਦੀ ਰਵਾਨਗੀ ਦਾ ਸੰਬੰਧ ਸ਼ਬਦਾਂ ਦੇ ਦੁਹਰਾਉ ਨਾਲ ਹੈ, ਪਰ ਆਮ ਰਚਨਾਵਾਂ ਵਿਚ ਇਹ ਦੁਹਰਾਉ ਅਕੇਵੇਂ ਭਰਪੂਰ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਵੀ ਆਪਣੀ ਗੁਰਬਾਣੀ ਵਿਚ ਸ਼ਬਦਾਂ ਦੇ ਦੁਹਰਾਉ ਦੀ ਵਰਤੋਂ ਕੀਤੀ ਹੈ, ਪਰੰਤੂ ਗੁਰੂ ਸਾਹਿਬ ਦੀ ਬਾਣੀ ਵਿਚ ਇਹ ਦੁਹਰਾਉ ਅਕੇਵੇਂ ਭਰਪੂਰ ਅਤੇ ਨੀਰਸ ਨਹੀਂ ਬਣਦਾ ਸਗੋਂ ਇਕ ਵਿਸ਼ੇਸ਼ ਕਿਸਮ ਦਾ ਆਂਤਰਿਕ ਸਰੋਦ ਜਾਂ ਸੰਗੀਤ ਪੈਦਾ ਕਰਦਾ ਹੈ। ਡਾ. ਗੁਰਸ਼ਰਨ ਕੌਰ ਜੱਗੀ ਗੁਰੂ ਅਰਜਨ ਦੇਵ ਜੀ ਸ਼ੈਲੀ ਬਾਰੇ ਦੱਸਦੇ ਹਨ ਕਿ ਗੁਰੂ ਜੀ ਨੇ

ਗੁਰਬਾਣੀ ਵਿਚ ਆਪਣੇ ਭਾਵ ਜਾਂ ਵਿਚਾਰ ਨੂੰ ਇੰਨੇ ਸਹਿਜ ਭਾਵ ਨਾਲ ਸ਼ਬਦਾਂ ਦੇ ਬਾਰ-ਬਾਰ ਦੋਹਰਾਉ ਰਾਹੀਂ ਪ੍ਰਸਤੁਤ ਕੀਤਾ ਹੈ ਕਿ ਅਸਭਯ ਜਾਂ ਚਰਿੱਤਰਹੀਣ ਵਿਅਕਤੀ ਵੀ ਆਪਣੀ ਮਤ ਜਾਂ ਸੋਚ ਨੂੰ ਇਕ ਸਭਯ ਜਾਂ ਆਦਰਸ਼ਕ ਵਿਅਕਤੀ ਦੀ ਸੋਚ ਵਿਚ ਬਦਲ ਲੈਂਦਾ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਸ਼ਬਦਾਂ ਦੇ ਦੁਹਰਾਉ ਨਾਲ ਸੰਬੰਧਿਤ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਸਸਾ ਸਤਿ ਸਤਿ ਸਤਿ ਸੋਊ॥

ਸਤਿ ਪੁਰਖ ਤੇ ਭਿੰਨ ਨਾ ਕੋਊ॥ (250)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ 'ਸਤਿ' ਸ਼ਬਦ ਦਾ ਵਾਰ-ਵਾਰ ਦੁਹਰਾਅ ਕੀਤਾ ਹੈ। ਇੱਥੇ ਸ਼ਬਦਾਂ ਦਾ ਦੁਹਰਾਅ ਕੇਵਲ ਗੁਰੂ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਦ੍ਰਿੜ੍ਹ ਕਰਨ ਲਈ ਕੀਤਾ ਗਿਆ ਹੈ ਜੋ ਕਿ ਗੁਰੂ ਜੀ ਦੀ ਸ਼ੈਲੀ ਦੀ ਵਿਲੱਖਣ ਗੁਣ ਹੈ। ਅਰਜਨ-ਬਾਣੀ ਵਿਚ ਵਿਸ਼ੇਸ਼ ਸ਼ਬਦਾਂ ਦੀ ਪੁਨਰਾਵ੍ਰਿਤੀ ਜਾਂ ਦੁਹਰਾਉ, ਸੰਬੋਧਨੀ ਵਿਧੀ, ਪ੍ਰਸ਼ਨ-ਉੱਤਰ ਵਿਧੀ ਆਦਿ ਅਨੇਕ ਪੱਖ ਗੁਰਬਾਣੀ ਨੂੰ ਕਲਾਸਕੀ ਰੂਪ ਪ੍ਰਦਾਨ ਕਰਦੇ ਹਨ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਸ਼ਬਦਾਂ ਦੇ ਦੁਹਰਾਅ ਨਾਲ ਸੰਬੰਧਿਤ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਕੋਟਿ ਕੋਟਿ ਕੋਟਿ ਲਖ ਧਾਵੈ॥

ਇਕੁ ਤਿਲੁ ਤਾਕਾ ਮਹਲੁ ਨ ਪਾਵੈ॥ (562)

ਖੋਜਤ ਖੋਜਤ ਮਾਰਗੁ ਪਾਇਓ ਸਾਧੂ ਸੇਵ ਕਰੀਜੈ॥ (1269)

ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ॥

ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ॥ *(523)*

ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ॥ *(457)*

ਭ੍ਰਮਤ ਭ੍ਰਮਤ ਪ੍ਰਭ ਸਰਨੀ ਆਇਆ॥ *(1005)*

ਗੁਰੂ ਗੁਰੂ ਗੁਰੁ ਕਰਿ ਮਨ ਮੋਰ॥

ਗੁਰੂ ਬਿਨਾ ਮੈ ਨਾਹੀ ਹੋਰ॥ *(864)*

ਜਿਤੁ ਜਿਤੁ ਲਾਵਹੁ ਤਿਤੁ ਤਿਤੁ ਲਗਹਿ ਸਿਆਨਪ ਸਭ ਜਾਲੀ॥ (811)

**ਮਧੁਰਤਾ**: ਮਧੁਰਤਾ ਸ਼ਬਦ ਦਾ ਅਰਥ ਹੈ :- ਮਿਠਾਸ ਜਾਂ ਮਿੱਠਤ। ਉਹ ਰਚਨਾ ਜਿਸ ਨੂੰ ਪੜ੍ਹਣ ਜਾਂ ਸੁਣਨ ਨਾਲ ਪਾਠਕ ਦਾ ਮਨ ਪਿਘਲਣ ਲੱਗਦਾ ਹੈ, ਉਸ ਰਚਨਾ ਵਿਚ ਮਧੁਰਤਾ ਦਾ ਸ਼ੈਲੀ ਗੁਣ ਹੁੰਦਾ ਹੈ। ਮਧੁਰ ਸ਼ੈਲੀ ਉੱਥੇ ਪ੍ਰਭਾਵਸ਼ਾਲੀ ਸਾਬਿਤ ਹੁੰਦੀ ਹੈ ਜਿੱਥੇ ਪਰਮਾਤਮਾ, ਗੁਰੂ ਜਾਂ ਗੁਰਮੁਖ ਦੀ ਬਹੁਤ ਜਿਆਦਾ ਉਸਤਤ ਜਾਂ ਪ੍ਰਸ਼ੰਸ਼ਾ, ਪਰਮਾਤਮਾ ਦੀਆਂ ਦਾਤਾਂ ਦਾ ਸ਼ੁਕਰਾਨਾ, ਗੁਰੂ ਦੀ ਬਖਸ਼ਿਸ਼ ਦਾ ਬੜੇ ਹੀ ਕੋਮਲ ਅਤੇ ਸੁਹਜਮਈ ਸ਼ਬਦਾਂ ਨਾਲ ਵਰਨਣ ਕੀਤਾ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ 'ਮਧੁਰਤਾ' ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਜੇ ਤੂੰ ਮਿਤ੍ਰ ਅਸਾਡੜਾ ਹਿਕ ਭੋਰੀ ਨਾ ਵੇਛੋੜਿ॥

ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹਿ॥ (1094)

ਓਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਉਸ ਪਰਮ ਪਰਮਾਤਮਾ ਜਾਂ ਪ੍ਰਭੂ ਨੂੰ ਸੰਬੋਧਨ ਕਰਦੇ ਹੋਏ ਦੱਸਦੇ ਹਨ ਕਿ ਜੇ ਤੂੰ ਮੇਰਾ ਮਿੱਤਰ ਜਾਂ ਦੋਸਤ ਹੈਂ ਤਾਂ ਮੈਨੂੰ ਇਕ ਪਲ ਜਾਂ ਰਤਾ ਭਰ ਵੀ ਆਪਣੇ ਨਾਲੋਂ ਨਾ ਵਿਛੋੜ ਕਿਉਂਕਿ ਮੇਰੀ ਜਿੰਦ ਤਾਂ ਹੁਣ ਕੇਵਲ ਤੈਨੂੰ (ਪਰਮਾਤਮਾ) ਮਿਲਣ ਦੀ ਤਾਂਘ ਵਿਚ ਲੱਗੀ ਰਹਿੰਦੀ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਵਿਚਾਰ ਨੂੰ ਆਮ ਪਾਠਕਾਂ ਦੇ ਸਾਹਮਣੇ ਪ੍ਰਸਤੁਤ ਕਰਨ ਲਈ ਸੰਬੋਧਨੀ ਅਤੇ ਮਧੁਰ ਸ਼ੈਲੀ ਦੀ ਵਰਤੋਂ ਕੀਤੀ ਹੈ। ਇੱਥੇ ਗੁਰੂ ਜੀ ਨੇ ਅਜਿਹੀ ਮਧੁਰ ਸ਼ੈਲੀ ਵਰਤੀ ਹੈ, ਜਿਸ ਨੂੰ ਪੜ੍ਹਣ ਜਾਂ ਸੁਣਨ ਨਾਲ ਪਾਠਕ ਦਾ ਮਨ ਪਿਘਲਣ ਲੱਗਦਾ ਹੈ।

ਮੇਰਾ ਮਨ ਲੋਚੇ ਗੁਰ ਦਰਸਨ ਤਾਈ।

ਬਿਲਪ ਕਰੇ ਚਾਤ੍ਰਿਕ ਕੀ ਨਿਆਈ।

ਤ੍ਰਿਖਾ ਨ ਉਤਰੈ ਸਾਂਤਿ ਨ ਆਵੈ।

ਬਿਨੁ ਦਰਸਨ ਸੰਤ ਪਿਆਰੇ ਜੀਉ।੧।

ਹਉ ਘੋਲੀ ਜੀਉ ਘੁਲਿ ਘੁਮਾਈ।

ਗੁਰ ਦਰਸਨ ਸੰਤ ਪਿਆਰੇ ਜੀਉ। (96)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਵਾਤਸਲਤਾ ਦਾ ਭਾਵ ਪ੍ਰਗਟ ਕਰਦੇ ਹੋਏ ਕਹਿੰਦੇ ਹਨ ਕਿ ਮੇਰੇ ਕੋਲੋਂ ਆਪਣੇ ਪਰਮ ਪਿਤਾ (ਪਰਮਾਤਮਾ) ਦਾ ਵਿਛੋੜਾ ਸਹਿਨ ਨਹੀਂ ਹੋ ਰਿਹਾ ਅਤੇ ਮੇਰਾ ਮਨ ਉਨ੍ਹਾਂ ਦੇ ਦਰਸਨ ਕਰਨ ਨੂੰ ਕਰ ਰਿਹਾ ਹੈ। ਇਹਨਾਂ ਸਤਰਾਂ ਰਾਹੀਂ ਗੁਰੂ ਅਰਜਨ ਦੇਵ ਜੀ ਨੇ ਆਤਮਾ ਅਤੇ ਪਰਮਾਤਮਾ ਦੇ ਮਿਲਾਪ ਅਤੇ ਵਿਜੋਗ ਦਾ ਵਰਨਣ ਕੀਤਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਅਜਿਹੀ ਮਧੁਰ ਸ਼ੈਲੀ ਵਰਤੀ ਹੈ ਜਿਸ ਨੂੰ ਪੜ੍ਹਣ ਜਾਂ ਸੁਣਨ ਨਾਲ ਪਾਠਕ ਜਾਂ ਸਰੋਤੇ ਦਾ ਮਨ ਪਿਘਲਣ ਲੱਗਦਾ ਹੈ।

ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ।

ਹੁਣ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ।

ਮੁਹਿ ਰੈਣਿ ਨ ਵਿਹਾਵੈ ਨੀਦ ਨ ਆਵੈ।

ਬਿਨ ਦੇਖੇ ਗੁਰ ਦਰਬਾਰੇ ਜੀਉ।

ਹਉ ਘੋਲੀ ਜੀਉ ਘੋਲਿ ਘੁਮਾਈ।

ਤਿਸੁ ਸਚੇ ਗੁਰ ਦਰਬਾਰੇ ਜੀਉ। (96-97)

ਉਪਰੋਕਤ ਕਾਵਿ-ਤੁਕਾਂ ਰਾਹੀਂ ਗੁਰੂ ਅਰਜਨ ਦੇਵ ਜੀ ਵਾਤਸਲ ਰਸ ਨੂੰ ਪ੍ਰਗਟ ਕਰਦੇ ਹੋਏ ਦੱਸਦੇ ਹਨ ਕਿ ਜੇਕਰ ਬੱਚੇ ਨੂੰ ਇਕ ਪਲ ਵੀ ਆਪਣੇ ਮਾਤਾ-ਪਿਤਾ ਦਿਖਾਈ ਨਹੀਂ ਦਿੰਦੇ ਤਾਂ ਉਸ ਨੂੰ ਸਾਰੇ ਪਾਸੇ ਕਲਿਜੁਗ ਹੀ ਦਿਖਾਈ ਦੇਣ ਲੱਗ ਪੈਂਦਾ ਹੈ। ਉਹ ਡਰ ਵਿਚ ਇਹ ਸੋਚਣ ਲੱਗ ਪੈਂਦਾ ਹੈ ਕਿ ਹੁਣ ਉਸਦਾ ਆਪਣੇ ਮਾਤਾ-ਪਿਤਾ ਨਾਲ ਮਿਲਾਪ ਪਤਾ ਨਹੀਂ ਹੁਣ ਕਦੋਂ ਹੋਵੇਗਾ। ਜਦੋਂ ਤੱਕ ਬੱਚਾ ਆਪਣੇ ਮਾਤਾ-ਪਿਤਾ ਨੂੰ ਨਾ ਦੇਖ ਲਵੇ ਉਸਦੇ ਅੱਖਾਂ ਵਿਚੋਂ ਨਾ ਹੀ ਅੱਥਰੋ ਬੰਦ ਹੁੰਦੇ ਹਨ ਅਤੇ ਨਾ ਹੀ ਨੀਂਦ ਆਉਂਦੀ ਹੈ। ਗੁਰੂ ਅਰਜਨ ਦੇਵ ਜੀ ਨੇ ਵਾਤਸਲ ਰਸ ਰਾਹੀਂ ਆਤਮਾ ਅਤੇ ਪਰਮਾਤਮਾ ਦੇ ਵਿਯੋਗ ਦਾ ਵਰਨਣ ਕੀਤਾ ਹੈ। ਗੁਰਬਾਣੀ ਵਿਚ ਨਾਇਕ ਪ੍ਰਭੂ-ਪਰਮਾਤਮਾ ਹੈ, ਜਿਸ ਦੇ ਪ੍ਰਤੀ ਪਿਆਰ ਦਾ ਪ੍ਰਗਟਾ ਜੀਵ-ਆਤਮਾ ਵਲੋਂ ਹੀ ਕੀਤਾ ਜਾ ਸਕਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਮਧੁਰ ਸ਼ੈਲੀ ਵਰਤੀ ਹੈ ਜਿਸ ਨੂੰ ਪੜ੍ਹਣ ਜਾਂ ਸੁਣਨ ਨਾਲ ਪਾਠਕ ਜਾਂ ਸਰੋਤੇ ਦਾ ਮਨ ਪਿਘਲਣ ਲੱਗਦਾ ਹੈ।

**ਰਾਗ-ਬੱਧਤਾ**: ਭਾਰਤੀ ਕਾਵਿ ਸ਼ਾਸਤਰ ਦੇ ਵਿਦਵਾਨਾਂ ਅਨੁਸਾਰ ਸੰਗੀਤ ਪਰਮਾਤਮਾ ਦੇ ਮਿਲਾਪ ਦਾ ਰਸਤਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ 'ਗਾਇਨ ਸ਼ੈਲੀ' ਦੀ ਵਰਤੋਂ ਕੀਤੀ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀ ਸ਼ੈਲੀ ਦੀ ਵਿਸ਼ੇਸ਼ਤਾ ਰਾਗ-ਬੱਧਤਾ ਹੈ, ਕਿਉਂਕਿ ਗੁਰੂ ਜੀ ਨੇ ਇਕੱਤੀ ਰਾਗਾਂ ਵਿਚੋਂ ਤੀਹ ਰਾਗਾਂ ਦੀ ਵਰਤੋਂ ਕੀਤੀ ਹੈ। ਗੁਰ ਜੀ ਦੇ ਅਨੁਸਾਰ ਸ੍ਰੇਸ਼ਟ ਸੰਗੀਤ ਉਹੀ ਹੈ ਜੋ ਮਨੁੱਖ ਨੂੰ ਵਸਤੂ ਨਾਲੋਂ ਤੋੜ ਕੇ ਪਰਮਾਰਥ ਜਾਂ ਪਰਮਾਤਮਾ ਵੱਲ ਲਾਉਂਦਾ ਹੈ। ਇਸ ਗੱਲ ਦੀ ਪੁਸ਼ਟੀ ਬਹੁਤ ਸਾਰੇ ਵਿਦਵਾਨਾਂ ਨੇ ਕੀਤੀ ਹੈ। ਡਾ. ਦੀਵਾਨ ਸਿੰਘ ਦੇ ਅਨੁਸਾਰ, "ਗੁਰੂ ਸਾਹਿਬ ਸੰਗੀਤ ਕਲਾ ਦੇ ਪੂਰੇ ਮਾਹਿਰ ਸਨ। ਸੰਗੀਤ ਕਲਾ ਦੀ ਪ੍ਰਬੀਨਤਾ ਉਨ੍ਹਾਂ ਦੀ ਕਵਿਤਾ ਦੀ ਹਰ ਤੁਕ ਤੋਂ ਸਿੱਧ ਹੁੰਦੀ ਹੈ। ਉਨ੍ਹਾਂ ਦੀ ਬਾਣੀ ਰਾਗਾਂ, ਰਾਗਣੀਆਂ, ਘਰਾਂ, ਧੁਨੀਆਂ ਦੇ ਅਨੁਸਾਰ ਤਰਤੀਬ ਦਿੱਤੀ ਹੈ। ਹਰ ਸ਼ਬਦ ਦੇ ਮੁੱਢ ਵਿੱਚ ਰਾਗ ਦਾ ਪੂਰਾ ਵਿਸਥਾਰਕ ਵੇਰਵਾ ਦਿੱਤਾ ਹੈ। ਇਹ ਕਮਾਲ ਉਨ੍ਹਾਂ ਨੇ ਆਪਣੇ ਤੋਂ ਪਹਿਲੇ ਗੁਰੂ ਸਾਹਿਬਾਨ ਤੋਂ ਪ੍ਰਾਪਤ ਕੀਤਾ ਅਤੇ ਇਸਨੂੰ ਪੂਰੀ ਤਰ੍ਹਾਂ ਨਿਭਾਇਆ। ਉਨ੍ਹਾਂ ਨੇ ਸਿੱਖ ਮੱਤ ਦੀ ਸਿਧਾਂਤ-ਸਥਾਪਨਾ ਵੇਲੇ ਕੀਰਤਨ ਉੱਤੇ ਪੂਰਾ ਜ਼ੋਰ ਦਿੱਤਾ ਹੈ, ਅੰਦਰ ਅਨਹਦ ਸ਼ਬਦ ਤੇ ਬਾਹਰ ਸਾਧ ਸੰਗਤ ਵਿਚ ਕੀਰਤਨ ਦਾ ਸ੍ਰਵਨ ਕਰਨਾ ਸਿਖ ਜਗਿਆਸੂ

ਲਈ ਆਵਸ਼ਕ ਮੰਨਿਆ ਗਿਆ ਹੈ। ਗੁਰੂ ਸਾਹਿਬ ਨੇ ਸ਼ਬਦਾਂ ਦੀ ਵਰਤੋਂ ਸੰਗੀਤ ਰਸ ਉਪਜਾਉਣ ਦੇ ਆਸ਼ੇ ਤੋਂ ਕੀਤੀ ਹੈ।" (***ਡਾ. ਅੰਮ੍ਰਿਤ ਲਾਲ ਪਾਲ, ਗੁਰੂ ਅਰਜਨ ਦੇਵ ਜੀਵਨ ਤੇ ਬਾਣੀ*** 163)

ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚਲਾ ਸੰਗੀਤ ਸਰੋਤਾ-ਮੁਖ ਸੰਗੀਤ ਹੈ, ਕਿਉਂਕਿ ਇਹ ਸੰਗੀਤ ਹਰੇਕ ਪਾਠਕ ਜਾਂ ਸਰੋਤੇ ਨੂੰ ਪੰਜ ਵਿਕਾਰਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਤੋਂ ਦੂਰ ਰਹਿਣ ਅਤੇ ਪਰਮਾਤਮਾ ਦੇ ਨਾਮ-ਸਿਮਰਨ ਕਰਨ ਲਈ ਪ੍ਰੇਰਿਤ ਕਰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੇ ਇੱਕਤੀ ਰਾਗਾਂ ਵਿਚੋਂ ਤੀਹ ਰਾਗਾਂ (ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲੁ, ਗੌਂਡ, ਰਾਮਕਲੀ, ਨਟ ਨਾਰਾਇਣ, ਮਾਲੀਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਓ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ), ਸੋਲ੍ਹਾਂ ਰਾਗ ਪ੍ਰਕਾਰਾਂ (ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਆਸਾ ਕਾਫੀ, ਆਸਾਵਰੀ, ਦੇਵਗੰਧਾਰ, ਸੂਹੀ ਕਾਫੀ, ਬਿਲਾਵਲੁ ਮੰਗਲ, ਨਟ, ਬਸੰਤ ਹਿਡੋਲ, ਪ੍ਰਭਾਤੀ ਬਿਭਾਸ, ਬਿਭਾਸ ਪ੍ਰਭਾਤੀ) ਕੁਲ 46 ਰਾਗਾਂ ਦੀ ਵਰਤੋਂ ਕੀਤੀ ਹੈ। ਗੁਰੂ ਜੀ ਨੇ ਆਪਣੀ ਗੁਰਬਾਣੀ ਵਿਚ (30+16=46) ਰਾਗਾਂ ਦੀ ਵਰਤੋਂ ਸੰਗੀਤ ਰਸ ਪੈਦਾ ਕਰਨ ਲਈ ਕੀਤੀ ਹੈ, ਜਿੰਨ੍ਹਾਂ ਵਿਚੋਂ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ :

**ਸਿਰੀ ਰਾਗੁ**

ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ॥

ਧੰਧਾ ਸਭੁ ਜਲਾਇ ਕੈ ਗੁਰਿ ਨਾਮੁ ਦੀਆ ਸਚੁ ਸੁਆਉ॥ (43)

**ਮਾਝ ਰਾਗੁ**

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥

ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥ (103)

**ਗਉੜੀ ਰਾਗ**

ਗੁਨ ਕੀਰਤਿ ਨਿਧਿ ਮੋਰੀ॥੧॥ਰਹਾਉ॥

ਤੂੰ ਹੀ ਰਸ ਤੂੰ ਹੀ ਜਸ ਤੂੰ ਹੀ ਰੂਪ ਤੂੰ ਹੀ ਰੰਗ॥ (213)

**ਰਾਗੁ ਗਉੜੀ ਗਆਰੇਰੀ**

ਕਿਨ ਬਿਧਿ ਕੁਸਲੁ ਹੋਤ ਮੇਰੇ ਭਾਈ॥

ਕਿਉ ਪਾਈਐ ਹਰਿ ਰਾਮ ਸਹਾਈ॥੧॥ਰਹਾਉ॥ (175)

**ਰਾਗੁ ਗਉੜੀ ਚੇਤੀ**

ਸੁਤ ਸੰਪਤਿ ਬਨਿਤਾ ਬਿਨੋਦ॥

ਛੋਡਿ ਗਏ ਬਹੁ ਲੋਗ ਭੋਗ॥੧॥ (210)

**ਰਾਗ ਗਉੜੀ ਬੈਰਾਗਣਿ**

ਬਨੁ ਬਨੁ ਖੋਜਤ ਫਿਰਤ ਬੈਰਾਗੀ॥

ਬਿਰਲੇ ਕਾਹੂ ਏਕ ਲਿਵ ਲਾਗੀ॥ (203)

**ਰਾਗੁ ਆਸਾ**

ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ॥੧॥ (404)

**ਆਸਾ ਕਾਫੀ**

ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ॥

ਜੀਉ ਪਿੰਡ ਸਭੁ ਤਿਸ ਦਾ ਸਭੁ ਕਿਛੁ ਹੈ ਤੇਰਾ॥੧॥ (396)

**ਵਿਅੰਗਮਈ** : ਜਦੋਂ ਕਿਸੇ ਕਵਿਤਾ ਜਾਂ ਕਾਵਿ ਵਿਚ ਕਵੀ ਕਿਸੇ ਗੱਲ ਜਾਂ ਭਾਵ ਨੂੰ ਅਸਿੱਧੇ ਢੰਗ (ਟਕੋਰ, ਕਟਾਖਸ਼, ਚੁੱਭਵੀਂ ਗੱਲ, ਗੁੱਝਾ ਅਰਥ) ਨਾਲ ਪ੍ਰਸਤੁਤ ਕਰਦਾ ਹੈ। ਵਿਅੰਗ ਗੁਰੂ ਅਰਜਨ ਦੇਵ ਜੀ ਬਾਣੀ ਦੀ ਸ਼ੈਲੀ ਦਾ ਇੱਕ ਹੋਰ ਮਹੱਤਵਪੂਰਨ ਗੁਣ ਹੈ। ਗੁਰੂ ਜੀ ਨੇ ਵਿਅੰਗ ਦੀ ਵਰਤੋਂ ਸਾਧਾਰਨ ਮਨੁੱਖ ਨੂੰ ਸੁਚੇਤ ਕਰਨ ਲਈ ਕੀਤੀ ਹੈ ਜੋ ਕਿ ਜੀਵਨ ਦੀ ਅਸਥਿਰਤਾ ਨੂੰ ਭੁੱਲ ਕੇ ਸੰਸਾਰਿਕ ਸੁੱਖਾਂ ਦੇ ਸਾਧਨਾਂ ਨੂੰ ਜੁਟਾਉਣ ਲਈ ਦਿਨ-ਰਾਤ ਲੱਗਾ ਹੋਇਆ ਹੈ। ਮਨਮੁਖ ਵਿਅਕਤੀ ਪਾਖੰਡ, ਕੁਕਰਮ ਅਤੇ ਠੱਗੀ ਕਰਕੇ ਆਪਣੇ ਪਰਿਵਾਰ ਨੂੰ ਸੁੱਖ ਦਿੰਦਾ ਹੈ ਪਰ ਪਰਮਾਤਮਾ ਨੂੰ ਦੁੱਖ ਦਿੰਦਾ ਹੈ। ਗੁਰੂ ਸਾਹਿਬ ਜੀ ਨੇ ਮਨਮੁਖ ਵਿਅਕਤੀ ਨੂੰ ਪੰਜ ਵਿਕਾਰਾਂ ਵਿਚੋਂ ਬਾਹਰ ਕੱਢਣ ਲਈ ਕਟਾਖਸ਼ ਭਾਵ ਵਿਅੰਗਮਈ ਸ਼ੈਲੀ ਦੀ ਵਰਤੋਂ ਕੀਤੀ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਵਿਅੰਗ ਨਾਲ ਸੰਬੰਧਿਤ ਪੰਕਤੀਆਂ ਹੇਠ ਲਿਖੇ ਅਨੁਸਾਰ ਹੈ:

ਸੁਨਿ ਅੰਧਾ ਕੈਸੇ ਮਾਰਗੁ ਪਾਵੈ॥ ਕਰੁ ਗਹਿ ਲੇਹੁ ਓੜਿ ਨਿਬਹਾਵੈ॥

ਕਹਾ ਬੁਝਾਰਤਿ ਬੂਝੈ ਡੋਰਾ॥ ਨਿਸਿ ਕਹੀਐ ਤਉ ਸਮਝੈ ਭੋਰਾ॥

ਕਹਾ ਬਿਸਨਪਦ ਗਾਵੈ ਗੁੰਗ॥ ਜਤਨ ਕਰੈ ਤਉ ਭੀ ਸੁਰ ਭੰਗ॥

ਕਹੁ ਪਿੰਗਲ ਪਰਬਤ ਪਰ ਭਵਨ॥ ਨਹੀ ਹੋਤ ਊਹਾ ਉਸੁ ਗਵਨ॥ (266)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਵਿਅੰਗਮਈ ਸ਼ੈਲੀ ਵਿਚ ਮਨਮੁਖ ਮਨੁੱਖ ਨੂੰ ਸਮਝਾਉਂਦੇ ਹਨ ਕਿ ਜਿਵੇਂ ਇਕ ਅੰਨ੍ਹੇ ਵਿਅਕਤੀ ਨੂੰ ਸਹੀ ਮਾਰਗ ਦੀ ਸੋਝੀ ਨਹੀਂ ਹੁੰਦੀ, ਪਰੰਤੂ ਜੇਕਰ ਉਸਦਾ ਹੱਥ ਪਕੜ ਲਿਆ ਜਾਵੇ ਤਾਂ ਉਹ ਆਪਣੀ ਮੰਜ਼ਿਲ ਤੇ ਪਹੁੰਚ ਸਕਦਾ ਹੈ। ਗੁਰੂ ਜੀ ਦੱਸਦੇ ਹਨ ਕਿ ਇਕ ਬੋਲਾ ਵਿਅਕਤੀ ਕੋਈ ਬੁਝਾਰਤ ਕਿਵੇਂ ਬੁਝ ਸਕਦਾ ਹੈ, ਇਕ ਗੁੰਗਾ ਕੋਈ ਰਾਗ ਕਿਵੇਂ ਅਲਾਪ ਸਕਦਾ

ਹੈ, ਇਕ ਲੰਗੜਾ ਵਿਅਕਤੀ ਪਰਬਤਾਂ ਜਾਂ ਪਹਾੜਾਂ ਉੱਪਰ ਕਿਵੇਂ ਘੁੰਮ ਫਿਰ ਸਕਦਾ ਹੈ। ਗੁਰੂ ਜੀ ਦੇ ਅਨੁਸਾਰ ਅਧਿਆਤਮਕ ਮਾਰਗ ਉੱਪਰ ਚਲਣ ਵਾਲਾ ਵਿਅਕਤੀ ਉਤਨੀ ਦੇਰ ਅਪੰਗ ਹੈ, ਜਿਤਨੀ ਦੇਰ ਤਕ ਉਸ ਉੱਪਰ ਪਰਮਾਤਮਾ ਦੀ ਕਿਰਪਾ ਨਹੀਂ ਹੋ ਜਾਂਦੀ ਅਤੇ ਇਹ ਕਿਰਪਾ ਕੇਵਲ ਨਾਮ-ਸਿਮਰਨ ਦੁਆਰਾ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਵਿਅੰਗਮਈ ਸ਼ੈਲੀ ਨਾਲ ਸੰਬੰਧਿਤ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ।

ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮਿ॥

ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥ (133)

ਉਪਰੋਕਤ ਕਾਵਿ-ਸਤਰਾਂ ਰਾਹੀਂ ਗੁਰੂ ਅਰਜਨ ਦੇਵ ਜੀ ਵਿਅੰਗਮਈ ਸ਼ੈਲੀ ਦੁਆਰਾ ਆਮ ਪਾਠਕ ਜਾਂ ਸਾਧਕ ਨੂੰ ਸਮਝਾਉਂਦੇ ਹਨ ਕਿ ਜਿਵੇਂ ਦੁੱਧ ਤੋਂ ਸੱਖਣੀ ਗਾਂ ਕਿਸੇ ਕੰਮ ਨਹੀਂ ਆਉਂਦੀ ਅਤੇ ਪਾਣੀ ਤੋਂ ਬਿਨਾ ਖੇਤੀ ਸੁਕ ਜਾਂਦੀ ਹੈ, ਤਿਵੇਂ ਹੀ ਉਸ ਪ੍ਰਭੂ ਜਾਂ ਪਰਮਾਤਮਾ ਦੇ ਨਾਮ-ਸਿਮਰਨ ਤੋਂ ਬਿਨਾ ਮਨੁੱਖਾ ਜੀਵਨ ਵਿਅਰਥ ਹੀ ਚਲਾ ਜਾਂਦਾ ਹੈ। ਇੱਥੇ ਗੁਰੂ ਜੀ ਨੇ ਨਾਮ-ਸਿਮਰਨ ਦਾ ਮਹੱਤਵ ਆਮ ਪਾਠਕਾਂ ਨੂੰ ਸਮਝਾਉਣ ਲਈ ਵਿਅੰਗਮਈ ਸ਼ੈਲੀ ਦੀ ਵਰਤੋਂ ਕੀਤੀ ਹੈ।

ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰ॥ (133)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਪ੍ਰਕ੍ਰਿਤੀ ਦੇ ਮਾਧਿਅਮ ਦੁਆਰਾ ਦੱਸਦੇ ਹਨ ਕਿ ਜਿਵੇਂ ਸਾਵਣ ਦੇ ਮਹੀਨੇ ਵਿਚ ਵਰਖਾ ਦੀ ਬੂੰਦ ਹਰ ਕਿਸੇ ਨੂੰ ਸੁਹਾਵਣੀ ਲੱਗਦੀ ਹੈ, ਠੀਕ ਉਸੇ ਤਰ੍ਹਾਂ ਹੀ ਜੀਵਨ ਵਿਚ ਗੁਰਮੁਖ ਵਿਅਕਤੀਆਂ ਨੂੰ ਸਾਧੂ-ਸੰਤਾਂ ਦੀ ਸੰਗਤ ਵਿਚ ਪਰਮਾਤਮਾ ਜਾਂ ਪ੍ਰਭੂ ਦੀ ਵਡਿਆਈ ਅੰਮ੍ਰਿਤ ਬੂੰਦ ਦੀ ਤਰ੍ਹਾਂ ਸੁਹਾਵਣੀ ਲੱਗਦੀ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ੈਲੀ ਪ੍ਰੇਰਨਾ ਭਰਪੂਰ, ਦਲੀਲਮਈ ਅਤੇ ਵਿਆਖਿਆਤਮਕ ਹੈ। ਆਪ ਨੇ ਮਨੁੱਖ ਨੂੰ ਬੁਰੇ ਕੰਮਾਂ ਅਤੇ ਵਿਕਾਰਾਂ ਤੋਂ ਵਰਜ ਕੇ ਸ਼ੁੱਭ

ਕਰਮਾਂ ਅਤੇ ਨਾਮ-ਸਿਮਰਨ ਵੱਲ ਲਾਉਂਦੇ ਹਨ। ਇੱਥੇ ਗੁਰੂ ਜੀ ਨੇ ਬਹੁਤ ਸਾਰੇ ਮੌਲਿਕ ਅਤੇ ਪ੍ਰਭਾਵਸ਼ਾਲੀ ਪ੍ਰਤੀਕਾਂ ਦੀ ਵਰਤੋਂ ਦੁਆਰਾ ਆਪਣੇ ਅਧਿਆਤਮਕ ਭਾਵਾਂ ਨੂੰ ਪ੍ਰਸਤੁਤ ਕੀਤਾ ਹੈ।

ਪਾਰਜਾਤੁ ਇਹ ਹਰਿ ਕੋ ਨਾਮ॥

ਕਾਮਧੇਨ ਹਰਿ ਹਰਿ ਗੁਣ ਗਾਮ॥ (264)

ਉਪਰੋਕਤ ਕਾਵਿ-ਤੁਕਾਂ ਰਾਹੀਂ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੇ ਨਾਮ ਦੇ ਮਹੱਤਵ ਨੂੰ ਸਪੱਸ਼ਟ ਕਰਨ ਲਈ ਵਿਅੰਗਮਈ ਸ਼ਬਦਾਂ (ਪਾਰਜਾਤੁ, ਕਾਮਧੇਨ) ਦੀ ਵਰਤੋਂ ਕੀਤੀ ਹੈ। ਸੁਰਗ ਦੇ ਪੰਜ ਰੁੱਖਾਂ ਵਿਚੋਂ ਇਕ ਦਾ ਨਾਮ 'ਪਾਰਜਾਤੁ' ਹੈ ਜੋ ਹਰੇਕ ਦੀਆਂ ਮਨੋਕਾਮਨਾਵਾਂ ਪੂਰੀਆਂ ਕਰਦਾ ਹੈ ਅਤੇ ਸੁਰਗ ਦੀ ਉਸ ਗਾਂ ਨੂੰ ਕਾਮਧੇਨ ਕਿਹਾ ਜਾਂਦਾ ਹੈ ਜਿਹੜੀ ਹਰੇਕ ਮਨੋ-ਕਾਮਨਾ ਪੂਰੀ ਕਰਦੀ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਪਰਮਾਤਮਾ ਜਾਂ ਪ੍ਰਭੂ ਦਾ ਨਾਮ ਪਰਾਜਾਤੁ ਅਤੇ ਕਾਮਧੇਨ ਵਾਂਗ ਹਰੇਕ ਵਿਅਕਤੀ ਦੇ ਦੁੱਖ ਦਰਦ ਦੂਰ ਕਰਕੇ ਹਰੇਕ ਵਿਅਕਤੀ ਦੀ ਮਨੋ-ਕਾਮਨਾ ਪੂਰੀ ਕਰਦਾ ਹੈ।

**ਸਮਤਾ**: ਜਿਸ ਰਚਨਾ ਵਿਚ ਆਦਿ ਤੋਂ ਅੰਤ ਤਕ ਲਿਖਣ ਸ਼ੈਲੀ ਇਕ ਰੂਪ ਚਲਦੀ ਹੈ, ਤਾਂ ਉੱਥੇ ਸਮਤਾ ਸ਼ੈਲੀ ਕਾਵਿ-ਗੁਣ ਹੁੰਦਾ ਹੈ। ਸਮਤਾ ਕਾਵਿ-ਗੁਣ ਨਾਲ ਅਰਥਾਂ ਦੀ ਪ੍ਰਤੀਤੀ ਬਹੁਤ ਹੀ ਆਸਾਨੀ ਨਾਲ ਹੋ ਜਾਂਦੀ ਹੈ। ਹਰੇਕ ਲੇਖਕ ਜਾਂ ਕਵੀ ਦੀ ਆਪਣੀ-ਆਪਣੀ ਸ਼ੈਲੀ ਹੁੰਦੀ ਹੈ। ਸਮਤਾ ਸ਼ੈਲੀ ਵਿਚ ਬਿਰਤਾਂਤ ਸ਼ੈਲੀ, ਪ੍ਰਸ਼ਨ-ਉੱਤਰ ਸ਼ੈਲੀ, ਵਿਰਾਗਮਈ ਸ਼ੈਲੀ, ਸੰਬੋਧਨੀ ਸ਼ੈਲੀ ਆਦਿ ਸ਼ੈਲੀਆਂ ਦਾ ਸੁਮੇਲ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਉਪਰੋਕਤ ਸਾਰੀਆਂ ਸ਼ੈਲੀਆਂ ਦੇਖਣ ਨੂੰ ਮਿਲਦੀਆਂ ਹਨ। ਗੁਰੂ ਜੀ ਦੀ ਬਾਣੀ ਵਿਚੋਂ ਬਿਰਤਾਂਤ ਸ਼ੈਲੀ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੀਆਂ ਹਨ:

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥

ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਸੰਗ॥

ਘਰ ਮੰਦਰ ਖੁਸੋਆ ਤਹੀ ਜਹਤੁ ਆਵਹਿ ਰਿਤਿ॥

ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੁਮਤਿ॥ (319)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਬਿਰਤਾਂਤ ਸ਼ੈਲੀ ਦੀ ਵਰਤੋਂ ਕਰਦੇ ਹੋਏ ਦੱਸਦੇ ਹਨ ਕਿ ਜਦੋਂ ਪਹੁ-ਫੁਟਾਲੇ ਦਾ ਸਮਾਂ ਹੁੰਦਾ ਹੈ, ਚਿੜੀ ਚੂਕਦੀ ਹੈ ਤਾਂ ਉਸ ਵੇਲੇ ਭਗਤ ਜਾਂ ਗੁਰਮੁਖ ਦੇ ਹਿਰਦੇ ਅੰਦਰ ਪਰਮਾਤਮਾ ਦੇ ਨਾਮ-ਸਿਮਰਨ ਦੀ ਤਰੰਗ ਪੈਦਾ ਹੋਣੀ ਸ਼ੁਰੂ ਹੋ ਜਾਂਦੀ ਹੈ। ਜਿੰਨ੍ਹਾਂ ਗੁਰਮੁਖਾਂ ਦਾ ਆਪਣੇ ਪ੍ਰਭੂ ਜਾਂ ਪਰਮਾਤਮਾ ਨਾਲ ਪਿਆਰ ਹੁੰਦਾ ਹੈ, ਉਹ ਪਹੁ-ਫੁਟਾਲੇ ਦੇ ਸਮੇਂ ਨਾਮ-ਸਿਮਰਨ ਕਰਦੇ ਹੋਏ ਪ੍ਰਭੂ ਦੇ ਅਚਰਜ ਕੌਤਕ ਆਪਣੀਆਂ ਅੱਖਾਂ ਦੇ ਸਾਹਮਣੇ ਲਿਆਉਂਦੇ ਹਨ। ਇੱਥੇ ਗੁਰੂ ਅਰਜਨ ਦੇਵ ਜੀ ਨੇ ਕੇਵਲ ਪਹੁ-ਫੁਟਾਲੇ ਦੇ ਸਮੇਂ ਗਰਮੁਖਾਂ ਦੀ ਮਨੋਸਥਿਤੀ ਦੇ ਬਿਰਤਾਂਤ ਦਾ ਵਰਨਣ ਕੀਤਾ ਹੈ।

ਜਿਉ ਮੰਦਰ ਕਉ ਥਾਮੈ ਥੰਮਨ॥

ਤਿਉ ਗੁਰ ਕਾ ਸਬਦ ਮਨਹਿ ਅਸਥੰਮਨੁ॥

ਜਿਉ ਪਾਖਾਣ ਨਾਵ ਚੜਿ ਤਰੈ॥

ਪ੍ਰਾਣੀ ਗੁਰ ਚਰਣ ਲਗਤ ਨਿਸਤਰੈ॥

ਜਿਉ ਅੰਧਕਾਰ ਦੀਪਕ ਪਰਗਾਸੁ॥ (282)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਜੀਵਨ ਦੇ ਰਹੱਸ ਨੂੰ ਉਜਾਗਰ ਕਰਨ ਲਈ ਜਾਂ ਕਿਸੇ ਅਣਗੌਲੀ ਸੱਚਾਈ ਨੂੰ ਪ੍ਰਸਤੁਤ ਕਰਨ ਲਈ ਬਿਰਤਾਂਤ ਸ਼ੈਲੀ ਦਾ ਸਹਾਰਾ ਲਿਆ ਹੈ। ਗੁਰੂ ਅਰਜਨ ਦੇਵ ਜੀ ਨੇ ਅਧਿਆਤਮਕ ਸਾਹਿਤ ਵਿਚ ਗੁਰੂ ਅਤੇ ਚੇਲੇ (ਸਾਧਕ, ਜਿਗਿਆਸੂ) ਵਿਚਲੀ ਵਾਰਤਾਲਾਪ ਨੂੰ ਪ੍ਰਸ਼ਨ-ਉੱਤਰ ਸ਼ੈਲੀ ਵਿਚ ਪ੍ਰਸਤੁਤ ਕੀਤਾ ਹੈ, ਜਿਸ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਪ੍ਰਸ਼ਨ: ਤੁਝ ਬਿਨੁ ਕਵਨੁ ਹਮਾਰਾ॥ (206)

ਉੱਤਰ: ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ (262)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨਾਮ-ਸਿਮਰਨ ਦੇ ਮਹੱਤਵ ਨੂੰ ਦ੍ਰਿੜ੍ਹ ਕਰਦੇ ਹੋਏ ਦੱਸਦੇ ਹਨ ਕਿ ਉਸ ਪਰਮਾਤਮਾ ਦਾ ਅੰਮ੍ਰਿਤ ਰੂਪੀ ਨਾਮ ਸਾਰੇ ਸੁੱਖਾਂ ਦੀ ਮਣੀ ਹੈ ਭਾਵ ਪਰਮਾਤਮਾ ਦਾ ਨਾਮ-ਸਿਮਰਨ ਕਰਨ ਨਾਲ ਦੁਨੀਆਂ ਦੇ ਸਮੂਹ ਖ਼ਜ਼ਾਨੇ ਪ੍ਰਾਪਤ ਹੋ ਜਾਂਦੇ ਹਨ।

ਗੁਰਮੁਖਿ ਨਾਮੁ ਜਪਹੁ ਮਨ ਮੇਰੇ॥ ਨਾਨਕ ਪਾਵਹੁ ਸੂਖ ਘਨੇਰੇ॥ (264)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਜੀ ਦੱਸਦੇ ਹਨ ਕਿ ਜਿੱਥੇ ਮਾਤਾ, ਪਿਤਾ, ਪੁੱਤਰ ਜਾਂ ਮਿੱਤਰ ਕੋਈ ਵੀ ਸਹਾਇਤਾ ਲਈ ਨਹੀਂ ਪਹੁੰਚ ਸਕਦੇ, ਉੱਥੇ ਉਸ ਪਰਮਾਤਮਾ ਦਾ ਨਾਮ ਤੇਰੀ ਸਹਾਇਤਾ ਕਰੇਗਾ। ਇੱਥੇ ਗੁਰੂ ਜੀ ਨੇ ਪਰਮਾਤਮਾ ਦੇ ਨਾਮ-ਸਿਮਰਨ ਦੇ ਸੰਕਲਪ ਜਾ ਭਾਵ ਨੂੰ ਦ੍ਰਿੜ੍ਹ ਕਰਨ ਲਈ ਉੱਤਰ ਅਲੰਕਾਰ ਦਾ ਸਹਾਰਾ ਲਿਆ ਹੈ।

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥

ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ॥ (250)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਸਤਿਗੁਰੂ ਦੇ ਮਹੱਤਵ ਨੂੰ ਦ੍ਰਿੜ ਕਰਵਾਉਂਦੇ ਹੋਏ ਦੱਸਦੇ ਹਨ ਕਿ ਗੁਰੂ ਮਾਤਾ ਹੈ, ਪਿਤਾ ਹੈ, ਸੁਆਮੀ ਹੈ, ਸਕਾ-ਸੰਬੰਧੀ ਹੈ, ਅਗਿਆਨ ਦੂਰ ਕਰਨ ਵਾਲਾ ਹੈ ਅਤੇ ਸਾਡਾ ਭਰਾ ਹੈ, ਕਿਉਂਕਿ ਇਸ ਇਸ ਸੰਸਾਰ ਵਿਚ ਸਭ ਪਦਾਰਥ ਅਤੇ ਵਸਤਾਂ ਨਸ਼ਟਵਾਨ ਹਨ।

ਪ੍ਰਸ਼ਨ: ਜਾ ਤੂੰ ਸਾਹਿਬੁ ਤਾ ਭਉ ਕੇਹਾ ਹਉ ਤੁਧੁ ਬਿਨੁ ਕਿਸ ਸਾਲਾਹੀ॥ (382)

ਉੱਤਰ: ਸੰਤਸੰਗਿ ਸਿਮਰਤ ਰਹਹੁ ਇਹੈ ਤੁਹਾਰੈ ਕਾਜ॥ (256)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਮਨੁੱਖ ਦਾ ਸਭ ਤੋਂ ਵੱਡਾ ਪ੍ਰਯੋਜਨ ਅਤੇ ਕਾਰਜ ਸਾਧੂ-ਸੰਤਾਂ ਦੀ ਸੰਗਤ ਵਿਚ ਬੈਠ ਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਹੈ। ਗੁਰੂ

ਅਰਜਨ ਦੇਵ ਜੀ ਨੇ ਜੀਵ ਰੂਪੀ ਆਤਮਾ ਅਤੇ ਪਤੀ ਰੂਪੀ ਪਰਮਾਤਮਾ ਦੇ ਦੇ ਵਿਯੋਗ ਨੂੰ ਆਪਣੀ ਬਾਣੀ ਵਿਚ ਪ੍ਰਸਤੁਤ ਕਰਨ ਲਈ ਵਿਰਾਗਮਈ ਸ਼ੈਲੀ ਦੀ ਵਰਤੋਂ ਕੀਤੀ ਹੈ। ਜਿਵੇਂ:

ਗੋਪਾਲ ਦਇਆਲ ਗੋਬਿੰਦ ਲਾਲਨ ਮਿਲਹੁ ਕੰਤ ਨਿਮਾਣੀਆ॥

ਨੈਨ ਤਰਸਨ ਦਰਸ ਪਰਸਨ ਨਹ ਨੀਂਦ ਰੈਣਿ ਵਿਹਾਣੀਆ॥ (542)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜਦੋਂ ਜੀਵ ਰੂਪੀ ਇਸਤਰੀ ਪਰਮਾਤਮਾ ਰੂਪੀ ਪਤੀ ਤੋਂ ਵਿਛੜ ਜਾਂਦੀ ਹੈ, ਤਾਂ ਉਹ ਪਤੀ ਦੇ ਵਿਯੋਗ ਜਾਂ ਵਿਛੋੜੇ ਵਿੱਚ ਕਹਿੰਦੀ ਹੈ ਕਿ ਮੇਰੀਆਂ ਅੱਖਾਂ ਤੇਰੇ ਦਰਸ਼ਨ ਦੀਦਾਰਦੀ ਛੂਹ ਪ੍ਰਾਪਤ ਕਰਨ ਲਈ ਤਰਸ ਰਹੀਆਂ ਹਨ। ਮੇਰੀ ਜ਼ਿੰਦਗੀ ਦੀ ਰਾਤ ਤੇਰੇ ਵਿਯੋਗ ਵਿਚ ਲੰਘਦੀ ਜਾ ਰਹੀ ਹੈ, ਪਰ ਮੈਨੂੰ ਤੇਰੇ ਮਿਲਾਪ ਤੋਂ ਮਿਲਣ ਵਾਲੀ ਸ਼ਾਂਤੀ ਨਹੀਂ ਮਿਲ ਰਹੀ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਵਿਯੋਗ ਭਾਵ ਨੂੰ ਪ੍ਰਸਤੁਤ ਕਰਨ ਲਈ ਵੈਰਾਗਮਈ ਸ਼ੈਲੀ ਦੀ ਵਰਤੋਂ ਕੀਤੀ ਹੈ। ਵੈਰਾਗਮਈ ਸ਼ੈਲੀ ਨਾਲ ਸੰਬੰਧਿਤ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਡਿਠੀ ਹਭ ਢੰਢੋਲਿ ਹਿਕਸੁ ਬਾਝੁ ਨ ਕੋਇ॥

ਆਓ ਸਜਨ ਤੂ ਮੁਖਿ ਲਗੁ ਮੇਰਾ ਤਨੁ ਮਨੁ ਠੰਡਾ ਹੋਇ॥ ( 1100)

ਰੁਤਿ ਸਰਦ ਅਡੰਬਰੋ ਅਸੁ ਕਤਿਕੇ ਹਰਿ ਪਿਆਸੁ ਜਿਉ॥

ਖੋਜੰਤੀ ਦਰਸਨੁ ਫਿਰਤ ਕਬ ਮਿਲੀਐ ਗੁਣਤਾਸ ਜੀਉ॥

ਬਿਨੁ ਕੰਤ ਪਿਆਰੇ ਨਹ ਸੂਖ ਸਾਰੇ ਹਾਰ ਕੰਙਣ ਧ੍ਰਿਗ ਬਨਾ॥

ਸੁੰਦਰਿ ਸੁਜਾਣਿ ਚਤੁਰਿ ਬੇਤੀ ਸਾਸ ਬਿਨੁ ਜੈਸੇ ਤਨਾ॥ (928)

ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚ ਆਪਣੇ ਮਨ, ਜੀਵ ਰੂਪੀ ਇਸਤਰੀ (ਆਤਮਾ), ਮਨਮੁਖ ਮਨੁੱਖ ਅਤੇ ਪਰਮਾਤਮਾ ਨੂੰ ਸੰਬੋਧਨ ਕਰਨ ਲਈ ਸੰਬੋਧਨੀ ਸ਼ੈਲੀ ਦੀ ਵਰਤੋਂ ਕੀਤੀ ਹੈ। ਜਿਵੇ:

ਮਨ ਮੇਰੇ ਕਰਤੇ ਨੋ ਸਾਲਾਹਿ॥

ਸਭੇ ਛਡਿ ਸਿਆਣਪਾ ਗੁਰ ਕੀ ਪੈਰੀ ਪਾਹਿ॥ (43)

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥

ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥ (103)

ਹੈ ਕੋਈ ਪਿਆਰੋ ਗਾਵੈ॥

ਸਰਬ ਕਲਿਆਣ ਸੂਖ ਸਚੁ ਪਾਵੈ॥ (203)

ਖੋਜਤ ਖੋਜਤ ਭਈ ਬੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ॥

ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧਸੰਗਿ ਮੇਰੀ ਜਲਨਿ ਬੁਝਾਈ॥ (204)

ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ॥

ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ॥ (1273)

**ਅਗ੍ਰਾਮਕਰਤੱਤਵ**: ਜਿਸ ਰਚਨਾ ਵਿਚ ਅਜਿਹੇ ਸ਼ਬਦ ਵਰਤੇ ਗਏ ਹੋਣ, ਜਿਹੜੇ ਪੇਂਡੂ ਅਰਥਾਂ ਨਾਲ ਸੰਬੰਧ ਨਾ ਰੱਖਦੇ ਹੋਣ ਸਗੋਂ ਜਿਨ੍ਹਾਂ ਦਾ ਸੰਬੰਧ ਸ਼ਹਿਰੀ ਜੀਵਨ ਨਾਲ ਹੋਵੇ ਤਾਂ ਉੱਥੇ ਅਗ੍ਰਾਮਾਕਰਤੱਤਵ ਅਰਥ ਕਾਵਿ-ਗੁਣ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਅਜਿਹੇ ਬਹੁ-ਅਰਥੀ ਅਤੇ ਬਹੁ-ਪਰਤੀ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿੰਨ੍ਹਾ ਦਾ ਸੰਬੰਧ ਪੁਰਾਤਨ ਅਤੇ ਵਰਤਮਾਨ ਜੀਵਨ ਨਾਲ ਹੈ ਅਤੇ ਜਿਸ ਨੂੰ

ਕੇਵਲ ਬੁਧੀਜੀਵੀ, ਪੜ੍ਹੇ-ਲਿਖੇ ਅਤੇ ਗਿਆਨੀ-ਧਿਆਨੀ ਵਿਅਕਤੀ ਹੀ ਸਮਝ ਸਕਦੇ ਹਨ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਅਗ੍ਰਾਮਕਰਤੱਤਵ ਨਾਲ ਸੰਬੰਧਿਤ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਕੀਨੀ ਰਖਿਆ ਭਗਤ ਪ੍ਰਹਿਲਾਦੈ ਹਰਨਾਖਸ ਨਖਹਿ ਬਿਦਾਰੇ॥

ਬਿਦਰੁ ਦਾਸੀ ਸੁਤੁ ਭਇਓ ਪੁਨੀਤਾ ਸਗਲੇ ਕੁਲ ਉਜਾਰੇ॥ (999)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਦੇ ਨਾਮ-ਸਿਮਰਨ ਦੇ ਮਹੱਤਵ ਨੂੰ ਦੱਸਦੇ ਹਨ ਕਿ ਪਰਮਾਤਮਾ ਨੇ ਆਪਣੇ ਭਗਤ ਪ੍ਰਹਿਲਾਦ ਦੀ ਰੱਖਿਆ ਕੀਤੀ ਸੀ ਅਤੇ ਉਸ ਦੇ ਪਿਤਾ ਰਾਜਾ ਹਰਨਾਖਸ਼ ਨੂੰ ਨਹੁੰਆਂ ਨਾਲ ਚੀਰ ਦਿੱਤਾ ਸੀ। ਗੁਰੂ ਜੀ ਅੱਗੇ ਦੱਸਦੇ ਹਨ ਕਿ ਦਾਸੀ ਦਾ ਪੁੱਤਰ ਬਿਦਰ ਪਰਮਾਤਮਾ ਦੀ ਕਿਰਪਾ ਦੇ ਨਾਲ ਪਵਿੱਤਰ ਹੋ ਗਿਆ ਸੀ ਅਤੇ ਉਸ ਨੇ ਆਪਣੀਆਂ ਸਾਰੀਆਂ ਕੁੱਲਾਂ ਰੌਸ਼ਨ ਕਰ ਲਈਆਂ ਸਨ। ਇੱਥੇ ਗੁਰੂ ਜੀ ਨੇ ਆਪਣੇ ਸੰਕਲਪ ਨੂੰ ਵਧੇਰੇ ਸਪੱਸ਼ਟ ਕਰਨ ਲਈ ਪੁਰਾਤਨ ਜੀਵਨ ਵਿਚੋਂ ਹਰਨਾਖਸ ਅਤੇ ਦਾਸੀ ਦੇ ਪੁੱਤਰ ਦੀਆਂ ਉਦਾਹਰਨਾਂ ਬਾਰੇ ਸੰਕੇਤ ਦਿੱਤਾ ਹੈ, ਜਿਸ ਨੂੰ ਕੇਵਲ ਸਾਡੇ ਸਮਾਜ ਦੇ ਬੁਧੀਜੀਵੀ, ਪੜ੍ਹੇ-ਲਿਖੇ ਅਤੇ ਗਿਆਨੀ-ਧਿਆਨੀ ਵਿਅਕਤੀ ਹੀ ਸਮਝ ਸਕਦੇ ਹਨ ਜੋ ਕਿ ਅਗ੍ਰਾਮਕਰਤੱਤਵ ਨਾਲ ਸੰਬੰਧਿਤ ਹੈ।

ਬ੍ਰਹਮਾਦਿਕ ਸਨਕਾਦਿਕ ਚਾਹੈ॥

ਜੋਗੀ ਜਤੀ ਸਿਧ ਹਰਿ ਗਾਹੈ॥ (203)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਬ੍ਰਹਮਾ ਦੇ ਚਾਰ ਪੁੱਤਰਾਂ (ਸਨਕ, ਸਨੰਦਨ, ਸਨਾਤਨ, ਤੇ ਸਨਤ ਕੁਮਾਰ) ਬਾਰੇ ਗੱਲ ਕਰ ਰਹੇ ਹਨ, ਜਿੰਨ੍ਹਾਂ ਨੂੰ ਕੇਵਲ ਸਾਡੇ ਸਮਾਜ ਦੇ ਬੁਧੀਜੀਵੀ, ਪੜ੍ਹੇ-ਲਿਖੇ ਅਤੇ ਗਿਆਨੀ-ਧਿਆਨੀ ਵਿਅਕਤੀ ਹੀ ਸਮਝ ਸਕਦੇ ਹਨ ਜੋ ਕਿ ਅਗ੍ਰਾਮਕਰਤੱਤਵ ਨਾਲ ਸੰਬੰਧਿਤ ਹੈ।

ਅਪੁਨੇ ਹਰਿ ਪਹਿ ਬਿਨਤੀ ਕਹੀਐ॥

ਚਾਰਿ ਪਦਾਰਥ ਅਨਦ ਮੰਗਲ ਨਿਧਿ ਸੂਖ ਸਹਜ ਸਿਧਿ ਲਹੀਐ॥ (203)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਚਾਰ ਪਦਾਰਥਾਂ (ਧਰਮ, ਅਰਥ, ਕਾਮ, ਮੋਖ) ਬਾਰੇ ਗੱਲ ਰਹੇ ਹਨ, ਜਿਸ ਦੀ ਜਾਣਕਾਰੀ ਆਮ ਲੋਕਾਂ ਨੂੰ ਨਹੀਂ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ 'ਚਾਰਿ ਪਦਾਰਥ' ਵਰਗੇ ਅਜਿਹੇ ਬਹੁ-ਅਰਥੀ ਅਤੇ ਬਹੁ-ਪਰਤੀ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿੰਨ੍ਹਾ ਦਾ ਸੰਬੰਧ ਪੁਰਾਤਨ ਅਤੇ ਵਰਤਮਾਨ ਜੀਵਨ ਨਾਲ ਹੈ ਅਤੇ ਜਿਸ ਨੂੰ ਕੇਵਲ ਬੁਧੀਜੀਵੀ, ਪੜ੍ਹੇ-ਲਿਖੇ ਅਤੇ ਗਿਆਨੀ-ਧਿਆਨੀ ਵਿਅਕਤੀ ਹੀ ਸਮਝ ਸਕਦੇ ਹਨ।

ਮਾਘਿ ਮਜਨੁ ਸੰਗਿ ਸਾਧੂਆਂ, ਧੂੜੀ ਕਰਿ ਇਸਨਾਨੁ॥ (133)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇ ਜੀ ਗੁਰਮੁਖ ਵਿਅਕਤੀ ਨੂੰ ਦੱਸਦੇ ਹਨ ਕਿ ਮਾਘ ਮਹੀਨੇ ਵਿਚ ਸਾਧੂ-ਸੰਤਾਂ ਜਾਂ ਗੁਰਮੁਖਾਂ ਦੀ ਸੰਗਤ ਵਿਚ ਬੈਠ ਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰ ਕੇ ਆਪਣਾ ਜੀਵਨ ਸਫਲ ਬਣਾ। ਮਾਘ ਮਹੀਨੇ ਦਾ ਪਹਿਲਾ ਦਿਨ ਹਿੰਦੂ ਸ਼ਾਸਤਰਾਂ ਅਨਸਾਰ ਬਹੁਤ ਪਵਿੱਤਰ ਮੰਨਿਆ ਜਾਂਦਾ ਹੈ, ਕਿਉਂਕਿ ਹਿੰਦੂ ਲੋਕ ਇਸ ਮਹੀਨੇ ਵਿਚ ਪ੍ਰਯਾਗ ਆਦਿਕ ਤੀਰਥਾਂ 'ਤੇ ਇਸ਼ਨਾਨ ਕਰਨਾ ਪੁੰਨ ਸਮਝਦੇ ਹਨ। ਇੱਥੇ ਗੁਰੂ ਅਰਜਨ ਦੇਵ ਜੀ ਦੇ ਸੱਚੇ ਸਾਧੂ-ਸੰਤਾਂ ਦੀ ਸੰਗਤ ਦੇ ਸੰਕਲਪ ਨੂੰ ਵਧੀਆ ਢੰਗ ਨਾਲ ਸਮਝਣ ਲਈ ਹਿੰਦੂ ਧਰਮ ਨਾਲ ਸੰਬੰਧਿਤ ਸਾਰੀਆਂ ਗੱਲਾਂ ਦਾ ਗਿਆਨ ਹੋਣਾ ਬਹੁਤ ਜਰੂਰੀ ਹੈ

**ਕਾਂਤੀ**: ਉਹ ਰਚਨਾ ਜਿਸ ਦੀ ਸ਼ਬਦਾਵਲੀ ਵਿਚ ਅਲੌਕਿਕ ਸ਼ੋਭਾ ਜਾਂ ਉਜਵਲਤਾ ਹੁੰਦੀ ਹੈ। ਅਲੌਕਿਕ ਸ਼ਬਦਾਵਲੀ ਵਿਚ ਹਰ ਸ਼ਬਦ ਵਿਚੋਂ ਕਮਾਲ ਦਾ ਝਲਕਾਰਾ ਪੈਦਾ ਹੈ ਅਤੇ ਉਸ ਵਿਚ ਉਜਲਵਤਾ, ਵਚਿੱਤਰ, ਅਦਭੁਤ ਆਦਿ ਗੁਣ ਪਾਏ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਨੇ ਪ੍ਰਭੂ ਜਾਂ ਪਰਮਾਤਮਾ, ਸਾਧੂ, ਬ੍ਰਹਮ ਗਿਆਨੀ ਅਤੇ ਗੁਰੂ ਦੀ ਵਡਿਆਈ ਕਰਨ ਲਈ ਅਲੌਕਿਕ ਭਾਸ਼ਾ ਜਾਂ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਜਿਵੇਂ :

ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ॥

ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ॥ (452)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਦੇ ਨਾਮ-ਸਿਮਰਨ ਅਤੇ ਦਰਸ਼ਨ ਦੇ ਮਹੱਤਵ ਨੂੰ ਸਪੱਸ਼ਟ ਕਰਦੇ ਹੋਏ ਦੱਸਦੇ ਹਨ ਕਿ ਮੇਰੇ ਹਿਰਦੇ ਦੇ ਅੰਦਰ ਆਨੰਦ ਹੀ ਆਨੰਦ ਬਣ ਗਿਆ ਹੈ, ਕਿਉਂਕਿ ਮੈਂ ਉਸ ਪਰਮਾਤਮਾ ਦਾ ਦਰਸ਼ਨ ਕਰ ਲਿਆ ਹੈ ਜੋ ਕਿ ਆਨੰਦ ਦਾ ਸੋਮਾ ਹੈ ਅਤੇ ਮੈਂ ਪਰਮਾਤਮਾ ਦੇ ਨਾਮ ਦਾ ਮਿੱਠਾ ਰਸ ਚੱਖ ਲਿਆ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਅਲੋਕਿਕ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ ਜਿਸ ਦੇ ਹਰ ਸ਼ਬਦ ਵਿਚੋਂ ਕਮਾਲ ਦਾ ਝਲਕਾਰਾ ਪੈਦਾ ਹੈ ਅਤੇ ਉਨ੍ਹਾਂ ਸ਼ਬਦਾਂ ਵਿਚ ਉਜਲਵਤਾ, ਵਚਿੱਤਰ, ਅਦਭੁਤ ਆਦਿ ਗੁਣ ਪਾਏ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਅਲੋਕਿਕ ਸ਼ਬਦਾਵਲੀ ਨਾਲ ਸੰਬੰਧਿਤ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਤੁਮਹਿ ਖਜੀਨਾ ਤੁਮਹਿ ਜਰੀਨਾ ਤੁਮ ਹੀ ਮਾਇਕ ਲਾਲਾ॥

ਤੁਮਹਿ ਪਾਰਜਾਤ ਗੁਰ ਤੇ ਪਾਏ ਤਉ ਨਾਨਕ ਭਏ ਨਿਹਾਲਾ॥ (1215)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਉਸ ਪ੍ਰਭੂ ਜਾਂ ਪਰਮਾਤਮਾ ਨੂੰ ਸੰਬੋਧਨ ਕਰਦੇ ਹੋਏ ਦੱਸਦੇ ਹਨ ਕਿ ਹੇ ਪ੍ਰਭੂ! ਤੂੰ ਹੀ ਮੇਰੇ ਵਾਸਤੇ ਸਭ ਸੁਖ-ਸਹੂਲਤਾਂ ਦਾ ਖ਼ਜ਼ਾਨਾ ਹੈਂ, ਤੂੰ ਹੀ ਮੇਰੀ ਧਨ-ਦੌਲਤ ਹੈਂ, ਤੂੰ ਹੀ ਮੇਰੇ ਲਈ ਹੀਰੇ-ਮੋਤੀ ਹੈਂ ਅਤੇ ਤੂੰ ਹੀ ਮੇਰੇ ਲਈ ਇੰਦਰ ਦੇ ਬਾਗ ਦਾ ਉਹ ਰੁੱਖ ਹੈਂ, ਜੋ ਸਾਰੇ ਫਲ ਦਿੰਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਉਸ ਪਰਮ ਪਰਮਾਤਮਾ ਦੀ ਮਹਿਮਾ ਨੂੰ ਪ੍ਰਸਤੁਤ ਕਰਨ ਲਈ ਖਜੀਨਾ, ਜਰੀਨਾ, ਮਾਇਕ ਲਾਲਾ ਅਤੇ ਪਾਰਜਾਤ ਆਦਿ ਵਚਿੱਤਰ ਜਾਂ ਅਦਭੁਤ ਸ਼ਬਦਾਂ ਦੀ ਵਰਤੋਂ ਕੀਤੀ ਹੈ, ਜੋ ਕਿ ਅਲੋਕਿਕ ਸ਼ਬਦਾਵਲੀ ਨਾਲ ਸੰਬੰਧਿਤ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਅਲੋਕਿਕ ਸ਼ਬਦਾਵਲੀ ਨਾਲ ਸੰਬੰਧਿਤ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਚਾਦਨਾ ਚਾਦਨੁ ਆਂਗਨਿ ਪ੍ਰਭ ਜੀਉ ਅੰਤਰਿ ਚਾਦਨਾ॥

ਆਰਾਧਨਾ ਅਰਾਧਨ ਨੀਕਾ ਹਰਿ ਹਰਿ ਨਾਮੁ ਅਰਾਧਨਾ॥ (1018)

ਘੂੰਘਰ ਖੜਕੁ ਤਿਆਗਿ ਵਿਸੂਰੇ॥

ਸਹਜ ਅਨੰਦ ਦਿਖਾਵੈ ਭਾਵੈ॥ (885)

ਮੋਹਨ ਨੀਦ ਨ ਆਵੈ ਹਾਵੈ ਹਾਰ ਕਜਰ ਬਸਤ੍ਰ ਅਭਰਨ ਕੀਨੇ॥

ਉਡੀਨੀ ਉਡੀਨੀ ਉਡੀਨੀ॥ (830)

**5.1. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਵੈਦਰਭੀ ਰੀਤੀ ਦਾ ਸਰੂਪ:** ਵੈਦਰਭੀ ਰੀਤੀ ਵਿਚ ਮਾਧੁਰਯ (ਮਧੁਰਤਾ ਜਾਂ ਮਿਠਾਸ), ਕੋਮਲ ਅੱਖਰ ਜਾਂ ਵਰਣ ਅਤੇ ਘੱਟ ਸਮਾਸ, ਸੁਕੁਮਾਰ, ਸ਼ਿੰਗਾਰ ਰਸ, ਕਰੁਣਾ ਰਸ, ਸ਼ਾਂਤ ਰਸ ਆਦਿ ਗੁਣ ਪਾਏ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਵੈਦਰਭੀ ਰੀਤੀ ਦੇ ਸਾਰੇ ਗੁਣ ਪਾਏ ਜਾਂਦੇ ਹਨ, ਜਿੰਨ੍ਹਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

**ਮਾਧੁਰਯ:** ਮਾਧੁਰਯ ਸ਼ਬਦ ਨੂੰ ਅੰਗਰੇਜੀ ਭਾਸ਼ਾ ਵਿਚ 'Sweetness' ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ - ਮਧੁਰਤਾ, ਮਿਠਾਸ ਜਾਂ ਮਿੱਠਤ। ਮੰਮਟ ਦੇ ਅਨੁਸਾਰ ਮਾਧੁਰਯ ਗੁਣ ਵਾਲੀ ਰਚਨਾ ਵਿਚ ਇਕ ਅਜਿਹਾ ਆਨੰਦ ਹੁੰਦਾ ਹੈ ਜਿਸ ਨੂੰ ਪੜ੍ਹਣ ਜਾਂ ਸੁਣਨ ਨਾਲ ਪਾਠਕ ਦਾ ਮਨ ਪਿਘਲਣ ਲੱਗਦਾ ਹੈ। ਅਜਿਹੀਆਂ ਰਚਨਾਵਾਂ ਵਿਚ ਸੰਜੋਗ ਸ਼ਿੰਗਾਰ ਰਸ, ਕਰੁਣਾ ਰਸ, ਵਿਜੋਗ ਸ਼ਿੰਗਾਰ ਰਸ ਅਤੇ ਸ਼ਾਂਤ ਰਸ ਦਾ ਪ੍ਰਯੋਗ ਦੇਖਣ ਨੂੰ ਮਿਲਦਾ ਹੈ। ਇਸ ਵਿਚ ਟਵਰਗ (ਟ, ਠ, ਡ, ਢ, ਣ) ਦੀ ਵਰਤੋਂ ਨਾਮਾਤਰ ਕੀਤੀ ਜਾਂਦੀ ਹੈ, ਵਿਅੰਜਨਾਂ ਦੇ ਨਾਲ ਬਿੰਦੀ ਅਤੇ ਟਿੱਪੀ ਦੀ ਵਰਤੋਂ ਦੇਖਣ ਨੂੰ ਮਿਲਦੀ ਹੈ ਅਤੇ ਸਮਾਸ ਬਹੁਤ ਘੱਟ ਦੇਖਣ ਨੂੰ ਮਿਲਦੇ ਹਨ। ਗੁਰੂ ਅਰਜਨ ਦੇਵ ਜੀ ਬਾਣੀ ਵਿਚੋਂ ਸੰਜੋਗ ਸ਼ਿੰਗਾਰ ਰਸ ਨਾਲ ਸੰਬੰਧਿਤ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰ॥

ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥

ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥

ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥ (133)

ਉਪਰੋਕਤ ਕਾਵਿ ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਜਿਹੜੀ ਜੀਵ ਰੂਪੀ ਇਸਤਰੀ ਪਤੀ-ਪਰਮਾਤਮਾ ਦੇ ਚਰਨ-ਕਮਲਾਂ ਨਾਲ ਪ੍ਰੇਮ ਕਰਦੀ ਹੈ, ਉਹ ਸਾਵਣ ਦੇ ਮਹੀਨੇ ਵਿਚ ਪੂਰੀ ਤਰ੍ਹਾਂ ਖਿੜੀ ਅਤੇ ਪ੍ਰਸੰਨ ਰਹਿੰਦੀ ਹੈ। ਉਸਦਾ ਮਨ ਅਤੇ ਤਨ, ਸੱਚੇ ਪਰਮਾਤਮਾ ਦੇ ਪ੍ਰੇਮ ਵਿਚ ਰੰਗਿਆ ਰਹਿੰਦਾ ਹੈ। ਉਸ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਮਾਇਆ ਵਿਸ਼ ਦੀ ਤਰ੍ਹਾਂ ਹੈ ਅਤੇ ਇਸ ਨਾਲ ਪ੍ਰੇਮ ਕਰਨ ਦਾ ਕੋਈ ਲਾਭ ਨਹੀਂ ਹੋਵੇਗਾ। ਗੁਰੂ ਜੀ ਪ੍ਰਭੂ ਦੇ ਨਾਮ ਨੂੰ ਅੰਮ੍ਰਿਤ-ਬੂੰਦ ਸਮਝਦੇ ਹਨ ਅਤੇ ਸਾਧੂਆਂ ਦੀ ਸੰਗਤ ਵਿਚ ਬੈਠ ਕੇ ਅੰਮ੍ਰਿਤ-ਬੂੰਦ ਪੀਣ ਨਾਲ ਇਸ ਦਾ ਆਨੰਦ ਹੀ ਕੁਝ ਹੋਰ ਹੈ। ਪਰਮਾਤਮਾ ਦੀ ਮਿਹਰ ਸਦਕਾ ਸਾਵਣ ਦੇ ਮਹੀਨੇ ਵਿਚ ਹਰ ਪਾਸੇ ਹਰਿਆਵਲ ਹੀ ਹਰਿਆਵਲ ਛਾ ਜਾਂਦੀ ਹੈ। ਇਸ ਖ਼ੂਬਸੂਰਤ ਮੌਸਮ ਵਿਚ ਜੀਵ ਰੂਪੀ ਇਸਤਰੀ ਦੇ ਮਨ ਵਿਚ ਪਤੀ-ਪਰਮਾਤਮਾ ਨੂੰ ਮਿਲਣ ਦੀ ਤੀਬਰ ਇੱਛਾ ਪੈਦਾ ਹੋ ਜਾਂਦੀ ਹੈ ਪਰ ਉਸ ਪਰਮਾਤਮਾ ਦੀ ਮਿਹਰ ਸਦਕਾ ਹੀ ਓਸ ਨਾਲ ਮਿਲਨ ਜਾਂ ਮਿਲਾਪ ਹੋ ਸਕਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ੈਲੀ ਹੋਰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਵੱਖ-ਵੱਖ 'ਸਾਵਣ' ਬਿੰਬ ਦੀ ਵਰਤੋਂ ਕੀਤੀ ਹੈ। ਬਿੰਬਾਂ ਦੀ ਵਰਤੋਂ ਨਾਲ ਪਾਠਕ ਲੋਕ ਕਿਸੇ ਵੀ ਰਚਨਾ ਨੂੰ ਇੰਦਰੀਆਂ ਦੇ ਪੱਧਰ 'ਤੇ ਮਹਿਸੂਸ ਵੀ ਕਰ ਸਕਦੇ ਹਨ।

ਧੰਨਿ ਧੰਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ॥

ਸੋਹੇ ਬੰਕ ਦੁਆਰ ਸਗਲਾ ਬਨੁ ਹਰਾ॥ (847)

ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਵਿਯੋਗ ਸ਼ਿੰਗਾਰ ਰਸ ਨਾਲ ਸੰਬੰਧਿਤ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਨੈਨ ਤਰਸਨ ਦਰਸ ਪਰਸਨ ਨਹ ਨੀਂਦ ਰੈਣਿ ਵਿਹਾਣੀਆ॥

ਗਿਆਨ ਅੰਜਨ ਨਾਮ ਬਿੰਜਨ ਭਏ ਸਗਲ ਸੀਗਾਰਾ॥ (542)

ਉਪਰੋਕਤ ਕਾਵਿ-ਪੰਕਤੀਆਂ ਵਿਚ ਨੈਨ ਤਰਸਨ, ਦਰਸ ਪਰਸਨ, ਨਹ ਨੀਂਦ, ਰੈਣਿ ਵਿਹਾਣੀਆ ਆਦਿ ਸ਼ਬਦਾਂ ਦੀ ਵਿਅੰਜਨਾ ਵਿਚੋਂ ਚਿੰਤਾ, ਆਵੇਗ, ਪਛਤਾਵਾ, ਪਤੀ-ਮਿਲਾਪ ਲਈ ਮਨ ਦੀ ਬਿਹਬਲਤਾ ਤੇ ਵਿਛੋੜੇ ਦੀ ਕਰੁਣਾਮਈ ਅਵਸਥਾ ਵਿਚੋਂ ਵਿਯੋਗ ਸ਼ਿੰਗਾਰ ਰਸ ਦੇ ਸੰਚਾਰੀ ਭਾਵ ਸਾਕਾਰ ਹੁੰਦੇ ਹਨ।

ਬਿਨੁ ਕੰਤ ਪਿਆਰੇ ਨਹ ਸੂਖ ਸਾਰੇ ਹਾਰ ਕੰਙਣ ਧ੍ਰਿਗ ਬਨਾ॥

ਸੁੰਦਰਿ ਸੁਜਾਣਿ ਚਤੁਰਿ ਬੇਤੀ ਸਾਸ ਬਿਨੁ ਜੈਸੇ ਤਨਾ॥ (928)

ਡਿਠੀ ਹਭ ਢੰਢੋਲਿ ਹਿਕਸੁ ਬਾਝੁ ਨ ਕੋਇ॥

ਆਉ ਸਜਨ ਤੂ ਮੁਖਿ ਲਗੁ ਮੇਰਾ ਤਨੁ ਮਨੁ ਠੰਡਾ ਹੋਇ॥ (1100)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਤਮਾ ਅਤੇ ਪਰਮਾਤਮਾ ਦੇ ਮਿਲਾਪ ਅਤੇ ਵਿਛੋੜੇ ਦੀ ਸਥਿੱਤੀ ਨੂੰ ਪ੍ਰਸਤੁਤ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਮੈਂ ਸਾਰੀ ਸ੍ਰਿਸ਼ਟੀ ਭਾਲ ਕੇ ਵੇਖ ਲਈ ਹੈ, ਉਸ ਪਰਮਾਤਮਾ ਦੇ ਦਰਸ਼ਨ ਜਾਂ ਦੀਦਾਰ ਤੋਂ ਬਿਨਾ ਹੋਰ ਕੋਈ ਵੀ ਪਦਾਰਥ ਆਤਮਿਕ ਸੁਖ ਜਾਂ ਸ਼ਾਂਤੀ ਨਹੀਂ ਦਿੰਦਾ ਹੈ।

ਕਿਸੇ ਸਕੇ ਸੰਬੰਧੀ ਦੀ ਮੌਤ ਜਾਂ ਉਸ ਦੇ ਵਿਛੋੜੇ ਵੇਲੇ ਜੋ ਸ਼ੋਕ ਭਾਵ ਪ੍ਰਗਟਾਇਆ ਜਾਂਦਾ ਹੈ ਉਸ ਤੋਂ ਕਰੁਣਾ ਰਸ ਦੀ ਉਤਪਤੀ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਕਰੁਣਾ ਰਸ ਨਾਲ ਸੰਬੰਧਿਤ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥

ਜਿਨ ਕੋ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ॥ (133)

ਕਿਆ ਸੋਵਹਿ ਨਾਮੁ ਵਿਸਾਰਿ ਗਾਫਲ ਗਹਿਲਿਆ॥

ਕਿਤੀ ਇਤੁ ਦਰੀਆਇ ਵੰਞਨਿ ਵਹਦਿਆ॥੧॥ (398)

ਸ਼ਾਂਤ ਰਸ ਤੋਂ ਭਗਤੀ ਭਾਵ ਦੀ ਉਤਪਤੀ ਹੁੰਦੀ ਹੈ। ਆਧੁਨਿਕ ਸਮੇਂ ਵਿਚ ਗਿਆਨ ਦੇ ਕਾਰਣ ਮਨ ਵਿਚ ਪੈਦਾ ਹੋਈ ਬੇਚੈਨੀ ਅਤੇ ਵੈਰਾਗ ਨੂੰ ਦੂਰ ਕਰਨ ਲਈ ਸ਼ਾਤ ਰਸ ਦੀ ਵਰਤੋਂ ਕੀਤੀ ਜਾਂਦੀ ਹੈ। ਅੱਜ ਵਿਗਿਆਨ ਦੇ ਯੁੱਗ ਵਿਚ ਹਰ ਇਕ ਮਨੁੱਖ ਭਟਕ ਰਿਹਾ ਹੈ, ਉਹ ਕਾਹਲੀ ਵਿਚ ਹੈ, ਉਸ ਦੇ ਤਨ-ਮਨ ਨੂੰ ਟਿਕਾਓ ਨਹੀਂ ਹੈ ਕਿਉਂਕਿ ਵਿਗਿਆਨ ਨੇ ਉਸਨੂੰ ਭਟਕਣ ਲਈ ਕਈ ਸਾਧਨ ਮਹੁੱਈਆ ਕਰ ਦਿੱਤੇ ਹਨ। ਦੁਨਿਆਵੀ ਸੁਖ ਕਈ ਦੁੱਖਾਂ ਦਾ ਕਾਰਣ ਬਣ ਰਹੇ ਹਨ ਕਿਉਂਕਿ ਹਰ ਇਕ ਮਨੁੱਖ ਦੁਨਿਆਵੀ ਸੁਖਾਂ ਨੂੰ ਪ੍ਰਾਪਤ ਕਰਨ ਲਈ ਕਈ ਹੋਰ ਕੁਕਰਮ ਕਰ ਰਿਹਾ ਹੈ। ਹਰ ਮਨੁੱਖ ਸੁਖ ਦੀ ਭਾਲ ਵਿਚ ਇਧਰ-ਉਧਰ ਭਟਕ ਰਿਹਾ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਦੇ ਅਨੁਸਾਰ, "ਸੰਸਾਰਿਕ ਅਸਥਿਰਤਾ ਦੇ ਕਾਰਣ ਜਾਂ ਤੱਤ-ਗਿਆਨ ਦੇ ਕਾਰਣ ਮਨ ਵਿਚ ਜਦੋਂ ਵੈਰਾਗ ਪੈਦਾ ਹੁੰਦਾ ਹੈ ਉਥੇ ਸ਼ਾਂਤ ਰਸ ਦੀ ਸਥਿਤੀ ਮੰਨੀ ਗਈ ਹੈ।" (***ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ*** 195)

ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਸ਼ਾਂਤ ਰਸ ਨਾਲ ਸੰਬੰਧਿਤ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਇ॥

ਕਿਤਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਇ॥ (745)

ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥

ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ॥ (133)

**ਸੁਕੁਮਾਰਤਾ**: ਉਹ ਰਚਨਾ ਜਿਸ ਵਿਚ ਕਠੋਰ, ਚੁਭਵੇਂ ਜਾਂ ਮਾੜੇ ਵਰਣਾਂ ਜਾਂ ਅੱਖਰਾਂ ਦੀ ਵਰਤੋਂ ਨਾ ਹੋਵੇ, ਤਾਂ ਉੱਥੇ ਸੁਕੁਮਾਰਤਾ ਕਾਵਿ-ਗੁਣ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਸੁਕੁਮਾਰਤਾ ਦੀ ਝਕਲ ਦੇਖਣ ਨੂੰ ਮਿਲਦੀ ਹੈ:

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥

ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ॥ (250)

ਅੰਮ੍ਰਿਤੁ ਨਾਮੁ ਤੁਮਾਰਾ ਠਾਕੁਰ ਏਹ ਮਹਾ ਰਸੁ ਜਨਹਿ ਪੀਓ॥

ਜਨਮ ਜਨਮ ਚੂਕੇ ਭੈ ਭਾਰੇ ਦੁਰਤੁ ਬਿਨਾਸਿਓ ਭਰਮੁ ਬੀਓ॥ (382)

ਜਬ ਦੇਖਉ ਪ੍ਰਭੁ ਅਪੁਨਾ ਸੁਆਮੀ ਤਉ ਅਵਰਹਿ ਚੀਤਿ ਨ ਪਾਵਉ ਰੇ॥

ਨਾਨਕੁ ਦਾਸੁ ਪ੍ਰਭਿ ਆਪਿ ਪਹਿਰਾਇਆ ਭ੍ਰਮੁ ਭਉ ਮੇਟਿ ਲਖਾਵਉ ਰੇ॥ (404)

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰਹਾਈ॥

ਸੁਣਿ ਮੀਤਾ ਜੀਉ ਹਮਾਰਾ ਬਲਿ ਬਲਿ ਜਾਸੀ ਹਰਿ ਦਰਸਨੁ ਦੇਹੁ ਦਿਖਾਈ॥ (611)

ਤੁਮ ਦਾਤੇ ਠਾਕੁਰ ਪ੍ਰਤਿਪਾਲਿਕ ਨਾਇਕ ਖਸਮ ਹਮਾਰੇ॥

ਨਿਮਖ ਨਿਮਖ ਤਮਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ॥ (674)

ਜਿਸਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ॥

ਬੋਲਿ ਨ ਜਾਣੈ ਮਾਇਆ ਮਦਿ ਮਾਤਾ ਮਰਣਾ ਚੀਤਿ ਨ ਆਵੈ॥ (749)

**5.2. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਗੌੜੀ ਰੀਤੀ ਦਾ ਸਰੂਪ:** ਗੌੜੀ ਰੀਤੀ ਵਿਚ ਓਜ ਗੁਣ ਵਿਅੰਜਕ, ਕਠੋਰ ਵਰਣ ਜਾਂ ਅੱਖਰ, ਦੁੱਤ ਅੱਖਰ, ਟਵਰਗ ਦੀ ਵਰਤੋਂ, ਰੌਦਰ, ਵੀਰ, ਭਿਆਨਕ ਆਦਿ ਰਸਾਂ ਦੀ ਵਰਤੋਂ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਗੌੜੀ ਰੀਤੀ ਨਾਲ ਸੰਬੰਧਿਤ ਸਾਰੇ ਗੁਣ ਪਾਏ ਜਾਂਦੇ ਹਨ, ਜਿੰਨ੍ਹਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

**ਓਜ**: ਜਿਸ ਰਚਨਾ ਵਿਚ ਸੰਯੁਕਤ ਅੱਖਰਾਂ ਜਾਂ ਵਰਣਾਂ ਦੀ ਵਰਤੋਂ ਕੀਤੀ ਗਈ ਹੋਵੇ, ਸਮਾਸ-ਪ੍ਰਧਾਨ ਅਤੇ ਕੰਨਾਂ ਨੂੰ ਚੁਭਣ ਵਾਲੀ ਸ਼ਬਦਾਵਲੀ ਹੋਵੇ, ਤਾਂ ਉੱਥੇ ਓਜ ਕਾਵਿ-ਗੁਣ ਹੁੰਦਾ ਹੈ। ਪੰਜਾਬੀ ਦਾ ਵੀਰ-ਕਾਵਿ ਤਾਂ ਓਜ ਗੁਣ ਦੀ ਸਭ ਤੋਂ ਵਧੀਆ ਉਦਾਹਰਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੰਨਾਂ ਨੂੰ ਚੁਭਣ ਵਾਲੀ ਸ਼ਬਦਾਵਲੀ ਤਾਂ ਨਹੀਂ ਹੈ ਪਰੰਤੂ ਕਿਤੇ-ਕਿਤੇ ਮਨੁੱਖ ਨੂੰ ਪੰਜ ਵਿਕਾਰਾਂ ਤੋਂ ਬਚਣ ਲਈ ਚੇਤਾਵਨੀ ਜਰੂਰ ਦਿੱਤੀ ਹੋਈ ਹੈ। ਗੁਰਬਾਣੀ ਦੇ ਹਰ ਸ਼ਬਦ ਵਿਚ ਤਾਂ ਇੰਨੀ ਮਿਠਾਸ, ਸਰਲਤਾ ਹੈ ਕਿ ਹਰ ਇਕ ਪਾਠਕ ਇਸ ਵੱਲ ਖਿੱਚਿਆ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦ੍ਰਿੜ੍ਹ ਆਤਮ ਵਿਸ਼ਵਾਸ਼ ਤੇ ਤਿਆਗ ਉਤਸ਼ਾਹ ਭਾਵ ਦੇ ਧਾਰਨੀ ਸਨ ਜਿਸ ਕਰਕੇ ਉਨ੍ਹਾਂ ਦੀ ਗੁਰਬਾਣੀ ਵਿਚੋਂ ਬੀਰ ਰਸ ਦਾ ਸੰਚਾਰ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਓਜ ਕਾਵਿ-ਗੁਣ ਨਾਲ ਸੰਬੰਧਿਤ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ :

ਦਿਨੁ ਰਾਤਿ ਕਮਾਇਅੜੋ ਸੋ ਆਇਓ ਮਾਥੈ॥

ਜਿਸੁ ਪਾਸਿ ਲੁਕਾਇਦੜੋ ਸੋ ਵੇਖੀ ਸਾਥੈ॥ (461)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ 'ਦਿਨੁ ਰਾਤਿ' ਸਮਾਸ ਪ੍ਰਧਾਨ ਅਤੇ 'ਕਮਾਇਅੜੋ', 'ਲੁਕਾਇਦੜੋ' ਆਦਿ ਸੰਯੁਕਤ ਅੱਖਰਾਂ ਦੀ ਵਰਤੋਂ ਕੀਤੀ ਹੈ, ਜੋ ਕਿ ਓਜ ਕਾਵਿ-ਗੁਣ ਨਾਲ ਸੰਬੰਧਿਤ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਨੂੰ ਸਪੱਸ਼ਟ ਕਰਨ ਲਈ ਸੰਯੁਕਤ ਅਤੇ ਸਮਾਸ-ਪ੍ਰਧਾਨ ਸ਼ਬਦਾਂ ਦੀ ਵਰਤੋਂ ਕੀਤੀ ਹੈ।

ਸੁਪਨੇ ਸੇਤੀ ਚਿਤੁ ਮੂਰਖਿ ਲਾਇਆ॥

ਸਿਰੇ ਰਾਜ ਰਸ ਭੋਗ ਜਾਗਤ ਭਖਲਾਇਆ॥ (707)

ਸਮਾਸ-ਪ੍ਰਧਾਨ ਸ਼ਬਦ: ਰਸ ਭੋਗ, ਸੰਯੁਕਤ ਅੱਖਰ: ਭਖਲਾਇਆ।

ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨ॥ (133)

ਸਮਾਸ-ਪ੍ਰਧਾਨ ਸ਼ਬਦ: ਕਾਮਿ ਕਰੋਧਿ।

ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥

ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥

ਰੋਗ ਸੋਗ ਸਭਿ ਮਿਟ ਗਏ ਨਿਤ ਨਵਾ ਨਿਰੋਆ॥

ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ॥

ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ॥ (1193)

ਸਮਾਸ-ਪ੍ਰਧਾਨ ਸ਼ਬਦ: ਰੋਗ ਸੋਗ, ਦਿਨੁ ਰੈਣਿ, ਸੰਯੁਕਤ ਅੱਖਰ: ਮਹਾਬਲੀ, ਜਪਾਇਅਨੁ।

ਕਰਤੂਤਿ ਪਸੂ ਕੀ ਮਾਨਸ ਜਾਤਿ॥

ਲੋਕ ਪਚਾਰਾ ਕਰੈ ਦਿਨੁ ਰਾਤਿ॥

ਬਾਹਰਿ ਭੇਖ ਅੰਤਰਿ ਮਲੁ ਮਾਇਆ॥

ਛਪਸਿ ਨਾਹਿ ਕਛੁ ਕਰੈ ਛਪਾਇਆ॥ (266)

ਸਮਾਸ-ਪ੍ਰਧਾਨ ਸ਼ਬਦ: ਦਿਨੁ ਰਾਤਿ, ਮਲੁ ਮਾਇਆ।

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥

ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ॥

ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰੁ ਸਜਣੁ ਮਿਲਿਆ॥

ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥ (1429)

ਸਮਾਸ-ਪ੍ਰਧਾਨ ਸ਼ਬਦ: ਤਨੁ ਮਨੁ, ਸੰਯੁਕਤ ਅੱਖਰ: ਕੀਤੋਈ, ਨਿਰਗੁਣਿਆਰੇ, ਮਿਹਰਾਮਤਿ।

**5.3. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪਾਂਚਾਲੀ ਰੀਤੀ ਦਾ ਸਰੂਪ:** ਵਾਮਨ ਦੇ ਅਨੁਸਾਰ ਪਾਂਚਾਲੀ ਰੀਤੀ ਵਿਚ ਪ੍ਰਸ਼ਾਦ, ਸਹਿਜਤਾ, ਸਰਲਤਾ, ਦਰਸ਼ਨ, ਸ਼ਲੇਸ਼ ਤੋਂ ਇਲਾਵਾ ਮਧੁਰਤਾ ਅਤੇ ਸੁਕੁਮਾਰਤਾ ਆਦਿ ਕਾਵਿ-ਗੁਣ ਹੁੰਦੇ ਹਨ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਪਾਂਚਾਲੀ ਰੀਤੀ ਨਾਲ ਸੰਬੰਧਿਤ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

**ਪ੍ਰਸਾਦ**: ਪ੍ਰਸਾਦ ਸ਼ਬਦ ਨੂੰ ਅੰਗਰੇਜੀ ਭਾਸ਼ਾ ਵਿਚ 'Lucidity' ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ - ਸਰਲਤਾ ਜਾਂ ਸਪੱਸ਼ਟਤਾ। ਭਰਤਮੁਨੀ ਦੇ ਅਨੁਸਾਰ ਜਿਸ ਰਚਨਾ ਨੂੰ ਪੜ੍ਹਣ ਜਾਂ ਸੁਣਨ ਸਾਰ ਹੀ ਉਸ ਵਿਚ ਵਰਤੇ ਸ਼ਬਦਾਂ ਦੇ ਅਰਥ ਸਮਝ ਆ ਜਾਣ, ਉਸ ਰਚਨਾ ਵਿਚ ਪ੍ਰਸਾਦ ਗੁਣ ਹੁੰਦਾ ਹੈ। ਮੰਮਟ ਦੇ ਅਨੁਸਾਰ ਜਿਵੇਂ ਸੁਕਾ ਬਾਲਣ ਇਕਦਮ ਬਲ ਉਠਦਾ ਹੈ ਅਤੇ ਸਾਫ ਕੱਪੜਾ ਪਾਣੀ ਨਾਲ ਨੁੱਚੜ ਜਾਂਦਾ ਹੈ ਤਿਵੇਂ ਹੀ ਪ੍ਰਸਾਦ ਵਿਚ ਸ਼ਬਦਾਂ ਦੇ ਸੁਣਨ ਸਾਰ ਹੀ ਪਾਠਕ ਨੂੰ ਅਰਥ ਦਾ ਗਿਆਨ ਹੋ ਜਾਂਦਾ ਹੈ। ਜਿਵੇਂ:

ਤੂ ਠਾਕੁਰੁ ਤੁਮ ਪਹਿ ਅਰਦਾਸਿ॥

ਜੀਉ ਪਿੰਡੁ ਸਭੁ ਤੇਰੀ ਰਾਸਿ॥

ਤੁਮ ਮਾਤ ਪਿਤਾ ਹਮ ਬਾਰਿਕ ਤੇਰੇ॥

ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ॥ (266)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਜਾਂ ਪ੍ਰਭੂ ਦੇ ਸਨਮੁਖ ਬੇਨਤੀ ਕਰਦੇ ਹਨ ਕਿ ਤੂੰ ਹੀ ਸਾਡਾ ਅਤੇ ਇਸ ਸੰਸਾਰ ਦਾ ਸੁਆਮੀ ਹੈਂ, ਇਸ ਕਰਕੇ ਸਾਡੀ ਤੇਰੇ ਸਨਮੁਖ ਅਰਦਾਸ ਹੈ। ਇਹ ਮਨੁੱਖੀ ਜੀਵਨ ਅਤੇ ਸਰੀਰ ਉਸ ਪਰਮਾਤਮਾ ਦੁਆਰਾ ਦਿੱਤੀ ਹੋਈ ਪੂੰਜੀ ਹੈ। ਗੁਰੂ ਜੀ ਦੇ ਅਨੁਸਾਰ ਉਹ ਪਰਮਾਤਮਾ ਸਾਡੇ ਮਾਤਾ-ਪਿਤਾ ਦੇ ਸਮਾਨ ਹੈ, ਜਿਸ ਦੀ ਕ੍ਰਿਪਾ ਕਰਕੇ ਹੀ ਸਾਨੂੰ ਸਾਰੇ ਸੁਖਾਂ ਦੀ ਪ੍ਰਾਪਤੀ ਹੋ ਰਹੀ ਹੈ। ਇੱਥੇ ਗੁਰੂ ਜੀ ਨੇ ਅਜਿਹੇ ਸਰਲ ਅਤੇ ਸਪੱਸ਼ਟ ਅਰਥਾਂ ਵਾਲੇ ਸ਼ਬਦਾਂ ਦੀ ਵਰਤੋਂ ਕੀਤੀ ਹੈ, ਜਿਸ ਨੂੰ ਪੜ੍ਹਣ ਜਾਂ ਸੁਣਨ ਸਾਰ ਹੀ ਉਸ ਦੇ ਅਰਥ ਸਮਝ ਆ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਸਰਲ ਸ਼ਬਦਾਂ, ਲੋਕ-ਸਮੂਹ ਭਾਸ਼ਾ, ਲੋਕ-ਪ੍ਰਯੋਗ ਮੁਹਾਵਰੇ, ਨਿੱਤ ਵਰਤੋਂ ਦੇ ਵਾਕੰਸ਼ ਅਤੇ ਆਮ-ਸ਼ਬਦਾਵਲੀ ਦੀ ਚਮਤਕਾਰੀ ਢੰਗ ਨਾਲ ਵਰਤੋਂ ਆਪਣੀ ਸ਼ੈਲੀ ਨੂੰ ਪ੍ਰਭਾਵਪੂਰਨ ਅਤੇ ਰਵਾਨੀ ਭਰਪੂਰ ਕਰਨ ਲਈ ਕੀਤੀ ਹੈ।

ਦੁਇ ਕਰ ਜੋੜਿ ਬੇਨੰਤੀ ਠਾਕੁਰੁ ਅਪਨਾ ਧਿਆਇਆ॥

ਹਾਥ ਦੇਇ ਰਾਖੇ ਪਰਮੇਸਰਿ ਸਗਲਾ ਦੁਰਤੁ ਮਿਟਾਇਆ॥ (499)

ਉਪਰੋਕਤ ਕਾਵਿ-ਸਤਰਾਂ ਪ੍ਰਸਾਦ ਸ਼ਬਦ ਕਾਵਿ-ਗੁਣ ਨਾਲ ਸੰਬੰਧਿਤ ਹੈ, ਕਿਉਂਕਿ ਇੱਥੇ ਗੁਰੂ ਅਰਜਨ ਦੇਵ ਜੀ ਨੇ ਅਜਿਹੇ ਸਰਲ ਸ਼ਬਦਾਂ ਦੀ ਵਰਤੋਂ ਕੀਤੀ ਹੈ, ਜਿੰਨ੍ਹਾਂ ਦੇ ਅਰਥ ਬਹੁਤ ਹੀ ਆਸਾਨੀ ਨਾਲ ਸਮਝ ਆ ਜਾਂਦੇ ਹਨ। ਇੱਥੇ ਗੁਰੂ ਅਰਜਨ ਦੇਵ ਜੀ ਉਸ ਪਰਮਾਤਮਾ ਦੇ ਦੇ ਅੱਗੇ ਬੇਨਤੀ ਜਾਂ ਅਰਜ਼ੋਈ ਕਰਦੇ ਹਨ ਕਿ ਉਸ ਪ੍ਰਭੂ ਨੇ ਸਾਡੀ ਲੋਕ-ਪਰਲੋਕ ਵਿਚ ਸਹਾਇਤਾ ਜਾਂ ਰਾਖੀ ਕੀਤੀ ਹੈ ਅਤੇ ਸਾਰੇ ਕਸ਼ਟ ਜਾਂ ਦੁਖਾਂ ਦਾ ਖਾਤਮਾ ਕੀਤਾ ਹੈ।

ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ॥

ਹਉ ਬਲਿਹਾਰੀ ਸਤਿਗੁਰ ਚਰਣਾ॥ (562)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਉਹ ਸਮਾਂ ਭਾਗਾਂ ਵਾਲਾ ਹੁੰਦਾ ਹੈ, ਜਿਸ ਵੇਲੇ ਉਸ ਪਰਮਾਤਮਾ ਜਾਂ ਪ੍ਰਭੂ ਦਾ ਦਰਸ਼ਨ ਦੀਦਾਰ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਅੱਗੇ ਦੱਸਦੇ ਹਨ ਕਿ ਮੈਂ ਉਸ ਗੁਰੂ ਦੇ ਚਰਣਾਂ ਤੋਂ ਸਦਕੇ ਜਾਂਦਾ ਹਾਂ, ਜਿਸ ਸੱਚੇ ਗੁਰੂ ਦੀ ਸਿੱਖਿਆ ਅਤੇ ਪਰਮਾਤਮਾ ਦੇ ਨਾਮ-ਸਿਮਰਨ ਨਾਲ ਪ੍ਰਭੂ ਦਾ ਦਰਸਨ ਹੁੰਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ, ਜਿੰਨ੍ਹਾਂ ਦੇ ਅਰਥ ਬਹੁਤ ਹੀ ਆਸਾਨੀ ਨਾਲ ਸਮਝ ਆ ਜਾਂਦੇ ਹਨ, ਜੋ ਕਿ ਪ੍ਰਸਾਦ ਸ਼ਬਦ ਕਾਵਿ-ਗੁਣ ਨਾਲ ਸੰਬੰਧਿਤ ਹੈ।

ਸੋਈ ਚਤੁਰੁ ਸਿਆਣਾ ਪੰਡਿਤੁ ਸੋ ਸੂਰਾ ਸੋ ਦਾਨਾਂ॥

ਸਾਧਸੰਗਿ ਜਿਨਿ ਹਰਿ ਹਰਿ ਜਪਿਓ ਨਾਨਕ ਸੋ ਪਰਵਾਨਾ॥ (1221)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਉਹੀ ਮਨੁੱਖ ਸਿਆਣਾ, ਵਿਦਵਾਨ, ਬੀਰ ਅਤੇ ਦਾਨੀ ਹੈ ਅਤੇ ਉਹੀ ਪਰਮਾਤਮਾ ਦੇ ਦਰ ਤੇ ਪ੍ਰਵਾਨ ਹੈ, ਜੋ ਸਾਧੂ-ਸੰਤਾਂ ਦੀ ਸੰਗਤ ਵਿਚ ਰਹਿ ਕੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ, ਜਿੰਨ੍ਹਾਂ ਦੇ ਅਰਥ ਬਹੁਤ ਹੀ ਆਸਾਨੀ ਨਾਲ ਸਮਝ ਆ ਜਾਂਦੇ ਹਨ।

**ਸਹਿਜਤਾ**: ਜਿਸ ਰਚਨਾ ਦੇ ਸ਼ਬਦਾਂ ਨੂੰ ਪੜ੍ਹਨ ਜਾਂ ਸੁਣਨ ਨਾਲ ਅਰਥ ਬਹੁਤ ਹੀ ਆਸਾਨੀ ਨਾਲ ਸਮਝ ਆ ਜਾਣ, ਤਾਂ ਉੱਥੇ ਸਹਿਜਤਾ ਅਰਥ ਕਾਵਿ-ਗੁਣ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੀ ਰਚਨਾ ਕਰਨ ਸਮੇਂ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ, ਜਿੰਨ੍ਹਾਂ ਦੇ ਅਰਥ ਬਹੁਤ ਹੀ ਆਸਾਨੀ ਨਾਲ ਸਮਝ ਆ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਅਰਥ ਦੇ ਸਹਿਜ ਗੁਣ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਰੈਣਿ ਦਿਨਸੁ ਰਹੈ ਇਕ ਰੰਗਾ॥

ਪ੍ਰਭ ਕਉ ਜਾਣੈ ਸਦਹੀ ਸੰਗਾ॥ (181)

ਤੂ ਮੇਰਾ ਤਰੰਗੁ ਹਮ ਮੀਨ ਤੁਮਾਰੇ॥

ਤੂ ਮੇਰਾ ਠਾਕੁਰੁ ਹਮ ਤੇਰੈ ਦੁਆਰੈ॥

ਤੂੰ ਮੇਰਾ ਕਰਤਾ ਹਉ ਸੇਵਕੁ ਤੇਰਾ॥

ਸਰਣਿ ਗਹੀ ਪ੍ਰਭ ਗੁਨੀ ਗਹੇਰਾ॥ (389)

ਤੂੰ ਜੀਵਨੁ ਤੂੰ ਪ੍ਰਾਨ ਅਧਾਰਾ॥

ਤੁਝ ਹੀ ਪੇਖਿ ਪੇਖਿ ਮਨੁ ਸਾਧਾਰਾ॥

ਤੂੰ ਸਾਜਨੁ ਤੂੰ ਪ੍ਰੀਤਮੁ ਮੇਰਾ॥

ਚਿਤਹਿ ਨ ਬਿਸਰਹਿ ਕਾਹੂ ਬੇਰਾ॥ (739)

ਰਸਨਾ ਜਪਤੀ ਤੂਹੀ ਤੂਹੀ॥

ਮਾਤ ਗਰਭ ਤੁਮਹੀ ਪ੍ਰਤਿਪਾਲਕ ਮ੍ਰਿਤ ਮੰਡਲ ਇਕ ਤੁਹੀ॥ (1215)

ਭੂਲੇ ਮਾਰਗੁ ਜਿਨਹਿ ਬਤਾਇਆ॥

ਐਸਾ ਗੁਰੁ ਵਡਭਾਗੀ ਪਾਇਆ॥

ਸਿਮਰਿ ਮਨਾ ਰਾਮ ਨਾਮੁ ਚਿਤਾਰੇ॥

ਬਸਿ ਰਹੇ ਹਿਰਦੈ ਗੁਰ ਚਰਨ ਪਿਆਰੇ॥ (803)

ਦੋਸੁ ਨ ਕਾਹੂ ਦੀਜੀਐ ਪ੍ਰਭੁ ਅਪਨਾ ਧਿਆਈਐ॥

ਜਿਤੁ ਸੇਵਿਐ ਸੁਖੁ ਹੋਇ ਘਨਾ ਮਨ ਸੋਈ ਗਾਈਐ॥ (809)

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ॥

ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ॥ (679)

**ਦਰਸ਼ਨ:** ਜਿਸ ਰਚਨਾ ਦੇ ਸ਼ਬਦਾਂ ਦੇ ਅਰਥਾਂ ਵਿਚ ਸਪੱਸ਼ਟਤਾ ਹੋਵੇ ਭਾਵ ਅਰਥ ਆਸਾਨੀ ਨਾਲ ਸਮਝ ਆ ਜਾਣ, ਤਾਂ ਉੱਥੇ ਦਰਸ਼ਨ ਅਰਥ ਕਾਵਿ-ਗੁਣ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਦਰਸ਼ਨ ਗੁਣ ਨਾਲ ਸੰਬੰਧਿਤ ਕਾਵਿ ਪੰਕਤੀਆਂ ਹੇਠ ਲਿਖੇ ਅਨੁਸਾਰ ਹੈ:

ਗੁਰ ਅਪੁਨੇ ਬਲਿਹਾਰੀ॥ ਜਿਨਿ ਪੂਰਨ ਪੈਜ ਸਵਾਰੀ॥

ਮਨ ਚਿੰਦਿਆ ਫਲੁ ਪਾਇਆ॥ ਪ੍ਰਭੁ ਅਪੁਨਾ ਸਦਾ ਧਿਆਇਆ॥ (626)

ਗੁਰੂ ਗੁਰੂ ਗੁਰੁ ਕਰਿ ਮਨ ਮੋਰ॥ ਗੁਰੂ ਬਿਨਾ ਮੈ ਨਾਹੀ ਹੋਰ॥

ਗੁਰ ਕੀ ਟੇਕ ਰਹਹੁ ਦਿਨੁ ਰਾਤਿ॥ ਜਾਕੀ ਕੋਇ ਨ ਮੇਟੈ ਦਾਤਿ॥ (864)

ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ॥

ਰਾਮ ਨਾਮੁ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ॥ (381)

ਸਿਮਰਉ ਨਾਮੁ ਨਿਰੰਜਨ ਕਰਤੇ ਮਨ ਤਨ ਤੇ ਸਭਿ ਕਿਲਵਿਖ ਨਾਸ॥

ਪੂਰਨ ਪਾਰਬ੍ਰਹਮ ਸੁਖ ਦਾਤੇ ਅਬਿਨਾਸੀ ਬਿਮਲ ਜਾਕੋ ਜਾਸ॥ (716)

**ਸ਼ਲੇਸ਼:** ਸ਼ਲੇਸ਼ ਦਾ ਸ਼ਬਦੀ ਅਰਥ ਹੈ ਚਿਪਕਿਆ ਹੋਇਆ। ਜਦੋਂ ਕਿਸੇ ਰਚਨਾ ਵਿਚ ਇਕ ਸ਼ਬਦ ਦੇ ਅਨੇਕ ਅਰਥ ਨਿਕਲਦੇ ਹੋਣ ਭਾਵ ਜਿੱਥੇ ਬਹੁ-ਅਰਥੀ ਅਤੇ ਬਹੁ-ਪਰਤੀ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੋਵੇ, ਤਾਂ ਉੱਥੇ ਸ਼ਲੇਸ਼ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਇਕ ਧਾਰਮਿਕ ਗੁਰੂ ਹੋਣ ਦੇ ਨਾਲ-ਨਾਲ ਇਕ ਉੱਚ ਦਰਜ਼ੇ ਦੇ

ਕਵੀ ਜਾਂ ਲੇਖਕ ਵੀ ਸਨ, ਕਿਉਂਕਿ ਉਨ੍ਹਾਂ ਨੇ ਆਪਣੀ ਬਾਣੀ ਵਿਚ ਅਜਿਹੇ ਬਹੁ-ਪਰਤੀ ਜਾਂ ਬਹੁ-ਅਰਥੀ ਸ਼ਬਦਾਂ ਦੀ ਵਰਤੋਂ ਕੀਤੀ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:

ਗੁਰ ਦਰਸਨਿ ਉਧਰੈ ਸੰਸਾਰਾ॥ (360)

ਉਪਰੋਕਤ ਸਤਰ ਵਿਚ 'ਦਰਸਨਿ' ਸ਼ਬਦ ਦਾ ਅਰਥ 'ਦੇਖਣ' ਤੋਂ ਇਲਾਵਾ 'ਵਿਚਾਰਧਾਰਾ' ਵੀ ਹੈ। ਸ਼ਲੇਸ਼ ਵਿਚ ਬਹੁ-ਅਰਥਕ ਅਤੇ ਬਹੁ-ਪਰਤੀ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨੂੰ ਇਕ ਸੂਝਵਾਨ ਕਵੀ, ਗਿਆਨੀ, ਪਾਠਕ ਅਤੇ ਲੇਖਕ ਹੀ ਸਮਝ ਸਕਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ, ਜਿੰਨ੍ਹਾਂ ਨੂੰ ਹਰ ਵਰਗ ਦੇ ਲੋਕ ਪੜ੍ਹ ਕੇ ਆਪਣੀ ਸਮਝ ਦੇ ਅਨੁਸਾਰ ਢਾਲ ਕੇ ਅਰਥ ਕੱਢ ਸਕਦੇ ਹਨ।

ਸਰਬ ਰੋਗ ਕਾ ਅਉਖਦੁ ਨਾਮੁ॥

ਕਲਿਆਣ ਰੂਪ ਮੰਗਲ ਗੁਣ ਗਾਮ॥ (274)

ਉਪਰੋਕਤ ਕਾਵਿ-ਸਤਰਾਂ ਵਿਚ 'ਰੋਗ' ਸ਼ਬਦ ਦਾ ਮੁਢਲਾ ਅਰਥ ਬਿਮਾਰੀ, ਮਰਜ਼ ਜਾਂ ਕਮੀ ਹੈ, ਪਰੰਤੂ ਇੱਥੇ ਗੁਰੂ ਅਰਜਨ ਦੇਵ ਜੀ ਨੇ 'ਰੋਗ' ਸ਼ਬਦ ਦੀ ਵਰਤੋਂ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਲਈ ਕੀਤੀ ਗਈ ਹੈ ਕਿਉਂਕਿ ਗੁਰੂ ਜੀ ਦੇ ਅਨੁਸਾਰ ਪੰਜ ਵਿਕਾਰਾਂ ਵਿਚ ਗੁਆਚਿਆ ਮਨਮੁਖ ਮਨੁੱਖ ਪਰਮਾਤਮਾ ਦੇ ਨਾਮ-ਸਿਮਰਨ ਤੋਂ ਬਿਨ੍ਹਾਂ ਇਕ ਮਾਨਸਿਕ ਰੋਗੀ ਦੀ ਤਰ੍ਹਾਂ ਜੀਵਨ ਬਤੀਤ ਕਰਦਾ ਹੈ। ਉਪਰੋਕਤ ਕਾਵਿ-ਸਤਰਾਂ ਵਿਚ 'ਅਉਖਦੁ' ਸ਼ਬਦ ਦਾ ਮੁਢਲਾ ਅਰਥ ਔਸ਼ਧੀ ਜਾਂ ਦਵਾਈ ਹੈ, ਪਰੰਤੂ ਇੱਥੇ 'ਅਉਖਦੁ' ਸ਼ਬਦ ਦੀ ਵਰਤੋਂ ਪਰਮਾਤਮਾ ਦੇ ਨਾਮ-ਸਿਮਰਨ ਲਈ ਕੀਤੀ ਗਈ ਹੈ ਕਿਉਂਕਿ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਨਾਲ ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਵਰਗੇ ਸਭ ਮਾਨਸਿਕ ਰੋਗਾਂ ਦਾ ਖਾਤਮਾ ਹੋ ਜਾਂਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਕਲਾਤਮਕ ਅਤੇ ਸ਼ਿਲਪ ਪੱਖ ਨੂੰ ਨਿਵੇਕਲੇ ਢੰਗ ਨਾਲ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਹੈ।

ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ॥

ਆਠ ਪਹਰ ਆਰਾਧੀਐ ਪੂਰਨ ਸਤਿਗੁਰ ਗਿਆਨੁ॥੧॥ ਰਹਾਉ॥ (218)

ਉਪਰੋਕਤ ਕਾਵਿ-ਸਤਰਾਂ ਵਿਚ 'ਦੁਖ ਭੰਜਨੁ ਤੇਰਾ ਨਾਮ ਜੀ' ਕਾਵਿ-ਸਤਰ ਦਾ ਮੁਢਲਾ ਅਰਥ ਇਹ ਹੈ ਕਿ ਪ੍ਰਭੂ ਦਾ ਨਾਮ 'ਦੁਖ ਭੰਜਨ' ਹੈ ਭਾਵ ਪਰਮਾਤਮਾ ਦਾ ਨਾਮ ਸੰਸਾਰਿਕ ਅਤੇ ਮਾਨਸਿਕ ਦੁੱਖਾਂ ਨੂੰ ਦੂਰ ਕਰਦਾ ਹੈ ਪਰੰਤੂ ਜੇਕਰ ਇਨ੍ਹਾਂ ਸ਼ਬਦਾਂ ਨੂੰ ਕਲਾਤਮਕ ਸੂਝ ਰਾਹੀਂ ਸਮਝੀਏ ਤਾਂ ਸਹਿਜੇ ਹੀ ਪ੍ਰਤੀਤ ਹੋ ਜਾਂਦਾ ਹੈ ਕਿ ਜਿਹੜਾ ਵਿਅਕਤੀ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹੈ ਤਾਂ ਉਸ ਦੇ ਅੰਦਰ ਦੀ ਮੋਹ-ਮਾਇਆ ਅਤੇ ਸੰਸਾਰਿਕ ਸੁਖਾਂ ਦੀ ਲਾਲਸਾ ਖ਼ਤਮ ਹੋਣ ਨਾਲ ਸਭ ਦੁਖ ਕੱਟੇ ਜਾਂਦੇ ਹਨ। 'ਆਠ ਪਹਰ ਆਰਾਧੀਐ' ਕਾਵਿ-ਸਤਰ ਦਾ ਮੁਢਲਾ ਅਰਥ ਹਰ ਸਮੇਂ ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ ਹੈ ਜੋ ਕਿ ਕਿਸੇ ਵੀ ਵਿਅਕਤੀ ਲਈ ਸੰਭਵ ਨਹੀਂ ਹੈ। ਜੇਕਰ ਇਸ ਕਾਵਿ-ਸਤਰ ਵਿਚਲੇ ਸ਼ਬਦਾਂ ਨੂੰ ਕਵੀ ਦੀ ਦ੍ਰਿਸ਼ਟੀ ਤੋਂ ਸਮਝੀਏ ਤਾਂ ਸਹਿਜੇ ਹੀ ਇਹ ਅੰਦਾਜਾ ਲੱਗ ਜਾਂਦਾ ਹੈ ਕਿ 'ਆਠ ਪਹਰ ਆਰਾਧੀਐ' ਕਾਵਿ-ਸਤਰ ਦਾ ਦੂਸਰਾ ਅਰਥ ਸੰਸਾਰਿਕ ਕੰਮਾਂ ਦੇ ਨਾਲ-ਨਾਲ ਉਸ ਪਰਮਾਤਮਾ ਦੀ ਮਹਿਮਾ ਦਾ ਗੁਣਗਾਨ ਜਾਂ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਅਸੀਂ ਇਸ ਸਿੱਟੇ 'ਤੇ ਪਹੁੰਚਦੇ ਹਾਂ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਇੱਕ ਉੱਤਮ-ਸ਼ੈਲੀਕਾਰ ਸਨ, ਕਿਉਂਕਿ ਉਨ੍ਹਾਂ ਦੀ ਗੁਰਬਾਣੀ ਵਿਚ ਸਹਿਜ, ਸੰਜਮ, ਠਰ੍ਹੰਮਾਂ, ਡੂੰਘਾਈ, ਸੰਕੋਚ, ਸਰਲਤਾ, ਨਾਟਕੀਪਨ, ਸੂਤਰਬੱਧਤਾ, ਸਪੱਸ਼ਟਤਾ, ਸੰਗੀਤਾਤਮਕਤਾ ਆਦਿ ਗੁਣ ਦ੍ਰਿਸ਼ਟਮਾਨ ਹਨ। ਗੁਰੂ ਜੀ ਦੀ ਸ਼ੈਲੀ ਵਿਚ ਬੁੱਧੀ, ਭਾਵ ਅਤੇ ਸੁਹਜ ਦਾ ਸੰਤੁਲਨ ਮਿਲਦਾ ਹੈ, ਕਿਉਂਕਿ ਗੁਰੂ ਜੀ ਨੇ ਅਧਿਆਤਮਕ ਜਾਂ ਰਹੱਸਵਾਦੀ ਵਿਚਾਰ ਨੂੰ ਭਾਵੁਕਤਾ ਦੀ ਥਾਂ ਸੋਚੇ-ਸਮਝੇ ਢੰਗ ਨਾਲ ਬਹੁਤ ਹੀ ਸੁਚੱਜੀ ਸ਼ੈਲੀ ਰਾਹੀਂ ਪ੍ਰਸਤੁਤ ਕੀਤਾ ਹੈ। ਗੁਰੂ ਅਰਜਨ ਜੀ ਦੇ ਸਿਰਜਨ-ਕ੍ਰਮ ਵਿਚ ਵਿਸ਼ੇ ਅਤੇ ਰੂਪ ਪੱਖੋਂ ਵਿਸ਼ਾਲ ਵੰਨ-ਸੁਵੰਨਤਾ ਹੈ ਅਤੇ ਗੁਰੂ ਅਰਜਨ-ਬਾਣੀ ਵਿਚ ਸ਼ਬਦਾਂ ਦਾ ਦੁਹਰਾਉ, ਸਰਲਤਾ, ਰਾਗਬੱਧਤਾ, ਵਿਅੰਗਾਤਮਕ, ਸੰਜਮ ਅਤੇ ਸਹਿਜ, ਨਵੇਂ ਅਤੇ ਸ੍ਰੇਸ਼ਟ ਭਾਵ ਚਿੱਤਰ ਰਚਣ ਦੀ ਯੋਗਤਾ ਆਦਿ ਸ਼ੈਲੀ-ਗੁਣ

ਪਾਏ ਜਾਂਦੇ ਹਨ। ਗੁਰੂ ਜੀ ਦੀ ਬਾਣੀ ਦੀ ਕਥਨ-ਵਿਧੀ ਗ੍ਰਾਮੀਣ ਭਾਵ ਪੇਂਡੂ ਨਹੀਂ, ਸਗੋਂ ਸ਼ਹਿਰੀ ਹੈ। ਗੁਰੂ ਜੀ ਨੇ ਆਪਣੀ ਗੁਰਬਾਣੀ ਰਾਹੀਂ ਕਿਸੇ ਅਸਭਯ ਜਾਂ ਚਰਿੱਤਰਹੀਣ ਵਿਅਕਤੀ ਦਾ ਨਹੀਂ ਸਗੋਂ ਸਭਯ ਅਤੇ ਆਦਰਸ਼ਕ ਵਿਅਕਤੀ ਦਾ ਚਰਿੱਤਰ ਉਭਾਰਨ ਦਾ ਨਿਵੇਕਲਾ ਯਤਨ ਜਾਂ ਉਪਰਾਲਾ ਕੀਤਾ ਹੈ। ਗੁਰੂ ਜੀ ਦੀ ਸੰਪੂਰਨ ਬਾਣੀ ਹਰੇਕ ਪਾਠਕ ਜਾਂ ਮਾਨਵ ਨੂੰ ਗਲਤ ਰਸਤੇ ਵਲੋਂ ਮੋੜ ਕੇ ਇਕ ਆਦਰਸ਼ਕ ਅਤੇ ਵਧੀਆ ਮਨੁੱਖ ਬਣਾਉਣ ਦੀ ਸਮਰਥਕ ਹੈ। ਜਿਵੇਂ:

ਆਇਆ ਸਫਲ ਤਾਹੂ ਕੋ ਗਨੀਐ॥

ਜਾਸੁ ਰਸਨ ਹਰਿ ਹਰਿ ਜਸੁ ਭਨੀਐ॥

ਆਇ ਬਸਹਿ ਸਾਧੂ ਕੈ ਸੰਗੇ॥

ਅਨਦਿਨੁ ਨਾਮੁ ਧਿਆਵਹਿ ਰੰਗੇ॥ (252)

ਉਪਰੋਕਤ ਕਾਵਿ ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਆਮ ਮਨੁੱਖ ਨੂੰ ਦੱਸਦੇ ਹਨ ਕਿ ਇਸ ਸੰਸਾਰ ਵਿਚ ਕੇਵਲ ਉਸੇ ਮਨੁੱਖ ਦਾ ਆਉਣਾ ਸਫਲ ਮੰਨਿਆ ਜਾਂਦਾ ਹੈ, ਜੋ ਹਰ ਵੇਲੇ ਉਸ ਪਰਮਾਤਮਾ ਦੀ ਸਿਫ਼ਤ-ਸਾਲਾਹ ਕਰਦਾ ਹੈ, ਸਾਦੂ-ਸੰਤਾਂ ਦੀ ਸੰਗਤ ਵਿਚ ਟਿਕ ਕੇ ਬੈਠਦਾ ਹੈ ਅਤੇ ਹਰ ਵੇਲੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹੈ। ਜਦੋਂ ਕਿਧਰੇ ਗੁਰੂ ਅਰਜਨ ਦੇਵ ਜੀ ਇਹ ਅਨੁਭਵ ਕਰਦੇ ਹਨ ਕਿ ਕੋਈ ਵਿਅਕਤੀ ਸੰਸਾਰਿਕ ਮੋਹ-ਮਾਇਆ ਵਿਚ ਫਸ ਗਿਆ ਹੈ ਤਾਂ ਉਸਨੂੰ ਸਮਝਾਉਣ ਅਤੇ ਠੀਕ ਮਾਰਗ ਉੱਤੇ ਪਾਉਣ ਲਈ ਦਲੀਲਯੁਕਤ ਸ਼ੈਲੀ ਦੀ ਵਰਤੋਂ ਵੀ ਕੀਤੀ ਹੈ। ਜਿਵੇਂ:

ਲਲਾ ਲਪਟਿ ਬਿਖੈ ਰਸ ਰਾਤੈ॥

ਅਹੰਬੁਧਿ ਮਾਇਆ ਮਦ ਮਾਤੇ॥

ਇਆ ਮਾਇਆ ਮਹਿ ਜਨਮਹਿ ਮਰਨਾ॥

ਜਿਉ ਜਿਉ ਹੁਕਮੁ ਤਿਵੈ ਤਿਉ ਕਰਨਾ॥ (252)

ਉਪਰੋਕਤ ਕਾਵਿ-ਤੁਕਾਂ ਰਾਹੀਂ ਗੁਰੂ ਅਰਜਨ ਦੇਵ ਜੀ ਦਲੀਲਯੁਕਤ ਸ਼ੈਲੀ ਰਾਹੀਂ ਸਮਝਾਉਂਦੇ ਹਨ ਕਿ ਜਿਹੜੇ ਮਨੁੱਖ ਮੋਹ-ਮਾਇਆ ਦੇ ਨਸ਼ੇ ਵਿਚ ਮਸਤ ਰਹਿੰਦੇ ਹਨ, ਉਨ੍ਹਾਂ ਦੀ ਬੁੱਧੀ ਉੱਤੇ ਹਉਮੈ ਦਾ ਪਰਦਾ ਪੈ ਜਾਂਦਾ ਹੈ ਅਤੇ ਉਹ ਜਨਮ-ਮਰਨ ਦੇ ਚੱਕਰ ਵਿਚ ਫਸੇ ਰਹਿੰਦੇ ਹਨ। ਗੁਰੂ ਜੀ ਦੀ ਮਹਾਨ ਸ਼ਖ਼ਸੀਅਤ ਦਾ ਹੀ ਪ੍ਰਭਾਵ ਹੈ ਕਿ ਦੁਨਿਆਵੀ ਜਾਂ ਲੌਕਿਕ ਅਨੁਭਵ ਦਾ ਬੋਧ ਕਰਾਉਣ ਵਾਲੇ ਸ਼ਬਦ ਅਲੌਕਿਕ ਜਾਂ ਪਰਮਾਰਥਕ ਜਗਤ ਨੂੰ ਵੀ ਰੂਪਮਾਨ ਕਰਨ ਦੇ ਸਮਰੱਥ ਹਨ। "ਸ਼ੈਲੀ ਹੀ ਸ਼ਖ਼ਸੀਅਤ" ਵਾਲੀ ਸਤਰ ਗੁਰੂ ਅਰਜਨ ਦੇਵ ਜੀ ਦੀ ਸਿਰਜਨਾਤਮਕ, ਰਚਨਾਤਮਕ ਅਤੇ ਵਿਲੱਖਣ ਪ੍ਰਤਿਭਾ ਉੱਤੇ ਪੂਰੀ-ਪੂਰੀ ਢੁਕਦੀ ਹੈ। ਅਰਜਨ ਬਾਣੀ ਦੀ ਵਾਕ-ਬਣਤਰ ਵਿਚ ਸ਼ਬਦ ਇਕ ਦੂਸਰੇ ਨਾਲ ਇਸ ਕਦਰ ਜੁੜੇ ਹੋਏ ਹਨ ਕਿ ਇਹ ਸੋਚਿਆ ਵੀ ਨਹੀਂ ਜਾ ਸਕਦਾ ਕਿ ਕਿਸੇ ਇਕ ਵੀ ਸ਼ਬਦ ਵਿਸ਼ੇਸ਼ ਦੀ ਥਾਂ ਕਿਸੇ ਹੋਰ ਸ਼ਬਦ ਦਾ ਪ੍ਰਯੋਗ ਕੀਤਾ ਜਾ ਸਕਦਾ ਸੀ। ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀ ਹਰ ਇਕ ਸਤਰ ਜਾਂ ਤੁਕ ਆਪਣੀ ਬੁੱਕਲ ਵਿਚ ਵਿਸ਼ਵ ਦੀ ਮਹਾਨ ਅਤੇ ਅਟੱਲ ਹਕੀਕਤ ਸਾਂਭੀ ਬੈਠੀ ਹੈ। ਦੀਵਾਨ ਸਿੰਘ ਦੇ ਅਨੁਸਾਰ, "ਗੁਰੂ ਸਾਹਿਬ ਦੀ ਸ਼ੈਲੀ ਨਿਖੇੜਵੀਂ, ਵਿਸ਼ਲੇਸ਼ਣਮਈ, ਵਿਆਖਿਆ ਭਰਪੂਰ ਅਤੇ ਵਿਸਥਾਰਮਈ ਹੈ। ਇਕ ਖਾਸ ਵਿਸ਼ੇ ਨੂੰ ਪੂਰੀ ਤਰ੍ਹਾਂ ਬਿਆਨ ਕਰਨ ਦਾ ਯਤਨ ਇਸ ਢੰਗ ਨਾਲ ਕੀਤਾ ਹੈ ਕਿ ਵਿਸ਼ੇ ਦੇ ਸਾਰੇ ਪੱਖ ਰੌਸ਼ਨ ਹੋ ਜਾਣ।" (ਡਾ. ਲਾਲ ਪਾਲ, ***ਗੁਰੂ ਅਰਜਨ ਦੇਵ ਜੀਵਨ ਤੇ ਬਾਣੀ*** 164)

ਸੀਤਾ ਰਾਮ ਬਾਹਰੀ ਦੇ ਅਨੁਸਾਰ, "ਗੁਰੂ ਅਰਜਨ ਦੇਵ ਜੀ ਦੇ ਵਿਸ਼ਾਲ ਜੀਵਨ ਅਨੁਭਵ ਅਤੇ ਵਿਲੱਖਣ ਕਾਵਿ ਰਚਨਾ ਨੇ ਉਨ੍ਹਾਂ ਦੀ ਬਾਣੀ ਨੂੰ ਕਿਤੇ ਕਿਤੇ ਸੰਖੇਪ ਸ਼ੈਲੀ ਅਤੇ ਸੇਭਾਵਕ ਅਲੰਕਾਰਾਂ ਦੇ ਸੋਹਜ ਕਰਕੇ ਅਖਾਣ ਬਣਾ ਦਿੱਤਾ ਹੈ। ਇਨ੍ਹਾਂ ਅਖਾਣਾਂ ਵਿਚ ਜੀਵਨ ਫਿਲਾਸਫ਼ੀ ਅਤੇ ਲੋਕ-ਰੁੱਚੀ ਦੀ ਝਲਕ ਦੇਖਣ ਨੰ੍ਹੀ ਮਿਲਦੀ ਹੈ। ਡੂੰਘੇ ਵਿਚਾਰਾਂ ਦੇ ਪ੍ਰਗਟਾਉ ਲਈ ਅਕਬਰ-ਕਾਲੀ ਪੰਜਾਬੀ ਬੋਲੀ ਦੀ ਸ਼ਕਤੀ ਦਾ ਅਨੁਮਾਨ ਵੀ ਇਨ੍ਹਾਂ ਅਖਾਣਾਂ ਤੋਂ ਲਾਇਆ ਜਾ ਸਕਦਾ ਹੈ।" (ਡਾ. ਲਾਲ ਪਾਲ, ਗੁਰੂ ਅਰਜਨ ਦੇਵ ਜੀਵਨ ਤੇ ਬਾਣੀ 164)

ਜਿਵੇਂ:

ਅੰਦਰਹੁ ਅੰਨਾ ਬਾਹਰਹੁ ਅੰਨਾ ਕੂੜੀ ਕੂੜੀ ਗਾਵੈ॥ (960)

ਰਤਨੁ ਤਿਆਗਿ ਕਉਡੀ ਸੰਗਿ ਰਚੈ॥ (266)

ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ॥ (706)

ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਇਤਨੀ ਸਰਲਤਾ, ਸਪੱਸ਼ਟਤਾ ਅਤੇ ਸਾਦਗੀ ਹੈ ਕਿ ਸਾਧਾਰਨ ਮਨੁੱਖ ਵੀ ਇਸ ਨੂੰ ਆਸਾਨੀ ਨਾਲ ਸਮਝ ਸਕਦਾ ਹੈ। ਗੁਰੂ ਜੀ ਨੇ ਵਿਸ਼ੇ ਦੇ ਅਨੁਸਾਰ ਭਾਸ਼ਾ ਅਤੇ ਸ਼ੈਲੀ ਦੀ ਵਰਤੋਂ ਕੀਤੀ ਹੈ। ਗੁਰੂ ਜੀ ਨੇ ਕਿਤੇ ਵੀ ਆਪਣੀ ਵਿਦਵਤਾ ਦਰਸਾਉਣ ਦਾ ਯਤਨ ਨਹੀਂ ਕੀਤਾ ਸਗੋਂ ਨਿਮਰਤਾ, ਸਹਿਜਤਾ ਅਤੇ ਸੰਖੇਪਤਾ ਨਾਲ ਵਿਚਾਰ ਸਰਲ ਭਾਸ਼ਾ ਵਿਚ ਪ੍ਰਸਤੁਤ ਕੀਤੇ ਹਨ। ਗੁਰੂ ਜੀ ਨੇ ਦੋ-ਦੋ ,ਤਿੰਨ-ਤਿੰਨ ਸ਼ਬਦਾਂ ਦੇ ਜੋੜ ਨਾਲ ਅਜਿਹੇ ਰੇਖਾ ਚਿਤਰ ਖਿੱਚ ਦਿੱਤੇ ਹਨ ਕਿ ਸਾਢੇ ਤਿੰਨ ਸੌ ਸਾਲ ਪਹਿਲਾਂ ਖਿੱਚੇ ਇਨ੍ਹਾਂ ਭਾਵ ਚਿੱਤਰਾਂ ਦਾ ਰੰਗ ਰੂਪ ਅੱਜ ਵੀ ਸੱਜਰਾ ਹੀ ਲੱਗਦਾ ਹੈ। ਕਾਵਿ-ਕਲਾ ਅਤੇ ਸ਼ਬਦ-ਚੋਣ ਵਿਚ ਗੁਰੂ ਅਰਜਨ ਦੇਵ ਜੀ ਕਿਤਨੇ ਨਿਪੁੰਨ ਸਨ ,ਇਸ ਦਾ ਅਨੁਮਾਨ ਲਾਉਣ ਲਈ ਹੇਠ ਲਿਖੀਆਂ ਗੱਲਾਂ ਤੋਂ ਲਗਾਇਆ ਜਾ ਸਕਦਾ ਹੈ:

ਸੁਖਮਨੀ : ਸੁਖਾਂ ਦੀ ਮਣੀ।

ਗਿਆਨ ਅੰਜਨ : ਨਵੀਂ ਜੀਵਨ ਫਿਲਾਸਫ਼ੀ।

ਅਗਨ-ਸੰਸਾਰ : ਇਹ ਸੰਸਾਰ ਭਵ ਸਾਗਰ ਹੈ।

ਸ਼ਬਦਾਂ ਦੇ ਦੁਹਰਾਓ ਨਾਲ ਰਚਨਾ ਵਿਚ ਰਵਾਨਗੀ, ਤੀਬਰਤਾ ਤੇ ਪ੍ਰੇਰਨਾ ਦੀ ਉਤਪਤੀ ਹੁੰਦੀ ਹੈ, ਜੋ ਕਿ ਰਚਨਾ ਦੀ ਗਾਇਨ ਸ਼ੈਲੀ ਬੜੀ ਸਾਰਥਿਕ ਸਥਾਪਿਤ ਹੁੰਦੀ ਹੈ। ਗੁਰੂ ਜੀ ਨੇ ਸ਼ਬਦਾਂ ਦੁਹਰਾਓ ਨਾਲ ਬਾਣੀ ਵਿਚ ਰਵਾਨਗੀ, ਤੀਬਰਤਾ, ਪ੍ਰੇਰਨਾ ਅਤੇ ਗਾਇਨ ਸ਼ੈਲੀ ਨੂੰ ਪੈਦਾ ਕਰਨ ਦਾ ਨਿਵੇਕਲਾ ਉਪਰਾਲਾ

ਕੀਤਾ ਹੈ। ਮਧੁਰਤਾ ਨਾਲ ਰਚਨਾ ਆਪਣੇ ਵਿਸ਼ੇ ਨੂੰ ਬੜੀ ਕੋਮਲਤਾ ਨਾਲ ਸੰਚਾਰ ਕਰਨ ਦੇ ਕਾਬਿਲ ਬਣਦੀ ਹੈ। ਗੁਰੂ ਜੀ ਨੇ ਮਧੁਰਤਾ ਦੇ ਰਾਹੀਂ ਪਾਠਕਾਂ ਵਿਚ ਉਹ ਅਨੁਭੂਤੀ ਪੈਦਾ ਕਰਨ ਦਾ ਉਪਰਾਲਾ ਕੀਤਾ ਹੈ ਜੋ ਅਨੁਭੂਤੀ ਗੁਰੂ ਜੀ ਦੇ ਅੰਦਰ ਉਸ ਸਮੇਂ ਪੈਦਾ ਹੋਈ ਸੀ। ਕੀਰਤਨ ਦੀ ਪਰੰਪਰਾ ਜਾਂ ਗਾਇਨ ਸ਼ੈਲੀ ਪੁਰਾਤਨ ਸਮੇਂ ਤੋਂ ਚਲਦੀ ਆ ਰਹੀ ਹੈ, ਗੁਰੂ ਜੀ ਨੇ ਤੀਹ ਰਾਗਾਂ ਦੀ ਵਰਤੋਂ ਕਰਦੇ ਹੋਏ ਪੁਰਾਤਨ ਪਰੰਪਰਾ ਨੂੰ ਕਾਇਮ ਰੱਖਿਆ ਹੈ। ਵਿਅੰਗ ਜਾਂ ਕਟਾਕਸ਼ ਰਚਨਾ ਨੂੰ ਹਰਮਨ ਪਿਆਰੀ ਬਣਾਉਂਦੇ ਹਨ। ਗੁਰੂ ਜੀ ਨੇ ਆਮ ਪਾਠਕਾਂ ਨੂੰ ਸਿੱਧੇ ਰਸਤੇ 'ਤੇ ਪਾਉਣ ਲਈ ਅਤੇ ਪੰਜ ਵਿਕਾਰਾਂ ਤੋਂ ਸੁਚੇਤ ਰਹਿਣ ਲਈ ਅਤੇ ਸਵੈ-ਪੜਚੋਲ (Self-Assessment) ਲਈ ਸੂਖਮ ਵਿਅੰਗਾਂ ਦੀ ਵਰਤੋਂ ਕੀਤੀ ਹੈ।

# ਅਧਿਆਇ ਛੇਵਾਂ

## 6. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ: ਵਕ੍ਰੋਕਤੀ ਅਤੇ ਔਚਿਤਯ ਸੰਪਰਦਾਇ

6.1. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਵਕ੍ਰੋਕਤੀ ਦਾ ਨਿਰੂਪਣ

6.2. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਔਚਿਤਯ ਦਾ ਨਿਰੂਪਣ

## ਅਧਿਆਇ ਛੇਵਾਂ

## ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ: ਵਕ੍ਰੋਕਤੀ ਅਤੇ ਔਚਿਤਯ ਸੰਪਰਦਾਇ

ਇਸ ਖੋਜ ਕਾਰਜ ਦਾ ਵਿਸ਼ਾ ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਅਧਿਐਨ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚਲੀ ਕਲਾਤਮਕ ਵਿਲੱਖਣਤਾ (ਕਲਾ ਪੱਖ ਜਾਂ ਕਲਾ-ਜੁਗਤ) ਨੂੰ ਉਜਾਗਰ ਕਰਨ ਲਈ ਅਧਿਆਇ ਦੂਜੇ ਵਿਚ ਰਸ ਸਿਧਾਂਤ, ਅਧਿਆਇ ਤੀਜੇ ਵਿਚ ਧੁਨੀ ਸਿਧਾਂਤ, ਅਧਿਆਇ ਚੌਥੇ ਵਿਚ ਅਲੰਕਾਰ ਸਿਧਾਂਤ ਅਤੇ ਅਧਿਆਇ ਪੰਜਵੇਂ ਵਿਚ ਰੀਤੀ ਸਿਧਾਂਤ ਨੂੰ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਸੰਦਰਭ ਵਿਚ ਵਿਚਾਰਨ ਦਾ ਇਕ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ। ਉਸੇ ਕੜੀ ਦੇ ਸੰਦਰਭ ਵਿਚ ਅਸੀਂ ਇਸ ਅਧਿਆਇ ਵਿਚ ਵਕ੍ਰੋਕਤੀ ਸਿਧਾਂਤ ਅਤੇ ਔਚਿਤਯ ਸਿਧਾਂਤ ਦੇ ਵੱਖ-ਵੱਖ ਪੱਖਾਂ ਦਾ ਵਿਸ਼ਲੇਸ਼ਣ ਕਰਦੇ ਹੋਇਆਂ ਇਸ ਦੇ ਭਾਵ, ਪ੍ਰਭਾਵ ਅਤੇ ਮਹੱਤਵ ਨੂੰ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਸੰਦਰਭ ਵਿਚ ਵਿਚਾਰਨ ਦਾ ਇਕ ਉਪਰਾਲਾ ਜਾਂ ਯਤਨ ਹੈ। ਇਸ ਅਧਿਆਇ ਦਾ ਮੁੱਖ ਉਦੇਸ਼ ਕੇਵਲ ਇਹ ਸਿੱਧ ਕਰਨਾ ਹੈ ਕਿ ਇੱਕ ਉੱਚ-ਕੋਟੀ ਦੇ ਸਾਹਿਤਕਾਰ ਜਾਂ ਗੁਰੂ-ਕਵੀ ਦੇ ਰੂਪ ਵਿਚ ਗੁਰੂ ਅਰਜਨ ਦੇਵ ਜੀ ਨੇ ਹਰ ਇਕ ਭਾਵ ਨੂੰ ਪ੍ਰਗਟ ਕਰਨ ਲਈ, ਸਪੱਸ਼ਟ ਕਰਨ ਲਈ, ਗੁਰਬਾਣੀ ਵਿਚਲੇ ਵਿਸ਼ੇ ਨੂੰ ਵਧੇਰੇ ਗ੍ਰਹਿਣਯੋਗ, ਪ੍ਰਭਾਵਸ਼ਾਲੀ ਬਣਾਉਣ ਲਈ ਆਪਣੇ ਭਾਵਾਂ ਦਾ ਸਰਲ ਤਰੀਕੇ ਨਾਲ ਪਾਠਕਾਂ ਤੱਕ ਸੰਚਾਰ ਕਰਨ ਲਈ ਵਕ੍ਰੋਕਤੀ ਅਤੇ ਔਚਿਤਯ ਦੀ ਵਰਤੋਂ ਕਿਸ ਪੱਧਰ ਤੱਕ ਕੀਤੀ ਹੈ?

ਜਦੋਂ ਕਵੀ ਜਾਂ ਸਾਹਿਤਕਾਰ ਕਿਸੇ ਵੀ ਕਵਿਤਾ ਜਾਂ ਕਾਵਿ-ਰਚਨਾ ਨੂੰ ਸਿਰਜਦਾ ਹੈ ਤਾਂ ਉਸ ਦਾ ਮਾਧਿਅਮ ਭਾਸ਼ਾ ਜਾਂ ਬੋਲੀ ਹੁੰਦੀ ਹੈ। ਇਹ ਭਾਸ਼ਾ ਆਮ ਲੋਕਾਂ ਦੁਆਰਾ ਬੋਲੀ ਜਾਂਦੀ ਸਾਧਾਰਨ ਭਾਸ਼ਾ ਹੀ ਹੁੰਦੀ ਹੈ, ਪਰ ਕਵੀ ਦੁਆਰਾ ਕਲਮਬੱਧ ਜਾਂ ਸਿਰਜੀ ਕਵਿਤਾ ਵਿਚ ਇਹ ਆਮ ਭਾਸ਼ਾ ਕੁਝ ਅਨੋਖਾ ਜਾਂ ਵਿਲੱਖਣ ਪ੍ਰਭਾਵ ਜ਼ਰੂਰ ਪੈਦਾ ਕਰਦੀ ਹੈ। ਹਰ ਇਕ ਕਵੀ ਕੋਲ ਇਕ ਅਜਿਹੀ ਵਿਲੱਖਣ ਕਲਾਤਮਕ ਸ਼ਕਤੀ ਹੁੰਦੀ ਹੈ ਜਿਸ ਦੀ ਵਰਤੋਂ ਨਾਲ ਆਮ ਸ਼ਬਦ ਜਾਂ ਵਾਕ ਨਿਵੇਕਲੇ ਅਰਥ ਜਾਂ ਰਮਜ਼ਾਂ ਪੈਦਾ ਕਰਨ ਦੇ

ਸਮਰਥ ਜਾਂ ਯੋਗ ਹੋ ਜਾਂਦੇ ਹਨ। ਕਵੀ ਜਾਂ ਸਾਹਿਤਕਾਰ ਆਪਣੀ ਕਵਿਤਾ ਵਿਚ ਅਜਿਹੇ ਸ਼ਬਦਾਂ, ਮੁਹਾਵਰਿਆਂ ਤੇ ਵਾਕਾਂ ਦੀ ਵਰਤੋਂ ਕਰਦਾ ਹੈ ਕਿ ਆਮ ਭਾਸ਼ਾ ਵਿਚੋਂ ਵੀ ਅਨੋਖੀਆਂ ਅਰਥ-ਗੂੰਜਾਂ ਫੁੱਟਣ ਲੱਗਦੀਆਂ ਹਨ। ਕਵੀ ਜਾਂ ਲੇਖਕ ਕਵਿਤਾ ਦਾ ਨਿਰਮਾਣ ਕਰਦੇ ਸਮੇਂ ਸ਼ਬਦ ਜਾਂ ਵਾਕ ਪ੍ਰਬੰਧ ਵਿਚ ਅਜਿਹੀ ਕਲਾ-ਜੁਗਤ ਜੜ ਦਿੰਦਾ ਹੈ ਕਿ ਉਸ ਕਵਿਤਾ ਵਿਚੋਂ ਕੋਈ ਅਨੋਖਾ ਚਮਤਕਾਰ ਅਤੇ ਹੈਰਾਨੀ ਜਨਕ ਝਲਕ ਦਿਖਾਈ ਦੇਣ ਲੱਗ ਪੈਦੀ ਹੈ। ਇਸ ਅਨੋਖੇ ਚਮਤਕਾਰ ਦਾ ਕਾਰਣ ਇਹ ਹੈ ਕਿ ਕਵੀ ਕਵਿਤਾ ਨੂੰ ਸਿਰਜਦੇ ਸਮੇਂ ਇਕ ਵੱਖਰੀ ਸ਼ਬਦ-ਵਿਉਂਤ ਜਾਂ ਵਾਕ-ਵਿਉਂਤ ਦੀ ਵਰਤੋਂ ਕਰਦਾ ਹੈ ਜਿਸ ਦੁਆਰਾ ਉਹ ਕੋਈ ਨਵਾਂ ਵਿਅੰਗ, ਅੰਦਾਜ਼ ਜਾਂ ਸੰਦਰਭ ਪੈਦਾ ਕਰ ਸਕੇ। ਕਵਿਤਾ ਵਿਚਲੇ ਅਜਿਹੇ ਨਵੇਂ ਵਿਅੰਗ, ਸੰਦਰਭ ਜਾਂ ਅੰਦਾਜ਼ ਨੂੰ ਭਾਰਤੀ ਕਾਵਿ-ਸ਼ਾਸਤਰ ਵਿਚ ਆਚਾਰੀਆਂ ਕੁੰਤਕ ਨੇ ਵਕ੍ਰੋਕਤੀ ਦਾ ਨਾਂ ਦਿੱਤਾ ਹੈ।

**6.1. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਵਕ੍ਰੋਕਤੀ ਦਾ ਨਿਰੂਪਣ:** ਭਾਰਤੀ ਕਾਵਿ-ਸ਼ਾਸਤਰ ਵਿਚ ਵਕ੍ਰੋਕਤੀ ਸਿਧਾਂਤ ਇਕ ਮਹੱਤਵਪੂਰਨ ਅਤੇ ਮੌਲਿਕ ਸਮੀਖਿਆ ਪ੍ਰਣਾਲੀ ਹੈ, ਜਿਸ ਦਾ ਆਰੰਭ ਆਚਾਰੀਆ ਕੁੰਤਕ ਤੋਂ ਮੰਨਿਆਂ ਜਾਂਦਾ ਹੈ। ਆਚਾਰੀਆਂ ਕੁੰਤਕ ਨੇ ਆਪਣੀ ਪੁਸਤਕ 'ਵਕ੍ਰੋਕਤੀ ਜੀਵਿਤਾ' ਵਿਚ ਵਕ੍ਰੋਕਤੀ ਨੂੰ ਹੀ ਕਾਵਿ ਦੀ ਆਤਮਾ ਕਿਹਾ ਹੈ। 'ਵਕ੍ਰੋਕਤੀ' ਸ਼ਬਦ ਦੋ ਸ਼ਬਦਾਂ 'ਵਕ੍ਰ+ਉਕਤੀ' ਤੋਂ ਬਣਿਆ ਹੈ , ਜਿਸ ਦਾ ਅਰਥ ਹੈ ਟੇਡਾ ਕਥਨ ਭਾਵ ਵਕ੍ਰੋਕਤੀ ਕਵੀ ਜਾਂ ਸਾਹਿਤਕਾਰ ਕੋਲ ਇਕ ਅਜਿਹੀ ਸ਼ਕਤੀ ਹੁੰਦੀ ਹੈ ਜਿਸ ਦੀ ਵਰਤੋਂ ਦੇ ਨਾਲ ਸਾਧਾਰਨ ਕਥਨ ਵੀ ਸੁੰਦਰ ਅਤੇ ਚਮਤਕਾਰ ਦਿਖਾਈ ਦੇਣ ਲੱਗ ਪੈਂਦਾ ਹੈ। ਭਾਰਤੀ ਕਾਵਿ-ਸ਼ਾਸਤਰ ਵਿਚ ਵਕ੍ਰੋਕਤੀ ਸਿਧਾਂਤ ਦੀ ਵਰਤੋਂ ਕੁੰਤਕ ਤੋਂ ਪਹਿਲਾਂ ਵੀ ਦੇਖਣ ਨੂੰ ਮਿਲਦੀ ਹੈ। ਅਥਰਵ ਵੇਦ ਵਿਚ 'ਵਕ੍ਰ' ਸ਼ਬਦ ਦੀ ਵਰਤੋਂ 'ਟੇਡਾ' ਜਾਂ 'ਕੁਟਿਲ' ਅਰਥ ਵਿਚ ਹੋਈ ਹੈ। ਕਾਲੀਦਾਸ ਨੇ 'ਮੇਘਦੂਤ' ਵਿਚ 'ਵਕ੍ਰ' ਸ਼ਬਦ ਦੀ ਵਰਤੋਂ 'ਟੇਡਾ' ਅਰਥ ਲਈ ਦੇਖਣ ਨੂੰ ਮਿਲਦੀ ਹੈ। ਬਾਣ ਭੱਟ ਨੇ ਵਕ੍ਰੋਕਤੀ ਸ਼ਬਦ ਦੀ ਵਰਤੋਂ ਪਰਿਹਾਸ ਜਲਪਿਤ, ਕ੍ਰੀੜਾਲਾਪ, ਵਾਲ-ਛਲ ਆਦਿ ਅਰਥਾਂ ਵਿਚ ਕੀਤੀ ਹੈ।

ਭਾਰਤੀ ਕਾਵਿ-ਸ਼ਾਸਤਰ ਦੇ ਪੱਖ ਤੋਂ ਵਕ੍ਰੋਕਤੀ ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਭਾਮਹ ਨੇ ਕੀਤੀ ਹੈ। ਆਚਾਰੀਆ ਭਾਮਹ ਨੇ ਕਾਵਿ ਵਿਚ ਸ਼ਬਦਾਂ ਅਤੇ ਅਰਥਾਂ ਦੀ ਅਲੋਕਿਕਤਾ ਅਤੇ ਵਿਚਿੱਤਰਤਾ ਨੂੰ

ਵਕ੍ਰੋਕਤੀ ਮੰਨਿਆ ਹੈ। ਭਾਮਹ ਨੇ ਮੰਨਿਆ ਹੈ ਕਿ ਵਕ੍ਰੋਕਤੀ ਤੋਂ ਬਿਨ੍ਹਾਂ ਕਵਿਤਾ ਕੇਵਲ ਵਾਰਤਾ ਹੀ ਰਹਿ ਜਾਂਦੀ ਹੈ। ਦੰਡੀ ਨੇ ਕਾਵਿ ਜਾਂ ਕਵਿਤਾ ਨੂੰ ਦੋ ਭਾਗਾਂ (ਸਵਭਾਵੋਕਤੀ ਅਤੇ ਵਕ੍ਰੋਕਤੀ) ਵਿਚ ਵੰਡਿਆ ਹੈ। ਸਵਭਾਵੋਕਤੀ ਰਾਹੀਂ ਵਰਣਿਤ ਵਸਤੂ ਦਾ ਸਾਖਿਆਤ ਜਾਂ ਸਾਧਾਰਨ ਰੂਪ ਵਿਚ ਚਿਤ੍ਰਣ ਹੁੰਦਾ ਹੈ ਅਤੇ ਵਕ੍ਰੋਕਤੀ ਰਾਹੀਂ ਵਰਣਿਤ ਵਸਤੂ ਦਾ ਅਸਾਖਿਆਤ ਜਾਂ ਟੇਡੇ ਰੂਪ ਵਿਚ ਚਿਤ੍ਰਣ ਹੁੰਦਾ ਹੈ। ਵਾਮਨ ਨੇ ਵਕ੍ਰੋਕਤੀ ਨੂੰ ਇਕ ਵਿਸ਼ੇਸ਼ ਅਰਥ ਅਲੰਕਾਰ ਦੇ ਰੂਪ ਵਿਚ ਸਵੀਕਾਰ ਕੀਤਾ ਹੈ। ਰੁਦਰਟ ਨੇ ਵਕ੍ਰੋਕਤੀ ਨੂੰ ਇਕ ਸ਼ਬਦ ਅਲੰਕਾਰ ਮੰਨਿਆ ਹੈ ਅਤੇ ਇਸ ਦੇ ਦੋ ਭੇਦ ਦੱਸੇ ਹਨ : ਕਾਕੁ-ਵਕ੍ਰੋਕਤੀ ਅਤੇ ਭੰਗ-ਸ਼ਲੇਸ਼ ਵਕ੍ਰੋਕਤੀ। ਕੁੰਤਕ ਦੇ ਅਨੁਸਾਰ, "ਵਕ੍ਰੋਕਤੀ ਪ੍ਰਸਿੱਧ ਕਥਨ ਤੋਂ ਭਿੰਨ ਵਿਚਿਤ੍ਰ ਅਭਿਧਾ ਜਾਂ ਵਰਨਣ ਸ਼ੈਲੀ ਹੈ।" (***ਡਾ. ਗੁਰਸ਼ਰਨ ਕੌਰ ਜੱਗੀ, ਭਾਰਤੀ ਕਾਵਿ-ਸ਼ਾਸਤਰ*** 187)

ਉਪਰੋਕਤ ਵੱਖ-ਵੱਖ ਵਿਦਵਾਨਾਂ ਦੇ ਦ੍ਰਿਸ਼ਟੀਕੋਣਾਂ ਨੂੰ ਵਿਚਾਰਨ ਤੋਂ ਬਾਅਦ ਡਾ. ਰਾਜਵੰਸ਼ ਸਹਾਇ ਨੇ ਵਕ੍ਰੋਕਤੀ ਦੇ ਬਾਰੇ ਹੇਠ ਲਿਖੇ ਤੱਥ ਪ੍ਰਗਟ ਕੀਤੇ ਹਨ:

1. ਵਕ੍ਰੋਕਤੀ ਵਿਲੱਖਣ, ਅਲੋਕਿਕ ਜਾਂ ਵਿਚਿੱਤਰ ਉਕਤੀ ਜਾਂ ਕਥਨ ਹੈ।

2. ਇਹ ਨਿਪੁੰਨ ਕਵੀ ਦੇ ਕਾਵਿ-ਨਿਰਮਾਣ ਦੇ ਕੌਸ਼ਲ ਦੀ ਸ਼ੋਭਾ ਹੈ।

3. ਜਦੋਂ ਕਵੀ ਕਵਿਤਾ ਜਾਂ ਕਾਵਿ-ਰਚਨਾ ਵਿਚ ਅਲੌਕਿਕ ਚਮਤਕਾਰ ਲਈ ਕਿਸੇ ਕਥਨ ਦਾ ਸਹਾਰਾ ਲੈ ਕੇ ਰਚਨਾ ਕਰਦਾ ਹੈ ਤਾਂ ਉਸ ਨੂੰ ਵਕ੍ਰੋਕਤੀ ਕਿਹਾ ਜਾਂਦਾ ਹੈ।

4. ਕੁੰਤਕ ਦੇ ਅਨੁਸਾਰ ਵਕ੍ਰੋਕਤੀ ਵਿਚ ਤਿੰਨ ਤੱਤਾਂ ਜਾਂ ਗੁਣਾਂ ਦਾ ਹੋਣਾ ਬਹੁਤ ਜ਼ਰੂਰੀ ਹੈ:

ੳ. ਲੋਕ ਪ੍ਰਸਿੱਧ ਅਤੇ ਸ਼ਾਸਤਰ ਵਿਚ ਰੂੜ੍ਹ ਸ਼ਬਦ-ਅਰਥ ਤੋਂ ਭਿੰਨਤਾ।

ਅ. ਕਵੀ ਦੀ ਪ੍ਰਤਿਭਾ ਤੋਂ ਜਨਮਿਆ ਚਮਤਕਾਰ।

ੲ. ਸੁਹਿਰਦ ਵਿਅਕਤੀ ਦੇ ਮਨ ਨੂੰ ਪ੍ਰਸੰਨ ਕਰਨ ਦੀ ਯੋਗਤਾ।

ਵਕ੍ਰੋਕਤੀ ਉਹ ਕਥਨ ਜਾਂ ਵਰਨਣ ਸ਼ੈਲੀ ਹੈ ਜਿਸ ਵਿਚ ਲੋਕ ਪ੍ਰਸਿੱਧ ਸ਼ਬਦਾਂ ਤੋਂ ਬਗੈਰ, ਕਵੀ ਦੀ ਪ੍ਰਤਿਭਾ ਤੋਂ ਪੈਦਾ ਹੋਏ ਚਮਤਕਾਰ ਵਿਚ ਕਿਸੇ ਪਾਠਕ ਜਾਂ ਸਰੋਤੇ ਨੂੰ ਆਨੰਦਿਤ ਕਰਨ ਦੀ ਯੋਗਤਾ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਵਕ੍ਰੋਕਤੀ ਨਾਲ ਸੰਬੰਧਿਤ ਉਦਾਹਰਨ ਹੇਠ ਲਿਖੇ ਅਨੁਸਾਰ ਹੈ:

ਰਤਨ ਤਿਆਗਿ ਕਉਡੀ ਸੰਗਿ ਰਚੈ॥ (266)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਨੇ 'ਨਾਮ-ਸਿਮਰਨ' ਦੇ ਮਹੱਤਵ ਨੂੰ ਸਪੱਸ਼ਟ ਕਰਨ ਲਈ ਵਕ੍ਰੋਕਤੀ ਦਾ ਸਹਾਰਾ ਲਿਆ ਹੈ। ਇੱਥੇ ਗੁਰੂ ਜੀ ਨੇ 'ਰਤਨ' ਸ਼ਬਦ ਪਰਮਾਤਮਾ ਦੇ ਨਾਮ-ਸਿਮਰਨ ਲਈ ਅਤੇ 'ਕਉਡੀ' ਸ਼ਬਦ ਸੰਸਾਰਿਕ ਧਨ-ਦੌਲਤ ਲਈ ਵਰਤਿਆ ਹੈ। ਉਪਰੋਕਤ ਸਤਰ ਵਿਚ ਗੁਰੂ ਜੀ ਨੇ ਪਦਾਰਥਵਾਦੀ ਰੁਚੀ ਵਾਲੇ ਵਿਅਕਤੀਆਂ ਨੂੰ ਸਿੱਧੇ ਰਸਤੇ 'ਤੇ ਪਾਉਣ ਲਈ ਵਕ੍ਰੋਕਤੀ ਸਿਧਾਂਤ ਦਾ ਸਹਾਰਾ ਲਿਆ ਹੈ, ਜੋ ਕਿ ਉਨ੍ਹਾਂ ਦੀ ਕਲਾਤਮਕ ਵਿਲੱਖਣਤਾ ਨੂੰ ਪ੍ਰਸਤੁਤ ਕਰਦਾ ਹੈ। ਇੱਥੇ ਗੁਰੂ ਜੀ ਨੇ ਆਪਣੇ ਸੰਕਲਪ ਜਾਂ ਭਾਵ ਦੇ ਅਰਥ ਨੂੰ ਸਰਲ, ਸਪੱਸ਼ਟ, ਵਿਲੱਖਣ, ਪ੍ਰਭਾਵਸ਼ਾਲੀ ਅਤੇ ਵਧੇਰੇ ਗ੍ਰਹਿਣਸ਼ੀਲ ਬਣਾਉਣ ਲਈ ਵਕ੍ਰੋਕਤੀ ਸਿਧਾਂਤ ਦੀ ਵਰਤੋਂ ਕੀਤੀ ਹੈ।

ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥ (10)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਨੇ ਸਾਨੂੰ ਵਕ੍ਰੋਕਤੀ ਦੀ ਸਹਾਇਤਾ ਨਾਲ ਇਹ ਸਮਝਾਉਣ ਦਾ ਯਤਨ ਕੀਤਾ ਹੈ ਕਿ ਉਹ ਪਰਮਾਤਮਾ ਸਭ ਜੀਵ-ਜੰਤੂਆਂ ਦਾ ਪਾਲਣਹਾਰ ਅਤੇ ਰੱਖਵਾਲਾ ਹੈ। ਸਾਨੂੰ ਕੇਵਲ ਉਸ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਚਿੰਤਾ ਨਹੀਂ ਕਰਨੀ ਚਾਹੀਦੀ ਕਿਉਂਕਿ ਜਿਹੜੇ ਜੀਵ ਪ੍ਰਭੂ ਨੇ ਪੱਥਰਾਂ ਜਾਂ ਚੱਟਾਨਾਂ ਵਿਚ ਪੈਦਾ ਕੀਤੇ ਹਨ, ਉਨ੍ਹਾਂ ਦਾ ਭੋਜਨ ਪਰਮਾਤਮਾ ਨੇ ਜਨਮ ਤੋਂ ਪਹਿਲਾਂ ਹੀ ਉੱਥੇ ਬਣਾ ਰਖਿਆ ਹੈ। ਇੱਥੇ ਗੁਰੂ ਜੀ ਨੇ ਆਪਣੇ ਭਾਵ ਜਾਂ ਪ੍ਰਸੰਗ ਨੂੰ ਸਪੱਸ਼ਟ ਕਰਨ ਲਈ ਕੂੰਜ (Flamingoes) ਦੇ ਜੀਵਨ ਦਾ ਉਦਾਹਰਨ ਲਿਆ ਹੈ ਕਿਉਂਕਿ ਕੂੰਜ ਉੱਡ ਉੱਡ ਕੇ ਸੈਂਕੜੇ ਕੋਹਾਂ ਤੇ ਚਲੀ ਜਾਂਦੀ ਹੈ ਪਰ ਪਿੱਛੇ ਉਸ ਦੇ ਬੱਚੇ ਇਕੱਲੇ ਛੱਡੇ ਹੁੰਦੇ ਹਨ

ਅਤੇ ਜਿੰਨ੍ਹਾਂ ਨੂੰ ਭੋਜਨ ਖੁਆਉਣ ਵਾਲਾ ਕੋਈ ਨਹੀਂ ਹੁੰਦਾ ਹੈ। ਜਦੋਂ ਕੂੰਜ ਆਪਣੇ ਬੱਚਿਆਂ ਦਾ ਧਿਆਨ ਮਨ ਵਿਚ ਧਰਦੀ ਹੈ ਤਾਂ ਪਰਮਾਤਮਾ ਉਸ ਦੇ ਬੱਚਿਆਂ ਦੇ ਭੋਜਨ ਦਾ ਕੋਈ ਨ ਕੋਈ ਵਸੀਲਾ ਜ਼ਰੂਰ ਬਣਾਉਂਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਪ੍ਰਸੰਗ ਨੂੰ ਵਿਲੱਖਣ ਜਾਂ ਨਿਵੇਕਲੇ ਢੰਗ ਨਾਲ ਸਪੱਸ਼ਟ ਕਰਨ ਲਈ ਵਕ੍ਰੋਕਤੀ ਸਿਧਾਂਤ ਦਾ ਸਹਾਰਾ ਲਿਆ ਹੈ।

ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ॥ (10)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੀ ਮਹਿਮਾ ਨੂੰ ਦੱਸਣ ਲਈ ਵਕ੍ਰੋਕਤੀ ਦਾ ਸਹਾਰਾ ਲਿਆ ਹੈ। ਗੁਰੂ ਜੀ ਦੇ ਅਨੁਸਾਰ ਜਗਤ ਦੇ ਸਾਰੇ ਖ਼ਜ਼ਾਨੇ ਅਤੇ ਅਠਾਰਾਂ ਸਿੱਧੀਆਂ ਉਸ ਪਰਮਾਤਮਾ ਦੇ ਹੱਥਾਂ ਦੀਆਂ ਤਲੀਆਂ ਉੱਤੇ ਰੱਖੇ ਪਏ ਹਨ। ਇੱਥੇ 'ਸਭਿ ਨਿਧਾਨ (ਖ਼ਜ਼ਾਨੇ)' ਤੋਂ ਭਾਵ ਹੈ - ਪਦਮ (ਸੋਨਾ ਚਾਂਦੀ), ਮਹਾ ਪਦਮ (ਹੀਰੇ ਜਵਾਹਰਾਤ), ਸੰਖ (ਸੁੰਦਰ ਭੋਜਨ ਅਤੇ ਕੱਪੜੇ), ਮਕਰ (ਸ਼ਸਤਰ ਵਿਦਿਆ ਦੀ ਪ੍ਰਾਪਤੀ), ਕੁੰਦ (ਸੋਨੇ ਦੀ ਸੁਦਾਗਰੀ), ਨੀਲ (ਮੋਤੀ ਮੂੰਗੇ ਦੀ ਸੁਦਾਗਰੀ), ਕੱਛਪ (ਕੱਪੜੇ ਦਾਣੇ ਦੀ ਸੁਦਾਗਰੀ)।

ਭਾਰਤੀ ਕਾਵਿ-ਸ਼ਾਸਤਰ ਵਿਚ ਰਸਵਾਦੀਆਂ ਅਤੇ ਅਲੰਕਾਰਵਾਦੀਆਂ ਨੇ ਕਵਿਤਾ ਜਾਂ ਕਾਵਿ ਦੇ ਸ਼ਬਦਾਂ ਅਤੇ ਅਰਥਾਂ ਦੇ ਯੋਗ ਨਾਲ ਪੈਦਾ ਹੋਏ ਵੱਖ-ਵੱਖ ਰਸ ਅਤੇ ਅਲੰਕਾਰ ਪ੍ਰਸਤੁਤ ਕੀਤੇ ਹਨ ਪਰੰਤੂ ਆਚਾਰੀਆ ਕੁੰਤਕ ਨੇ ਕਾਵਿ-ਰਚਨਾ ਦੇ ਛੋਟੇ ਤੱਤ (ਧੁਨੀ ਜਾਂ ਅੱਖਰ) ਤੋਂ ਲੈ ਕੇ ਵੱਡੇ ਤੱਤ (ਪ੍ਰਬੰਧ ਜਾਂ ਮਹਾਕਾਵਿ) ਨੂੰ ਵਕ੍ਰੋਕਤੀ ਦਾ ਆਧਾਰ ਬਣਾਇਆ ਗਿਆ ਹੈ। ਇਸੇ ਲਈ ਕੁੰਤਕ ਨੇ ਵਕ੍ਰੋਕਤੀ ਸਿਧਾਂਤ ਜਾਂ ਸੰਕਲਪ ਦੇ ਛੇ ਪ੍ਰਕਾਰ ਪ੍ਰਸਤੁਤ ਕੀਤੇ ਹਨ :

1. ਅੱਖਰਾਂ 'ਤੇ ਆਧਾਰਿਤ ਵਕ੍ਰੋਕਤੀ।

2. ਸ਼ਬਦਾਂ 'ਤੇ ਆਧਾਰਿਤ ਵਕ੍ਰੋਕਤੀ।

3. ਪਿਛੇਤਰਾਂ 'ਤੇ ਆਧਾਰਿਤ ਵਕ੍ਰੋਕਤੀ।

4. ਵਾਕਾਂ 'ਤੇ ਆਧਾਰਿਤ ਵਕ੍ਰੋਕਤੀ।

5. ਕਿਸੇ ਘਟਨਾ ਜਾਂ ਉਪਕਥਾ 'ਤੇ ਆਧਾਰਿਤ ਵਕ੍ਰੋਕਤੀ।

6. ਮਹਾਂਕਾਵਿ 'ਤੇ ਆਧਾਰਿਤ ਵਕ੍ਰੋਕਤੀ।

ਕੁੰਤਕ ਦੁਆਰਾ ਪ੍ਰਸਤੁਤ ਵਕ੍ਰੋਕਤੀ ਦੀਆਂ ਵੱਖ-ਵੱਖ ਕਿਸਮਾਂ ਦਾ ਵਿਸਥਾਰਪੂਰਵਕ ਵਰਨਣ ਹੇਠ ਲਿਖੇ ਅਨੁਸਾਰ ਹੈ:

**1. ਅੱਖਰਾਂ 'ਤੇ ਆਧਾਰਿਤ ਵਕ੍ਰੋਕਤੀ**: ਪੰਜਾਬੀ ਵਿਆਕਰਨ ਵਿਚ 'ਅੱਖਰ' ਨੂੰ ਭਾਸ਼ਾ ਦੀ ਸਭ ਤੋਂ ਛੋਟੀ ਪਰ ਨਿਰਾਰਥਕ ਇਕਾਈ ਮੰਨਿਆ ਜਾਂਦਾ ਹੈ ਕਿਉਂਕਿ ਅੱਖਰਾਂ ਜਾਂ ਧੁਨੀਆਂ ਦਾ ਕੋਈ ਅਰਥ ਨਹੀਂ ਹੁੰਦਾ ਹੈ। ਭਾਰਤੀ ਕਾਵਿ ਸ਼ਾਸਤਰ ਵਿਚ ਧੁਨੀ ਜਾਂ ਅੱਖਰ ਲਈ 'ਵਕ੍ਰਤਾ' ਅਤੇ 'ਵਿਨਿਆਸ' ਸ਼ਬਦ ਵਰਤਿਆ ਗਿਆ ਹੈ, ਜਿਸ ਦਾ ਅਰਥ ਹੈ - ਰੱਖਣਾ, ਸਥਾਪਿਤ ਕਰਨਾ ਜਾਂ ਸਜਾਉਣਾ ਆਦਿ। ਜਦੋਂ ਕਵੀ ਆਪਣੀ ਕਵਿਤਾ ਜਾਂ ਕਾਵਿ ਵਿਚ ਚਮਤਕਾਰ ਜਾਂ ਵਿਚਿੱਤਰਤਾ ਪੈਦਾ ਕਰਨ ਲਈ ਇਕ, ਦੋ ਜਾਂ ਅਨੇਕ ਅੱਖਰਾਂ ਦਾ ਵਾਰ-ਵਾਰ ਦੁਹਰਾਉ ਕਰਦਾ ਹੈ ਤਾਂ ਉੱਥੇ ਅੱਖਰਾਂ 'ਤੇ ਆਧਾਰਿਤ ਵਕ੍ਰੋਕਤੀ ਹੁੰਦੀ ਹੈ। ਕਵੀ ਕਵਿਤਾ ਵਿਚ ਅੱਖਰਾਂ ਦਾ ਵਾਰ-ਵਾਰ ਦੁਹਰਾਉ ਵਿਸ਼ੇ-ਵਸਤੂ ਦੇ ਅਨੁਕੂਲ ਕੇਵਲ ਸੁਹਜ ਚਮਤਕਾਰ ਪੈਦਾ ਕਰਨ ਲਈ ਕਰਦਾ ਹੈ। ਅੱਖਰਾਂ 'ਤੇ ਆਧਾਰਿਤ ਵਕ੍ਰੋਕਤੀ ਬਾਰੇ ਕੁੰਤਕ ਨੇ ਜੋ ਸ਼ਰਤਾਂ ਲਾਗੂ ਕੀਤੀਆਂ ਹਨ, ਉਨ੍ਹਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

I. ਕਵਿਤਾ ਜਾਂ ਕਾਵਿ ਵਿਚ ਅੱਖਰਾਂ ਜਾਂ ਵਰਣਾਂ ਦਾ ਦੁਹਰਾਉ ਹਮੇਸ਼ਾ ਵਿਸ਼ੇ-ਵਸਤੂ ਦੇ ਅਨੁਕੂਲ ਹੋਣਾ ਚਾਹੀਦਾ ਹੈ।

II. ਕਵਿਤਾ ਵਿਚ ਬੇਲੋੜੇ ਜਾਂ ਅਨੁਚਿਤ ਵਰਣਾਂ ਦੀ ਵਰਤੋਂ ਨਹੀਂ ਹੋਣੀ ਚਾਹੀਦੀ ਹੈ।

III. ਕਵਿਤਾ ਵਿਚ ਪ੍ਰਸਾਦ ਗੁਣ (ਸਰਲਤਾ ਜਾਂ ਸਪੱਸ਼ਟਤਾ) ਦੀ ਅਧਿਕਤਾ ਹੋਣੀ ਚਾਹੀਦੀ ਹੈ।

IV. ਕਵਿਤਾ ਵਿਚ ਅੱਖਰਾਂ ਦਾ ਦੁਹਰਾਉ ਕੰਨਾਂ ਨੂੰ ਖਾਣ ਵਾਲਾ, ਖਰ੍ਹਵਾ ਜਾਂ ਕੋੜਾ ਨਹੀਂ ਸਗੋਂ ਕੰਨਾਂ ਵਿਚ ਸ਼ਹਿਦ ਘੋਲਣ ਵਾਲਾ ਹੋਣਾ ਚਾਹੀਦਾ ਹੈ।

ੜ. ਵਰਣ ਯੋਜਨਾ ਵਿਚ ਨਵੇਂ ਤੋਂ ਨਵੇਂ ਚਮਤਕਾਰ ਦੀ ਵਿਲੱਖਣਤਾ ਹੋਣੀ ਚਾਹੀਦੀ ਹੈ।

ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਅੱਖਰਾਂ 'ਤੇ ਆਧਾਰਿਤ ਵਕ੍ਰੋਕਤੀ ਨਾਲ ਸੰਬੰਧਿਤ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

ਕਿਆ ਕਿਛੁ ਕਰੈ ਕਿ ਕਰਣੈਹਾਰਾ ਕਿਆ ਇਸੁ ਹਾਥਿ ਬਿਚਾਰੇ॥ (216)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਨੇ /ਕ/ ਵਰਣ ਜਾਂ ਅੱਖਰ ਦੀ ਵਰਤੋਂ ਵਾਰ-ਵਾਰ ਕੀਤੀ ਹੈ। ਇੱਥੇ ਗੁਰ ਜੀ ਨੇ ਅੱਖਰਾਂ ਦਾ ਦੁਹਰਾਅ ਕੇਵਲ ਆਪਣੇ ਵਿਸ਼ੇ ਨੂੰ ਵਧੇਰੇ ਗ੍ਰਹਿਣਯੋਗ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਕੀਤਾ ਹੈ ਜੋ ਕਿ ਅੱਖਰਾਂ ਦੀ ਵਕ੍ਰੋਕਤੀ 'ਤੇ ਆਧਾਰਿਤ ਹੈ।

ਅਗਮ ਅਗੋਚਰ ਅਲਖ ਅਭੇਵਾ॥ (98)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਨੇ /ਅ/ ਵਰਣ ਜਾਂ ਅੱਖਰ ਦੀ ਵਰਤੋਂ ਵਾਰ-ਵਾਰ ਕੀਤੀ ਹੈ। ਇੱਥੇ ਗੁਰ ਜੀ ਨੇ ਅੱਖਰਾਂ ਦਾ ਦੁਹਰਾਅ ਕੇਵਲ ਆਪਣੇ ਵਿਸ਼ੇ ਨੂੰ ਵਧੇਰੇ ਗ੍ਰਹਿਣਯੋਗ, ਪ੍ਰਭਾਵਸ਼ਾਲੀ ਅਤੇ ਸਰਸ ਬਣਾਉਣ ਲਈ ਕੀਤਾ ਹੈ ਜੋ ਕਿ ਅੱਖਰਾਂ ਦੀ ਵਕ੍ਰੋਕਤੀ 'ਤੇ ਆਧਾਰਿਤ ਹੈ।

ਪਾਨੀ ਪਖਾ ਪੀਸਉ ਸੰਤ ਆਗੈ ਗੁਣ ਗੋਬਿੰਦ ਜਸੁ ਗਾਈ॥ (673)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨੇ /ਪ/ ਵਰਣ ਜਾਂ ਅੱਖਰ ਦੀ ਵਰਤੋਂ ਵਾਰ-ਵਾਰ ਕੀਤੀ ਹੈ। ਇੱਥੇ ਗੁਰ ਜੀ ਨੇ ਅੱਖਰਾਂ ਦਾ ਦੁਹਰਾਅ ਕੇਵਲ ਆਪਣੇ ਵਿਸ਼ੇ ਨੂੰ ਵਧੇਰੇ ਗ੍ਰਹਿਣਯੋਗ, ਪ੍ਰਭਾਵਸ਼ਾਲੀ ਅਤੇ ਸਰਸ ਬਣਾਉਣ ਲਈ ਕੀਤਾ ਹੈ ਜੋ ਕਿ ਅੱਖਰਾਂ ਦੀ ਵਕ੍ਰੋਕਤੀ 'ਤੇ ਆਧਾਰਿਤ ਹੈ।

ਅਗਮ ਅਮੋਲਾ ਅਪਰ ਅਪਾਰ॥ (1144)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਨੇ /ਅ/ ਵਰਣ ਜਾਂ ਅੱਖਰ ਦੀ ਵਰਤੋਂ ਵਾਰ-ਵਾਰ ਕੀਤੀ ਹੈ। ਇੱਥੇ ਗੁਰ ਜੀ ਨੇ ਅੱਖਰਾਂ ਦਾ ਦੁਹਰਾਅ ਕੇਵਲ ਆਪਣੇ ਵਿਸ਼ੇ ਨੂੰ ਵਧੇਰੇ ਗ੍ਰਹਿਣਯੋਗ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਕੀਤਾ ਹੈ ਜੋ ਕਿ ਅੱਖਰਾਂ ਦੀ ਵਕ੍ਰੋਕਤੀ 'ਤੇ ਆਧਾਰਿਤ ਹੈ।

ਪਿੰਗਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ॥ (809)

ਉਪਰੋਕਤ ਕਾਵਿ-ਪੰਕਤੀ ਵਿਚ /ਪ/ ਵਰਣ ਜਾਂ ਅੱਖਰ ਦੀ ਵਰਤੋਂ ਵਾਰ-ਵਾਰ ਕੀਤੀ ਗਈ ਹੈ, ਜੋ ਕਿ ਅੱਖਰਾਂ ਦੀ ਵਕ੍ਰੋਕਤੀ 'ਤੇ ਆਧਾਰਿਤ ਹੈ। ਗੁਰੂ ਜੀ ਨੇ ਇੱਥੇ ਅੱਖਰਾਂ ਦਾ ਦੁਹਰਾਅ ਕੇਵਲ ਆਪਣੇ ਵਿਸ਼ੇ ਨੂੰ ਵਧੇਰੇ ਸਰਸ, ਚਮਤਕਾਰੀ, ਗ੍ਰਹਿਣਯੋਗ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਕੀਤਾ ਹੈ। ਗੁਰੂ ਜੀ ਨੇ ਇੱਥੇ ਇਹ ਸਮਝਾਉਣ ਦਾ ਉਪਰਾਲਾ ਕੀਤਾ ਹੈ ਕਿ ਪਰਮਾਤਮਾ ਜਾਂ ਪ੍ਰਭੂ ਨੂੰ ਬਾਹਰ ਲੱਭਣ ਜਾਂ ਖੋਜਣ ਦੀ ਜਰੂਰਤ ਨਹੀਂ ਹੈ ਕਿਉਕਿ ਇਸ ਦੀ ਭਾਲ ਮਨ ਵਿਚ ਹੀ ਕਰਨੀ ਚਾਹੀਦੀ ਹੈ।

ਪਤਿਤ ਪਾਵਨ ਪੂਰਨ ਪ੍ਰਭ ਸਾਧੈ॥ (1080)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ /ਪ/ ਵਰਣ ਜਾਂ ਅੱਖਰ ਦੀ ਵਰਤੋਂ ਵਾਰ-ਵਾਰ ਕੀਤੀ ਹੈ। ਇੱਥੇ ਗੁਰ ਜੀ ਨੇ ਅੱਖਰਾਂ ਦਾ ਦੁਹਰਾਅ ਕੇਵਲ ਆਪਣੇ ਵਿਸ਼ੇ ਨੂੰ ਵਧੇਰੇ ਗ੍ਰਹਿਣਯੋਗ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਕੀਤਾ ਹੈ ਜੋ ਕਿ ਅੱਖਰਾਂ ਦੀ ਵਕ੍ਰੋਕਤੀ 'ਤੇ ਆਧਾਰਿਤ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਅੱਖਰ ਵਕ੍ਰੋਕਤੀ ਨਾਲ ਸੰਬੰਧਿਤ ਕੁਝ ਹੋਰ ਉਦਾਹਰਨਾਂ ਵੀ ਵਿਚਾਰੀਆਂ ਜਾ ਸਕਦੀਆਂ ਹਨ, ਜੋ ਕਿ ਹੇਠ ਲਿਖੇ ਅਨੁਸਾਰ ਹੈ:

ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ॥ (48)

ਤੂ ਸਾਹਿਬੁ ਸਰਣਿ ਸੁਖਦਾਤਾ ਸਤਸੰਗਤਿ ਜਪਿ ਪ੍ਰਗਟਾਵਣਿਆ॥ (132)

ਸਰਬ ਸੁਖਾ ਸੁਖੁ ਸਾਚਾ ਏਹੁ॥ (178)

ਕਿਆ ਕੋ ਕਹੈ ਕਿਆ ਆਖਿ ਵਖਾਨੈ॥ (178)

ਕਈ ਕੋਟਿ ਕਿਰਪਨ ਕਠੋਰ॥ ( 275)

ਓਰੈ ਕਹਹੁ ਕਿਨੈ ਕਛੁ ਕਰਾ॥ (294)

ਕਿਆ ਕਥੀਐ ਕਿਛੁ ਕਥਨੁ ਨ ਜਾਈ॥ (822)

**2. ਸ਼ਬਦਾਂ 'ਤੇ ਆਧਾਰਿਤ ਵਕ੍ਰੋਕਤੀ :** ਪੰਜਾਬੀ ਵਿਆਕਰਨ ਵਿਚ 'ਸ਼ਬਦ' ਨੂੰ ਭਾਸ਼ਾ ਦੀ ਸਭ ਤੋਂ ਛੋਟੀ ਪਰ ਸਾਰਥਿਕ ਇਕਾਈ ਮੰਨਿਆ ਜਾਂਦਾ ਹੈ ਕਿਉਂਕਿ ਸ਼ਬਦਾਂ ਦਾ ਆਪਣਾ ਇਕ ਅਰਥ ਹੁੰਦਾ ਹੈ। ਆਚਾਰੀਆ ਕੁੰਤਕ ਨੇ ਸ਼ਬਦਾਂ 'ਤੇ ਆਧਾਰਿਤ ਵਕ੍ਰੋਕਤੀ ਨੂੰ ਵਕ੍ਰੋਕਤੀ ਦਾ ਦੂਜਾ ਭੇਦ ਜਾਂ ਪ੍ਰਕਾਰ ਮੰਨਿਆ ਹੈ। ਇੱਥੇ ਕੁੰਤਕ ਨੇ 'ਸ਼ਬਦ' ਸ਼ਬਦ ਨਾ ਵਰਤ ਕੇ 'ਪਦ' ਦੀ ਵਰਤੋਂ ਕੀਤੀ ਹੈ ਕਿਉਂਕਿ 'ਪਦ' ਨੂੰ ਸ਼ਬਦ ਦਾ ਸਮਾਨਾਰਥਕ ਸ਼ਬਦ ਮੰਨਿਆ ਜਾਂਦਾ ਹੈ। ਪਰ ਕੁਝ ਵਿਦਵਾਨ 'ਪਦ' ਅਤੇ 'ਸ਼ਬਦ' ਵਿਚ ਥੋੜਾ ਅੰਤਰ ਸਮਝਦੇ ਹਨ ਕਿਉਂਕਿ ਉਹ ਪਿਛੇਤਰ-ਰਹਿਤ ਲਫ਼ਜ ਨੂੰ 'ਸ਼ਬਦ' ਅਤੇ ਪਿਛੇਤਰ-ਸਹਿਤ ਲਫ਼ਜ ਨੂੰ 'ਪਦ' ਸਮਝਦੇ ਹਨ। ਅੱਖਰਾਂ ਦੇ ਸਮੂਹ ਤੋਂ ਸ਼ਬਦ ਦੀ ਰਚਨਾ ਹੁੰਦੀ ਹੈ। ਕੁੰਤਕ ਨੇ ਪਦ ਜਾਂ ਸ਼ਬਦਾਂ 'ਤੇ ਆਧਾਰਿਤ ਵਕ੍ਰੋਕਤੀ ਨੂੰ ਅੱਗੇ ਅੱਠ ਹੋਰ ਉਪਭੇਦਾਂ ਵਿਚ ਵੰਡਿਆ ਹੈ:

I. **ਰੂੜ੍ਹੀ ਵਕ੍ਰੋਕਤੀ** : 'ਰੂੜ੍ਹੀ' ਸ਼ਬਦ ਦਾ ਅਰਥ ਹੈ - ਪਰੰਪਰਾ ਜਾਂ ਲੋਕ-ਵਿਵਹਾਰ ਵਿਚ ਪ੍ਰਸਿੱਧ ਅਰਥ। ਜਿੱਥੇ ਕਵੀ ਆਪਣੀ ਕਵਿਤਾ ਵਿਚ ਪ੍ਰਸੰਸਾ ਦਰਸਾਉਣ ਦੇ ਉਦੇਸ਼ ਨਾਲ ਆਮ ਸ਼ਬਦਾਂ ਦੇ ਸਥਾਨ 'ਤੇ ਲੋਕਾਂ ਵਿਚ ਪ੍ਰਸਿੱਧ ਜਾਂ ਪ੍ਰਚਲਿਤ ਸ਼ਬਦਾਂ ਦੀ ਵਰਤੋਂ ਕਰਦਾ ਹੈ ਤਾਂ ਉੱਥੇ ਰੂੜ੍ਹੀ ਵਕ੍ਰੋਕਤੀ ਹੁੰਦੀ ਹੈ। ਕਵੀ ਆਪਣੀ ਕਵਿਤਾ ਵਿਚ ਰੂੜ੍ਹੀ ਸ਼ਬਦਾਂ ਦੀ ਵਰਤੋਂ ਅਦਭੁੱਤ ਜਾਂ ਨਿਵੇਕਲਾ ਚਮਤਕਾਰ ਪੈਦਾ ਕਰਨ ਲਈ ਕਰਦਾ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਬਹੁਤ ਸਾਰੇ ਰੂੜ੍ਹੀ ਸ਼ਬਦਾਂ ਦੀ ਵਰਤੋਂ ਕੀਤੀ ਹੈ, ਜਿੰਨ੍ਹਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹਨ:

ਵਾਸੁਦੇਵ ਸਰਬਤ੍ਰ ਮੈ ਊਨ ਨ ਕਤਹੂ ਠਾਇ॥ (259)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਹੋਰ ਵਧੇਰੇ ਪ੍ਰਭਾਵਸ਼ਾਲੀ, ਸਰਸ ਅਤੇ ਚਮਤਕਾਰੀ ਬਣਾਉਣ ਲਈ 'ਵਾਸੁਦੇਵ' ਪ੍ਰਾਚੀਨ ਅਤੇ ਪ੍ਰਚਲਿਤ ਸ਼ਬਦ ਦੀ ਵਰਤੋਂ ਕੀਤੀ ਹੈ। ਹਿੰਦੂ ਧਰਮ ਵਿਚ ਸ੍ਰੀ ਕ੍ਰਿਸ਼ਨ ਜੀ ਨੂੰ ਵਾਸੁਦੇਵ ਭਾਵ ਵਾਸੁਦੇਵ ਦਾ ਪੁੱਤਰ ਕਿਹਾ ਜਾਂਦਾ ਸੀ। ਪਰੰਤੂ ਇੱਥੇ ਗੁਰੂ ਜੀ ਨੇ ਪ੍ਰਭੂ ਜਾਂ ਪਰਮਾਤਮਾ ਲਈ ਵਾਸੁਦੇਵ ਸ਼ਬਦ ਦੀ ਵਰਤੋਂ ਕੀਤੀ ਹੈ।

ਬ੍ਰਹਮਾਦਿਕ ਸਿਵ ਛੰਦ ਮੁਨੀਸੁਰ ਰਸਕਿ ਰਸਕਿ ਠਾਕੁਰ ਗੁਨ ਗਾਵਤ॥

ਇੰਦ੍ਰ ਮੁਨਿੰਦ੍ਰ ਖੋਜਤੇ ਗੋਰਖ ਧਰਣਿ ਗਗਨ ਆਵਤ ਫੁਨਿ ਧਾਵਤ॥ (1387)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਚਮਤਕਾਰੀ ਬਣਾਉਣ ਲਈ ਪ੍ਰਾਚੀਨ ਸਮੇਂ ਦੇ ਪ੍ਰਚਲਿਤ 'ਬ੍ਰਹਮਾ', 'ਸ਼ਿਵ', 'ਇੰਦ੍ਰ' ਅਤੇ 'ਗੋਰਖ' ਸ਼ਬਦਾਂ ਦੀ ਵਰਤੋਂ ਕੀਤੀ ਹੈ।

ਪਾਰਜਾਤੁ ਇਹ ਹਰਿ ਕੋ ਨਾਮ॥

ਕਾਮਧੇਨ ਹਰਿ ਹਰਿ ਗੁਣ ਗਾਮ॥ (264)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਨੂੰ ਹੋਰ ਵਧੇਰੇ ਪ੍ਰਭਾਵਸ਼ਾਲੀ ਅਤੇ ਚਮਤਕਾਰੀ ਬਣਾਉਣ ਲਈ 'ਪਾਰਜਾਤੁ' ਅਤੇ 'ਕਾਮਧੇਨ' ਪਰੰਪਰਾਗਤ ਸ਼ਬਦਾਂ ਦੀ ਵਰਤੋਂ ਕੀਤੀ ਹੈ। ਪ੍ਰਾਚੀਨ ਸਮੇਂ ਵਿਚ 'ਪਾਰਜਾਤੁ' ਸੁਰਗ ਦੇ ਪੰਜ ਰੁੱਖਾਂ ਵਿਚੋਂ ਇਕ ਦਾ ਨਾਮ ਸੀ ਜੋ ਹਰੇਕ ਦੀ ਮਨੋ-ਕਾਮਨਾ ਪੂਰੀ ਕਰਦਾ ਸੀ ਅਤੇ 'ਕਾਮਧੇਨ' ਸੁਰਗ ਦੀ ਗਾਂ ਦਾ ਨਾਮ ਸੀ ਜੋ ਕਿ ਹਰੇਕ ਦੀ ਮਨੋ-ਕਾਮਨਾ ਪੂਰੀ ਕਰਦੀ ਸੀ। ਇੱਥੇ ਗੁਰੂ ਅਰਜਨ ਦੇਵ ਜੀ ਨੇ ਪਾਰਜਾਤੁ ਅਤੇ ਕਾਮਧੇਨ ਸ਼ਬਦਾਂ ਦੀ ਵਰਤੋਂ ਪਰਮਾਤਮਾ ਜਾਂ ਪ੍ਰਭੂ ਦੇ ਨਾਮ ਲਈ ਕੀਤੀ ਹੈ ਕਿਉਂਕਿ ਗੁਰੂ ਜੀ ਦੇ ਅਨੁਸਾਰ ਇਸ ਸੰਸਾਰ ਵਿਚ ਜੇਕਰ ਕੋਈ ਪ੍ਰਭੂ ਜਾਂ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹੈ ਤਾਂ ਉਸ ਦੀ ਹਰੇਕ ਮਨੋ-ਕਾਮਨਾ ਪੂਰੀ ਹੁੰਦੀ ਹੈ।

II. **ਸਮਾਨਾਰਥਕ ਵਕ੍ਰੋਕਤੀ** : ਭਾਰਤੀ ਕਾਵਿ-ਸ਼ਾਸਤਰ ਵਿਚ ਸਮਾਨਾਰਥਕ ਸ਼ਬਦ ਲਈ 'ਪਰਿਆਇ' ਸ਼ਬਦ ਅਤੇ ਅੰਗਰੇਜ਼ੀ ਭਾਸ਼ਾ ਵਿਚ 'Synonymous' ਸ਼ਬਦ ਵਰਤਿਆ ਜਾਂਦਾ ਹੈ। ਹਰੇਕ ਭਾਸ਼ਾ ਵਿਚ ਇਕ ਅਰਥ ਨਾਲ ਸੰਬੰਧਿਤ ਕਈ ਸਮਾਨਾਰਥਕ ਸ਼ਬਦ ਹੁੰਦੇ ਹਨ ਪਰੰਤੂ ਹਰ ਸਮਾਨਾਰਥਕ ਸ਼ਬਦ ਦੀ ਬਣਤਰ ਤੇ ਉਤਪਤੀ ਵੱਖਰੀ ਹੁੰਦੀ ਹੈ। ਕਵੀ ਆਪਣੀ ਕਵਿਤਾ ਜਾਂ ਕਾਵਿ ਦੀ ਰਚਨਾ ਕਰਦੇ ਸਮੇਂ ਆਪਣੇ ਵਿਸ਼ੇ ਜਾਂ ਪ੍ਰਸੰਗ ਦੇ ਅਨੁਕੂਲ ਅਜਿਹੇ ਸ਼ਬਦਾਂ ਦੀ ਵਰਤੋਂ ਕਰਦਾ ਹੈ ਜਿਸ ਦੇ ਅਰਥ ਨਾਲ ਸੰਬੰਧਿਤ ਕਈ ਸਮਾਨਾਰਥਕ ਸ਼ਬਦ ਹੁੰਦੇ ਹਨ। ਸੰਸਕ੍ਰਿਤ ਭਾਸ਼ਾ ਵਿਚ ਸ਼ਿਵ ਜੀ ਲਈ ਕਪਾਲੀ, ਪਿਨਾਕੀ, ਹਰਿ, ਸ਼ੰਭੂ ਅਤੇ ਰੋਟੀ ਲਈ ਮੰਨੀ, ਟੁੱਕ, ਮੰਡਾ, ਚਪਾਤੀ, ਫੁਲਕਾ, ਪਰਸ਼ਾਦਾ, ਮਧਕੂਰੀ ਆਦਿ ਕਈ ਸਮਾਨਾਰਥਕ ਸ਼ਬਦ ਪ੍ਰਚਲਿਤ ਹਨ।

ਗੋਪਾਲ ਦਾਮੋਦਰ ਦੀਨ ਦਇਆਲ॥ (295)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਨੇ ਪ੍ਰਭੂ ਜਾਂ ਪਰਮਾਤਮਾ ਲਈ ਗੋਪਾਲ, ਦਾਮੋਦਰ, ਰਾਮ, ਗੋਬਿੰਦ, ਪ੍ਰਤਿਪਾਲ, ਨਿਰੰਕਾਰ, ਰਾਖਨਹਾਰ ਆਦਿ ਵੱਖ-ਵੱਖ ਅਰਥਾਂ ਵਾਲੇ ਸ਼ਬਦਾਂ ਦੀ ਵਰਤੋਂ ਇਕੋ ਹੀ ਅਰਥ ਨੂੰ ਪ੍ਰਸਤੁਤ ਕਰਨ ਲਈ ਨਿਵੇਕਲੇ ਢੰਗ ਨਾਲ ਕੀਤੀ ਹੈ, ਜੋ ਕਿ ਸਮਾਨਾਰਥਕ ਵਕ੍ਰੋਕਤੀ ਨਾਲ ਸੰਬੰਧਿਤ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਸਮੇਂ ਦੇ ਮੁਤਾਬਿਕ ਪਰਿਵਰਤਨ ਲਿਆਉਣ ਲਈ ਆਪਣੇ ਸੰਕਲਪ ਜਾਂ ਭਾਵ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਲਈ ਵੱਖ-ਵੱਖ ਅਰਥਾਂ ਵਾਲੇ ਸ਼ਬਦਾਂ ਨੂੰ ਵੀ ਸਮਾਨਾਰਥਕ ਸ਼ਬਦਾਂ ਦੇ ਰੂਪ ਵਿਚ ਪ੍ਰਸਤੁਤ ਕੀਤਾ ਹੈ, ਜੋ ਕਿ ਗੁਰੂ ਜੀ ਦੀ ਬਾਣੀ ਦੀ ਬਾਕੀ ਬਾਣੀਕਾਰਾਂ ਨਾਲੋਂ ਵਿਲੱਖਣਤਾ (ਅੱਡਰਾਪਣ ਜਾਂ ਨਿਵੇਕਲਾਪਣ) ਹੈ।

ਤੁਮ ਦਾਤੇ ਠਾਕੁਰ ਪ੍ਰਤਿਪਾਲਕ ਨਾਇਕ ਖਸਮ ਹਮਾਰੇ॥ (673)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਨੇ ਦਾਤਾ, ਠਾਕੁਰ, ਪ੍ਰਤਿਪਾਲਕ, ਨਾਇਕ ਅਤੇ ਖਸਮ ਵਰਗੇ ਅਲੱਗ-ਅਲੱਗ ਅਰਥਾਂ ਵਾਲੇ ਸ਼ਬਦਾਂ ਦੀ ਵਰਤੋਂ ਉਸ ਪਰਮਾਤਮਾ ਜਾਂ ਪ੍ਰਭੂ ਲਈ ਸਮਾਨਾਰਥਕ

ਸ਼ਬਦਾਂ ਦੇ ਰੂਪ ਵਿਚ ਕੀਤੀ ਹੈ। ਇੱਥੇ 'ਦਾਤਾ' ਸ਼ਬਦ ਦਾ ਅਰਥ ਦਾਤਾ ਦੇਣ ਵਾਲਾ, 'ਠਾਕੁਰ' ਸ਼ਬਦ ਦਾ ਅਰਥ ਸੁਆਮੀ, 'ਪ੍ਰਤਿਪਾਲਕ' ਸ਼ਬਦ ਦਾ ਅਰਥ ਪਾਲਣ ਵਾਲਾ, 'ਨਾਇਕ' ਸ਼ਬਦ ਦਾ ਅਰਥ ਆਗੂ ਅਤੇ 'ਖਸਮ' ਸ਼ਬਦ ਦਾ ਅਰਥ ਪਤੀ-ਪਰਮੇਸ਼ਵਰ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਸਪੱਸ਼ਟ ਕਰਨ ਲਈ ਸਮਾਨਾਰਥਕ ਸ਼ਬਦਾਂ ਦੀ ਵਰਤੋਂ ਕੀਤੀ ਹੈ।

ਤੁਮਹਿ ਖਜੀਨਾ ਤੁਮਹਿ ਜਰੀਨਾ ਤੁਮ ਹੀ ਮਾਇਕ ਲਾਲਾ॥ (1215)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਨੇ ਪ੍ਰਭੂ ਜਾਂ ਪਰਮਾਤਮਾ ਲਈ ਖਜੀਨਾ ਅਤੇ ਜਰੀਨਾ ਆਦਿ ਸਮਾਨਾਰਥਕ ਸ਼ਬਦਾਂ ਦੀ ਵਰਤੋਂ ਕੀਤੀ ਹੈ, ਜੋ ਕਿ ਸਮਾਨਾਰਥਕ ਵਕ੍ਰੋਕਤੀ ਨਾਲ ਸੰਬੰਧਿਤ ਹੈ। ਇੱਥੇ 'ਖਜੀਨਾ' ਸ਼ਬਦ ਦਾ ਅਰਥ ਖ਼ਜ਼ਾਨਾ ਅਤੇ 'ਜਰੀਨਾ' ਸ਼ਬਦ ਦਾ ਅਰਥ ਧਨ-ਦੌਲਤ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਸੰਕਲਪ ਜਾਂ ਭਾਵ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਲਈ ਸਮਾਨਾਰਥਕ ਸ਼ਬਦਾਂ ਦਾ ਸਹਾਰਾ ਲਿਆ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਹੇਠ ਲਿਖੀਆਂ ਹੋਰ ਵੱਖ-ਵੱਖ ਉਦਾਹਰਨਾਂ ਨੂੰ ਵੀ ਵਾਚਿਆ ਜਾ ਸਕਦਾ ਹੈ:

ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ॥ (1273)

III. **ਉਪਚਾਰ ਵਕ੍ਰੋਕਤੀ**: ਜਦੋਂ ਕਵੀ ਆਪਣੀ ਕਵਿਤਾ ਵਿਚ ਕਲਪਨਾ ਸ਼ਕਤੀ ਦੁਆਰਾ ਕਿਸੇ ਅਮੂਰਤ ਵਸਤੂ, ਵਿਚਾਰ ਜਾਂ ਭਾਵ ਨੂੰ ਸਮੂਰਤ ਵਸਤੂ, ਵਿਚਾਰ ਜਾਂ ਭਾਵ ਰਾਹੀਂ ਪ੍ਰਸਤੁਤ ਕਰਦਾ ਹੈ ਤਾਂ ਉੱਥੇ ਉਪਚਾਰ ਵਕ੍ਰੋਕਤੀ ਹੁੰਦੀ ਹੈ। ਉਪਚਾਰ ਦਾ ਅਰਥ ਇਹ ਹੈ ਕਿ ਜਿੱਥੇ ਹਾਜ਼ਰ (ਚੇਤਨ) ਤੇ ਗੈਰ-ਹਾਜ਼ਰ (ਅਚੇਤਨ) ਵਿਸ਼ੇ ਦੇ ਸਾਂਝੇ ਗੁਣਾਂ ਵਿਚ ਸਮਾਨਤਾ ਦਿਖਾਈ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਦੀ ਕਲਪਨਾ ਬੜੀ ਸੁਗਮਤਾ ਨਾਲ ਲੌਕਿਕ ਤੋਂ ਪਾਰਲੌਕਿਕ ਅਤੇ ਦ੍ਰਿਸ਼ਟਮਾਨ ਤੋਂ ਅਦ੍ਰਿਸ਼ਟ ਵੱਲ ਉਡਾਰੀ ਮਾਰ ਜਾਂਦੀ ਹੈ।

ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ॥

ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ॥ (133)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਤਮਾ ਅਤੇ ਪਰਮਾਤਮਾ ਦੇ ਮਿਲਾਪ ਦਾ ਸੰਕਲਪ ਆਮ ਪਾਠਕਾਂ ਨੂੰ ਸਮਝਾਉਣ ਲਈ ਕਲਪਨਾ ਸ਼ਕਤੀ ਦਾ ਸਹਾਰਾ ਲਿਆ ਹੈ। ਗੁਰੂ ਜੀ ਦੇ ਅਨੁਸਾਰ ਜਿਵੇਂ ਪਾਣੀ ਤੋਂ ਬਿਨਾ ਫਸਲ ਸੁੱਕ ਜਾਂਦੀ ਹੈ ਅਤੇ ਉਸਦਾ ਕੋਈ ਵੀ ਮੁੱਲ ਨਹੀਂ ਪੈਂਦਾ ਠੀਕ ਉਸੇ ਤਰ੍ਹਾਂ ਪ੍ਰਭੂ ਦੇ ਨਾਮ ਤੋਂ ਬਿਨਾ ਸਾਡਾ ਜਨਮ ਸੰਸਾਰਿਕ ਕੰਮਾਂ ਵਿਚ ਵਿਅਰਥ ਚਲਾ ਜਾਂਦਾ ਹੈ। ਇੱਥੇ ਗੁਰੂ ਜੀ ਨੇ ਆਪਣੇ ਭਾਵ ਨੂੰ ਸਪੱਸ਼ਟ ਕਰਨ ਲਈ ਆਪਣੀ ਕਲਪਨਾ ਸ਼ਕਤੀ ਦਾ ਸਹਾਰਾ ਲੈ ਕੇ ਚੇਤਨ ਅਤੇ ਅਚੇਤਨ ਵਿਸ਼ੇ ਵਿਚ ਸਮਾਨਤਾ ਦਿਖਾਉਣ ਦਾ ਨਿਵੇਕਲਾ ਉਪਰਾਲਾ ਕੀਤਾ ਹੈ, ਜੋ ਕਿ ਉਪਚਾਰ ਵਕ੍ਰੋਕਤੀ ਨਾਲ ਸੰਬੰਧਿਤ ਹੈ।

ਜਿਉ ਅੰਧਕਾਰ ਦੀਪਕ ਪਰਗਾਸੁ॥

ਗੁਰਦਰਸਨੁ ਦੇਖਿ ਮਨਿ ਹੋਇ ਬਿਗਾਸੁ॥ (282)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਜਿਵੇਂ ਦੀਵੇ ਦੀ ਰੌਸ਼ਨੀ ਜਾਂ ਚਾਨਣ ਹਨੇਰੇ ਨੂੰ ਦੂਰ ਕਰਦੀ ਹੈ, ਠੀਕ ਉਸੇ ਤਰ੍ਹਾਂ ਹੀ ਸੱਚੇ ਗੁਰੂ ਦਾ ਦਰਸ਼ਨ-ਦੀਦਾਰ ਮਨੁੱਖ ਦੇ ਮਨ ਅੰਦਰ ਖਿੜਾਉ ਪੈਦਾ ਕਰਦਾ ਹੈ। ਇੱਥੇ ਗੁਰੁ ਜੀ ਨੇ ਹਾਜ਼ਰ (ਦੀਵੇ ਦੀ ਰੌਸ਼ਨੀ) ਤੇ ਗੈਰ-ਹਾਜ਼ਰ (ਮਨ ਦਾ ਖਿੜਾਉ) ਵਿਸ਼ੇ ਦੇ ਸਾਂਝੇ ਗੁਣਾਂ ਵਿਚ ਸਮਾਨਤਾ ਦਿਖਾਉਣ ਦਾ ਨਿਵੇਕਲਾ ਉਪਰਾਲਾ ਜਾਂ ਯਤਨ ਕੀਤਾ ਹੈ, ਜੋ ਕਿ ਉਪਚਾਰ ਵਕ੍ਰੋਕਤੀ ਨਾਲ ਸੰਬੰਧਿਤ ਹੈ।

ਚਾਦਨਾ ਚਾਦਨੁ ਆਂਗਨਿ ਪ੍ਰਭ ਜੀਉ ਅੰਤਰਿ ਚਾਦਨਾ॥ (1018)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨੇ ਕਲਪਨਾ ਸ਼ਕਤੀ ਦੁਆਰਾ ਅਮੂਰਤ ਵਿਚਾਰ ਨੂੰ ਸਮੂਰਤ ਵਿਚਾਰ ਰਾਹੀਂ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਲੋਕ ਇਸ ਸੰਸਾਰ ਵਿਚ ਖ਼ੁਸ਼ੀ ਦੇ ਮੌਕੇ ਤੇ ਘਰਾਂ ਵਿਚ ਦੀਵੇ ਬਾਲ ਕੇ ਚਾਨਣ ਕਰਦੇ ਹਨ, ਪਰੰਤੂ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦੇ ਨਾਮ ਦਾ ਚਾਨਣ ਹੋ ਜਾਣਾ ਸਭ ਚਾਨਣਾਂ ਨਾਲੋਂ ਵਧੀਆਂ ਚਾਨਣ ਹੈ। ਇੱਥੇ ਗੁਰੂ

ਜੀ ਨੇ ਹਾਜ਼ਰ ਜਾਂ ਚੇਤਨ (ਦੀਵੇ ਦਾ ਚਾਨਣ) ਤੇ ਗੈਰ-ਹਾਜ਼ਰ ਜਾਂ ਅਚੇਤਨ (ਪਰਮਾਤਮਾ ਦੇ ਨਾਮ ਦਾ ਚਾਨਣ) ਵਿਸ਼ੇ ਦੇ ਸਾਂਝੇ ਗੁਣਾਂ ਵਿਚ ਸਮਾਨਤਾ ਦਿਖਾਈ ਹੈ, ਜੋ ਕਿ ਉਪਚਾਰ ਵਕ੍ਰੋਕਤੀ ਨਾਲ ਸੰਬੰਧਿਤ ਹੈ।

ਤ੍ਰਿਖਾਵੰਤ ਜਲੁ ਪੀਵਤ ਠੰਡਾ ਤਿਉ ਹਰਿ ਸੰਗ ਇਹੁ ਮਨੁ ਭੀਨਾ ਜੀਉ॥ (100)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਜਿਵੇਂ ਕੋਈ ਤ੍ਰਿਹਾਇਆ ਮਨੁੱਖ ਠੰਡਾ ਪਾਣੀ ਪੀ ਕੇ ਖੁਸ਼ ਹੁੰਦਾ ਹੈ, ਠੀਕ ਉਸੇ ਤਰ੍ਹਾਂ ਹੀ ਇਹ ਮੇਰਾ ਮਨ ਉਸ ਪਰਮਾਤਮਾ ਜਾਂ ਪ੍ਰਭੂ ਦੇ ਦਰਸ਼ਨ-ਦੀਦਾਰ ਕਰਕੇ ਜਾਂ ਪ੍ਰਭੂ ਦੇ ਨਾਮ ਦਾ ਸਿਮਰਨ ਕਰਕੇ ਖੁਸ਼ੀ ਪ੍ਰਾਪਤ ਕਰਦਾ ਹੈ। ਇੱਥੇ ਗੁਰੂ ਜੀ ਨੇ ਹਾਜ਼ਰ (ਠੰਡੇ ਪਾਣੀ ਦੀ ਪਿਆਸ ਜਾਂ ਤ੍ਰੇਹ) ਤੇ ਗੈਰ-ਹਾਜ਼ਰ (ਪ੍ਰਭੂ ਪ੍ਰਾਪਤੀ ਦੀ ਪਿਆਸ) ਵਿਸ਼ੇ ਦੇ ਸਾਂਝੇ ਗੁਣਾਂ ਵਿਚ ਸਮਾਨਤਾ ਦਿਖਾਉਣ ਦਾ ਨਿਵੇਕਲਾ ਉਪਰਾਲਾ ਜਾਂ ਯਤਨ ਕੀਤਾ ਹੈ, ਜੋ ਕਿ ਉਪਚਾਰ ਵਕ੍ਰੋਕਤੀ ਨਾਲ ਸੰਬੰਧਿਤ ਹੈ।

IV. **ਵਿਸ਼ੇਸ਼ਣ ਵਕ੍ਰੋਕਤੀ** : ਜਿਹੜਾ ਸ਼ਬਦ ਕਿਸੇ ਨਾਂਵ ਜਾਂ ਪੜਨਾਂਵ ਦੀ ਕਿਸੇ ਕਿਸਮ ਦੀ ਵਿਸ਼ੇਸ਼ਤਾ ਪ੍ਰਗਟ ਕਰੇ, ਤਾਂ ਉਸ ਸ਼ਬਦ ਨੂੰ ਵਿਸ਼ੇਸ਼ਣ ਕਿਹਾ ਜਾਂਦਾ ਹੈ। ਜਦੋਂ ਕਵੀ ਕਾਵਿ ਜਾਂ ਕਵਿਤਾ ਵਿਚ ਕਿਸੇ ਵਿਸ਼ੇਸ਼ਣ ਦੀ ਵਰਤੋਂ ਦੁਆਰਾ ਕੋਈ ਚਮਤਕਾਰ ਪੈਦਾ ਕਰਨ ਦਾ ਨਿਵੇਕਲਾ ਉਪਰਾਲਾ ਜਾਂ ਯਤਨ ਕਰਦਾ ਹੈ ਤਾਂ ਉੱਥੇ ਵਿਸ਼ੇਸ਼ਣ ਵਕ੍ਰੋਕਤੀ ਹੁੰਦੀ ਹੈ। ਜਿੱਥੇ ਕਾਵਿ-ਰਚਨਾ ਵਿਚ ਵੱਡੇ-ਵੱਡੇ ਵਾਕ ਕਿਸੇ ਸੁਹਜ ਜਾਂ ਭਾਵ ਨੂੰ ਪ੍ਰਗਟ ਕਰਨ ਵਿਚ ਅਸਮਰਥ ਰਹਿੰਦੇ ਹਨ, ਉੱਥੇ ਨਿਕੇ-ਨਿਕੇ ਵਿਸ਼ੇਸ਼ਣਾਂ ਨਾਲ ਕਾਵਿ-ਰਚਨਾ ਵਿਚ ਸੁਹਜ ਦਾ ਖੇੜਾ ਫੈਲ ਜਾਂਦਾ ਹੈ। ਕਾਵਿ ਜਾਂ ਕਵਿਤਾ ਵਿਚ ਵਿਸ਼ੇਸ਼ਣ ਵਿਸ਼ੇ ਜਾਂ ਪ੍ਰਸੰਗ, ਰਸ, ਵਸਤੂ ਅਤੇ ਅਲੰਕਾਰ ਦੇ ਅਨੁਕੂਲ ਹੋਣਾ ਚਾਹੀਦਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਧਨਿ, ਪੂਰਾ, ਕਾਚੀ, ਅੰਮ੍ਰਿਤ, ਫਿਕਾ, ਚਾਰ, ਪੰਜ, ਬਹੁਤਾ, ਪਹਿਲਾ ਆਦਿ ਵਿਸ਼ੇਸ਼ਣ ਸ਼ਬਦਾਂ ਦੀ ਵਰਤੋਂ ਵਿਸ਼ੇਸ਼ਣ ਵਕ੍ਰੋਕਤੀ ਪੈਦਾ ਕਰਨ ਲਈ ਕੀਤੀ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਵਿਸ਼ੇਸ਼ਣ ਵਕ੍ਰੋਕਤੀ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਧਨਿ ਓਹੁ ਮਸਤਕੁ ਧਨੁ ਤੇਰੇ ਨੇਤ॥ (200)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਵਿਸ਼ੇ ਜਾਂ ਭਾਵ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਲਈ 'ਧਨਿ' ਜਾਂ 'ਧਨੁ' ਵਿਸ਼ੇਸ਼ਣ ਸ਼ਬਦ ਦੀ ਵਰਤੋਂ ਕੀਤੀ ਹੈ। ਗੁਰੁ ਅਰਜਨ ਦੇਵ ਜੀ ਦੇ ਅਨੁਸਾਰ ਉਹ ਮਸਤਕੁ ਜਾਂ ਮੱਥਾ ਭਾਗਾਂ ਵਾਲਾ ਹੈ ਜਿਹੜਾ ਉਸ ਪ੍ਰਭੂ ਜਾਂ ਪਰਮਾਤਮਾ ਦੇ ਦਰ 'ਤੇ ਝੁਕਦਾ ਜਾਂ ਨਿਉਂਦਾ ਹੈ ਅਤੇ ਉਹ ਅੱਖਾਂ ਜਾਂ ਨੇਤਰ ਵੀ ਭਾਗਾਂ ਵਾਲੀਆਂ ਹਨ ਜੋ ਉਸ ਪਰਮਾਤਮਾ ਦੇ ਦਰਸ਼ਨ-ਦੀਦਾਰ ਵਿਚ ਮਸਤ ਰਹਿੰਦੀਆਂ ਹਨ। ਇੱਥੇ ਗੁਰੁ ਅਰਜਨ ਦੇਵ ਜੀ ਨੇ ਵੱਖ-ਵੱਖ ਵਿਸ਼ੇਸ਼ਣ ਸ਼ਬਦਾਂ ਦੀ ਵਰਤੋਂ ਆਪਣੇ ਸਿਧਾਂਤ ਦੀ ਵਿਆਖਿਆ ਜਾਂ ਸਪੱਸ਼ਟੀਕਰਨ ਦੇ ਨਾਲ-ਨਾਲ ਉਸ ਸਿਧਾਂਤ ਦੀ ਵਰਤੋਂ ਤੋਂ ਪੈਦਾ ਹੋਣ ਵਾਲੇ ਕਮਾਲ, ਵਿਲੱਖਣਤਾ ਜਾਂ ਫਰਕ ਨੂੰ ਵੀ ਨਿਵੇਕਲੇ ਢੰਗ ਨਾਲ ਪ੍ਰਸਤੁਤ ਕਰਨ ਦਾ ਅਨੋਖਾ ਉਪਰਾਲਾ ਜਾਂ ਯਤਨ ਕੀਤਾ ਹੈ।

ਪੂਰਾ ਗੁਰੂ ਅਖੁਓ ਜਾ ਕਾ ਮੰਤ੍ਰ॥ (286)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ 'ਪੂਰਾ' ਵਿਸ਼ੇਸ਼ਣ ਸ਼ਬਦ ਦੀ ਵਰਤੋਂ ਪ੍ਰਭੂ ਜਾਂ ਪਰਮਾਤਮਾ ਦੇ ਮਹੱਤਵ ਨੂੰ ਸਮਝਾਉਣ ਲਈ ਕੀਤੀ ਹੈ। ਇੱਥੇ ਗੁਰੂ ਜੀ ਦੱਸਦੇ ਹਨ ਕਿ ਸਤਿਗੁਰੂ ਸੰਪੂਰਨ ਪੁਰਖ ਹੈ ਅਤੇ ਉਸ ਦਾ ਉਪਦੇਸ਼ ਸਦਾ ਲਈ ਅਟੱਲ ਹੈ।

ਕਾਚੀ ਗਾਗਰ ਸਰਪਰ ਫੂਟੈ॥ (254)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਨੇ 'ਕਾਚੀ' ਵਿਸ਼ੇਸ਼ਣ ਦੀ ਵਰਤੋਂ ਮਨੁੱਖੀ ਸਰੀਰ ਲਈ ਕੀਤੀ ਹੈ। ਇੱਥੇ ਗੁਰੂ ਜੀ ਮਨੁੱਖੀ ਸਰੀਰ ਦੀ ਤੁਲਨਾ ਮਿੱਟੀ ਦੇ ਬਣੇ ਕੱਚੇ ਘੜੇ ਨਾਲ ਕਰਦੇ ਹਨ, ਜਿਸ ਨੇ ਕਿਸੇ ਨਾ ਕਿਸੇ ਦਿਨ ਜ਼ਰੂਰ ਟੁੱਟਣਾ ਹੈ। ਇੱਥੇ ਗੁਰੂ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਸਪੱਸ਼ਟ ਕਰਨ ਲਈ ਵਿਸ਼ੇਸ਼ਣ ਵਕ੍ਰੋਕਤੀ ਦਾ ਸਹਾਰਾ ਲਿਆ ਹੈ।

ਚਾਰਿ ਪਦਾਰਥ ਜੇ ਕੋ ਮਾਗੈ॥ (265)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ 'ਚਾਰਿ' ਵਿਸ਼ੇਸ਼ਣ ਸ਼ਬਦ ਦੀ ਵਰਤੋਂ ਪਰਮਾਤਮਾ ਦੇ ਨਾਮ ਸਿਮਰਨ ਦੇ ਮਹੱਤਵ ਨੂੰ ਸਮਝਾਉਣ ਲਈ ਕੀਤੀ ਹੈ। ਇੱਥੇ ਗੁਰੂ ਜੀ ਦੱਸਦੇ ਹਨ ਕਿ ਜਿਸ ਵਿਅਕਤੀ ਨੂੰ ਧਰਮ, ਅਰਥ (ਧਨ ਦੌਲਤ), ਕਾਮ ਅਤੇ ਮੋਕਸ਼ ਵਰਗੇ ਚਾਰ ਪਦਾਰਥਾਂ ਦੀ ਇੱਛਾ ਹੈ ਤਾਂ ਉਹਨਾਂ ਨੂੰ ਸਾਧੂ-ਸੰਤਾਂ ਦੀ ਸੇਵਾ ਕਰਨੀ ਚਾਹੀਦੀ ਹੈ ਅਤੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ। ਇੱਥੇ ਗੁਰੂ ਜੀ ਨੇ ਆਮ ਲੋਕਾਂ ਨੂੰ ਸਿੱਧੇ ਰਸਤੇ 'ਤੇ ਪਾਉਣ ਲਈ ਚਾਰ ਪਦਾਰਥਾਂ ਦੀ ਵਰਤੋਂ ਕੀਤੀ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਵਿਸ਼ੇਸ਼ਣ ਵਕ੍ਰੋਕਤੀ ਨਾਲ ਸੰਬੰਧਿਤ ਹੇਠ ਲਿਖੀਆਂ ਵੱਖ-ਵੱਖ ਉਦਾਹਰਨਾਂ ਨੂੰ ਵੀ ਵਾਚਿਆ ਜਾਂ ਵਿਚਾਰਿਆ ਜਾ ਸਕਦਾ ਹੈ:

ਗੁਣ ਬੇਅੰਤ ਪ੍ਰਭ ਗਹਿਰ ਗੰਭੀਰੇ॥ (805)

'ਬੇਅੰਤ', 'ਗਹਿਰ' ਅਤੇ 'ਗੰਭੀਰ' ਵਿਸ਼ੇਸ਼ਣ ਸ਼ਬਦ

ਖਟੁ ਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ॥ (70)

'ਦੁਗੁਣੇ' ਵਿਸ਼ੇਸ਼ਣ ਸ਼ਬਦ

**V. ਸੰਵ੍ਰਿਤੀ ਵਕ੍ਰੋਕਤੀ** : ਸੰਵ੍ਰਿਤੀ ਸ਼ਬਦ ਦਾ ਅਰਥ ਹੈ - ਲੁਕਾਉਣਾ, ਛੁਪਾਉਣਾ, ਢੱਕਣਾ ਜਾਂ ਗੁਪਤ ਰੱਖਣਾ। ਜਦੋਂ ਕਵੀ ਕਵਿਤਾ ਜਾਂ ਕਾਵਿ ਵਿਚ ਕਿਸੇ ਭਾਵ ਜਾਂ ਕਥਨ ਨੂੰ ਸਪੱਸ਼ਟ ਜਾਂ ਸਰਲ ਕਹਿਣ ਦੀ ਬਜਾਏ ਕਿਸੇ ਇਸ਼ਾਰੇ ਜਾਂ ਰਮਜ਼ ਰਾਹੀਂ ਚਮਤਕਾਰੀ ਢੰਗ ਨਾਲ ਪ੍ਰਸਤੁਤ ਕਰਦਾ ਹੈ ਤਾਂ ਉੱਥੇ ਸੰਵ੍ਰਿਤੀ ਵਕ੍ਰੋਕਤੀ ਹੁੰਦੀ ਹੈ। ਕਿਸੇ ਬਹੁਤ ਸੋਹਣੀ ਵਸਤੂ ਜਾਂ ਕਥਨ ਦਾ ਵਰਨਣ ਭਾਵੇਂ ਸੰਭਵ ਹੋਵੇ ਪਰੰਤੂ ਸਪੱਸ਼ਟ ਜਾਂ ਸਾਖਿਆਤ ਵਰਨਣ ਨਾਲ ਉਸਦੀ ਖ਼ੂਬਸੂਰਤੀ ਸੀਮਿਤ ਹੋ ਜਾਵੇਗੀ ਉੱਥੇ ਉਸ ਵਸਤੂ ਜਾਂ ਕਥਨ ਨੂੰ ਲੁਕਾਉਣ-ਛਿਪਾਉਣ ਨਾਲ ਜਾਂ ਉਸ ਵੱਲ ਕੇਵਲ ਇਸ਼ਾਰਾ ਕਰਨ ਨਾਲ ਹੀ ਕਵਿਤਾ ਦੀ ਖ਼ੂਬਸੂਰਤੀ ਵਿਚ ਵਾਧਾ ਹੋ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਸੰਵ੍ਰਿਤੀ ਵਕ੍ਰੋਕਤੀ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ॥ (1347)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੀ ਗੱਲ ਜਾਂ ਭਾਵ ਨੂੰ ਸੰਵ੍ਰਿਤੀ ਵਕ੍ਰੋਕਤੀ ਰਾਹੀਂ ਭਾਵ ਕਿਸੇ ਇਸ਼ਾਰੇ ਜਾਂ ਰਮਜ਼ ਰਾਹੀਂ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਮਾਇਆ ਜਾਂ ਸੰਸਾਰਿਕ ਧਨ-ਦੌਲਤ ਦੀ ਤੁਲਨਾ ਸੱਪਣੀ ਨਾਲ ਕੀਤੀ ਹੈ। ਗੁਰੂ ਜੀ ਦੇ ਅਨੁਸਾਰ ਸੱਚੇ ਗੁਰੂ ਦੀ ਕਿਰਪਾ ਨਾਲ ਅਤੇ ਨਾਮ-ਸਿਮਰਨ ਦੁਆਰਾ ਛਲ, ਕਪਟ ਕਰਨ ਵਾਲੀ ਸੱਪਣੀ ਭਾਵ ਮਾਇਆ ਨਾਲ ਮੇਰਾ ਸੰਬੰਧ ਟੁੱਟ ਗਿਆ ਹੈ ਕਿਉਂਕਿ ਗੁਰੂ ਨੇ ਮੈਨੂੰ ਦੱਸ ਦਿੱਤਾ ਹੈ ਕਿ ਇਹ ਮਾਇਆ ਝੂਠੀ ਅਤੇ ਠੱਗੀ ਕਰਨ ਵਾਲੀ ਹੈ। ਇੱਥੇ ਅਰਜਨ ਦੇਵ ਜੀ ਨੇ ਆਪਣੀ ਗੱਲ ਜਾਂ ਭਾਵ ਨੂੰ ਸਪੱਸ਼ਟ ਢੰਗ ਨਾਲ ਪ੍ਰਸਤੁਤ ਕਰਨ ਦੀ ਬਜਾਏ ਵਿਅੰਗਮਈ ਢੰਗ ਨਾਲ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ।

ਸੋ ਪੰਡਿਤ ਜੋ ਮਨ ਪਰਬੋਧੈ॥

ਰਾਮਨਾਮ ਆਤਮ ਮਾਹਿ ਸੋਧੈ॥ (274)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੀ ਗੱਲ ਜਾਂ ਭਾਵ ਨੂੰ ਸਪੱਸ਼ਟ ਢੰਗ ਨਾਲ ਪ੍ਰਸਤੁਤ ਕਰਨ ਦੀ ਬਜਾਏ ਵਿਅੰਗਮਈ ਢੰਗ ਨਾਲ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ। ਜਿਵੇਂ 'ਪੰਡਿਤ' ਸ਼ਬਦ ਦਾ ਮੁਢਲਾ ਅਰਥ ਮੰਦਿਰ ਦਾ ਪੁਜਾਰੀ ਜਾਂ ਬ੍ਰਾਹਮਣ ਹੈ ਪਰੰਤੂ ਜੇਕਰ ਇੱਥੇ ਗੁਰਬਾਣੀ ਦੇ ਸੰਦਰਭ ਅਧੀਨ ਘੋਖੀਏ ਜਾਂ ਵਿਚਾਰੀਏ ਤਾਂ ਇੱਥੇ 'ਪੰਡਿਤ' ਸ਼ਬਦ ਦਾ ਅਰਥ ਵਿਦਵਾਨ, ਬੁੱਧੀਮਾਨ ਜਾਂ ਵਿਵੇਕੀ ਹੈ। ਗੁਰੂ ਜੀ ਅਨੁਸਾਰ ਪੰਡਿਤ ਉਸ ਵਿਅਕਤੀ ਨੂੰ ਕਿਹਾ ਜਾਂਦਾ ਹੈ ਜਿਸ ਨੂੰ ਸੱਚ ਅਤੇ ਝੂਠ ਦੀ ਪਰਖ ਹੈ, ਜਿਸ ਨੇ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਅਤੇ ਮਨ 'ਤੇ ਕਾਬੂ ਜਾਂ ਕੰਟਰੋਲ ਕਰ ਲਿਆ ਹੈ। ਗੁਰੂ ਜੀ ਅਨੁਸਾਰ ਸੱਚਾ ਪੰਡਿਤ ਉਹ ਹੈ ਜਿਸ ਨੇ ਪਰਮਾਤਮਾ ਦੇ ਨਾਮ ਸਿਮਰਨ ਦੁਆਰਾ ਆਪਣੀ ਆਤਮਾ ਨੂੰ ਸ਼ੁੱਧ ਕਰ ਲਿਆ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਗਿਆਨ

ਕੇਵਲ ਪੰਡਿਤ ਕੋਲ ਹੀ ਨਹੀਂ ਸਗੋਂ ਹਰ ਕਿਸੇ ਵਿਅਕਤੀ ਕੋਲ ਹੋ ਸਕਦਾ ਹੈ ਭਾਵੇਂ ਉਸ ਦਾ ਸੰਬੰਧ ਕਿਸੇ ਨੀਵੀਂ ਜਾਤਿ ਨਾਲ ਹੋਵੇ। ਇੱਥੇ 'ਰਾਮਨਾਮ' ਸ਼ਬਦ ਦਾ ਅਰਥ ਸ੍ਰੀ ਰਾਮ (ਹਿੰਦੂ ਧਰਮ) ਨਹੀਂ ਸਗੋਂ ਪ੍ਰਭੂ ਜਾਂ ਪਰਮਾਤਮਾ ਦਾ ਨਾਮ ਹੈ। ਇੱਥੇ ਗੁਰੂ ਜੀ ਦਾ ਮੁਖ ਮਨੋਰਥ ਕੇਵਲ ਆਪਣੇ ਵਿਸ਼ੇ ਨੂੰ ਵਚਿੱਤਰ, ਪ੍ਰਭਾਵਸ਼ਾਲੀ ਅਤੇ ਚਮਤਕਾਰੀ ਢੰਗ ਨਾਲ ਪ੍ਰਸਤੁਤ ਕਰਨਾ ਹੈ, ਜੋ ਕਿ ਸੰਵ੍ਰਿਤੀ ਵਕ੍ਰੋਕਤੀ ਨਾਲ ਸੰਬੰਧਿਤ ਹੈ।

ਰਤਨੁ ਤਿਆਗਿ ਕਉਡੀ ਸੰਗਿ ਰਚੈ॥

ਸਾਚੁ ਛੋਡਿ ਝੂਠ ਸੰਗਿ ਮਚੈ॥

...........................

ਚੰਦਨ ਲੇਪੁ ਉਤਾਰੈ ਧੋਇ॥

ਗਰਧਬ ਪ੍ਰੀਤਿ ਭਸਮ ਸੰਗਿ ਹੋਇ॥ (266)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਕਥਨ (ਸੰਕਲਪ) ਨੂੰ ਸਪੱਸ਼ਟ ਜਾਂ ਸਰਲ ਕਹਿਣ ਦੀ ਬਜਾਏ ਕਿਸੇ ਇਸ਼ਾਰੇ ਜਾਂ ਰਮਜ਼ ਰਾਹੀਂ ਚਮਤਕਾਰੀ ਢੰਗ ਨਾਲ ਪ੍ਰਸਤੁਤ ਕਰਨ ਦਾ ਅਨੋਖਾ ਜਾਂ ਨਿਵੇਕਲਾ ਉਪਰਾਲਾ ਕੀਤਾ ਹੈ। ਇੱਥੇ 'ਰਤਨ' ਸ਼ਬਦ ਦੇ ਮੁਢਲੇ ਅਰਥ ਸੋਨੇ ਚਾਂਦੀ ਦੇ ਸਿੱਕਿਆਂ ਨੂੰ ਨਹੀਂ ਬਲਕਿ ਪਰਮਾਤਮਾ ਦੇ ਨਾਮ ਨੂੰ ਰਤਨ ਕਿਹਾ ਗਿਆ ਹੈ ਅਤੇ 'ਕਉਡੀ' ਸ਼ਬਦ ਦੇ ਮੁਢਲੇ ਅਰਥ ਘੱਟ ਕੀਮਤ ਵਾਲੀਆਂ ਵਸਤੂਆਂ ਨਹੀਂ ਬਲਕਿ ਸੰਸਾਰਿਕ ਧਨ ਦੌਲਤ ਨੂੰ ਕਿਹਾ ਗਿਆ ਹੈ, ਕਿਉਂਕਿ ਜਿਸ ਧਨ-ਦੌਲਤ ਨੂੰ ਮਨੁੱਖ ਨੇ ਇੱਥੇ ਹੀ ਛੱਡ ਜਾਣਾ ਹੈ ਉਸ ਨੂੰ ਇੱਕਠਾ ਕਰਨ ਲਈ ਉਹ ਸਖ਼ਤ ਮਿਹਨਤ ਕਰ ਰਿਹਾ ਹੈ। ਇੱਥੇ 'ਚੰਦਨ' ਸ਼ਬਦ ਦਾ ਮੁਢਲਾ ਅਰਥ ਚੰਦਨ ਦੇ ਲੇਪ ਤੋਂ ਨਹੀਂ ਹੈ ਬਲਕਿ ਸੰਸਾਰਿਕ ਧਨ-ਦੌਲਤ ਨੂੰ ਕਿਹਾ ਗਿਆ ਹੈ ਅਤੇ 'ਗਰਧਬ' ਸ਼ਬਦ ਦਾ ਮੁਢਲਾ ਅਰਥ ਗਧਾ ਜਾਂ ਖੋਤਾ ਨਹੀਂ ਬਲਕਿ ਮਨਮੁਖ ਵਿਅਕਤੀ ਨੂੰ ਗਰਧਬ ਜਾਂ ਖੋਤਾ ਕਿਹਾ ਗਿਆ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਸੰਵ੍ਰਿਤੀ ਵਕ੍ਰੋਕਤੀ ਨਾਲ ਸੰਬੰਧਿਤ ਹੇਠ ਲਿਖੀਆਂ ਹੋਰ ਉਦਾਹਰਨਾਂ ਨੂੰ ਵੀ ਵਿਚਾਰਿਆ ਜਾ ਸਕਦਾ ਹੈ:

ਅੰਧ ਕੂਪ ਮਹਾ ਭਇਆਨ ਨਾਨਕ ਪਾਰਿ ਉਤਾਰ॥ (1273)

ਅੰਧ ਕੂਪ - ਅੰਨ੍ਹਾ ਖੂਹ (ਸੰਸਾਰ)

ਬਿਰਖੈ ਹੇਠਿ ਸਭਿ ਜੰਤ ਇਕਠੇ॥ (1019)

ਬਿਰਖੈ ਹੇਠਿ - ਆਕਾਸ਼ ਰੂਪੀ ਰੁੱਖ

ਕਾਚੀ ਗਾਗਰਿ ਸਰਪਰ ਫੂਟੈ॥ (254)

ਕਾਚੀ ਗਾਗਰਿ - ਕੱਚਾ ਘੜਾ

ਬਟਾਊ ਸਿਉ ਜੋ ਲਾਵੈ ਨੇਹ॥ (268)

ਬਟਾਊ - ਮੁਸਾਫ਼ਿਰ - ਮਨੁੱਖਾ ਜੀਵਨ

VI. **ਵ੍ਰਿਤੀ ਵਕ੍ਰੋਕਤੀ** : ਜਦੋਂ ਕਵੀ ਕਵਿਤਾ ਜਾਂ ਕਾਵਿ ਵਿਚ ਆਪਣੇ ਭਾਵ ਨੂੰ ਪ੍ਰਗਟ ਜਾਂ ਸਪੱਸ਼ਟ ਕਰਨ ਲਈ ਅਤੇ ਵਿਚਿਤ੍ਰਤਾ ਜਾਂ ਵਿਲੱਖਣਤਾ ਪੈਦਾ ਕਰਨ ਲਈ ਨਵੇਂ-ਨਵੇਂ ਸ਼ਬਦਾਂ ਦਾ ਪ੍ਰਯੋਗ ਕਰਦਾ ਹੈ ਤਾਂ ਉੱਥੇ ਵ੍ਰਿਤੀ ਵਕ੍ਰੋਕਤੀ ਹੁੰਦੀ ਹੈ। ਨਵੇਂ ਸ਼ਬਦ ਵਿਚਿਤਰ ਹੋਣ ਕਰਕੇ ਸਰੋਤਿਆਂ ਜਾਂ ਪਾਠਕਾਂ ਦੀ ਸੰਵੇਦਨਾ ਵਿਚ ਝੁਣਝੁਣੀ ਪੈਦਾ ਕਰਨ ਦੇ ਸਮਰਥ ਹੁੰਦੇ ਹਨ। ਪੰਜਾਬੀ ਭਾਸ਼ਾ ਵਿਚ ਕਵੀ ਨਾਵਾਂ ਦੇ ਕਿਰਿਆ ਰੂਪਾਂ ਦੀ ਸਹਾਇਤਾ ਨਾਲ ਨਵੇਂ-ਨਵੇਂ ਸ਼ਬਦ ਬਣਾਉਂਦੇ ਹਨ ਜਿਵੇਂ ਆਪਣਾ ਤੋਂ ਅਪਣਾਉਣਾ, ਪਿਆਰ ਤੋਂ ਪਿਆਰਨਾ, ਜਗਮਗ ਤੋਂ ਜਗਮਗਗਾਉਣਾ, ਗਰਮ ਤੋਂ ਗਰਮਾਉਣਾ, ਸ਼ਹਿਰ ਤੋਂ ਸ਼ਹਿਰੀਕਰਣ, ਰਾਸ਼ਟਰ ਤੋਂ ਰਾਸ਼ਟਰੀਕਰਣ ਆਦਿ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਮੂਲ-ਸ਼ਬਦ ਤੋਂ ਨਵੇਂ-ਨਵੇਂ ਸ਼ਬਦਾਂ ਦੀ ਰਚਨਾ ਕੀਤੀ ਹੈ। ਜਿਵੇਂ ਮੂਲ-ਸ਼ਬਦ 'ਘਰ' ਤੋਂ (ਬੇਘਰ, ਨਿਘਰ, ਘਰੋਗੀ, ਘਰੇਲੂ, ਘਰਾਣਾ ਆਦਿ), ਮੂਲ-ਸ਼ਬਦ 'ਧਨ' ਤੋਂ (ਨਿਰਧਨ, ਧਨੀ, ਧਨਵਾਨ, ਧਨਵੰਤ, ਧਨਹੀਣ ਆਦਿ) ਅਤੇ ਮੂਲ-ਸ਼ਬਦ

'ਰੋਗ' ਤੋਂ (ਅਰੋਗ, ਨਿਰੋਗ, ਰੋਗੀ, ਅਰੋਗਤਾ ਆਦਿ)। ਗੁਰੂ ਅਰਜਨ ਜੀ ਦੀ ਗੁਰਬਾਣੀ ਵਿਚੋਂ ਵ੍ਰਿਤੀ ਵਕ੍ਰੋਕਤੀ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

ਓਹੁ ਧਨਵੰਤੁ ਕੁਲਵੰਤ ਪਤਿਵੰਤੁ॥ (293)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਲਈ ਮੂਲ-ਸ਼ਬਦਾਂ ਤੋਂ ਨਵੇਂ-ਨਵੇਂ ਸ਼ਬਦ ਬਣਾਉਣ ਦਾ ਅਨੋਖਾ ਉਪਰਾਲਾ ਕੀਤਾ ਹੈ। ਜਿਵੇਂ 'ਧਨ' ਤੋਂ 'ਧਨਵੰਤੁ', 'ਕੁਲ' ਤੋਂ 'ਕੁਲਵੰਤੁ' ਅਤੇ 'ਪਤਿ' ਤੋਂ 'ਪਤਿਵੰਤੁ'। ਇੱਥੇ ਗੁਰੂ ਅਰਜਨ ਦੇਵ ਜੀ ਦਾ ਮੁਖ ਮਨੋਰਥ ਜਾਂ ਉਦੇਸ਼ ਆਪਣੇ ਭਾਵ ਜਾਂ ਸੰਕਲਪ ਨੂੰ ਨਿਵੇਕਲੇ ਢੰਗ ਰਾਹੀਂ ਪ੍ਰਸਤੁਤ ਕਰਨ ਲਈ ਨਵੇਂ-ਨਵੇਂ ਸ਼ਬਦਾਂ ਦੀ ਵਰਤੋਂ ਦੇ ਨਾਲ ਪੈਦਾ ਹੋਣ ਵਾਲੀ ਵਿਲੱਖਣਤਾ ਜਾਂ ਪ੍ਰਭਾਵਸ਼ੀਲਤਾ ਨੂੰ ਪ੍ਰਸਤੁਤ ਕਰਨ ਦਾ ਅਨੋਖਾ ਉਪਰਾਲਾ ਕੀਤਾ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਵ੍ਰਿਤੀ ਵਕ੍ਰੋਕਤੀ ਨਾਲ ਸੰਬੰਧਿਤ ਵੱਖ-ਵੱਖ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

ਗਾਵਤ ਸੁਨਤ ਜਪਤ ਉਧਾਰੈ ਬਰਨ ਅਬਰਨਾ ਸਭਹੂੰ॥ (529)

'ਬਰਨ' 'ਅਬਰਨਾ'

ਜਉ ਲਉ ਭਾਉ ਅਭਾਉ ਇਹੁ ਮਾਨੈ ਤਉ ਲਉ ਮਿਲਣੁ ਦੂਰਾਈ॥ (609)

'ਭਾਉ' 'ਅਭਾਉ'

ਰੂਪੁ ਅਨਰੂਪੁ ਮੋਰੋ ਕਛੁ ਨ ਬੀਚਾਰਿਓ॥ (716)

'ਰੂਪੁ' 'ਅਨਰੂਪੁ'

ਸਤਿ ਹੋਤਾ ਅਸਤਿ ਕਰਿ ਮਾਨਿਆ ਜੋ ਬਿਨਸਤ ਸੋ ਨਿਹਚਲੁ ਜਾਨਥ॥ (529)

'ਸਤਿ' 'ਅਸਤਿ'

ਮੋਹਿ ਅਵਗਨ ਪ੍ਰਭੁ ਸਦਾ ਦਇਆਲਾ ਮੋਹਿ ਨਿਰਗੁਨਿ ਕਿਆ ਚਤੁਰਾਈ॥

ਕਰਉ ਬਰਾਬਰਿ ਜੋ ਪ੍ਰਿਅ ਸੰਤਿ ਰਾਤੀ ਇਹ ਹਉਮੈ ਕੀ ਢੀਠਾਈ॥ (1267)

'ਚਤੁਰ' ਤੋਂ 'ਚਤੁਰਾਈ', 'ਢੀਠ' ਤੋਂ 'ਢੀਠਾਈ'

ਜੋ ਜਨ ਕਰੈ ਕੀਰਤਨੁ ਗੋਪਾਲ॥ (867)

'ਕੀਰਤ' ਤੋਂ 'ਕੀਰਤਨੁ'

ਜੋ ਨਿੰਦੈ ਤਿਸ ਕਾ ਪਤਨੁ ਹੋਇ॥ (867)

'ਪਤ' ਤੋਂ 'ਪਤਨੁ'

ਪਾਰਬ੍ਰਹਮਿ ਖਸਮਾਨਾ ਕੀਆ ਜਿਸ ਦੀ ਵਡੀ ਵਡਿਆਈ ਰਾਮ॥ (783)

'ਖਸਮ' ਤੋਂ 'ਖਸਮਾਨਾ'

ਪ੍ਰਭੁ ਘਰਿ ਆਇਅੜਾ ਗੁਰ ਚਰਣੀ ਲਾਗੀ ਰਾਮ॥ (846)

'ਆਇਆ' ਤੋਂ 'ਆਇਅੜਾ'

VII. **ਲਿੰਗ ਵਕ੍ਰੋਕਤੀ** : ਪੰਜਾਬੀ ਵਿਆਕਰਨ ਵਿਚ ਮਰਦ ਅਤੇ ਔਰਤ ਲਈ ਲਿੰਗ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਸੰਸਕ੍ਰਿਤ ਭਾਸ਼ਾ ਵਿਚ ਲਿੰਗ ਦੀਆਂ ਤਿੰਨ ਕਿਸਮਾਂ (ਪੁਲਿੰਗ, ਇਸਤਰੀ ਲਿੰਗ ਅਤੇ ਨਪੁੰਸਕ ਲਿੰਗ) ਹੁੰਦੀਆਂ ਹਨ, ਪਰੰਤੂ ਪੰਜਾਬੀ ਭਾਸ਼ਾ ਵਿਚ ਲਿੰਗ ਦੀਆਂ ਕੇਵਲ ਦੋ ਕਿਸਮਾਂ ਹੀ ਮੰਨੀਆਂ ਜਾਂਦੀਆਂ ਹਨ - ਪੁਲਿੰਗ (ਮਰਦ) ਅਤੇ ਇਸਤਰੀ ਲਿੰਗ (ਔਰਤ)। ਜਦੋਂ ਕਵੀ ਆਪਣੀ ਕਵਿਤਾ ਵਿਚ ਕਿਸੇ ਕੋਮਲ ਜਾਂ ਨਾਜ਼ੁਕ ਭਾਵਨਾ ਨੂੰ ਪ੍ਰਗਟ ਕਰਨ ਲਈ ਇਸਤਰੀ ਲਿੰਗ ਦੀ ਵਰਤੋਂ ਕਰਦਾ ਹੈ ਤਾਂ ਉੱਥੇ ਲਿੰਗ ਵਕ੍ਰੋਕਤੀ

ਹੁੰਦੀ ਹੈ। ਆਮ ਤੌਰ ਤੇ ਜਿਆਦਾਤਰ ਕਵੀ ਆਪਣੀ ਕਵਿਤਾ ਵਿਚ ਇਸਤਰੀ ਲਿੰਗ ਦੀ ਵਰਤੋਂ ਕਰਦੇ ਹਨ ਕਿਉਂਕਿ ਇਸਤਰੀ ਜਾਂ ਨਾਰੀ ਕੋਮਲ ਭਾਵਨਾ ਦੀ ਮੂਰਤ ਮੰਨੀ ਜਾਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਝ ਸ਼ਬਦ ਅਜਿਹੇ ਹਨ, ਜਿੰਨ੍ਹਾਂ ਦਾ ਰੂਪ ਤਾਂ ਪੁਲਿੰਗ ਵਾਲਾ ਹੈ, ਪਰੰਤੂ ਵਰਤੋਂ ਵਿਚ ਉਹ ਇਸਤਰੀ ਲਿੰਗ ਹਨ। ਜਿਵੇਂ : ਅੰਸੁ, ਸਾਸੁ, ਹਿੰਙੁ, ਕਫੁ, ਕਲਤ੍ਰੁ, ਖਾਕੁ, ਖਾਂਡੁ, ਖੜ, ਚਿੰਜੁ, ਛਾਰੁ, ਜਿੰਦੁ, ਜਰੁ, ਧੇਣੁ, ਪਉਣੁ, ਬਸਤੁ, ਬਿਖੁ, ਬੇਨੁ, ਮੁਸਕਲੁ, ਮਲੁ, ਰੇਣੁ, ਰਕਤੁ, ਰਤੁ, ਰੇਤੁ, ਲਾਜੁ, ਵਾਉ, ਵਸਤੁ ਆਦਿ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਆਪਣੇ ਭਾਵ ਜਾਂ ਸੰਕਲਪ ਨੂੰ ਪ੍ਰਸਤੁਤ ਕਰਨ ਲਈ ਵੱਖ-ਵੱਖ ਇਸਤਰੀ ਲਿੰਗ ਸ਼ਬਦਾਂ ਦੀ ਵਰਤੋਂ ਕੀਤੀ ਹੈ, ਜਿਸ ਨਾਲ ਸੰਬੰਧਿਤ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥ (133)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੁ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਪ੍ਰਗਟ ਕਰਨ ਲਈ 'ਧੇਨੁ' ਇਸਤਰੀ ਲਿੰਗ ਸ਼ਬਦ ਦੀ ਵਰਤੋਂ ਕੀਤੀ ਹੈ। ਇੱਥੇ 'ਧੇਨੁ' ਸ਼ਬਦ ਦਾ ਅਰਥ ਹੈ -ਗਾਂ ਜਾਂ ਗਊ। ਗੁਰੁ ਜੀ ਦੇ ਅਨੁਸਾਰ  ਇਸ ਸੰਸਾਰ ਵਿਚ ਉਸ ਪਰਮਾਤਮਾ ਜਾਂ ਪ੍ਰਭੂ ਦੇ ਨਾਮ ਤੋਂ ਬਿਨਾ ਸਾਡਾ ਇਹ ਜੀਵਨ ਵਿਅਰਥ ਚਲਾ ਜਾਂਦਾ ਹੈ। ਇੱਥੇ ਗੁਰੁ ਅਰਜਨ ਦੇਵ ਜੀ ਨੇ 'ਨਾਮ-ਸਿਮਰਨ' ਦੇ ਭਾਵ ਨੂੰ ਵਧੇਰੇ ਸਪੱਸ਼ਟ ਕਰਨ ਲਈ 'ਧੇਨੁ' ਇਸਤਰੀ-ਲਿੰਗ ਸ਼ਬਦ ਦੀ ਵਰਤੋਂ ਕੀਤੀ ਹੈ।

ਸਾਬਤੁ ਪੂੰਜੀ ਸਤਿਗੁਰਿ ਸੰਗਿ॥ (371)

ਉਪਰੋਕਤ ਕਾਵਿ-ਸਤਰ ਵਿਚ ਗੁਰੁ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਪ੍ਰਗਟ ਕਰਨ ਲਈ 'ਪੂੰਜੀ' ਇਸਤਰੀ ਲਿੰਗ ਸ਼ਬਦ ਦੀ ਵਰਤੋਂ ਕੀਤੀ ਹੈ। ਇੱਥੇ 'ਪੂੰਜੀ' ਸ਼ਬਦ ਦਾ ਅਰਥ ਹੈ - ਆਤਮਕ ਜੀਵਨ ਦੀ ਧਨ-ਦੌਲਤ। ਗੁਰੁ ਜੀ ਦੇ ਅਨੁਸਾਰ ਗੁਰੁ ਦੀ ਸੰਗਤ ਕਰਨ ਨਾਲ ਆਤਮਕ ਜੀਵਨ ਦੀ ਰਾਸਿ ਜਾਂ ਸਰਮਾਇਆ ਸਾਰੇ ਦਾ ਸਾਰਾ ਬਚਿਆ ਰਹਿ ਸਕਦਾ ਹੈ।

ਸਸੁ ਵਿਰਾਇਣ ਨਾਨਕ ਜੀਉ ਸਸੁਰਾ ਵਾਦੀ ਜੇਠੋ ਪਉ ਪਉ ਲੂਹੈ॥ (963)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਨੂੰ ਸਪੱਸ਼ਟ ਅਤੇ ਪ੍ਰਸਤੁਤ ਕਰਨ ਲਈ 'ਸਸੁ' ਇਸਤਰੀ ਲਿੰਗ ਸ਼ਬਦ ਦੀ ਵਰਤੋਂ ਕੀਤੀ ਹੈ। ਗੁਰੂ ਜੀ ਦੇ ਅਨੁਸਾਰ ਅਵਿੱਦਿਆ (ਸਸੁ) ਜੀਵ-ਇਸਤਰੀ ਦੀ ਵੈਰਨ ਹੈ, ਕਿਉਂਕਿ ਸਰੀਰ ਦਾ ਮੋਹ ਉਸ ਤੋਂ ਹਰ ਰੋਜ ਕੁਝ ਖਾਣ ਨੂੰ ਮੰਗਦਾ ਹੈ ਪਰੰਤੂ ਮੌਤ ਦਾ ਡਰ ਉਸ ਨੂੰ ਹਰ ਰੋਜ ਦੁਖੀ ਕਰਦਾ ਹੈ। ਇੱਥੇ ਗੁਰੂ ਜੀ ਨੇ ਲਿੰਗ ਵਕ੍ਰੋਕਤੀ ਦੀ ਵਰਤੋਂ ਕਰਦੇ ਹੋਏ ਗੁਰਬਾਣੀ ਵਿਚ ਕਿਸੇ ਕੋਮਲ ਜਾਂ ਨਾਜ਼ੁਕ ਭਾਵਨਾ ਨੂੰ ਪ੍ਰਗਟ ਕਰਨ ਲਈ ਇਸਤਰੀ ਲਿੰਗ ਦੀ ਵਰਤੋਂ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਲਿੰਗ ਵਕ੍ਰੋਕਤੀ ਨਾਲ ਸੰਬੰਧਿਤ ਵੱਖ-ਵੱਖ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਜਿਉ ਜਲ ਤਰੰਗ ਫੇਨੁ ਜਲ ਹੋਈ ਹੈ ਸੇਵਕ ਠਾਕੁਰ ਭਏ ਏਕਾ॥ (1209)

'ਫੇਨੁ' ਇਸਤਰੀ-ਲਿੰਗ ਸ਼ਬਦ - ਪਾਣੀ ਦੀ ਝੱਗ

ਜਨਮ ਜਨਮ ਕੀ ਦੁਰਮਤਿ ਮਲੁ ਜਾਇ॥ (897)

'ਮਲੁ' ਇਸਤਰੀ-ਲਿੰਗ ਸ਼ਬਦ

ਰੇਨੁ ਸੰਤਨ ਕੀ ਮੇਰੈ ਮੁਖਿ ਲਾਗੀ॥ (99)

'ਰੇਨੁ' ਇਸਤਰੀ-ਲਿੰਗ ਸ਼ਬਦ - ਚਰਨ-ਧੂੜ

ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ॥ (819)

'ਵਾਉ' ਇਸਤਰੀ-ਲਿੰਗ ਸ਼ਬਦ - ਹਵਾ

ਮਿਰਤੁ ਹਸੈ ਸਿਰ ਊਪਰੇ ਪਸੂਆ ਨਹੀ ਬੂਝੈ॥ (809)

'ਮਿਰਤੁ' ਇਸਤਰੀ-ਲਿੰਗ ਸ਼ਬਦ - ਮੌਤ

**VIII. ਕਿਰਿਆ ਵਕ੍ਰੋਕਤੀ** : ਅੰਗਰੇਜ਼ੀ ਭਾਸ਼ਾ ਵਿਚ 'ਕਿਰਿਆ' ਸ਼ਬਦ ਲਈ 'Verb' ਸ਼ਬਦ ਵਰਤਿਆ ਜਾਂਦਾ ਹੈ। ਪੰਜਾਬੀ ਵਿਆਕਰਨ ਵਿਚ ਉਹ ਸ਼ਬਦ ਜਿਸ ਤੋਂ ਕਿਸੇ ਕੰਮ ਦੇ ਹੋਣ ਜਾਂ ਕਰਨ ਦਾ ਪਤਾ ਚੱਲੇ, ਉਸ ਨੂੰ ਕਿਰਿਆ ਕਿਹਾ ਜਾਂਦਾ ਹੈ। ਜਦੋਂ ਕਵੀ ਆਪਣੀ ਕਾਵਿ-ਰਚਨਾ ਵਿਚ ਕਿਸੇ ਸਮੂਰਤ ਜਾਂ ਅਮੂਰਤ ਭਾਵ ਨੂੰ ਪ੍ਰਗਟ ਕਰਨ ਲਈ ਅਤੇ ਅਰਥ ਵਿਚ ਵਿਚਿਤਰਤਾ ਪ੍ਰਸਤੁਤ ਕਰਨ ਲਈ ਕਿਰਿਆ ਨਾਲ ਸੰਬੰਧਿਤ ਸ਼ਬਦਾਂ ਦਾ ਸਹਾਰਾ ਲੈਂਦਾ ਹੈ ਤਾਂ ਉੱਥੇ ਕਿਰਿਆ ਵਕ੍ਰੋਕਤੀ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਚੁਗਹਿ, ਪੇਖਹ, ਧਿਆਵਹੇ, ਪਾਇਨੀ, ਕਰਹੁ, ਕਰਉ, ਪੁਕਾਰੀ, ਜਾਣਇ, ਮਾਣਇ, ਦੇਇ, ਲੇਇ, ਥੀਵਈ, ਹੋਵਈ, ਚਲਈ ਆਦਿ ਕਿਰਿਆ ਨਾਲ ਸੰਬੰਧਿਤ ਵੱਖ-ਵੱਖ ਸ਼ਬਦਾਂ ਦੀ ਵਰਤੋਂ ਕੀਤੀ ਹੈ, ਜਿੰਨ੍ਹਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

> ਬਸਇ ਕਰੋਧੁ ਸਰੀਰਿ ਚੰਡਾਰਾ॥ (759)

'ਬਸਇ' ਕਿਰਿਆ ਸ਼ਬਦ - ਵੱਸਦਾ ਹੈ।

> ਹਰਿ ਆਪੇ ਲਏ ਮਿਲਾਇ ਕਿਉ ਵਿਛੋੜਾ ਥੀਵਈ ਬਲਿਰਾਮ ਜੀਉ॥ (778)

'ਥੀਵਈ' ਕਿਰਿਆ ਸ਼ਬਦ - ਹੁੰਦਾ ਹੈ।

> ਕਰਨੈਹਾਰ ਨ ਬੂਝਈ ਆਪੁ ਗਨੈ ਬਿਗਾਨਾ॥ (813)

'ਬੂਝਈ' ਕਿਰਿਆ ਸ਼ਬਦ - ਸਮਝਣਾ।

> ਤੰਤੁ ਮੰਤੁ ਨ ਜੋਹਈ ਤਿਤੁ ਚਾਖੁ ਨ ਲਾਗੈ॥ (817)

'ਜੋਹਈ' ਕਿਰਿਆ ਸ਼ਬਦ - ਅਸਰ ਕਰਨਾ।

ਉਚਰਤ ਗੁਨ ਗੋਪਾਲ ਜਸੁ ਦੂਰ ਤੇ ਜਮੁ ਭਾਗੈ॥ (817)

'ਭਾਗੈ' ਕਿਰਿਆ ਸ਼ਬਦ - ਭੱਜਦਾ ਹੈ।

ਬਿਨਵੰਤਿ ਨਾਨਕੁ ਸਦਾ ਤ੍ਰਿਪਤੇ ਹਰਿ ਨਾਮੁ ਭੋਜਨੁ ਖਾਇਆ॥ (705)

'ਬਿਨਵੰਤਿ' ਕਿਰਿਆ ਸ਼ਬਦ - ਬੇਨਤੀ ਕਰਨਾ।

ਜਾ ਕਉ ਗੁਰੁ ਹਰਿ ਮੰਤ੍ਰੁ ਦੇ॥ (211)

'ਦੇ' ਕਿਰਿਆ ਸ਼ਬਦ - ਦੇਂਦਾ ਹੈ।

ਕਿਲਵਿਖ ਉਤਰਹਿ ਸੁਧੁ ਹੋਇ ਸਾਧੂ ਸਰਣਾਈ॥ (214)

'ਉਤਰਹਿ' ਕਿਰਿਆ ਸ਼ਬਦ - ਉਤਰਦੇ ਹਨ।

3. **ਪਿਛੇਤਰਾਂ 'ਤੇ ਆਧਾਰਿਤ ਵਕ੍ਰੋਕਤੀ** : ਕੁੰਤਕ ਦੀ ਸ਼ਬਦਾਵਲੀ ਵਿਚ ਪਿਛੇਤਰਾਂ 'ਤੇ ਆਧਾਰਿਤ ਵਕ੍ਰੋਕਤੀ ਨੂੰ 'ਪਦ-ਪਰਾਰਧ ਵਕ੍ਰਤਾ' ਕਿਹਾ ਜਾਂਦਾ ਸੀ। ਜਦੋਂ ਕਵੀ ਆਪਣੀ ਕਾਵਿ-ਰਚਨਾ ਵਿਚ ਪਿਛੇਤਰਾਂ ਜਾਂ ਪਰਸਰਗਾਂ ਦੀ ਵਰਤੋਂ ਕਰਕੇ ਕੋਈ ਵਿਲੱਖਣਤਾ ਜਾਂ ਅਨੋਖਾਪਨ ਪੈਦਾ ਕਰਦਾ ਹੈ ਤਾਂ ਉੱਥੇ ਪਿਛੇਤਰਾਂ 'ਤੇ ਆਧਾਰਿਤ ਵਕ੍ਰੋਕਤੀ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਬਹੁਤ ਸਾਰੇ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ, ਜਿੰਨ੍ਹਾਂ ਦੀ ਸਿਰਜਨਾ ਪਿਛੇਤਰਾਂ ਦੀ ਸਹਾਇਤਾ ਨਾਲ ਕੀਤੀ ਗਈ ਹੈ:

ਜਉ ਲਉ ਹਉ ਕਿਛੁ ਸੋਚਉ ਚਿਤਵਉ ਤਉ ਲਉ ਦੁਖਨੁ ਭਰੇ॥ (214)

ਓਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਜੀ ਨੇ 'ਉ' ਪਿਛੇਤਰ ਦੀ ਸਹਾਇਤਾ ਨਾਲ ਜਉ, ਲਉ, ਹਉ, ਸੋਚਉ, ਚਿਤਵਉ, ਤਉ, ਲਉ ਆਦਿ ਨਵੇਂ-ਨਵੇਂ ਸ਼ਬਦਾਂ ਦੀ ਉਤਪਤੀ ਕੀਤੀ ਹੈ। ਇੱਥੇ ਗੁਰੂ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਵਧੇਰੇ ਸਪੱਸ਼ਟ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਪਿਛੇਤਰਾਂ ਦੀ ਸਹਾਇਤਾ ਨਾਲ

ਨਵੇਂ-ਨਵੇਂ ਸ਼ਬਦਾਂ ਦੀ ਉਤਪਤੀ ਕਰਕੇ ਕਵਿਤਾ ਵਿਚ ਵਿਲੱਖਣਤਾ ਜਾਂ ਅਨੋਖਾਪਨ ਪੈਦਾ ਕਰਨ ਪੈਦਾ ਕਰਨ ਦਾ ਉਪਰਾਲਾ ਕੀਤਾ ਹੈ।

ਸਾਧ ਕੈ ਸੰਗਿ ਪਾਏ ਨਾਮ ਰਤਨੁ॥

ਸਾਧ ਕੈ ਸੰਗਿ ਏਕ ਊਪਰਿ ਜਤਨੁ॥ (271)

ਓਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਜੀ ਨੇ 'ਨੁ' ਪਿਛੇਤਰ ਦੀ ਸਹਾਇਤਾ ਨਾਲ ਰਤਨੁ, ਜਤਨੁ ਆਦਿ ਨਵੇਂ-ਨਵੇਂ ਸ਼ਬਦਾਂ ਦੀ ਸਿਰਜਨਾ ਕੀਤੀ ਹੈ। ਇੱਥੇ ਗੁਰੂ ਜੀ ਨੇ ਪਿਛੇਤਰਾਂ ਦੀ ਸਹਾਇਤਾ ਨਾਲ ਨਵੇਂ-ਨਵੇਂ ਸ਼ਬਦਾਂ ਦੀ ਉਤਪਤੀ ਕੇਵਲ ਕਵਿਤਾ ਵਿਚ ਵਿਲੱਖਣਤਾ ਜਾਂ ਅਨੋਖਾਪਨ ਪੈਦਾ ਕਰਨ ਲਈ ਕੀਤੀ ਹੈ।

ਚਰਨ ਸਤਿ ਸਤਿ ਪਰਸਨਹਾਰ॥

ਪੂਜਾ ਸਤਿ ਸਤਿ ਸੇਵਾਸਾਰ॥

ਦਰਸਨੁ ਸਤਿ ਸਤਿ ਪੇਖਨਹਾਰ॥

ਨਾਮੁ ਸਤਿ ਸਤਿ ਧਿਆਵਨਹਾਰ॥ (285)

ਓਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਜੀ ਨੇ 'ਹਾਰ' ਪਿਛੇਤਰ ਦੀ ਸਹਾਇਤਾ ਨਾਲ ਪਰਸਨਹਾਰ, ਪੇਖਨਹਾਰ, ਧਿਆਵਨੁਹਾਰ ਆਦਿ ਨਵੇਂ-ਨਵੇਂ ਸ਼ਬਦਾਂ ਦੀ ਉਤਪਤੀ ਕੀਤੀ ਹੈ। ਇੱਥੇ ਗੁਰੂ ਜੀ ਨੇ ਪਿਛੇਤਰਾਂ ਦੀ ਸਹਾਇਤਾ ਨਾਲ ਨਵੇਂ-ਨਵੇਂ ਸ਼ਬਦਾਂ ਦੀ ਉਤਪਤੀ ਕਵਿਤਾ ਜਾਂ ਗੁਰਬਾਣੀ ਵਿਚ ਆਪਣੇ ਭਾਵ ਜਾਂ ਵਿਸ਼ੇ ਨੂੰ ਸਰਲ ਅਤੇ ਸਪੱਸ਼ਟ ਕਰਨ ਦੇ ਨਾਲ-ਨਾਲ ਵਿਲੱਖਣਤਾ ਜਾਂ ਅਨੋਖਾਪਨ ਪੈਦਾ ਕਰਨ ਲਈ ਕੀਤੀ ਹੈ।

ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥ (286)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਜੀ ਨੇ 'ਤੁ' ਪਿਛੇਤਰ ਦੀ ਸਹਾਇਤਾ ਨਾਲ ਹਲਤੁ, ਪਲਤੁ ਆਦਿ ਨਵੇਂ-ਨਵੇਂ ਸ਼ਬਦਾਂ ਦੀ ਸਿਰਜਨਾ ਕੀਤੀ ਹੈ। ਇੱਥੇ ਗੁਰੂ ਜੀ ਨੇ ਪਿਛੇਤਰਾਂ ਦੀ ਸਹਾਇਤਾ ਨਾਲ ਨਵੇਂ-ਨਵੇਂ ਸ਼ਬਦਾਂ ਦੀ ਉਤਪਤੀ ਕੇਵਲ ਕਵਿਤਾ ਵਿਚ ਵਿਲੱਖਣਤਾ ਜਾਂ ਅਨੋਖਾਪਨ ਪੈਦਾ ਕਰਨ ਲਈ ਕੀਤੀ ਹੈ।

ਓਹੁ ਧਨਵੰਤੁ ਕੁਲਵੰਤੁ ਪਤਿਵੰਤੁ॥ (293)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਜੀ ਨੇ 'ਵੰਤੁ' ਪਿਛੇਤਰ ਦੀ ਸਹਾਇਤਾ ਨਾਲ ਧਨਵੰਤੁ, ਕੁਲਵੰਤੁ, ਪਤਿਵੰਤ ਆਦਿ ਨਵੇਂ-ਨਵੇਂ ਸ਼ਬਦਾਂ ਦੀ ਸਿਰਜਨਾ ਕੀਤੀ ਹੈ। ਇੱਥੇ ਗੁਰੂ ਜੀ ਨੇ ਪਿਛੇਤਰਾਂ ਦੀ ਸਹਾਇਤਾ ਨਾਲ ਨਵੇਂ-ਨਵੇਂ ਸ਼ਬਦਾਂ ਦੀ ਉਤਪਤੀ ਕੇਵਲ ਕਵਿਤਾ ਵਿਚ ਵਿਲੱਖਣਤਾ ਜਾਂ ਅਨੋਖਾਪਨ ਪੈਦਾ ਕਰਨ ਲਈ ਕੀਤੀ ਹੈ।

ਜਿਚਰੁ ਵਸੀ ਪਿਤਾ ਕੈ ਸਾਥਿ॥

ਤਿਚਰੁ ਕੰਤੁ ਬਹੁ ਫਿਰੈ ਉਦਾਸ॥ (371)

'ਚਰੁ' ਪਿਛੇਤਰ

ਕੁੰਤਕ ਨੇ ਪਿਛੇਤਰ ਵਕ੍ਰੋਕਤੀ ਦੇ ਛੇ ਉਪ ਭੇਦ (ਕਾਲ ਵਕ੍ਰੋਕਤੀ, ਕਾਰਕ ਵਕ੍ਰੋਕਤੀ, ਵਚਨ ਵਕ੍ਰੋਕਤੀ, ਪੁਰਸ਼ ਵਕ੍ਰੋਕਤੀ, ਉਪਗ੍ਰਹ ਵਕ੍ਰੋਕਤੀ, ਪ੍ਰਤਿਐ ਵਕ੍ਰੋਕਤੀ) ਹੋਰ ਦੱਸੇ ਹਨ, ਜਿੰਨ੍ਹਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

**ਕਾਲ ਵਕ੍ਰੋਕਤੀ**: ਪੰਜਾਬੀ ਭਾਸ਼ਾ ਵਿਚ ਕਾਲ ਦੀਆਂ ਤਿੰਨ ਕਿਸਮਾਂ (ਭੂਤ ਕਾਲ, ਵਰਤਮਾਨ ਕਾਲ, ਭਵਿਖਤ ਕਾਲ) ਮੰਨੀਆਂ ਜਾਂਦੀਆਂ ਹਨ। ਜਦੋਂ ਕੋਈ ਪ੍ਰਤਿਭਾਸ਼ਾਲੀ ਕਵੀ ਆਪਣੀ ਕਾਵਿ-ਰਚਨਾ ਵਿਚ ਇਕ ਅਨੋਖਾ ਚਮਤਕਾਰ ਪੈਦਾ ਕਰਨ ਲਈ ਭੂਤ ਕਾਲ ਵਿਚ ਵਾਪਰੀ ਘਟਨਾ ਨੂੰ ਵਰਤਮਾਨ ਕਾਲ ਵਿਚ ਅਤੇ ਭਵਿਖਤ ਕਾਲ ਵਿਚ ਵਾਪਰਨ ਵਾਲੀ ਘਟਨਾ ਨੂੰ ਵਰਤਮਾਨ ਕਾਲ ਵਿਚ ਪ੍ਰਸਤੁਤ ਕਰੇ ਤਾਂ ਉੱਥੇ ਹੈਰਾਨੀ ਹੁੰਦੀ ਹੈ।

ਕਵੀ ਦੁਆਰਾ ਕਾਲ ਦੇ ਇਸ ਵਿਲੱਖਣ ਜਾਂ ਵਿਚਿਤਰ ਪ੍ਰਯੋਗ ਨੂੰ ਹੀ ਕਾਲ ਵਕ੍ਰੋਕਤੀ ਕਿਹਾ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਕਾਲ ਵਕ੍ਰੋਕਤੀ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ॥ (214)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨੇ ਭਵਿੱਖ ਕਾਲ ਵਿਚ ਵਾਪਰਨ ਵਾਲੀ ਘਟਨਾ ਨੂੰ ਵਰਤਮਾਨ ਕਾਲ ਦੇ ਸੰਦਰਭ ਵਿਚ ਪ੍ਰਸਤੁਤ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਜਿਹੜਾ ਵਿਅਕਤੀ ਪਰਮਾਤਮਾ ਦੇ ਨਾਮ ਸਿਮਰਨ ਨੂੰ ਛੱਡ ਕੇ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਵਿਚ ਲੱਗਾ ਰਹਿੰਦਾ ਹੈ, ਉਸ ਨੂੰ ਨਰਕ ਅਤੇ ਸੁਰਗ ਦੋਵੇਂ ਭੋਗਣੇ ਪੈਂਦੇ ਹਨ ਅਤੇ ਉਹ ਮੁੜ ਮੁੜ ਜਨਮ-ਮਰਨ ਦੇ ਚੱਕਰ ਵਿਚ ਲੱਗਾ ਰਹਿੰਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਕਾਲ ਵਕ੍ਰੋਕਤੀ ਰਾਹੀਂ ਆਪਣੇ ਭਾਵ ਜਾਂ ਸੰਕਲਪ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਹੈ।

ਕਉਨ ਬਸਤੁ ਆਈ ਤੇਰੈ ਸੰਗ॥ (282)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਨੇ ਭੂਤ ਕਾਲ ਵਿਚ ਵਾਪਰੀ ਘਟਨਾ ਨੂੰ ਵਰਤਮਾਨ ਕਾਲ ਦੇ ਸੰਦਰਭ ਵਿਚ ਪ੍ਰਸਤੁਤ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਜਦੋਂ ਮਨੁੱਖ ਦਾ ਜਨਮ ਹੁੰਦਾ ਹੈ, ਤਾਂ ਖਾਲੀ ਹੱਥ ਇਸ ਸੰਸਾਰ ਵਿਚ ਆਉਂਦਾ ਹੈ ਅਤੇ ਮੌਤ ਵੇਲੇ ਵੀ ਉਸ ਨੇ ਖਾਲੀ ਹੱਥ ਹੀ ਇਸ ਸੰਸਾਰ ਨੂੰ ਛੱਡ ਕੇ ਜਾਣਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਕਾਲ ਵਕ੍ਰੋਕਤੀ ਰਾਹੀਂ ਆਮ ਪਾਠਕਾਂ ਨੂੰ ਇਹ ਸਮਝਾਉਣ ਦਾ ਯਤਨ ਕੀਤਾ ਹੈ ਕਿ ਪਰਮਾਤਮਾ ਦੇ ਨਾਮ-ਸਿਮਰਨ ਨੇ ਹੀ ਓਸਿ ਦਾ ਲੋਕ-ਪਰਲੋਕ ਵਿਚ ਸਹਾਈ ਹੋਣਾ ਹੈ।

ਹਉ ਤੁਮਰੀ ਕਰਉ ਨਿਤ ਆਸ ਪ੍ਰਭ ਮੋਹਿ ਕਬ ਗਲਿ ਲਾਵਹਿਗੇ॥ (1321)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਨੇ ਭਵਿੱਖ ਕਾਲ ਵਿਚ ਹੋਣ ਵਾਲੀ ਗੱਲ ਨੂੰ ਵਰਤਮਾਨ ਕਾਲ ਦੇ ਸੰਦਰਭ ਵਿਚ ਪ੍ਰਸਤੁਤ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਹਰੇਕ ਜੀਵ ਜਾਂ ਮਨੁੱਖ ਉਸ

ਪਰਮਾਤਮਾ ਦੇ ਅੱਗੇ ਹਰ ਸਮੇਂ ਇਹ ਆਸ ਕਰਦਾ ਰਹਿੰਦਾ ਹੈ ਕਿ ਪ੍ਰਭੂ ਜਾਂ ਪਰਮਾਤਮਾ ਉਸ ਨੂੰ ਕਦੋਂ ਆਪਣੇ ਗਲ ਨਾਲ ਲਾਵਣਗੇ? ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਲਈ ਕਾਲ ਵਕ੍ਰੋਕਤੀ ਦੀ ਅਨੋਖੇ ਢੰਗ ਨਾਲ ਵਰਤੋਂ ਕੀਤੀ ਹੈ।

ਮਾਤ ਗਰਭ ਤੁਮ ਹੀ ਪ੍ਰਤਿਪਾਲਕ ਮ੍ਰਿਤ ਮੰਡਲ ਇਕ ਤੁਹੀ॥ (1215)

'ਮਾਤ ਗਰਭ ਤੁਮ ਹੀ ਪ੍ਰਤਿਪਾਲਕ' ਭੂਤ ਕਾਲ ਦੀ ਵਰਤਮਾਨ ਕਾਲ ਵਿਚ ਵਰਤੋਂ।

ਜਪਿਉ ਜਿਨ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥ (1408)

'ਫਿਰਿ ਸੰਕਟ ਜੋਨਿ ਗਰਭ ਨ ਆਯਉ' ਭਵਿੱਖ ਕਾਲ ਦੀ ਵਰਤਮਾਨ ਕਾਲ ਵਿਚ ਵਰਤੋਂ।

**ਕਾਰਕ ਵਕ੍ਰੋਕਤੀ:** ਵਾਕ ਵਿਚ ਨਾਂਵ ਜਾਂ ਪੜਨਾਂਵ ਦੇ ਹੋਰਨਾਂ ਸ਼ਬਦਾਂ ਨਾਲ ਸੰਬੰਧ ਪ੍ਰਗਟ ਕਰਨ ਵਾਲੇ ਵੱਖ-ਵੱਖ ਰੂਪਾਂ ਨੂੰ ਕਾਰਕ ਕਿਹਾ ਜਾਂਦਾ ਹੈ। ਪੰਜਾਬੀ ਵਿਆਕਰਨ ਵਿਚ ਕਾਰਕ ਦੀਆਂ ਅੱਠ ਕਿਸਮਾਂ (ਕਰਤਾ ਕਾਰਕ (Nominative Case), ਕਰਮ ਕਾਰਕ (Accusative Case), ਕਰਣ ਕਾਰਕ (Instrumental Case), ਸੰਪਰਦਾਨ ਕਾਰਕ (Dative Case), ਅਪਾਦਾਨ ਕਾਰਕ (Ablative Case), ਸੰਬੰਧ ਕਾਰਕ (Genitive Case), ਅਧਿਕਰਣ ਕਾਰਕ (Locative Case), ਸੰਬੋਧਨ ਕਾਰਕ (Vocative Case)) ਹੁੰਦੀਆਂ ਹਨ। ਜਦੋਂ ਇਕ ਚਤੁਰ ਸਿਆਣਾ ਕਵੀ ਆਪਣੀ ਕਵਿਤਾ ਵਿਚ ਵਿਲੱਖਣਤਾ ਪੈਦਾ ਕਰਨ ਲਈ ਕਾਰਕਾਂ ਦੇ ਪ੍ਰਯੋਗ ਵਿਚ ਅਦਲਾ-ਬਦਲੀ ਕਰਕੇ ਭਾਵ ਕਰਤਾ ਕਾਰਕ ਨੂੰ ਕਰਮ ਕਾਰਕ ਦੇ ਰੂਪ ਵਿਚ ਅਤੇ ਕਰਮ ਕਾਰਕ ਨੂੰ ਕਰਤਾ ਦੇ ਰੂਪ ਵਿਚ ਪ੍ਰਸਤੁਤ ਕਰਦਾ ਹੈ ਤਾਂ ਉੱਥੇ ਕਾਰਕ ਵਕ੍ਰੋਕਤੀ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਕਾਰਕ ਵਕ੍ਰੋਕਤੀ ਨਾਲ ਸੰਬੰਧਿਤ ਕੁਝ ਕੁ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

ਸਾਧਸੰਗਿ ਸਾਜਨ ਮੀਤ ਕੁਟੰਬ ਨਿਸਤਾਰੈ॥ (271)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜਿਹੜਾ ਮਨੁੱਖ ਸਾਧੂ-ਸੰਤਾਂ ਦੀ ਸੰਗਤ ਕਰਦਾ ਹੈ, ਉਹ ਆਪਣੇ ਆਪ ਨੂੰ, ਪਰਿਵਾਰ ਨੂੰ, ਦੋਸਤਾਂ-ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਪੰਜ ਵਿਕਾਰਾਂ ਤੋਂ ਬਚਾ ਕੇ ਰੱਖਦਾ ਹੈ ਅਤੇ ਉਨ੍ਹਾਂ ਦੇ ਲੋਕ-ਪਰਲੋਕ ਸਵਾਰ ਦਿੰਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਦਾ ਅਰਥ ਵਧੇਰੇ ਦ੍ਰਿੜ੍ਹ, ਰੋਚਕ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਕਰਤਾ ਕਾਰਕ (ਸਾਧੂ-ਸੰਤ) ਨੂੰ ਕਰਮ ਕਾਰਕ (ਸੰਤਸੰਗਿ, ਸਾਧੂਸੰਗਿ) ਦੇ ਰੂਪ ਵਿਚ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ। ਓਪਰੋਕਤ ਕਾਵਿ-ਪੰਕਤੀ ਵਿਚ ਗੁਰੂ ਜੀ ਦੁਆਰਾ ਸਾਧੂ-ਸੰਤਾਂ ਦੇ ਕਰਮ ਨੂੰ ਆਧਾਰ ਬਣਾ ਕੇ ਪਾਠਕਾਂ ਜਾਂ ਸਾਧਕਾਂ ਦੇ ਸਾਹਮਣੇ ਪ੍ਰਸਤੁਤ ਕਰਨਾ, ਕਾਰਕ ਵਕ੍ਰੋਕਤੀ ਨਾਲ ਸੰਬੰਧਿਤ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਹੇਠ ਲਿਖੀਆਂ ਕਾਵਿ-ਸਤਰਾਂ ਨੂੰ ਵੀ ਵਿਚਾਰਿਆ ਜਾਂ ਘੋਖਿਆ ਜਾ ਸਕਦਾ ਹੈ:

ਸਾਧ ਸੰਗਤਿ ਮਿਲਿ ਕੀਨੇ ਦਾਨੁ॥ ( 201)

ਸੰਤਾ ਸੰਗਤਿ ਨਰਕਿ ਨ ਪਾਈ॥ (1019)

**ਵਚਨ ਵਕ੍ਰੋਕਤੀ**: ਪੰਜਾਬੀ ਭਾਸ਼ਾ ਵਿਚ 'ਵਚਨ' ਲਈ 'ਸੰਖਿਆ' ਸ਼ਬਦ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਪੰਜਾਬੀ ਵਿਆਕਰਨ ਵਿਚ ਵਚਨ ਦੀਆਂ ਦੋ ਕਿਸਮਾਂ (ਇਕ ਵਚਨ, ਬਹੁ ਵਚਨ) ਹੁੰਦੀਆਂ ਹਨ। ਜਦੋਂ ਕਵੀ ਆਪਣੀ ਕਾਵਿ-ਰਚਨਾ ਵਿਚ ਵਿਚਿਤਰਤਾ ਜਾਂ ਵਿਲੱਖਣਤਾ ਪੈਦਾ ਕਰਨ ਲਈ ਇਕ ਵਚਨ ਦੀ ਥਾਂ ਬਹੁ ਵਚਨ ਅਤੇ ਬਹੁ ਵਚਨ ਦੀ ਥਾਂ ਤੇ ਇਕ ਵਚਨ ਦੀ ਵਰਤੋਂ ਕਰਦਾ ਹੈ ਤਾਂ ਉੱਥੇ ਵਚਨ ਵਕ੍ਰੋਕਤੀ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਪ੍ਰਭਾਵਸ਼ਾਲੀ ਅਤੇ ਵਿਲੱਖਣ ਢੰਗ ਨਾਲ ਪ੍ਰਸਤੁਤ ਕਰਨ ਲਈ ਇਕਿ, ਭਗਤਹ, ਸ਼ਾਹਾਂ, ਗੁਣਹ, ਸਿਧਾਂ, ਨੈਨਹੁ, ਚਰਨਹ, ਸੰਤਨ, ਸੰਤਹ, ਲੋਗਨ, ਸੰਤ ਜਨੋ ਆਦਿ ਬਹੁ-ਵਚਨੀ ਸ਼ਬਦਾਂ ਦੀ ਵਰਤੋਂ ਕੀਤੀ ਹੈ, ਜਿਸ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

ਬਿਰਖੈ ਹੇਠਿ ਸਭ ਜੰਤ ਇਕਠੇ॥

ਇਕਿ ਤਤੇ ਇਕਿ ਬੋਲਨਿ ਮਿਠੇ॥ (1019)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜਿਵੇਂ ਸੂਰਜ ਡੁੱਬਣ ਵੇਲੇ ਪੰਛੀ ਰੁੱਖ ਉੱਤੇ ਆ ਇਕੱਠੇ ਹੁੰਦੇ ਹਨ, ਠੀਕ ਉਸੇ ਤਰ੍ਹਾਂ ਹੀ ਇਸ ਆਕਾਸ਼ ਰੂਪੀ ਰੁੱਖ ਹੇਠ ਸਾਰੇ ਜੀਵ-ਜੰਤ ਇਕੱਠੇ ਹੋਏ ਹਨ। ਇਸ ਸੰਸਾਰ ਵਿਚ ਕਈ ਲੋਕ ਖਰ੍ਹਵੀ ਬੋਲੀ ਬੋਲਦੇ ਹਨ ਅਤੇ ਕਈ ਲੋਕ ਮਿੱਠੇ ਬੋਲ ਬੋਲਦੇ ਹਨ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਵਧੇਰੇ ਸਰਲ, ਸਪੱਸ਼ਟ, ਵਿਚੱਤਰ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ 'ਇਕ' ਇਕ ਵਚਨ ਸ਼ਬਦ ਦੀ ਬਜਾਏ 'ਇਕਿ' (ਕਈ) - ਇਕ ਦੇ ਬਹੁ-ਵਚਨ ਸ਼ਬਦ ਦੀ ਵਰਤੋਂ ਕੀਤੀ ਹੈ।

ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ॥ (206)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਨੇ 'ਸੰਤ' ਇਕ ਵਚਨ ਸ਼ਬਦ ਦੀ ਬਜਾਏ 'ਸੰਤੀ' ਬਹੁ-ਵਚਨ ਸ਼ਬਦ ਦੀ ਵਰਤੋਂ ਕੀਤੀ ਹੈ। 'ਸੰਤੀ' ਸ਼ਬਦ ਮੂਲ ਸ਼ਬਦ 'ਸੰਤ' ਤੋਂ ਬਣਿਆ ਹੈ। ਇੱਥੇ 'ਸੰਤ' ਸ਼ਬਦ ਦੇ ਅੰਤ ਵਿਚ ਬਿਹਾਰੀ ਲਗ ( ੀ) ਦੀ ਵਰਤੋਂ ਦੁਆਰਾ 'ਸੰਤੀ' ਸ਼ਬਦ ਦੀ ਸਿਰਜਨਾ ਕੀਤੀ ਗਈ ਹੈ, ਜਿਸ ਦਾ ਅਰਥ ਹੈ - ਸੰਤਾਂ ਨੇ। ਇੱਥੇ ਗੁਰੂ ਅਰਜਨ ਦੇਵ ਜੀ ਨੇ ਵਚਨ ਵਕ੍ਰੋਕਤੀ ਦੀ ਵਰਤੋਂ ਰਾਹੀਂ ਵਚਿੱਤਰਤਾ ਪ੍ਰਗਟ ਕਰਨ ਦਾ ਯਤਨ ਕੀਤਾ ਗਿਆ ਹੈ। ਇੱਥੇ ਗੁਰੂ ਅਰਜਨ ਬਾਣੀ ਨਾਲ ਸੰਬੰਧਿਤ ਹੇਠ ਲਿਖੀਆਂ ਉਦਾਹਰਨਾਂ ਨੂੰ ਵੀ ਵਚਨ ਵਕ੍ਰੋਕਤੀ ਦੇ ਅਧੀਨ ਵਿਚਾਰਿਆ ਜਾ ਸਕਦਾ ਹੈ:

ਐਸੀ ਜਾਨੀ ਸੰਤ ਜਨੀ॥ (888)

'ਸੰਤ ਜਨੀ' - ਸੰਤ-ਜਨਾਂ ਨੇ।

ਰਾਮ ਜਨੀ ਕੀਨੀ ਖੰਡ ਖੰਡ॥ (892)

'ਰਾਮ ਜਨੀ' - ਰਾਮ-ਜਨਾਂ ਨੇ।

ਘੁਣ ਬੇਅੰਤ ਪ੍ਰਭ ਗਹਿਰ ਗੰਭੀਰੇ॥ (805)

ਬੇਅੰਤ - ਬਹੁ-ਵਚਨ ਸ਼ਬਦ

**ਪੁਰਸ਼ ਵਕ੍ਰੋਕਤੀ**: ਵਿਆਕਰਨ ਵਿਚ ਪੁਰਸ਼ ਇਕ ਅਜਿਹਾ ਭਾਸ਼ਾਈ ਸੰਕਲਪ ਹੈ, ਜਿਸ ਤੋਂ ਇਹ ਜਾਣਕਾਰੀ ਮਿਲਦੀ ਹੈ ਕਿ ਗੱਲ-ਬਾਤ ਕਿਸ ਨੇ (ਉੱਤਮ ਪੁਰਸ਼), ਕਿਸ ਨਾਲ (ਮੱਧਮ ਪੁਰਸ਼) ਅਤੇ ਕਿਸ ਬਾਰੇ (ਅੱਨਯ ਪੁਰਸ਼) ਕਰਨੀ ਹੈ। ਵਿਆਕਰਨ ਅਨੁਸਾਰ ਹਰੇਕ ਭਾਸ਼ਾ ਵਿਚ ਤਿੰਨ ਪੁਰਸ਼ (ਉੱਤਮ ਪੁਰਸ਼, ਮੱਧਮ ਪੁਰਸ਼ ਅਤੇ ਅੱਨਯ ਪੁਰਸ਼) ਹੁੰਦੇ ਹਨ। ਜਦੋਂ ਕਵੀ ਆਪਣੀ ਕਵਿਤਾ ਵਿਚ ਵਿਲੱਖਣਤਾ ਜਾਂ ਵਿਚਿਤਰਤਾ ਪੈਦਾ ਕਰਨ ਲਈ ਉੱਤਮ ਪੁਰਸ਼ ਦੀ ਥਾਂ ਅੱਨਯ ਪੁਰਸ਼ ਅਤੇ ਅੱਨਯ ਪੁਰਸ਼ ਦੀ ਥਾਂ ਉੱਤਮ ਪੁਰਸ਼ ਦੀ ਵਰਤੋਂ ਕਰਦਾ ਹੈ ਤਾਂ ਉੱਥੇ ਪੁਰਸ਼ ਵਕ੍ਰੋਕਤੀ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉੱਤਮ ਪੁਰਸ਼ ਲਈ (ਹਉ (ਮੈਂ), ਮੈ, ਹਮ (ਅਸੀਂ), ਮੋ, ਮੇਰੇ, ਅਪਨਾ, ਅਪੁਨੇ), ਮੱਧਮ ਪੁਰਸ਼ ਲਈ (ਤੂੰ, ਤੂ, ਤੁਮਾਰਾ, ਤੁਧੁ, ਤੁਝ, ਤੁਮਰਾ, ਤੁਮ, ਤੁਸੀ) ਅਤੇ ਅੱਨਯ ਪੁਰਸ਼ ਲਈ (ਤਿਸੁ (ਉਸ), ਜਿਸੁ, ਜਿਨਾ, ਏਹਾ, ਇਹ, ਉਹ) ਸ਼ਬਦਾਂ ਦੀ ਵਰਤੋਂ ਹੋਈ ਹੈ। ਗੁਰੂ ਅਰਜਨ ਬਾਣੀ ਵਿਚੋਂ ਵੱਖ-ਵੱਖ ਪੁਰਸ਼ਾਂ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

ਹਉ ਗੁਰ ਮਿਲਿ ਇਕੁ ਪਛਾਣਦਾ॥ (73)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਦੇ ਅਰਥ ਨੂੰ ਵਧੇਰੇ ਸਰਲ, ਸਪੱਸ਼ਟ, ਰੌਚਕ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਉੱਤਮ ਪੁਰਸ਼ 'ਹਉ (ਮੈਂ)' ਦੀ ਵਰਤੋਂ ਕੀਤੀ ਹੈ। ਇੱਥੇ ਗੁਰੂ ਅਰਜਨ ਦੇਵ ਜੀ ਪਰਮਾਤਮਾ ਨੂੰ ਸੰਬੋਧਨ ਕਰਦੇ ਹੋਏ ਦੱਸਦੇ ਹਨ ਕਿ ਹੇ ਪ੍ਰਭੂ! ਸੱਚੇ ਗੁਰੂ ਨੂੰ ਮਿਲ ਕੇ ਮੈਂ ਨਾਮ-ਸਿਮਰਨ ਰਾਹੀਂ ਕੇਵਲ ਤੇਰੇ ਨਾਲ ਹੀ ਸਾਂਝ ਪਾਈ ਹੈ। ਗੁਰੂ ਜੀ ਦੀ ਬਾਣੀ ਵਿਚੋਂ ਉੱਤਮ ਪੁਰਸ਼ ਨਾਲ ਸੰਬੰਧਿਤ ਕੁਝ ਕੁ ਹੋਰ ਉਦਾਹਰਨਾਂ ਨੂੰ ਵੀ ਵਿਚਾਰਿਆ ਜਾ ਸਕਦਾ ਹੈ:

ਤੁਸੀ ਭੋਗਿਹ ਭੁੰਚਹੁ ਭਾਈਹੋ॥ (73)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਦੇ ਅਰਥ ਨੂੰ ਵਧੇਰੇ ਸਰਲ, ਸਪੱਸ਼ਟ, ਰੌਚਕ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਮੱਧਮ ਪੁਰਸ਼ 'ਤੁਸੀ (ਤੁਸੀਂ)' ਦੀ ਵਰਤੋਂ ਕੀਤੀ ਹੈ। ਇੱਥੇ ਗੁਰੂ ਅਰਜਨ ਦੇਵ ਜੀ ਸਤਸੰਗੀ ਭਰਾਵਾਂ ਨੂੰ ਸੰਬੋਧਨ ਕਰਦੇ ਹੋਏ ਦੱਸਦੇ ਹਨ ਕਿ ਹੇ ਮੇਰੇ ਸਤਸੰਗੀ ਭਰਾਵੋ! ਤੁਸੀਂ ਵੀ ਸੱਚੇ ਗੁਰੂ ਦੀ ਸ਼ਰਨ ਪੈ ਕੇ ਪਰਮਾਤਮਾ ਦੇ ਨਾਮ-ਸਿਮਰਨ ਦਾ ਰਸ ਮਾਣ ਸਕਦੇ ਹੋ।

ਤੁਝ ਬਿਨੁ ਘਰੀ ਨ ਜੀਵਨਾ ਧ੍ਰਿਗ ਰਹਣਾ ਸੰਸਾਰਿ॥ (203)

'ਤੁਝ' - ਤੈਥੋਂ (ਮੱਧਮ ਪੁਰਸ਼)।

ਜਿਸੁ ਪਾਸਿ ਲੁਕਾਇਦੜੋ ਸੋ ਵੇਖੀ ਸਾਥੈ॥ (461)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਦੇ ਅਰਥ ਨੂੰ ਵਧੇਰੇ ਸਰਲ, ਸਪੱਸ਼ਟ, ਰੌਚਕ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਅੱਨਯ ਪੁਰਸ਼ 'ਜਿਸੁ' ਦੀ ਵਰਤੋਂ ਕੀਤੀ ਹੈ। ਇੱਥੇ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜਿਸ ਪਾਸੋਂ ਤੂੰ ਆਪਣੇ ਕੀਤੇ ਗਲਤ ਕੰਮਾਂ ਨੂੰ ਛੁਪਾਉਂਦਾ ਫਿਰਦਾ ਹੈਂ, ਉਹ ਤਾਂ ਤੇਰੇ ਅੰਗ-ਸੰਗ ਹੀ ਬੈਠਾ ਸਭ ਕੁਝ ਦੇਖ ਰਿਹਾ ਹੈ।

ਤਿਸੁ ਬਿਨੁ ਦੂਸਰ ਹੋਆ ਨ ਹੋਗੁ॥ (282)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਦੇ ਅਰਥ ਨੂੰ ਵਧੇਰੇ ਸਰਲ, ਸਪੱਸ਼ਟ, ਰੌਚਕ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਅੱਨਯ ਪੁਰਸ਼ 'ਤਿਸੁ (ਉਸ)' ਦੀ ਵਰਤੋਂ ਕੀਤੀ ਹੈ। ਇੱਥੇ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਇਸ ਲੋਕ-ਪਰਲੋਕ ਵਿਚ ਉਸ ਪਰਮਾਤਮਾ ਤੋਂ ਬਿਨਾ ਮੁਸੀਬਤ ਵੇਲੇ ਤੇਰੀ ਕੋਈ ਵੀ ਸਹਾਇਤਾ ਨਹੀਂ ਕਰੇਗਾ।

**ਉਪਗ੍ਰਹ ਵਕ੍ਰੋਕਤੀ** : ਉਪਗ੍ਰਹ ਦਾ ਅਰਥ ਹੈ ਧਾਤੂ ਪਦ (Root Form)। ਸੰਸਕ੍ਰਿਤ ਭਾਸ਼ਾ ਵਿਚ ਧਾਤੂਆਂ ਦੇ ਦੋ ਪਦ (ਪਰਸਮੈ ਪਦ ਅਤੇ ਆਤਮਨੇ ਪਦਸੁੰਦਰਤਾ -ਰਚਨਾ ਵਿਚ ਸੁਹਜ-ਹੁੰਦੇ ਹਨ। ਜਦੋਂ ਕਵੀ ਕਾਵਿ ( ਕਰਦਾ ਹੈ ਤਾਂ ਉੱਥੇ ਪੈਦਾ ਕਰਨ ਲਈ ਪਰਸਮੈ ਪਦ ਅਤੇ ਆਤਮਨੇ ਪਦ ਵਿਚੋਂ ਕਿਸੇ ਇਕ ਦੀ ਵਰਤੋਂ ਉਪਗ੍ਰਹ ਵਕ੍ਰੋਕਤੀ ਹੁੰਦੀ ਹੈ। ਅਸਲ ਵਿਚ ਪਰਸਮੈ ਪਦ ਅਤੇ ਆਤਮਨੇ ਪਦ ਦੀ ਵਰਤੋਂ ਕੇਵਲ ਸੰਸਕ੍ਰਿਤ ਵਿਚ ਹੀ ਸੰਭਵ ਹੈ। ਪੰਜਾਬੀ ਭਾਸ਼ਾ ਵਿਚ ਜਦੋਂ ਕੋਈ ਕਵੀ ਕਾਵਿ-ਰਚਨਾ ਵਿਚ ਸੁਹਜ-ਸੁੰਦਰਤਾ ਪੈਦਾ ਕਰਨ ਲਈ ਕਰਤਰੀ ਵਾਚ (Active Voice) ਦੀ ਥਾਂ ਕਰਮਨੀ ਵਾਚ (Passive Voice) ਅਤੇ ਕਰਮਨੀ ਵਾਚ ਦੀ ਥਾਂ ਕਰਤਰੀ ਵਾਚ ਵਰਤੋਂ ਕਰਦਾ ਹੈ ਤਾਂ ਉੱਥੇ ਵਾਚ ਪਰਿਵਰਤਨ ਦੀ ਉਪਗ੍ਰਹ ਵਕ੍ਰੋਕਤੀ ਹੁੰਦੀ ਹੈ। ਵਾਚ, ਕਿਰਿਆ ਦਾ ਉਹ ਪੱਖ ਜਾਂ ਰੂਪ ਹੈ ਜਿਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਸੰਬੰਧਿਤ ਵਾਕ ਦਾ ਵਿਸ਼ਾ 'ਕਰਤਾ' ਜਾਂ 'ਕਰਮ' ਹੈ। ਕਿਰਿਆ ਦਾ ਉਹ ਪੱਖ ਜਾਂ ਰੂਪ ਜਿਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਸੰਬੰਧਿਤ ਵਾਕ ਦਾ ਵਿਸ਼ਾ 'ਕਰਤਾ' ਹੈ, ਕਰਤਰੀ ਵਾਚ ਹੈ। ਕਿਰਿਆ ਦਾ ਉਹ ਪੱਖ ਜਾਂ ਰੂਪ ਜਿਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਸੰਬੰਧਿਤ ਵਾਕ ਦਾ ਵਿਸ਼ਾ 'ਕਰਮ' ਹੈ, ਕਰਮਨੀ ਵਾਚ ਹੈ।

**ਕਰਤਰੀ-ਵਾਚ ਤੋਂ ਕਰਮਨੀ-ਵਾਚ ਬਣਾਉਣ ਦੀ ਵਿਧੀ:-** ਪ੍ਰੋ. ਸਾਹਿਬ ਸਿੰਘ ਜੀ 'ਗੁਰਬਾਣੀ ਵਿਆਕਰਨ' ਵਿਚ ਲਿਖਦੇ ਹਨ ਕਿ:

> "ਸੰਸਕ੍ਰਿਤ ਵਿਚ ਕਰਤ੍ਰੀ-ਵਾਚ ਤੋਂ ਕਰਮ-ਵਾਚ ਬਣਾਉਣ ਵਾਸਤੇ ਧਾਤੂ ਦੇ ਅੰਤ ਵਿਚ 'ਯ' ਲਗਾਇਆ ਜਾਂਦਾ ਹੈ, ਇਸ ਤੋਂ ਉਪਰੰਤ ਵਰਤਮਾਨ ਕਾਲ, ਭੂਤ ਕਾਲ ਆਦਿਕ ਦੇ ਚਿਹਨ ਲਗਾਏ ਜਾਂਦੇ ਹਨ। 'ਯ' ਦੇ ਲਗਾਣ ਤੋਂ ਪਹਿਲਾਂ ਕਈ ਧਾਤੂਆਂ ਦੇ ਅਸਲੀ ਰੂਪ ਦੇ ਅੰਤ ਵਿਚ 'ਆ' ਅੰਤ ਧਾਤੂਆਂ ਦੇ 'ਅ' ਦਾ (ੀ) ਹੋ ਜਾਂਦਾ ਹੈ:
>
> - 'ਦਾ' (ਦੇਣਾ) ਤੋਂ 'ਦੀਯ'
> - 'ਪਾ' (ਪੀਣਾ) ਤੋਂ 'ਪੀਯ' (272-73)"

| **ਕਰਤਰੀ-ਵਾਚ ਧਾਤੂ** | **ਇਸ ਤੋਂ ਬਣਿਆ ਕਰਮਨੀ-ਵਾਚ ਧਾਤੂ** | **ਇਕ-ਵਚਨ** | **ਬਹੁ-ਵਚਨ** |
|---|---|---|---|
| ਕਹ | ਕਹੀਜ / ਕਹੀਅ | ਕਹੀਜੈ | ਕਹੀਅਹਿ / ਕਹੀਅਨਿ |
| ਕਰ | ਕਰੀਜ / ਕਰੀਅ | ਕਰੀਜੈ | ਕੀਜਹਿ / ਕੀਚਹਿ / ਕੀਚਨਿ |
| ਜਾਣ | ਜਾਣੀਜ / ਜਾਣੀਅ | ਜਾਨੀਜੈ | ਜਾਣੀਅਹਿ / ਜਾਣੀਅਨਿ / ਜਾਣੀਅਹੁ |
| ਰਿੰਨ੍ਹ (ਣਾ) | ਰਿਝ (ਣਾ) | | |
| **ਕਿਰਿਆ** | **ਕਰਤਰੀ-ਵਾਚ ਵਿਚ ਅਰਥ** | **ਕਰਮਨੀ-ਵਾਚ ਵਿਚ ਅਰਥ** | |
| ਹੋਈਐ | ਹੋਈਏ | ਹੋਇਆ ਜਾਏ | |
| ਰਖੀਐ | ਰਖੀਏ | ਰਖਿਆ ਜਾਏ | |
| ਬੋਲੀਐ | ਬੋਲੀਏ | ਬੋਲਿਆ ਜਾਏ | |
| ਕਟਾਈਐ | ਕਟਾ ਦੇਈਏ | ਕਟਾਇਆ ਜਾਏ | |
| (ਸੁਖ) ਪਾਈਐ | (ਅਸੀਂ ਸੁਖ ਜਾਣ ਕੇ) ਪ੍ਰਾਪਤ ਕਰ ਲਈਏ। | (ਸੁਖ ਜਾਣ ਕੇ) ਪ੍ਰਾਪਤ ਕੀਤਾ ਜਾਣਾ ਚਾਹੀਦਾ ਹੈ। | |
| (ਆਪੁ) ਤਿਆਗੀਐ | (ਅਸੀਂ ਆਪਾ-ਭਾਵ) ਤਿਆਗ ਦੇਈਏ। | (ਆਪਾ-ਭਾਵ) ਤਿਆਗ ਦਿੱਤਾ ਜਾਣਾ ਚਾਹੀਦਾ ਹੈ। | |

ਆਵਣ ਜਾਣਾ ਤਿਸ ਕਾ ਕਟੀਐ ਸਦਾ ਸਦਾ ਸੁਖੁ ਹੋਹਾ॥ (960)

'ਕਟੀਐ' - ਕਟਾ ਦੇਈਏ (ਕਰਤਰੀ-ਵਾਚ), ਕਟਾਇਆ ਜਾਏ (ਕਰਮਨੀ-ਵਾਚ)।

ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰ ਉਤਰੀਐ॥ (320)

'ਉਤਰੀਐ' - ਉਤਾਰ ਦੇਈਏ (ਕਰਤਰੀ-ਵਾਚ), ਉਤਾਰ ਦੇਣਾ ਚਾਹੀਦਾ ਹੈ (ਕਰਮਨੀ-ਵਾਚ)।

**ਪ੍ਰਤਿਐ ਵਕ੍ਰੋਕਤੀ** : 'ਪ੍ਰਤਿਐ' ਸ਼ਬਦ ਨੂੰ ਪੰਜਾਬੀ ਭਾਸ਼ਾ ਵਿਚ ਪਿਛੇਤਰ ਅਤੇ ਅੰਗਰੇਜ਼ੀ ਭਾਸ਼ਾ ਵਿਚ 'Suffixes' ਕਿਹਾ ਜਾਂਦਾ ਹੈ। ਜਦੋਂ ਕਵੀ ਆਪਣੀ ਕਵਿਤਾ ਜਾਂ ਕਾਵਿ-ਰਚਨਾ ਵਿਚ ਸੁਹਜ ਚਮਤਕਾਰ ਪੈਦਾ ਕਰਨ ਲਈ ਪਿਛੇਤਰਾਂ ਦੀ ਸਹਾਇਤਾ ਨਾਲ ਨਵੇਂ-ਨਵੇਂ ਸ਼ਬਦਾਂ ਦੀ ਉਤਪਤੀ ਕਰਦਾ ਹੈ ਤਾਂ ਉੱਥੇ ਪ੍ਰਤਿਐ ਵਕ੍ਰੋਕਤੀ ਹੁੰਦੀ ਹੈ।

ਸਭੁ ਕਿਛੁ ਵਸਗਤਿ ਸਾਹਿਬੈ ਆਪੇ ਕਰਣ ਕਰੇਵ॥

ਸਤਿਗੁਰ ਕੈ ਬਲਿਹਾਰਣੈ ਮਨਸਾ ਸਭ ਪੂਰੇਵ॥ (43)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਵਿਚ ਵਚਿੱਤਰਤਾ ਜਾਂ ਸੁਹਜ ਚਮਤਕਾਰ ਪੈਦਾ ਕਰਨ ਲਈ ਪਿਛੇਤਰਾਂ ਦੀ ਸਹਾਇਤਾ ਨਾਲ ਨਵੇਂ-ਨਵੇਂ ਸ਼ਬਦਾਂ ਦੀ ਸਿਰਜਨਾ ਜਾਂ ਉਤਪਤੀ ਕਰਨ ਦਾ ਨਿਵੇਕਲਾ ਅਤੇ ਅਨੋਖਾ ਉਪਰਾਲਾ ਕੀਤਾ ਹੈ। ਇੱਥੇ ਗੁਰੂ ਜੀ ਨੇ 'ਰੇਵ' ਪਿਛੇਤਰ ਦੀ ਸਹਾਇਤਾ ਨਾਲ 'ਕਰੇਵ' ਅਤੇ 'ਪੂਰੇਵ' ਨਵੇਂ-ਨਵੇਂ ਸ਼ਬਦਾਂ ਦੀ ਸਿਰਜਨਾ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ।

ਜੀਅ ਜੰਤ ਸਭਿ ਤੁਧੁ ਉਪਾਏ॥

ਜਿਤੁ ਜਿਤੁ ਭਾਣਾ ਤਿਤੁ ਤਿਤੁ ਲਾਏ॥ (103)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਨੇ 'ਏ' ਪਿਛੇਤਰ ਦੀ ਸਹਾਇਤਾ ਨਾਲ 'ਉਪਾਏ' ਅਤੇ 'ਲਾਏ' ਨਵੇਂ-ਨਵੇਂ ਸ਼ਬਦਾਂ ਦੀ ਸਿਰਜਨਾ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ। ਇੱਥੇ ਗੁਰੂ ਜੀ ਨੇ

ਗੁਰਬਾਣੀ ਵਿਚ ਵਚਿੱਤਰਤਾ ਜਾਂ ਸੁਹਜ ਚਮਤਕਾਰ ਪੈਦਾ ਕਰਨ ਲਈ ਪਿਛੇਤਰਾਂ ਦੀ ਸਹਾਇਤਾ ਨਾਲ ਨਵੇਂ-ਨਵੇਂ ਸ਼ਬਦਾਂ ਦੀ ਸਿਰਜਨਾ ਜਾਂ ਉਤਪਤੀ ਕਰਨ ਦਾ ਨਿਵੇਕਲਾ ਅਤੇ ਅਨੋਖਾ ਉਪਰਾਲਾ ਕੀਤਾ ਹੈ।

**4. ਵਾਕਾਂ 'ਤੇ ਆਧਾਰਿਤ ਵਕ੍ਰੋਕਤੀ** : ਪੰਜਾਬੀ ਵਿਆਕਰਨ ਵਿਚ ਵਾਕ ਨੂੰ ਭਾਸ਼ਾ ਦੀ ਸਭ ਤੋਂ ਵੱਡੀ ਅਤੇ ਸਾਰਥਿਕ ਇਕਾਈ ਕਿਹਾ ਜਾਂਦਾ ਹੈ, ਕਿਉਂਕਿ ਸ਼ਬਦਾਂ ਦੇ ਸਮੂਹ ਤੋਂ ਵਾਕ ਦੀ ਸਿਰਜਨਾ ਹੁੰਦੀ ਹੈ ਅਤੇ ਵਾਕ ਦਾ ਆਪਣਾ ਇਕ ਸਾਰਥਿਕ ਅਰਥ ਹੁੰਦਾ ਹੈ। ਕੁੰਤਕ ਨੇ ਵਾਕ ਵਕ੍ਰੋਕਤੀ ਲਈ ਅਰਥ ਵਕ੍ਰੋਕਤੀ ਦੇ ਨਾਮ ਦੀ ਵਰਤੋਂ ਵੀ ਕੀਤੀ ਸੀ। ਵਾਕ ਵਕ੍ਰੋਕਤੀ ਵਿਚ ਅਰਥ ਦੀ ਪ੍ਰਧਾਨਤਾ ਹੋਣ ਕਰਕੇ ਕੁੰਤਕ ਵਾਚ ਵਕ੍ਰੋਕਤੀ ਅਤੇ ਵਸਤੂ ਵਕ੍ਰੋਕਤੀ ਨੂੰ ਵਾਕ ਵਕ੍ਰੋਕਤੀ ਦੇ ਅੰਗ ਸਵੀਕਾਰ ਕਰਦੇ ਹਨ। ਜਦੋਂ ਕੋਈ ਕਵੀ ਆਪਣੀ ਕਾਵਿ ਰਚਨਾ ਵਿਚ ਵਿਸ਼ੇ-ਵਸਤੂ ਦਾ ਸਹਿਜ ਸੁਭਾਵਿਕ ਸੁੰਦਰ ਰੂਪ ਵਿਚ ਧੁਨੀਆਂ, ਸ਼ਬਦਾਂਸ਼ ਅਤੇ ਸ਼ਬਦਾਂ ਦੁਆਰਾ ਅਰਥ ਨੂੰ ਸਪੱਸ਼ਟ ਕਰਦਾ ਹੈ ਤਾਂ ਉੱਥੇ ਵਾਕ ਵਕ੍ਰੋਕਤੀ ਹੁੰਦੀ ਹੈ। ਵਾਕ ਵਕ੍ਰੋਕਤੀ ਦੇ ਦੋ ਭੇਦ (ਸਹਜ ਅਤੇ ਆਹਾਰਯ) ਹੁੰਦੇ ਹਨ।

ਸਹਜ ਦਾ ਅਰਥ ਹੈ ਸੁਭਾਵਿਕ ਜਾਂ ਕੁਦਰਤੀ। ਜਦੋਂ ਕਵੀ ਕਾਵਿ-ਰਚਨਾ ਵਿਚ ਆਪਣੇ ਪ੍ਰਤਿਭਾਸ਼ਾਲੀ ਅਤੇ ਸੰਵੇਦਨਸ਼ੀਲ ਕਲਾਤਮਕ ਗੁਣਾਂ ਨਾਲ ਵਸਤੂਆਂ ਦਾ ਸੁਭਾਵਿਕ ਜਾਂ ਕੁਦਰਤੀ ਸੰਜੀਵ ਚਿਤਰਣ ਕਰਕੇ ਭਾਵੁਕ ਪਾਠਕਾਂ ਨੂੰ ਸੁਹਜ-ਸੁਆਦ ਪ੍ਰਦਾਨ ਕਰਦਾ ਹੈ ਤਾਂ ਉੱਥੇ ਵਾਕ ਵਕ੍ਰੋਕਤੀ ਦਾ ਸਹਜ ਰੂਪ ਹੁੰਦਾ ਹੈ। ਕਵੀ ਆਪਣੀ ਕਵਿਤਾ ਵਿਚ ਵਸਤੂਆਂ ਦਾ ਸੁਭਾਵਿਕ ਚਿਤਰਣ ਇਸ ਕਰਕੇ ਕਰਦਾ ਹੈ ਕਿ ਕਈ ਵਸਤੂਆਂ ਜਾਂ ਵਿਸ਼ੇ ਅਜਿਹੇ ਹੁੰਦੇ ਹਨ ਜਿੰਨ੍ਹਾਂ ਦਾ ਮੁਢਲਾ ਕੁਦਰਤੀ ਰੂਪ ਹੀ ਮਨ ਵਿਚ ਸੁਆਦ ਭਰ ਦਿੰਦਾ ਹੈ। ਕੁੰਤਕ ਦਾ ਇਹ ਵਿਚਾਰ ਹੈ ਕਿ ਕਾਵਿ-ਰਚਨਾ ਵਿਚ ਕਾਵਿ-ਵਸਤੂ ਦਾ ਸੁਹਜ-ਸੌਦਰਯ ਸੰਵੇਦਨਸ਼ੀਲ ਕਵੀ ਦੁਆਰਾ ਹੀ ਉਤਪੰਨ ਹੁੰਦਾ ਹੈ ਇਸ ਕਰਕੇ ਕਵੀ ਵਿਚ ਕੁਦਰਤੀ ਸੁਹਜ-ਸੁਭਾਅ ਦੇ ਗੁਣਾਂ ਦਾ ਹੋਣਾ ਬਹੁਤ ਜਰੂਰੀ ਹੈ।

ਆਹਾਰਯ ਦਾ ਅਰਥ ਹੈ ਨਿਪੁੰਨਤਾ, ਚਤੁਰਤਾ ਅਤੇ ਅਭਿਆਸ ਦੁਆਰਾ ਉਤਪੰਨ। ਕੁੰਤਕ ਦਾ ਵਿਚਾਰ ਹੈ ਕਿ ਜਦੋਂ ਕੋਈ ਵੀ ਕਵੀ ਆਪਣੇ ਕੌਸ਼ਲ ਜਾਂ ਕਲਾ ਨਿਪੁੰਨਤਾ ਨਾਲ ਕਲਪਿਤ ਵਸਤੂ ਵਿਚ ਅਜਿਹੇ ਚਮਤਕਾਰੀ ਅਲੌਕਿਕ ਅੰਸ਼ ਭਰ ਦਿੰਦਾ ਹੈ ਕਿ ਉਹ ਅਨੋਖੀ ਸੁਹਜ ਸੁੰਦਰਤਾ ਨਾਲ ਇਕ ਨਵਾਂ ਰੂਪ ਧਾਰਨ ਕਰ ਲੈਂਦੀ ਹੈ। ਕੁੰਤਕ ਦੇ ਅਨੁਸਾਰ ਕਵੀ ਦੁਆਰਾ ਕਲਪਿਤ ਵਸਤੂ ਦੀ ਵਰਤੋਂ ਬੇਮੁਹਾਰੀ ਨਹੀਂ ਸਗੋਂ ਤਰਕ 'ਤੇ ਆਧਾਰਿਤ ਹੋਣੀ ਚਾਹੀਦੀ ਹੈ।

ਕੁੰਤਕ ਅਨੁਸਾਰ ਕਵਿਤਾ ਵਿਚ ਕਾਵਿ-ਵਸਤੂ ਦੇ ਦੋ ਹੋਰ ਭੇਦ (ਚੇਤਨ ਅਤੇ ਅਚੇਤਨ) ਹੁੰਦੇ ਹਨ। ਚੇਤਨ ਵਸਤੂ ਵਿਚ ਕਵੀ ਆਪਣੀ ਕਾਵਿ-ਰਚਨਾ ਵਿਚ ਦੇਵਤੇ, ਮਨੁੱਖ ਆਦਿ (ਪ੍ਰਧਾਨ ਜੂਨਾਂ) ਅਤੇ ਪਸ਼ੂ, ਪੰਛੀ ਆਦਿ (ਅਪ੍ਰਧਾਨ ਜੂਨਾਂ) ਦਾ ਯਥਾਰਥ ਵਰਨਣ ਕਰਦਾ ਹੈ ਅਤੇ ਅਚੇਤਨ ਵਸਤੂ ਵਿਚ ਕਵੀ ਆਪਣੀ ਕਵਿਤਾ ਵਿਚ ਕੁਦਰਤੀ ਦ੍ਰਿਸ਼ਾਂ ਅਤੇ ਪ੍ਰਕ੍ਰਿਤੀ ਚਿਤਰਣ ਨੂੰ ਨਿਵੇਕਲੇ ਢੰਗ ਰਾਹੀਂ ਪ੍ਰਸਤੁਤ ਕਰਦਾ ਹੈ।

ਕੁੰਤਕ ਨੇ ਧਰਮ, ਅਰਥ, ਕਾਮ ਅਤੇ ਮੋਕਸ਼ ਨੂੰ ਕਾਵਿ-ਵਸਤੂ ਦੇ ਕਾਰਣ ਮੰਨਿਆ ਹੈ। ਕਾਵਿ ਜਾਂ ਕਵਿਤਾ ਵਿਚ ਧਰਮ, ਅਰਥ, ਕਾਮ ਅਤੇ ਮੋਕਸ਼ (ਚਾਰ ਪਦਾਰਥ) ਸਿਖਿਆ ਤੇ ਉਪਦੇਸ਼ ਦੇ ਰੂਪ ਵਿਚ ਨੈਤਿਕ ਜਾਂ ਅਖ਼ਲਾਕੀ ਪਹਿਲੂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚਾਰ ਪਦਾਰਥਾਂ ਦੀ ਗੱਲ ਕੀਤੀ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:

ਚਾਰਿ ਪਦਾਰਥ ਜੇ ਕੋ ਮਾਗੈ॥

ਸਾਧ ਜਨਾ ਕੀ ਸੇਵਾ ਲਾਗੈ॥ (265)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਦੇ ਨਾਮ ਸਿਮਰਨ ਦੇ ਮਹੱਤਵ ਨੂੰ ਸਮਝਾਉਂਦੇ ਹੋਏ ਦੱਸਦੇ ਹਨ ਕਿ ਜਿਸ ਵਿਅਕਤੀ ਨੂੰ ਧਰਮ, ਅਰਥ (ਧਨ ਦੌਲਤ), ਕਾਮ ਅਤੇ ਮੋਕਸ਼ ਵਰਗੇ ਚਾਰ ਪਦਾਰਥਾਂ ਦੀ ਇੱਛਾ ਹੈ ਤਾਂ ਉਹਨਾਂ ਨੂੰ ਸਾਧੂ-ਸੰਤਾਂ ਦੀ ਸੇਵਾ ਕਰਨੀ ਚਾਹੀਦੀ ਹੈ ਅਤੇ ਪ੍ਰਭੂ ਦੇ

ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ। ਇੱਥੇ ਗੁਰੂ ਜੀ ਨੇ ਆਮ ਲੋਕਾਂ ਨੂੰ ਸਿੱਧੇ ਰਸਤੇ 'ਤੇ ਪਾਉਣ ਲਈ ਚਾਰ ਪਦਾਰਥਾਂ ਦੀ ਵਰਤੋਂ ਕੀਤੀ ਹੈ।

ਚਾਰਿ ਪਦਾਰਥ ਕਮਲ ਪ੍ਰਗਾਸ॥ (295)

ਕੁੰਤਕ ਨੇ ਵਾਕ ਵਕ੍ਰੋਕਤੀ ਵਿਚ ਕਾਵਿ ਦੇ ਯਥਾਰਥਕ, ਇਤਿਹਾਸਿਕ, ਮਿਥਿਹਾਸਿਕ, ਕਲਪਿਤ, ਚੇਤਨ, ਅਚੇਤਨ, ਮਾਨਵੀ, ਪ੍ਰਾਕ੍ਰਿਤਿਕ, ਅਲੰਕਾਰਿਕ, ਭਾਵਾਤਮਕ, ਰਸਾਤਮਕ, ਉਪਦੇਸ਼ਾਤਮਕ, ਧਾਰਮਿਕ, ਆਰਥਿਕ, ਅਧਿਆਤਮਿਕ, ਰੋਮਾਂਟਿਕ ਆਦਿ ਵਿਸ਼ੇ-ਵਸਤੂ ਨੂੰ ਸ਼ਾਮਿਲ ਕੀਤਾ ਹੈ। ਕੁੰਤਕ ਨੇ ਵਾਕ ਵਕ੍ਰੋਕਤੀ ਦੇ ਅੰਤਰਗਤ ਕਾਵਿ ਵਸਤੂ ਦਾ ਵਰਗੀਕਰਨ ਦੋ ਪੱਖਾਂ ਜਾਂ ਦ੍ਰਿਸ਼ਟੀਆਂ ਤੋਂ ਕੀਤਾ ਹੈ - ਕਵੀ ਦੀ ਦ੍ਰਿਸ਼ਟੀ ਤੋਂ (ਯਥਾਰਥਕ ਜਾਂ ਕਲਪਿਤ ਵਿਸ਼ੇ) ਅਤੇ ਪਾਠਕ ਦੀ ਦ੍ਰਿਸ਼ਟੀ ਤੋਂ (ਰਸਾਤਮਕ, ਅਲੰਕਾਰਿਕ ਅਤੇ ਉਪਦੇਸ਼ਾਤਮਕ ਵਿਸ਼ੇ)।

**5. ਕਿਸੇ ਘਟਨਾ ਜਾਂ ਉਪਕਥਾ 'ਤੇ ਆਧਾਰਿਤ ਵਕ੍ਰੋਕਤੀ :** ਭਾਰਤੀ ਕਾਵਿ-ਸ਼ਾਸਤਰ ਵਿਚ ਕਿਸੇ ਘਟਨਾ ਜਾਂ ਉਪਕਥਾ ਲਈ ਕੁੰਤਕ ਨੇ 'ਪ੍ਰਕਰਣ' ਸ਼ਬਦ ਦੀ ਵਰਤੋਂ ਕੀਤੀ ਹੈ। ਕੁੰਤਕ ਦੇ ਅਨੁਸਾਰ, "ਪ੍ਰਕਰਣ ਪ੍ਰਬੰਧ ਕਥਾ ਦਾ ਇਕ ਪ੍ਰਸੰਗ ਹੈ।" (***ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ*** 174) ਭਾਵ ਕਥਾ ਦੀ ਉਣਤੀ-ਬੁਣਤੀ ਨੂੰ ਪ੍ਰਬੰਧ ਅਤੇ ਉਸ ਦੇ ਕਿਸੇ ਇਕ ਅੰਗ ਜਾਂ ਘਟਨਾ ਨੂੰ ਪ੍ਰਕਰਣ ਕਿਹਾ ਜਾਂਦਾ ਹੈ। ਕਵੀ ਦੁਆਰਾ ਆਪਣੀ ਕਾਵਿ-ਰਚਨਾ ਜਾਂ ਕਵਿਤਾ ਵਿਚ ਆਪਣੇ ਵਿਸ਼ੇ ਨੂੰ ਵਿਲੱਖਣ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਕਿਸੇ ਘਟਨਾ ਜਾਂ ਪ੍ਰਸੰਗ ਦੇ ਸੰਜੀਵ ਚਿਤਰਣ ਨੂੰ ਹੀ ਕੁੰਤਕ ਨੇ ਪ੍ਰਕਰਣ ਵਕ੍ਰੋਕਤੀ ਦਾ ਨਾਮ ਦਿੱਤਾ ਹੈ। ਦੂਜੇ ਸ਼ਬਦਾਂ ਵਿਚ ਅਸੀ ਇਹ ਕਹਿ ਸਕਦੇ ਹਾਂ ਕਿ ਜਿੱਥੇ ਕਿਸੇ ਖਾਸ ਪ੍ਰਸੰਗ ਦੀ ਉੱਚਤਾ ਨਾਲ ਸਾਰਾ ਪ੍ਰਬੰਧ ਉੱਨਤ ਹੋ ਜਾਂਦਾ ਹੈ ਤਾਂ ਉੱਥੇ ਪ੍ਰਕਰਣ ਵਕ੍ਰੋਕਤੀ ਹੁੰਦੀ ਹੈ। ਸੋ ਪ੍ਰਕਰਣ ਦਾ ਅਰਥ ਹੈ - ਇਕ ਉਪਕਥਾ (Episode), ਪ੍ਰਸੰਗ (Event), ਕਥਾ-ਭਾਗ ਜਾਂ ਕਥਾ-ਟੋਟਾ (Section)।

ਕੁੰਤਕ ਦੇ ਅਨੁਸਾਰ ਜਦੋਂ ਕਵੀ ਕਾਵਿ-ਰਚਨਾ ਵਿਚ ਅਦਭੁਤ ਵਿਲੱਖਣਤਾ ਅਤੇ ਵਿਚਿਤਰਤਾ ਪ੍ਰਗਟ ਕਰਨ ਲਈ ਕਥਾ-ਕਾਵਿ (ਨਾਟਕ, ਖੰਡ ਕਾਵਿ, ਮਹਾਕਾਵਿ) ਦੇ ਛੋਟੇ-ਛੋਟੇ ਪ੍ਰਸੰਗਾਂ ਤੇ ਅੰਸ਼ਾਂ ਨੂੰ ਪ੍ਰਧਾਨ ਕਥਾ-ਵਸਤੂ ਦੇ ਸੰਦਰਭ ਵਿਚ ਸੰਜੀਵ ਰੂਪ ਵਿਚ ਚਮਤਕਾਰੀ ਢੰਗ ਨਾਲ ਕਲਪਨਾ ਸ਼ਕਤੀ ਦੁਆਰਾ ਪ੍ਰਸਤੁਤ ਕਰਦਾ ਹੈ ਤਾਂ ਉੱਥੇ ਪ੍ਰਕਰਣ ਵਕ੍ਰੋਕਤੀ ਹੁੰਦੀ ਹੈ। ਕੁੰਤਕ ਦੇ ਅਨੁਸਾਰ ਪ੍ਰਕਰਣ ਵਕ੍ਰੋਕਤੀ ਦੇ ਅੱਠ ਉਪਭੇਦ (ਪਾਤਰ-ਚਿਤਰਨ ਵਕ੍ਰੋਕਤੀ, ਨਵੀਨ ਪ੍ਰਸੰਗ ਵਕ੍ਰੋਕਤੀ, ਉਪਕਾਰ ਵਕ੍ਰੋਕਤੀ, ਵਿਸ਼ੇਸ਼ ਦੁਹਰਾਓ ਵਕ੍ਰੋਕਤੀ, ਪ੍ਰਸੰਗ ਵਿਸਤਾਰ ਵਕ੍ਰੋਕਤੀ, ਅਪ੍ਰਧਾਨ ਪ੍ਰਸੰਗ ਦੀ ਕਲਪਨਾ, ਗਰਭਾਂਕ ਵਕ੍ਰੋਕਤੀ, ਸੁਮੇਲ ਵਕ੍ਰੋਕਤੀ) ਹੁੰਦੇ ਹਨ, ਜਿੰਨ੍ਹਾਂ ਦਾ ਵਿਸਥਾਰਪੂਰਵਕ ਵਰਨਣ (ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਦੇ ਸੰਦਰਭ ਵਿਚ) ਹੇਠ ਲਿਖੇ ਅਨੁਸਾਰ ਹੈ:

I. **ਪਾਤਰ-ਚਿਤਰਣ ਵਕ੍ਰੋਕਤੀ**: ਜਦੋਂ ਕਵੀ ਆਪਣੀ ਕਾਵਿ-ਰਚਨਾ ਵਿਚ ਅਜਿਹੀ ਭਾਵਪੂਰਨ ਸਥਿਤੀ ਦੀ ਕਲਪਨਾ ਕਰਦਾ ਹੈ ਜੋ ਪਾਤਰਾਂ ਦੇ ਚਿਤਰ ਤੇ ਚਰਿਤਰ (Character) ਚਿਤਰਣ ਵਿਚ ਗੌਰਵ ਪੈਦਾ ਕਰ ਦੇਵੇ, ਤਾਂ ਉੱਥੇ ਪਾਤਰ-ਚਿਤਰਣ ਵਕ੍ਰੋਕਤੀ ਹੁੰਦੀ ਹੈ। ਕੁੰਤਕ ਦੇ ਅਨੁਸਾਰ ਪਾਤਰ-ਚਿਤਰਣ ਵਕ੍ਰੋਕਤੀ ਦਾ ਮਨੋਰਥ ਕਾਵਿ-ਰਚਨਾ ਦੇ ਪਾਤਰਾਂ ਦੇ ਚਰਿਤਰ ਨੂੰ ਹੋਰ ਉੱਚਾ ਚੁੱਕਣਾ ਅਤੇ ਕਵਿਤਾ ਵਿਚ ਕਲਪਨਾ ਸ਼ਕਤੀ ਨੂੰ ਵੱਧ ਤੋਂ ਵੱਧ ਪ੍ਰਭਾਵਸ਼ਾਲੀ ਬਣਾਉਣਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਪਰਮਾਤਮਾ, ਗੁਰੂ, ਬ੍ਰਹਮ ਗਿਆਨੀ, ਸੰਤ, ਗੁਰਮੁਖ ਆਦਿ ਦੇ ਚਰਿੱਤਰ ਦਾ ਅਲੌਕਿਕ, ਚਮਤਕਾਰੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕੀਤਾ ਹੈ, ਜਿਸ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

ਬ੍ਰਹਮ ਗਿਆਨੀ ਸਦਾ ਨਿਰਲੇਪ॥

ਜੈਸੇ ਜਲ ਮਹਿ ਕਮਲ ਅਲੇਪ॥ (272)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਗਿਆਨੀ ਦੇ ਚਰਿਤਰ ਦਾ ਪ੍ਰਭਾਵਸ਼ਾਲੀ ਢੰਗ ਨਾਲ ਉਦਾਹਰਨਾਂ ਸਹਿਤ ਵਰਨਣ ਕੀਤਾ ਹੈ। ਗੁਰੂ ਜੀ ਅਨੁਸਾਰ ਜਿਵੇਂ ਗੰਦੇ ਪਾਣੀ ਵਿਚ ਰਹਿ ਕੇ ਵੀ

ਕਮਲ ਦਾ ਫੁੱਲ ਚਿੱਕੜ ਤੋਂ ਦੂਰ ਰਹਿੰਦਾ ਹੈ, ਠੀਕ ਉਸੇ ਤਰ੍ਹਾਂ ਹੀ ਇਸ ਸੰਸਾਰ ਵਿਚ ਬ੍ਰਹਮ ਗਿਆਨੀ ਵੀ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਤੋਂ ਸਦਾ ਦੂਰ ਰਹਿੰਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਗਿਆਨੀ ਦੇ ਵਿਅਕਤੀਤਵ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਲਈ ਪਾਤਰ-ਚਿਤਰਣ ਵਕ੍ਰੋਕਤੀ ਦਾ ਸਹਾਰਾ ਲਿਆ ਹੈ।

ਮਿਰਤਕ ਕਉ ਜੀਵਾਲਨ ਹਾਰ॥

ਭੂਖੇ ਕਉ ਦੇਵਤ ਅਧਾਰ॥ (282)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਨੇ ਪ੍ਰਭੂ ਜਾਂ ਪਰਮਾਤਮਾ ਦੀ ਮਹਿਮਾ ਨੂੰ ਚਮਤਕਾਰੀ ਢੰਗ ਨਾਲ ਪ੍ਰਸਤੁਤ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਇਕ ਸੱਚਾ ਗੁਰੂ ਆਤਮਕ ਤੌਰ ਤੇ ਮੁਰਦਾ ਵਿਅਕਤੀ ਨੂੰ ਜਿਵਾਲਣ ਦੇ ਯੋਗ ਹੈ ਅਤੇ ਸੰਸਾਰਿਕ ਮੋਹ-ਮਾਇਆ ਦੇ ਭੁੱਖੇ ਵਿਅਕਤੀ ਨੂੰ ਵੀ ਆਸਰਾ ਦਿੰਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਦੀ ਮਹਿਮਾ, ਵਡਿਆਈ ਅਤੇ ਗੁਣਾਂ ਦਾ ਵਰਨਣ ਕਰਨ ਲਈ ਪਾਤਰ-ਚਰਿਤਰ ਵਕ੍ਰੋਕਤੀ ਦਾ ਸਹਾਰਾ ਲਿਆ ਹੈ।

ਊਚ ਮੂਚ ਬੇਅੰਤੁ ਠਾਕੁਰੁ ਸਰਬ ਊਪਰਿ ਤੁਹੀ ਏਕ॥

ਪ੍ਰਾਨ ਅਧਾਰ ਦੁਖ ਬਿਦਾਰ ਦੈਨਹਾਰ ਬੁਧਿ ਬਿਬੇਕ॥ (1341)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਪ੍ਰਭੂ ਜਾਂ ਪਰਮਾਤਮਾ ਦੇ ਗੁਣਾਂ ਨੂੰ ਪ੍ਰਸਤੁਤ ਕਰਨ ਲਈ ਚਰਿਤਰ ਵਕ੍ਰੋਕਤੀ ਦਾ ਸਹਾਰਾ ਲਿਆ ਹੈ। ਗੁਰੂ ਜੀ ਦੇ ਅਨੁਸਾਰ ਉਹ ਪਰਮਾਤਮਾ ਸਭ ਜੀਵਾਂ ਦਾ ਰਾਖਾ ਹੈਂ, ਬੇਅੰਤ ਉੱਚਾ ਮਾਲਕ ਹੈਂ, ਸਭ ਜੀਵਾਂ ਦੀ ਜਿੰਦ ਦਾ ਆਸਰਾ ਹੈਂ, ਸਭ ਦੇ ਦੁਖਾਂ ਦਾ ਨਾਸ ਕਰਨ ਵਾਲਾ ਹੈਂ ਅਤੇ ਚੰਗੇ ਮੰਦੇ ਕਰਮਾਂ ਦੀ ਪਰਖ ਕਰ ਸਕਣ ਵਾਲੀ ਅਕਲ ਦੇਣ ਵਾਲਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਨੂੰ ਵਧੇਰੇ ਸਰਲ, ਸਰਸ, ਵਿਲੱਖਣ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਪਰਮਾਤਮਾ

ਦੇ ਗੁਣਾਂ ਦਾ ਅਲੌਕਿਕ ਵਰਨਣ ਕੀਤਾ ਹੈ। ਗੁਰੂ ਅਰਜਨ ਬਾਣੀ ਵਿਚੋਂ ਹੇਠ ਲਿਖੀਆਂ ਕੁਝ ਹੋਰ ਉਦਾਹਰਨਾਂ ਨੂੰ ਵੀ ਪਾਤਰ-ਚਰਿਤਰ ਵਕ੍ਰੋਕਤੀ ਦੇ ਅਧੀਨ ਵਿਚਾਰਿਆ ਜਾ ਸਕਦਾ ਹੈ:

ਪ੍ਰਾਨ ਨਾਥ ਅਨਾਥ ਸਖੇ ਦੀਨ ਦਰਦ ਨਿਵਾਰ॥

ਹੇ ਸਮ੍ਰਥ ਅਗਮ ਪੂਰਨ ਮੋਹਿ ਮਇਆ ਧਾਰਿ॥ (1273)

'ਪ੍ਰਭੂ ਜਾਂ ਪਰਮਾਤਮਾ' ਦੇ ਚਰਿਤਰ ਦਾ ਚਿਤਰਨ।

ਮਾਤ ਗਰਭ ਤੁਮ ਹੀ ਪ੍ਰਤਿਪਾਲਕ ਮ੍ਰਿਤ ਮੰਡਲ ਇਕ ਤੁਹੀ॥

ਤੁਮਹਿ ਪਿਤਾ ਤੁਮ ਹੀ ਫੁਨਿ ਮਾਤਾ ਤਮਹਿ ਮੀਤ ਹਿਤ ਭ੍ਰਾਤਾ॥ (1215)

'ਪਰਮਾਤਮਾ' ਦੇ ਚਰਿਤਰ ਦਾ ਚਿਤਰਨ।

ਸੋ ਤਪਸੀ ਜਿਸੁ ਸਾਧਸੰਗੁ॥

ਸਦ ਧਿਆਨੀ ਜਿਸੁ ਗੁਰਹਿ ਰੰਗੁ॥

ਸੇ ਨਿਰਭਉ ਜਿਨੁ ਭਉ ਪਇਆ॥

ਸੋ ਸੁਖੀਆ ਜਿਸੁ ਭ੍ਰਮੁ ਗਇਆ॥ (1180)

'ਤਪੱਸਵੀ', 'ਗਿਆਨੀ-ਧਿਆਨੀ', 'ਨਿਡਰ', 'ਸੁਖੀ' - ਇੱਥੇ ਵੱਖ-ਵੱਖ ਸਖਸ਼ੀਅਤਾਂ ਦੇ ਚਰਿਤਰ ਦਾ ਚਿਤਰਨ ਕੀਤਾ ਗਿਆ ਹੈ।

ਸਤਿਗੁਰੁ ਮੇਰਾ ਬੇਮੁਹਤਾਜੁ॥

ਸਤਿਗੁਰ ਮੇਰੇ ਸਚਾ ਸਾਜੁ॥

ਸਤਿਗੁਰੁ ਮੇਰਾ ਸਭਸ ਕਾ ਦਾਤਾ॥

ਸਤਿਗੁਰੁ ਮੇਰਾ ਪੁਰਖੁ ਬਿਧਾਤਾ॥ (1142)

'ਸੱਚੇ ਗੁਰੂ' ਦਾ ਚਰਿਤਰ ਚਿਤਰਨ।

ਸੋ ਪੰਡਿਤ ਜੋ ਮਨੁ ਪਰਬੋਧੈ॥

ਰਾਮਨਾਮੁ ਆਤਮ ਮਹਿ ਸੋਧੈ॥ (274)

'ਸੱਚੇ ਪੰਡਿਤ' ਦਾ ਚਰਿਤਰ ਚਿਤਰਨ।

II. **ਨਵੀਨ ਪ੍ਰਸੰਗ ਵਕ੍ਰੋਕਤੀ**: ਜਦੋਂ ਕੋਈ ਪ੍ਰਤਿਭਾਸ਼ਾਲੀ ਜਾਂ ਵਿਵੇਕਸ਼ੀਲ ਕਵੀ ਆਪਣੀ ਕਾਵਿ-ਰਚਨਾ ਵਿਚ ਕਲਪਨਾ ਸ਼ਕਤੀ ਅਤੇ ਨਵ-ਸਿਰਜਨਾ ਦੁਆਰਾ ਕਿਸੇ ਇਤਿਹਾਸਿਕ ਪ੍ਰਾਚੀਨ ਪ੍ਰਸੰਗ ਦੀ ਨਵੀਨ ਪ੍ਰਸੰਗ ਵਿਚ ਅਦਲਾ-ਬਦਲੀ ਕਰਕੇ ਕਵਿਤਾ ਵਿਚ ਮਿਠਾਸ ਭਰ ਦਿੰਦਾ ਹੈ ਤਾਂ ਉੱਥੇ ਨਵੀਨ ਪ੍ਰਸੰਗ ਵਕ੍ਰੋਕਤੀ ਹੁੰਦੀ ਹੈ। ਨਵੀਨ ਪ੍ਰਸੰਗ ਵਕ੍ਰੋਕਤੀ ਵਿਚ ਕਵੀ ਇਤਿਹਾਸ ਵਿਚ ਵਾਪਰੀ ਕਿਸੇ ਅਣਸੁਖਾਵੀਂ ਜਾਂ ਅਨੁਚਿਤ ਘਟਨਾ ਵਿਚ ਲੋੜੀਂਦੀ ਸੋਧ ਕਰਕੇ ਮੂਲ ਕਥਾ ਦੇ ਅਨੁਕੂਲ ਕਰ ਲੈਂਦਾ ਹੈ ਜਿਸ ਨਾਲ ਪਾਠਕਾਂ ਦੀ ਕਿਸੇ ਪਾਤਰ ਦੇ ਬਾਰੇ ਕੁੜੱਤਣ ਮਿਠਾਸ ਵਿਚ ਬਦਲ ਜਾਂਦੀ ਹੈ।

ਉਦਾਹਰਨ ਵਜੋਂ ਇਤਿਹਾਸ ਵਿਚ ਰਾਜਾ ਸਲਵਾਨ ਦੀ ਦੂਸਰੀ ਪਤਨੀ ਲੂਣਾਂ ਬਾਰੇ ਸਾਰੇ ਲੋਕਾਂ ਦੀ ਗਲਤ ਰਾਏ ਜਾਂ ਕੁੜੱਤਣ ਸੀ ਪਰੰਤੂ ਸ਼ਿਵ ਕੁਮਾਰ ਬਟਾਲਵੀ ਨੇ ਆਪਣੀ ਕਾਵਿ-ਰਚਨਾ 'ਲੂਣਾਂ' ਵਿਚ ਆਪਣੀ ਪ੍ਰਤਿਭਾਸ਼ਾਲੀ ਸੋਚ ਅਤੇ ਕਲਪਨਾ ਸ਼ਕਤੀ ਦੁਆਰਾ ਉਸ ਕੁੜੱਤਣ ਨੂੰ ਮਿਠਾਸ ਵਿਚ ਬਦਲ ਦਿੱਤਾ। ਕਵੀ ਦੁਆਰਾ ਆਪਣੀ ਕਵਿਤਾ ਜਾਂ ਕਾਵਿ-ਰਚਨਾ ਵਿਚ ਕਿਸੇ ਇਤਿਹਾਸਿਕ ਅਣਸੁਖਾਵੀਂ ਘਟਨਾ ਵਿਚ ਅਦਲਾ-ਬਦਲੀ ਕਰਕੇ ਕਲਪਨਾ ਸ਼ਕਤੀ ਦੁਆਰਾ ਮਿਠਾਸ ਭਰਨਾ ਚੰਗੀ ਸੋਧ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਵਿਲੱਖਣ ਅਤੇ ਪ੍ਰਤਿਭਾਸ਼ਾਲੀ ਕਲਪਨਾ ਸ਼ਕਤੀ ਦੁਆਰਾ ਬਹੁਤ ਸਾਰੇ ਇਤਿਹਾਸਿਕ ਪ੍ਰਸੰਗਾਂ ਨੂੰ

ਲੋੜੀਂਦੀ ਸੋਧ ਕਰਕੇ ਮੂਲ ਕਥਾ ਦੇ ਅਨੁਕੂਲ ਬਣਾਉਣ ਦਾ ਨਿਵੇਕਲਾ ਉਪਰਾਲਾ ਕੀਤਾ ਹੈ, ਜਿਸ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

ਪਤਿਤ ਪਵਿਤ੍ਰ ਲੀਏ ਕਰਿ ਅਪੁਨੇ ਸਗਲ ਕਰਤ ਨਮਸਕਾਰੋ॥

ਬਰਨੁ ਜਾਤਿ ਕੋਊ ਪੂਛੈ ਨਾਹੀ ਬਾਛਹਿ ਚਰਨ ਰਵਾਰੋ॥

............................................

ਨਾਮਦੇਉ, ਤ੍ਰਿਲੋਚਨੁ ਕਬੀਰ ਦਾਸਰੋ ਮੁਕਤਿ ਭਇਓ ਚੰਮਿਆਰੋ॥ (498)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਆਮ ਪਾਠਕਾਂ ਨੂੰ ਦੱਸਦੇ ਹਨ ਕਿ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਵਿਚ ਡੁੱਬਿਆ ਹੋਇਆ ਵਿਅਕਤੀ ਜੇਕਰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਲੱਗ ਪਵੇ, ਤਾਂ ਪਰਮਾਤਮਾ ਉਸ ਨੂੰ ਆਪਣਾ ਦਾਸ ਬਣਾ ਲੈਂਦਾ ਹੈ। ਸਾਰਾ ਸੰਸਾਰ ਉਸ ਵਿਅਕਤੀ ਦੇ ਅੱਗੇ ਸਿਰ ਨਿਵਾਂਦਾ ਹੈ, ਕੋਈ ਵੀ ਉਸ ਦਾ ਵਰਨ (ਬ੍ਰਾਹਮਣ, ਕਸ਼ੱਤਰੀ, ਵੈਸ਼, ਸ਼ੂਦਰ, ਚਮਿਆਰ) ਨਹੀਂ ਪੁੱਛਦਾ ਸਗੋਂ ਸਭ ਲੋਕ ਉਸ ਦੇ ਚਰਨਾਂ ਦੀ ਧੂੜ ਮੰਗਦੇ ਹਨ। ਇੱਥੇ ਗੁਰੂ ਜੀ ਨੇ ਭਗਤ ਨਾਮਦੇਵ (ਛੀਂਬਾ), ਭਗਤ ਕਬੀਰ (ਜੁਲਾਹਾ), ਭਗਤ ਤ੍ਰਿਲੋਚਨੁ (ਵੈਸ਼) ਅਤੇ ਭਗਤ ਰਵੀਦਾਸ (ਚਮਿਆਰ) ਨੂੰ ਨਵੀਨ ਵਕ੍ਰੋਕਤੀ ਦੇ ਸੰਦਰਭ ਵਿਚ ਆਪਣੇ ਭਾਵ ਜਾਂ ਸੰਕਲਪ ਦੇ ਅਰਥ ਨੂੰ ਸਰਲ, ਸਪੱਸ਼ਟ ਅਤੇ ਗ੍ਰਹਿਣਯੋਗ ਬਣਾਉਣ ਲਈ ਨਿਵੇਕਲਾ ਉਪਰਾਲਾ ਕੀਤਾ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਨਵੀਨ ਵਕ੍ਰੋਕਤੀ ਨਾਲ ਸੰਬੰਧਿਤ ਹੇਠ ਲਿਖੀਆਂ ਕਾਵਿ-ਪੰਕਤੀਆਂ ਨੂੰ ਵੀ ਵਿਚਾਰਿਆ ਜਾਂ ਘੋਖਿਆ ਜਾ ਸਕਦਾ ਹੈ:

ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ ਹਰਿ ਸਿਮਰਤ ਅਮਰ ਅਟਾਰੇ॥

ਪੁਤ੍ਰ ਹੇਤਿ ਨਾਰਾਇਣੁ ਕਹਿਓ ਜਮਕੰਕਰ ਮਾਰਿ ਬਿਦਾਰੇ॥

...............................................

ਬਾਲਮੀਕੁ ਸੁਪਚਾਰੋ ਤਰਿਓ ਬਧਿਕ ਤਰੇ ਬਿਚਾਰੇ॥

ਏਕ ਨਿਮਖ ਮਨ ਮਾਹਿ ਅਰਾਧਿਓ ਗਜਪਤਿ ਪਾਰਿ ਉਤਾਰੇ॥

ਕੀਨੀ ਰਖਿਆ ਭਗਤ ਪ੍ਰਹਿਲਾਦੈ ਹਰਨਾਖਸ ਨਖਹਿ ਬਿਦਾਰੇ॥

ਬਿਦਰੁ ਦਾਸੀ ਸੁਤੁ ਭਇਓ ਪੁਨੀਤਾ ਸਗਲੇ ਕੁਲ ਉਜਾਰੇ॥ (999)

III. **ਉਪਕਾਰ ਭਾਵ ਵਕ੍ਰੋਕਤੀ** : ਜਦੋਂ ਕੋਈ ਪ੍ਰਤਿਭਾਸ਼ਾਲੀ ਕਵੀ ਆਪਣੀ ਕਾਵਿ-ਰਚਨਾ ਵਿਚ ਮੁੱਖ ਕਥਾ ਦਾ ਸੰਬੰਧ ਵੱਖ-ਵੱਖ ਉਪਕਥਾਵਾਂ ਨਾਲ ਪ੍ਰਸਤੁਤ ਕਰਦਾ ਹੈ, ਜਿੰਨ੍ਹਾਂ ਦੀ ਸਹਾਇਤਾ ਤੋਂ ਬਿਨ੍ਹਾਂ ਮੁੱਖ ਕਥਾ ਸੰਪੂਰਨ ਨਹੀਂ ਹੋ ਸਕਦੀ ਤਾਂ ਉੱਥੇ ਉਪਕਾਰ ਭਾਵ ਵਕ੍ਰੋਕਤੀ ਹੁੰਦੀ ਹੈ। ਅਰਸਤੂ ਨੇ ਉਪਕਾਰ ਭਾਵ ਵਕ੍ਰੋਕਤੀ ਨੂੰ ਹੀ 'ਕਾਰਜ ਦੀ ਏਕਤਾ' ਕਿਹਾ ਹੈ। ਕੁੰਤਕ ਦਾ ਮੰਨਣਾ ਹੈ ਕਿ ਕਾਵਿ ਵਿਚ ਵੱਖ-ਵੱਖ ਉਪਕਥਾਵਾਂ ਮੁੱਖ ਕਥਾ ਨਾਲ ਸੰਬੰਧਿਤ ਅਤੇ ਸਹਾਇਕ ਹੋਣੀਆਂ ਚਾਹੀਦੀਆਂ ਹਨ। ਉਪਕਾਰ ਭਾਵ ਵਕ੍ਰੋਕਤੀ ਵਿਚ ਕਵੀ ਆਪਣੀ ਗੱਲ ਨੂੰ ਦ੍ਰਿੜ ਕਰਨ ਲਈ ਇਕ ਭਾਵ ਨਾਲ ਸੰਬੰਧਿਤ ਵੱਖ-ਵੱਖ ਗੱਲਾਂ ਜਾਂ ਨੁਕਤਿਆਂ ਨੂੰ ਪਾਠਕਾਂ ਦੇ ਸਾਹਮਣੇ ਨਿਵੇਕਲੇ ਜਾਂ ਵਿਲੱਖਣ ਢੰਗ ਨਾਲ ਪ੍ਰਸਤੁਤ ਕਰਨ ਦਾ ਉਪਰਾਲਾ ਕਰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਵਿਚਲੀ ਵਿਚਾਰਧਾਰਾ ਦੇ ਭਾਵ ਨੂੰ ਸਪੱਸ਼ਟ, ਸਰਲ, ਰੌਚਕ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਉਪਕਾਰ ਭਾਵ ਵਕ੍ਰੋਕਤੀ ਦੀ ਵਰਤੋਂ ਕੀਤੀ ਹੈ, ਜਿਸ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ॥ ਹਰਿ ਕਾ ਨਾਮੁ ਊਹਾ ਸੰਗਿ ਤੋਸਾ॥

ਜਿਹ ਪੈਡੈ ਮਹਾ ਅੰਧ ਗੁਬਾਰਾ॥ ਹਰਿ ਕਾ ਨਾਮ ਸੰਗਿ ਉਜੀਆਰਾ॥

ਜਹਾ ਪੰਥਿ ਤੇਰਾ ਕੋ ਨ ਸਿਞਾਨੂ॥ ਹਰਿ ਕਾ ਨਾਮ ਤਹ ਨਾਲਿ ਪਛਾਨੂ॥

ਜਹ ਮਹਾ ਭਇਆਨ ਤਪਤਿ ਬਹੁ ਘਾਮ॥ ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥

ਜਹਾ ਤ੍ਰਿਖਾ ਮਨ ਤੁਝੁ ਆਕਰਖੈ॥ ਤਹ ਨਾਨਕ ਹਰਿ ਹਰਿ ਅੰਮ੍ਰਿਤ ਬਰਖੈ॥ (264)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ 'ਹਰਿਨਾਮ' ਭਾਵ ਪਰਮਾਤਮਾ ਜਾਂ ਪ੍ਰਭੂ ਦੇ ਨਾਮ-ਸਿਮਰਨ ਦੇ ਮਹੱਤਵ ਨੂੰ ਸਪੱਸ਼ਟ ਕਰਦੇ ਹੋਏ ਦੱਸਦੇ ਹਨ ਕਿ ਜਦੋਂ ਕਿਸੇ ਮੰਜ਼ਿਲ ਦੀ ਦੂਰੀ ਅਤੇ ਰਸਤੇ ਬਾਰੇ ਜਾਣਕਾਰੀ ਨਾ ਹੋਵੇ ਤਾਂ ਉਸ ਸਮੇਂ ਪਰਮਾਤਮਾ ਦਾ ਨਾਮ-ਸਿਮਰਨ ਰਾਹਗੀਰ ਨੂੰ ਉਸਦੀ ਮੰਜ਼ਿਲ 'ਤੇ ਪਹੁੰਚਾ ਕੇ ਸਹਾਇਤਾ ਕਰਦਾ ਹੈ। ਗੁਰੂ ਜੀ ਦੇ ਅਨੁਸਾਰ ਜਦੋਂ ਜਿੰਦਗੀ ਵਿਚ ਕਿਸੇ ਮੰਜ਼ਿਲ 'ਤੇ ਪਹੁੰਚਣ ਦਾ ਰਸਤਾ ਹਨੇਰੇ ਨਾਲ ਭਰਿਆ ਅਤੇ ਡਰਾਵਣਾ ਹੋਵੇ ਤਾਂ ਉਸ ਸਮੇਂ ਪਰਮਾਤਮਾ ਦਾ ਨਾਮ ਰੌਸ਼ਨੀ ਬਣ ਕੇ ਸਾਥ ਨਿਭਾਉਂਦਾ ਹੈ। ਗੁਰੂ ਜੀ ਦੇ ਅਨੁਸਾਰ ਜਦੋਂ ਕਿਸੇ ਰਸਤੇ ਵਿਚ ਕੋਈ ਜਾਣਕਾਰ ਜਾਂ ਦੋਸਤ ਨਾ ਹੋਵੇ ਤਾਂ ਉਸ ਸਮੇਂ ਪਰਮਾਤਮਾ ਦਾ ਨਾਮ ਸਾਥੀ ਜਾਂ ਦੋਸਤ ਬਣ ਕੇ ਸਾਥ ਨਿਭਾਉਂਦਾ ਹੈ। ਗੁਰੂ ਜੀ ਦੇ ਅਨੁਸਾਰ ਜਦੋਂ ਰਸਤੇ ਵਿਚ ਗਰਮੀ ਬਹੁਤ ਹੋਵੇ ਅਤੇ ਰਸਤਾ ਬਹੁਤ ਭਿਆਨਕ ਜਾਂ ਡਰਾਵਣਾ ਹੋਵੇ ਤਾਂ ਉਸ ਸਮੇਂ ਪ੍ਰਭੂ ਦਾ ਨਾਮ ਛਾਂ ਬਣ ਕੇ ਸਹਾਇਤਾ ਕਰਦਾ ਹੈ। ਗੁਰੂ ਜੀ ਦੇ ਅਨੁਸਾਰ ਜਦੋਂ ਵਿਅਕਤੀ ਰਸਤੇ ਵਿਚ ਪਿਆਸ ਨਾਲ ਤੜਪ ਰਿਹਾ ਹੋਵੇ ਤਾਂ ਉਸ ਸਮੇਂ ਪਰਮਾਤਮਾ ਦਾ ਨਾਮ ਅੰਮ੍ਰਿਤ ਬਣ ਕੇ ਵਰ੍ਹਦਾ ਹੈ। ਇੱਥੇ ਗੁਰੂ ਜੀ ਨੇ ਗੁਰਬਾਣੀ ਵਿਚਲੀ ਵਿਚਾਰਧਾਰਾ ਦੇ ਭਾਵ ਜਾਂ ਅਰਥ ਨੂੰ ਦ੍ਰਿੜ, ਸਰਲ, ਸਪੱਸ਼ਟ ਕਰਨ ਲਈ ਇਕ ਭਾਵ ਨਾਲ ਸੰਬੰਧਿਤ ਵੱਖ-ਵੱਖ ਗੱਲਾਂ ਜਾਂ ਨੁਕਤਿਆਂ ਨੂੰ ਪਾਠਕਾਂ ਦੇ ਸਾਹਮਣੇ ਨਿਵੇਕਲੇ ਜਾਂ ਵਿਲੱਖਣ ਢੰਗ ਨਾਲ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਹੈ।

ਬ੍ਰਹਮ ਗਿਆਨੀ ਸਦਾ ਨਿਰਲੇਪ॥ ਜੈਸੇ ਜਲ ਮਹਿ ਕਮਲ ਅਲੇਪ॥

ਬ੍ਰਹਮ ਗਿਆਨੀ ਸਦਾ ਨਿਰਦੋਖ॥ ਜੈਸੇ ਸੂਰੁ ਸਰਬ ਕਉ ਸੋਖ॥

ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ॥ ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ॥ (272)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਬ੍ਰਹਮ ਗਿਆਨੀ ਦੇ ਲੱਛਣ ਬਿਆਨ ਕਰਦੇ ਹੋਏ ਦੱਸਦੇ ਹਨ ਕਿ ਬ੍ਰਹਮ ਗਿਆਨੀ ਮੋਹ-ਮਾਇਆ ਦੇ ਪ੍ਰਭਾਵ ਤੋਂ ਉਸੇ ਤਰ੍ਹਾਂ ਮੁਕਤ ਰਹਿੰਦਾ ਹੈ ਜਿਵੇਂ ਕਮਲ ਦਾ

ਫੁੱਲ ਗੰਦੇ ਪਾਣੀ ਵਿਚ ਰਹਿਣ ਦੇ ਬਾਵਜੂਦ ਵੀ ਉਸ ਪਾਣੀ ਤੋਂ ਅਣਭਿੱਜ ਰਹਿੰਦਾ ਹੈ। ਗੁਰੂ ਜੀ ਦੇ ਅਨੁਸਾਰ ਬ੍ਰਹਮ ਗਿਆਨੀ ਪਰਮਾਤਮਾ ਦੇ ਨਾਮ-ਸਿਮਰਨ ਦੁਆਰਾ ਸਾਰੇ ਪਾਪਾਂ ਨੂੰ ਸਾੜ ਦਿੰਦਾ ਹੈ ਜਿਵੇਂ ਸੂਰਜ ਸਭ ਗਿੱਲੀਆਂ ਚੀਜਾਂ ਨੂੰ ਸੁਕਾ ਦਿੰਦਾ ਹੈ। ਗੁਰੂ ਜੀ ਦੇ ਅਨੁਸਾਰ ਬ੍ਰਹਮ ਗਿਆਨੀ ਹਰੇਕ ਮਨੁੱਖ ਨੂੰ ਇੱਕ ਸਮਾਨ ਦ੍ਰਿਸ਼ਟੀ ਨਾਲ ਦੇਖਦਾ ਹੈ ਜਿਵੇਂ ਹਵਾ ਰਾਜੇ ਅਤੇ ਗਰੀਬ ਦੋਹਾਂ ਨੂੰ ਇਕੋ ਜਿਹਾ ਸੁਖ ਅਤੇ ਅਰਾਮ ਦਿੰਦੀ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਸਰਲ, ਸਪੱਸ਼ਟ, ਰੌਚਕ ਅਤੇ ਗ੍ਰਹਿਣਯੋਗ ਬਣਾਉਣ ਲਈ ਮੁੱਖ ਕਥਾ ਨਾਲ ਸੰਬੰਧਿਤ ਵੱਖ-ਵੱਖ ਉਪਕਥਾਵਾਂ ਨੂੰ ਵੀ ਨਿਵੇਕਲੇ ਜਾਂ ਵਿਲੱਖਣ ਢੰਗ ਨਾਲ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਹੈ।

IV. **ਵਿਸ਼ੇਸ਼ ਦੁਹਰਾਉ ਵਕ੍ਰੋਕਤੀ** : ਆਮ ਤੌਰ ਤੇ ਇਹ ਦੇਖਣ ਨੂੰ ਮਿਲਦਾ ਹੈ ਕਿ ਜਦੋਂ ਕੋਈ ਕਵੀ ਕਾਵਿ-ਰਚਨਾ ਵਿਚ ਇਕ ਹੀ ਪ੍ਰਸੰਗ ਜਾਂ ਭਾਵ ਦਾ ਵਾਰ-ਵਾਰ ਦੁਹਰਾਓ ਕਰਦਾ ਹੈ ਤਾਂ ਉਸ ਕਵਿਤਾ ਵਿਚ ਪੁਨਰੁਕਤੀ ਜਾਂ ਦੁਹਰੁਕਤੀ ਦਾ ਦੋਸ਼ ਆ ਜਾਂਦਾ ਹੈ, ਪਰੰਤੂ ਜਦੋਂ ਇਕ ਪ੍ਰਤਿਭਾਸ਼ਾਲੀ ਜਾਂ ਵਿਵੇਕਸ਼ੀਲ ਕਵੀ ਇਕੋ ਪ੍ਰਸੰਗ ਜਾਂ ਭਾਵ ਨੂੰ ਹਰ ਵਾਰ ਵਿਲੱਖਣਤਾ ਜਾਂ ਵਿਚਿਤਰਤਾ ਨਾਲ ਪ੍ਰਸਤੁਤ ਕਰਦਾ ਹੈ ਤਾਂ ਉਸ ਨੂੰ ਵਿਸ਼ੇਸ਼ ਦੁਹਰਾਉ ਵਕ੍ਰੋਕਤੀ ਕਿਹਾ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਰਚਨਾ 'ਬਾਰਹਮਾਹ ਮਾਝ' ਵਿਚ ਜੀਵ ਰੂਪੀ ਆਤਮਾ ਅਤੇ ਪਰਮਾਤਮਾ ਰੂਪੀ ਪਤੀ ਦੇ ਬਿਰਹੋਂ ਜਾਂ ਮਿਲਾਪ ਦੀ ਅਵਸਥਾ ਨੂੰ ਦੇਸੀ ਮਹੀਨਿਆਂ (ਚੇਤ, ਵਿਸਾਖ, ਜੇਠ, ਹਾੜ, ਸਾਉਣ, ਭਾਦੋਂ, ਅੱਸੂ, ਕੱਤਕ, ਮੱਘਰ, ਪੋਹ, ਮਾਘ, ਫੱਗਣ) ਦੇ ਸੰਦਰਭ ਵਿਚ ਵਾਰ-ਵਾਰ ਪ੍ਰਸਤੁਤ ਕੀਤਾ ਹੈ, ਪਰ ਇੱਥੇ ਗੁਰੂ ਜੀ ਨੇ ਹਰ ਵਾਰ ਇਕ ਨਵੀਂ ਵਿਲੱਖਣਤਾ ਜਾਂ ਵਿਚਿਤਰਤਾ ਨੂੰ ਪ੍ਰਸਤੁਤ ਕਰਦੇ ਹੋਏ ਗੁਰਬਾਣੀ ਵਿਚ ਸਰਸਤਾ ਤੇ ਸੰਜੀਵਤਾ ਪੈਦਾ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ 'ਵਿਸ਼ੇਸ਼ ਦੁਹਰਾਉ ਵਕ੍ਰੋਕਤੀ' ਨਾਲ ਸੰਬੰਧਿਤ ਕੁਝ ਕੁ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

ਚੇਤ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥

ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥ (133)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਇਹ ਦੱਸਦੇ ਹਨ ਕਿ ਜਿਵੇਂ ਚੇਤ ਮਹੀਨੇ ਵਿਚ ਬਸੰਤ ਰੁੱਤ ਆਉਂਣ ਨਾਲ ਹਰ ਪਾਸੇ ਖਿੜੀ ਫੁਲਵਾੜੀ ਮਨ ਨੂੰ ਸ਼ਾਂਤੀ ਅਤੇ ਆਨੰਦ ਦਿੰਦੀ ਹੈ, ਠੀਕ ਉਸੇ ਤਰ੍ਹਾਂ ਹੀ ਚੇਤ ਮਹੀਨੇ ਵਿਚ ਸਾਧੂ-ਸੰਤਾਂ ਦੀ ਸੰਗਤ ਵਿਚ ਬੈਠ ਕੇ ਪਰਮਾਤਮਾ ਦਾ ਨਾਮ-ਸਿਮਰਨ ਕਰਨ ਨਾਲ ਜੀਵ ਰੂਪੀ ਆਤਮਾ ਦੇ ਮਨ ਨੂੰ ਸ਼ਾਂਤੀ ਅਤੇ ਆਨੰਦ ਮਿਲਦਾ ਹੈ। ਇੱਥੇ ਗੁਰੂ ਜੀ ਨੇ ਆਮ ਲੋਕਾਂ ਨੂੰ ਨਾਮ-ਸਿਮਰਨ ਦੇ ਮਹੱਤਵ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਲਈ ਵਿਸ਼ੇਸ਼ ਦੁਹਰਾਉ ਵਕ੍ਰੋਕਤੀ ਦਾ ਸਹਾਰਾ ਲਿਆ ਹੈ।

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥

ਹਰਿ ਸਾਜਨ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥ (133)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਇਹ ਦੱਸਦੇ ਹਨ ਕਿ ਵਿਸਾਖ ਮਹੀਨੇ ਵਿਚ ਉਨ੍ਹਾਂ ਜੀਵ ਰੂਪੀ ਇਸਤਰੀਆਂ ਨੂੰ ਕਿਵੇ ਧੀਰਜ (ਸ਼ਾਂਤੀ) ਆ ਸਕਦੀ ਹੈ, ਜਿਨ੍ਹਾਂ ਜੀਵ ਰੂਪੀ ਇਸਤਰੀਆਂ ਦਾ ਪਰਮਾਤਮਾ ਰੂਪੀ ਪਤੀ ਤੋਂ ਵਿਛੋੜਾ ਪੈ ਗਿਆ ਹੈ। ਇਹ ਜੀਵ ਰੂਪੀ ਜੀਵ ਇਸਤਰੀਆਂ ਆਪਣੇ ਪਰਮਾਤਮਾ ਰੂਪੀ ਪਤੀ ਨੂੰ ਭੁੱਲ ਕੇ ਸੰਸਾਰਿਕ ਮੋਹ-ਮਾਇਆ ਅਤੇ ਪੰਜ ਵਿਕਾਰਾਂ ਵਿਚ ਫਸ ਗਈਆਂ ਹਨ। ਇੱਥੇ ਗੁਰੂ ਜੀ ਨੇ ਨਾਮ-ਸਿਮਰਨ ਦੇ ਮਹੱਤਵ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਲਈ ਵਿਸ਼ੇਸ਼ ਦੁਹਰਾਉ ਵਕ੍ਰੋਕਤੀ ਦਾ ਸਹਾਰਾ ਲਿਆ ਹੈ।

ਹਰਿ ਜੇਠ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥

ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥ (133)

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥

ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥ (133)

V. **ਪ੍ਰਸੰਗ ਵਿਸਤਾਰ ਵਕ੍ਰੋਕਤੀ** : ਜਦੋਂ ਕੋਈ ਪ੍ਰਤਿਭਾਸ਼ਾਲੀ ਜਾਂ ਵਿਵੇਕਸ਼ੀਲ ਕਵੀ ਆਪਣੀ ਕਾਵਿ-ਰਚਨਾ ਦੀ ਰੌਚਕਤਾ ਵਿਚ ਵਾਧਾ ਕਰਨ ਲਈ ਅਤੇ ਆਪਣੀ ਕਾਵਿ-ਰਚਨਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਵੱਖ-ਵੱਖ ਰੌਚਕ ਪ੍ਰਸੰਗਾਂ ਜਾਂ ਭਾਵਾਂ ਨੂੰ ਨਿਵੇਕਲੇ ਢੰਗ ਨਾਲ ਪ੍ਰਸਤੁਤ ਕਰਦਾ ਹੈ ਤਾਂ ਉੱਥੇ ਪ੍ਰਸੰਗ ਵਿਸਤਾਰ ਵਕ੍ਰੋਕਤੀ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚਲੀ ਰੌਚਕਤਾ ਵਿਚ ਵਾਧਾ ਕਰਨ ਲਈ ਵਿਸ਼ੇ ਨਾਲ ਸੰਬੰਧਿਤ ਵੱਖ-ਵੱਖ ਪ੍ਰਸੰਗਾਂ ਦੀ ਵਰਤੋਂ ਕੀਤੀ ਹੈ, ਜਿਸ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

ਜਹ ਮਹਾ ਭਇਆਨ ਤਪਤਿ ਬਹੁ ਘਾਮ॥

ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ॥

ਜਹਾ ਤ੍ਰਿਖਾ ਮਨ ਤੁਝੁ ਆਕਰਖੈ॥

ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ॥ (264)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਵਿਚਲੇ ਵਿਸ਼ੇ ਦੀ ਰੌਚਕਤਾ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਜਿੰਦਗੀ ਦੇ ਵੱਖ-ਵੱਖ ਰੌਚਕ ਪ੍ਰਸੰਗਾਂ ਦੀ ਵਰਤੋਂ ਕੀਤੀ ਹੈ। ਗੁਰੂ ਜੀ ਦੇ ਅਨੁਸਾਰ ਇਸ ਸੰਸਾਰਿਕ ਜੀਵਨ ਵਿਚ ਜਿੱਥੇ ਬਹੁਤ ਜਿਆਦਾ ਗਰਮੀ ਹੋਵੇ ਅਤੇ ਰਸਤਾ ਬਹੁਤ ਭਿਆਨਕ ਹੋਵੇ ਭਾਵ ਜੀਵਨ ਵਿਚ ਬਹੁਤ ਜਿਆਦਾ ਮੁਸੀਬਤਾਂ ਹੋਣ, ਉੱਥੇ ਪਰਮਾਤਮਾ ਦਾ ਨਾਮ ਠੰਡੀ ਛਾਂ ਬਣ ਕੇ ਠੰਡ ਵਰਤਾਉਂਦਾ ਹੈ। ਗੁਰੂ ਜੀ ਦੇ ਅਨੁਸਾਰ ਜਿੱਥੇ ਵਿਅਕਤੀ ਪਿਆਸ ਨਾਲ ਵਿਆਕੁਲ ਹੋਵੇ, ਉੱਥੇ ਪਰਮਾਤਮਾ ਦਾ ਨਾਮ ਅੰਮ੍ਰਿਤ ਬਣ ਕੇ ਵਰ੍ਹਦਾ ਹੈ ਅਤੇ ਮਨੁੱਖ ਦੇ ਮਨ ਨੂੰ ਖੋਹ ਪਾਉਣ ਵਾਲੀ ਪੰਜ ਵਿਕਾਰਾਂ ਵਾਲੀ ਪਿਆਸ ਨੂੰ ਸ਼ਾਂਤ ਕਰਦਾ ਹੈ। ਇੱਥੇ ਗੁਰੂ ਜੀ ਨੇ ਗੁਰਬਾਣੀ ਵਿਚਲੀ ਵਿਚਾਰਧਾਰਾ ਦੇ ਅਰਥ ਨੂੰ ਸਰਲ,

ਸਪੱਸ਼ਟ, ਰੌਚਕ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਮਨੁੱਖੀ ਜੀਵਨ ਨਾਲ ਸੰਬੰਧਿਤ ਵੱਖ-ਵੱਖ ਰੌਚਕ ਪ੍ਰਸੰਗਾਂ ਦੀ ਵਰਤੋਂ ਕੀਤੀ ਹੈ।

VI. **ਅਪ੍ਰਧਾਨ ਪ੍ਰਸੰਗ ਦੀ ਵਕ੍ਰੋਕਤੀ** : ਜਦੋਂ ਕਵੀ ਆਪਣੀ ਕਾਵਿ-ਰਚਨਾ ਜਾਂ ਕਵਿਤਾ ਵਿਚ ਕਥਾ-ਵਸਤੂ ਦੀ ਸਫਲਤਾ ਲਈ ਕਲਪਨਾ ਸ਼ਕਤੀ ਦੁਆਰਾ ਕਿਸੇ ਸੁੰਦਰ, ਵਿਲੱਖਣ ਪਰ ਅਪ੍ਰਧਾਨ ਪ੍ਰਸੰਗ ਦੀ ਵਰਤੋਂ ਕਰਦਾ ਹੈ ਜਿਸ ਨਾਲ ਕਵਿਤਾ ਵਿਚ ਅਦਭੁੱਤ ਵਿਲੱਖਣਤਾ ਪੈਦਾ ਹੋਵੇ ਤਾਂ ਉੱਥੇ ਅਪ੍ਰਧਾਨ ਪ੍ਰਸੰਗ ਦੀ ਵਕ੍ਰੋਕਤੀ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਵੀ ਗੁਰਬਾਣੀ ਵਿਚਲੀ ਵਿਚਾਰਧਾਰਾ ਦੇ ਭਾਵ ਜਾਂ ਅਰਥ ਨੂੰ ਸਪੱਸ਼ਟ, ਸਰਲ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਅਪ੍ਰਧਾਨ ਪ੍ਰਸੰਗਾਂ ਦੀ ਵਰਤੋਂ ਕੀਤੀ ਹੈ, ਜਿਸ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ॥

ਸਾਰਿ ਸਮਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ॥

ਮੁੰਧ ਨੈਣ ਭਰੇਦੀ ਗੁਣ ਸਾਰੇਦੀ ਕਿਉ ਪ੍ਰਭ ਮਿਲਾ ਪਿਆਰੇ॥

ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਾਈਐ ਪਿਰੁ ਪਾਰੇ॥

ਸਤਿਗੁਰ ਸ਼ਬਦੀ ਮਿਲੈ ਵਿਛੁਨੀ ਤਨੁ ਮਨੁ ਆਗੈ ਰਾਖੈ॥

ਨਾਨਕ ਅੰਮ੍ਰਿਤ ਬਿਰਖੁ ਮਹਾ ਰਸ ਫਲਿਆ ਮਿਲਿ ਪ੍ਰੀਤਮ ਰਸੁ ਚਾਖੈ॥ (1111)

ਓਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਪਰਮਾਤਮਾ ਤਾਂ ਹਰੇਕ ਮਨੁੱਖ ਦੇ ਹਿਰਦੇ ਰੂਪੀ ਦੇਸ਼ ਵਿਚ ਵੱਸਦਾ ਹੈ, ਪਰੰਤੂ ਉਸ ਦੀ ਭਾਲ ਜਾਂ ਖੋਜ ਤਾਂ ਕੇਵਲ ਨਾਮ-ਸਿਮਰਨ ਕਰਨ ਵਾਲੇ ਹੀ ਮਨੁੱਖ ਕਰ ਸਕਦੇ ਹਨ। ਇੱਥੇ ਗੁਰੂ ਅਰਜਨ ਦੇਵ ਜੀ ਕਲਪਨਾ ਸ਼ਕਤੀ ਦਾ ਸਹਾਰਾ ਲੈ ਕੇ ਦੱਸਦੇ ਹਨ ਕਿ ਨਾਮ-ਸਿਮਰਨ ਤੋਂ ਬਿਨਾ ਜੀਵ-ਰੂਪੀ ਇਸਤਰੀ ਪਰਮਾਤਮਾ-ਰੂਪੀ ਪਤੀ ਤੋਂ ਵਿਛੜਿਆ ਹੋਇਆ ਸਮਝ

ਕੇ ਪਰਮਾਤਮਾ ਨੂੰ ਮਿਲਣ ਲਈ ਤਰਲੇ-ਭਰੇ ਸੁਨੇਹੇ ਭੇਜਦੀ ਹੈ। ਗੁਰੂ ਜੀ ਦੇ ਅਨੁਸਾਰ ਪਰਮਾਤਮਾ ਦੇ ਨਾਮ ਤੋਂ ਬਿਨਾ ਅੰਞਾਣ ਜੀਵ-ਇਸਤਰੀ ਸਹੇੜੇ ਹੋਏ ਦੁੱਖਾਂ ਦੇ ਕਾਰਨ ਰੋਂਦੀ ਹੈ, ਵਿਰਲਾਪ ਕਰਦੀ ਹੈ ਅਤੇ ਮੁੜ-ਮੁੜ ਪ੍ਰਭੂ ਨੂੰ ਯਾਦ ਕਰਦੀ ਹੈ। ਜੀਵ-ਰੂਪੀ ਇਸਤਰੀ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਦੇ ਰਸਤੇ ਵਿਚ ਫਸੀ ਹੋਈ ਹੈ, ਉਹ ਪਰਮਾਤਮਾ ਪੰਜ ਵਿਕਾਰਾਂ ਤੋਂ ਪਾਰ ਵੱਸਦਾ ਹੈ, ਜਿਸ ਤੱਕ ਕੇਵਲ ਨਾਮ-ਸਿਮਰਨ ਦੇ ਰਸਤੇ ਰਾਹੀਂ ਹੀ ਪਹੁੰਚਿਆ ਜਾ ਸਕਦਾ ਹੈ। ਗੁਰੂ ਜੀ ਦੇ ਅਨੁਸਾਰ ਪ੍ਰਭੂ ਜਾਂ ਪਰਮਾਤਮਾ ਦਾ ਨਾਮ ਇਕ ਐਸਾ ਰੁੱਖ ਹੈ, ਜਿਸ ਨੂੰ ਉੱਚੇ ਆਤਮਕ ਵਾਲੇ ਫਲ ਲੱਗੇ ਹੋਏ ਹਨ ਅਤੇ ਜਿਸ ਦੀ ਪ੍ਰਾਪਤੀ ਕੇਵਲ ਨਾਮ-ਸਿਮਰਨ ਦੁਆਰਾ ਹੀ ਕੀਤੀ ਜਾ ਸਕਦੀ ਹੈ। ਇੱਥੇ ਗੁਰੂ ਜੀ ਨੇ 'ਨਾਮ-ਸਿਮਰਨ' ਦੇ ਮਹੱਤਵ ਨੂੰ ਸਮਝਾਉਣ ਲਈ ਕਲਪਨਾ ਸ਼ਕਤੀ ਰਾਹੀਂ ਅਪ੍ਰਧਾਨ ਪ੍ਰਸੰਗ (ਪਤੀ-ਪਤਨੀ, ਸੰਜੋਗ-ਵਿਜੋਗ, ਰੁੱਖ, ਫਲ) ਦੀ ਵਰਤੋਂ ਕੇਵਲ ਆਪਣੇ ਵਿਸ਼ੇ ਨੂੰ ਵਧੇਰੇ ਸਰਲ, ਰੌਚਕ, ਦ੍ਰਿੜ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਕੀਤੀ ਹੈ, ਤਾਂ ਜੋ ਅਰਥ ਆਮ ਪਾਠਕਾਂ ਜਾਂ ਸਾਧਕਾਂ ਨੂੰ ਆਸਾਨੀ ਨਾਲ ਸਮਝ ਆ ਸਕੇ।

VII. **ਗਰਭਾਂਕ ਵਕ੍ਰੋਕਤੀ** : ਭਾਰਤੀ ਕਾਵਿ-ਸ਼ਾਸਤਰ ਵਿਚ ਗਰਭ ਦਾ ਅਰਥ ਹੈ- ਵਿਚਕਾਰ ਜਾਂ ਅੰਦਰ। ਜਦੋਂ ਕਵੀ ਅਲੌਕਿਕ ਚਮਤਕਾਰ ਪੈਦਾ ਕਰਨ ਲਈ ਕਿਸੇ ਪ੍ਰਧਾਨ ਨਾਟਕ ਦੇ ਅੰਤਰਗਤ ਦੂਜੇ ਨਾਟਕ ਨੂੰ ਜੋੜ ਦਿੱਤਾ ਜਾਂਦਾ ਹੈ ਤਾਂ ਉੱਥੇ ਗਰਭਾਂਕ, ਗਰਭ-ਅੰਕ ਜਾਂ ਨਾਟਕੀ ਵਕ੍ਰੋਕਤੀ ਹੁੰਦੀ ਹੈ। ਗਰਭਾਂਕ ਵਕ੍ਰੋਕਤੀ ਵਿਚ ਕਵੀ ਪ੍ਰਧਾਨ ਕਥਾ ਨੂੰ ਸਰਲ, ਸਪੱਸ਼ਟ, ਦ੍ਰਿੜ੍ਹ ਅਤੇ ਗ੍ਰਹਿਣਸ਼ੀਲ ਬਣਾਉਣ ਲਈ ਅਪ੍ਰਧਾਨ ਕਥਾ ਦੀ ਵਰਤੋਂ ਕੀਤੀ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਨੇ ਵੀ ਗੁਰਬਾਣੀ ਵਿਚਲੀ ਮੁੱਖ ਵਿਚਾਰਧਾਰਾ ਦੇ ਭਾਵ ਨੂੰ ਸਪੱਸ਼ਟ ਕਰਨ ਲਈ ਗਰਭਾਂਕ ਵਕ੍ਰੋਕਤੀ ਦੀ ਵਰਤੋਂ ਕੀਤੀ ਹੈ, ਜਿਸ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

ਨਿਉਲੀ ਕਰਮ ਕਰੈ ਬਹੁ ਆਸਨ॥

ਜੈਨ ਮਾਰਗ ਸੰਜਮ ਅਤਿ ਸਾਧਨ॥

ਨਿਮਖ ਨਿਮਖ ਕਰਿ ਸਰੀਰੁ ਕਟਾਵੈ॥

ਤਉ ਭੀ ਹਉਮੈ ਮੈਲੁ ਨ ਜਾਵੈ॥ (265)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਪਰਮਾਤਮਾ ਦੀ ਪ੍ਰਾਪਤੀ ਲਈ ਮਨੁੱਖ ਨਿਉਲੀ ਕਰਮ (ਸਵੇਰੇ ਖਾਲੀ ਪੇਟ ਕਰਨ ਵਾਲਾ ਯੋਗਾਸਣ) ਅਤੇ ਕਈ ਹੋਰ ਵੱਖ-ਵੱਖ ਆਸਣ ਕਰਦਾ ਹੈ ਜਾਂ ਜੈਨ ਧਰਮ ਉੱਪਰ ਚਲਦਾ ਹੋਇਆ ਬਹੁਤ ਸਾਰੀਆਂ ਕਠਿਨ ਸਾਧਨਾਵਾਂ ਅਤੇ ਸੰਜਮ ਕਰਦਾ ਹੈ, ਪਰੰਤੂ ਫਿਰ ਵੀ ਪੰਜ ਵਿਕਾਰਾਂ ਵਿਚ ਫਸਿਆ ਹੋਣ ਕਰਕੇ ਉਸ ਨੂੰ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੁੰਦੀ ਹੈ। ਗੁਰੂ ਜੀ ਦੇ ਅਨੁਸਾਰ ਭਾਵੇਂ ਮਨੁੱਖ ਭੋਰਾ-ਭੋਰਾ ਕਰਕੇ ਆਪਣਾ ਪੂਰਾ ਸਰੀਰ ਵੀ ਕਟਵਾ ਲਵੇ ਤਾਂ ਵੀ ਉਸ ਦੇ ਮਨ ਵਿਚੋਂ ਹਉਮੈ ਦੀ ਮੈਲ ਨਹੀਂ ਉੱਤਰ ਸਕਦੀ। ਇੱਥੇ ਗੁਰੂ ਜੀ ਨੇ ਪ੍ਰਧਾਨ ਵਿਸ਼ੇ 'ਹਉਮੈ' ਬਾਰੇ ਜਾਣਕਾਰੀ ਪ੍ਰਸਤੁਤ ਕਰਨ ਲਈ ਅਪ੍ਰਧਾਨ ਵਿਸ਼ਿਆਂ ('ਨਿਉਲੀ ਕਰਮ', 'ਸਰੀਰ ਕਟਾਵੈ') ਦਾ ਵਰਨਣ ਵੀ ਵਰਨਣ ਕੀਤਾ ਹੈ, ਜਿਸ ਦਾ ਸੰਬੰਧ ਗਰਭਾਂਕ ਵਕ੍ਰੋਕਤੀ ਨਾਲ ਹੈ। ਗੁਰੂ ਜੀ ਨੇ ਗਰਭਾਂਕ ਵਕ੍ਰੋਕਤੀ ਦੀ ਵਰਤੋਂ ਕੇਵਲ ਪ੍ਰਧਾਨ ਵਿਸ਼ਿਆਂ ਨੂੰ ਸਰਲ, ਸਪੱਸ਼ਟ, ਰੌਚਕ ਅਤੇ ਵਧੇਰੇ ਗ੍ਰਹਿਣਸ਼ੀਲ ਬਣਾਉਣ ਲਈ ਕੀਤੀ ਹੈ।

VIII. **ਸੁਮੇਲ ਵਕ੍ਰੋਕਤੀ**: ਜਦੋਂ ਕੋਈ ਕਵੀ ਆਪਣੀ ਕਵਿਤਾ ਵਿਚ ਰੌਚਕਤਾ, ਸਰਸਤਾ ਅਤੇ ਵਿਲੱਖਣਤਾ ਪੈਦਾ ਕਰਨ ਲਈ ਪਿਛਲੇ ਪ੍ਰਕਰਣਾਂ ਨੂੰ ਅਗਲੇ ਪ੍ਰਕਰਣਾਂ ਨਾਲ ਜੋੜ ਦਿੰਦਾ ਹੈ ਤਾਂ ਉੱਥੇ ਸੁਮੇਲ ਵਕ੍ਰੋਕਤੀ ਹੁੰਦੀ ਹੈ। ਜੇਕਰ ਕੋਈ ਕਵੀ ਆਪਣੀ ਕਵਿਤਾ ਵਿਚ ਪਿਛਲੇ ਅਗਲੇ ਪ੍ਰਕਰਣਾਂ ਦਾ ਸੁਮੇਲ ਨਹੀਂ ਕਰੇਗਾ ਤਾਂ ਕਵਿਤਾ ਵਿਚ ਕਥਾ ਦੀ ਤੰਦ ਟੁੱਟ ਜਾਵੇਗੀ। 'ਬਾਰਹਮਾਹ ਮਾਝ' ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਸਰਲ, ਸਪੱਸ਼ਟ, ਰੌਚਕ, ਪ੍ਰਭਾਵਸ਼ਾਲੀ, ਗ੍ਰਹਿਣਸ਼ੀਲ ਅਤੇ ਸੁਮੇਲ ਬਣਾਉਣ ਲਈ ਦੇਸੀ ਬਾਰਾਂ ਮਹੀਨਿਆਂ ਦੇ ਸੰਦਰਪ ਵਿਚ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ। 'ਬਾਰਹਮਾਹ ਮਾਝ' ਵਿਚ ਕੁਲ ਚੌਦਾਂ (14) ਪਉੜੀਆਂ ਹਨ। ਪਹਿਲੀ ਪਉੜੀ ਵਿਚ ਪ੍ਰਭੂ ਜਾਂ ਪਰਮਾਤਮਾ ਤੋਂ ਵਿਛੜਨ ਦੀ ਭੂਮਿਕਾ ਹੈ ਅਤੇ ਫਿਰ ਚੇਤ ਦੇ ਮਹੀਨੇ ਤੋਂ ਸ਼ੁਰੂ ਕਰਕੇ ਗਿਆਰਾਂ (11) ਮਹੀਨਿਆਂ ਵਿਚ ਸਾਧਕ ਦੀ ਸਥਿਤੀ ਤੇ ਚਾਨਣਾ ਪਾਇਆ ਗਿਆ ਹੈ। ਫੱਗਣ ਦੇ ਮਹੀਨੇ ਵਿਚ ਸੰਯੋਗ, ਸੁਖ ਅਤੇ ਉਸ ਦੀਆਂ ਉਪਲਬਧੀਆਂ ਦਾ

ਵਰਨਣ ਹੈ ਅਤੇ ਅੰਤਿਮ ਪਉੜੀ ਵਿਚ 'ਜਿਨਿ ਜਿਨਿ ਨਾਮ ਧਿਆਇਆ ਤਿਨਕੇ ਕਾਜ ਸਰੇ' ਕਹਿ ਕੇ ਹਰਿ ਭਗਤੀ ਵੱਲ ਜਿਗਿਆਸੂ ਦੇ ਮਨ ਨੂੰ ਮੋੜਿਆ ਗਿਆ ਹੈ। 'ਬਾਰਹਮਾਹ ਮਾਝ' ਇਕ ਉਪਦੇਸ਼ ਪ੍ਰਧਾਨ ਬਾਣੀ ਹੈ, ਜਿਸ ਵਿਚ ਪਾਠਕ ਜਾਂ ਸਾਧਕ ਨੂੰ ਚੰਗੇ ਕਰਮ ਅਤੇ ਪ੍ਰਭੂ ਜਾਂ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ। 'ਬਾਰਹਮਾਹ ਮਾਝ' ਬਾਣੀ ਦੀਆਂ ਚੌਦਾਂ ਪਉੜੀਆਂ ਵਿਚਲੀ ਸੁਮੇਲਤਾ (14) :ਸਮਝਿਆ ਜਾ ਸਕਦਾ ਹੈ ਨੂੰ ਹੇਠਾਂ ਕੁਝ ਪਉੜੀਆਂ ਦੇ ਅਰਥਾਂ ਤੋਂ

ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥ (133)

ਪਹਿਲੀ ਪਉੜੀ ਵਿਚ ਗੁਰੂ ਜੀ ਦੱਸਦੇ ਹਨ ਕਿ ਸੰਸਾਰਿਕ ਕੰਮਾਂ ਅਤੇ ਪੰਜ ਵਿਕਾਰਾਂ ਦੇ ਪ੍ਰਭਾਵ ਹੇਠ ਮਨੁੱਖ ਪਰਮਾਤਮਾ ਦੀ ਯਾਦ ਨੂੰ ਭੁਲਾ ਦਿੰਦਾ ਹੈ ਅਤੇ ਸਾਰੀ ਉਮਰ ਅਜਾਈਂ ਵਿਅਰਥ ਕੰਮਾਂ ਵਿਚ ਗਵਾ ਲੈਂਦਾ ਹੈ।

ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥ (133)

ਦੂਸਰੀ ਪਉੜੀ ਵਿਚ ਗੁਰੂ ਜੀ ਦੱਸਦੇ ਹਨ ਕਿ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਨਾਲ ਮਨੁੱਖ ਦੇ ਅੰਦਰ ਆਤਮਕ ਅਨੰਦ ਬਣਿਆ ਰਹਿੰਦਾ ਹੈ ਅਤੇ ਪਰਮਾਤਮਾ ਦੇ ਨਾਮ ਦੀ ਦਾਤ ਕੇਵਲ ਸਾਧ-ਸੰਗਤ ਵਿਚੋਂ ਹੀ ਪ੍ਰਾਪਤ ਹੋ ਸਕਦੀ ਹੈ।

ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥ (133)

ਤੀਸਰੀ ਪਉੜੀ ਵਿਚ ਗੁਰੂ ਜੀ ਦੱਸਦੇ ਹਨ ਕਿ ਪਰਮਾਤਮਾ ਦੇ ਨਾਮ ਤੋਂ ਬਿਨਾ ਸਾਰੇ ਸੰਸਾਰਿਕ ਕੰਮ ਵਿਅਰਥ ਹਨ ਅਤੇ ਮਨੁੱਖ ਪ੍ਰਭੂ ਦੇ ਨਾਮ ਤੋਂ ਬਿਨਾ ਦੁਖੀ ਜੀਵਨ ਗੁਜ਼ਾਰਦਾ ਹੈ, ਸੁਹਾਵਣੀ ਕੁਦਰਤ ਵੀ ਉਸ ਨੂੰ ਵੱਢ-ਵੱਢ ਖਾਂਦੀ ਹੈ।

ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥ (133)

ਚੌਥੀ ਪਉੜੀ ਵਿਚ ਗੁਰੂ ਜੀ ਦੱਸਦੇ ਹਨ ਕਿ ਪ੍ਰਭੂ ਦੇ ਨਾਮ-ਸਿਮਰਨ ਦੀ ਦਾਤ ਕੇਵਲ ਸਾਧੂ-ਸੰਤਾਂ ਦੀ ਸੰਗਤ ਵਿਚ ਹੀ ਮਿਲਦੀ ਹੈ ਅਤੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਵਾਲਾ ਮਨੁੱਖ ਲੋਕ-ਪਰਲੋਕ ਵਿਚ ਸੋਭਾ ਖੱਟਦਾ ਹੈ।

ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ॥ (133)

ਪੰਜਵੀਂ ਪਉੜੀ ਵਿਚ ਗੁਰੂ ਜੀ ਦੱਸਦੇ ਹਨ ਕਿ ਹਾੜ ਦਾ ਮਹੀਨਾ ਉਨ੍ਹਾਂ ਜੀਵ-ਇਸਤਰੀਆਂ ਨੂੰ ਤਪਦਾ ਪ੍ਰਤੀਤ ਹੁੰਦਾ ਹੈ, ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ-ਪਤੀ ਨਹੀਂ ਵੱਸਦਾ ਅਤੇ ਕੇਵਲ ਉਨ੍ਹਾਂ ਜੀਵ-ਇਸਤਰੀਆਂ ਨੂੰ ਹਾੜ ਦਾ ਮਹੀਨਾ ਸੁਹਾਵਣਾ ਪ੍ਰਤੀਤ ਹੁੰਦਾ ਹੈ, ਜਿਨ੍ਹਾਂ ਦੇ ਹਿਰਦੇ ਵਿਚ ਪ੍ਰਭੂ-ਪਤੀ ਦਾ ਵਾਸਾ ਹੁੰਦਾ ਹੈ।

**6. ਮਹਾਂਕਾਵਿ 'ਤੇ ਆਧਾਰਿਤ ਵਕ੍ਰੋਕਤੀ :** ਭਾਰਤੀ ਕਾਵਿ-ਸ਼ਾਸਤਰ ਵਿਚ ਮਹਾਂਕਾਵਿ ਤੇ ਆਧਾਰਿਤ ਵਕ੍ਰੋਕਤੀ ਨੂੰ ਪ੍ਰਬੰਧ ਵਕ੍ਰੋਕਤੀ ਕਿਹਾ ਜਾਂਦਾ ਹੈ। ਕੁੰਤਕ ਦੇ ਅਨੁਸਾਰ ਪ੍ਰਬੰਧ ਵਕ੍ਰੋਕਤੀ ਕਾਵਿ ਦੀ ਸਭ ਤੋਂ ਵੱਧ ਵਿਆਪਕ ਵਕ੍ਰੋਕਤੀ ਹੈ। ਇਸ ਵਕ੍ਰੋਕਤੀ ਦਾ ਆਧਾਰ ਨਾ ਤਾਂ ਧੁਨੀਆਂ (ਅੱਖਰ ਜਾਂ ਵਰਣ), ਨਾ ਸ਼ਬਦ, ਨਾ ਵਾਕ, ਨਾ ਪ੍ਰਕਰਣ (ਉਪਕਥਾ), ਸਗੋਂ ਆਦਿ (ਸ਼ੁਰੂ) ਤੋਂ ਲੈ ਕੇ ਅੰਤ ਤੱਕ ਸਮੁੱਚਾ ਪ੍ਰਬੰਧ-ਕਾਵਿ ਜਾਂ ਨਾਟਕ ਹੁੰਦਾ ਹੈ। ਕੁੰਤਕ ਦੇ ਅਨੁਸਾਰ ਜਦੋਂ ਪ੍ਰਤਿਭਾਸ਼ਾਲੀ ਜਾਂ ਵਿਵੇਕਸ਼ੀਲ ਕਵੀ ਆਪਣੀ ਕਾਵਿ-ਰਚਨਾ ਜਾਂ ਕਵਿਤਾ ਵਿਚ ਵਿਲੱਖਣਤਾ ਅਤੇ ਵਿਚਿਤਰਤਾ ਪੈਦਾ ਕਰਨ ਲਈ ਕਥਾ ਵਸਤੂ ਦੇ ਨੀਰਸ (ਰਸ ਤੋਂ ਰਹਿਤ, ਰਸਹੀਣ, ਬੇਰਸ) ਅੰਸ਼ਾਂ ਨੂੰ ਛੱਡ ਕੇ ਰਸ ਸਹਿਤ (ਸਰਸ) ਅਤੇ ਰੋਚਕ ਅੰਸ਼ਾਂ ਨੂੰ ਆਪਣੇ ਭਾਵਾਂ ਦੇ ਪ੍ਰਗਟਾਵੇ ਲਈ ਵਿਸ਼ੇਸ਼ ਤੌਰ ਤੇ ਪ੍ਰਸਤੁਤ ਕਰਦਾ ਹੈ ਤਾਂ ਉੱਥੇ ਪ੍ਰਬੰਧ ਵਕ੍ਰੋਕਤੀ ਹੁੰਦੀ ਹੈ। ਪ੍ਰਬੰਧ ਵਕ੍ਰੋਕਤੀ ਵਿਚ ਕਵੀ ਕਥਾ ਦੇ ਨਾਇਕ ਨੂੰ ਮਨਇਛਿਤ ਫਲ ਤੋਂ ਇਲਾਵਾ ਹੋਰ ਕਈ ਫਲਾਂ ਦੀ ਪ੍ਰਾਪਤੀ ਕਰਾ ਦਿੰਦਾ ਹੈ। ਕੁੰਤਕ ਨੇ ਮਹਾਂਕਾਵਿ ਤੇ ਆਧਾਰਿਤ ਵਕ੍ਰੋਕਤੀ/ਪ੍ਰਬੰਧ ਵਕ੍ਰੋਕਤੀ ਦੇ ਛੇ ਉਪਭੇਦ ਹੁੰਦੇ ਹਨ, ਜਿੰਨ੍ਹਾਂ ਬਾਰੇ ਸੰਖੇਪ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ:

I. ਮੂਲ ਰਸ ਪਰਿਵਰਤਨ।

II. ਵਿਸ਼ੇਸ਼ ਉਪਕਥਾ (ਪ੍ਰਕਰਣ) ਦੀ ਸਮਾਪਤੀ ਭਾਵ ਨਾਇਕ ਦੇ ਚਰਿਤਰ ਨੂੰ ਉੱਨਤ ਕਰਨ ਵਾਲੀ ਘਟਨਾ ਦੀ ਸਿਖਰ

ਉੱਤੇ ਕਥਾ ਦੀ ਸਮਾਪਤੀ।

III. ਕਥਾ ਦੇ ਮੱਧ ਵਿਚ ਹੀ ਕਿਸੇ ਹੋਰ ਕਾਰਜ ਰਾਹੀਂ ਪ੍ਰਧਾਨ ਕਾਰਜ ਦੀ ਪੂਰਤੀ।

IV. ਨਾਇਕ ਦੁਆਰਾ ਅਨੇਕ ਫਲਾਂ ਦੀ ਪ੍ਰਾਪਤੀ।

V. ਪ੍ਰਧਾਨ ਕਥਾ ਦਾ ਸੂਚਕ ਨਾਮਕਰਣ।

VI. ਇਕੋ ਹੀ ਮੂਲ-ਕਥਾ ਉੱਤੇ ਆਧਾਰਿਤ ਪ੍ਰਬੰਧਾਂ ਦੀ ਅਲੌਕਿਕ ਵਿਲੱਖਣਤਾ ਵਿਚ ਭਿੰਨਤਾ।

ਗੁਰੂ ਅਰਜਨ ਦੇਵ ਜੀ ਨੇ ਆਪਣੇ ਵਿਚਾਰ ਜਾਂ ਭਾਵ ਦੇ ਅਰਥ ਨੂੰ ਸਪੱਸ਼ਟ ਕਰਨ ਲਈ ਮਹਾਂਕਾਵਿ ਮਹਾਂਭਾਰਤ ਅਤੇ ਰਾਮਾਇਣ ਤੇ ਆਧਾਰਿਤ ਵਕ੍ਰੋਕਤੀ ਦੀ ਵਰਤੋਂ ਵਿਲੱਖਣ ਜਾਂ ਨਿਵੇਕਲੇ ਢੰਗ ਨਾਲ ਕੀਤੀ ਹੈ:

> ਬ੍ਰਹਮਦਾਇਕ ਸਨਕਾਦਿਕ ਚਾਹੈ॥
>
> ਜੋਗੀ ਜਤੀ ਸਿਧ ਹਰਿ ਆਹੈ॥ (203)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਵਿਚਾਰ ਜਾਂ ਭਾਵ ਦੇ ਅਰਥ ਨੂੰ ਸਰਲ, ਸਪੱਸ਼ਟ ਅਤੇ ਰੌਚਕ ਬਣਾਉਣ ਲਈ ਮਹਾਂਕਾਵਿ (ਮਹਾਂਭਾਰਤ ਅਤੇ ਰਾਮਾਇਣ) ਵਿਚ ਦਰਜ਼ ਬ੍ਰਹਮਾ ਅਤੇ ਉਸ ਦੇ ਚਾਰ ਪੁੱਤਰਾਂ (ਸਨਕ, ਸਨੰਦਨ, ਸਨਾਤਨ ਤੇ ਸਨਤ ਕੁਮਾਰ) ਨੂੰ ਆਧਾਰ ਬਣਾ ਕੇ ਸਮਝਾਉਣ ਦਾ ਨਿਵੇਕਲਾ ਉਪਰਾਲਾ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਬ੍ਰਹਮਾ, ਵੱਡੇ-ਵੱਡੇ ਦੇਵੀ ਦੇਵਤੇ, ਬ੍ਰਹਮਾ ਦੇ ਚਾਰੇ ਪੁੱਤਰ, ਜੋਗੀ, ਸੰਤ ਆਦਿ ਸਭ ਉਸ ਪਰਮਾਤਮਾ ਨਾਲ ਮਿਲਾਪ ਕਰਨ ਲਈ ਯਤਨ ਕਰ ਰਹੇ ਹਨ, ਪਰੰਤੂ ਪਰਮਾਤਮਾ ਦੇ ਨਾਮ-ਸਿਮਰਨ ਤੋਂ ਬਿਨਾ ਉਸ ਨੂੰ ਪ੍ਰਾਪਤ ਨਹੀ ਕੀਤਾ ਜਾ ਸਕਦਾ ਹੈ। ਇੱਥੇ ਗੁਰੂ ਜੀ ਨੇ

ਮਹਾਂਕਾਵਿ ਤੇ ਆਧਾਰਿਤ ਵਕ੍ਰੋਕਤੀ ਦੀ ਵਰਤੋਂ ਦੁਆਰਾ ਆਪਣੀ ਵਿਚਾਰਧਾਰਾ ਦੇ ਅਰਥ ਨੂੰ ਵਧੇਰੇ ਦ੍ਰਿੜ੍ਹ, ਸਰਲ, ਸਪੱਸ਼ਟ ਅਤੇ ਗ੍ਰਹਿਣਯੋਗ ਬਣਾਉਣ ਲਈ ਵਿਲੱਖਣ ਅਤੇ ਨਿਵੇਕਲਾ ਉਪਰਾਲਾ ਕੀਤਾ ਹੈ।

ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ॥ (214)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਵਿਚਾਰਧਾਰਾ ਜਾਂ ਸੰਕਲਪ ਦੇ ਅਰਥ ਨੂੰ ਦ੍ਰਿੜ੍ਹ, ਸਰਲ, ਸਪੱਸ਼ਟ, ਰੌਚਕ ਅਤੇ ਗ੍ਰਹਿਣਸ਼ੀਲ ਬਣਾਉਣ ਲਈ ਮਹਾਂਕਾਵਿ (ਮਹਾਂਭਾਰਤ ਅਤੇ ਰਾਮਾਇਣ) ਵਿਚ ਦਰਜ਼ ਸ਼ਿਵਪੁਰੀ, ਬ੍ਰਹਮਪੁਰੀ ਅਤੇ ਇੰਦ੍ਰਪੁਰੀ ਨੂੰ ਆਧਾਰ ਬਣਾ ਕੇ ਸਮਝਾਉਣ ਦਾ ਵਿਲੱਖਣ ਉਪਰਾਲਾ ਕੀਤਾ ਹੈ। ਇੱਥੇ ਗੁਰੂ ਜੀ ਸਾਧਕਾਂ ਜਾਂ ਪਾਠਕਾਂ ਨੂੰ ਸੰਸਾਰ ਦੀ ਨਾਸ਼ਮਾਨਤਾ ਜਾਂ ਨਸ਼ਟਤਾ ਬਾਰੇ ਦੱਸਦੇ ਹਨ ਕਿ ਸਾਧੂ-ਸੰਤ ਹਵਨ, ਯੱਗ, ਤੀਰਥ ਆਦਿ ਕਰਮ ਕਰਕੇ ਸ਼ਿਵਪੁਰੀ, ਬ੍ਰਹਮਪੁਰੀ ਅਤੇ ਇੰਦ੍ਰਪੁਰੀ ਦੀ ਪ੍ਰਾਪਤੀ ਦੀਆਂ ਆਸਾਂ ਬਣਾਉਂਦੇ ਹਨ, ਪਰੰਤੂ ਇਨ੍ਹਾਂ ਵਿਚੋਂ ਕੋਈ ਵੀ ਸਦਾ ਲਈ ਟਿਕਿਆ ਰਹਿਣ ਵਾਲਾ ਨਹੀਂ ਹੈ।

ਸੋ ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਅਸੀਂ ਇਸ ਸਿੱਟੇ 'ਤੇ ਪੁੱਜਦੇ ਹਾਂ ਕਿ ਵਕ੍ਰੋਕਤੀ ਦਾ ਸੰਬੰਧ ਵਾਕ ਜਾਂ ਕਥਨ ਦੀ ਕਿਸੇ ਨਾ ਕਿਸੇ ਵਿਲੱਖਣਤਾ ਜਾਂ ਵਿਚਿਤਰਤਾ (ਅਸਾਧਾਰਣਤਾ) ਨਾਲ ਹੁੰਦਾ ਹੈ। ਵਕ੍ਰੋਕਤੀ ਵਿਚ ਕਾਵਿ-ਵਸਤੂ ਦਾ ਵਿਕਾਸ ਕਵੀ ਦੀ ਵਿਸ਼ੇਸ਼ ਦ੍ਰਿਸ਼ਟੀ ਜਾਂ ਵਿਵੇਕਸ਼ੀਲ ਪ੍ਰਤਿਭਾ ਨਾਲ ਹੁੰਦਾ ਹੈ। ਵਕ੍ਰੋਕਤੀ ਵਿਚ ਕਵੀ ਦਾ ਮਨੋਰਥ ਪਾਠਕ ਨੂੰ ਰਸ ਦੀ ਅਨੁਭੂਤੀ ਕਰਾਉਣਾ ਹੁੰਦਾ ਹੈ। ਕੁੰਤਕ ਦੇ ਅਨੁਸਾਰ ਵਕ੍ਰੋਕਤੀ ਵਿਚ ਭਾਵ, ਅਲੰਕਾਰ, ਰਸ ਅਤੇ ਕਲਪਨਾ ਸ਼ਕਤੀ ਦਾ ਹੋਣਾ ਬਹੁਤ ਜ਼ਰੂਰੀ ਹੈ।

**6.2. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਔਚਿਤਯ ਦਾ ਨਿਰੂਪਣ:** ਔਚਿਤਯ ਸਿਧਾਂਤ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ ਵਿਚੋਂ ਸਭ ਤੋਂ ਵੱਧ ਮਹੱਤਵਪੂਰਨ ਸਿਧਾਂਤ ਹੈ। ਇਸ ਸਿਧਾਂਤ ਦਾ ਮੂਲ ਧੁਨੀ ਸਿਧਾਂਤ ਵਿਚੋਂ ਲੱਭਿਆ ਜਾ ਸਕਦਾ ਹੈ। ਇਸ ਸਿਧਾਤ ਦਾ ਮੋਢੀ ਆਚਾਰੀਆ ਕਸ਼ੇਮੇਂਦ੍ਰ ਹੈ, ਜਿਨ੍ਹਾਂ ਦਾ ਜਨਮ ਕਸ਼ਮੀਰ ਵਿਚ ਹੋਇਆ ਸੀ ਅਤੇ ਉਹ ਅਭਿਨਵ ਗੁਪਤ ਦਾ ਚੇਲਾ ਜਾਂ ਸ਼ਿਸ਼ ਸੀ। ਕਸ਼ੇਮੇਂਦ੍ਰ ਦੁਆਰਾ ਰਚਿਤ

ਪੁਸਤਕ 'ਔਚਿਤਯ ਵਿਚਾਰ ਚਰਚਾ' ਮੁਖ ਰੂਪ ਵਿਚ ਔਚਿਤਯ ਸਿਧਾਂਤ ਤੇ ਆਧਾਰਿਤ ਪੁਸਤਕ ਹੈ, ਕਿਉਂਕਿ ਇਸ ਪੁਸਤਕ ਵਿਚ ਕਸ਼ੇਮੇਂਦ੍ਰ ਨੇ ਔਚਿਤਯ ਸਿਧਾਂਤ ਨੂੰ ਵਿਸਥਾਰ ਪੂਰਵਕ ਸਮਝਾਉਣ ਦਾ ਯਤਨ ਜਾਂ ਉਪਰਾਲਾ ਕੀਤਾ ਹੈ। ਇਕ ਆਲੋਚਕ ਔਚਿਤਯ ਦੇ ਆਧਾਰ ਤੇ ਹੀ ਕਵਿਤਾ ਵਿਚਲੇ ਕਾਵਿ-ਸ਼ਾਸਤਰੀ ਗੁਣਾਂ ਅਤੇ ਦੋਸ਼ਾਂ ਦਾ ਵਿਵੇਚਨ ਕਰਦਾ ਹੈ। ਆਲੋਚਕ, ਰਸ ਨੂੰ ਦ੍ਰਿਸ਼ਟੀ ਵਿਚ ਰਖ ਕੇ ਵਰਣਾਂ ਵਿਚ, ਪਦਾਂ ਵਿਚ, ਵਾਕਾਂ ਵਿਚ, ਅਲੰਕਾਰਾਂ ਵਿਚ ਔਚਿਤਯ ਅਤੇ ਅਣ-ਔਚਿਤਯ ਨੂੰ ਆਧਾਰ ਮੰਨ ਕੇ "ਇਹ ਠੀਕ ਹੈ ਜਾਂ ਠੀਕ ਨਹੀਂ ਹੈ" ਦਾ ਨਿਰਣਾ ਦਿੰਦਾ ਹੈ।

ਭਾਰਤੀ ਕਾਵਿ-ਸ਼ਾਸਤਰ ਵਿਚ 'ਔਚਿਤਯ' ਸ਼ਬਦ ਦਾ ਅਰਥ ਹੈ - ਢੁਕਵੀਂ, ਮੁਨਾਸਬ, ਵਾਜਬ, ਸਹੀ ਜਾਂ ਯੋਗ ਥਾਂ 'ਤੇ ਹੋਣਾ। ਅੰਗਰੇਜ਼ੀ ਭਾਸ਼ਾ ਵਿਚ 'ਔਚਿਤਯ' ਲਈ 'Propriety' ਜਾਂ 'Appropriateness' ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਕਿਸੇ ਕਵਿਤਾ ਜਾਂ ਕਾਵਿ-ਰਚਨਾ ਵਿਚ ਕਿਸੇ ਸਿਧਾਂਤ ਜਾਂ ਸੰਕਲਪ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਲਈ ਜਦੋਂ ਕਵੀ ਦੁਆਰਾ ਕਿਸੇ ਸ਼ਬਦ, ਅੱਖਰ ਜਾਂ ਲਫ਼ਜ਼, ਵਾਕ ਨੂੰ ਉਚਿਤ, ਸਹੀ ਜਾਂ ਢੁਕਵੀਂ ਥਾਂ 'ਤੇ ਟਿਕਾਇਆ ਜਾਂਦਾ ਹੈ ਤਾਂ ਉੱਥੇ ਔਚਿਤਯ ਸਿਧਾਂਤ ਹੁੰਦਾ ਹੈ। ਔਚਿਤਯ ਸਿਧਾਂਤ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਕਵਿਤਾ ਜਾਂ ਕਾਵਿ ਰਚਨਾ ਵਿਚ ਹਰ ਅੱਖਰ, ਹਰ ਸ਼ਬਦ ਜਾਂ ਹਰ ਵਾਕ ਉਚਿਤ ਜਾਂ ਯੋਗ ਥਾਂ ਤੇ ਹੋਣਾ ਬਹੁਤ ਜਰੂਰੀ ਹੈ। ਆਚਾਰੀਆ ਕਸ਼ੇਮੇਂਦ੍ਰ ਦੇ ਅਨੁਸਾਰ, "ਉਚਿਤ ਦਾ ਅਰਥ ਹੈ ਕਿ ਜਿੱਥੇ ਜਿਸ ਤਰ੍ਹਾਂ ਹੋਣਾ ਚਾਹੀਦਾ ਹੈ ਉਥੇ ਉਸ ਤਰ੍ਹਾਂ ਹੋਣਾ। ਜਿਹੜੀ ਵਸਤੂ ਜਿਸ ਦੇ ਯੋਗ ਜਾਂ ਸਹੀ ਹੁੰਦੀ ਹੈ ਉਸ ਨੂੰ ਉਚਿਤ ਕਹਿੰਦੇ ਹਨ ਅਤੇ ਉਚਿਤ ਦੇ ਭਾਵ ਨੂੰ ਵਿਦਵਾਨ ਔਚਿੱਤ ਕਹਿੰਦੇ ਹਨ।" (ਧਾਲੀਵਾਲ, ਭਾਰਤੀ ਕਾਵਿ-ਸ਼ਾਸਤ੍ਰ 179)

ਭਾਰਤੀ ਕਾਵਿ-ਸ਼ਾਸਤਰ ਵਿਚ ਇਤਿਹਾਸਿਕ ਦ੍ਰਿਸ਼ਟੀ ਤੋਂ ਸਭ ਤੋਂ ਪਹਿਲਾਂ ਆਚਾਰੀਆ ਭਰਤਮੁਨੀ ਨੇ 'ਔਚਿਤਯ' ਨੂੰ ਕਾਵਿ-ਤੱਤ ਦੇ ਰੂਪ ਵਿਚ ਸਥਾਪਿਤ ਕੀਤਾ ਸੀ। ਆਚਾਰੀਆ ਭਰਤਮੁਨੀ ਤੋਂ ਬਾਅਦ ਆਚਾਰੀਆ ਭਾਮਹ, ਆਚਾਰੀਆ ਦੰਡੀ, ਆਚਾਰੀਆ ਰੁਦ੍ਰਟ, ਆਚਾਰੀਆ ਆਨੰਦ ਵਰਧਨ, ਆਚਾਰੀਆ ਅਭਿਨਵ ਗੁਪਤ, ਆਚਾਰੀਆ ਕੁੰਤਕ ਅਤੇ ਆਚਾਰੀਆ ਕਸ਼ੇਮੇਂਦ੍ਰ ਨੇ ਵੀ ਕ੍ਰਮਵਾਰ ਇਸ ਸਿਧਾਂਤ ਦੀ ਵਰਤੋਂ

ਕੀਤੀ ਹੈ। ਪਰੰਤੂ ਭਾਰਤੀ ਕਾਵਿ-ਸ਼ਾਸਤਰ ਵਿਚ ਔਚਿਤਯ ਸਿਧਾਂਤ ਦੀ ਸਥਾਪਨਾ ਦਾ ਸਿਹਰਾ ਆਚਾਰੀਆ ਕਸ਼ੇਮੇਂਦ੍ਰ ਦੇ ਸਿਰ ਤੇ ਹੀ ਬੱਝਦਾ ਹੈ, ਕਿਉਂਕਿ ਕਸ਼ੇਮੇਂਦ੍ਰ ਤੋਂ ਪਹਿਲਾਂ ਅਤੇ ਬਾਅਦ ਵਿਚ ਔਚਿਤਯ ਦੀ ਮੁੱਖ ਸਿਧਾਂਤ ਦੇ ਰੂਪ ਵਿਚ ਚਰਚਾ ਨਹੀਂ ਹੋਈ।

ਆਚਾਰੀਆ ਕਸ਼ੇਮੇਂਦ੍ਰ ਔਚਿਤਯ ਨੂੰ ਕਵਿਤਾ ਜਾਂ ਕਾਵਿ ਦੀ ਰੂਹ ਮੰਨਦੇ ਹਨ ਅਤੇ ਇਹ ਸਵੀਕਾਰ ਕਰਦੇ ਹਨ ਕਿ ਔਚਿਤਯ ਤੋਂ ਬਗੈਰ ਕਾਵਿ-ਰਚਨਾ ਇਕ ਖਾਲੀ ਸਰੀਰ ਜਾਂ ਕਲਬੂਤ ਹੀ ਰਹਿ ਜਾਂਦੀ ਹੈ। ਕਸ਼ੇਮੇਂਦ੍ਰ ਦੇ ਅਨੁਸਾਰ ਕਾਵਿ-ਸਿਰਜਨਾ ਵਿਚ ਰਸ, ਅਲੰਕਾਰ, ਰੀਤੀ ਆਦਿ ਕੋਈ ਮਹੱਤਵ ਨਹੀਂ ਰੱਖਦੇ ਜੇਕਰ ਉਨ੍ਹਾਂ ਵਿਚ ਔਚਿਤਯ ਦਾ ਖਿਆਲ ਨਾ ਰਖਿਆ ਜਾਵੇ ਕਿਉਂਕਿ ਵੀਰ ਰਸ ਨਾਲ ਸੰਬੰਧਿਤ ਕਵਿਤਾ ਵਿਚ ਹਾਸ ਰਸ ਦੀ ਵਰਤੋਂ ਅਣ-ਉਚਿਤ ਹੋਵੇਗੀ। ਜੇਕਰ ਕੋਈ ਔਰਤ ਘੁੰਘਰੂਆਂ ਨੂੰ ਪੈਰਾਂ ਦੀ ਥਾਂ ਹੱਥਾਂ ਨਾਲ ਬੰਨ ਲਵੇ ਜਾਂ ਸਿਰ ਦੇ ਗਹਿਣੇ (ਸੱਗੀ ਫੁੱਲ) ਨੂੰ ਲੱਤਾਂ ਨਾਲ ਬੰਨ ਲਵੇ ਤਾਂ ਅਜਿਹੀ ਸਥਿਤੀ ਨੂੰ ਵੇਖ ਕੇ ਹਰ ਕੋਈ ਹੱਸੇਗਾ। ਕਸ਼ੇਮੇਂਦ੍ਰ ਦੇ ਅਨੁਸਾਰ ਕਵਿਤਾ ਵਿਚ ਔਚਿਤਯ ਦੇ ਅਭਾਵ ਵਿਚ ਸ਼ੋਭਾ ਅਤੇ ਸ਼ੌਂਦਰਯ ਦਾ ਨਾਸ਼ ਹੋਣਾ ਸੁਭਾਵਿਕ ਹੈ। (***ਕਸ਼ੇਮੇਂਦ੍ਰ, ਔਚਿਤਯ ਵਿਚਾਰ ਚਰਚਾ*** 5,6)

ਕਾਵਿ ਵਿਚ ਲੋਕ-ਮਰਯਾਦਾ ਅਤੇ ਸਮਾਜਿਕ ਵਿਵਹਾਰ ਦੀ ਦ੍ਰਿਸ਼ਟੀ ਤੋਂ ਔਚਿਤਯ ਦਾ ਬਹੁਤ ਮਹੱਤਵ ਹੈ, ਕਿਉਂਕਿ ਜੇਕਰ ਕਾਵਿ ਵਿਚ ਔਚਿਤਯ ਦਾ ਧਿਆਨ ਨਾ ਰਖਿਆ ਜਾਵੇ ਤਾਂ ਕਾਵਿ ਦਾ ਗੌਰਵ ਅਤੇ ਮਰਯਾਦਾ ਖ਼ਤਮ ਹੋ ਜਾਂਦੀ ਹੈ। 'ਔਚਿਤਯ ਵਿਚਾਰ ਚਰਚਾ' ਪੁਸਤਕ ਨੂੰ ਸੰਸਕ੍ਰਿਤ ਤੋਂ ਪੰਜਾਬੀ ਵਿਚ ਅਨੁਵਾਦ ਕਰਨ ਦਾ ਕੰਮ ਪੰਜਾਬੀ ਯੂਨੀਵਰਸਿਟੀ ਦੁਆਰਾ ਸਵਰਗਵਾਸੀ ਰਾਜਿੰਦਰ ਸਿੰਘ ਸ਼ਾਸਤਰੀ (ਸਹਾਇਕ ਡਾਇਰੈਕਟਰ, ਭਾਸ਼ਾ ਵਿਭਾਗ ਪਟਿਆਲਾ) ਕੋਲੋਂ ਅਤੇ ਪੁਸਤਕ ਦੀ ਸੁਧਾਈ ਦਾ ਕਾਰਜ ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ (ਮੁਖੀ ਪੰਜਾਬੀ ਵਿਭਾਗ, ਪਟਿਆਲਾ) ਕੋਲੋਂ ਕਰਵਾਇਆ ਗਿਆ ਸੀ। ਆਚਾਰੀਆ ਆਨੰਦਵਰਧਨ ਦੇ ਅਨੁਸਾਰ, "ਅਨੌਚਿਤਯਾ ਦ੍ਰਿਤੇਨਾਨਯਦ੍ਰਸਭੰਗਸਯ ਕਾਰਣਮੇ" (ਕਸ਼ੇਮੇਂਦ੍ਰ, ਔਚਿਤਯ ਵਿਚਾਰ ਚਰਚਾ 8) ਭਾਵ ਜੇਕਰ ਰਸ ਕਵਿਤਾ ਜਾਂ ਕਾਵਿ ਦਾ ਮਹੱਤਵਪੂਰਨ ਤੱਤ ਹੈ, ਠੀਕ ਉਸੇ ਤਰ੍ਹਾਂ ਔਚਿਤਯ ਰਸ ਦਾ ਜੀਵਨ ਰੂਪੀ ਤੱਤ ਹੈ। ਕਾਵਿ ਵਿਚ ਜਿਥੇ ਜਿਸ ਤਰ੍ਹਾਂ ਹੋਣਾ ਚਾਹੀਦਾ ਹੈ, ਠੀਕ ਉਸੇ ਤਰ੍ਹਾਂ

ਹੋਣਾ, ਔਚਿਤਯ ਨਾਲ ਸੰਬੰਧਿਤ ਹੈ। ਆਚਾਰੀਆ ਕਸ਼ੇਮੇਂਦ੍ਰ ਦੀਆਂ ਰਚਨਾਵਾਂ ਦੀ ਗਿਣਤੀ 34 ਹੈ, ਜਿੰਨ੍ਹਾਂ ਨੂੰ ਸਮੂਹਿਕ ਰੂਪ ਹੇਠ ਲਿਖੇ ਅਨੁਸਾਰ ਪੰਜ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ:

1. ਪਦਾਤਮਕ ਰਚਨਾਵਾਂ: ਰਾਮਾਇਣ ਮੰਜਰੀ, ਭਾਰਤ ਮੰਜਰੀ, ਬ੍ਰਿਹਤ ਕਥਾ, ਦਸ਼ਾਵਤਾਰ ਚਰਿਤ ਅਤੇ ਬੋਧਾਵਦਾਨਕਲਪਲਤਿਕਾ।

**2.** ਉਪਦੇਸ਼ਾਤਮਕ ਰਚਨਾਵਾਂ: ਚਾਰੂਚਰਯਾ ਸ਼ਤਕ, ਚਤੁਰਵਰਗ ਸੰਗ੍ਰਹ, ਸੇਵਧਸੇਵਕੋਪਦੇਸ਼, ਦਰਪ੍ਰਦਲਨ, ਕਲਾ ਵਿਲਾਸ, ਦੇਸ਼ੋਪਦੇਸ਼ ਅਤੇ ਨਰਮਾਲ ਮਾਲਾ।

**3.** ਰੀਤੀ ਸੰਬੰਧੀ ਰਚਨਾਵਾਂ: ਕਵਿਕੰਠਾ ਭਰਣ, ਔਚਿਤਯ ਵਿਚਾਰ ਚਰਚਾ ਅਤੇ ਸੁਵ੍ਰਿੱਤ ਤਿਲਕ।


**4.** ਫੁਟਕਲ ਰਚਨਾਵਾਂ: ਲੋਕ ਪ੍ਰਕਾਸ਼ ਕੋਸ਼, ਨੀਤੀਕਲਪਤਰੂ ਅਤੇ ਵਿਆਸਾਸ਼ਟਕ।

**5.** ਪ੍ਰਕਾਸ਼ਿਤ ਗ੍ਰੰਥਾਂ ਵਿਚ ਆਈਆਂ ਰਚਨਾਵਾਂ: ਕਵਿਕੰਠਾਭਰਣ **-** ਸ਼ਸੀਵੰਸ਼ ਮਹਾਕਾਵਿ, ਪਦਯ ਕਾਦੰਬਰੀ, ਚਿਤ੍ਰ ਭਾਰਤ ਨਾਟਕ, ਲਾਵਣਯ ਮੰਜਰੀ, ਕਨਕ ਮੰਜਰੀ, ਮੁਕਤਾਵਲੀ ਅਤੇ ਅੰਮ੍ਰਿਤ ਤਰੰਗ ਸਤ।

ਔਚਿਤਯ ਵਿਚਾਰ ਚਰਚਾ **-** ਵਿਨਯਵੱਲੀ, ਮੁਨਿਮਤ-ਮੀਮਾਂਸਾ, ਨੀਤੀਲਤਾ ਅਵਸਰ-ਸਾਰ, ਲਲਿਤ ਰਤਨਮਾਲਾ ਅਤੇ ਕਾਵਿ ਕਰਯਿਕਾ।

ਸੁਵ੍ਰਿੱਤ ਤਿਲਕ: ਪਵਨ ਪੰਚਾਸ਼ਿਕਾ

**ਔਚਿਤਯ ਸਿਧਾਂਤ ਦੇ ਭੇਦ**: ਆਚਾਰੀਆ ਕਸ਼ੇਮੇਂਦ੍ਰ ਨੇ ਔਚਿਤਯ ਸਿਧਾਂਤ ਦੇ ਕੁੱਲ 27 ਭੇਦ ਸਵੀਕਾਰ ਕੀਤੇ ਹਨ, ਜਿੰਨ੍ਹਾਂ ਦੀ ਵਿਦਵਾਨਾਂ ਨੇ ਸ਼੍ਰੇਣੀ-ਵੰਡ ਹੇਠ ਲਿਖੇ ਅਨੁਸਾਰ ਕੀਤੀ ਹੈ:




ਉਪਰੋਕਤ ਸ਼੍ਰੇਣੀ-ਵੰਡ ਦੇ ਆਧਾਰ 'ਤੇ ਔਚਿਤਯ ਦੀਆਂ ਵੱਖ-ਵੱਖ ਕਿਸਮਾਂ (ਪਦ ਜਾਂ ਸ਼ਬਦ ਸੰਬੰਧੀ ਔਚਿਤਯ, ਵਾਕ ਸੰਬੰਧੀ ਔਚਿਤਯ, ਕਿਰਿਆ ਸੰਬੰਧੀ ਔਚਿਤਯ, ਕਾਰਕ ਸੰਬੰਧੀ ਔਚਿਤਯ, ਲਿੰਗ ਸੰਬੰਧੀ ਔਚਿਤਯ, ਵਚਨ ਸੰਬੰਧੀ ਔਚਿਤਯ, ਵਿਸ਼ੇਸ਼ਣ ਸੰਬੰਧੀ ਔਚਿਤਯ, ਉਪਸਰਗ ਸੰਬੰਧੀ ਔਚਿਤਯ, ਨਿਪਾਤ ਸੰਬੰਧੀ ਔਚਿਤਯ, ਪ੍ਰਬੰਧ-ਅਰਥ ਸੰਬੰਧੀ ਔਚਿਤਯ, ਗੁਣ ਸੰਬੰਧੀ ਔਚਿਤਯ, ਅਲੰਕਾਰ ਸੰਬੰਧੀ ਔਚਿਤਯ, ਰਸ ਸੰਬੰਧੀ ਔਚਿਤਯ, ਸਾਰ-ਸੰਗ੍ਰਹ ਸੰਬੰਧੀ ਔਚਿਤਯ, ਤੱਤਵ ਸੰਬੰਧੀ ਔਚਿਤਯ, ਆਸ਼ੀਰਵਾਦ ਸੰਬੰਧੀ ਔਚਿਤਯ, ਨਾਮ ਸੰਬੰਧੀ ਔਚਿਤਯ, ਵ੍ਰਤ ਸੰਬੰਧੀ ਔਚਿਤਯ, ਸੱਤਵ ਸੰਬੰਧੀ ਔਚਿਤਯ, ਅਭਿਪ੍ਰਾਏ ਸੰਬੰਧੀ ਔਚਿਤਯ, ਸੁਭਾ ਸੰਬੰਧੀ ਔਚਿਤਯ, ਪ੍ਰਤਿਭਾ ਸੰਬੰਧੀ ਔਚਿਤਯ, ਵਿਚਾਰ ਸੰਬੰਧੀ ਔਚਿਤਯ, ਕਾਲ ਸੰਬੰਧੀ ਔਚਿਤਯ, ਦੇਸ਼ ਸੰਬੰਧੀ ਔਚਿਤਯ, ਕਾਲ ਸੰਬੰਧੀ ਔਚਿਤਯ, ਅਵਸਥਾ ਸੰਬੰਧੀ ਔਚਿਤਯ) ਦਾ ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਦੇ ਸੰਦਰਭ ਵਿਚ ਵਿਸਥਾਰਪੂਰਵਕ ਵਰਨਣ ਹੇਠ ਲਿਖੇ ਅਨੁਸਾਰ ਹੈ:

**ਪਦ ਜਾਂ ਸ਼ਬਦ ਸੰਬੰਧੀ ਔਚਿਤਯ:** ਜਿਵੇਂ ਪ੍ਰਾਣੀ ਦੇ ਸਰੀਰ ਦੀਆਂ ਨਾਜ਼ਕ ਥਾਵਾਂ ਤੇ ਸੱਟ ਲੱਗਣ ਨਾਲ ਆਤਮਾ ਨਿਕਲ ਜਾਂਦੀ ਹੈ ਭਾਵ ਮੌਤ ਹੋ ਜਾਂਦੀ ਹੈ, ਠੀਕ ਉਸੇ ਤਰ੍ਹਾਂ ਹੀ ਜੇਕਰ ਕਵੀ ਆਪਣੀ ਕਵਿਤਾ ਵਿਚ ਵਿਸ਼ੇ ਨਾਲ ਸੰਬੰਧਿਤ ਉਚਿਤ ਪਦਾਂ ਜਾਂ ਸ਼ਬਦਾਂ ਦੀ ਵਰਤੋਂ ਨਾ ਕਰੇ ਤਾਂ ਕਾਵਿ ਜਾਂ ਕਵਿਤਾ ਵਿਚਲਾ ਪ੍ਰਭਾਵਸ਼ਾਲੀ ਗੁਣ ਅਤੇ ਕਵਿਤਾ ਦੀ ਸ਼ੋਭਾ ਖਤਮ ਹੋ ਜਾਵੇਗੀ। ਆਚਾਰੀਆ ਕਸ਼ੇਮੇਂਦ੍ਰ 'ਪਦ ਸੰਬੰਧੀ ਔਚਿਤਯ' ਦੇ ਸੰਬੰਧ ਵਿਚ ਦੱਸਦੇ ਹਨ ਕਿ:

"ਜਿਵੇਂ ਚੰਦ੍ਰਮਾ ਵਰਗੇ ਮੂੰਹ ਵਾਲੀ ਸੁੰਦਰੀ ਦੇ ਮੱਥੇ ਤੇ ਕਸਤੂਰੀ ਦਾ ਕਾਲਾ ਟਿੱਕਾ ਅਤੇ ਸਾਂਵਲੇ ਰੰਗ ਦੀ ਸੁੰਦਰੀ ਦੇ ਮੱਥੇ ਤੇ ਚਿੱਟੇ ਚੰਦਨ ਦਾ ਲਾਇਆ ਟਿੱਕਾ ਉਸ ਦੇ ਸੁਹੱਪਣ ਵਿਚ ਚਾਰ ਚੰਨ ਲਾ ਦੇਂਦਾ ਹੈ ਉਸੇ ਤਰ੍ਹਾਂ ਇਕ ਵੀ ਉਚਿਤ ਪਦ ਸੰਪੂਰਨ ਉਕਤੀ ਅਰਥਾਤ ਕਾਵਿ ਰੂਪੀ ਰਚਨਾ ਦੀ ਸ਼ੋਭਾ ਨੂੰ ਵਧਾ ਦੇਂਦਾ ਹੈ" (***ਔਚਿਤਯ ਵਿਚਾਰ ਚਰਚਾ*** *7*)

ਓਪਰੋਕਤ ਸ਼ਲੋਕ ਰਾਹੀਂ ਆਚਾਰੀਆ ਕਸ਼ੇਮੇਂਦ੍ਰ ਨੇ ਇਹ ਸਮਝਾਉਣ ਦਾ ਯਤਨ ਕੀਤਾ ਹੈ ਕਿ ਕਵਿਤਾ ਵਿਚ ਕਈ ਵਾਰ ਇਕ ਹੀ ਪਦ ਜਾਂ ਸ਼ਬਦ ਉਸ ਦੀ ਸ਼ੋਭਾ ਵਧਾ ਦਿੰਦਾ ਹੈ ਜਾਂ ਵਿਲੱਖਣਤਾ (ਚਮਤਕਾਰ) ਪੈਦਾ ਕਰ ਦਿੰਦਾ ਹੈ। 'ਪਦ ਸੰਬੰਧੀ ਔਚਿਤਯ' ਨੂੰ ਦਰਸਾਉਣ ਲਈ ਪਰਿਮਲ ਕਵੀ ਦੇ ਸ਼ਲੋਕ ਨੂੰ ਉਦਾਹਰਨ ਵਜੋਂ ਦਿੱਤਾ ਗਿਆ ਹੈ:

"ਹੇ ਨਾਥ ! ਯੁੱਧ ਵਿਚ ਤੁਹਾਡੀ ਤਲਵਾਰ ਦੀ ਧਾਰ ਦੇ ਪਾਣੀ ਵਿਚ ਵੈਰੀਆਂ ਦੇ ਝੁੰਡ ਦੇ ਝੁੰਡ ਡੁੱਬ ਹਏ ਹਨ" ਇਹ ਪ੍ਰਸ਼ੰਸਾ ਭੱਟਾਂ ਦੇ ਮੂੰਹੋਂ ਸੁਣ ਕੇ ਰਾਜੇ ਦੀ ਭੋਲੀ-ਭਾਲੀ ਰਾਣੀ ਹੈਰਾਨ ਹੋ ਕੇ ਆਪਣੇ ਪਤੀ ਦੀ ਤਲਵਾਰ ਵੱਲ ਤ੍ਰੇਹ (ਪਿਆਸ) ਬੁਝਾਉਣ ਲਈ ਮੁੜ ਮੁੜ ਤੱਕਦੀ ਹੈ" (***ਔਚਿਤਯ ਵਿਚਾਰ ਚਰਚਾ*** 8)

ਓਪਰੋਕਤ ਸ਼ਲੋਕ ਗੁਜਰਾਤ ਦੇਸ਼ ਦੇ ਜੇਤੂ ਕਿਸੇ ਰਾਜੇ ਦੀ ਉਸਤਤੀ ਵਿਚ ਕਿਸੇ ਕਵੀ ਦੁਆਰਾ ਕਿਹਾ ਗਿਆ ਹੈ। ਜੰਗਲ ਵਿਚ ਰਾਜੇ ਦੀ ਭੋਲੀ-ਭਾਲੀ ਰਾਣੀ ਆਪਣੀ ਪਿਆਸ ਬੁਝਾਉਣ ਲਈ ਹੈਰਾਨ ਹੋ ਕੇ ਆਪਣੇ ਪਤੀ ਦੀ ਤਲਵਾਰ ਨੂੰ ਦੋਨਾਂ ਅੱਖਾਂ ਨਾਲ ਦੇਖਦੀ ਹੈ। ਵਿਚਾਰੀ ਭੋਲੀ-ਭਾਲੀ ਰਾਣੀ ਉਸਨੂੰ ਪਤਾ ਨਹੀਂ ਕਿ ਰਾਜੇ ਦੀ ਤਲਵਾਰ ਦੀ ਧਾਰ ਵਿਚ ਵੈਰੀਆਂ ਨੂੰ ਡੁਬਾਉਣ ਦੀ ਤਾਂ ਸਮਰਥਾ ਹੋ ਸਕਦੀ ਹੈ, ਪਰ ਪਿਆਸ ਬੁਝਾਉਣ ਦੀ ਸਮਰੱਥਾ ਨਹੀਂ ਹੈ। ਇੱਥੇ ਕਵੀ ਨੇ ਜਿਹੜੇ 'ਭੋਲੀ-ਭਾਲੀ' ਸ਼ਬਦ ਦੀ ਵਰਤੋਂ ਕੀਤੀ ਹੈ, ਉਹ ਕਿੰਨੀ ਸੋਹਣੀ ਲੱਗਦੀ ਹੈ, ਇਸ ਦਾ ਅਨੁਭਵ ਕੇਵਲ ਪੜ੍ਹੇ-ਲਿਖੇ ਅਤੇ ਸੂਝਵਾਨ ਪਾਠਕ ਹੀ ਕਰ ਸਕਦੇ ਹਨ। 'ਪਦ ਸੰਬੰਧੀ

ਔਚਿਤਯ' ਨਾਲ ਸੰਬੰਧਿਤ ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ॥ (260)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਨੂੰ ਵਧੇਰੇ ਸਪੱਸ਼ਟ ਕਰਨ ਲਈ 'ਹੰਕਾਰ' ਸ਼ਬਦ ਲਈ 'ਖੁਦੀ' ਸ਼ਬਦ ਦੀ ਵਰਤੋਂ ਕੀਤੀ ਹੈ, ਜੋ ਕਿ ਗੁਰੂ ਜੀ ਦੀ ਕਲਾਤਮਕ ਕਲਾ ਨੂੰ ਪ੍ਰਸਤੁਤ ਕਰਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਇਹ ਸੰਕਲਪ ਨੂੰ ਸਮਝਾਉਣ ਦਾ ਉਪਰਾਲਾ ਕੀਤਾ ਹੈ ਕਿ ਜਦੋਂ ਮਨੁੱਖ ਦੇ ਅੰਦਰੋਂ 'ਮੈਂ' ਭਾਵ ਹੰਕਾਰ ਖਤਮ ਹੋ ਜਾਂਦਾ ਹੈ, ਤਾਂ ਉਸ ਨੂੰ ਆਤਮਿਕ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਮਨੁੱਖ ਦੇ ਮਨ ਅੰਦਰੋਂ ਪੰਜ ਵਿਕਾਰਾਂ ਅਤੇ ਸਰੀਰਕ ਰੋਗਾਂ ਜਾਂ ਬੀਮਾਰੀਆਂ ਦਾ ਖਾਤਮਾ ਹੋ ਜਾਂਦਾ ਹੈ। ਇੱਥੇ ਪੂਰਾ ਵਾਕ ਕੇਵਲ 'ਖੁਦੀ' ਇਕ ਸ਼ਬਦ 'ਤੇ ਆਧਾਰਿਤ ਹੈ, ਕਿਉਂਕਿ ਖੁਦੀ ਭਾਵ ਹੰਕਾਰ ਨੂੰ ਖਤਮ ਕਰਨ ਨਾਲ ਮਾਨਸਿਕ ਅਤੇ ਸਰੀਰਿਕ ਬੀਮਾਰੀਆਂ ਦਾ ਖਾਤਮਾ ਹੋ ਜਾਂਦਾ ਹੈ। ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਜੀ ਨੇ ਅਜਿਹੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿੰਨ੍ਹਾਂ ਦਾ ਧਿਆਨ ਪੂਰਵਕ ਅਧਿਐਨ ਕਰਨ ਨਾਲ ਆਮ ਪਾਠਕਾਂ ਨੂੰ ਸੰਪੂਰਨ ਭਾਵ ਬਹੁਤ ਜਲਦੀ ਸਮਝ ਆ ਜਾਂਦਾ ਹੈ।

ਅੰਦਰਹੁ ਅੰਨਾ ਬਾਹਰਹੁ ਅੰਨਾ ਕੂੜੀ ਕੂੜੀ ਗਾਵੈ॥ (960)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਨੂੰ ਵਧੇਰੇ ਸਰਲ, ਸਪੱਸ਼ਟ ਅਤੇ ਗ੍ਰਹਿਣਸ਼ੀਲ ਬਣਾਉਣ ਲਈ 'ਅੰਨਾ' ਸ਼ਬਦ ਦੀ ਵਰਤੋਂ ਕੀਤੀ ਹੈ, ਜੋ ਕਿ ਗੁਰੂ ਜੀ ਦੀ ਕਲਾਤਮਕ ਕਲਾ ਨੂੰ ਪ੍ਰਸਤੁਤ ਕਰਦਾ ਹੈ। ਗੁਰੂ ਜੀ ਦੇ ਅਨੁਸਾਰ ਪੰਜ ਵਿਕਾਰਾਂ ਵਿਚ ਫਸ ਕੇ ਵਿਅਕਤੀ ਦੀ ਸੋਚਣ ਅਤੇ ਸਮਝਣ ਦੀ ਸ਼ਕਤੀ ਕੰਮ ਕਰਨਾ ਬੰਦ ਕਰ ਦਿੰਦੀ ਹੈ ਅਤੇ ਝੂਠ ਨੂੰ ਸੱਚ ਸਮਝ ਕੇ ਉਸਦੀ ਪ੍ਰਸ਼ੰਸ਼ਾ ਕਰਨ ਲੱਗ ਪੈਂਦਾ

ਹੈ। ਇੱਥੇ 'ਅੰਨਾ' ਸ਼ਬਦ ਪੂਰੇ ਵਾਕ ਦੇ ਅਰਥ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਦੀ ਸਮਰੱਥਾ ਰੱਖਦਾ ਹੈ।

**ਵਾਕ ਸੰਬੰਧੀ ਔਚਿਤਯ:** ਜਿਹੜੇ ਲੋਕ ਕਾਵਿ ਦੇ ਗਿਆਨ ਵਿਚ ਨਿਪੁੰਨ ਹੁੰਦੇ ਹਨ ਉਨ੍ਹਾਂ ਨੂੰ ਔਚਿਤਯ ਦੀ ਮਰਿਆਦਾ ਵਾਲੀ ਰਚਨਾ ਜਾਂ ਕਵਿਤਾ ਬਹੁਤ ਪਿਆਰੀ ਲੱਗਦੀ ਹੈ। 'ਵਾਕ ਸੰਬੰਧੀ ਔਚਿਤਯਾ ਦੇ ਸੰਬੰਧ ਵਿਚ ਕਸ਼ੇਮੇਂਦ੍ਰ ਦੀ ਰਚਨਾ **'ਵਿਨਯਵੱਲੀ'** ਵਿਚੋਂ ਕਾਵਿ-ਬੰਦ ਹੇਠ ਲਿਖੇ ਅਨੁਸਾਰ ਹੈ:

> "ਧਰਮਰਾਜ ਯੁਧਿਸ਼ਠਿਰ ਬੜੇ ਦਇਆਵਾਨ ਹਨ, ਅਰਜਨ ਬਲਵਾਨ ਹੁੰਦਾ ਹੋਇਆ ਵੀ ਆਤਮਜੇਤੂ ਵੀ ਹੈ, ਨਕੂਲ ਤੇ ਸਹਿਦੇਵ ਚਿੱਤ ਦੀ ਬਿਰਤੀਆਂ ਨੂੰ ਸੰਜਮ ਵਿਚ ਰਖਣ ਕਾਰਣ ਆਦਰਯੋਗ ਹਨ, ਅਜਿਹੀ ਹਾਲਤ ਵਿਚ ਇੰਨ੍ਹਾਂ ਲੋਕਾਂ ਰਾਹੀਂ ਵੈਰੀਆਂ ਦਾ ਨਾਸ਼ ਕਰਨਾ ਅਸੰਭਵ ਹੈ, ਅਜਿਹਾ ਕਹਿੰਦਾ ਹੋਇਆ ਭੀਮ ਕੀਚਕ ਨੂੰ ਸਮੇਂ ਤੋਂ ਪਹਿਲਾਂ ਹੀ ਮਾਰਨ ਵਾਲੀਆਂ ਆਪਣੀਆਂ ਬਾਹਵਾਂ ਤੇ ਹੱਥ ਫੇਰਨ ਲੱਗਾ। ਉਹ ਕਿਰਮੀਰ ਜਟਾਂ ਵਾਲੇ ਰਾਖਸ਼ ਦਾ ਵਿਨਾਸ਼ਕ, ਕੁਬੇਰ ਦੀ ਵੀਰਤਾ ਨੂੰ ਸ਼ਾਂਤੀ ਦਾ ਉਪਦੇਸ਼ ਦੇਣ ਵਾਲਾ, ਹਿਡੰਬਾ ਦਾ ਪਿਆਰਾ ਪਤੀ ਭੀਮ ਸੇਨ ਅੱਜ ਕੌਰਵਾਂ ਦੇ ਜੀਵਨ ਦਾ ਅੰਤ ਕਰਨ ਵਾਲੇ ਯਮਰਾਜ ਵਾਂਗ ਵਿਖਾਈ ਦੇਂਦਾ ਹੈ" (***ਔਚਿਤਯ ਵਿਚਾਰ ਚਰਚਾ*** 11)

ਉਪਰੋਕਤ ਸ਼ਲੋਕ ਵਿਚ 'ਕੀਚਿਕਾ ਕਾਲਿਕ ਕਾਲਦੰਡਮ ਹਿਡੰਬਾ ਦਯਿਤ' ਆਦਿ ਪਦਾਂ ਦੀ ਵਰਤੋਂ ਨਾਲ ਪੂਰੇ ਦਾ ਪੂਰੇ ਵਾਕ ਦਾ ਅਰਥ ਸਜੀਵ ਲੱਗਦਾ ਹੈ। ਇੱਥੇ ਭੀਮ ਸੈਨ ਦੇ ਸੁਭਾਅ ਦੇ ਅਨੁਕੂਲ 'ਕੀਚਿਕਾ ਕਾਲਿਕ ਕਾਲਦੰਡਮ ਹਿਡੰਬਾ ਦਯਿਤ' ਆਦਿ ਸ਼ਬਦਾਂ ਦੀ ਵਰਤੋਂ ਰੌਦਰ ਰਸ ਨੂੰ ਜਗਾਉਂਦੀ ਹੋਈ ਪਾਠਕਾਂ ਦੇ ਹਿਰਦੇ ਵਿਚ ਅਦਭੁਤ ਅਨੰਦ ਨੂੰ ਪੈਦਾ ਕਰਦੀ ਹੈ।'ਵਾਕ ਸੰਬੰਧੀ ਔਚਿਤਯ' ਨਾਲ ਸੰਬੰਧਿਤ ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

> ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ ਕਰਤਾਰੀ ਰੇ॥ (***ਸ੍ਰੀ ਗੁਰੂ ਗ੍ਰੰਥ ਸਾਹਿਬ*** 404)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਗ੍ਰਹਿਣਸ਼ੀਲ ਬਣਾਉਣ ਲਈ ਦਰਸਨ (ਦੀਦਾਰ), ਪਰਸਨ (ਚਰਨਾਂ ਦੀ ਛੋਹ), ਸਰਸਨ (ਆਤਮਿਕ ਖਿੜਾਉ) ਅਤੇ ਹਰਸਨ (ਹਰਖ, ਆਨੰਦ) ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਗੁਰੂ ਜੀ ਦੇ ਅਨੁਸਾਰ ਗੁਰਬਾਣੀ ਦਾ ਸਿਮਰਨ ਕਰਨ ਨਾਲ ਪ੍ਰਭੂ ਜਾਂ ਪਰਮਾਤਮਾ ਦੇ ਦਰਸਨ-ਦੀਦਾਰ, ਚਰਨਾਂ ਦੀ ਛੋਹ, ਆਤਮਿਕ ਖਿੜਾਉ ਅਤੇ ਆਤਮਿਕ ਆਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ। ਇੱਥੇ ਵਾਕ ਵਿਚ ਗੁਰੂ ਜੀ ਨੇ ਸਾਰੇ ਸ਼ਬਦਾਂ ਦੀ ਵਰਤੋਂ ਇਕ ਹੀ ਭਾਵ ਜਾਂ ਸੰਕਲਪ ਦੇ ਅਰਥ ਨੂੰ ਵਧੇਰੇ ਸਰਲ, ਸਪੱਸ਼ਟ ਅਤੇ ਵਧੇਰੇ ਗ੍ਰਹਿਣਸ਼ੀਲ ਬਣਾਉਣ ਲਈ ਕੀਤੀ ਹੈ।

ਓਹ ਧਨਵੰਤੁ ਕੁਲਵੰਤੁ ਪਤਿਵੰਤ॥

ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ॥ (293)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਜਾਂ ਪ੍ਰਭੂ ਵੱਸਦਾ ਹੈ, ਉਹ ਧੰਨਵੰਤੁ (ਧਨ-ਦੌਲਤ ਵਾਲਾ), ਕੁਲਵੰਤੁ (ਉੱਚੀ ਕੁਲ ਜਾਂ ਖ਼ਾਨਦਾਨ ਵਾਲਾ) ਅਤੇ ਪਤਿਵੰਤੁ (ਇੱਜਤ ਵਾਲਾ) ਵਾਲਾ ਬਣ ਜਾਂਦਾ ਹੈ। ਇੱਥੇ ਵਾਕ ਵਿਚ ਸਾਰੇ ਸ਼ਬਦ ਸਮੂਹਿਕ ਰੂਪ ਵਿਚ ਇਕ ਹੀ ਭਾਵ ਨੂੰ ਵਧੇਰੇ ਪ੍ਰਭਾਵਸ਼ਾਲੀ, ਸਰਲ ਅਤੇ ਸਪੱਸ਼ਟ ਕਰਨ ਲਈ ਵਰਤੇ ਗਏ ਹਨ।

**ਕਿਰਿਆ ਸੰਬੰਧੀ ਔਚਿਤਯ**: ਜਿਵੇਂ ਚੰਗੇ ਕਰਮ ਕਰਨ ਕਰਕੇ ਸੱਜਣ ਮਨੁੱਖਾਂ ਦੇ ਸਬਰ, ਸਾਊਪੁਣਾ, ਸਹਿਣਸ਼ੀਲਤਾ, ਹਲੀਮੀ, ਨਿਮਰਤਾ ਆਦਿ ਗੁਣ ਚੰਗੇ ਲੱਗਦੇ ਹਨ, ਠੀਕ ਉਸੇ ਤਰ੍ਹਾਂ ਕਿਰਿਆ ਸ਼ਬਦ ਦੀ ਵਰਤੋਂ ਨਾਲ ਕਾਵਿ ਜਾਂ ਕਵਿਤਾ ਵਿਚ ਮਾਧੁਰਯ ਜਾਂ ਮਧੁਰਤਾ, ਛੰਦ ਯੁਕਤ ਅਤੇ ਵਿਆਕਰਨ ਦੀ ਸ਼ੁੱਧਤਾ ਆਦਿ ਗੁਣ ਕਾਵਿ ਜਾਂ ਕਵਿਤਾ ਦੀ ਸ਼ੋਭਾ ਵਧਾਉਂਦੇ ਹਨ। 'ਕਿਰਿਆ ਸੰਬੰਧੀ ਔਚਿਤਯਾ ਦੇ ਸੰਬੰਧ ਵਿਚ ਕਸ਼ੇਮੇਂਦ੍ਰ ਦੀ ਰਚਨਾ 'ਨੀਤਿਲਤਾ' ਵਿਚੋਂ ਕਾਵਿ-ਬੰਦ (ਸ਼ਲੋਕ) ਹੇਠ ਲਿਖੇ ਅਨੁਸਾਰ ਹੈ:

"ਜਿਹੜਾ ਬਾਲੀ ਸੰਧਿਆ, ਬੰਦਨਾ ਆਦਿ ਕ੍ਰਿਆਵਾਂ ਨੂੰ ਕਰਨ ਲਈ ਸੱਤਾਂ ਸਮੁੰਦਰਾਂ ਦੀ ਯਾਤ੍ਰਾ ਬੜੀ ਜਲਦੀ ਨਾਲ ਕਰ ਲਿਆ ਕਰਦਾ ਸੀ, ਜਿਸ ਨੇ ਆਪਣੇ ਬਾਹੂਬਲ ਨਾਲ ਮੱਝ ਦਾ ਰੂਪ ਧਾਰ ਕੇ ਆਏ ਦੁੰਦੂਭੀ ਨਾਂ ਦੇ ਰਾਖਸ਼ ਨੂੰ ਮਾਰ ਕੇ ਹੰਡੀਆਂ ਦਾ ਪਿੰਜਰ ਬਣਾ ਦਿੱਤਾ ਸੀ ਅਤੇ ਮਾਯਾਵੀ ਨਾਂ ਦੇ ਪਾਤਾਲਵਾਸੀ ਰਾਖਸ਼ ਨੂੰ ਮਾਰ ਕੇ ਉਸ ਦੇ ਲਹੂ ਨਾਲ ਸਾਰੇ ਪਾਤਾਲ ਲੋਕ ਨੂੰ ਭਰ ਦਿੱਤਾ ਸੀ, ਛੋਟੇ ਭਰਾ ਸੁਗ੍ਰੀਵ ਨੂੰ ਰਾਜ ਤੋਂ ਕੱਢਣ ਵਾਲਾ ਅਤੇ ਉਸ ਦੇ ਧਨ ਆਦਿ ਸਭ ਕੁਝ ਨੂੰ ਲੁੱਟ ਲੈਣ ਵਾਲਾ ਬਾਲੀ ਕੀ ਤੁਹਾਨੂੰ ਯਾਦ ਹੈ ?" (***ਔਚਿਤਯ ਵਿਚਾਰ ਚਰਚਾ*** 50)

ਉਪਰੋਕਤ ਸ਼ਲੋਕ 'ਕਿਰਿਆ ਸੰਬੰਧੀ ਔਚਿਤਯ' ਨੂੰ ਪ੍ਰਗਟ ਕਰਨ ਲਈ ਜਾਂ ਦਰਸਾਉਣ ਲਈ ਉਦਾਹਰਨ ਵਜੋਂ ਦਿੱਤਾ ਗਿਆ ਹੈ। ਇੱਥੇ ਬਾਲੀ ਦੇ ਵਰਨਣ ਨਾਲ ਅਜਿਹਾ ਆਭਾਸ ਨਹੀਂ ਮਿਲਦਾ ਕਿ ਬਾਲੀ ਨਿਗੁਣਾ ਜਾਂ ਯਾਦ ਕਰਨ ਦੇ ਯੋਗ ਨਹੀਂ ਸੀ, ਸਗੋਂ ਇਹ ਜਾਣਕਾਰੀ ਮਿਲਦੀ ਹੈ ਕਿ ਉਹ ਭਗਤੀ ਕਰਨ ਵਾਲਾ, ਕਰਮਸ਼ੀਲ ਅਤੇ ਸ਼ਕਤੀਸ਼ਾਲੀ ਹੋਣ ਦੇ ਨਾਲ-ਨਾਲ ਬਹਾਦਰ ਵੀ ਸੀ, ਜੋ ਕਿ ਕਿਰਿਆ ਔਚਿਤਯ ਨਾਲ ਸੰਬੰਧਿਤ ਹੈ। 'ਕਿਰਿਆ ਸੰਬੰਧੀ ਔਚਿਤਯ' ਨਾਲ ਸੰਬੰਧਿਤ ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

ਬਸਇ ਕਰੋਧੁ ਸਰੀਰਿ ਚੰਡਾਰਾ॥ (759)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਲਈ 'ਬਸਇ' ਅੱਨਯ ਪੁਰਖ, ਇਕ ਵਚਨ ਕਿਰਿਆ ਰੂਪੀ ਸ਼ਬਦ ਦੀ ਵਰਤੋਂ ਕੀਤੀ ਹੈ। ਇੱਥੇ ਗੁਰੂ ਜੀ ਨੇ ਆਪਣੇ ਸਾਧਕਾਂ ਜਾਂ ਪਾਠਕਾਂ ਨੂੰ ਇਹ ਸਮਝਾਉਣ ਦਾ ਉਪਰਾਲਾ ਕੀਤਾ ਹੈ ਕਿ ਜਿਸ ਮਨੁੱਖ ਦੇ ਸਰੀਰ ਵਿਚ ਚੰਡਾਲ (ਕਰੋਧ) ਦਾ ਵਾਸਾ ਹੋ ਜਾਂਦਾ ਹੈ ਤਾਂ ਉਹ ਸਹੀ ਰਸਤੇ ਤੋਂ ਭਟਕ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਾਮ, ਕਰੋਧ, ਲੋਭ, ਮੋਹ, ਹੰਕਾਰ ਨੂੰ ਪੰਜ ਵਿਕਾਰ ਕਿਹਾ ਗਿਆ ਹੈ। ਜਿਹੜਾ ਮਨੁੱਖ ਇਨ੍ਹਾਂ ਪੰਜ ਵਿਕਾਰਾਂ 'ਤੇ ਕਾਬੂ ਕਰ ਲੈਂਦਾ ਹੈ, ਉਸ ਦਾ ਜੀਵਨ ਸਫਲ ਹੋ ਜਾਂਦਾ ਹੈ। ਇੱਥੇ ਗੁਰੂ ਜੀ ਨੇ ਆਪਣੇ ਭਾਵ

ਜਾਂ ਸੰਕਲਪ ਨੂੰ ਸਰਲ, ਸਪੱਸ਼ਟ, ਵਚਿੱਤਰ, ਪ੍ਰਭਾਵਸ਼ਾਲੀ ਅਤੇ ਵਧੇਰੇ ਗ੍ਰਹਿਣਯੋਗ ਬਣਾਉਣ ਲਈ 'ਬਸਇ' ਕਿਰਿਆ ਨਾਲ ਸੰਬੰਧਿਤ ਸ਼ਬਦਾਂ ਦੀ ਵਰਤੋਂ ਕੀਤੀ ਹੈ।

ਉਚਰਤ ਗੁਨ ਗੋਪਾਲ ਜਸੁ ਦੂਰ ਤੇ ਜਮੁ ਭਾਗੈ॥ (817)

ਉਪਰੋਕਤ ਕਾਵਿ-ਸਤਰ ਰਾਹੀਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਸੰਕਲਪ ਨੂੰ ਵਧੇਰੇ ਵਿਲੱਖਣ ਅਤੇ ਗ੍ਰਹਿਣਸ਼ੀਲ ਢੰਗ ਨਾਲ ਪ੍ਰਸਤੁਤ ਕਰਨ ਲਈ ਦੋ ਕਿਰਿਆ ਰੂਪੀ ਸ਼ਬਦਾਂ 'ਉਚਰਤ' ਅਤੇ 'ਭਾਗੈ' ਦੀ ਵਰਤੋਂ ਕੀਤੀ ਹੈ। ਇੱਥੇ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਉਸ ਪ੍ਰਭੂ ਜਾਂ ਪਰਮਾਤਮਾ ਦੇ ਗੁਣ ਗਾਉਣ ਨਾਲ, ਪਰਮਾਤਮਾ ਦੇ ਜਸ ਦਾ ਉਚਾਰਨ ਕਰਦਿਆਂ ਅਤੇ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਨਾਲ ਮੌਤ ਦੇ ਜਮ ਦੂਰ ਤੋਂ ਹੀ ਭੱਜ ਜਾਂਦੇ ਹਨ।

ਜੈ ਜੈ ਜਇਅੰਪਹਿ ਸਗਲ ਜਾ ਕਉ ਕਰੁਨਾਪਤਿ ਗਤਿ ਕਿਨਿ ਲਖਹੁ॥ (847)

ਕਿਰਿਆ ਰੂਪੀ ਸ਼ਬਦ - ਜਇਅੰਪਹਿ (ਉਚਾਰਦੇ)

ਬਿਨਵੰਤਿ ਨਾਨਕੁ ਸਦਾ ਤ੍ਰਿਪਤੇ ਹਰਿ ਨਾਮੁ ਭੋਜਨੁ ਖਾਇਆ॥ (705)

ਕਿਰਿਆ ਰੂਪੀ ਸ਼ਬਦ - ਬਿਨਵੰਤਿ (ਬੇਨਤੀ ਕਰਦਾ ਹੈ)

**ਕਾਰਕ ਸੰਬੰਧੀ ਔਚਿਤਯ**: ਜਿਵੇਂ ਚੰਗੇ ਕੁਲ ਜਾਂ ਉਚੇ ਖਾਨਦਾਨ ਵਿਚ ਪੈਦਾ ਵਿਅਕਤੀ ਉਦਾਰਤਾ, ਨਿਮਰਤਾ, ਸਹਿਨਸ਼ੀਲਤਾ ਆਦਿ ਚੰਗੇ ਗੁਣਾਂ ਨਾਲ ਸੋਭਦਾ ਹੈ, ਠੀਕ ਉਸੇ ਪ੍ਰਕਾਰ ਕਵਿਤਾ ਜਾਂ ਕਾਵਿ ਵਾਕ ਵਿਚ ਨਾਂਵ ਜਾਂ ਪੜਨਾਂਵ ਦਾ ਸੰਬੰਧ ਕਿਰਿਆ ਅਤੇ ਵਾਕ ਵਿਚਲੇ ਵਿਆਕਰਨਿਕ ਅੰਗਾਂ ਨਾਲ ਸੰਬੰਧ ਪ੍ਰਗਟ ਕਰਨ ਵਾਲੇ ਸ਼ਬਦਾਂ (ਕਾਰਕ) ਨਾਲ ਕਵਿਤਾ ਦੀ ਸ਼ੋਭਾ ਵਿਚ ਵਾਧਾ ਹੋ ਜਾਂਦਾ ਹੈ। ਵਾਕ ਵਿਚ ਵਿਚਰਦੇ ਨਾਂਵ ਜਾਂ ਨਾਂਵ-ਵਾਕੰਸ਼ ਅਤੇ ਕਿਰਿਆ ਜਾਂ ਕਿਰਿਆ-ਵਾਕੰਸ਼ ਦੇ ਆਪਸੀ ਸੰਬੰਧਾਂ ਨੂੰ ਕਾਰਕ ਕਿਹਾ ਜਾਂਦਾ ਹੈ। ਪੰਜਾਬੀ ਭਾਸ਼ਾ ਵਿਚ ਕਾਰਕ ਦੀਆਂ ਅੱਠ ਕਿਸਮਾਂ (ਕਰਤਾ, ਕਰਮ, ਕਰਣ, ਸੰਪਰਦਾਨ, ਅਪਾਦਾਨ, ਸੰਬੰਧ,

ਅਧਿਕਰਨ, ਸੰਬੋਧਨ) ਹੁੰਦੀਆਂ ਹਨ। 'ਕਾਰਕ ਸੰਬੰਧੀ ਔਚਿਤਯ' ਦੇ ਸੰਬੰਧ ਵਿਚ ਬਾਣ ਭੱਟ ਦੀ ਕਾਵਿ ਰਚਨਾ ਵਿਚੋਂ ਕਾਵਿ-ਬੰਦ (ਸ਼ਲੋਕ) ਹੇਠ ਲਿਖੇ ਅਨੁਸਾਰ ਹੈ:

> "ਹੇ ਰਾਜਨ ! ਤੁਹਾਡੇ ਵੈਰੀਆਂ ਦੀਆਂ ਇਸਤਰੀਆਂ ਦੀਆਂ ਛਾਤੀਆਂ ਹੰਝੂਆਂ ਦੇ ਪਾਣੀ ਨਾਲ ਇਸ਼ਨਾਨ ਕਰ, ਹਿਰਦੇ ਵਿਚਲੀ ਸੋਗ ਅੱਗ ਦੇ ਕੋਲ ਰਹਿ ਕੇ ਮੋਤੀਆਂ ਦੇ ਹਾਰਾਂ ਨੂੰ ਉਤਾਰ ਕੇ ਜਿਵੇਂ ਵਰਤ ਰਖ ਰਹੀਆਂ ਹਨ" (***ਔਚਿਤਯ ਵਿਚਾਰ ਚਰਚਾ*** 51)

ਉਪਰੋਕਤ ਬਾਣ ਭੱਟ ਦੇ ਸ਼ਲੋਕ ਵਿਚ ਕਰਤਾ ਕਾਰਕ ਨਾਲ ਸੰਬੰਧਿਤ ਸ਼ਬਦਾਂ ਦੀ ਵਿਲੱਖਣ ਅਤੇ ਪ੍ਰਭਾਵਸ਼ਾਲੀ ਵਰਤੋਂ ਕੀਤੀ ਗਈ ਹੈ। ਇੱਥੇ ਬਾਣ ਭੱਟ ਨੇ 'ਵੈਰੀਆਂ ਦੀਆਂ ਇਸਤਰੀਆਂ' ਨੂੰ ਕਰਤਾ ਬਣਾਉਣ ਦੀ ਥਾਂ ਤੇ 'ਵੈਰੀਆਂ ਦੀਆਂ ਇਸਤਰੀਆਂ ਦੀਆਂ ਛਾਤੀਆਂ' ਨੂੰ ਕਰਤਾ ਬਣਾਉਣ ਦਾ ਨਿਵੇਕਲਾ ਉਪਰਾਲਾ ਕੀਤਾ ਹੈ। ਅਜਿਹਾ ਕਰਨ ਨਾਲ ਕਰਤਾ ਸ਼ਬਦ ਦੇ ਔਚਿਤਯ ਨਾਲ ਇਕ ਅਨੋਖੀ ਸੁੰਦਰਤਾ ਦੇਖਣ ਨੂੰ ਮਿਲਦੀ ਹੈ, ਜਿਹੜੀ ਪਾਠਕਾਂ ਦੇ ਹਿਰਦਿਆਂ ਵਿਚ ਆਨੰਦ ਦਾ ਸੰਚਾਰ ਕਰਦੀ ਹੈ। 'ਕਾਰਕ ਸੰਬੰਧੀ ਔਚਿਤਯ' ਨਾਲ ਸੰਬੰਧਿਤ ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

> ਭਉ ਭਾਗਾ ਨਿਰਭਉ ਮਨਿ ਬਸੈ॥ (893)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਸਪੱਸ਼ਟ ਕਰਨ ਲਈ ਕਰਤਾ ਕਾਰਕ (ਪਰਮਾਤਮਾ ਜਾਂ ਪ੍ਰਭੂ) ਦੀ ਵਰਤੋਂ ਹੈ। ਵਾਕ ਵਿਚ ਕਿਰਿਆ ਕਰਨ ਵਾਲੇ ਵਿਅਕਤੀ ਨੂੰ 'ਕਰਤਾ' ਕਾਰਕ ਕਿਹਾ ਜਾਂਦਾ ਹੈ। ਗੁਰੂ ਜੀ ਦੇ ਅਨੁਸਾਰ ਡਰ ਤੋਂ ਰਹਿਤ ਪਰਮਾਤਮਾ ਜਾਂ ਪ੍ਰਭੂ ਦਾ ਜਿਸ ਮਨੁੱਖ ਦੇ ਮਨ ਅੰਦਰ ਵਾਸਾ ਜਾਂ ਨਿਵਾਸ ਹੋ ਜਾਂਦਾ ਹੈ, ਉਸ ਮਨੁੱਖ ਦਾ ਡਰ ਜਾਂ ਭੈ ਦੂਰ ਹੋ ਜਾਂਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਜਾਂ ਪ੍ਰਭੂ ਨੂੰ ਕਰਤਾ ਕਾਰਕ (ਇਕ-ਵਚਨ) ਦੇ ਰੂਪ ਵਿਚ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ।

ਕੀਨੀ ਰਖਿਆ ਭਗਤ ਪ੍ਰਹਿਲਾਦੈ ਹਰਨਾਖਸ ਨਖਹਿ ਬਿਦਾਰੇ॥ (999)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਵਧੇਰੇ ਗ੍ਰਹਿਣਯੋਗ, ਪ੍ਰਭਾਵਸ਼ਾਲੀ ਅਤੇ ਸਪੱਸ਼ਟ ਕਰਨ ਲਈ ਕਰਣ ਕਾਰਕ (ਨਖਹਿ - ਨਹੁੰਆਂ ਨਾਲ) ਦੀ ਵਰਤੋਂ ਹੈ। ਵਾਕ ਵਿਚ ਕਿਰਿਆ ਦਾ ਕੰਮ ਜਿਸ ਸਾਧਨ ਰਾਹੀਂ ਹੁੰਦਾ ਹੈ, ਉਸ ਨੂੰ 'ਕਰਣ' ਕਾਰਕ ਕਿਹਾ ਜਾਂਦਾ ਹੈ। ਗੁਰੂ ਜੀ ਦੇ ਅਨੁਸਾਰ ਪਰਮਾਤਮਾ ਨੇ ਆਪਣੇ ਭਗਤ ਪ੍ਰਹਿਲਾਦ ਦੀ ਰੱਖਿਆ ਕਰਨ ਲਈ ਉਸ ਦੇ ਪਿਤਾ ਹਰਨਾਖਸ਼ ਨੂੰ ਆਪਣੇ ਨਹੁੰਆਂ ਨਾਲ ਚੀਰ ਦਿੱਤਾ ਸੀ। ਇੱਥੇ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਜਾਂ ਪ੍ਰਭੂ ਦੇ ਨਹੁੰਆਂ ਨੂੰ ਕਰਣ ਕਾਰਕ ਦੇ ਰੂਪ ਵਿਚ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ।

ਨੈਨਹੁ ਪੇਖੁ ਠਾਕੁਰ ਕਾ ਰੰਗੁ॥

ਸਾਧ ਸੰਗਿ ਬਿਨਸੈ ਸਭ ਸੰਗੁ॥ (281)

ਕਰਣ ਕਾਰਕ - ਨੈਨਹੁ - ਅੱਖਾਂ ਨਾਲ।

ਨਿੰਦਕ ਕੀ ਗਤਿ ਕਤਹੂ ਨਾਹੀ ਖਸਮੈ ਏਵੈ ਭਾਣਾ॥ (380)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਵਧੇਰੇ ਗ੍ਰਹਿਣਯੋਗ, ਪ੍ਰਭਾਵਸ਼ਾਲੀ ਅਤੇ ਸਪੱਸ਼ਟ ਕਰਨ ਲਈ ਸੰਪ੍ਰਦਾਨ ਕਾਰਕ (ਖਸਮੈ - ਖਸਮ, ਪਰਮਾਤਮਾ) ਦੀ ਵਰਤੋਂ ਹੈ। ਵਾਕ ਵਿਚ ਕਿਰਿਆ ਦਾ ਕੰਮ ਜਿਸ ਦੇ ਲਈ ਜਾਂ ਜਿਸ ਵਾਸਤੇ ਕੀਤਾ ਜਾਂਦਾ ਹੈ, ਉਸ ਨੂੰ 'ਸੰਪਰਦਾਨ' ਆਤਮਕ -ਕਾਰਕ ਕਿਹਾ ਜਾਂਦਾ ਹੈ। ਗੁਰੂ ਜੀ ਦੇ ਅਨੁਸਾਰ ਸੰਤਾਂ ਦੀ ਨਿੰਦਾ ਕਰਨ ਵਾਲੇ ਮਨੁੱਖ ਨੂੰ ਉਚ ਆਤਮਕ ਅਵਸਥਾ ਵਾਲਿਆਂ ਦੀ ਤਾਂ ਸਦਾ ਨਿੰਦਾ -ਕਿਉਂਕਿ ਉਹ ਉਚ ,ਅਵਸਥਾ ਪ੍ਰਾਪਤ ਨਹੀਂ ਹੋ ਸਕਦੀ ਰਦਾ ਰਹਿੰਦਾ ਹੈ। ਇੱਥੇ ਗਕੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਜਾਂ ਪ੍ਰਭੂ ਦੀ ਉਚ-ਆਤਮਕ ਅਵਸਥਾ ਨੂੰ ਸੰਪਰਦਾਨ ਕਾਰਕ ਦੇ ਰੂਪ ਵਿਚ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ।

**ਲਿੰਗ ਸੰਬੰਧੀ ਔਚਿਤਯ:** ਜਿਵੇਂ ਰਾਜ ਲੱਛਣਾਂ ਜਾਂ ਗੁਣਾਂ ਨਾਲ ਸ਼ਰੀਰ ਸੋਭਦਾ ਹੈ, ਠੀਕ ਉਸੇ ਤਰ੍ਹਾਂ ਉਚਿਤ ਲਿੰਗ ਦੀ ਵਰਤੋਂ ਨਾਲ ਕਾਵਿ ਵਿਚ ਵਿਸ਼ੇਸ਼ ਚਮਤਕਾਰ ਆ ਜਾਂਦਾ ਹੈ। 'ਲਿੰਗ ਸੰਬੰਧੀ ਔਚਿਤਯ' ਦੇ ਸੰਬੰਧ ਵਿਚ ਆਚਾਰੀਆ ਕਸ਼ੇਮੇਂਦ੍ਰ ਦੀ ਰਚਨਾ 'ਲਲਿਤ ਰਤਨਾਵਲੀ' ਵਿਚੋ ਸ਼ਲੋਕ ਜਾਂ ਬੰਦ ਹੇਠ ਲਿਖੇ ਅਨੁਸਾਰ ਹੈ:

> "ਰਤਨਾਵਲੀ ਦੇ ਵਿਯੋਗ ਵਿਚ ਰਾਜਾ ਉਦਯਨ ਏਨਾ ਦੁਖੀ ਹੋ ਗਿਆ ਹੈ ਕਿ ਉਸ ਨੂੰ ਨੀਂਦ ਨਹੀਂ ਆਉਦੀ, ਧੀਰਜ ਖਤਮ ਹੋ ਰਿਹਾ ਹੈ, ਕਿਸੇ ਇਕ ਥਾਂ ਟਿਕ ਕੇ ਬੈਠਣ ਨੂੰ ਦਿਲ ਨਹੀਂ ਕਰਦਾ, ਕਿਸੇ ਤਰ੍ਹਾਂ ਦੀ ਗੱਲਬਾਤ ਤੋਂ ਉਸ ਨੂੰ ਖਿਝ ਮਹਿਸੂਸ ਹੁੰਦੀ ਹੈ, ਕਿਤੇ ਵੀ ਚੈਨ ਨਹੀਂ ਆ ਰਿਹਾ ਅਤੇ ਇੱਥੋਂ ਤੱਕ ਰਾਜਾ ਉਦਯਨ ਕਿਸੇ ਹੋਰ ਇਸਤਰੀ ਦਾ ਨਾਂ ਵੀ ਸੁਣਨਾ ਨਹੀਂ ਚਾਹੁੰਦਾ।" (***ਔਚਿਤਯ ਵਿਚਾਰ ਚਰਚਾ*** 62)

ਉਪਰੋਕਤ 'ਲਿੰਗ ਸੰਬੰਧੀ ਔਚਿਤਯ' ਨਾਲ ਸੰਬੰਧਿਤ ਕਸ਼ੇਮੇਂਦ੍ਰ ਦੇ ਸ਼ਲੋਕ ਵਿਚ 'ਰਤਨਾਵਲੀ ਦੇ ਵਿਯੋਗ ਵਿਚ ਰਾਜਾ ਉਦਯਨ ਏਨਾ ਦੁਖੀ ਹੋ ਗਿਆ ਹੈ ਕਿ ਉਸ ਨੂੰ ਨੀਂਦ ਨਹੀਂ ਆਉਦੀ' ਵਿਚ ਸਥਿਤੀ, ਧ੍ਰਿਤੀ ਤੇ ਕਥਾਨਿਰਵ੍ਰਿਤੀ ਆਦਿ ਸ਼ਬਦਾਂ ਦੇ ਇਸਤਰੀ ਲਿੰਗ ਹੋਣ ਨਾਲ ਉਨ੍ਹਾਂ ਵਿਚ ਇਸਤਰੀਪਣ ਦੇ ਆਰੋਪ ਦੀ ਵਿਲੱਖਣ ਝਲਕ ਦੇਖਣ ਨੂੰ ਮਿਲਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਖਾਕੁ, ਫੇਨੁ, ਰੇਤੁ, ਬੇਨੁ, ਭਸੁ, ਮੁਸਕਲੁ, ਮਲੁ, ਰੇਣੁ, ਰਤੁ, ਰੇਤੁ, ਲਾਜੁ, ਵਿਸੁ, ਵੰਸੁ, ਵਸਤੁ ਆਦਿ ਕੁਝ ਅਜਿਹੇ ਸ਼ਬਦ ਹਨ, ਜਿੰਨ੍ਹਾਂ ਦਾ ਰੂਪ ਤਾਂ ਪੁਲਿੰਗ ਵਾਲਾ ਹੈ, ਪਰ ਵਰਤੋਂ ਵਿਚ ਇਹ ਇਸਤਰੀ ਲਿੰਗ ਹਨ। 'ਲਿੰਗ ਸੰਬੰਧੀ ਔਚਿਤਯ' ਨਾਲ ਸੰਬੰਧਿਤ ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

> ਸਉਕਨਿ ਘਰ ਕੀ ਕੰਤਿ ਤਿਆਗੀ॥ (394)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਨੇ 'ਸਉਕਨਿ' (ਮਾਇਆ) ਇਸਤਰੀ ਲਿੰਗ ਸ਼ਬਦ ਦੀ ਵਰਤੋਂ ਕੀਤੀ ਹੈ। ਗੁਰੂ ਜੀ ਦੇ ਅਨੁਸਾਰ ਜਦੋਂ ਦਾ ਮੈਂ ਪਰਮਾਤਮਾ ਦੀ ਰਜ਼ਾ ਵਿਚ ਰਹਿਣਾ ਸਿੱਖ ਲਿਆ

ਹੈ, ਤਦੋਂ ਤੋਂ ਪ੍ਰਭੂ ਜਾਂ ਪਰਮਾਤਮਾ ਰੂਪੀ ਪਤੀ ਨੇ ਮੇਰੇ ਹਿਰਦਾ-ਘਰ ਮੱਲ ਕੇ ਬੈਠੀ ਮੇਰੀ ਸੌਂਕਣ (ਮਾਇਆ) ਤੋਂ ਮੁਕਤੀ ਕਰਾ ਦਿੱਤੀ ਹੈ। ਇੱਥੇ ਗੁਰੂ ਜੀ ਨੇ ਆਪਣੇ ਭਾਵ ਜਾਂ ਸੰਕਲਪ ਦੇ ਅਰਥ ਨੂੰ ਵਧੇਰੇ ਸਰਲ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਰੂਪ ਵਿਚ ਪ੍ਰਸਤੁਤ ਕਰਨ ਲਈ ਇਸਤਰੀ ਲਿੰਗ ਸ਼ਬਦ ਦੀ ਵਰਤੋਂ 'ਸਉਕਨਿ' ਕੀਤੀ ਹੈ।

ਜੀਅ ਪ੍ਰਾਣ ਤਨੁ ਧਨੁ ਰਖੇ ਕਰਿ ਕਿਰਪਾ ਰਾਖੀ ਜਿੰਦ॥ (46)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਨੇ ਸਾਰੇ ਜੀਵਾਂ ਨੂੰ ਇਸਤਰੀ ਅਤੇ ਪਰਮਾਤਮਾ ਨੂੰ ਪਤੀ ਦੇ ਰੂਪ ਵਿਚ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਜਿਹੜੀ ਜੀਵ-ਇਸਤਰੀ ਪਰਮਾਤਮਾ ਰੂਪੀ ਪਤੀ ਦੀ ਸ਼ਰਨ ਵਿਚ ਆਉਂਦੀ ਹੈ, ਪਰਮਾਤਮਾ ਉਸ ਨੂੰ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਤੋਂ ਬਚਾ ਕੇ ਰੱਖਦਾ ਹੈ ਅਤੇ ਕਦੇ ਵੀ ਧਨ-ਦੌਲਤ ਦੀ ਘਾਟ ਨਹੀਂ ਰਹਿੰਦੀ ਹੈ। ਇੱਥੇ ਗੁਰੂ ਜੀ ਨੇ 'ਜਿੰਦਇਸਤਰੀ ਲਿੰਗ ਸ਼ਬਦ ਦੀ ਵਰਤੋਂ ਆਪਣੇ ਸੰਕਲਪ ਜਾਂ ਭਾਵ ਨੂੰ ' ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਲਈ ਕੀਤੀ ਹੈ।

ਹਰਿ ਸਾਜਨ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥ (133)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਨੂੰ ਪਤੀ ਦੇ ਰੂਪ ਵਿਚ ਅਤੇ ਜੀਵਾਂ ਨੂੰ ਇਸਤਰੀ ਦੇ ਰੂਪ ਵਿਚ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਉਸ ਜੀਵ-ਇਸਤਰੀ ਨੂੰ ਧੀਰਜ ਕਿਵੇਂ ਆ ਸਕਦੀ ਹੈ, ਜਿਸ ਨੇ ਪਰਮਾਤਮਾ ਰੂਪੀ ਪਤੀ ਨੂੰ ਵਿਸਾਰ ਕੇ ਮਨ-ਮੋਹਣੀ ਮਾਇਆ (ਧਨ-ਦੌਲਤ) ਨੂੰ ਇੱਕਠੀ ਕਰਨ ਲਈ ਆਪਣਾ ਅਨਮੋਲ ਜਾਂ ਕੀਮਤੀ ਜੀਵਨ ਨਸ਼ਟ ਕਰ ਰਹੀ ਹੈ। ਇੱਥੇ ਗੁਰੂ ਜੀ ਨੇ 'ਮਾਇਆ' ਇਸਤਰੀ ਲਿੰਗ ਸ਼ਬਦ ਦੀ ਵਰਤੋਂ ਆਪਣੇ ਸੰਕਲਪ ਜਾਂ ਭਾਵ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ।

ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ॥ (133)

'ਧੇਨੁ' - ਗਾਂ - ਇਸਤਰੀ ਲਿੰਗ ਸ਼ਬਦ

**ਵਚਨ ਸੰਬੰਧੀ ਔਚਿਤਯ**: ਜਿਵੇਂ ਕਿਸੇ ਪ੍ਰਸਿੱਧ ਅਤੇ ਤੇਜਸਵੀ ਵਿਦਵਾਨਾਂ ਦੇ ਮੂੰਹੋਂ ਉਚਿਤ, ਸੁੰਦਰ ਅਤੇ ਮਿਠਾਸ ਭਰੇ ਪਿਆਰੇ ਵਚਨਾਂ ਜਾਂ ਬੋਲਾਂ ਦੀ ਵਰਤੋਂ ਨਾਲ ਚੰਗਾ ਲੱਗਦਾ ਹੈ, ਠੀਕ ਉਸੇ ਪ੍ਰਕਾਰ ਵਿਸ਼ੇ ਦੇ ਅਨੁਸਾਰ ਕਵਿਤਾ ਵਿਚ ਇਕ-ਵਚਨ ਅਤੇ ਬਹੁ-ਵਚਨ ਸ਼ਬਦਾਂ ਦੀ ਵਰਤੋਂ ਕਾਵਿ ਦੀ ਸੁਹਜ-ਸੁੰਦਰਤਾ ਵਧਾਉਂਦੇ ਹਨ। 'ਵਚਨ ਸੰਬੰਧੀ ਔਚਿਤਯ' ਦੇ ਸੰਬੰਧ ਵਿਚ ਆਚਾਰੀਆ ਕਸ਼ੇਮੇਦ੍ਰ ਦੀ ਰਚਨਾ 'ਨੀਤਿਲਤਾ' ਵਿਚੋਂ ਕਾਵਿ-ਬੰਦ ਜਾਂ ਸ਼ਲੋਕ ਹੇਠ ਲਿਖੇ ਅਨੁਸਾਰ ਹੈ:

> "ਰਾਵਣ ਨੇ ਤ੍ਰਿਲੋਕ ਤੇ ਅਨੇਕਾਂ ਵਾਰ ਹਮਲੇ ਕੀਤੇ ਹਨ, ਯੋਧਿਆਂ ਨੂੰ ਅਨੇਕਾਂ ਵਾਰ ਜਿੱਤਿਆ ਹੈ ਅਤੇ ਅਸੰਖਾਂ ਰਤਨਾਂ ਦੀ ਪ੍ਰਾਪਤੀ ਕੀਤੀ ਹੈ, ਜਿਨ੍ਹਾਂ ਕਾਰਣ ਉਹ ਪ੍ਰਸਿੱਧ ਹੈ, ਉਹ ਰਾਵਣ ਭਗਵਾਨ ਵਿਸ਼ਣੂ ਦਾ ਹਾਸਾ ਉਡਾਉਂਦਾ ਹੈ ਕਿਉਂਕਿ ਭਗਵਾਨ ਕੇਵਲ ਇਕੋ ਹੀ ਵਾਰ ਅਜੇਹੇ ਕੰਮ ਕਰਕੇ ਥਕਾਵਟ ਨਾਲ ਸੁੱਤੇ ਹੋਏ ਹਨ।" (***ਔਚਿਤਯ ਵਿਚਾਰ ਚਰਚਾ*** 64)

ਉਪਰੋਕਤ 'ਵਚਨ ਸੰਬੰਧੀ ਔਚਿਤਯ' ਨਾਲ ਸੰਬੰਧਿਤ ਕਸ਼ੇਮੇਦ੍ਰ ਦੇ ਸ਼ਲੋਕ ਵਿਚ ਰਾਵਣ ਦੇ ਕਾਰਜਾਂ ਨੂੰ ਬਹੁ-ਵਚਨ ਵਿਚ ਕਹਿ ਕੇ ਉਸ ਨੂੰ ਭਗਵਾਣ ਵਿਸ਼ਣੂ ਨਾਲੋਂ ਵਿਲੱਖਣ ਪ੍ਰਸਤੁਤ ਕਰਨ ਦਾ ਵਿਲੱਖਣ ਜਾਂ ਨਿਵੇਕਲਾ ਉਪਰਾਲਾ ਕੀਤਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚਲੇ ਵਿਸ਼ਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਲਈ ਇਕ-ਵਚਨ (ਨਾਨਕਿ, ਗੁਰਹਿ, ਕਾਗਦੁ, ਹੁਕਮੈ, ਖਸਮੈ, ਸਾਬੁਨਿ, ਗੋਪਾਲ, ਘਰਿ, ਨਾਨਕ, ਗੁਰ ਆਦਿ) ਅਤੇ ਬਹੁ-ਵਚਨ (ਲੋਗਨ, ਸ਼ਾਹਾਂ, ਗੁਣ, ਗੁਣਹ, ਨੈਨਹੁ, ਸੰਤਹ, ਭਗਤਹੁ, ਚਰਨਹ, ਸੰਤ ਜਨੋ, ਚਰਣ ਆਦਿ) ਸ਼ਬਦਾਂ ਦੀ ਵਰਤੋਂ ਕੀਤੀ ਹੈ, ਜਿਸ ਨਾਲ ਅਰਥ ਵਧੇਰੇ ਗ੍ਰਹਿਣਸ਼ੀਲ ਬਣ ਸਕੇ। ਗੁਰੂ ਜੀ ਦੀ ਗੁਰਬਾਣੀ ਵਿਚੋਂ 'ਵਚਨ ਸੰਬੰਧੀ ਔਚਿਤਯ' ਨਾਲ ਸੰਬੰਧਿਤ ਕੁਝ ਕੁ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

> ਨਾਨਕ ਗੁਰੁ ਗੋਵਿਦੁ ਜਿਸੁ ਤੂਠਾ॥

ਘਟਿ ਘਟਿ ਰਮਈਆ ਤਿਨ ਹੀ ਡੀਠਾ॥ (888)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ 'ਗੁਰੁ' ਅਤੇ 'ਗੋਵਿਦੁ' ਸ਼ਬਦਾਂ ਦੀ ਵਰਤੋਂ ਇਕ-ਵਚਨ ਦੇ ਰੂਪ ਵਿਚ ਕੀਤੀ ਹੈ। ਗੁਰੂ ਜੀ ਦੇ ਅਨੁਸਾਰ ਜਿਸ ਮਨੁੱਖ ਨੇ ਉਸ ਪਰਮਾਤਮਾ ਨੂੰ ਹਰੇਕ ਮਨੁੱਖ ਦੇ ਅੰਦਰ ਦੇਖ ਲਿਆ ਹੈ, ਉਸ ਮਨੁੱਖ 'ਤੇ ਗੁਰੂ ਅਤੇ ਪਰਮਾਤਮਾ ਦੋਵੇਂ ਪ੍ਰਸੰਨ ਹੁੰਦੇ ਹਨ। ਇੱਥੇ ਗੁਰੂ ਜੀ ਨੇ ਦੋਵੇਂ ਸ਼ਬਦਾਂ 'ਗੁਰੁ' ਅਤੇ 'ਗੋਵਿਦੁ' ਨੂੰ ਕਰਤਾ ਕਾਰਕ ਅਤੇ ਇਕ-ਵਚਨ ਦੇ ਰੂਪ ਵਿਚ ਪ੍ਰਸਤੁਤ ਕੀਤਾ ਹੈ।

ਚੀਤਿ ਆਵਹਿ ਤਾਂ ਸਦਾ ਦਇਆਲਾ ਲੋਗਨ ਕਿਆ ਵੇਚਾਰੇ॥ (383)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਦੇ ਅਰਥ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਲਈ 'ਲੋਗਨ' ਬਹੁ-ਵਚਨ ਸ਼ਬਦ ਦੀ ਵਰਤੋਂ ਕੀਤੀ ਹੈ। ਗੁਰੂ ਜੀ ਦੇ ਅਨੁਸਾਰ ਜਿਸ ਮਨੁੱਖ ਦੇ ਮਨ ਅੰਦਰ ਪਰਮਾਤਮਾ ਦੀ ਯਾਦ ਟਿਕੀ ਰਹਿੰਦੀ ਹੈ, ਉਸ ਉਤੇ ਪਰਮਾਤਮਾ ਸਦਾ ਦਇਆਵਾਨ ਰਹਿੰਦਾ ਹੈ ਅਤੇ ਦੁਨੀਆਂ ਦੇ ਲੋਕ ਉਸ ਦਾ ਕੁਝ ਵੀ ਵਿਗਾੜ ਨਹੀਂ ਸਕਦੇ। ਇੱਥੇ ਗੁਰੂ ਜੀ ਨੇ 'ਲੋਗਨ' ਸ਼ਬਦ ਨੂੰ ਕਰਤਾ ਕਾਰਕ ਅਤੇ ਬਹੁ-ਵਚਨ ਦੇ ਰੂਪ ਵਿਚ ਪ੍ਰਸਤੁਤ ਕੀਤਾ ਹੈ।

ਸੰਤਨ ਮੋਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ॥ (614)

'ਸੰਤਨ' - ਸੰਤਾਂ ਨੇ - ਕਰਤਾ ਕਾਰਕ ਬਹੁ-ਵਚਨ ਸ਼ਬਦ।

ਇਹੈ ਓਟ ਪਾਈ ਮਿਲਿ ਸੰਤਹ ਗੋਪਾਲ ਏਕ ਕੀ ਸਰਣੀ॥ (1219)

'ਸੰਤਹ' - ਸੰਤਾਂ ਨੂੰ - ਕਰਮ ਕਾਰਕ ਬਹੁ-ਵਚਨ।

ਸੂਖ ਸਹਜ ਆਨੰਦ ਘਨੇਰੇ ਨਾਨਕ ਜੀਵੈ ਹਰਿ ਗੁਣਹ ਵਖਾਣਿ॥ (826)

'ਗੁਣਹ' - ਗੁਣਾਂ ਨੂੰ - ਕਰਮ ਕਾਰਕ ਬਹੁ-ਵਚਨ।

ਨੈਨ ਅਲੋਵਉ ਸਾਧ ਜਨੋ॥ (241)

'ਨੈਨ' - ਨੈਣਾਂ ਨਾਲ - ਕਰਣ ਕਾਰਕ ਬਹੁ-ਵਚਨ।

**ਵਿਸ਼ੇਸ਼ਣ ਸੰਬੰਧੀ ਔਚਿਤਯ**: ਜਿਵੇਂ ਗੁਣੀ ਮਿੱਤਰਾਂ ਨਾਲ ਸੱਜਨ ਮਨੁੱਖ ਸ਼ੋਭਾ ਪ੍ਰਾਪਤ ਕਰਦਾ ਹੈ, ਠੀਕ ਉਸੇ ਤਰ੍ਹਾਂ ਹੀ ਉਚਿਤ ਵਿਸ਼ੇਸ਼ਣਾਂ ਦੀ ਵਰਤੋਂ ਰਾਹੀਂ ਕਵਿਤਾ ਜਾਂ ਕਾਵਿ ਦਾ ਅਰਥ ਸਰਲ, ਸਪੱਸ਼ਟ, ਗ੍ਰਹਿਣਸ਼ੀਲ ਅਤੇ ਰਮਣੀਕ ਹੋ ਜਾਂਦਾ ਹੈ। 'ਵਿਸ਼ੇਸ਼ਣ ਸੰਬੰਧੀ ਔਚਿਤਯ' ਦੇ ਸੰਬੰਧ ਵਿਚ ਆਚਾਰੀਆ ਕਸ਼ੇਮੇਂਦ੍ਰ ਦੀ ਰਚਨਾ 'ਮੁਨਿਮਤ ਮੀਮਾਂਸਾ ਵਿਚੋਂ ਕਾਵਿ-ਬੰਦ ਜਾਂ ਸ਼ਲੋਕ ਹੇਠ ਲਿਖੇ ਅਨੁਸਾਰ ਹੈ:

> "ਬਸੰਤ ਵਿਚ ਜਵਾਨੀ ਭਰੇ ਨਵੇਂ ਬਗੀਚੇ, ਸੁਗੰਧੀ ਨਾਲ ਮਸਤ ਕਰ ਦੇਣ ਵਾਲੀ ਕਮਲਣੀ, ਚਾਣਨੀ ਦੀਆਂ ਚਾਦਰਾਂ ਨਾਲ ਵਲੇਟੇ ਰਤਨਾਂ ਦੇ ਛੱਜਿਆਂ ਵਾਲੀਆਂ ਵੱਡੀਆਂ ਵੱਡੀਆਂ ਅਟਾਰੀਆਂ, ਰਮਣੀਕ ਸੁੰਦਰੀਆਂ, ਸੁਭਾ ਤੋਂ ਸੁੰਦਰ ਇਹ ਕਿਸ ਨੂੰ ਚੰਗੇ ਨਹੀਂ ਲੱਗਦੇ ਪਰ ਜਿਸ ਜੀਵਨ ਵਿਚ ਇਨ੍ਹਾਂ ਦਾ ਉਪਯੋਗ ਕੀਤਾ ਜਾਣਾ ਹੈ ਉਹ ਜੀਵਨ ਹੀ ਮਿੱਟੀ ਨਾਲ ਬਣੇ ਕੱਚੇ ਭਾਂਡੇ ਵਾਂਗ ਥੋੜ੍ਹਚਿਰਾ ਹੈ।" (***ਔਚਿਤਯ ਵਿਚਾਰ ਚਰਚਾ*** 66)

ਉਪਰੋਕਤ 'ਵਿਸ਼ੇਸ਼ਣ ਸੰਬੰਧੀ ਔਚਿਤਯ' ਨਾਲ ਸੰਬੰਧਿਤ ਕਸ਼ੇਮੇਂਦ੍ਰ ਦੇ ਸ਼ਲੋਕ ਵਿਚ 'ਥੋੜ੍ਹਚਿਰਾ' ਵਿਸ਼ੇਸ਼ਣ ਸ਼ਬਦ ਨਾਲ ਜੀਵਨ ਦੇ ਵੈਰਾਗ ਨੂੰ ਨਿਵੇਕਲੇ ਢੰਗ ਨਾਲ ਪ੍ਰਸਤੁਤ ਕਰਨ ਦਾ ਵਿਲੱਖਣ ਉਪਰਾਲਾ ਕੀਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਦੇ ਅਰਥ ਨੂੰ ਵਧੇਰੇ ਸਰਲ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਆਪਣੀ ਗੁਰਬਾਣੀ ਵਿਚ ਬੇਅੰਤ, ਊਚ, ਕਉਰਾ, ਮੀਠੀ, ਸਾਚੁ, ਅਮੁਲ, ਸਾਬਤੁ, ਖਆਰੁ, ਥਿਰ, ਧਨ, ਪਰਗਾਸੁ, ਪਰਗਟੁ, ਪਰਵਾਣੁ, ਪਵਿਤੁ, ਬਹੁਤੁ, ਮੁਕਤੁ ਆਦਿ ਵਿਸ਼ੇਸ਼ਣ ਸ਼ਬਦਾਂ ਦੀ ਵਰਤੋਂ ਕੀਤੀ ਹੈ। ਗੁਰੂ ਜੀ ਦੀ ਗੁਰਬਾਣੀ ਵਿਚੋਂ 'ਵਿਸ਼ੇਸ਼ਣ ਸੰਬੰਧੀ ਔਚਿਤਯ' ਨਾਲ ਸੰਬੰਧਿਤ ਕੁਝ ਕੁ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਗੁਣ ਬੇਅੰਤ ਪ੍ਰਭ ਗਹਿਰ ਗੰਭੀਰੇ॥

ਊਚ ਮਹਲ ਸੁਆਮੀ ਪ੍ਰਭ ਮੇਰੇ॥ (805)

ਓਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਦੇ ਅਰਥ ਨੂੰ ਵਧੇਰੇ ਸਪੱਸ਼ਟ ਕਰਨ ਲਈ 'ਬੇਅੰਤ' ਅਤੇ 'ਊਚ' ਵਿਸ਼ੇਸ਼ਣ ਸ਼ਬਦਾਂ ਦੀ ਵਰਤੋਂ ਕੀਤੀ ਹੈ। ਗੁਰੂ ਜੀ ਦੇ ਅਨੁਸਾਰ ਡੂੰਘੇ ਅਤੇ ਵੱਡੇ ਜਿਗਰੇ ਵਾਲੇ ਪ੍ਰਭੂ ਜਾਂ ਪਰਮਾਤਮਾ ਜੋ ਬੇਅੰਤ ਗੁਣਾਂ ਦੇ ਸੁਆਮੀ ਜਾਂ ਮਾਲਕ ਹਨ, ਜਿੰਨ੍ਹਾਂ ਦਾ ਬਹੁਤ ਉੱਚੇ ਆਤਮਕ ਮੰਡਲਾਂ (ਹਿਰਦਿਆਂ) ਵਿਚ ਵਾਸਾ ਹੈ। ਇੱਥੇ ਗੁਰੂ ਜੀ ਨੇ ਪਰਮਾਤਮਾ ਦੀ ਉਸਤਤਿ ਜਾਂ ਪ੍ਰਸ਼ੰਸ਼ਾ ਨੂੰ ਪ੍ਰਸਤੁਤ ਕਰਨ ਲਈ 'ਬੇਅੰਤ' ਅਤੇ 'ਊਚ' ਵਿਸ਼ੇਸ਼ਣ ਸ਼ਬਦਾਂ ਦੀ ਵਰਤੋਂ ਕੀਤੀ ਹੈ, ਤਾਂ ਜੋ ਸੰਕਲਪ ਜਾਂ ਭਾਵ ਦੇ ਅਰਥ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕੀਤਾ ਜਾ ਸਕੇ।

ਅੰਮ੍ਰਿਤ ਕਉਰਾ ਬਿਖਿਆ ਮੀਠੀ॥ (892)

ਓਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਦੇ ਅਰਥ ਨੂੰ ਵਧੇਰੇ ਸਪੱਸ਼ਟ ਕਰਨ ਲਈ 'ਕਉਰਾ' ਅਤੇ 'ਮੀਠੀ' ਵਿਸ਼ੇਸ਼ਣ ਸ਼ਬਦਾਂ ਦੀ ਵਰਤੋਂ ਕੀਤੀ ਹੈ। ਗੁਰੂ ਜੀ ਦੇ ਅਨੁਸਾਰ ਮਨੁਮਖ ਵਿਅਕਤੀ ਨੂੰ ਪਰਮਾਤਮਾ ਦੇ ਨਾਮ ਦਾ ਸਿਮਰਨ ਕੌੜਾ ਲੱਗਦਾ ਹੈ ਅਤੇ ਮੋਹ-ਮਾਇਆ (ਪੰਜ ਵਿਕਾਰ) ਚੰਗੇ ਲੱਗਦੇ ਹਨ। ਇੱਥੇ ਗੁਰੂ ਜੀ ਨੇ ਸੰਸਾਰ ਦੀ ਅਟੱਲ ਸੱਚਾਈ ਨੂੰ ਪ੍ਰਸਤੁਤ ਕਰਨ ਲਈ 'ਕਉਰਾ' ਅਤੇ 'ਮੀਠੀ' ਵਿਸ਼ੇਸ਼ਣ ਸ਼ਬਦਾਂ ਦੀ ਵਰਤੋਂ ਕੀਤੀ ਹੈ, ਤਾਂ ਜੋ ਸੰਕਲਪ ਜਾਂ ਭਾਵ ਦੇ ਅਰਥ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕੀਤਾ ਜਾ ਸਕੇ।

**ਉਪਸਰਗ ਸੰਬੰਧੀ ਔਚਿਤਯ:** ਸੰਸਕ੍ਰਿਤ ਭਾਸ਼ ਦੇ ਸ਼ਬਦ 'ਉਪਸਰਗ' ਲਈ ਪੰਜਾਬੀ ਭਾਸ਼ਾ ਵਿਚ 'ਅਗੇਤਰ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਉਪਸਰਗ ਜਾਂ ਅਗੇਤਰਾਂ ਦੀ ਵਰਤੋਂ ਨਾਲ ਉਸੇ ਤਰ੍ਹਾਂ ਲਾਭ ਹੁੰਦਾ ਹੈ, ਜਿਵੇਂ ਸ਼ੁਭ ਕੰਮ ਵਿਚ ਲਗਾਈ ਹੋਈ ਪੂੰਜੀ ਜਾਂ ਧਨ ਨਾਲ ਲਾਭ ਹੁੰਦਾ ਹੈ। ਜਦੋਂ ਕਵੀ ਕਵਿਤਾ ਜਾਂ ਕਾਵਿ ਦੇ ਸ਼ੁਰੂ ਵਿਚ ਵਿਸ਼ੇ ਨਾਲ ਸੰਬੰਧਿਤ ਅਜਿਹੇ ਸ਼ਬਦਾਂ ਦੀ ਵਰਤੋਂ ਕਰਦਾ ਹੈ, ਜਿਸ ਨਾਲ ਅਰਥ ਆਸਾਨੀ ਨਾਲ ਸਮਝ ਆ ਜਾਵੈ, ਤਾਂ ਉੱਥੇ 'ਉਪਸਰਗ ਸੰਬੰਧੀ ਔਚਿਤਯ' ਦੀ ਵਰਤੋਂ ਹੁੰਦੀ ਹੈ। 'ਉਪਸਰਗ ਸੰਬੰਧੀ

ਔਚਿਤਯਾ ਦੇ ਸੰਬੰਧ ਵਿਚ ਆਚਾਰੀਆ ਕਸ਼ੇਮੇਦ੍ਰ ਦੀ ਰਚਨਾ 'ਮੁਨਿਮਤ ਮੀਮਾਂਸਾ ਵਿਚੋਂ ਕਾਵਿ-ਬੰਦ ਜਾਂ ਸ਼ਲੋਕ ਹੇਠ ਲਿਖੇ ਅਨੁਸਾਰ ਹੈ:

> "ਕਿਸਮਤ ਉਲਟੀ ਹੋ ਜਾਣ ਤੇ ਜਦੋਂ ਵਿਅਕਤੀ ਸੁਖ ਦੇ ਉੱਚੇ ਸਿਖਰ ਤੋਂ ਹੇਠਾਂ ਡਿੱਗ ਜਾਂਦਾ ਹੈ ਤਾਂ ਉਹ ਅੱਗ ਵਿਚ ਪਿਘਲੇ ਹੋਏ ਲੋਹੇ ਵਾਂਗ ਸਖ਼ਤ ਕਰਮਸ਼ੀਲ ਬਣ ਜਾਂਦਾ ਹੈ। ਉਹ ਸਦਾਚਾਰ ਦਾ ਪਾਲਣ ਕਰਦਾ ਹੈ। ਅਭਿਮਾਨ ਛੱਡ ਕੇ ਵੈਰਾਗ ਲੈ ਲੈਂਦਾ ਹੈ। ਵਿਸ਼ਿਆਂ ਨਾਲ ਸੰਪਰਕ ਦੇ ਨਾ ਰਹਿਣ ਤੇ ਉਸ ਦਾ ਅਭਿਮਾਨ ਖਤਮ ਹੋ ਜਾਂਦਾ ਹੈ ਅਤੇ ਉਹ ਤਪ ਕਰਨਾ ਚਾਹੁੰਦਾ ਹੈ।" (***ਔਚਿਤਯ ਵਿਚਾਰ ਚਰਚਾ*** 69)

ਉਪਰੋਕਤ ਸ਼ਲੋਕ ਵਿਚ ਦੁਰਯੋਜਨ ਦਾ ਘੋਸ਼ ਯਾਤਰਾ ਕਰਨ ਸਮੇਂ ਗੰਧਰਵਾਂ ਰਾਹੀਂ ਬੰਨ੍ਹੇ ਜਾਣ ਦੇ ਕਾਰਣ ਉਸ ਦਾ ਸਾਰਾ ਅਭਿਮਾਨ ਦੂਰ ਹੋ ਜਾਂਦਾ ਹੈ। ਉਹ ਆਪਣੇ ਸਾਮਰਾਜ ਨੂੰ ਛੱਡ ਕੇ ਤਪ ਕਰਨ ਨੂੰ ਤਿਆਰ ਹੋ ਜਾਂਦਾ ਹੈ। ਇੱਥੇ ਇਸ ਸ਼ਲੋਕ ਦੇ ਸ਼ੁਰੂ ਵਿਚ 'ਕਿਸਮਤ ਉਲਟੀ' ਸ਼ਬਦਾਂ ਦੀ ਵਰਤੋਂ ਉਪਸਰਗ ਦੇ ਰੂਪ ਵਿਚ ਬਹੁਤ ਹੀ ਢੁਕਵੀਂ ਥਾਂ 'ਤੇ ਕੀਤੀ ਗਈ ਹੈ, ਕਿਉਂਕਿ ਇਥੇ 'ਕਿਸਮਤ ਉਲਟੀ' ਸ਼ਬਦਾਂ ਦੀ ਵਰਤੋਂ ਕਰਨ ਨਾਲ ਹੀ ਪੂਰੇ ਸ਼ਲੋਕ ਦਾ ਅਰਥ ਬਹੁਤ ਹੀ ਆਸਾਨੀ ਨਾਲ ਆਮ ਪਾਠਕਾਂ ਜਾਂ ਸਾਧਕਾਂ ਨੂੰ ਸਪੱਸ਼ਟ ਹੋ ਰਿਹਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਅਜਿਹੇ ਉਪਸਰਗਾਂ ਦੀ ਵਰਤੋਂ ਕੀਤੀ ਹੈ, ਜਿਸ ਨਾਲ ਗੁਰਬਾਣੀ ਵਿਚ ਵਰਤੇ ਗਏ ਸੰਕਲਪ ਜਾਂ ਭਾਵ ਦਾ ਅਰਥ ਆਮ ਪਾਠਕਾਂ ਨੂੰ ਬਹੁਤ ਹੀ ਆਸਾਨੀ ਨਾਲ ਸਮਝ ਆ ਸਕੇ। ਗੁਰੂ ਜੀ ਦੀ ਗੁਰਬਾਣੀ ਵਿਚੋਂ 'ਉਪਸਰਗ ਸੰਬੰਧੀ ਔਚਿਤਯ' ਨਾਲ ਸੰਬੰਧਿਤ ਕੁਝ ਕੁ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

> ਪੰਚ ਦੂਤ ਮੂਡ ਪਰਿ ਠਾਢ ਕੇਸ ਗਹੇ ਫੇਰਾਵਤ ਹੇ॥ (821)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਆਪਣੀ ਗੁਰਬਾਣੀ ਰਾਹੀਂ ਮੋਹ-ਮਾਇਆ ਵਿਚ ਫਸੇ ਹੋਏ ਅਗਿਆਨੀ ਲੋਕਾਂ ਨੂੰ ਇਹ ਸਮਝਾਉਂਦੇ ਹਨ ਕਿ ਪੰਜ ਵਿਕਾਰ ਜਾਂ ਵੈਰੀ (ਕਾਮ, ਕਰੋਧ, ਲੋਭ, ਮੋਹ,

ਹੰਕਾਰ) ਹਰ ਸਮੇਂ ਤੇਰੇ ਸਿਰ ਉੱਤੇ ਤੈਨੂੰ ਜ਼ਲੀਲ ਜਾਂ ਬਰਬਾਦ ਕਰਨ ਲਈ ਤਿਆਰ ਰਹਿੰਦੇ ਹਨ। ਗੁਰੂ ਜੀ ਅਨੁਸਾਰ ਕੇਵਲ ਪਰਮਾਤਮਾ ਜਾਂ ਪ੍ਰਭੂ ਦੇ ਨਾਮ-ਸਿਮਰਨ ਦੁਆਰਾ ਹੀ ਪੰਜ ਵਿਕਾਰਾਂ ਤੋਂ ਬਚਿਆ ਜਾ ਸਕਦਾ ਹੈ। ਇੱਥੇ ਗੁਰੂ ਜੀ ਨੇ ਵਾਕ ਦੇ ਸ਼ੁਰੂ ਵਿਚ ਹੀ 'ਪੰਚ ਦੂਤ' ਸ਼ਬਦਾਂ ਦੀ ਵਰਤੋਂ ਉਪਸਰਗ ਦੇ ਰੂਪ ਵਿਚ ਕੀਤੀ ਹੈ, ਜਿਸ ਨਾਲ ਪੂਰੇ ਵਾਕ ਦਾ ਅਰਥ ਆਸਾਨੀ ਨਾਲ ਸਮਝ ਆ ਰਿਹਾ ਹੈ।

ਕਉਡੀ ਬਦਲੇ ਰਤਨੁ ਤਿਆਗਹਿ॥ (195)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਆਪਣੀ ਗੁਰਬਾਣੀ ਰਾਹੀਂ ਮੋਹ-ਮਾਇਆ ਵਿਚ ਫਸੇ ਹੋਏ ਅਗਿਆਨੀ ਅਤੇ ਮਨਮੁਖ ਲੋਕਾਂ ਨੂੰ ਇਹ ਸਮਝਾਉਂਦੇ ਹਨ ਕਿ ਉਹ ਨਸ਼ਟਵਾਨ ਮਾਇਆ ਨੂੰ ਸਾਰੀ ਜਿੰਦਗੀ ਇਕੱਠਾ ਕਰਨ ਵਿਚ ਲੱਗੇ ਰਹਿੰਦੇ ਹਨ, ਜਿਸ ਦੇ ਬਦਲੇ ਉਹ ਬਹੁਤ ਹੀ ਕੀਮਤੀ (ਅਨਮੋਲ) ਮਨੁੱਖਾ ਜਨਮ ਗਵਾ ਲੈਂਦੇ ਹਨ। ਗੁਰੂ ਜੀ ਅਨੁਸਾਰ ਉਹ ਰਤਨ (ਪਰਮਾਤਮਾ ਦੇ ਨਾਮ ਦਾ ਸਿਮਰਨ) ਨੂੰ ਤਾਂ ਸੁੱਟ ਦਿੰਦੇ ਹਨ, ਪਰ ਨਸ਼ਟ ਹੋਣ ਵਾਲੀ ਧਨ-ਦੌਲਤ ਨੂੰ ਸਾਂਭਦੇ ਰਹਿੰਦੇ ਹਨ। ਇੱਥੇ ਗੁਰੂ ਜੀ ਨੇ ਵਾਕ ਦੇ ਸ਼ੁਰੂ ਵਿਚ ਹੀ 'ਕਉਡੀ' ਅਤੇ 'ਰਤਨੁ' ਸ਼ਬਦਾਂ ਦੀ ਵਰਤੋਂ ਉਪਸਰਗ ਦੇ ਰੂਪ ਵਿਚ ਕੀਤੀ ਹੈ, ਜਿਸ ਨਾਲ ਪੂਰੇ ਵਾਕ ਦਾ ਅਰਥ ਆਸਾਨੀ ਨਾਲ ਸਮਝ ਆ ਰਿਹਾ ਹੈ।

ਚਿਰੰਕਾਲ ਪਾਈ ਦ੍ਰੁਲਭ ਦੇਹ॥

ਨਾਮ ਬਿਹੂਣੀ ਹੋਈ ਖੇਹ॥ (890)

ਉਪਰੋਕਤ ਕਾਵਿ-ਪੰਕਤੀ ਰਾਹੀਂ ਗੁਰੂ ਅਰਜਨ ਦੇਵ ਜੀ ਜੀਵ ਨੂੰ ਦੁਰਲੱਭ ਅਤੇ ਕੀਮਤੀ ਮਨੁੱਖਾਂ ਜਨਮ ਦੀ ਮਹੱਤਤਾ ਬਾਰੇ ਦੱਸਦੇ ਹਨ ਕਿ ਬੜੇ ਹੀ ਚਿਰਾਂ (ਸਮੇਂ) ਪਿੱਛੋਂ ਅਤੇ ਬਹੁਤ ਹੀ ਮੁਸ਼ਕਿਲ ਨਾਲ ਇਸ ਮਨੁੱਖਾ ਸਰੀਰ ਦੀ ਪ੍ਰਾਪਤੀ ਜੀਵ ਨੂੰ ਹੁੰਦੀ ਹੈ, ਪਰ ਪਰਮਾਤਮਾ ਦੇ ਨਾਮ-ਸਿਮਰਨ ਤੋਂ ਬਿਨਾ ਇਹ ਸਰੀਰ ਮਿੱਟੀ ਜਾਂ ਖੇਹ ਦੇ ਸਮਾਨ ਹੋ ਜਾਂਦਾ ਹੈ। ਇੱਥੇ ਗੁਰੂ ਜੀ ਨੇ ਵਾਕ ਦੇ ਸ਼ੁਰੂ ਵਿਚ ਹੀ 'ਚਿਰੰਕਾਲ' ਸ਼ਬਦ ਦੀ ਵਰਤੋਂ ਉਪਸਰਗ ਦੇ ਰੂਪ ਵਿਚ ਕੀਤੀ ਹੈ, ਜਿਸ ਨਾਲ ਪੂਰੇ ਵਾਕ ਦਾ ਅਰਥ ਆਸਾਨੀ ਨਾਲ ਸਮਝ ਆ ਰਿਹਾ ਹੈ।

**ਨਿਪਾਤ ਸੰਬੰਧੀ ਔਚਿਤਯ:** ਜਿਵੇਂ ਚੰਗੇ ਅਤੇ ਸੂਝਵਾਨ ਮੰਤਰੀਆਂ ਦੀ ਨਿਯੁਕਤੀ ਨਾਲ ਕੋਸ਼ (ਖ਼ਜਾਨਾ) ਘੱਟਦਾ ਨਹੀਂ, ਸਗੋਂ ਵਾਧਾ ਹੁੰਦਾ ਹੈ, ਠੀਕ ਉਸੇ ਤਰ੍ਹਾਂ ਹੀ ਉਚਿੱਤ ਥਾਵਾਂ 'ਤੇ ਨਿਪਾਤਾਂ ਦੀ ਵਰਤੋਂ ਨਾਲ ਅਰਥ ਵਧੇਰੇ ਪ੍ਰਭਾਵਸ਼ਾਲੀ ਅਤੇ ਗ੍ਰਹਿਣਸ਼ੀਲ ਬਣ ਜਾਂਦਾ ਹੈ। 'ਨਿਪਾਤ', ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ, ਜਿਸ ਦੀ ਵਿਉਂਤਪਤੀ 'ਪਤਾ ਧਾਤੂ ਨਾਲ /ਨਿ/ ਅਗੇਤਰ ਲਾ ਕੇ ਹੋਈ ਹੈ। ਅੰਗਰੇਜੀ ਭਾਸ਼ਾ ਵਿਚ ਨਿਪਾਤ ਲਈ 'ਪਾਰਟੀਕਲ (Particle)' ਸ਼ਬਦ ਵਰਤਿਆ ਜਾਂਦਾ ਹੈ। ਜਿਹੜੇ ਸ਼ਬਦ ਕਿਸੇ ਵਿਆਕਰਨਕ ਸ਼ਬਦ ਸ੍ਰੇਣੀ (ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ, ਵਿਸਮਕ) ਵਿਚ ਨਹੀਂ ਆਉਂਦੇ, ਪਰ ਉਨ੍ਹਾਂ ਦੀ ਵਰਤੋਂ ਬਹੁਤ ਕੀਤੀ ਜਾਂਦੀ ਹੈ, ਅਜਿਹੇ ਸ਼ਬਦਾਂ ਨੂੰ ਨਿਪਾਤ (ਨਹੀਂ, ਆਹੋ, ਹੂੰ, ਹੀ, ਹਾਂ, ਨਾ, ਵੀ ਆਦਿ ) ਕਿਹਾ ਜਾਂਦਾ ਹੈ। 'ਨਿਪਾਤ ਸੰਬੰਧੀ ਔਚਿਤਯ' ਦੇ ਸੰਬੰਧ ਵਿਚ ਆਚਾਰੀਆ ਕਸ਼ੇਮੇਂਦ੍ਰ ਦੀ ਰਚਨਾ 'ਮੁਨਿਮਤ ਮੀਮਾਂਸਾ' ਵਿਚੋਂ ਕਾਵਿ-ਬੰਦ ਜਾਂ ਸ਼ਲੋਕ ਹੇਠ ਲਿਖੇ ਅਨੁਸਾਰ ਹੈ:

> "ਸਵਰਗ ਦੇ ਸੁੱਖ ਚਾਹੁਣ ਵਾਲੇ ਸਾਰੇ ਮੂਰਖ ਸੈਂਕੜੇ ਯੱਗ ਕਰਕੇ ਸਵਰਗ ਜਾਂਦੇ ਹਨ ਅਤੇ ਬਹੁਤ ਦਿਨਾਂ ਤਕ ਉੱਥੇ ਪੁੰਨ ਖਤਮ ਹੋ ਜਾਣ ਤੇ ਠੀਕ ਉਸੇ ਤਰ੍ਹਾਂ ਉੱਥੋਂ ਧਕੇਲ ਦਿੱਤੇ ਜਾਂਦੇ ਹਨ ਜਿਵੇਂ ਧਨ ਖਤਮ ਹੋ ਜਾਣ ਤੇ ਵੇਸ਼ਿਆਂ ਦੇ ਘਰ ਤੋਂ ਕਾਮੀ ਆਦਮੀ ਨੂੰ ਬਾਹਰ ਕੱਢ ਦਿੱਤਾ ਜਾਂਦਾ ਹੈ। ਇਸ ਲਈ ਹੇ ਮੂਰਖੋ ! ਮੋਖ ਸੁਖ ਦੀ ਹੀ ਕਾਮਨਾ ਜਾਂ ਇੱਛਾਂ ਕਰੋ ਜਿਹੜਾ ਸਤਿ ਵੀ ਹੈ ਅਤੇ ਨਿੱਤ ਵੀ।"
>
> (***ਔਚਿਤਯ ਵਿਚਾਰ ਚਰਚਾ*** 71)

ਉਪਰੋਕਤ ਸ਼ਲੋਕ ਵਿਚ ਆਚਾਰੀਆ ਕਸ਼ੇਮੇਂਦ੍ਰ ਨੇ ਸਵਰਗ ਦੇ ਸੁਖ ਨੂੰ ਵੇਸ਼ਿਆ ਦੇ ਭੋਗ ਵਾਂਗ ਅੰਤ ਵਿਚ ਨੀਰਸ ਤੇ ਚੰਚਲ ਦੱਸ ਕੇ ਮੋਖ ਸੁਖ (ਪੰਜ ਵਿਕਾਰਾਂ ਤੋਂ ਮੁਕਤੀ) ਨੂੰ ਨਿਰਸੰਦੇਹ ਅਤੇ ਨਿਸਚਿਤ ਰੂਪ ਵਿਚ ਸਥਿਰ ਦੱਸਿਆ ਹੈ। ਇੱਥੇ 'ਸਤਿ ਵੀ ਹੈ ਅਤੇ ਨਿੱਤ ਵੀ ਹੈ' (ਸਤਯੰ ਚ ਨਿਤਯੰ ਚ ਯਤ) ਸੰਸਕ੍ਰਿਤ ਭਾਸ਼ਾ ਵਿਚ ਵਰਤੇ ਗਏ 'ਚ' ਰੂਪ ਦੀ ਵਰਤੋਂ ਨਿਪਾਤ (ਯੋਜਕ) ਦੇ ਰੂਪ ਵਿਚ ਹੋਈ ਹੈ, ਜਿਸ ਨਾਲ ਭਾਵ ਜਾਂ ਸੰਕਲਪ ਵਧੇਰੇ ਦ੍ਰਿੜ ਹੋਇਆ ਹੈ। ਇਸ ਲਈ ਨਿਪਾਤ ਵਾਕ ਦੇ ਅਰਥ ਵਿਚ ਔਚਿਤਯ ਪੈਦਾ ਕਰਦਾ ਹੈ। ਵਰਤੋਂ ਦੇ ਪੱਖ ਤੋਂ ਪੰਜਾਬੀ ਭਾਸ਼ਾ ਵਿਚ ਮੁਕਤ ਨਿਪਾਤ (ਹਾਂ, ਨਾ, ਨਹੀਂ, ਤਾਂ, ਵੀ, ਹੀ, ਤੇ, ਵਾਹਵਾ, ਬੱਲੇ,

ਵੇਖੀਂ, ਹਾਏ ਆਦਿ), ਬੰਧੇਜੀ ਨਿਪਾਤ (ਮੁੱਠ ਭਰ, ਘੜੀ ਕੁ, ਵੇਖੋ ਨਾ, ਦੱਸੋ ਨਾ, ਵਿਖਾਓ ਨਾ, ਤੜਕਸਾਰ, ਸਵੇਰ ਸਾਰ ਆਦਿ) ਅਤੇ ਸੰਯੁਕਤ ਨਿਪਾਤ (ਹੀ ਨਹੀਂ, ਹੈ ਤਾਂ, ਖਾ ਜਰਾ, ਖਾ ਭਲਾ) ਪਾਏ ਜਾਂਦੇ ਹਨ। ਅਰਥ ਦੇ ਪੱਖ ਤੋਂ ਪੰਜਾਬੀ ਵਿਚ ਵਿਸਮਿਕ ਨਿਪਾਤ (ਸ਼ਾਬਾਸ਼, ਹਾਏ, ਵਾਹ, ਹੈਂ ਆਦਿ), ਵਿਸ਼ੇਸ਼ਣੀ ਨਿਪਾਤ (ਨਿੱਕਾ ਜਿਹਾ, ਜਰਾ ਕੁ ਆਦਿ), ਬਲਵਾਚੀ ਨਿਪਾਤ (ਹੀ, ਈ, ਤੇ, ਭੀ, ਤਾ, ਜੁ, ਹੈ ਆਦਿ), ਨਾਂਹਵਾਚੀ ਨਿਪਾਤ (ਨਾ, ਨਹੀਂ, ਨਹੀਓ ਆਦਿ) ਅਤੇ ਪ੍ਰਸ਼ਨਵਾਚੀ ਨਿਪਾਤ (ਕੀ, ਕੈਸੇ, ਕਿਉਂ) ਪਾਏ ਜਾਂਦੇ ਹਨ। ਗੁਰੂ ਅਰਜਨ ਦੇਵ ਜੀ ਨੇ ਆਪਣੇ ਵਿਸ਼ੇ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਨਿਪਾਤਾਂ ਦੀ ਵਰਤੋਂ ਵੀ ਕੀਤੀ ਹੈ, ਜਿਨ੍ਹਾਂ ਵਿਚੋਂ ਕੁਝ ਕੁ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਪ੍ਰਭ ਕਾ ਸਿਮਰਨ ਸਭ ਤੇ ਊਚਾ॥ (262)

'ਤੇ' - ਨਿਪਾਤ ਸ਼ਬਦ।

ਅਨਿਕ ਪੁਨਹ ਚਰਨ ਕਰਤ ਨਹੀ ਤਰੈ॥ (264)

'ਨਹੀ' - ਨਿਪਾਤ ਸ਼ਬਦ।

ਅਨਿਕ ਮਾਇਆ ਰੰਗ ਤਿਖ ਨਾ ਬੁਝਾਵੈ॥ (264)

'ਨਾ' - ਨਿਪਾਤ ਸ਼ਬਦ।

ਤਉ ਭੀ ਹਉਮੈ ਮੈਲੁ ਨ ਜਾਵੈ॥ (265)

'ਭੀ' - ਨਿਪਾਤ ਸ਼ਬਦ।

ਨਾਨਕ ਤਾ ਕੈ ਬਲਿ ਬਲਿ ਜਾਸਾ॥ (265)

'ਤਾ' - ਨਿਪਾਤ ਸ਼ਬਦ।

ਗਲਿ ਪਾਥਰ ਕੈਸੇ ਤਰੈ ਅਥਾਹ॥ (265)

'ਕੈਸੇ' - ਨਿਪਾਤ ਸ਼ਬਦ।

**ਪ੍ਰਬੰਧ-ਅਰਥ ਸੰਬੰਧੀ ਔਚਿਤਯ:** ਜਿਵੇਂ ਚੰਗੇ ਉੱਚ ਗੁਣਾਂ ਨਾਲ ਕੋਈ ਵੀ ਭਲਾ ਮਨੁੱਖ ਇਸ ਜਗਤ ਵਿਚ ਸ਼ੋਭਾ ਪ੍ਰਾਪਤ ਕਰ ਸਕਦਾ ਹੈ, ਠੀਕ ਉਸੇ ਹੀ ਤਰ੍ਹਾਂ ਜਦੋਂ ਕਵਿਤਾ ਵਿਚਲੇ ਵਿਸ਼ੇ (ਭਾਵ ਜਾਂ ਸੰਕਲਪ) ਨੂੰ ਕਵੀ ਆਪਣੇ ਵਿਲੱਖਣ ਜਾਂ ਨਿਵੇਕਲੇ ਢੰਗ ਨਾਲ ਪ੍ਰਸਤੁਤ ਕਰਦਾ ਹੈ ਤਾਂ ਕਵਿਤਾ ਜਾਂ ਕਾਵਿ ਦੀ ਸ਼ੋਭਾ ਵਿਚ ਵਾਧਾ ਹੋ ਜਾਂਦਾ ਹੈ। ਕਈ ਵਾਰ ਕਵੀ ਆਪਣੀ ਵਿਲੱਖਣ ਪ੍ਰਤਿਭਾ ਰਾਹੀਂ ਕਵਿਤਾ ਵਿਚ ਅਜਿਹੇ ਉਚਿਤ ਅਰਥਾਂ ਦਾ ਕਲਪਨਾ ਸ਼ਕਤੀ ਰਾਹੀਂ ਵਰਨਣ ਕਰ ਦਿੰਦਾ ਹੈ ਕਿ ਕਵਿਤਾ ਦੇ ਅਰਥਾਂ ਰਾਹੀਂ ਇਕ ਵਿਸ਼ੇਸ਼ ਚਮਤਕਾਰ ਪ੍ਰਗਟ ਹੋਣ ਲੱਗ ਪੈਂਦਾ ਹੈ, ਤਾਂ ਉੱਥੇ ਪ੍ਰਬੰਧ-ਅਰਥ ਸੰਬੰਧੀ ਔਚਿਤਯ ਹੁੰਦਾ ਹੈ। 'ਪ੍ਰਬੰਧ-ਅਰਥ ਸੰਬੰਧੀ ਔਚਿਤਯ' ਦੇ ਸੰਬੰਧ ਵਿਚ ਮਹਾਂਕਵੀ ਕਾਲੀਦਾਸ ਦੀ ਰਚਨਾ 'ਮੇਘਦੂਤ' ਵਿਚੋਂ ਕਾਵਿ-ਬੰਦ ਜਾਂ ਸ਼ਲੋਕ ਹੇਠ ਲਿਖੇ ਅਨੁਸਾਰ ਹੈ:

> "ਹੇ ਮੇਘ ! ਪੁਸ਼ਕਰ ਤੇ ਆਵਰਤਕ ਨਾਂ ਦੇ ਮਹਾਂ ਮੇਘਾਂ ਦੇ ਵੱਡੇ ਖਾਨਦਾਨ ਵਿਚ ਉਤਪੰਨ, ਦੇਵਰਾਜ ਇੰਦ੍ਰ ਦੇ ਮੁਖੀ ਵਿਅਕਤੀ ਪ੍ਰਕ੍ਰਿਤੀ ਦੇ ਪੁਰਸ਼ ਅਤੇ ਆਪਣੀ ਇੱਛਾ ਅਨੁਸਾਰ ਰੂਪ ਧਾਰਨ ਕਰਨ ਵਾਲੇ ਤੈਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਇਸੇ ਲਈ ਮੈਂ ਕਿਸਮਤ ਦਾ ਮਾਰਿਆ ਆਪਣੀ ਪਿਆਰੀ ਦੇ ਵਿਯੋਗ ਤੋਂ ਉਤਪੰਨ ਪੀੜ ਨੂੰ ਪ੍ਰਾਪਤ ਕਰਕੇ ਤੇਰੇ ਰਾਹੀਂ ਆਪਣਾ ਸੁਨੇਹਾ ਭੇਜਣ ਦੀ ਯਾਚਨਾ (ਬੇਨਤੀ) ਕਰਦਾ ਹਾਂ, ਕਿਉਂਕਿ ਕਿਹਾ ਜਾਂਦਾ ਹੈ ਕਿ ਨੀਚ ਮਨੁੱਖ ਅੱਗੇ ਕੀਤੀ ਗਈ ਯਾਚਨਾ ਭਾਵੇਂ ਪੂਰੀ ਵੀ ਹੋ ਜਾਏ, ਬਿਲਕੁਲ ਚੰਗਾ ਨਹੀਂ ਲੱਗਦਾ ਪਰ ਭਲੇ ਮਨੁੱਖ ਅੱਗੇ ਕੀਤੀ ਯਾਚਨਾ ਭਾਵੇਂ ਪੂਰੀ ਨਾ ਵੀ ਹੋਵੇ ਪਰ ਉਸ ਨਾਲੋਂ ਕਿਤੇ ਚੰਗੀ ਹੁੰਦੀ ਹੈ।" (***ਔਚਿਤਯ ਵਿਚਾਰ ਚਰਚਾ*** 14)

ਉਪਰੋਕਤ ਸ਼ਲੋਕ ਵਿਚ ਅਚੇਤਨ ਵਿਚ ਚੇਤਨਤਾ ਦਾ ਆਰੋਪ ਕਰਕੇ ਮੇਘ ਦੀ ਦੂਤ ਬਣਨ ਦੀ ਯੋਗਤਾ ਨੂੰ ਸਿੱਧ ਕਰਨ ਲਈ ਕੁਲ ਅਤੇ ਵਿਅਕਤੀਗਤ ਸੰਬੰਧੀ ਜਿਹੜੇ ਗੁਣਾਂ ਦਾ ਵਰਨਣ ਕੀਤਾ ਗਿਆ ਹੈ, ਉਸ ਨਾਲ

ਕਲਪਿਤ ਇਤਿਹਾਸ ਵੀ ਤਰਕ-ਸੰਗਤ ਜਾਪਣ ਲਗ ਪੈਂਦਾ ਹੈ। ਇੱਥੇ 'ਪ੍ਰਬੰਧ-ਅਰਥ ਸੰਬੰਧੀ ਔਚਿਤਯ' ਦੀ ਵਰਤੋਂ ਕਰਨ ਨਾਲ ਸੰਪੂਰਨ ਅਰਥ ਬਹੁਤ ਹੀ ਆਸਾਨੀ ਨਾਲ ਚਮਤਕਾਰੀ ਢੰਗ ਨਾਲ ਸਪੱਸ਼ਟ ਹੋ ਰਿਹਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚਲੇ ਵਿਸ਼ੇ ਦੇ ਅਰਥ ਨੂੰ ਵਧੇਰੇ ਸਰਲ, ਸਪੱਸ਼ਟ ਅਤੇ ਚਮਤਕਾਰੀ ਬਣਾਉਣ ਲਈ 'ਪ੍ਰਬੰਧ-ਅਰਥ ਸੰਬੰਧੀ ਔਚਿਤਯ' ਦੀ ਵਰਤੋਂ ਕੀਤੀ ਹੈ। ਪ੍ਰਬੰਧ-ਅਰਥ ਸੰਬੰਧੀ ਔਚਿਤਯ ਵਿਚ ਗੁਰੂ ਜੀ ਨੇ ਸਮੁੱਚੀ ਮਨੁੱਖਤਾ ਨੂੰ ਲੋਕ (ਚੇਤਨ) ਅਤੇ ਪਰਲੋਕ (ਅਚੇਤਨ) ਨੂੰ ਸਫਲ ਬਣਾਉਣ ਲਈ, ਪਰਮਾਤਮਾ ਦੇ ਨਾਮ ਨੂੰ ਦ੍ਰਿੜ ਕਰਵਾਉਣ ਲਈ ਕਲਪਨਾ ਸ਼ਕਤੀ ਦਾ ਸਹਾਰਾ ਲਿਆ ਹੈ, ਜਿਸ ਵਿਚੋਂ ਕੁਝ ਕੁ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਅੰਤਰਿ ਅਗਨਿ ਬਾਹਰਿ ਤਨੁ ਸੁਆਹ॥

ਗਲਿ ਪਾਥਰ ਕੈਸੇ ਤਰੈ ਅਥਾਹ॥ (266)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਮਾਇਆਧਾਰੀ ਮਨੁੱਖ ਦੀ ਆਲੋਚਨਾ ਕਰਦੇ ਹੋਏ ਦੱਸਦੇ ਹਨ ਕਿ ਮਨੁੱਖ ਦੇ ਮਨ ਅੰਦਰ ਤ੍ਰਿਸ਼ਨਾ ਦੀ ਅੱਗ ਹੈ ਅਤੇ ਬਾਹਰ ਲੋਕ ਵਿਖਾਵੇ ਲਈ ਉਸ ਨੇ ਸਾਧੂ ਜਾਂ ਜੋਗੀ (ਸਰੀਰ 'ਤੇ ਸੁਆਹ ਮਲ ਕੇ) ਦਾ ਭੇਸ ਧਾਰਨ ਕੀਤਾ ਹੋਇਆ ਹੈ। ਇੱਥੇ ਗੁਰੂ ਜੀ ਆਪਣੇ ਭਾਵ ਜਾਂ ਸੰਕਲਪ ਨੂੰ ਵਧੇਰੇ ਸਪੱਸ਼ਟ ਕਰਨ ਲਈ ਦੱਸਦੇ ਹਨ ਕਿ ਜੇਕਰ ਗਲ ਵਿਚ ਵਿਕਾਰਾਂ ਰੂਪੀ ਪੱਥਰ ਹੋਣ ਤਾਂ ਸੰਸਾਰ ਰੂਪੀ ਸਮੁੰਦਰ ਨੂੰ ਜੀਵ ਕਿਵੇਂ ਪਾਰ ਕਰ ਸਕਦਾ ਹੈ? ਇੱਥੇ ਗੁਰੂ ਜੀ ਨੇ ਗੁਰਬਾਣੀ ਵਿਚਲੇ ਅਰਥ ਨੂੰ ਵਧੇਰੇ ਸਰਲ, ਸਪੱਸ਼ਟ ਅਤੇ ਗ੍ਰਹਿਣਯੋਗ ਬਣਾਉਣ ਲਈ ਪ੍ਰਬੰਧ-ਅਰਥ ਸੰਬੰਧੀ ਔਚਿਤਯ ਦੀ ਵਰਤੋਂ ਕੀਤੀ ਹੈ।

**ਗੁਣ ਸੰਬੰਧੀ ਔਚਿਤਯ:** ਜਿਵੇਂ ਪ੍ਰੇਮਿਕਾ ਦੇ ਮਿਲਣ ਜਾਂ ਸੰਗਮ ਸਮੇਂ ਅਸਮਾਨ ਵਿਚ ਚੜ੍ਹਿਆ ਚੰਦ੍ਰਮਾਂ ਚਾਰ ਚੰਨ ਲਾ ਦਿੰਦਾ ਹੈ, ਠੀਕ ਉਸੇ ਤਰ੍ਹਾਂ ਕਵਿਤਾ ਵਿਚ ਪ੍ਰਸਤੁਤ ਜਾਂ ਵਰਨਣ ਕੀਤੇ ਜਾ ਰਹੇ ਵਿਸ਼ੇ ਦੇ ਅਨੁਕੂਲ ਮਧੁਰਤਾ, ਓਜ, ਪ੍ਰਸਾਦ ਆਦਿ ਗੁਣ ਕਵਿਤਾ ਵਿਚ ਆਨੰਦ ਪੈਦਾ ਕਰਦੇ ਹਨ। ਉਚਿਤ ਗੁਣਾਂ ਦੇ ਅਭਾਵ

ਵਿਚ ਕਵਿਤਾ ਦੀ ਸ਼ੋਭਾ ਇਸ ਤਰ੍ਹਾਂ ਧੀਮੀ ਪੈ ਜਾਂਦੀ ਹੈ ਜਿਵੇਂ ਗਰੀਬ ਦੇ ਘਰ ਵਿਚ ਤੇਲ ਤੋਂ ਬਿਨ੍ਹਾਂ ਦੀਵੇ ਦੀ ਲਾਟ। 'ਗੁਣ ਸੰਬੰਧੀ ਔਚਿਤਯਾ ਦੇ ਸੰਬੰਧ ਵਿਚ ਬਾਣ ਭੱਟ ਦੀ ਰਚਨਾ ਵਿਚੋਂ ਕਾਵਿ-ਬੰਦ ਜਾਂ ਸ਼ਲੋਕ ਹੇਠ ਲਿਖੇ ਅਨੁਸਾਰ ਹੈ:

> "ਫੁੱਲਾਂ ਜਾਂ ਮੋਤੀਆਂ ਦਾ ਹਾਰ, ਭਿੱਜੇ ਹੋਏ ਕੱਪੜੇ, ਤਰੇਲ ਅਤੇ ਚੰਦ੍ਰਮਾਂ ਦੀਆਂ ਕਿਰਨਾਂ, ਠੰਡਾ ਚੰਦਨ ਆਦਿ ਜਿਸ (ਕਾਮ ਅੱਗ) ਲਈ ਬਾਲਣ ਦਾ ਕੰਮ ਕਰਨ, ਉਹ ਅੱਗ ਇੰਨ੍ਹਾਂ ਸਾਧਨਾਂ ਨਾਲ ਕਿਵੇਂ ਸ਼ਾਂਤ ਹੋ ਸਕਦੀ ਹੈ?" (***ਔਚਿਤਯ ਵਿਚਾਰ ਚਰਚਾ*** 18)

ਉਪਰੋਕਤ ਸ਼ਲੋਕ ਵਿਚ ਬਾਣ ਭੱਟ ਨੇ ਕਾਦੰਬਰੀ ਦੀ ਬਿਰਹੋਂ ਅਵਸਥਾ ਦਾ ਵਰਨਣ ਪ੍ਰਸਤੁਤ ਕੀਤਾ ਹੈ। ਇੱਥੇ ਬਾਣ ਭੱਟ ਨੇ ਠੰਡਕ ਪਹੁੰਚਾਉਣ ਵਾਲੇ (ਫੁੱਲਾਂ ਜਾਂ ਮੋਤੀਆਂ ਦਾ ਹਾਰ, ਭਿੱਜੇ ਹੋਏ ਕੱਪੜੇ, ਚੰਦ੍ਰਮਾਂ ਦੀਆਂ ਕਿਰਨਾਂ, ਠੰਡਾ ਚੰਦਨ) ਸਾਧਨਾਂ ਰਾਹੀਂ ਜਿਹੜੀ ਕਾਮ ਅੱਗ ਨੂੰ ਸ਼ਾਂਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ, ਉਹ ਬਹੁਤ ਹੀ ਅਸੰਭਵ ਗੱਲ ਜਾਪਦੀ ਹੈ ਕਿਉਂਕਿ ਇਹ ਦੁਨਿਆਵੀ ਸੰਤਾਪ ਨੂੰ ਹੀ ਸ਼ਾਂਤ ਕਰਦੇ ਹਨ, ਪਰੰਤੂ ਕਾਮ ਅੱਗ ਨੂੰ ਤਾਂ ਇਹ ਵਧਾਉਂਦੇ ਹਨ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਮਧੁਰਤਾ, ਸੁਕੁਮਾਰਤਾ, ਕੋਮਲ ਵਰਣ, ਸ਼ਬਦਾਂ ਦਾ ਦੁਹਰਾਅ, ਰਾਗਬੱਧਤਾ, ਵਿਅੰਗਮਈ ਸ਼ੈਲੀ, ਰਸ, ਅਲੰਕਾਰ, ਓਜ ਆਦਿ ਗੁਣ ਪਾਏ ਜਾਂਦੇ ਹਨ, ਜਿੰਨ੍ਹਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

> ਜੇ ਤੂੰ ਮਿਤ੍ਰ ਅਸਾਡੜਾ ਹਿਕ ਭੋਰੀ ਨਾ ਵੇਛੋੜਿ॥
>
> ਜੀਉ ਮਹਿੰਜਾ ਤਉ ਮੋਹਿਆ ਕਦਿ ਪਸੀ ਜਾਨੀ ਤੋਹਿ॥ (1094)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਉਸ ਪਰਮ ਪਰਮਾਤਮਾ ਜਾਂ ਪ੍ਰਭੂ ਨੂੰ ਸੰਬੋਧਨ ਕਰਦੇ ਹੋਏ ਦੱਸਦੇ ਹਨ ਕਿ ਜੇ ਤੂੰ ਮੇਰਾ ਮਿੱਤਰ ਜਾਂ ਦੋਸਤ ਹੈਂ ਤਾਂ ਮੈਨੂੰ ਇਕ ਪਲ ਜਾਂ ਰਤਾ ਭਰ ਵੀ ਆਪਣੇ ਨਾਲੋਂ ਨਾ ਵਿਛੋੜ ਕਿਉਂਕਿ ਮੇਰੀ ਜਿੰਦ ਤਾਂ ਹੁਣ ਕੇਵਲ ਤੈਨੂੰ (ਪਰਮਾਤਮਾ) ਮਿਲਣ ਦੀ ਤਾਂਘ ਵਿਚ ਲੱਗੀ ਰਹਿੰਦੀ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਵਿਚਾਰ ਨੂੰ ਆਮ ਪਾਠਕਾਂ ਦੇ ਸਾਹਮਣੇ ਪ੍ਰਸਤੁਤ

ਕਰਨ ਲਈ ਸੰਬੋਧਨੀ ਅਤੇ ਮਧੁਰ ਸ਼ੈਲੀ ਦੀ ਵਰਤੋਂ ਕੀਤੀ ਹੈ। ਇੱਥੇ ਗੁਰੂ ਜੀ ਨੇ ਅਜਿਹੀ ਮਧੁਰ ਸ਼ੈਲੀ ਵਰਤੀ ਹੈ, ਜਿਸ ਨੂੰ ਪੜ੍ਹਣ ਜਾਂ ਸੁਣਨ ਨਾਲ ਆਮ ਪਾਠਕ ਦਾ ਮਨ ਵੀ ਪਿਘਲਣ ਲੱਗਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 31 ਰਾਗਾਂ (ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲੁ, ਗੋਂਡ, ਰਾਮਕਲੀ, ਨਟ ਨਾਰਾਇਣ, ਮਾਲੀਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਣ, ਪ੍ਰਭਾਤੀ ਅਤੇ ਜੈਜਾਵੰਤੀ) ਦੀ ਵਰਤੋਂ ਸਾਨੂੰ ਗੁਰਬਾਣੀ ਦੇ ਅਰਥਾਂ ਨੂੰ ਸਹੀ ਸੰਦਰਭ ਵਿਚ ਸਮਝਣ ਅਤੇ ਸਹੀ ਪਰਿਪੇਖ ਵਿਚ ਪ੍ਰਸਤੁਤ ਕਰਨ ਵਿਚ ਸਹਾਇਤਾ ਕਰਦੀ ਹੈ। ਗੁਰੂ ਅਰਜਨ ਦੇਵ ਜੀ ਨੇ 31 ਰਾਗਾਂ ਵਿਚੋਂ 30 ਰਾਗਾਂ ਦੀ ਵਰਤੋਂ ਕੀਤੀ ਹੈ, ਜਿੰਨ੍ਹਾਂ ਵਿਚੋਂ ਕੁਝ ਰਾਗਾਂ ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

**ਸਿਰੀ ਰਾਗੁ**

ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ॥

ਧੰਧਾ ਸਭੁ ਜਲਾਇ ਕੈ ਗੁਰਿ ਨਾਮੁ ਦੀਆ ਸਚੁ ਸੁਆਉ॥ (43)

**ਮਾਝ ਰਾਗੁ**

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥

ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ॥ (103)

**ਗਉੜੀ ਰਾਗ**

ਗੁਨ ਕੀਰਤਿ ਨਿਧਿ ਮੋਰੀ॥੧॥ਰਹਾਉ॥

ਤੂੰ ਹੀ ਰਸ ਤੂੰ ਹੀ ਜਸ ਤੂੰ ਹੀ ਰੂਪ ਤੂੰ ਹੀ ਰੰਗ॥ (213)

ਗੁਰੂ ਅਰਜਨ ਦੇਵ ਜੀ ਨੇ ਮਨਮੁਖ ਵਿਅਕਤੀ ਨੂੰ ਪੰਜ ਵਿਕਾਰਾਂ ਵਿਚੋਂ ਬਾਹਰ ਕੱਢਣ ਲਈ ਕਟਾਖਸ਼ ਭਾਵ ਵਿਅੰਗਮਈ ਸ਼ੈਲੀ ਦੀ ਵਰਤੋਂ ਕੀਤੀ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ ਵਿਅੰਗ ਨਾਲ ਸੰਬੰਧਿਤ ਪੰਕਤੀਆਂ ਹੇਠ ਲਿਖੇ ਅਨੁਸਾਰ ਹੈ:

> ਸੁਨਿ ਅੰਧਾ ਕੈਸੇ ਮਾਰਗੁ ਪਾਵੈ॥ ਕਰੁ ਗਹਿ ਲੇਹੁ ਓੜਿ ਨਿਬਹਾਵੈ॥
>
> ਕਹਾ ਬੁਝਾਰਤਿ ਬੂਝੈ ਡੋਰਾ॥ ਨਿਸਿ ਕਹੀਐ ਤਉ ਸਮਝੈ ਭੋਰਾ॥
>
> ਕਹਾ ਬਿਸਨਪਦ ਗਾਵੈ ਗੁੰਗ॥ ਜਤਨ ਕਰੈ ਤਉ ਭੀ ਸੁਰ ਭੰਗ॥
>
> ਕਹੁ ਪਿੰਗਲ ਪਰਬਤ ਪਰ ਭਵਨ॥ ਨਹੀ ਹੋਤ ਊਹਾ ਉਸੁ ਗਵਨ॥ (266)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਵਿਅੰਗਮਈ ਸ਼ੈਲੀ ਵਿਚ ਮਨਮੁਖ ਮਨੁੱਖ ਨੂੰ ਸਮਝਾਉਂਦੇ ਹਨ ਕਿ ਜਿਵੇਂ ਇਕ ਅੰਨ੍ਹੇ ਵਿਅਕਤੀ ਨੂੰ ਸਹੀ ਮਾਰਗ ਦੀ ਸੋਝੀ ਨਹੀਂ ਹੁੰਦੀ, ਪਰੰਤੂ ਜੇਕਰ ਉਸਦਾ ਹੱਥ ਪਕੜ ਲਿਆ ਜਾਵੇ ਤਾਂ ਉਹ ਆਪਣੀ ਮੰਜ਼ਿਲ ਤੇ ਪਹੁੰਚ ਸਕਦਾ ਹੈ। ਗੁਰੂ ਜੀ ਦੱਸਦੇ ਹਨ ਕਿ ਇਕ ਬੋਲਾ ਵਿਅਕਤੀ ਕੋਈ ਬੁਝਾਰਤ ਕਿਵੇਂ ਬੁਝ ਸਕਦਾ ਹੈ, ਇਕ ਗੁੰਗਾ ਕੋਈ ਰਾਗ ਕਿਵੇਂ ਅਲਾਪ ਸਕਦਾ ਹੈ, ਇਕ ਲੰਗੜਾ ਵਿਅਕਤੀ ਪਰਬਤਾਂ ਜਾਂ ਪਹਾੜਾਂ ਉੱਪਰ ਕਿਵੇਂ ਘੁੰਮ ਫਿਰ ਸਕਦਾ ਹੈ। ਗੁਰੂ ਜੀ ਦੇ ਅਨੁਸਾਰ ਅਧਿਆਤਮਕ ਮਾਰਗ ਉੱਪਰ ਚਲਣ ਵਾਲਾ ਵਿਅਕਤੀ ਉਤਨੀ ਦੇਰ ਅਪੰਗ ਹੈ, ਜਿਤਨੀ ਦੇਰ ਤਕ ਉਸ ਉੱਪਰ ਪਰਮਾਤਮਾ ਦੀ ਕਿਰਪਾ ਨਹੀਂ ਹੋ ਜਾਂਦੀ ਅਤੇ ਇਹ ਕਿਰਪਾ ਕੇਵਲ ਨਾਮ-ਸਿਮਰਨ ਦੁਆਰਾ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ।

**ਅਲੰਕਾਰ ਸੰਬੰਧੀ ਔਚਿਤਯ:** ਕਾਵਿ ਜਾਂ ਕਵਿਤਾ ਵਿਚ ਆਪਣੇ ਭਾਵ ਜਾਂ ਸੰਕਲਪ ਦੇ ਅਰਥ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਵਿਲੱਖਣ ਢੰਗ ਨਾਲ ਸਪੱਸ਼ਟ ਕਰਨ ਲਈ ਕਵੀ ਦੁਆਰਾ ਵਰਤੇ ਗਏ ਅਲੰਕਾਰ ਇਸ ਤਰ੍ਹਾਂ ਸ਼ੋਭਾ ਵਧਾਉਂਦੇ ਹਨ ਜਿਵੇਂ ਵੱਖ-ਵੱਖ ਗਹਿਣਿਆਂ ਨਾਲ ਕੋਈ ਵੀ ਸੁੰਦਰ ਇਸਤਰੀ ਸ਼ਿੰਗਾਰ ਕਰਦੀ ਹੈ।

'ਅਲੰਕਾਰ ਸੰਬੰਧੀ ਔਚਿਤਯਾ' ਦੇ ਸੰਬੰਧ ਵਿਚ ਮਹਾਂਕਵੀ ਚੰਦ੍ਰਕ ਦੀ ਰਚਨਾ ਵਿਚੋਂ ਕਾਵਿ-ਬੰਦ ਜਾਂ ਸ਼ਲੋਕ ਹੇਠ ਲਿਖੇ ਅਨੁਸਾਰ ਹੈ:

"ਯੁੱਧ ਵਿਚ ਮਰੇ ਹੋਏ ਪ੍ਰਾਣੀਆਂ ਦੀਆਂ ਆਂਤੜੀਆਂ, ਉੱਡਦੇ ਹੋਏ ਗਿੱਧਾਂ, ਇੱਲਾਂ, ਕਾਂਵਾਂ ਦੇ ਚੁੰਗਲਾਂ ਤੋਂ ਡਿੱਗ ਕੇ ਬਿਰਖਾਂ (ਰੁੱਖਾਂ) ਤੇ ਝੂਲੇ ਵਾਂਗ ਲਟਕ ਰਹੀਆਂ ਹਨ। ਦੂਜੇ ਪਾਸੇ ਮਾਸ ਖਾ ਕੇ, ਰੱਜੀ ਹੋਈ ਗਿੱਦੜੀ ਭੋਗ ਨਾਲ ਥੱਕੀ ਹੋਈ ਇਸਤਰੀ ਵਾਂਗ ਬੇਹੋਸ਼ ਪਈ ਸੌਂ ਰਹੀਂ ਹੈ, ਤੀਜੇ ਪਾਸੇ ਪਿਆਸਾ ਗਿੱਦੜ ਲਹੂ ਨਾਲ ਭਰੀਆਂ ਤਲਵਾਰਾਂ ਨੂੰ ਵਾਰ-ਵਾਰ ਚੱਟ ਰਿਹਾ ਹੈ ਅਤੇ ਕਿਸੇ ਪਾਸੇ ਮਰੇ ਹੋਏ ਹਾਥੀ ਦੀ ਸੁੰਡ ਨੂੰ ਬਿਲ (ਖੁੱਡ) ਸਮਝਦਿਆਂ ਹੋਇਆ ਇਹ ਸੱਪ ਅੰਦਰ ਵੜ ਰਿਹਾ ਹੈ।" (***ਔਚਿਤਯ ਵਿਚਾਰ ਚਰਚਾ*** 21)

ਉਪਰੋਕਤ ਸ਼ਲੋਕ ਵਿਚ ਮਹਾਂਕਵੀ ਚੰਦ੍ਰਕ ਨੇ ਭੋਗ ਨਾਲ ਥੱਕੀ ਹੋਈ ਇਸਤਰੀ ਨਾਲ ਮਨੁੱਖ ਦੇ ਮਾਸ ਨੂੰ ਖਾ ਕੇ ਰੱਜੀ ਹੋਈ ਗਿੱਦੜੀ ਨਾਲ ਸਮਾਨਤਾ ਵਿਖਾ ਕੇ ਉਪਮਾ ਅਲੰਕਾਰ ਦੀ ਵਰਤੋਂ ਕੀਤੀ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਵਧੇਰੇ ਸਪੱਸ਼ਟ ਕਰਨ ਲਈ ਵੱਖ-ਵੱਖ ਅਲੰਕਾਰਾਂ (ਸ਼ਬਦ ਅਲੰਕਾਰ, ਅਰਥ ਅਲੰਕਾਰ, ਸ਼ਬਦਾਰਥ ਅਲੰਕਾਰ) ਦੀ ਵਰਤੋਂ ਕੀਤੀ ਹੈ, ਜਿੰਨ੍ਹਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

ਸਤਿ ਸਤਿ ਸਤਿ ਪ੍ਰਭੁ ਸੁਆਮੀ॥ ਗੁਰਪ੍ਰਸਾਦਿ ਕਿਨੈ ਵਖਿਆਨੀ॥

ਸਚੁ ਸਚੁ ਸਚੁ ਸਭੁ ਕੀਨਾ॥ ਕੋਟਿ ਮਧੇ ਕਿਨੈ ਬਿਰਲੈ ਚੀਨਾ॥

ਭਲਾ ਭਲਾ ਭਲਾ ਤੇਰਾ ਰੂਪ॥ ਅਤਿ ਸੁੰਦਰ ਅਪਾਰ ਅਨੂਪ॥

ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ॥ ਘਟਿ ਘਟਿ ਸੁਨੀ ਸ੍ਰਵਨ ਬਖ੍ਯ਼ਾਣੀ॥

ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ॥ ਨਾਮੁ ਜਪੈ ਨਾਨਕ ਮਨਿ ਪ੍ਰੀਤਿ॥ (279)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ 'ਸਤਿ', 'ਸਚੁ', 'ਭਲਾ', 'ਨਿਰਮਲ', 'ਘਟਿ' ਅਤੇ 'ਪਵਿਤ੍ਰ' ਸ਼ਬਦਾਂ ਦਾ ਵਾਰ-ਵਾਰ ਦੁਹਰਾਅ ਸੰਗੀਤਕ ਸੁਰ ਅਤੇ ਲੈਅ ਪੈਦਾ ਕਰਨ ਲਈ ਕੀਤਾ ਗਿਆ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਅਨੁਪ੍ਰਾਸ ਅਲੰਕਾਰ (ਸ਼ਬਦ ਅਲੰਕਾਰ) ਦੀ ਵਰਤੋਂ ਕਵਿਤਾ ਵਿਚ ਸ਼ਬਦਾਂ ਰਾਹੀਂ ਚਮਤਕਾਰ ਪੈਦਾ ਕਰਨ, ਆਪਣੇ ਵਿਸ਼ੇ ਨੂੰ ਵਧੇਰੇ ਪ੍ਰਭਾਵਸ਼ਾਲੀ, ਸਰਲ ਅਤੇ ਗ੍ਰਹਿਣਯੋਗ ਬਣਾਉਣ ਲਈ ਕੀਤੀ ਹੈ। ਗੁਰੂ ਜੀ ਨੇ ਅਨੁਪ੍ਰਾਸ ਅਲੰਕਾਰ ਦੇ ਮਾਧਿਅਮ ਰਾਹੀਂ ਆਪਣੇ ਭਾਵ ਜਾਂ ਸੰਕਲਪ ਨੂੰ ਬਹੁਤ ਹੀ ਸਰਲ ਤਰੀਕੇ ਨਾਲ ਦ੍ਰਿੜ੍ਹ ਕੀਤਾ ਹੈ, ਕਿਉਂਕਿ ਸ਼ਬਦਾਂ ਦੇ ਦੁਹਰਾਅ ਨਾਲ ਅਰਥ ਬਹੁਤ ਹੀ ਆਸਾਨੀ ਨਾਲ ਸਪੱਸ਼ਟ ਹੋ ਜਾਂਦੇ ਹਨ ਜਿਵੇਂ 'ਸਤਿ' ਸ਼ਬਦ ਦੇ ਵਾਰ-ਵਾਰ ਦੁਹਰਾਅ ਨਾਲ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਸੰਸਾਰ ਵਿਚ ਕੇਵਲ ਪਰਮਾਤਮਾ ਹੀ ਸਦਾ ਕਾਇਮ ਰਹਿਣ ਵਾਲਾ ਹੈ ਬਾਕੀ ਸਭ ਨਸ਼ਟਵਾਨ ਪਦਾਰਥ ਹਨ। 'ਸਚੁ' ਸ਼ਬਦ ਦੇ ਵਾਰ-ਵਾਰ ਦੁਹਰਾਅ ਨਾਲ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਜੋ ਕੁਝ ਵੀ ਉਸ ਪਰਮਾਤਮਾ ਨੇ ਬਣਾਇਆ ਹੈ ਉਹ ਸੰਪੂਰਨ ਭਾਵ ਮੁਕੰਮਲ ਹੈ। 'ਭਲਾ' ਸ਼ਬਦ ਦੇ ਵਾਰ-ਵਾਰ ਦੁਹਰਾਅ ਨਾਲ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪ੍ਰਭੂ ਜਾਂ ਪਰਮਾਤਮਾ ਦਾ ਰੂਪ ਬਹੁਤ ਸੁੰਦਰ ਜਾਂ ਪਿਆਰਾ ਹੈ। 'ਨਿਰਮਲ' ਸ਼ਬਦ ਦੇ ਵਾਰ-ਵਾਰ ਦੁਹਰਾਅ ਨਾਲ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਪਰਮਾਤਮਾ ਦੀ ਬਾਣੀ ਸੁਣਨ ਨਾਲ ਮਨ ਨੂੰ ਸ਼ਾਂਤੀ ਅਤੇ ਮਿਠਾਸ ਮਿਲਦੀ ਹੈ। 'ਪਵਿਤ੍ਰ' ਸ਼ਬਦ ਦੇ ਦੁਹਰਾਅ ਨਾਲ ਇਹ ਭਾਵ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਪਰਮਾਤਮਾ ਦਾ ਨਾਮ-ਸਿਮਰਨ ਕਰਮ ਨਾਲ ਮਨ ਅਤੇ ਤਨ ਸ਼ੁੱਧ ਜਾਂ ਪਵਿੱਤਰ ਹੋ ਜਾਂਦਾ ਹੈ। ਇੱਥੇ ਗੁਰੂ ਜੀ ਨੇ ਪਰਮਾਤਮਾ ਜਾਂ ਪ੍ਰਭੂ ਦੇ ਨਾਮ ਦੇ ਭਾਵ ਨੂੰ ਦ੍ਰਿੜ੍ਹ ਕਰਨ ਲਈ ਸ਼ਬਦਾਂ ਜਾਂ ਅੱਖਰਾਂ ਦਾ ਦੁਹਰਾਅ ਵਾਰ-ਵਾਰ ਕੀਤਾ ਹੈ।

ਸੋ ਜੀਵਤ ਜਿਹਿ ਜੀਵਤ ਜਪਿਆ॥ (254)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨੇ ਯਮਕ ਅਲੰਕਾਰ ਦੀ ਵਰਤੋਂ ਕੀਤੀ ਹੈ, ਕਿਉਂਕਿ ਇੱਥੇ ਇਕੋ ਸ਼ਬਦ 'ਜੀਵਿਤ' ਨੂੰ ਵਾਰ-ਵਾਰ ਵਰਤਿਆ ਗਿਆ ਹੈ, ਪਰ ਹਰ ਵਾਰ ਅਰਥ ਵੱਖ-ਵੱਖ ਹੈ ਕਿਉਂਕਿ ਪਹਿਲੇ 'ਜੀਵਿਤ' ਦਾ ਅਰਥ ਹੈ ਜਿਉਂਦਾ ਅਤੇ ਦੂਜੇ 'ਜੀਵਿਤ' ਦਾ ਅਰਥ ਹੈ ਚੇਤੰਨ ਭਾਵ ਗੁਰੂ ਜੀ

ਦੇ ਅਨੁਸਾਰ ਜੋ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦੇ ਹਨ ਜਾਂ ਗੁਰੂ ਦੁਆਰਾ ਦੱਸੇ ਮਾਰਗ 'ਤੇ ਚਲਦੇ ਹਨ, ਉਹ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਤੋਂ ਮੁਕਤ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਇਹ ਸੋਝੀ ਆ ਜਾਂਦੀ ਹੈ ਕਿ ਇਹ ਸੰਸਾਰਿਕ ਧਨ-ਦੌਲਤ ਸਭ ਨਸ਼ਟਵਾਨ ਹੈ ਜਿਸ ਨੂੰ ਇੱਕਠੇ ਕਰਨ ਦਾ ਕੋਈ ਵੀ ਲਾਭ ਨਹੀਂ ਹੈ।

**ਰਸ ਸੰਬੰਧੀ ਔਚਿਤਯ**: ਜਿਵੇਂ ਬਸੰਤ ਰੁੱਤ ਵਿੱਚ ਅਸ਼ੋਕ ਦਰੱਖਤ ਦੀਆਂ ਟਹਿਣੀਆਂ ਵਿਚ ਨਵੇਂ-ਨਵੇਂ ਅੰਕੁਰ ਫੁੱਟ ਪੈਂਦੇ ਹਨ, ਠੀਕ ਉਸੇ ਤਰ੍ਹਾਂ ਹੀ ਵੱਖ-ਵੱਖ ਰਸ ਪਾਠਕਾਂ ਜਾਂ ਸਰੋਤਿਆਂ ਦੇ ਹਿਰਦਿਆਂ ਵਿਚ ਆਨੰਦ ਪੈਦਾ ਕਰਦੇ ਹਨ। 'ਰਸ ਸੰਬੰਧੀ ਔਚਿਤਯਾ ਦੇ ਸੰਬੰਧ ਵਿਚ ਮਹਾਂਕਵੀ ਸ੍ਰੀ ਹਰਸ਼ ਦੀ ਰਚਨਾ ਵਿਚੋਂ ਕਾਵਿ-ਬੰਦ ਜਾਂ ਸ਼ਲੋਕ ਹੇਠ ਲਿਖੇ ਅਨੁਸਾਰ ਹੈ:

> "ਇਸ ਵਾੜੀ ਦੀ ਵੇਲ ਦੀਆਂ ਕਲੀਆਂ ਵੱਧ ਕੇ ਉੱਪਰ ਨੂੰ ਆ ਗਈਆਂ ਹਨ। ਇਸ ਦੀ ਆਭਾ ਪੀਲੀ ਪੈ ਗਈ ਹੈ। ਉਬਾਸੀ ਲੈ ਕੇ ਲੰਮੇਂ ਸਾਹਾਂ ਨਾਲ ਮਾਨੋਂ ਖਿਣ ਭਰ ਲਈ ਇਹ ਆਪਣੀ ਥਕਾਣ ਨੂੰ ਪ੍ਰਗਟ ਕਰ ਰਹੀ ਹੈ। ਇਸ ਨੂੰ ਮੈਂ ਅੱਜ ਕਾਮ ਨਾਲ ਪੀੜਿਤ ਕਾਮਿਨੀ ਵਾਂਗ ਵੇਖਾਂਗਾ ਤਾਂ ਦੇਵੀ ਵਾਸਵਦੱਤਾ ਦਾ ਮੂੰਹ ਗੁੱਸੇ ਨਾਲ ਲਾਲ ਹੋ ਜਾਏਗਾ।" (***ਔਚਿਤਯ ਵਿਚਾਰ ਚਰਚਾ*** 25)

ਉਪਰੋਕਤ ਸ਼ਲੋਕ ਵਿਚ ਨਵੀਂ ਮਾਲਤੀ ਦੀ ਵੇਲ ਨੂੰ ਲਲਿਤ ਕਾਮਿਨੀ ਦੇ ਸਮਾਨ ਕਲਪਨਾ ਕਰਕੇ ਉਸ ਵਿਚੋਂ ਬਿਰਹੋਂ ਦੀ ਦਸ਼ਾ ਦਾ ਆਰੋਪ ਕੀਤਾ ਗਿਆ ਹੈ। ਇੱਥੇ ਉਪਮਾ ਅਲੰਕਾਰ ਰਾਹੀਂ ਸ਼੍ਰਿੰਗਾਰ ਰਸ ਦੀ ਕਲਪਨਾ ਕੀਤੀ ਗਈ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਵਧੇਰੇ ਸਪੱਸ਼ਟ ਕਰਨ ਲਈ ਅਤੇ ਪਾਠਕਾਂ ਦੇ ਮਨ ਅੰਦਰ ਆਨੰਦ ਪੈਦਾ ਕਰਨ ਲਈ ਵੱਖ-ਵੱਖ ਰਸਾਂ ਦੀ ਵਰਤੋਂ ਕੀਤੀ ਹੈ, ਜਿੰਨ੍ਹਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

> ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥
>
> ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ॥ (319)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਸ਼ਾਂਤ ਰਸ ਦੀ ਵਰਤੋਂ ਕੀਤੀ ਹੈ। ਸੰਬੋਧਨ ਦ੍ਰਿਸ਼ਟੀ ਤੋਂ ਇਹ ਕਾਵਿ-ਤੁਕਾਂ ਸਵੈ ਸੰਬੋਧਨ ਹੁੰਦੀਆਂ ਹੋਈਆਂ ਵੀ ਸੰਸਾਰੀ ਜੀਵ ਪ੍ਰਤੀ ਇਕ ਸ਼ਾਂਤਮਈ ਸੁਨੇਹਾ ਦਿੰਦੀਆਂ ਹਨ। ਅਚਰਜ ਰੂਪ, ਸੰਤਨ, ਨਾਮਹਿ ਰੰਗ ਆਦਿ ਸ਼ਬਦ ਪ੍ਰਭੂ ਭਗਤ ਦੇ ਹਿਰਦੇ ਵਿਚ ਅਲੋਕਿਕ ਖਿੜਾਓ ਤੇ ਸ਼ਾਂਤਮਈ ਮਾਹੌਲ ਪੈਦਾ ਕਰਦੇ ਹਨ। ਇਨ੍ਹਾਂ ਸ਼ਬਦਾਂ ਵਿਚੋਂ ਸ਼ਾਂਤ ਰਸ ਦੀ ਨਿੰਮੀ ਨਿੰਮੀ ਫੁਹਾਰ ਭਗਤ ਜਨਾਂ ਦੇ ਹਿਰਦੇ ਵਿਚ ਸਰੋਦੀ-ਹੂਕਾਂ ਪੈਦਾ ਕਰਦੀ ਹੈ। ਪਹੁ-ਫਟਾਲੇ ਦਾ ਸ਼ਾਂਤ ਵਾਤਾਵਰਣ, ਪਰਮਾਤਮਾ ਦਾ ਨਾਮ ਸਿਮਰਨ ਵਿਚ ਸਹਾਈ ਹੋ ਕੇ ਸਰੀਰ ਰੂਪੀ ਮੰਦਰ ਵਿਚ ਖੁਸ਼ੀਆਂ ਦਾ ਸੰਚਾਰ ਕਰਦਾ ਹੈ। ਅਜਿਹੇ ਵਾਤਾਵਰਣ ਵਿਚ ਭਗਤ ਪਰਮਾਤਮਾ ਨਾਲ ਪੂਰਨ-ਪ੍ਰੇਮ ਜਾਂ ਲਿਵ ਲਗਾਉਂਦਾ ਹੋਇਆ ਸ਼ਾਂਤੀ ਦੀ ਅਵਸਥਾ ਪ੍ਰਾਪਤ ਕਰਦਾ ਹੈ। ਇਸ ਤਰ੍ਹਾਂ ਕਲਪਨਾ, ਸੰਖੇਪਤਾ, ਸੰਗੀਤਕਤਾ ਦੀ ਸੋਹਜਾਤਮਕਤਾ ਦੁਆਰਾ ਸਰੋਦੀ ਅੰਸ਼ ਪੈਦਾ ਕਰਕੇ ਭਗਤੀ ਭਾਵ ਦੁਆਰਾ ਸ਼ਾਂਤ ਰਸ ਦੀ ਉਤਪਤੀ ਕੀਤੀ ਹੈ।

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਜਿੰਨਾ ਪਾਸਿ॥

ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ॥

ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ॥

ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ॥ (133)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਕਰੁਣਾ ਰਸ (ਸ਼ੋਕ ਭਾਵ) ਦੀ ਪ੍ਰਸਤੁਤੀ ਕਰਦੇ ਹੋਏ ਦੱਸਦੇ ਹਨ ਕਿ ਹਾੜ ਦਾ ਮਹੀਨਾ ਬਹੁਤ ਤਿੱਖੀ ਧੁੱਪ ਅਤੇ ਤੇਜ਼ ਗਰਮੀ ਵਾਲਾ ਹੋਣ ਕਰਕੇ ਉਨ੍ਹਾਂ ਆਭਾਗੀਆਂ ਜੀਵ ਰੂਪੀ ਇਸਤਰੀਆਂ ਨੂੰ ਤਪਾਉਂਦਾ ਹੈ, ਜਿਨ੍ਹਾਂ ਦੇ ਕੋਲ ਪਤੀ ਰੂਪੀ ਪਰਮਾਤਮਾ ਨਹੀ ਹੁੰਦਾ। ਅਜਿਹੀਆਂ ਇਸਤਰੀਆਂ ਗਰਮੀ ਅਤੇ ਵਿਛੋੜੇ ਦੇ ਦੋਹਰੇ ਸੇਕ ਵਿਚ ਤਪਦੀਆਂ ਹਨ। ਅਜਿਹੀਆਂ ਆਭਾਗੀਆਂ ਇਸਤਰੀਆਂ ਇਸ ਜਗਤ ਦੀ ਸਿਰਜਨਾ ਕਰਨ ਵਾਲੇ ਪਰਮਾਤਮਾ ਰੂਪੀ ਪਤੀ ਨੂੰ ਤਿਆਗ ਕੇ ਕਿਸੇ ਦੁਨਿਆਵੀ ਪੁਰਸ਼ ਤੋਂ ਸੁਖ ਦੀ ਝਾਕ ਰੱਖਦੀਆਂ ਹਨ। ਗੁਰੂ ਜੀ ਦੇ ਅਨੁਸਾਰ ਜਦੋਂ ਕੋਈ ਜੀਵ ਰੂਪੀ

ਇਸਤਰੀ ਪਰਮਾਤਮਾ ਰੂਪੀ ਪਤੀ ਨੂੰ ਤਿਆਗ ਦਿੰਦੀ ਹੈ ਤਾਂ ਉਸ ਦੇ ਗਲੇ ਵਿਚ ਜਮਾਂ ਦੀ ਫਾਹੀ ਲਾਜ਼ਮੀ ਤੌਰ ਤੇ ਪੈਦੀ ਹੈ। ਗੁਰੂ ਅਰਜਨ ਦੇਵ ਜੀ ਦੇ ਅਨੁਸਾਰ ਇਸ ਸੰਸਾਰ ਵਿਚ ਜੇਹਾ ਕੋਈ ਬੀਜਦਾ ਹੈ, ਤੇਹਾ ਹੀ ਉਸ ਨੂੰ ਵੱਢਣਾ ਜਾ ਕੱਟਣਾ ਪੈਂਦਾ ਹੈ ਅਤੇ ਉਸ ਨੂੰ ਆਪਣੇ ਮੱਥੇ ਉਤੇ ਲਿਖੇ ਹੋਏ ਲੇਖ ਭੋਗਣੇ ਹੀ ਪੈਂਦੇ ਹਨ। ਗੁਰੂ ਜੀ ਦੇ ਅਨੁਸਾਰ ਜਦੋਂ ਜੀਵਨ ਰੂਪੀ ਰਾਤ ਖ਼ਤਮ ਹੋ ਜਾਂਦੀ ਹੈ ਤਾਂ ਜੀਵ ਰੂਪੀ ਇਸਤਰੀ ਸ਼ੋਕ ਵਿਚ ਪਛਤਾਉਂਦੀ ਹੈ ਕਿ ਉਹ ਪਰਮਾਤਮਾ ਰੂਪੀ ਪਤੀ ਦਾ ਸੰਗ ਕਿਉਂ ਨਹੀ ਮਾਣ ਸਕੀ। ਗੁਰੂ ਜੀ ਅਨੁਸਾਰ ਹਾੜ ਦਾ ਮਹੀਨਾ ਕੇਵਲ ਉਨ੍ਹਾਂ ਜੀਵ ਇਸਤਰੀਆਂ ਨੂੰ ਹੀ ਚੰਗਾ ਲੱਗਦਾ ਹੈ ਜਿਨ੍ਹਾਂ ਦੇ ਮਨ ਅੰਦਰ ਪਰਮਾਤਮਾ ਦਾ ਨਿਵਾਸ ਹੋ ਜਾਂਦਾ ਹੈ, ਪਰੰਤੂ ਅਭਾਗੀਆਂ ਜੀਵ ਇਸਤਰੀਆਂ ਇਸ ਮਹੀਨੇ ਵਿਛੋੜੇ ਦੇ ਸ਼ੋਕ ਵਿਚ ਤੜਪਦੀਆਂ ਰਹਿੰਦੀਆਂ ਹਨ।

**ਸਾਰ-ਸੰਗ੍ਰਹ ਸੰਬੰਧੀ ਔਚਿਤਯ**: ਜਦੋਂ ਕਿਸੇ ਕਵਿਤਾ ਜਾਂ ਕਾਵਿ-ਰਚਨਾ ਵਿਚ ਸਾਰ-ਸੰਗ੍ਰਹ (ਨਿਚੋੜ) ਦੱਸਣ ਵਾਲੇ ਸ਼ਬਦ ਜਾਂ ਵਾਕ ਦੇ ਪ੍ਰਯੋਗ ਰਾਹੀਂ ਕਵਿਤਾ ਦਾ ਅਰਥ ਆਸਾਨੀ ਨਾਲ ਸਪੱਸ਼ਟ ਹੋ ਜਾਵੇ, ਤਾਂ ਉੱਥੇ ਸਾਰ-ਸੰਗ੍ਰਹ ਔਚਿਤਯ ਹੁੰਦਾ ਹੈ। 'ਸਾਰ-ਸੰਗ੍ਰਹ ਸੰਬੰਧੀ ਔਚਿਤਯ' ਦੇ ਸੰਬੰਧ ਵਿਚ ਆਚਾਰੀਆ ਕਸ਼ੇਮੇਂਦ੍ਰ ਦੀ ਰਚਨਾ 'ਮੁਨਿਮਤ ਮੀਮਾਂਸਾ ਵਿਚੋਂ ਕਾਵਿ-ਬੰਦ ਜਾਂ ਸ਼ਲੋਕ ਹੇਠ ਲਿਖੇ ਅਨੁਸਾਰ ਹੈ:

> "ਕਈ ਤਰ੍ਹਾਂ ਦੇ ਦੁਰਬੋਧ ਉਪਦੇਸ਼ਾਂ ਨਾਲ ਭਰੇ ਗ੍ਰੰਥਾਂ ਨੂੰ ਬਣਾ ਕੇ ਹਠੀ ਮੁਨੀਆਂ ਨੇ ਤੱਤ ਦੀਆਂ ਗੱਲਾਂ ਨਹੀਂ ਕਹੀਆਂ। ਅਜਿਹੀ ਸਥਿਤੀ ਵਿਚ ਮਹਾਮੁਨੀ ਵਿਆਸ ਦਾ ਇਹ ਨਿਸਚਿਤ ਮਤ ਹੈ ਕਿ ਅਹੰਕਾਰ ਹੀ ਸੰਸਾਰਿਕ ਬੰਧਨਾਂ ਦੀ ਜੜ ਹੈ ਅਤੇ ਨਿਰਹੰਕਾਰਤਾ ਹੀ ਮੋਖ ਹੈ।" (***ਔਚਿਤਯ ਵਿਚਾਰ ਚਰਚਾ*** 90)

ਓਪਰੋਕਤ ਸ਼ਲੋਕ ਵਿਚ ਭਗਵਦ ਗੀਤਾ ਦੇ ਸਾਰ-ਸੰਗ੍ਰਹ ਦੀ ਵਿਚਾਰ ਨੂੰ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇੱਥੇ ਸਿੱਟੇ ਵਜੋਂ ਕਿਹਾ ਗਿਆ ਹੈ ਕਿ ਅਨੇਕ ਸ਼ਾਸਤਰਾਂ ਦੇ ਲੇਖਕਾਂ ਨੇ ਆਪਣੇ ਗ੍ਰੰਥਾਂ ਵਿਚ ਕੋਈ ਸਾਰ ਦੀ ਗੱਲ ਨਹੀਂ ਕੀਤੀ। ਮਹਾਮੁਨੀ ਵਿਆਸ ਨੇ ਭਗਵਦ ਗੀਤਾ ਵਿਚ ਆਮ ਪਾਠਕਾਂ ਨੂੰ ਇਹ

ਸਮਝਾਉਣ ਦਾ ਉਪਰਾਲਾ ਕੀਤਾ ਹੈ ਕਿ ਅਹੰਕਾਰ ਸੰਸਾਰਿਕ ਬੰਧਨਾਂ ਦਾ ਮੂਲ ਹੈ ਅਤੇ ਮੋਹ-ਮਾਇਆ (ਧਨ-ਦੌਲਤ) ਦਾ ਤਿਆਗ ਹੀ ਮੁਕਤੀ ਜਾਂ ਮੋਕਸ਼ ਦਾ ਸਾਧਨ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਗੁਰਬਾਣੀ ਦਾ ਮੁੱਖ ਮਨੋਰਥ (ਸਾਰ ਜਾਂ ਨਿਚੋੜ) ਪੰਜ ਵੈਰੀਆਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) 'ਤੇ ਕਾਬੂ ਅਤੇ ਪ੍ਰਭੂ ਜਾਂ ਪਰਮਾਤਮਾ ਦਾ ਨਾਮ-ਸਿਮਰਨ ਦੱਸਿਆ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਪ੍ਰਭੂ ਜਾਂ ਪਰਮਾਤਮਾ ਦੇ ਨਾਮ ਦਾ ਸਿਮਰਨ ਸਰਵ-ਉੱਚ ਤੇ ਸ੍ਰੇਸ਼ਟ ਹੈ। ਗੁਰੂ ਜੀ ਦੇ ਅਨੁਸਾਰ ਪਰਮਾਤਮਾ ਦਾ ਨਾਮ ਅੰਮ੍ਰਿਤ ਦੇ ਸਮਾਨ ਹੈ, ਜਿਸ ਦਾ ਸਿਮਰਨ ਕਰਨ ਨਾਲ ਮਨੁੱਖ ਦਾ ਜੀਵਨ ਸਫ਼ਲ ਹੋ ਜਾਂਦਾ ਹੈ। ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਨਾਲ ਇਕ ਪਾਸੇ ਸਾਧਕ ਜਾਂ ਪਾਠਕ ਦਾ ਨੈਤਿਕ ਸੁਧਾਰ ਹੁੰਦਾ ਹੈ ਅਤੇ ਦੂਜੇ ਪਾਸੇ ਪੰਜ ਵੈਰੀ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਕੰਟਰੋਲ ਵਿਚ ਰਹਿੰਦੇ ਹਨ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ ਸਾਰ-ਸੰਗ੍ਰਹ (ਨਿਚੋੜ) ਨਾਲ ਸੰਬੰਧਿਤ ਉਦਾਹਰਨਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

ਨਾਮੁ ਧਿਆਇ ਮਹਾ ਸੁਖੁ ਪਾਇਆ॥

ਹਰਿ ਗੁਣ ਗਾਇ ਮੇਰਾ ਮਨੁ ਸੀਤਲਾਇਆ॥ (103)

ਓਪਰੋਕਤ ਕਾਵਿ-ਸਤਰਾਂ ਨੂੰ ਧਿਆਨ ਨਾਲ ਪੜ੍ਹਨ ਜਾਂ ਸੁਣਨ ਨਾਲ ਸਹਿਜੇ ਹੀ ਇਸ ਗੱਲ ਦੀ ਸਮਝ ਆ ਜਾਂਦੀ ਹੈ ਕਿ ਇਸ ਸੰਸਾਰ ਵਿਚ ਕੇਵਲ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਨਾਲ ਹੀ ਆਤਮਿਕ ਸੁਖ ਜਾਂ ਆਨੰਦ ਨੂੰ ਹਾਸਿਲ ਕੀਤਾ ਜਾ ਸਕਦਾ ਹੈ। ਗੁਰੂ ਜੀ ਦੇ ਅਨੁਸਾਰ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਨਾਲ ਮਨ ਠੰਢਾ-ਠਾਰ ਹੋ ਜਾਂਦਾ ਹੈ। ਇੱਥੇ ਓਪਰੋਕਤ ਕਾਵਿ-ਸਤਰਾਂ ਤੋਂ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚਲੇ ਵਿਸ਼ੇ ਦਾ ਅਰਥ ਜਾਂ ਮਨੋਰਥ ਬਹੁਤ ਹੀ ਆਸਾਨੀ ਨਾਲ ਸਮਝ ਆ ਜਾਂਦਾ ਹੈ।

ਏਕੁ ਕੁਸਲੁ ਮੋ ਕਉ ਸਤਿਗੁਰੂ ਬਤਾਇਆ॥

ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ ਭਾਇਆ॥

ਜਨ ਨਾਨਕ ਹਉਮੈ ਮਾਰਿ ਸਮਾਇਆ॥ (175-176)

ਮੋਹਿ ਮੋਹਿਆ ਜਾਨੈ ਦੂਰਿ ਹੈ॥

ਕਹੁ ਨਾਨਕ ਸਦਾ ਹਦੂਰਿ ਹੈ॥ (210)

ਨਾਨਕ ਸਚੈ ਨਾਮੁ ਬਿਨੁ ਕਿਸੈ ਨ ਲਥੋ ਦੁਖੁ॥ (319)

**ਤੱਤਵ ਸੰਬੰਧੀ ਔਚਿਤਯ:** ਜਦੋਂ ਕਵੀ ਆਪਣੀ ਕਾਵਿ-ਰਚਨਾ ਜਾਂ ਕਵਿਤਾ ਵਿਚ ਕਿਸੇ ਸੱਚੀ ਗੱਲ ਨੂੰ ਹੋਰ ਵਧੇਰੇ ਉਚਿਤ ਢੰਗ ਨਾਲ ਕਹਿ ਕੇ ਪਾਠਕਾਂ ਨੂੰ ਉਸ ਦਾ ਬੋਧ ਨਿਸ਼ਚਿਤ ਕਰਾ ਦਿੰਦਾ ਹੈ, ਤਾਂ ਉਹ ਕਵਿਤਾ ਪਾਠਕਾਂ ਦੇ ਹਿਰਦੇ ਨੂੰ ਚੰਗੀ ਲੱਗਦੀ ਹੈ ਅਤੇ ਵਧੇਰੇ ਗ੍ਰਹਿਣਯੋਗ ਬਣ ਜਾਂਦੀ ਹੈ। 'ਤੱਤਵ ਸੰਬੰਧੀ ਔਚਿਤਯਾ ਦੇ ਸੰਬੰਧ ਵਿਚ ਆਚਾਰੀਆ ਕਸ਼ੇਮੇਂਦ੍ਰ ਦੀ ਰਚਨਾ 'ਬੋਧਾਵਦਾਨ ਲਤਿਕਾ ਵਿਚੋਂ ਕਾਵਿ-ਬੰਦ ਜਾਂ ਸ਼ਲੋਕ ਹੇਠ ਲਿਖੇ ਅਨੁਸਾਰ ਹੈ:

> "ਸਵਰਗ ਵਿਚ ਰਹੇ ਚਾਹੇ ਪ੍ਰਿਥਵੀ ਜਾਂ ਪਾਤਾਲ ਵਿਚ, ਬਚਪਣ ਹੋਵੇ ਭਾਵੇਂ ਜਵਾਨੀ, ਬੁੱਢਾ ਹੋਵੇ ਭਾਵੇਂ ਮਰਨ ਕੰਢੇ ਕਿਉਂ ਨਾ ਹੋਵੇ ਕਿਸੇ ਵੀ ਹਾਲਤ ਵਿਚ, ਮਨੁੱਖਾਂ ਦੇ ਪੂਰਬਲੇ ਕਰਮਾਂ ਦਾ ਕਦੇ ਨਾਸ਼ ਨਹੀਂ ਹੁੰਦਾ।" (***ਔਚਿਤਯ ਵਿਚਾਰ ਚਰਚਾ*** 82)

ਉਪਰੋਕਤ ਸ਼ਲੋਕ ਵਿਚ ਆਚਾਰੀਆ ਕਸ਼ੇਮੇਂਦ੍ਰ ਨੇ ਤਿੰਨ ਲੋਕਾਂ (ਸਵਰਗ ਲੋਕ, ਪ੍ਰਿਥਵੀ ਲੋਕ, ਪਾਤਾਲ ਲੋਕ) ਅਤੇ ਤਿੰਨ ਅਵਸਥਾਵਾਂ (ਬਚਪਣ, ਜਵਾਨੀ, ਬੁਢਾਪਾ) ਵਿਚ ਅਟੱਲ ਸੱਚਾਈ (ਮਨੁੱਖਾਂ ਦੇ ਪੂਰਬਲੇ ਕਰਮਾਂ ਦਾ ਕਦੇ ਨਾਸ਼ ਨਹੀਂ ਹੁੰਦਾ) ਨੂੰ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਵਧੇਰੇ ਸਪੱਸ਼ਟ ਕਰਨ ਲਈ ਵੱਖ-ਵੱਖ ਸੰਸਾਰਿਕ ਸੱਚਾਈਆਂ (ਅਖਾਣ ਜਾਂ ਮੁਹਾਵਰੇ) ਰਾਹੀਂ ਬਿਆਨ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ, ਜਿੰਨ੍ਹਾਂ ਵਿਚੋਂ ਕੁਝ ਕੁ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ॥ (133)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਆਮ ਲੋਕਾਂ ਜਾਂ ਪਾਠਕਾਂ ਨੂੰ ਇਸ ਸੰਸਾਰ ਵਿਚ ਨੇਕ ਕਰਮ ਕਰਨ ਲਈ ਪ੍ਰੇਰਿਤ ਕਰਨ ਲਈ ਸੰਸਾਰਿਕ ਸੱਚਾਈ 'ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ' ਦਾ ਸਹਾਰਾ ਲੈਂਦੇ ਹਨ। ਗੁਰੂ ਜੀ ਦੇ ਅਨੁਸਾਰ ਪਰਮਾਤਮਾ ਦੇ ਨਾਮ ਦਾ ਸਿਮਰਨ ਅਤੇ ਨੇਕ ਕਰਮ ਕਰਨ ਵਾਲੇ ਵਿਅਕਤੀ ਦੀ ਸਾਰਾ ਜਹਾਨ ਪ੍ਰਸੰਸਾ ਕਰਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਦੇ ਅਰਥ ਨੂੰ ਹੋਰ ਵੀ ਵਧੇਰੇ ਦ੍ਰਿੜ੍ਹ, ਸਰਲ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਸਮਾਜਿਕ ਜਾਂ ਸੰਸਾਰਿਕ ਅਟੱਲ ਸੱਚਾਈ ਦਾ ਸਹਾਰਾ ਲਿਆ ਹੈ।

ਜੈਸਾ ਬੀਜਿਹ ਤੈਸਾ ਖਾਸਾ॥ (176)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਆਮ ਪਾਠਕਾਂ ਜਾਂ ਸਾਧਕਾਂ ਨੂੰ ਦੱਸਦੇ ਹਨ ਕਿ ਇਸ ਸੰਸਾਰ ਵਿਚ ਮਨੁੱਖ ਜਿਹੋ ਜਿਹੇ ਕਰਮ ਕਰੇਗਾ, ਉਸ ਨੂੰ ਉਨ੍ਹਾਂ ਕਰਮਾਂ ਦਾ ਫਲ ਜ਼ਰੂਰ ਭੋਗਣਾ ਪਵੇਗਾ। ਇੱਥੇ ਗੁਰੂ ਜੀ ਨੇ ਆਪਣੀ ਗੱਲ ਹੋਰ ਵੀ ਦ੍ਰਿੜ੍ਹ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ 'ਜੈਸਾ ਬੀਜਿਹ ਤੈਸਾ ਖਾਸਾ' ਅਟੱਲ ਸੱਚਾਈ ਦਾ ਸਹਾਰਾ ਲਿਆ ਹੈ।

ਜੇਹਾ ਬੀਜੈ ਸੋ ਲੁਣੈ ਮਥੇ ਜੋ ਲਿਖਿਆਸੁ॥ (133)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਨਾਮ-ਸਿਮਰਨ ਦੇ ਮਹੱਤਵ ਨੂੰ ਸਮਝਾਉਂਦੇ ਹੋਏ ਦੱਸਦੇ ਹਨ ਕਿ ਮਨੁੱਖ ਜਿਹੋ ਜਿਹੀ ਫ਼ਸਲ ਬੀਜਦਾ ਹੈ, ਉਸ ਨੂੰ ਉਹੋ ਜਿਹੀ ਫ਼ਸਲ ਵੱਢਣੀ ਪੈਂਦੀ ਹੈ ਭਾਵ ਮਨੁੱਖ ਇਸ ਸੰਸਾਰ ਵਿਚ ਜਿਹੋ ਜਿਹੇ ਕਰਮ ਕਰਦਾ ਹੈ, ਉਸ ਨੂੰ ਉਹੋ ਜਿਹੇ ਲੇਖ ਭੋਗਣੇ ਪੈਂਦੇ ਹਨ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਦ੍ਰਿੜ੍ਹ ਕਰਨ ਲਈ ਅਖਾਣ ਜਾਂ ਮੁਹਾਵਰੇ (ਅਟੱਲ ਸੱਚਾਈ) ਦੀ ਵਰਤੋਂ ਕੀਤੀ ਹੈ।

**ਆਸ਼ੀਰਵਾਦ ਸੰਬੰਧੀ ਔਚਿਤਯ**: ਵਿਦਵਾਨਾਂ ਨੂੰ ਸੰਤੋਸ਼ ਦੇਣ ਵਾਲੇ ਅਤੇ ਸੰਪੂਰਨ ਅਰਥ ਦੇਣ ਵਾਲੇ ਕਾਵਿ ਜਾਂ ਕਵਿਤਾ ਵਿਚ ਕਹੇ ਹੋਏ ਆਸ਼ੀਰਵਾਦ ਦੇ ਵਚਨ, ਰਾਜੇ ਨੂੰ ਦਿੱਤੇ ਗਏ ਆਸ਼ੀਰਵਾਦ ਵਾਂਗ ਕਲਿਆਣਕਾਰੀ ਹੁੰਦੇ ਹਨ। 'ਆਸ਼ੀਰਵਾਦ ਸੰਬੰਧੀ ਔਚਿਤਯਾ ਦੇ ਸੰਬੰਧ ਵਿਚ ਆਚਾਰੀਆ ਕਸ਼ੇਮੇਂਦ੍ਰ ਦੇ ਗੁਰੂ ਗੰਗਕ ਕਵੀ ਦੀ ਰਚਨਾ ਵਿਚੋਂ ਕਾਵਿ-ਬੰਦ ਜਾਂ ਸ਼ਲੋਕ ਹੇਠ ਲਿਖੇ ਅਨੁਸਾਰ ਹੈ:

> "ਜਿਸ ਦੇ ਮਤਲਬ ਨੂੰ ਸਮਝ ਕੇ ਤਿੰਨਾਂ ਲੋਕਾਂ ਨੂੰ ਜਿੱਤ ਲੈਣ ਵਾਲੇ ਕਾਮਦੇਵ ਦੇ ਪੰਜੇ ਬਾਣ ਆਪਣੀ ਸ਼ਕਤੀ ਰੋਕ ਕੇ ਭੱਬੇ (ਤੂਵੀਰ) ਵਿਚ ਆਪਣਾ ਮੂੰਹ ਲੁਕਾ ਲੈਂਦੇ ਹਨ। ਸਨੇਹ ਦੀ ਪਰਿਪੱਕਤਾ ਨਾਲ ਪ੍ਰਗਟ ਹੋਇਆ ਮ੍ਰਿਗਨੈਣੀਆਂ ਦੀਆਂ ਅੱਖਾਂ ਦਾ ਉਹ ਪ੍ਰੇਮ ਵਿਲਾਸ ਤੈਨੂੰ ਸੁਖ ਪ੍ਰਦਾਨ ਕਰੇ।" (***ਔਚਿਤਯ ਵਿਚਾਰ ਚਰਚਾ*** 101)

ਉਪਰੋਕਤ ਸ਼ਲੋਕ ਵਿਚ "ਤੈਨੂੰ ਸੁਖ ਪ੍ਰਦਾਨ ਕਰੇ (ਸੁਖੰਵੋ ਦੇਯਾਤ੍ਰ)" ਇਹ ਆਸ਼ੀਰਵਾਦ ਦਾ ਵਚਨ ਬਹੁਤ ਢੁਕਵਾਂ ਅਤੇ ਪ੍ਰਭਾਵਸ਼ਾਲੀ ਹੈ। ਇੱਥੇ ਸੁੰਦਰੀਆਂ ਦਾ ਉਹ ਅਸਾਧਾਰਨ ਨੈਣ ਰੂਪੀ ਵਿਲਾਸ, ਤੁਹਾਨੂੰ ਸਾਰਿਆਂ ਨੂੰ ਸੁਖ ਦੇਣ ਵਾਲਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਸਮੁੱਚੀ ਮਾਨਵਤਾ ਦੀ ਭਲਾਈ ਦੀ ਗੱਲ ਕੀਤੀ ਗਈ ਹੈ, ਜਿਸ ਦਾ ਸੰਬੰਧ ਆਸ਼ੀਰਵਾਦ ਔਚਿਤਯ ਨਾਲ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ 'ਆਸ਼ੀਰਵਾਦ ਸੰਬੰਧੀ ਔਚਿਤਯ' ਨਾਲ ਕੁਝ ਉਦਾਹਰਨਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

> ਸਭੇ ਗਲਾ ਵਿਸਰਨੁ ਇਕੋ ਵਿਸਰਿ ਨ ਜਾਉ॥
>
> ਧੰਧਾ ਸਭੁ ਜਲਾਇ ਕੈ ਗੁਰਿ ਨਾਮੁ ਦੀਆ ਸਚੁ ਸੁਆਉ॥
>
> ਆਸਾ ਸਭੇ ਲਾਹਿ ਕੈ ਇਕਾ ਆਸ ਕਮਾਉ॥
>
> ਜਿਨੀ ਸਤਿਗੁਰੁ ਸੇਵਿਆ ਤਿਨ ਅਗੈ ਮਿਲਿਆ ਥਾਉ॥ (43)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਪਰਮਾਤਮਾ ਦੇ ਅੱਗੇ ਅਰਦਾਸ ਕਰਦੇ ਹਨ ਕਿ ਹੋਰ ਸਾਰੀਆਂ ਗੱਲਾਂ ਬੇਸ਼ੱਕ ਮੈਨੂੰ ਭੁਲ ਜਾਣ, ਪਰ ਉਸ ਪਰਮਾਤਮਾ ਦਾ ਨਾਮ ਮੈਨੂੰ ਕਦੇ ਵੀ ਨਾ ਭੁੱਲੇ। ਗੁਰੂ ਜੀ ਦੇ ਅਨੁਸਾਰ ਜਿਨ੍ਹਾਂ ਬੰਦਿਆਂ ਨੇ ਸਤਿਗੁਰੂ ਦੇ ਨਾਮ ਦਾ ਆਸਰਾ ਲਿਆ ਹੈ, ਉਨ੍ਹਾਂ ਨੂੰ ਇਸ ਲੋਕ ਅਤੇ ਪਰਲੋਕ ਵਿਚ ਆਦਰ ਜਾਂ ਸਨਮਾਨ ਵੀ ਮਿਲਦਾ ਹੈ, ਉਸ ਦੇ ਸਾਰੇ ਦੁੱਖਾਂ ਅਤੇ ਪੰਜ ਵਿਕਾਰਾਂ ਦਾ ਅੰਤ ਹੋ ਜਾਂਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਮ ਲੋਕਾਂ ਨੂੰ ਸੰਦੇਸ਼ ਦੇ ਰੂਪ ਵਿਚ ਆਸ਼ੀਰਵਾਦ ਦਿੱਤਾ ਹੈ ਜਿ ਜੇਕਰ ਉਹ ਪ੍ਰਭੂ ਜਾਂ ਪਰਮਾਤਮਾ ਦੇ ਨਾਮ ਦਾ ਜਾਪ ਜਾਂ ਸਿਮਰਨ ਕਰਨਗੇ ਤਾਂ ਉਨ੍ਹਾਂ ਦੇ ਸਾਰੇ ਦੁੱਖਾਂ ਦਾ ਨਾਸ਼ ਹੋ ਜਾਵੇਗਾ।

ਹਰਿ ਕਾ ਨਾਮੁ ਜਪਤ ਦੁਖੁ ਜਾਇ॥

ਨਾਨਕ ਬੋਲੈ ਸਹਿਜ ਸੁਭਾਇ॥ (265)

ਉਪਰੋਕਤ ਕਾਵਿ-ਸਤਰਾਂ ਰਾਹੀਂ ਗੁਰੂ ਅਰਜਨ ਦੇਵ ਜੀ ਆਮ ਲੋਕਾਂ ਨੂੰ ਸਮਝਾਉਂਦੇ ਹਨ ਕਿ ਜਿਹੜਾ ਵਿਅਕਤੀ ਪ੍ਰੇਮ ਨਾਲ ਸਹਿਜ-ਅਵਸਥਾ ਵਿਚ ਰਹਿ ਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹੈ ਤਾਂ ਉਸ ਦੇ ਸਾਰੇ ਦੁੱਖਾਂ ਅਤੇ ਪੰਜ ਵਿਕਾਰਾਂ ਦਾ ਅੰਤ ਹੋ ਜਾਂਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਮ ਲੋਕਾਂ ਨੂੰ ਸੰਦੇਸ਼ ਦੇ ਰੂਪ ਵਿਚ ਆਸ਼ੀਰਵਾਦ ਦਿੱਤਾ ਹੈ ਜਿ ਜੇਕਰ ਉਹ ਪ੍ਰਭੂ ਜਾਂ ਪਰਮਾਤਮਾ ਦੇ ਨਾਮ ਦਾ ਜਾਪ ਜਾਂ ਸਿਮਰਨ ਕਰਨਗੇ ਤਾਂ ਉਨ੍ਹਾਂ ਦੇ ਦੁੱਖਾਂ ਦਾ ਨਾਸ਼ ਹੋ ਜਾਵੇਗਾ।

ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ॥

ਤਿਸੁ ਜਨ ਆਵੈ ਹਰਿਪ੍ਰਭੁ ਚੀਤਿ॥

ਜਨਮ ਮਰਨ ਤਾ ਕਾ ਦੂਖੁ ਨਿਵਾਰੈ॥

ਦੁਲਭ ਦੇਹ ਤਤਕਾਲ ਉਧਾਰੈ॥ (295)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਆਮ ਲੋਕਾਂ ਨੂੰ ਦੱਸਦੇ ਹਨ ਕਿ ਜਿਸ ਮਨੁੱਖ ਦੇ ਮਨ ਵਿਚ ਪਰਮਾਤਮਾ ਦਾ ਨਾਮ ਵੱਸਦਾ ਹੈ, ਉਹ ਜਨਮ-ਮਰਨ ਦੇ ਚੱਕਰ 'ਚੋ ਬਚ ਜਾਂਦਾ ਹੈ ਅਤੇ ਆਪਣੇ ਆਪ ਨੂੰ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਤੋਂ ਬਚਾ ਲੈਂਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਆਮ ਲੋਕਾਂ ਨੂੰ ਸੰਦੇਸ਼ ਦੇ ਰੂਪ ਵਿਚ ਆਸ਼ੀਰਵਾਦ ਦਿੱਤਾ ਹੈ ਜਿ ਜੇਕਰ ਉਹ ਹਰ ਪਲ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਗੇ ਤਾਂ ਉਨ੍ਹਾਂ ਦੇ ਦੁੱਖਾਂ ਜਾਂ ਕਸ਼ਟਾਂ ਦਾ ਨਾਸ਼ ਹੋ ਜਾਵੇਗਾ।

> ਨਾਨਕ ਚੇਤਿ ਸਹਜਿ ਸੁਖੁ ਪਾਵੈ ਜੇ ਹਰਿ ਵਰੁ ਘਰਿ ਧਨ ਪਾਏ॥ (1107)

**ਨਾਮ ਸੰਬੰਧੀ ਔਚਿਤਯ**: ਜਿਵੇਂ ਮਨੁੱਖਾਂ ਦੇ ਕੰਮਾਂ ਅਨੁਸਾਰ ਨਾਮ (ਨਾਂ) ਨਾਲ ਉਨ੍ਹਾਂ ਦੇ ਗੁਣ-ਦੋਸ਼ਾਂ ਦਾ ਪਤਾ ਲੱਗ ਜਾਂਦਾ ਹੈ, ਠੀਕ ਉਸੇ ਤਰ੍ਹਾਂ ਹੀ ਕਾਵਿ ਜਾਂ ਕਵਿਤਾ ਵਿਚ ਵਰਣਿਤ ਵਿਸ਼ੇ ਦੇ ਅਨੁਰੂਪ ਨਾਮ (ਨਾਂ) ਤੋਂ ਹੀ ਕਵਿਤਾ ਦੇ ਗੁਣ-ਦੋਸ਼ਾਂ ਦੀ ਅਭਿਵਿਅਕਤੀ ਹੋ ਜਾਂਦੀ ਹੈ। 'ਨਾਮ ਸੰਬੰਧੀ ਔਚਿਤਯ' ਦੇ ਸੰਬੰਧ ਵਿਚ ਮਹਾਕਵੀ ਕਾਲੀਦਾਸ ਦੀ ਰਚਨਾ ਵਿਚੋਂ ਕਾਵਿ-ਬੰਦ ਜਾਂ ਸ਼ਲੋਕ ਹੇਠ ਲਿਖੇ ਅਨੁਸਾਰ ਹੈ:

> "ਅਲੱਭ ਚੀਜ਼ (ਪ੍ਰੀਤਮਾ) ਦੀ ਚਾਹਨਾ ਕਰਨ ਦੇ ਕਾਰਣ ਅਜੋੜ ਤੇ ਮੂੰਹਜ਼ੋਰ ਬਣੇ ਹੋਏ ਇਸ ਕਾਮਦੇਵ ਨੇ ਪਹਿਲਾਂ ਤੋਂ ਹੀ ਮੇਰੇ ਚਿੱਤ ਦੇ ਟੁਕੜੇ ਟੁਕੜੇ ਕਰ ਰਖੇ ਹਨ। ਮਲਯ ਪਰਬਤ ਦੀ ਖੁਸ਼ਬੂਦਾਰ ਹਵਾ ਨਾਲ ਹਿਲਦੇ ਹੋਏ ਪੀਲਿਆਂ ਪੱਤਿਆਂ ਵਾਲੇ ਅੰਬਾਂ ਦੀਆਂ ਟਹਿਣੀਆਂ ਵਿਚੋਂ ਸੱਜਰੇ ਸੱਜਰੇ ਫੁੱਟੇ ਹੋਏ ਅੰਕੁਰਾਂ ਰਾਹੀਂ ਇਹ ਕਾਮਦੇਵ ਖੋਰੇ ਹੁਣ ਕੀ ਕਰਨਾ ਚਾਹੁੰਦਾ ਹੈ।" (***ਔਚਿਤਯ ਵਿਚਾਰ ਚਰਚਾ*** 98)

ਉਪਰੋਕਤ ਸ਼ਲੋਕ ਵਿਚ 'ਕਾਮਦੇਵ' ਲਈ 'ਪੰਚਬਾਣ (ਪੰਜ ਤੀਰਾਂ ਵਾਲਾ)' ਸ਼ਬਦ ਦੀ ਵਰਤੋਂ ਕੀਤੀ ਗਈ ਹੈ, ਜੋ ਕਿ ਵਿਸ਼ੇ ਦੇ ਅਨੁਸਾਰ ਉਚਿਤ ਹੈ। ਇੱਥੇ ਹਿਰਦੇ ਦੇ ਟੁਕੜੇ ਟੁਕੜੇ ਕਰਨ ਵਾਲੇ ਕੰਮ ਲਈ 'ਪੰਚਬਾਣ' ਦੀ ਥਾਂ ਤੇ ਕਾਮਦੇਵ ਨੂੰ 'ਅਨੰਗ' ਨਾਂ ਅਨੁਚਿਤ ਹੁੰਦਾ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚੋਂ 'ਨਾਮ ਸੰਬੰਧੀ ਔਚਿਤਯ' ਨਾਲ ਸੰਬੰਧਿਤ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥

ਭਗਤ ਜਨਾ ਕੈ ਮਨਿ ਬਿਸ੍ਰਾਮ॥ (262)

ਉਪਰੋਕਤ ਕਾਵਿ-ਪੰਕਤੀਆਂ ਗੁਰੂ ਅਰਜਨ ਦੇਵ ਜੀ ਦੀ ਬਾਣੀ 'ਸੁਖਮਨੀ ਸਾਹਿਬ' ਵਿਚੋਂ ਲਈਆਂ ਗਈਆਂ ਹਨ, ਜਿਸ ਦੀ ਰਚਨਾ 'ਗਉੜੀ' ਰਾਗ ਵਿਚ ਕੀਤੀ ਹੋਈ ਹੈ। ਇਸ ਬਾਣੀ (ਸੁਖਮਨੀ) ਦਾ ਨਾਮ ਵਿਸ਼ੇ ਦੇ ਅਨੁਕੂਲ ਬਹੁਤ ਢੁਕਵਾਂ ਹੈ, ਕਿਉਂਕਿ ਇਸ ਬਾਣੀ ਵਿਚ ਉਸ ਸਥਾਈ ਸੁੱਖ ਦੇ ਸਰੂਪ ਅਤੇ ਪ੍ਰਾਪਤੀ ਦੀ ਵਿਧੀ (ਨਾਮ-ਸਿਮਰਨ) ਬਾਰੇ ਜਾਣਕਾਰੀ ਮਿਲਦੀ ਹੈ, ਜੋ ਕਿ ਮਨੁੱਖੀ ਜੀਵਨ ਦਾ ਲਕਸ਼ ਜਾਂ ਮੁਖ ਮਨੋਰਥ ਹੁੰਦਾ ਹੈ।

ਮਾਹ ਦਿਵਸ ਮੂਰਤ ਭਲੇ ਜਿਨ ਕਉ ਨਦਰਿ ਕਰੇ॥

ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥ (133)

ਉਪਰੋਕਤ ਕਾਵਿ-ਤੁਕਾਂ ਗੁਰੂ ਅਰਜਨ ਦੇਵ ਜੀ ਦੀ ਬਾਣੀ 'ਬਾਰਹਮਾਹ ਮਾਝ' ਵਿਚੋਂ ਲਈਆਂ ਗਈਆਂ ਹਨ। ਇਸ ਬਾਣੀ (ਬਾਰਹਮਾਹ ਮਾਝ) ਦਾ ਨਾਮ ਵਿਸ਼ੇ ਦੇ ਅਨੁਸਾਰ ਬਹੁਤ ਢੁਕਵਾਂ ਹੈ, ਕਿਉਂਕਿ ਇਸ ਬਾਣੀ ਵਿਚ ਗੁਰੂ ਜੀ ਨੇ ਦੇਸੀ ਮਹੀਨਿਆਂ ਨੂੰ ਆਧਾਰ ਬਣਾ ਕੇ ਜੀਵਾਤਮਾ ਦੀ ਮਨੋ-ਸਥਿਤੀ ਦਾ ਬੜੇ ਹੀ ਵਿਲੱਖਣ ਢੰਗ ਨਾਲ ਵਰਨਣ ਕੀਤਾ ਗਿਆ ਹੈ। ਇਸ ਬਾਣੀ ਦੇ ਅੰਤ ਵਿਚ ਗੁਰੂ ਜੀ ਨੇ ਉਨ੍ਹਾਂ ਸਭ ਭਰਮ-ਭੁਲੇਖਿਆਂ ਦਾ ਖੰਡਨ ਕੀਤਾ ਹੈ, ਜਿਸ ਵਿਚ ਦਿਨ-ਵਾਰ ਨੂੰ ਸੁਭ ਜਾਂ ਅਸੁਭ ਮੰਨਿਆ ਜਾਂਦਾ ਹੈ। ਇੱਥੇ ਗੁਰੂ ਜੀ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਜੇ ਪਰਮਾਤਮਾ ਦੀ ਕਿਰਪਾ ਹੋਵੇ ਤਾਂ ਹਰ ਮਹੀਨਾ, ਹਰ ਦਿਨ ਅਤੇ ਹਰ ਮਹੂਰਤ ਇਕੋ ਜਿਹਾ ਸੁਭਾਗਾ ਅਤੇ ਸੁਲੱਖਣਾ ਹੁੰਦਾ ਹੈ।

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥

ਗੁਰਦੇਵ ਸਖਾ ਅਗਿਆਨ ਭੰਜਨੁ ਗੁਰਦੇਵ ਬੰਧਿਪ ਸਹੋਦਰਾ॥ (250)

ਉਪਰੋਕਤ ਕਾਵਿ-ਸਤਰਾਂ ਗੁਰੂ ਅਰਜਨ ਦੇਵ ਜੀ ਦੀ ਬਾਣੀ 'ਬਾਵਨ ਅੱਖਰੀ' ਵਿਚੋਂ ਲਈਆਂ ਗਈਆਂ ਹਨ, ਜਿਸ ਦੀ ਰਚਨਾ 'ਗਉੜੀ' ਰਾਗ ਵਿਚ ਕੀਤੀ ਹੋਈ ਹੈ। ਇਸ ਬਾਣੀ (ਬਾਵਨ ਅੱਖਰੀ) ਦਾ ਨਾਮ ਵਿਸ਼ੇ ਦੇ ਅਨੁਸਾਰ ਬਹੁਤ ਢੁਕਵਾਂ ਹੈ, ਕਿਉਂਕਿ ਇਸ ਬਾਣੀ ਵਿਚ ਗੁਰੂ ਜੀ ਨੇ ਦੇਵਨਾਗਰੀ ਵਰਣਮਾਲਾ ਦੇ 52 ਅੱਖਰਾਂ ਨੂੰ ਆਧਾਰ ਬਣਾ ਕੇ ਗੁਰਦੇਵ ਅਤੇ ਪਰਮਾਤਮਾ ਦੀ ਮਹਿਮਾ ਦਾ ਪ੍ਰਭਾਵਸ਼ਾਲੀ ਢੰਗ ਨਾਲ ਵਰਨਣ ਕੀਤਾ ਹੈ।

**ਵ੍ਰਤ ਸੰਬੰਧੀ ਔਚਿਤਯ:** ਜਦੋਂ ਕੋਈ ਕਵੀ ਆਪਣੀ ਕਾਵਿ-ਰਚਨਾ ਵਿਚ ਕਿਸੇ ਸੰਕਲਪ ਜਾਂ ਭਾਵ ਨੂੰ ਸਪੱਸ਼ਟ ਕਰਨ ਲਈ ਸੰਬੰਧਿਤ ਵਸਤਾਂ ਦੀ ਆਪਸ ਵਿਚ ਤੁਲਨਾ ਕਰਦਾ ਹੈ ਤਾਂ ਜੋ ਕਵਿਤਾ ਦਾ ਅਰਥ ਵਧੇਰੇ ਗ੍ਰਹਿਣਯੋਗ ਅਤੇ ਸਰਲ ਬਣ ਸਕੇ, ਤਾਂ ਉੱਥੇ ਵ੍ਰਤ ਸੰਬੰਧੀ ਔਚਿਤਯ ਹੁੰਦਾ ਹੈ। 'ਵ੍ਰਤ ਸੰਬੰਧੀ ਔਚਿਤਯਾ ਦੇ ਸੰਬੰਧ ਵਿਚ ਆਚਾਰੀਆ ਕਸ਼ੇਮੇਂਦ੍ਰ ਦੀ ਰਚਨਾ **'ਮੁਕਤਾਵਲੀ'** ਵਿਚੋਂ ਕਾਵਿ-ਬੰਦ ਜਾਂ ਸ਼ਲੋਕ ਹੇਠ ਲਿਖੇ ਅਨੁਸਾਰ ਹੈ:

> "ਇੱਥੇ ਢੱਕ ਦੇ ਬਿਰਛ ਵਲਕਲ ਧਾਰਨ ਕਰਦੇ ਹੋਏ, ਫੁੱਲਾਂ ਦੀ ਧੂੜ ਰੂਪੀ ਭਸਮ ਨਾਲ ਸਜ ਕੇ, ਚੰਚਲ ਭੌਰਿਆਂ ਦੀ ਕਤਾਰ ਰੂਪੀ ਜਪਮਾਲਾ ਧਾਰਨ ਕਰਦੇ ਹੋਏ ਤਪੱਸਵੀਆਂ ਵਾਂਗ ਲੱਗ ਰਹੇ ਹਨ।" (***ਔਚਿਤਯ ਵਿਚਾਰ ਚਰਚਾ*** 80)

ਉਪਰੋਕਤ ਸ਼ਲੋਕ ਵਿਚ ਕਸ਼ੇਮੇਂਦ੍ਰ ਨੇ ਆਪਣੇ ਭਾਵ ਨੂੰ ਸਪੱਸ਼ਟ ਕਰਨ ਲਈ ਤਪੱਸਵੀਆਂ ਅਤੇ ਰੁੱਖਾਂ ਦੀ ਆਪਸ ਵਿਚ ਤੁਲਨਾ ਕੀਤੀ ਹੈ, ਜਿਸ ਨਾਲ ਅਰਥ ਵਧੇਰੇ ਸਪੱਸ਼ਟ ਹੋ ਰਿਹਾ ਹੈ। ਇਸ ਵਿਚ "ਤਪੱਸਵੀ ਜਿਵੇਂ ਵਲਕਲ, ਪਲਾਸ, ਭਸਮ ਅਤੇ ਜਪਮਾਲਾ ਨਾਲ ਸਜੇ-ਸਜਾਏ ਰਹਿੰਦੇ ਹਨ, ਠੀਕ ਉਸੇ ਤਰ੍ਹਾਂ ਰੁੱਖ ਵੀ ਵਲਕਲ, ਪਲਾਸ, ਭਸਮ ਅਤੇ ਜਪਮਾਲਾ ਆਦਿ ਧਾਰਨ ਕਰੀ ਬੈਠੇ ਹਨ। ਇਸੇ ਲਈ ਇਹ ਰੁੱਖ ਤਪੱਸਵੀ ਲੱਗ ਰਹੇ ਹਨ। ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਵਧੇਰੇ ਸਪੱਸ਼ਟ, ਸਰਲ,

ਗ੍ਰਹਿਣਯੋਗ ਬਣਾਉਣ ਲਈ ਸੰਬੰਧਿਤ ਉਦਾਹਰਨਾਂ ਦੀ ਵਰਤੋਂ ਕੀਤੀ ਹੈ, ਜਿੰਨ੍ਹਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

ਜਿਉ ਬਾਰਿਕੁ ਪੀ ਖੀਰੁ ਅਘਾਵੈ॥ ਜਿਉ ਨਿਰਧਨ ਧਨੁ ਦੇਖਿ ਸੁਖ ਪਾਵੈ॥

ਤ੍ਰਿਖਾਵੰਤ ਜਲੁ ਪੀਵਤ ਠੰਡਾ ਤਿਉ ਹਰਿ ਸੰਗ ਇਹੁ ਮਨੁ ਭੀਨਾ ਜੀਉ॥ (100)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਵਧੇਰੇ ਸਰਲ, ਸਪੱਸ਼ਟ ਅਤੇ ਵਧੇਰੇ ਗ੍ਰਹਿਣਯੋਗ ਬਣਾਉਣ ਲਈ ਸੰਕਲਪ ਨਾਲ ਸੰਬੰਧਿਤ ਵਸਤਾਂ ਦੀ ਤੁਲਨਾ ਕੀਤੀ ਹੈ। ਗੁਰੂ ਜੀ ਦੇ ਅਨੁਸਾਰ ਜਿਵੇਂ ਛੋਟਾ ਬੱਚਾ ਬਾਲ ਅਵਸਥਾ ਵਿਚ ਆਪਣੀ ਮਾਂ ਦਾ ਦੁੱਧ ਪੀ ਕੇ ਰੱਜ ਜਾਂਦਾ ਹੈ, ਜਿਵੇਂ ਕੋਈ ਗ਼ਰੀਬ ਵਿਅਕਤੀ ਧਨ-ਦੌਲਤ ਦੇਖ ਕੇ ਸੁਖ ਮਹਿਸੂਸ ਕਰਦਾ ਹੈ, ਜਿਵੇਂ ਕੋਈ ਤ੍ਰਿਹਾਇਆ ਜਾਂ ਪਿਆਸਾ ਵਿਅਕਤੀ ਠੰਡਾ ਪਾਣੀ ਪੀ ਕੇ ਖ਼ੁਸ਼ ਹੋ ਜਾਂਦਾ ਹੈ, ਠੀਕ ਉਸੇ ਤਰ੍ਹਾਂ ਹੀ ਜਦੋਂ ਪੰਜ ਵਿਕਾਰਾਂ ਵਿਚ ਫਸੇ ਵਿਅਕਤੀ 'ਤੇ ਪਰਮਾਤਮਾ ਦੇ ਨਾਮ-ਸਿਮਰਨ ਦੁਆਰਾ ਕਿਰਪਾ ਹੋ ਜਾਂਦੀ ਹੈ ਤਾਂ ਉਸ ਵਿਅਕਤੀ ਦੇ ਹਿਰਦੇ ਵਿਚ ਆਨੰਦ ਪੈਦਾ ਹੋ ਜਾਂਦਾ ਹੈ। ਇੱਥੇ ਗੁਰੂ ਜੀ ਨੇ ਆਪਣੇ ਭਾਵ ਜਾਂ ਸੰਕਲਪ ਦੇ ਅਰਥ ਨੂੰ ਵਧੇਰੇ ਸਪੱਸ਼ਟ, ਸਰਲ ਅਤੇ ਗ੍ਰਹਿਣਯੋਗ ਬਣਾਉਣ ਲਈ ਸੰਬੰਧਿਤ ਵਸਤਾਂ ਦੀ ਆਪਸ ਵਿਚ ਤੁਲਨਾ ਕਰਕੇ ਸਮਝਾਉਣ ਦਾ ਨਿਵੇਕਲਾ ਉਪਰਾਲਾ ਕੀਤਾ ਹੈ।

ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥

ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥

ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥

ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥

ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥ (708)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਜਿਵੇਂ ਮੱਛੀ ਪਾਣੀ ਤੋਂ ਬਿਨਾ ਜਿੰਦਾ ਨਹੀਂ ਰਹਿ ਸਕਦੀ, ਜਿਵੇਂ ਮੀਂਹ ਦੀ ਕਣੀ ਤੋਂ ਬਿਨਾ ਪਪੀਹਾ ਰੱਜ ਨਹੀਂ ਸਕਦਾ, ਜਿਵੇਂ ਘੰਡੇਹੇੜੇ (ਘੜੇ ਨੂੰ ਖੱਲ ਨਾਲ ਮੜ੍ਹ ਕੇ ਉਸ ਵਿਚੋਂ ਆਵਾਜ਼ ਕੱਢਣਾ) ਦੀ ਆਵਾਜ਼ ਹਿਰਨ ਨੂੰ ਮੋਹ ਲੈਂਦੀ ਹੈ, ਉਹ ਆਵਾਜ਼ ਵੱਲ ਤੁਰ ਪੈਂਦਾ ਹੈ, ਜਿਵੇਂ ਫੁੱਲਾਂ ਦੀ ਸੁਗੰਧੀ ਭੌਰੇ ਨੂੰ ਫਸਾ ਲੈਂਦੀ ਹੈ, ਠੀਕ ਉਸੇ ਤਰ੍ਹਾਂ ਹੀ ਸੰਤਾਂ ਨੂੰ ਪ੍ਰਭੂ ਨਾਲ ਪ੍ਰੇਮ ਹੁੰਦਾ ਹੈ ਅਤੇ ਨਾਮ-ਸਿਮਰਨ ਦੁਆਰਾ ਪ੍ਰਭੂ ਦਾ ਦਰਸ਼ਨ-ਦੀਦਾਰ ਕਰਕੇ ਉਹ ਰੱਜ ਜਾਂਦੇ ਹਨ। ਇੱਥੇ ਗੁਰੂ ਜੀ ਨੇ ਆਪਣੇ ਭਾਵ ਦੇ ਅਰਥ ਨੂੰ ਵਧੇਰੇ ਸਪੱਸ਼ਟ, ਸਰਲ ਅਤੇ ਗ੍ਰਹਿਣਯੋਗ ਬਣਾਉਣ ਲਈ ਸੰਕਲਪ ਨਾਲ ਸੰਬੰਧਿਤ ਵਸਤਾਂ ਦੀ ਤੁਲਨਾ ਕੀਤੀ ਹੈ।

ਹਭ ਸਮਾਣੀ ਜੋਤਿ ਜਿਉ ਜਲ ਘਟਾਊ ਚੰਦ੍ਰਮਾ॥ (1099)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨੇ ਇਹ ਸਮਝਾਉਣ ਦਾ ਉਪਰਾਲਾ ਕੀਤਾ ਹੈ ਕਿ ਜਿਵੇਂ ਪਾਣੀ ਦੇ ਭਰੇ ਘੜਿਆਂ ਵਿਚ ਚੰਦਰਮਾ ਦਾ ਪ੍ਰਤਿਬਿੰਬ ਕੋਈ ਵਿਰਲਾ ਹੀ ਦੇਖ ਸਕਦਾ ਹੈ, ਠੀਕ ਉਸੇ ਤਰ੍ਹਾਂ ਹੀ ਪੰਜ ਵਿਕਾਰਾਂ ਵਿਚ ਫਸੇ ਜੀਵਾਂ ਵਿਚੋਂ ਕੋਈ ਵਿਰਲਾ ਜੀਵ ਹੀ ਨਾਮ-ਸਿਮਰਨ ਦੁਆਰਾ ਪਰਮਾਤਮਾ ਦੀ ਪ੍ਰਾਪਤੀ ਕਰ ਸਕਦਾ ਹੈ। ਇੱਥੇ ਗੁਰੂ ਜੀ ਨੇ ਆਪਣੇ ਭਾਚ ਦੇ ਅਰਥ ਨੂੰ ਵਧੇਰੇ ਸਰਲ ਬਣਾਉਣ ਲਈ ਸੰਬੰਧਿਤ ਵਸਤਾਂ ਦੀ ਤੁਲਨਾ ਕੀਤੀ ਹੈ।

**ਸੱਤਵ ਸੰਬੰਧੀ ਔਚਿਤਯ**: 'ਸੱਤਵ' ਸ਼ਬਦ ਲਈ 'ਅੰਤਰਬਲ ਜਾਂ ਚਰਿਤਰ' ਸ਼ਬਦ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਸੱਤਵ ਸ਼ਬਦ ਦੀ ਵਰਤੋਂ ਕਾਵਿ ਜਾਂ ਕਵਿਤਾ ਵਿਚ ਵਿਵੇਕੀ, ਬੁਧੀਮਾਨ ਅਤੇ ਧੀਰਜ ਬੁਧੀ ਵਾਲੇ ਵਿਅਕਤੀ ਦੇ ਚਰਿਤਰ ਨੂੰ ਵਿਅਕਤ ਜਾਂ ਪ੍ਰਸਤੁਤ ਕਰਨ ਲਈ ਕਵੀ ਜਾਂ ਲੇਖਕ ਦੁਆਰਾ ਕੀਤੀ ਜਾਂਦੀ ਹੈ। 'ਸੱਤਵ ਸੰਬੰਧੀ ਔਚਿਤਯ' ਦੇ ਸੰਬੰਧ ਵਿਚ ਆਚਾਰੀਆ ਕਸ਼ੇਮੇਂਦ੍ਰ ਦੀ ਰਚਨਾ 'ਚਿਤ੍ਰ ਭਾਰਤ' ਵਿਚੋਂ ਕਾਵਿ-ਬੰਦ ਜਾਂ ਸ਼ਲੋਕ ਹੇਠ ਲਿਖੇ ਅਨੁਸਾਰ ਹੈ:

"ਮਹਾਨ ਆਦਮੀਆਂ ਦੇ ਹਿਰਦੇ 'ਤੇ ਪਰਿਸਥਿਤੀਆਂ ਦਾ ਕਦੇ ਪ੍ਰਭਾਵ ਨਹੀਂ ਪੈਂਦਾ, ਉਨ੍ਹਾਂ ਵਿਚ ਨਾ ਵਾਧੇ ਨਾਲ ਅਭਿਮਾਨ ਆਉਂਦਾ ਹੈ, ਨਾ ਘਾਟੇ ਨਾਲ ਦੀਨਤਾ। ਉਹ ਕਿਸੇ ਵੀ ਹਾਲਤ ਵਿਚ ਇਕਰੂਪਤਾ ਨਹੀਂ ਛੱਡਦੇ। ਵੇਖੋ ਨਾ ਸੈਂਕੜੇ ਨਦੀਆਂ ਦੇ ਮਸਤੀ ਭਰੇ ਵਹਿਣ ਨਾਲ ਪੂਰੀ ਤਰ੍ਹਾਂ ਭਰਿਆ ਹੋਣ ਤੇ ਵੀ ਨਾ ਤਾਂ ਸਮੁੰਦਰ ਅਹੰਕਾਰ ਕਰਦਾ ਹੈ ਅਤੇ ਨਾ ਹੀ ਬਡਵਾ ਅਗਨੀ ਦੀ ਭਿਆਨਕ ਜਵਾਲਾ ਨਾਲ ਸੜਨ ਤੇ ਸੀ (ਦੁੱਖ ਦਾ ਪ੍ਰਗਟਾਵਾ) ਹੀ ਕਰਦਾ ਹੈ।" (***ਔਚਿਤਯ ਵਿਚਾਰ ਚਰਚਾ*** 84)

ਉਪਰੋਕਤ ਸ਼ਲੋਕ ਵਿਚ ਸਮੁੰਦਰ ਦੇ ਬਹਾਨੇ ਨਾਲ ਯੁਧਿਸ਼ਠਿਰ ਦੇ ਵਿਅਕਤੀਤਵ ਦੇ ਵਡੱਪਣ ਦਾ ਪ੍ਰਭਾਵਸ਼ਾਲੀ ਵਰਨਣ ਹੈ। "ਮਹਾਨ ਆਦਮੀਆਂ ਦੇ ਹਿਰਦੇ 'ਤੇ ਪਰਿਸਥਿਤੀਆਂ ਦਾ ਕਦੇ ਪ੍ਰਭਾਵ ਨਹੀਂ ਪੈਂਦਾ, ਉਨ੍ਹਾਂ ਵਿਚ ਨਾ ਵਾਧੇ ਨਾਲ ਅਭਿਮਾਨ ਆਉਂਦਾ ਹੈ, ਨਾ ਘਾਟੇ ਨਾਲ ਦੀਨਤਾ" ਰਾਹੀਂ ਯਧਿਸ਼ਿਠਿਰ ਦੀ ਧੀਰਜ ਵਾਲੀ ਗੰਭੀਰ ਸਾਤਵਿਕ ਬਿਰਤੀ ਦਾ ਅਨੋਖਾ ਪੱਖ ਉਜਾਗਰ ਹੋਇਆ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਪੰਡਿਤੁ, ਬ੍ਰਾਹਮਣ, ਪੁਜਾਰੀ, ਗੁਰੂ, ਬ੍ਰਹਮਗਿਆਨੀ ਅਤੇ ਗੁਰਮੁਖ ਦੇ ਚਰਿਤਰ (ਸੱਤਵ) ਨੂੰ ਨਿਵੇਕਲੇ ਢੰਗ ਨਾਲ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਹੈ, ਜੋ ਕਿ ਹੇਠ ਲਿਖੇ ਅਨੁਸਾਰ ਹੈ:

ਸੋ ਪੰਡਿਤੁ ਜੋ ਮਨੁ ਪਰਬੋਧੈ॥

ਰਾਮਨਾਮੁ ਆਤਮ ਮਹਿ ਸੋਧੈ॥

ਰਾਮਨਾਮ ਸਾਰੁ ਰਸ ਪੀਵੈ॥

ਉਸ ਪੰਡਿਤ ਕੈ ਉਪਦੇਸਿ ਜਗ ਜੀਵੈ॥ (274)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਨੇ ਸੱਚੇ ਪੰਡਿਤੁ ਦੇ ਸੱਤਵ (ਚਰਿਤਰ) ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਅਸਲੀ ਪੰਡਿਤ ਉਹ ਹੈ ਜੋ ਆਪਣੇ ਮਨ ਨੂੰ ਸਿੱਖਿਆ ਦੇਂਦਾ ਹੈ ਅਤੇ ਪ੍ਰਭੂ ਦੇ ਨਾਮ ਨੂੰ ਆਪਣੇ ਮਨ ਅੰਦਰ

ਭਾਲਦਾ ਹੈ। ਅਸਲ ਪੰਡਿਤ ਨਾਮ-ਸਿਮਰਨ ਦੁਆਰਾ ਪਰਮਾਤਮਾ ਦੇ ਰਸ ਨੂੰ ਪੀਂਦਾ ਹੈ ਅਤੇ ਉਸ ਦੁਆਰਾ ਦੱਸੇ ਰਸਤੇ 'ਤੇ ਚਲ ਕੇ ਇਸ ਸੰਸਾਰ ਦੇ ਲੋਕ ਵੀ ਅਧਿਆਤਮਕ ਜ਼ਿੰਦਗੀ ਵਿਚ ਦਿਲਚਸਪੀ ਲੈਣ ਲੱਗਦੇ ਹਨ ਭਾਵ ਨਾਮ-ਸਿਮਰਨ ਕਰਨ ਲੱਗਦੇ ਹਨ। ਇੱਥੇ ਗੁਰੂ ਜੀ ਨੇ ਆਮ ਲੋਕਾਂ ਨੂੰ ਆਪਣਾ ਚਰਿਤਰ ਉੱਚਾ ਅਤੇ ਸੁੱਚਾ ਰੱਖਣ ਲਈ, ਪ੍ਰਭੂ ਦੇ ਨਾਮ ਦਾ ਸਿਮਰਨ ਕਰਨ ਲਈ ਅਤੇ ਪੰਜ ਵਿਕਾਰਾਂ ਤੋਂ ਦੂਰ ਰਹਿਣ ਲਈ ਸੱਤਵ ਔਚਿਤਯ ਦੀ ਵਰਤੋਂ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ।

ਬ੍ਰਹਮ ਗਿਆਨੀ ਏਕ ਊਪਰਿ ਆਸ॥

ਬ੍ਰਹਮ ਗਿਆਨੀ ਕਾ ਨਹੀ ਬਿਨਾਸ॥

ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ॥

ਬ੍ਰਹਮ ਗਿਆਨੀ ਪਰ ਉਪਕਾਰ ਉਮਾਹਾ॥ (272)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਗਿਆਨੀ ਦੇ ਸੱਤਵ (ਚਰਿਤਰ) ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਅਸਲੀ ਬ੍ਰਹਮ ਗਿਆਨੀ ਉਹ ਹੈ ਜੋ ਇਕ ਪਰਮਾਤਮਾ ਉਪਰ ਟੇਕ (ਆਸਰਾ) ਰੱਖਦਾ ਹੈ ਅਤੇ ਉਹ ਹੋਰ ਕਿਸੇ ਦੇ ਦਰ ਉੱਤੇ ਨਹੀਂ ਜਾਂਦਾ ਹੈ। ਉਸ ਦੇ ਅੰਦਰ ਗ਼ਰੀਬੀ (ਹਲੀਮੀ, ਨਿਮਰਤਾ) ਦਾ ਵਾਸਾ ਹੋ ਜਾਂਦਾ ਹੈ, ਹੰਕਾਰ ਦਾ ਖਾਤਮਾ ਹੋ ਜਾਦਾ ਹੈ ਅਤੇ ਪਰਉਪਕਾਰ ਦਾ ਚਾਉ ਚੜ੍ਹਿਆ ਰਹਿੰਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਗਿਆਨੀ ਦੇ ਸੱਤਵ (ਚਰਿਤਰੀ ਰਾਹੀਂ ਆਮ ਲੋਕਾਂ ਨੂੰ ਹਲੀਮੀ, ਨਿਮਰਤਾ ਅਤੇ ਪਰਉਪਕਾਰ ਵਰਗੇ ਗੁਣਾਂ ਨੂੰ ਧਾਰਨ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ।

**ਅਭਿਪ੍ਰਾਏ ਸੰਬੰਧੀ ਔਚਿਤਯ:** ਜਦੋਂ ਕਿਸੇ ਕਵੀ ਦੀ ਕਾਵਿ-ਰਚਨਾ ਬਿਨਾ ਕਿਸੇ ਯਤਨ ਦੇ ਕਵਿਤਾ ਦੇ ਭਾਵ ਜਾਂ ਅਭਿਪ੍ਰਾਇ ਨੂੰ ਸਪੱਸ਼ਟ ਕਰਦੀ ਹੈ ਤਾਂ ਉਹ ਸਰਲਤਾ ਪਾਠਕਾਂ ਜਾਂ ਸਰੋਤਿਆਂ ਦਾ ਮਨ ਮੋਹ ਲੈਂਦੀ ਹੈ।

'ਅਭਿਪ੍ਰਾਏ ਸੰਬੰਧੀ ਔਚਿਤਯਾ ਦੇ ਸੰਬੰਧ ਵਿਚ ਲੇਖਕ ਦੀਪਕ ਦੀ ਰਚਨਾ ਵਿਚੋਂ ਕਾਵਿ-ਬੰਦ ਜਾਂ ਸ਼ਲੋਕ ਹੇਠ ਲਿਖੇ ਅਨੁਸਾਰ ਹੈ:

> "ਹੇ ਮਾਂ ! ਆਸਰੇ ਦੀ ਖੋਜ ਵਿਚ ਭਟਕਦਾ ਹੋਇਆ ਇਹ ਮੁਸਾਫ਼ਿਰ ਕੋਈ ਰਾਜਕੁਮਾਰ ਲੱਗ ਰਿਹਾ ਹੈ, ਕਿਉਂਕਿ ਪਾਲਤੂ ਬਾਜ਼ ਦੇ ਪੈਰਾਂ ਨੂੰ ਫੜਨ ਕਰਕੇ ਇਸ ਦੇ ਪੰਜੇ ਦਾ ਉਪਰਲਾ ਹਿੱਸਾ ਜਖ਼ਮੀ ਹੋ ਗਿਆ ਹੈ, ਪਹੁੰਚੇ ਤੇ ਧਨੁਸ਼ ਦੀ ਡੋਰੀ ਦੇ ਨਿਸ਼ਾਨ ਸਾਫ਼ ਦਿੱਸ ਰਹੇ ਹਨ, ਏਨਾ ਹੀ ਨਹੀਂ, ਇਸ ਦੀ ਵਿਸ਼ਾਲ ਚੌੜੀ ਛਾਤੀ ਹੱਥ, ਪੈਰ, ਬੁਲ੍ਹ ਤੇ ਅੱਖਾਂ ਦੀ ਲਾਲੀ ਵੀ ਇਸ ਗੱਲ ਦੀ ਪੁਸ਼ਟੀ ਕਰ ਰਹੀਆਂ ਹਨ। ਪੁੱਤਰੀ ! ਜੇ ਇਹ ਗੱਲ ਹੈ ਤਾਂ ਇਸ ਨੂੰ ਅੰਦਰ ਆਉਣ ਦਿਓ, ਕਿਉਂਕਿ ਚੰਗਾ ਮਹਿਮਾਨ ਬੜੇ ਪੁੰਨਾਂ ਕਰਕੇ ਮਿਲਦਾ ਹੈ।" (***ਔਚਿਤਯ ਵਿਚਾਰ ਚਰਚਾ*** 85)

ਉਪਰੋਕਤ ਸ਼ਲੋਕ ਰਾਹੀਂ ਕਿਸੇ ਭੋਗ-ਵਿਲਾਸੀ ਜਾਂ ਵਿਲਾਸਨੀ ਇਸਤਰੀ ਦਾ ਕਿਸੇ ਸੋਹਣੇ ਜਵਾਨ ਮੁਸਾਫ਼ਿਰ ਨੂੰ ਵੇਖ ਕੇ ਮਾਂ ਅੱਗੇ ਆਪਣੇ ਮੰਤਵ ਜਾਂ ਅਭਿਪ੍ਰਾਏ ਦਾ ਨਿਵੇਕਲੇ ਢੰਗ ਨਾਲ ਵਰਨਣ ਕੀਤਾ ਗਿਆ ਹੈ। ਇੱਥੇ ਉਪਰੋਕਤ ਵਰਨਣ ਰਾਹੀਂ ਭੋਗ-ਵਿਲਾਸੀ ਇਸਤਰੀ ਦੇ ਮੰਤਵ ਜਾਂ ਅਭਿਪ੍ਰਾਏ ਦਾ ਸਪੱਸ਼ਟ ਰੂਪ ਵਿਚ ਇਸ਼ਾਰਾ ਮਿਲ ਰਿਹਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਅਜਿਹੇ ਬਹੁ-ਪਰਤੀ ਅਤੇ ਬਹੁ-ਅਰਥੀ ਸ਼ਬਦਾਂ ਦੀ ਵਰਤੋਂ ਕੀਤੀ ਹੈ, ਜਿਸ ਨਾਲ ਗੁਰਬਾਣੀ ਦਾ ਮੰਤਵ ਜਾਂ ਅਭਿਪ੍ਰਾਏ ਸਪੱਸ਼ਟ ਰੂਪ ਵਿਚ ਪਾਠਕਾਂ ਜਾਂ ਸਾਧਕਾਂ ਨੂੰ ਸਮਝ ਆ ਜਾਂਦਾ ਹੈ। ਗੁਰੂ ਜੀ ਦੀ ਗੁਰਬਾਣੀ ਵਿਚੋਂ 'ਅਭਿਪ੍ਰਾਏ ਸੰਬੰਧੀ ਔਚਿਤਯ' ਨਾਲ ਸੰਬੰਧਿਤ ਕੁਝ ਕੁ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

> ਬੂਡਤ ਕਉ ਜੈਸੇ ਬੇੜੀ ਮਿਲਤ॥ ਬੂਝਤ ਦੀਪਕ ਮਿਲਤ ਤਿਲਤ॥
>
> ਜਲਤ ਅਗਨੀ ਮਿਲਤ ਨੀਰ॥ ਜੈਸੇ ਬਾਰਿਕ ਮੁਖਹਿ ਖੀਰ॥
>
> ਜੈਸੇ ਰਣ ਮਹਿ ਸਖਾ ਭ੍ਰਾਤ॥ ਜੈਸੇ ਭੂਖੇ ਭੋਜਨ ਮਾਤ॥ (986)

ਉਪਰੋਕਤ ਕਾਵਿ-ਪੰਕਤੀਆਂ ਦਾ ਉਚਾਰਨ ਕਰਨ ਨਾਲ ਹੀ ਆਮ ਲੋਕਾਂ ਨੂੰ ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚਲਾ ਮੰਤਵ ਜਾਂ ਅਭਿਪ੍ਰਾਏ ਆਸਾਨੀ ਨਾਲ ਸਮਝ ਆ ਜਾਂਦਾ ਹੈ। ਗੁਰੂ ਜੀ ਦੇ ਅਨੁਸਾਰ ਇਸ ਸੰਸਾਰ ਵਿਚ ਹਰੇਕ ਵਿਅਕਤੀ ਲਈ ਪਰਮਾਤਮਾ ਦਾ ਨਾਮ-ਸਿਮਰਨ ਇਸ ਤਰ੍ਹਾਂ ਸਹਾਈ ਹੁੰਦਾ ਹੈ, ਜਿਵੇਂ ਡੁੱਬ ਰਹੇ ਨੂੰ ਬੇੜੀ ਮਿਲ ਜਾਏ, ਜਿਵੇਂ ਬੁੱਝ ਰਹੇ ਦੀਵੇ ਨੂੰ ਤੇਲ ਮਿਲ ਜਾਵੇ, ਜਿਵੇਂ ਅੱਗ ਵਿਚ ਸੜ ਰਹੇ ਨੂੰ ਪਾਣੀ ਮਿਲ ਜਾਏ, ਜਿਵੇਂ ਭੁੱਖ ਨਾਲ ਵਿਲਕ ਰਹੇ ਬੱਚੇ ਦੇ ਮੂੰਹ ਵਿਚ ਦੁੱਧ ਪੈ ਜਾਏ, ਜਿਵੇਂ ਯੁੱਧ ਵਿਚ ਭਰਾ ਸਹਾਇਤਾ ਲਈ ਆ ਜਾਏ ਅਤੇ ਜਿਵੇਂ ਭੁੱਖੇ ਨੂੰ ਭੋਜਨ ਮਿਲ ਜਾਏ। ਇੱਥੇ ਉਪਰੋਕਤ ਸਤਰਾਂ ਨੂੰ ਧਿਆਨ-ਪੂਰਵਕ ਪੜ੍ਹਨ ਜਾਂ ਅਧਿਐਨ ਕਰਨ ਨਾਲ ਗੁਰੂ ਜੀ ਦਾ ਮੰਤਵ ਜਾਂ ਅਭਿਪ੍ਰਾਏ ਆਸਾਨੀ ਨਾਲ ਸਮਝ ਆ ਰਿਹਾ ਹੈ।

**ਸੁਭਾ ਸੰਬੰਧੀ ਔਚਿਤਯ**: ਜਦੋਂ ਕਵੀ ਕਵਿਤਾ ਜਾਂ ਕਾਵਿ-ਰਚਨਾ ਵਿਚ ਆਪਣੇ ਵਿਸ਼ੇ ਦੇ ਅਨੁਕੂਲ ਕਿਸੇ ਵਸਤੂ ਦੇ ਸੁਭਾ ਨੂੰ ਨਿਵੇਕਲੇ ਢੰਗ ਨਾਲ ਪ੍ਰਸਤੁਤ ਕਰਦਾ ਹੈ, ਤਾਂ ਉੱਥੇ 'ਸੁਭਾ ਸੰਬੰਧੀ ਔਚਿਤਯ' ਹੁੰਦਾ ਹੈ। ਜਿਵੇਂ ਸੁੰਦਰ ਇਸਤਰੀਆਂ ਦਾ ਸੁਭਾਵਿਕ ਪਰ ਅਨੋਖਾ ਹੁਸਨ। 'ਸੁਭਾ ਸੰਬੰਧੀ ਔਚਿਤਯ' ਦੇ ਸੰਬੰਧ ਵਿਚ ਆਚਾਰੀਆ ਕਸ਼ੇਮੇਂਦ੍ਰ ਦੀ ਰਚਨਾ 'ਮੁਨਿਮਤ ਮੀਮਾਂਸਾ' ਵਿਚੋਂ ਕਾਵਿ-ਬੰਦ ਜਾਂ ਸ਼ਲੋਕ ਹੇਠ ਲਿਖੇ ਅਨੁਸਾਰ ਹੈ:

> "ਕੰਨਾਂ ਦੇ ਕੋਲੋਂ ਦੀ ਹੇਠਾਂ ਵੱਲ ਸੁੱਟੇ ਗਏ ਘੁੰਘਰਾਲੇ ਵਾਲਾਂ ਤੋਂ ਡਿਗਦੀਆਂ ਹੋਈਆਂ ਜਲ-ਕਣੀਆਂ ਦੀ ਤਰੀਰੀ ਨਾਲ ਛਿਣ ਭਰ ਹਾਰ ਦਾ ਭਰਮ ਪੈਦਾ ਕਰ ਦੇਣ ਵਾਲੀਆਂ ਛਾਤੀਆਂ ਵਾਲੀ, ਠੰਡ ਨਾਲ ਲੂੰ ਕੰਡੇ ਖੜੇ ਹੋਏ ਅਤੇ 'ਸੀ ਸੀ' ਕਰਦੀ ਹੋਈ, ਕੱਜਲ ਧੋਤੇ ਜਾਣ ਕਰ ਕੇ ਲਾਲੀ ਦੀ ਭਾਹ ਮਾਰਦੇ ਨੇਤਰਾਂ ਵਾਲੀ, ਖੁਲ੍ਹੇ ਵਾਲਾਂ ਵਾਲੀ ਹੁਣੇ ਹੁਣੇ ਨਹਾ ਕੇ ਆਈ ਮੁਟਿਆਰ ਕਿਸ ਦੇ ਮਨ ਵਿਚ ਲਾਲਸਾ ਨਹੀਂ ਪੈਦਾ ਕਰਦੀ?" (***ਔਚਿਤਯ ਵਿਚਾਰ ਚਰਚਾ*** 87)

ਉਪਰੋਕਤ ਸ਼ਲੋਕ ਵਿਚ 'ਗਿੱਲੇ ਤੇ ਭਿੱਜੇ ਕੇਸ਼ਾਂ ਵਾਲੀ ਸੱਜ-ਨਹਾਈ ਮੁਟਿਆਰ ਕਿਸ ਦੇ ਮਨ ਨੂੰ ਵਾਸ਼ਨਾ ਨਾਲ ਗਿੱਲਾ ਨਹੀਂ ਕਰਦੀ ਅਰਥਾਤ ਆਕਰਸ਼ਿਤ ਨਹੀਂ ਕਰਦੀ' ਇੱਥੇ ਇਹ ਇਸ ਲਈ ਕਿਹਾ ਗਿਆ ਹੈ

ਕਿਉਂਕਿ ਖੁਦ ਗਿੱਲੀ ਵਸਤੂ ਦਾ ਅਜਿਹਾ ਸੁਭਾ ਹੁੰਦਾ ਹੈ ਕਿ ਉਹ ਦੂਜੇ ਨੂੰ ਵੀ ਗਿੱਲਾ ਬਣਾ ਦਿੰਦੀ ਹੈ। ਇੱਥੇ ਅਜਿਹਾ ਕਥਨ ਔਚਿਤਯ-ਪੂਰਨ ਸੁਭਾ ਨੂੰ ਪ੍ਰਸਤੁਤ ਕਰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਆਪਣੇ ਭਾਵ ਜਾਂ ਸੰਕਲਪ ਨੂੰ ਵਧੇਰੇ ਸਰਲ, ਸਪੱਸ਼ਟ, ਵਚਿੱਤਰ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ 'ਸੁਭਾ ਸੰਬੰਧੀ ਔਚਿਤਯ' ਦੀ ਵਰਤੋਂ ਨਿਵੇਕਲੇ ਢੰਗ ਨਾਲ ਕੀਤੀ ਹੈ, ਜਿਸ ਨਾਲ ਸੰਬੰਧਿਤ ਕੁਝ ਕੁ ਉਦਾਹਰਨਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

ਭਵਰੁ ਤੁਮਾਰਾ ਇਹੁ ਮਨੁ ਹੋਵਉ ਹਰਿ ਚਰਣਾ ਹੋਹੁ ਕਉਲਾ॥

ਨਾਨਕ ਦਾਸ ਉਨ ਸੰਗਿ ਲਪਟਾਇਓ ਜਿਉ ਬੂੰਦਹਿ ਚਾਤ੍ਰਿਕ ਮਉਲਾ॥ (496)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਦੇ ਅਰਥ ਨੂੰ ਹੋਰ ਵਧੇਰੇ ਸਰਲ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ 'ਭੌਰੇ (ਭਵਰੁ)' ਅਤੇ 'ਪਪੀਹੇ (ਚਾਤ੍ਰਿਕ)' ਦੇ ਸੁਭਾ ਨੂੰ ਨਿਵੇਕਲੇ ਢੰਗ ਨਾਲ ਵਿਲੱਖਣ ਢੰਗ ਨਾਲ ਪ੍ਰਸਤੁਤ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਗੁਰਮੁਖ ਦਾ ਮਨ ਭੌਰੇ ਵਾਂਗ ਹੋਵੇ, ਜਿਹੜਾ ਪਰਮਾਤਮਾ ਦੇ ਚਰਨਾਂ ਨੂੰ ਕੰਵਲ ਸਮਝ ਕੇ ਇਸ ਤਰ੍ਹਾਂ ਲਿਪਟਿਆ ਰਹੇ, ਜਿਵੇਂ ਪਪੀਹਾ ਮੀਂਹ ਦੀ ਬੂੰਦ ਨਾਲ ਪ੍ਰਸੰਨ ਹੁੰਦਾ ਹੈ। ਇੱਥੇ ਗੁਰੂ ਜੀ ਨੇ ਆਪਣੀ ਗੁਰਬਾਣੀ ਵਿਚਲੇ ਭਾਵ ਜਾਂ ਸੰਕਲਪ ਦਾ ਅਰਥ ਆਮ ਲੋਕਾਂ ਨੂੰ ਸਮਝਾਉਣ ਲਈ ਭਵਰੇ ਅਤੇ ਪਪੀਹੇ ਦੇ ਸੁਭਾ ਨੂੰ ਵਿਲੱਖਣ ਢੰਗ ਨਾਲ ਪ੍ਰਸਤੁਤ ਕੀਤਾ ਹੈ।

ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ॥ (1347)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਦੇ ਅਰਥ ਨੂੰ ਹੋਰ ਵਧੇਰੇ ਸਰਲ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ 'ਨਾਗਨਿ (ਮੋਹ-ਮਾਇਆ)' ਦੇ ਸੁਭਾ ਨੂੰ ਨਿਵੇਕਲੇ ਢੰਗ ਨਾਲ ਵਿਲੱਖਣ ਢੰਗ ਨਾਲ ਪ੍ਰਸਤੁਤ ਕੀਤਾ ਹੈ। ਇੱਥੇ ਗੁਰੂ ਜੀ ਨੇ ਆਪਣੀ ਗੁਰਬਾਣੀ ਵਿਚਲੇ ਭਾਵ ਜਾਂ

ਸੰਕਲਪ ਦਾ ਅਰਥ ਆਮ ਲੋਕਾਂ ਨੂੰ ਸਮਝਾਉਣ ਲਈ ਸੰਸਾਰਿਕ ਮੋਹ-ਮਾਇਆ ਦੇ ਸੁਭਾ ਦੀ ਤੁਲਨਾ ਸੱਪਣੀ ਦੇ ਸੁਭਾ ਨਾਲ ਵਿਲੱਖਣ ਢੰਗ ਨਾਲ ਕੀਤੀ ਹੈ।

**ਪ੍ਰਤਿਭਾ ਸੰਬੰਧੀ ਔਚਿਤਯ:** ਜਿਸ ਤਰ੍ਹਾਂ ਗੁਣਵਾਨ ਵਿਅਕਤੀ ਦੇ ਕੰਮਾਂ ਦੀ ਹਰ ਕੋਈ ਪ੍ਰਸ਼ੰਸ਼ਾ ਕਰਦਾ ਹੈ, ਠੀਕ ਉਸੇ ਤਰ੍ਹਾਂ ਹੀ ਪ੍ਰਤਿਭਾਸ਼ਾਲੀ ਜਾਂ ਕਲਪਨਾਸ਼ੀਲ ਕਵੀ ਦੀ ਕਾਵਿ-ਰਚਨਾ ਦੀ ਵੀ ਹਰ ਕੋਈ ਪ੍ਰਸ਼ੰਸ਼ਾ ਕਰਦਾ ਹੈ। ਕਵੀ ਤੌਤ ਦੇ ਅਨੁਸਾਰ, "ਪ੍ਰਤਿਭਾ ਕੀ ਹੈ, ਨਵੀਂ ਨਵੀਂ ਕਲਪਨਾ ਕਰਨ ਵਾਲੀ ਪ੍ਰਗਿਆ (ਬੁੱਧੀ) ਹੈ।" (***ਔਚਿਤਯ ਵਿਚਾਰ ਚਰਚਾ*** 92) 'ਪ੍ਰਤਿਭਾ ਸੰਬੰਧੀ ਔਚਿਤਯ' ਦੇ ਸੰਬੰਧ ਵਿਚ ਆਚਾਰੀਆ ਕਸ਼ੇਮੇਂਦ੍ਰ ਦੀ ਰਚਨਾ 'ਲਾਵਣਯਵਤੀ' ਵਿਚੋਂ ਕਾਵਿ-ਬੰਦ ਜਾਂ ਸ਼ਲੋਕ ਹੇਠ ਲਿਖੇ ਅਨੁਸਾਰ ਹੈ:

> "ਕਿਸੇ ਕਾਮੀ ਪੁਰਸ਼ ਦੇ ਦੰਦਾਂ ਨਾਲ ਜ਼ਖਮੀ ਹੋਏ ਬੁਲ੍ਹਾਂ ਵਾਲੀ ਕੋਈ ਚਤੁਰ ਨਾਇਕਾ ਦੂਜੇ ਨਾਇਕ ਨੂੰ ਬੂਹੇ ਤੇ ਆਇਆ ਵੇਖ ਕੇ ਤੋਤੇ ਨੂੰ ਸੰਬੋਧਨ ਕਰਕੇ ਉੱਚੀ ਆਵਾਜ਼ ਨਾਲ ਕਹਿੰਦੀ ਹੈ। ਵੇ ਜ਼ਾਲਮ ਤੋਤਿਆ ! ਤੂੰ ਲਾਲ ਲਾਲ ਫਲ ਦੇ ਭਰਮ ਨਾਲ ਮੇਰੇ ਬੁਲ੍ਹਾਂ ਨੂੰ ਕਿਉਂ ਵੱਡ ਰਿਹਾ ਹੈਂ, ਜਾ, ਮੈਂ, ਤੈਨੂੰ ਇਸ ਅਪਰਾਧ ਕਰਕੇ ਪੱਕੇ ਜਾਮਣ ਖਾਣ ਲਈ ਨਹੀਂ ਦੇਵਾਂਗੀ।" (***ਔਚਿਤਯ ਵਿਚਾਰ ਚਰਚਾ*** 92-93)

ਓਪਰੋਕਤ ਸ਼ਲੋਕ ਵਿਚ ਕਸ਼ੇਮੇਂਦ ਦੀ ਪ੍ਰਤਿਭਾ ਦਾ ਪ੍ਰਮਾਣ ਮਿਲਦਾ ਹੈ, ਕਿਉਂਕਿ ਇੱਥੇ ਝੂਠ (ਤੋਤੇ ਰਾਹੀਂ ਬੁਲ੍ਹ ਵੱਡਣ) ਦੇ ਜ਼ਾਹਰ ਕਰਨ ਅਤੇ ਸੱਚ (ਕਾਮੀ ਪੁਰਸ਼ ਰਾਹੀਂ ਬੁਲ੍ਹ ਵੱਢਣ) ਦੇ ਲੁਕਾਉਣ ਦੀ ਨਵੀਂ ਕਲਪਨਾ ਵਿਚ ਬੁੱਧੀ ਦੀ ਵਿਲੱਖਣ ਵਰਤੋਂ ਕੀਤੀ ਗਈ ਹੈ। ਇਸ ਤਰ੍ਹਾਂ ਦੀ ਨਵੀਂ ਨਵੀ ਕਲਪਨਾ ਕਰਨ ਵਾਲੀ ਬੁਧੀ ਨੂੰ ਹੀ ਪ੍ਰਤਿਭਾ ਕਿਹਾ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦੀ ਕਲਪਨਾ ਸ਼ਕਤੀ ਲੌਕਿਕ ਤੋਂ ਪਾਰਲੌਕਿਕ ਅਤੇ ਦ੍ਰਿਸ਼ਟਮਾਨ ਤੋਂ ਅਦ੍ਰਿਸ਼ਟ ਵੱਲ ਉਡਾਰੀ ਮਾਰ ਜਾਂਦੀ ਹੈ, ਜਿੰਨ੍ਹਾਂ ਵਿਚੋਂ ਕੁਝ ਕੁ ਝਲਕਾਂ ਜਾਂ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

> ਜਿਉ ਮੰਦਰ ਕਉ ਥਾਮੈ ਥੰਮਨ॥

ਤਿਉ ਗੁਰ ਕਾ ਸਬਦ ਮਨਹਿ ਅਸਥੰਮਨੁ॥ (282)

ਉਪਰੋਕਤ ਕਾਵਿ-ਪੰਕਤੀਆਂ ਰਾਹੀਂ ਗੁਰੂ ਅਰਜਨ ਦੇਵ ਜੀ ਦੀ ਨਵੀਂ ਨਵੀਂ ਕਲਪਨਾ ਕਰਨ ਵਾਲੀ ਬੁਧੀ ਦੀ ਵਿਲੱਖਣ ਝਲਕ ਦੇਖਣ ਨੂੰ ਮਿਲਦੀ ਹੈ। ਗੁਰੂ ਜੀ ਦੇ ਅਨੁਸਾਰ ਜਿਵੇਂ ਘਰ ਦੀ ਛੱਤ ਨੂੰ ਥੰਮ੍ਹਾਂ ਦਾ ਸਹਾਰਾ ਹੁੰਦਾ ਹੈ, ਠੀਕ ਉਸੇ ਤਰ੍ਹਾਂ ਹੀ ਇਸ ਨਸ਼ਟਵਾਨ ਸੰਸਾਰ ਵਿਚ ਮਨੁੱਖ ਨੂੰ ਪੰਜ ਵਿਕਾਰਾਂ ਤੋਂ ਬਚਣ ਲਈ ਕੇਵਲ ਪਰਮਾਤਮਾ ਦੇ ਨਾਮ ਦਾ ਹੀ ਸਹਾਰਾ ਹੁੰਦਾ ਹੈ। ਇੱਥੇ ਸਾਨੂੰ ਗੁਰੂ ਅਰਜਨ ਦੇਵ ਜੀ ਦੀ ਤੀਖਣ, ਵਿਲੱਖਣ ਅਤੇ ਪ੍ਰਤਿਭਾਸ਼ਾਲੀ ਬੁਧੀ ਦੇ ਨਾਲ-ਨਾਲ ਅਦਭੁਤ ਕਲਪਨਾ ਸ਼ਕਤੀ ਦੀ ਝਲਕ ਦੇਖਣ ਨੂੰ ਮਿਲਦੀ ਹੈ।

ਸਚੁ ਖਾਣਾ ਸਚੁ ਪੈਨਣਾ ਟੇਕ ਨਾਨਕ ਸਚੁ ਕੀਤੁ॥ (43)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਸਚੁ (ਪ੍ਰਭੂ ਜਾਂ ਪਰਮਾਤਮਾ ਦਾ ਨਾਮ) ਦੀ ਮਹੱਤਤਾ ਨੂੰ ਪ੍ਰਸਤੁਤ ਕਰਦੇ ਹੋਏ ਦੱਸਦੇ ਹਨ ਕਿ ਗੁਰਮੁਖ (ਗੁਰੂ ਦੁਆਰਾ ਦੱਸੇ ਰਸਤੇ 'ਤੇ ਚੱਲਣ ਵਾਲਾ) ਪਰਮਾਤਮਾ ਦੇ ਨਾਮ-ਸਿਮਰਨ ਨੂੰ ਹੀ ਆਪਣੀ ਆਤਮਿਕ ਖੁਰਾਕ ਬਣਾ ਲੈਂਦਾ ਹੈ, ਪਰਮਾਤਮਾ ਦੇ ਨਾਮ ਨੂੰ ਹੀ ਆਪਣੀ ਪੁਸ਼ਾਕ ਬਣਾ ਲੈਂਦਾ ਹੈ ਅਤੇ ਪਰਮਾਤਮਾ ਦੇ ਨਾਮ-ਸਿਮਰਨ ਨੂੰ ਹੀ ਆਪਣੇ ਜੀਵਨ ਦਾ ਆਸਾਰਾ ਬਣਾ ਲੈਂਦਾ ਹੈ। ਇੱਥੇ ਗੁਰੂ ਜੀ ਨੇ ਆਪਣੇ ਭਾਵ ਦੇ ਅਰਥ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਆਪਣੀ ਤੀਖਣ, ਵਿਲੱਖਣ, ਪ੍ਰਤਿਭਾਸ਼ਾਲੀ ਬੁਧੀ ਅਤੇ ਕਲਪਨਾ ਸ਼ਕਤੀ ਦੀ ਝਲਕ ਦੇਖਣ ਨੂੰ ਮਿਲਦੀ ਹੈ।

ਬ੍ਰਹਮਾਦਿਕ ਸਨਕਾਇਕ ਚਾਹੈ॥

ਜੋਗੀ ਜਤੀ ਸਿਧ ਹਰਿ ਆਹੈ॥ (203)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਆਮ ਲੋਕਾਂ ਨੂੰ ਦੱਸਦੇ ਹਨ ਕਿ ਬ੍ਰਹਮਾ ਅਤੇ ਉਸ ਦੇ ਚਾਰ ਪੁਤਰ (ਸਨਕ, ਸਨੰਦਨ, ਸਨਾਤਨ ਤੇ ਸਨਤ ਕੁਮਾਰ), ਹੋਰ ਵੱਡੇ ਦੇਵਤੇ, ਜੋਗੀ, ਜਤੀ ਅਤੇ ਸਿੱਧ ਹਰੇਕ ਪ੍ਰਭੂ ਜਾਂ ਪਰਮਾਤਮਾ ਨੂੰ ਮਿਲਣ ਦੀ ਤਾਂਘ ਕਰਦਾ ਹੈ, ਪਰੰਤੂ ਪਰਮਾਤਮਾ ਨੂੰ ਕੇਵਲ ਨਾਮ-ਸਿਮਰਨ

ਦੁਆਰਾ ਹੀ ਮਿਲਿਆ ਜਾ ਸਕਦਾ ਹੈ। ਇੱਥੇ ਗੁਰੂ ਅਰਜਨ ਦੇਵ ਜੀ ਨੇ ਨਾਮ-ਸਿਮਰਨ ਦੇ ਮਹੱਤਵ ਨੂੰ ਨਿਵੇਕਲੇ ਢੰਗ ਨਾਲ ਪ੍ਰਸਤੁਤ ਕਰਨ ਲਈ ਵਿਲੱਖਣ ਕਲਪਨਾ ਸ਼ਕਤੀ ਦਾ ਸਹਾਰਾ ਲਿਆ ਹੈ।

**ਵਿਚਾਰ ਸੰਬੰਧੀ ਔਚਿਤਯ**: ਜਦੋਂ ਕੋਈ ਲੇਖਕ ਆਪਣੀ ਕਾਵਿ-ਰਚਨਾ ਵਿਚ ਘਟਨਾ ਦੇ ਕਾਰਣ ਨੂੰ ਦੱਸਣ ਵੱਲ ਕੋਈ ਧਿਆਨ ਨਾ ਦੇਵੇ, ਸਗੋਂ ਵਿਚਾਰ ਦੀ ਅਨੁਚਿਤਤਾ ਨੂੰ ਸਪੱਸ਼ਟ ਜਾਂ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟ ਕਰਨ ਦਾ ਉਪਰਾਲਾ ਕਰਦਾ ਹੈ, ਤਾਂ ਉਥੇ ਵਿਚਾਰ ਸੰਬੰਧੀ ਔਚਿਤਯ ਹੁੰਦਾ ਹੈ। ਉਚਿਤ ਵਿਚਾਰ ਨਾਲ ਭਰਪੂਰ ਕਾਵਿ-ਪੰਕਤੀਆਂ ਉਸੇ ਤਰ੍ਹਾਂ ਉਤਕ੍ਰਿਸ਼ਟ ਹੋ ਜਾਂਦੀਆਂ ਹਨ, ਜਿਵੇਂ ਜਾਣਨਯੋਗ ਤੱਤ ਦੇ ਗਿਆਨ ਨਾਲ ਵਿਦਵਾਨਾਂ ਦੀਆਂ ਵਿਦਿਆਵਾਂ। 'ਵਿਚਾਰ ਸੰਬੰਧੀ ਔਚਿਤਯ' ਦੇ ਸੰਬੰਧ ਵਿਚ ਆਚਾਰੀਆ ਕਸ਼ੇਮੇਂਦ੍ਰ ਦੀ ਰਚਨਾ 'ਮੁਨਿਮਤ ਮੀਮਾਂਸਾ ਵਿਚੋਂ ਕਾਵਿ-ਬੰਦ ਜਾਂ ਸ਼ਲੋਕ ਹੇਠ ਲਿਖੇ ਅਨੁਸਾਰ ਹੈ:

> "ਅਸ਼ਵਥਾਮਾ ਦੀ ਮਿਰਤੂ ਦੀ ਗੱਲ ਕਹਿਣ ਸਮੇਂ ਸਤਿਵਾਦੀ ਯੁਧਿਸ਼ਠਿਰ ਦੇ ਝੂਠ ਮੂਠ "ਨਰੋ ਵਾ ਕੁੰਜਰੋ ਵਾ" ਅਰਥਾਤ 'ਹਾਥੀ' ਅਜਿਹਾ ਕਿਹਾ ਸੀ। ਇਹ ਯੁਧਿਸ਼ਠਿਰ ਦਾ ਕਸੂਰ ਨਹੀਂ ਕਿਉਂਕਿ ਕਮਲ ਵਿਚ ਰਹਿਣ ਵਾਲੀ ਲੱਛਮੀ ਨੇ ਸਤਿ ਦੇ ਚੰਦਰਮਾ ਨਾਲ ਆਪਣਾ ਵੈਰ ਪ੍ਰਗਟਾਉਣ ਲਈ ਮਲੀਨਤਾ ਦਾ ਪ੍ਰਦਰਸ਼ਨ ਕੀਤਾ ਸੀ ਜਿਹੜਾ ਉਸ ਨੂੰ ਚਿੱਕੜ ਤੋਂ ਪੈਦਾ ਹੋਣ ਕਰਕੇ ਕਮਲ ਵਿਚ ਰਹਿਣ ਤੋਂ ਪ੍ਰਾਪਤ ਹੋਇਆ ਹੈ।" (***ਔਚਿਤਯ ਵਿਚਾਰ ਚਰਚਾ*** 96)

ਓਪਰੋਕਤ ਸ਼ਲੋਕ ਵਿਚ ਦ੍ਰੋਣਾਚਾਰੀਆ ਦੇ ਮਾਰੇ ਜਾਣ ਦੇ ਪ੍ਰਸੰਗ ਵਿਚ "ਸਤਿਵਾਦੀ ਯੁਧਿਸ਼ਠਿਰ ਨੇ ਵੀ ਝੂਠਮੂਠ ਹਾਥੀ ਦਾ ਜਿਹੜਾ ਨਾਂ ਲੈ ਲਿਆ ਆਦਿ" ਰਾਜ ਲੱਛਮੀ ਦੇ ਸੁਭਾ ਦਾ ਗਿਆਨ ਹੋ ਜਾਂਦਾ ਹੈ, ਜਿਸ ਨਾਲ ਝੂਠ ਬੋਲਣ ਵਿਚ ਯੁਧਿਸ਼ਠਿਰ ਦਾ ਕੋਈ ਕਸੂਰ ਨਹੀਂ ਹੈ। ਇੱਥੇ ਘਟਨਾ ਦੇ ਕਾਰਣ ਨੂੰ ਦੱਸਣ ਵੱਲ ਕਵੀ ਨੇ ਕੋਈ ਧਿਆਨ ਨਹੀਂ ਦਿੱਤਾ ਸਗੋਂ ਵਿਚਾਰ ਦੀ ਅਨੁਚਿਤਤਾ ਨੂੰ ਸਪੱਸ਼ਟ ਕਰਨ ਦਾ ਉਪਰਾਲਾ ਕੀਤਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਕਿਸੇ ਵੀ ਘਟਨਾ ਦੇ ਕਾਰਣ ਨੂੰ ਦੱਸਣ ਦੇ ਨਾਲ-

ਨਾਲ ਉਸ ਵਿਚਾਰ ਦੀ ਅਨੁਚਿਤਤਾ ਨੂੰ ਵੀ ਸਪੱਸ਼ਟ ਜਾਂ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ, ਜਿਸ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

ਆਪਹੁ ਕਛੂ ਨ ਹੋਵਤ ਭਾਈ॥

ਜਿਸੁ ਪ੍ਰਭੁ ਦੇਵੈ ਸੋ ਨਾਮੁ ਪਾਈ॥ (805)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਨੇ ਆਮ ਲੋਕਾਂ ਨੂੰ ਇਹ ਸਮਝਾਉਣ ਦਾ ਯਤਨ ਕੀਤਾ ਹੈ ਕਿ ਪ੍ਰਭੂ ਜਾਂ ਪਰਮਾਤਮਾ ਦੀ ਕਿਰਪਾ ਤੋਂ ਬਿਨਾ ਇਸ ਸੰਸਾਰ ਵਿਚ ਕੋਈ ਵੀ ਮਨੁੱਖ ਕੁਝ ਵੀ ਨਹੀਂ ਕਰ ਸਕਦਾ ਹੈ, ਇਸ ਸੰਸਾਰ ਵਿਚ ਜੋ ਕੁਝ ਵੀ ਹੋ ਰਿਹਾ ਹੈ, ਉਹ ਕੇਵਲ ਉਸ ਪਰਮਾਤਮਾ ਦੀ ਮਿਹਰ ਸਦਕਾ ਹੀ ਹੋ ਰਿਹਾ ਹੈ। ਇੱਥੇ ਗੁਰੂ ਜੀ ਨੇ ਆਪਣੇ ਵਿਚਾਰ ਨੂੰ ਵਧੇਰੇ ਸਰਲ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਇਹ ਸਮਝਾਉਣ ਦਾ ਯਤਨ ਕੀਤਾ ਹੈ ਕਿ ਜੀਵਾਂ ਪਾਸ ਆਪਣੇ ਬਲ ਨਾਲ ਪ੍ਰਭੂ ਦੀ ਭਗਤੀ ਜਾਂ ਨਾਮ-ਸਿਮਰਨ ਕਰਨ ਦੀ ਸਮਰੱਥਾ ਵੀ ਨਹੀਂ ਹੈ। ਜਿਹੜੇ ਮਨੁੱਖ ਪ੍ਰਭੂ ਜਾਂ ਪਰਮਾਤਮਾ ਦੀ ਭਗਤੀ ਕਰ ਰਹੇ ਹਨ, ਉਹ ਕੇਵਲ ਪਰਮਾਤਮਾ ਦੀ ਮਿਹਰ ਜਾਂ ਕਿਰਪਾ ਸਦਕਾ ਹੀ ਹੋ ਰਿਹਾ ਹੈ।

ਆਪੇ ਭਗਤਾ ਆਪਿ ਸੁਆਮੀ ਆਪਨ ਸੰਗਿ ਰਤਾ॥ (498)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਨੇ ਇਹ ਸਮਝਾਉਣ ਦਾ ਉਪਰਾਲਾ ਕੀਤਾ ਹੈ ਕਿ ਜਿਹੜਾ ਮਨੁੱਖ ਪਰਮਾਤਮਾ ਜਾਂ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ ਹੈ, ਉਸ ਵਿਚ ਇਕ ਭਗਤ ਵਾਲੇ ਗੁਣ (ਹਲੀਮੀ ਜਾਂ ਨਿਮਰਤਾ) ਪਾਏ ਜਾਂਦੇ ਹਨ, ਉਹ ਆਪਣੇ ਆਪ ਦਾ ਸੁਆਮੀ ਭਾਵ ਮਾਲਕ ਹੁੰਦਾ ਹੈ, ਜਿਸ ਕਰਕੇ ਉਹ ਪੰਜ ਵਿਕਾਰਾਂ ਤੋਂ ਦੂਰ ਰਹਿੰਦਾ ਹੈ ਅਤੇ ਉਹ ਆਪਣੇ ਆਪ ਵਿਚ ਮਸਤ ਭਾਵ ਮੋਹ-ਮਾਇਆ ਤੋਂ ਦੂਰ ਰਹਿੰਦਾ ਹੈ। ਇੱਥੇ ਗੁਰੂ ਜੀ ਨੇ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਪਰਮਾਤਮਾ ਦੇ ਨਾਮ-ਸਿਮਰਨ ਦੁਆਰਾ ਮਨੁੱਖ ਵਿਚ ਭਗਤ, ਮਾਲਕ ਅਤੇ ਮਸਤ ਵਰਗੇ ਗੁਣ ਆ ਜਾਂਦੇ ਹਨ।

ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ॥

ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ॥ (959)

ਉਪਰੋਕਤ ਕਾਵਿ-ਤੁਕਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਇਹ ਸਮਝਾਉਣ ਦਾ ਉਪਰਾਲਾ ਕੀਤਾ ਹੈ ਕਿ ਜਿਹੜੇ ਮਨੁੱਖ ਮਨਮੁਖ ਵਿਅਕਤੀਆਂ ਨਾਲ ਦੋਸਤੀ ਕਰਦੇ ਹਨ, ਉਨ੍ਹਾਂ ਨੂੰ ਇਕ ਦਿਨ ਧੋਖਾ ਜ਼ਰੂਰ ਮਿਲਦਾ ਹੈ। ਇੱਥੇ ਗੁਰੂ ਜੀ ਨੇ ਆਪਣੇ ਵਿਚਾਰ ਦੀ ਅਨੁਚਿਤਤਾ ਨੂੰ ਸਪੱਸ਼ਟ ਕਰਨ ਇਹ ਦੱਸਣ ਦਾ ਉਪਰਾਲਾ ਕੀਤਾ ਹੈ ਕਿ ਜਿਵੇਂ ਸੰਸਾਰਿਕ ਮੋਹ-ਮਾਇਆ ਦਾ ਸਾਥ ਥੋੜੇ ਸਮੇਂ ਲਈ ਹੁੰਦਾ ਹੈ, ਠੀਕ ਉਸੇ ਤਰ੍ਹਾਂ ਹੀ ਮੁਸੀਬਤ ਵੇਲੇ ਮਨਮੁਖ ਵਿਅਕਤੀ ਦੋਸਤੀ ਛੱਡ ਦਿੰਦੇ ਹਨ।

**ਕਾਲ ਸੰਬੰਧੀ ਔਚਿਤਯ:** ਕਵਿਤਾ ਜਾਂ ਕਾਵਿ ਵਿਚ ਕਾਲ ਦੀ ਵਰਤੋਂ ਨਾਲ ਇਸ ਤਰ੍ਹਾਂ ਸੁੰਦਰਤਾ ਵਿਚ ਵਾਧਾ ਹੁੰਦਾ ਹੈ, ਜਿਵੇਂ ਮੌਕੇ ਅਨੁਸਾਰ ਮਨਭਾਉਂਦੇ ਕੱਪੜੇ ਪਹਿਨ ਕੇ ਮਹਾਨ ਵਿਅਕਤੀਆਂ ਦੀ ਸ਼ਖਸੀਅਤ ਵਿਚ ਵਾਧਾ ਹੁੰਦਾ ਹੈ। 'ਕਾਲ ਸੰਬੰਧੀ ਔਚਿਤਯ' ਦੇ ਸੰਬੰਧ ਵਿਚ ਆਚਾਰੀਆ ਕਸ਼ੇਮੇਂਦ੍ਰ ਦੀ ਰਚਨਾ 'ਮੁਨਿਮਤ ਮੀਮਾਂਸਾ ਵਿਚੋਂ ਕਾਵਿ-ਬੰਦ ਜਾਂ ਸ਼ਲੋਕ ਹੇਠ ਲਿਖੇ ਅਨੁਸਾਰ ਹੈ:

> "ਗਵਾਲਿਆਂ ਦਾ ਜਿਹੜਾ ਮੁੰਡਾ ਦੁੱਧ-ਦਹੀਂ ਦਾ ਵੱਡਾ ਚੋਰ, ਗੋਹੇ-ਗੋਬਰ ਨੂੰ ਸਿਰ ਤੇ ਢੋਂਦਾ ਫਿਰਦਾ ਸੀ, ਅੱਜ ਉਹ ਜਗਤ ਪਤੀ, ਮੁਰਾਰੀ, ਹਰੀ, ਸ੍ਰੀ ਵਤਸ ਆਦਿ ਸੰਬੋਧਨਾਂ ਨਾਲ ਬੁਲਾਇਆ ਜਾਂਦਾ ਹੈ ਅਤੇ ਮੂਰਖ ਆਦਮੀ ਉਸੇ ਦੀ ਉਸਤਤੀ ਕਰ ਰਹੇ ਹਨ।" (***ਔਚਿਤਯ ਵਿਚਾਰ ਚਰਚਾ*** 73)

ਉਪਰੋਕਤ ਸ਼ਲੋਕ ਵਿਚ ਆਚਾਰੀਆ ਕਸ਼ੇਮੇਂਦ੍ਰ ਨੇ ਭੂਤਕਾਲ ਦੀ ਕਿਰਿਆ ਨੂੰ ਵਰਤਮਾਨ ਸਮੇਂ ਦੇ ਸੰਦਰਭ ਵਿਚ ਪ੍ਰਗਟ ਕਰਨ ਦਾ ਨਿਵੇਕਲਾ ਯਤਨ ਜਾਂ ਉਪਰਾਲਾ ਕੀਤਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਭੂਤਕਾਲ ਦੀ ਕਿਰਿਆ ਨੂੰ ਵਰਤਮਾਨ ਕਾਲ ਦੇ ਸੰਦਰਭ ਵਿਚ ਅਤੇ ਵਰਤਮਾਨ ਕਾਲ ਦੀ ਕਿਰਿਆ ਨੂੰ ਭਵਿੱਖਤ ਕਾਲ ਦੇ ਸੰਦਰਭ ਵਿਚ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ, ਜਿਸ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

ਢੰਢੋਲਿਮੁ ਢੂਢਿਮੁ ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ॥ (138)

ਉਪਰੋਕਤ ਕਾਵਿ-ਸਤਰ ਵਿਚ ਗੁਰੂ ਅਰਜਨ ਦੇਵ ਜੀ ਨੇ ਭੂਤਕਾਲ ਦੀ ਕਿਰਿਆ ਨੂੰ ਵਰਤਮਾਨ ਸਮੇਂ ਦੇ ਸੰਦਰਭ ਵਿਚ ਪ੍ਰਗਟ ਕਰਨ ਦਾ ਨਿਵੇਕਲਾ ਯਤਨ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਮੈਂ ਇਹ ਢੂੰਢਿਆ ਜਾਂ ਭਾਲਿਆ ਹੈ ਕਿ ਇਹ ਸਾਰਾ ਜਗਤ ਜਾਂ ਸੰਸਾਰ ਚਿੱਟੇ ਰੰਗ ਦਾ ਮੰਦਰ (ਦੇਖਣ ਨੂੰ ਮਨਮੋਹਿਕ ਸੋਹਣਾ) ਹੈ, ਪਰੰਤੂ ਅਸਲ ਵਿਚ ਇਹ ਧੂੰਏ ਦਾ ਮੰਦਰ (ਨਸ਼ਟਮਾਨ ਜਾਂ ਸਦਾ ਰਹਿਣ ਵਾਲਾ ਨਹੀਂ) ਹੈ। ਇੱਥੇ ਗੁਰੂ ਜੀ ਨੇ ਭੂਤਕਾਲ ਨਾਲ ਸੰਬੰਧਿਤ ਸ਼ਬਦ 'ਢੂਢਿਮੁ' ਦੀ ਵਰਤੋਂ ਕੀਤੀ ਹੈ, ਜਿਸ ਦਾ ਅਰਥ ਢੂੰਢ ਜਾਂ ਲੱਭ (ਮਹਿਸੂਸ ਜਾਂ ਸਮਝ) ਲਿਆ ਹੈ।

ਬਨਿ ਭੀਹਾਵਲੈ ਹਿਕੁ ਸਾਥੀ ਲਧਮੁ ਦੁਖ ਹਰਤਾ ਹਰਿ ਨਾਮਾ॥ (519)

ਉਪਰੋਕਤ ਕਾਵਿ-ਪੰਕਤੀ ਵਿਚ ਗੁਰੂ ਅਰਜਨ ਦੇਵ ਜੀ ਨੇ ਭੂਤਕਾਲ ਦੀ ਕਿਰਿਆ ਨੂੰ ਵਰਤਮਾਨ ਸਮੇਂ ਦੇ ਸੰਦਰਭ ਵਿਚ ਪ੍ਰਗਟ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਮੈਂ ਇਸ ਡਰਾਉਣੇ ਜੰਗਲ (ਸੰਸਾਰ) ਵਿਚ ਇਹ ਮਹਿਸੂਸ ਕਰ ਲਿਆ ਹੈ ਜਾਂ ਇਹ ਅੰਦਾਜ਼ਾ ਲਗਾ ਲਿਆ ਹੈ ਕਿ ਇਕ ਪ੍ਰਭੂ ਜਾਂ ਪਰਮਾਤਮਾ ਤੋਂ ਬਿਨਾ ਹੋਰ ਕੋਈ ਵੀ ਮਨੁੱਖ ਦੇ ਦੁੱਖਾਂ ਦਾ ਖਾਤਮਾ ਜਾਂ ਅੰਤ ਨਹੀਂ ਕਰ ਸਕਦਾ ਹੈ। ਇੱਥੇ ਗੁਰੂ ਜੀ ਨੇ ਭੂਤਕਾਲ ਨਾਲ ਸੰਬੰਧਿਤ ਸ਼ਬਦ 'ਲਧਮੁ' ਦੀ ਵਰਤੋਂ ਕੀਤੀ ਹੈ, ਜਿਸ ਦਾ ਅਰਥ ਹੈ - ਲੱਭ ਲਿਆ ਹੈ ਜਾਂ ਮਹਿਸੂਸ ਕਰ ਲਿਆ ਹੈ ਜਾਂ ਸਮਝ ਲਿਆ ਹੈ।

ਤੈਡੈ ਸਿਮਰਣਿ ਹਭੁ ਕਿਛੁ ਲਧਮੁ ਬਿਖਮੁ ਨ ਡਿਠਮੁ ਕੋਈ॥ (520)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਨੇ ਭੂਤਕਾਲ ਦੀ ਕਿਰਿਆ ਨੂੰ ਵਰਤਮਾਨ ਕਾਲ ਦੇ ਸੰਦਰਭ ਵਿਚ ਪ੍ਰਗਟ ਕਰਨ ਦਾ ਨਿਵੇਕਲਾ ਯਤਨ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਮੈਂ ਜਦੋਂ ਦਾ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਸ਼ੁਰੂ ਕਰ ਦਿੱਤਾ ਹੈ, ਉਸ ਸਮੇਂ ਦੀ ਮੇਰੀ ਜਿੰਦਗੀ ਵਿਚ ਕੋਈ ਵੀ ਔਖਿਆਈ ਜਾਂ ਮੁਸੀਬਤ ਨਹੀਂ ਆਈ ਹੈ। ਇੱਥੇ ਗੁਰੂ ਜੀ ਨੇ ਭੂਤਕਾਲ ਨਾਲ ਸੰਬੰਧਿਤ ਸ਼ਬਦ 'ਡਿਠਮੁ' ਦੀ ਵਰਤੋਂ ਕੀਤੀ ਹੈ, ਜਿਸ ਦਾ ਅਰਥ ਹੈ - ਦੇਖ ਲਿਆ ਹੈ ਜਾਂ ਮਹਿਸੂਸ ਕਰ ਲਿਆ ਹੈ ਜਾਂ ਸਮਝ ਲਿਆ ਹੈ।

ਰਾਮ ਨਾਮੁ ਜੋ ਜਨੁ ਜਪੈ ਅਨਦਿਨੁ ਸਦ ਜਾਗੈ॥

ਤੰਤੁ ਮੰਤੁ ਨਹ ਜੋਹਈ ਤਿਤੁ ਚਾਖੁ ਨ ਲਾਗੈ॥ (817)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਨੇ ਵਰਤਮਾਨ ਕਾਲ ਦੀ ਕਿਰਿਆ ਨੂੰ ਭਵਿੱਖਤ ਕਾਲ ਦੇ ਸੰਦਰਭ ਵਿਚ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਜਿਹੜਾ ਮਨੁੱਖ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦਾ ਹੈ, ਉਹ ਹਰ ਸਮੇਂ ਪੰਜ ਵਿਕਾਰਾਂ (ਕਾਮ, ਕਰੋਧ, ਲੋਭ, ਮੋਹ, ਹੰਕਾਰ) ਤੋਂ ਦੂਰ ਰਹਿੰਦਾ ਹੈ, ਕੋਈ ਵੀ ਜਾਦੂ-ਟੂਣਾ ਉਸ 'ਤੇ ਅਸਰ ਨਹੀਂ ਕਰ ਸਕਦਾ ਅਤੇ ਉਸ ਨੂੰ ਕੋਈ ਵੀ ਭੈੜੀ ਨਜ਼ਰ ਨਹੀਂ ਲੱਗ ਸਕਦੀ। ਇੱਥੇ ਗੁਰੂ ਜੀ ਨੇ ਇਹ ਦੱਸਣ ਦਾ ਉਪਰਾਲਾ ਕੀਤਾ ਹੈ ਕਿ ਜਿਹੜਾ ਮਨੁੱਖ ਵਰਤਮਾਨ ਸਮੇਂ ਵਿਚ ਮਿਹਨਤ ਕਰਦਾ ਹੈ, ਉਸਦਾ ਭਵਿੱਖ ਉਜਵਲ ਹੋ ਜਾਂਦਾ ਹੈ।

**ਦੇਸ਼ ਸੰਬੰਧੀ ਔਚਿਤਯ**: ਜਦੋਂ ਕੋਈ ਕਵੀ ਆਪਣੀ ਕਾਵਿ-ਰਚਨਾ ਵਿਚ ਹਾਰਦਿਕ ਭਾਵਨਾ ਦੇ ਅਨੁਰੂਪ ਕਿਸੇ ਵਿਸ਼ੇਸ਼ ਦੇਸ਼ (ਸਥਾਨ) ਦੀ ਬਦਲਦੀ ਹੋਈ ਸਥਿਤੀ, ਨਦੀਆਂ, ਪਹਾੜਾਂ, ਜੰਗਲਾਂ, ਰੁੱਖਾਂ ਦੇ ਮਨੋਹਰ ਅਤੇ ਮਾਰਮਿਕ ਚਿਤਰ ਨੂੰ ਨਿਵੇਕਲੇ ਢੰਗ ਨਾਲ ਪ੍ਰਸਤੁਤ ਕਰਦਾ ਹੈ, ਤਾਂ ਉੱਥੇ ਦੇਸ਼ ਸੰਬੰਧੀ ਔਚਿਤਯ ਦੇਖਣ ਨੂੰ ਮਿਲਦਾ ਹੈ। 'ਦੇਸ਼ ਸੰਬੰਧੀ ਔਚਿਤਯਾ ਦੇ ਸੰਬੰਧ ਵਿਚ ਆਚਾਰੀਆ ਭਵਭੂਤੀ ਦੀ ਰਚਨਾ ਵਿਚੋਂ ਕਾਵਿ-ਬੰਦ ਜਾਂ ਸ਼ਲੋਕ ਹੇਠ ਲਿਖੇ ਅਨੁਸਾਰ ਹੈ:

> "ਜਿੱਥੇ ਪਹਿਲਾਂ ਨਦੀਆਂ ਦੀਆਂ ਧਾਰਾਂ ਵਗਿਆ ਕਰਦੀਆਂ ਸਨ, ਹੁਣ ਉੱਥੇ ਕਿਨਾਰੇ ਨਿਕਲ ਆਏ ਹਨ, ਰੁੱਖ ਜਿੱਥੇ ਸੰਘਣੇ ਸਨ, ਉੱਥੇ ਵਿਰਲੇ ਹੋ ਗਏ ਹਨ, ਜਿੱਥੇ ਵਿਰਲੇ ਸਨ, ਉੱਥੇ ਸੰਘਣੇ ਹੋ ਗਏ ਹਨ। ਕਾਫ਼ੀ ਸਮੇਂ ਬਾਅਦ ਵੇਖਣ ਕਰਕੇ ਇਹ ਬਣ (ਜੰਗਲ) ਹੋਰ ਹੀ ਲੱਗਦਾ ਹੈ। ਹਾਂ, ਪਹਾੜਾਂ ਦੇ ਪਹਿਲੀ ਥਾਵੇਂ ਹੋਣ ਕਰਕੇ ਇਹ ਨਿਸ਼ਚੇ ਹੁੰਦਾ ਹੈ ਕਿ ਇਹ ਉਹੋ ਹੀ ਬਣ (ਜੰਗਲ) ਹਨ।" (***ਔਚਿਤਯ ਵਿਚਾਰ ਚਰਚਾ*** 76)

ਉਪਰੋਕਤ ਸ਼ਲੋਕ ਵਿਚ ਕਾਫ਼ੀ ਵਰ੍ਹੇ ਬੀਤ ਜਾਣ ਤੋਂ ਬਾਅਦ ਕਿਸੇ ਦੇਸ਼ ਦੀ ਚਾਰੋਂ ਪਾਸੇ ਬਦਲਦੀ ਹੋਈ ਸਥਿਤੀ ਦਾ ਨਿਵੇਕਲੇ ਢੰਗ ਨਾਲ ਵਰਨਣ ਕੀਤਾ ਗਿਆ ਹੈ। ਇੱਥੇ ਕਾਫ਼ੀ ਸਮੇਂ ਬਾਅਦ ਜੰਗਲਾਂ ਵਿਚ ਆਈ ਅਦਲਾ-ਬਦਲੀ ਨੂੰ ਲੇਖਕ ਨੇ ਬੜੇ ਹੀ ਮਨਮੋਹਿਕ ਢੰਗ ਨਾਲ ਪ੍ਰਸਤੁਤ ਕੀਤਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੇ ਭਾਵ ਜਾਂ ਸੰਕਲਪ ਨੂੰ ਸਪੱਸ਼ਟ ਕਰਨ ਲਈ ਉਸ ਸਮੇਂ ਦੀ ਸਥਿੱਤੀ ਦਾ ਵਰਨਣ ਵੀ ਕੀਤਾ ਹੈ, ਜਿਸ ਤੋਂ ਸਾਨੂੰ ਉਸ ਸਮੇਂ ਦੀ ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਸਭਿਆਚਾਰਕ ਸਥਿੱਤੀ ਬਾਰੇ ਜਾਣਕਾਰੀ ਮਿਲਦੀ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚੋਂ 'ਦੇਸ਼ ਸੰਬੰਧੀ ਔਚਿਤਯ' ਨਾਲ ਸੰਬੰਧਿਤ ਕੁਝ ਕੁ ਉਦਾਹਰਨਾਂ ਹੇਠ ਲਿਖੇ ਅਨੁਸਾਰ ਹੈ:

ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚ ਵਣਾ॥ (133)

ਉਪਰੋਕਤ ਕਾਵਿ-ਤੁਕ ਵਿਚ ਗੁਰੂ ਅਰਜਨ ਦੇਵ ਜੀ ਆਮ ਪਾਠਕਾਂ ਜਾਂ ਸਾਧਕਾਂ ਨੂੰ ਇਹ ਦੱਸਦੇ ਹਨ ਕਿ ਪਰਮਾਤਮਾ ਜਲ, ਥਲ, ਧਰਤੀ, ਆਕਾਸ਼ ਅਤੇ ਜੰਗਲ-ਬੇਲਿਆਂ ਵਿਚ ਸਭ ਥਾਂ ਮੌਜੂਦ ਹੈ। ਇੱਥੇ ਗੁਰੂ ਜੀ ਨੇ ਆਪਣੇ ਭਾਵ ਦੇ ਅਰਥ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਜਲ, ਥਲ, ਧਰਤੀ, ਆਕਾਸ਼ ਅਤੇ ਜੰਗਲ-ਬੇਲਿਆਂ ਦਾ ਨਿਵੇਕਲੇ ਢੰਗ ਨਾਲ ਵਰਨਣ ਕੀਤਾ ਹੈ। ਇੱਥੇ ਗੁਰੂ ਜੀ ਨੇ ਆਪਣੇ ਭਾਵ ਦੇ ਅਰਥ ਨੂੰ ਹੋਰ ਵੀ ਸਰਲ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਲਈ 'ਬਾਰਹਮਾਹ ਮਾਝ' ਵਿਚ ਉਸ ਸਮੇਂ ਦੀ ਬਦਲਦੀ ਭੂਗੋਲਿਕ ਸਥਿਤੀ ਦੇ ਆਧਾਰ ਨੂੰ ਸੰਕਲਪਾਂ ਨੂੰ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ।

ਬਿਨੁ ਸਿਮਰਨੁ ਦਿਨੁ ਰੈਨਿ ਬਿਰਥਾ ਬਿਹਾਇ॥

ਮੇਘ ਬਿਨਾ ਜਿਉ ਖੇਤੀ ਜਾਇ॥ (268)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਆਮ ਪਾਠਕਾਂ ਜਾਂ ਸਾਧਕਾਂ ਨੂੰ ਇਹ ਦੱਸਦੇ ਹਨ ਕਿ ਜਿਵੇਂ ਮੀਂਹ ਤੋਂ ਬਗ਼ੈਰ ਖੇਤੀ ਜਾਂ ਫਸਲ ਨਸ਼ਟ ਹੋ ਜਾਂਦੀ ਹੈ, ਠੀਕ ਉਸੇ ਤਰ੍ਹਾਂ ਹੀ ਪਰਮਾਤਮਾ ਦੇ ਨਾਮ-

ਸਿਮਰਨ ਤੋਂ ਬਿਨਾਂ ਦਿਨ ਅਤੇ ਰਾਤ ਵਿਅਰਥ ਹੀ ਬੀਤ ਜਾਂਦੇ ਹਨ। ਇੱਥੇ ਸਾਨੂੰ ਉਸ ਸਮੇਂ ਬਾਰੇ ਜਾਣਕਾਰੀ ਮਿਲਦੀ ਹੈ ਕਿ ਫਸਲਾਂ ਕੇਵਲ ਮੀਂਹ ਦੇ ਉਪਰ ਹੀ ਨਿਰਭਰ ਸਨ, ਜੇਕਰ ਮੀਂਹ ਨਹੀਂ ਪੈਂਦਾ ਸੀ ਤਾਂ ਫਸਲਾਂ ਨਸ਼ਟ ਭਾਵ ਸੜ-ਸੁਕ ਜਾਂਦੀਆਂ ਸਨ। ਇੱਥੇ ਗੁਰੂ ਜੀ ਨੇ ਆਪਣੇ ਭਾਵ ਦੇ ਅਰਥ ਨੂੰ ਹੋਰ ਵੀ ਸਰਲ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਲਈ ਉਸ ਸਮੇਂ ਦੀ ਭੂਗੋਲਿਕ ਸਥਿਤੀ ਦਾ ਵਰਨਣ ਕੀਤਾ ਹੈ।

ਜਿਹ ਪ੍ਰਸਾਦਿ ਪਾਟ ਪਟੰਬਰ ਹਢਾਵਹਿ॥

ਤਿਸਹਿ ਤਿਆਗਿ ਕਤ ਅਵਰ ਲੁਭਾਵਹਿ॥ (269)

ਉਪਰੋਕਤ ਕਾਵਿ-ਸਤਰਾਂ ਵਿਚ ਗੁਰੂ ਅਰਜਨ ਦੇਵ ਜੀ ਆਮ ਪਾਠਕਾਂ ਜਾਂ ਸਾਧਕਾਂ ਨੂੰ ਇਹ ਦੱਸਦੇ ਹਨ ਕਿ ਜਿਸ ਪਰਮਾਤਮਾ ਜਾਂ ਪ੍ਰਭੂ ਦੀ ਕਿਰਪਾ ਨਾਲ ਤੂੰ ਰੇਸ਼ਮੀ ਕੱਪੜੇ ਹੰਢਾਉਂਦਾ ਹੈ, ਉਸ ਨੂੰ ਛੱਡ ਕੇ ਤੂੰ ਇਸ ਸੰਸਾਰ ਵਿਚ ਹੋਰ ਕਿਸ ਨੂੰ ਪ੍ਰਭਾਵਿਤ ਕਰਨ ਦਾ ਯਤਨ ਕਰ ਰਿਹਾ ਹੈ? ਇੱਥੇ ਗੁਰੂ ਜੀ ਨੇ ਆਪਣੇ ਭਾਵ ਦੇ ਅਰਥ ਨੂੰ ਹੋਰ ਵੀ ਸਰਲ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਲਈ ਉਸ ਸਮੇਂ ਦੀ ਆਰਥਿਕ ਸਥਿਤੀ ਦਾ ਵਰਨਣ ਕੀਤਾ ਹੈ ਕਿ ਉਸ ਸਮੇਂ ਕੁਝ ਲੋਕ ਪਾਟ ਪਟੰਬਰ (ਰੇਸ਼ਮ ਦੇ ਕੱਪੜੇ) ਪਹਿਨਦੇ ਸਨ।

ਜਿਹ ਪ੍ਰਸਾਦਿ ਅਸ੍ਵ ਹਸਤਿ ਅਸਵਾਰੀ॥

ਮਨ ਤਿਸੁ ਪ੍ਰਭ ਕਉ ਕਬਹੂ ਨ ਬਿਸਾਰੀ॥

ਜਿਹ ਪ੍ਰਸਾਦਿ ਬਾਗ ਮਿਲਖ ਧਨਾ॥

ਰਾਖੁ ਪਰੋਇ ਪ੍ਰਭੁ ਅਪੁਨੇ ਮਨਾ॥ (269)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਆਮ ਪਾਠਕਾਂ ਜਾਂ ਸਾਧਕਾਂ ਨੂੰ ਇਹ ਦੱਸਦੇ ਹਨ ਕਿ ਜਿਸ ਪਰਮਾਤਮਾ ਦੀ ਕਿਰਪਾ ਨਾਲ ਤੂੰ ਘੋੜਿਆਂ ਅਤੇ ਹਾਥੀਆਂ ਉਪਰ ਸਵਾਰੀ ਕਰਦਾ ਹੈਂ, ਉਸ ਪਰਮਾਤਮਾ ਨੂੰ ਕਦੇ ਵੀ ਮਨੋ ਨਾ ਭੁਲਾਵੀਂ। ਜਿਸ ਪ੍ਰਭੂ ਦੀ ਕਿਰਪਾ ਜਾਂ ਮਿਹਰ ਨਾਲ ਤੈਨੂੰ ਬਾਗ਼-ਬਗ਼ੀਚੇ, ਜ਼ਮੀਨਾਂ ਅਤੇ ਧਨ-ਦੌਲਤ ਦੀ ਪ੍ਰਾਪਤੀ ਹੋਈ ਹੈ, ਉਸ ਪਰਮਾਤਮਾ ਨੂੰ ਸਦਾ ਆਪਣੇ ਮਨ ਅੰਦਰ ਯਾਦ ਰੱਖੀ। ਇੱਥੇ ਗੁਰੂ ਜੀ ਨੇ ਆਪਣੇ ਭਾਵ ਦੇ ਅਰਥ ਨੂੰ ਹੋਰ ਵੀ ਸਰਲ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਲਈ ਉਸ ਸਮੇਂ ਦੀ ਸਥਿਤੀ ਦਾ ਵਰਨਣ ਕੀਤਾ ਹੈ ਕਿ ਉਸ ਸਮੇਂ ਲੋਕ ਘੋੜਿਆਂ ਅਤੇ ਹਾਥੀਆਂ ਉਪਰ ਸਵਾਰੀ ਕਰਦੇ ਸਨ ਅਤੇ ਕਈ ਲੋਕ ਬਾਗ਼-ਬਗ਼ੀਚੇ ਵੀ ਪਸੰਦ ਕਰਦੇ ਸਨ।

**ਅਵਸਥਾ ਸੰਬੰਧੀ ਔਚਿਤਯ**: ਜਿਵੇਂ ਬੁਧੀਮਾਨ ਵਿਅਕਤੀ ਦੁਆਰਾ ਕੀਤਾ ਗਿਆ ਹਰ ਕਾਰਜ ਸਤਿਕਾਰਿਆ ਜਾਂਦਾ ਹੈ, ਠੀਕ ਉਸੇ ਤਰ੍ਹਾਂ ਹੀ ਅਵਸਥਾ ਦੇ ਅਨੁਰੂਪ ਵਿਸ਼ੇ-ਵਸਤੂ ਦਾ ਵਰਨਣ ਕਵਿਤਾ ਦੀ ਸ਼ੋਭਾ ਵਧਾ ਦਿੰਦਾ ਹੈ। 'ਅਵਸਥਾ ਸੰਬੰਧੀ ਔਚਿਤਯਾ ਦੇ ਸੰਬੰਧ ਵਿਚ ਆਚਾਰੀਆ ਕਸ਼ੇਮੇਂਦ੍ਰ ਦੀ ਰਚਨਾ 'ਲਾਵਣ-ਯਾਵਤੀ' ਵਿਚੋਂ ਕਾਵਿ-ਬੰਦ ਜਾਂ ਸ਼ਲੋਕ ਹੇਠ ਲਿਖੇ ਅਨੁਸਾਰ ਹੈ:

> "ਬਾਲੜੀ ਹੁਣ ਮੁਟਿਆਰ ਹੋ ਰਹੀ ਹੈ, ਉਸ ਨੇ ਖੁਦ ਖੇਡਣਾ ਛੱਡ ਦਿੱਤਾ ਹੈ। ਨਿਆਣੀ ਉਮਰ ਵਾਲੀ ਚੰਚਲਤਾ ਨੂੰ ਵੀ ਛੱਡ ਦਿੱਤਾ ਹੈ। ਹੁਣ ਅਣਭੋਲਤਾ ਕਿਤੇ ਨਜ਼ਰ ਨਹੀਂ ਆਉਂਦੀ। ਹੱਥਣੀ ਵਰਗੀ ਮਸਤਾਨੀ ਚਾਲ ਹੁਣ ਉਸ ਨੂੰ ਚੱਲਣੀ ਆ ਗਈ ਹੈ, ਅੱਖਾਂ ਮਾਰਨੀਆਂ ਵੀ ਸਿੱਖ ਰਹੀ ਹੈ ਅਤੇ ਹਾਸੇ ਨੂੰ ਪ੍ਰਗਟ ਕਰਨ ਲਈ ਉਸ ਨੇ ਚਤੁਰਾਈ ਵਾਲੀ ਗੱਲਬਾਤ ਵੀ ਕਰਨੀ ਸ਼ੁਰੂ ਕਰ ਦਿੱਤੀ ਹੈ। ਹੁਣ ਉਸ ਮੁਟਿਆਰ ਨੂੰ ਆਪਣੇ ਜੋਬਨ ਅਤੇ ਹੁਸਣ ਦਾ ਮਾਣ ਹੋ ਰਿਹਾ ਹੈ।" (***ਔਚਿਤਯ ਵਿਚਾਰ ਚਰਚਾ*** 94)

ਉਪਰੋਕਤ ਸ਼ਲੋਕ ਵਿਚ ਕਸ਼ੇਮੇਂਦ੍ਰ ਨੇ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਬਾਲੜੀ ਬਾਲ ਅਵਸਥਾ ਨੂੰ ਛੱਡ ਕੇ ਜਵਾਨੀ ਵਿਚ ਪੈਰ ਰਖ ਰਹੀ ਹੈ। ਇੱਥੇ ਲੇਖਕ ਨੇ ਬਹੁਤ ਹੀ ਵਿਲੱਖਣ ਢੰਗ ਨਾਲ ਆਪਣੇ ਭਾਵ ਨੂੰ

ਪ੍ਰਗਟ ਜਾਂ ਸਪੱਸ਼ਟ ਕਰਨ ਲਈ ਬਾਲ ਅਵਸਥਾ ਅਤੇ ਜਵਾਨੀ ਦੀ ਅਵਸਥਾ ਦਾ ਪ੍ਰਭਾਵਸ਼ਾਲੀ ਢੰਗ ਨਾਲ ਵਰਨਣ ਕੀਤਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਵਿਚ ਮਨੁੱਖ ਦੇ ਜੀਵਨ ਨਾਲ ਸੰਬੰਧਿਤ ਚਾਰ ਅਵਸਥਾਵਾਂ (ਗਰਭ ਅਵਸਥਾ, ਬਾਲ ਅਵਸਥਾ, ਜਵਾਨੀ ਜਾਂ ਜੋਬਨ ਅਵਸਥਾ ਅਤੇ ਬਜ਼ੁਰਗ ਅਵਸਥਾ) ਦਾ ਬਹੁਤ ਹੀ ਵਿਲੱਖਣ ਢੰਗ ਨਾਲ ਵਰਨਣ ਕੀਤਾ ਹੈ, ਜਿੰਨ੍ਹਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ:

ਗਰਭ ਅਗਨਿ ਮਹਿ ਜਿਨਹਿ ਉਬਾਰਿਆ॥

ਬਾਰ ਬਿਵਸਥਾ ਤੁਝਹਿ ਪਿਆਰੈ ਦੂਧ॥

ਭਰਿ ਜੋਬਨ ਭੋਜਨ ਸੁਖ ਸੂਧ॥

ਬਿਰਧਿ ਭਇਆ ਊਪਰਿ ਸਾਕ ਸੈਨ॥ (1321)

ਉਪਰੋਕਤ ਕਾਵਿ-ਪੰਕਤੀਆਂ ਵਿਚ ਗੁਰੂ ਅਰਜਨ ਦੇਵ ਜੀ ਨੇ ਮਨੁੱਖੀ ਜੀਵਨ ਨਾਲ ਸੰਬੰਧਿਤ 'ਗਰਭ', 'ਬਾਲ', 'ਜਵਾਨੀ' ਅਤੇ 'ਬਿਰਧ' ਚਾਰ ਅਵਸਥਾਵਾਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਵਰਨਣ ਕੀਤਾ ਹੈ। ਗੁਰੂ ਜੀ ਦੇ ਅਨੁਸਾਰ ਪ੍ਰਭੂ ਜਾਂ ਪਰਮਾਤਮਾ ਨੇ ਮਨੁੱਖ ਨੂੰ ਨੌ ਮਹੀਨੇ ਮਾਂ ਦੇ ਗਰਭ ਵਿਚ ਬਚਾ ਕੇ ਰੱਖਿਆ, ਬਾਲ ਅਵਸਥਾ ਭਾਵ ਬਚਪਨ ਵਿਚ ਤੈਨੂੰ ਦੁੱਧ ਪਿਆ ਕੇ ਤੇਰੀ ਰੱਖਿਆ ਕੀਤੀ, ਭਰ ਜਵਾਨੀ ਵਿਚ ਤੇਰੀ ਭੋਜਨ ਅਤੇ ਹੋਰ ਸੁਖ-ਸਹੂਲਤਾਂ ਨਾਲ ਸਹਾਇਤਾ ਕੀਤੀ ਅਤੇ ਬਿਰਧ ਅਵਸਥਾ ਵਿਚ ਸਾਰੇ ਸਾਕ-ਸੰਬੰਧੀ ਤੇਰੀ ਸਹਾਇਤਾ ਜਾਂ ਮਦਦ ਕਰਨਗੇ। ਇੱਥੇ ਗੁਰੂ ਅਰਜਨ ਦੇਵ ਜੀ ਨੇ 'ਗਰਭ ਅਵਸਥਾ', 'ਬਾਲ ਅਵਸਥਾ', 'ਜਵਾਨੀ ਅਵਸਥਾ' ਅਤੇ 'ਬਿਰਧ ਅਵਸਥਾ' ਦੇ ਰਾਹੀਂ ਆਪਣੇ ਭਾਵ ਜਾਂ ਸੰਕਲਪ (ਨਾਮ-ਸਿਮਰਨ) ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਹੈ, ਜਿਸ ਨਾਲ ਸੰਕਲਪ ਵਧੇਰੇ ਗ੍ਰਹਿਣਸ਼ੀਲ ਬਣ ਸਕਿਆ ਹੈ।

ਉਪਰੋਕਤ ਵਿਚਾਰ ਚਰਚਾ ਦੇ ਸਿੱਟੇ ਵਜੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰੂ-ਕਵੀ ਅਰਜਨ ਦੇਵ ਜੀ ਨੇ ਆਪਣੀ ਕਵਿਤਾ ਵਿਚ ਦੂਜੇ ਕਵੀਆਂ ਨਾਲੋਂ ਸਰਲਤਾ, ਸਪੱਸ਼ਟਤਾ, ਵਿਲਿੱਖਣਤਾ, ਗ੍ਰਹਿਣਸ਼ੀਲਤਾ ਅਤੇ ਪ੍ਰਭਾਵਸ਼ੀਲਤਾ ਪੈਦਾ ਕਰਨ ਲਈ ਵਕ੍ਰੋਕਤੀ ਅਤੇ ਔਚਿਤਯ ਸਿਧਾਂਤ ਦੀ ਵਰਤੋਂ ਕੀਤੀ ਹੈ। ਵਕ੍ਰੋਕਤੀ ਸਿਧਾਂਤ ਰਾਹੀਂ ਗੁਰੂ ਜੀ ਨੇ ਬਾਣੀ ਦੀ ਸਿਰਜਨਾ ਕਰਦੇ ਸਮੇਂ ਇਕ ਵੱਖਰੀ ਸ਼ਬਦ-ਵਿਉਂਤ ਜਾਂ ਵਾਕ-ਵਿਉਂਤ ਦੀ ਵਰਤੋਂ ਕੀਤੀ ਹੈ, ਜਿਸ ਦੁਆਰਾ ਉਹ ਕੋਈ ਨਵਾਂ ਵਿਅੰਗ, ਅੰਦਾਜ਼ ਜਾਂ ਸੰਦਰਭ ਪੈਦਾ ਕਰ ਸਕਣ। ਗੁਰੂ ਅਰਜਨ ਬਾਣੀ ਨੂੰ ਵਕ੍ਰੋਕਤੀ ਸਿਧਾਂਤ ਦੇ ਵੱਖ-ਵੱਖ ਸਿਧਾਂਤਾਂ (ਅੱਖਰਾਂ, ਸ਼ਬਦਾਂ, ਪਿਛੇਤਰਾਂ, ਵਾਕਾਂ, ਉਪਕਥਾਵਾਂ ਅਤੇ ਮਹਾਂਕਾਵਿ) ਦੇ ਸੰਦਰਭ ਵਿਚ ਗੁਰੂ ਜੀ ਦੀ ਵਰਨਣ-ਸ਼ੈਲੀ ਦੀ ਵਿਲੱਖਣਤਾ, ਅਲੋਕਿਕਤਾ ਅਤੇ ਵਿਚਿੱਤਰਰਤਾ ਦੇ ਗੌਰਵਸ਼ਾਲੀ ਰੂਪ ਨੂੰ ਸਪੱਸ਼ਟ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ। ਔਚਿਤਯ ਸਿਧਾਂਤ ਰਾਹੀਂ ਗੁਰੂ ਅਰਜਨ ਦੇਵ ਜੀ ਨੇ ਆਪਣੀ ਰਚਨਾ ਦੇ ਗੌਰਵ ਅਤੇ ਮਰਿਯਾਦਾ ਦੀ ਉਚਿੱਚਤਾ ਜਾਂ ਵਿਸ਼ਿਸ਼ਟਤਾ ਨੂੰ ਪ੍ਰਮਾਣਿਤ ਕਰਨ ਲਈ ਵਿਚ ਹਰੇਕ ਅੱਖਰ, ਸ਼ਬਦ, ਵਾਕੰਸ਼ ਅਤੇ ਵਾਕ ਨੂੰ ਉਚਿਤ (ਸਹੀ ਜਾਂ ਢੁਕਵੀਂ) ਥਾਂ 'ਤੇ ਟਿਕਾਇਆ ਗਿਆ ਹੈ। ਭਾਰਤੀ ਕਾਵਿ-ਸ਼ਾਸਤਰ ਦੇ ਵਕ੍ਰੋਕਤੀ ਅਤੇ ਔਚਿਤਯ ਸਿਧਾਂਤ ਦੇ ਸੰਦਰਭ ਵਿਚ ਵਿਲੱਖਣ ਅਤੇ ਪ੍ਰਤਿਭਾਸ਼ਾਲੀ ਕਵੀ ਦੇ ਰੂਪ ਵਿਚ ਗੁਰੂ ਅਰਜਨ ਦੇਵ ਜੀ ਨੇ ਆਪਣੀ ਗੁਰਬਾਣੀ ਦੇ ਅਰਥਾਂ ਨੂੰ ਹੋਰ ਵਧੇਰੇ ਸਪੱਸ਼ਟ, ਸਰਲ, ਵਿਲੱਖਣ ਬਣਾਉਣ ਲਈ ਵਕ੍ਰੋਕਤੀ ਅਤੇ ਔਚਿਤਯ ਸਿਧਾਂਤ ਦੀ ਵਰਤੋਂ ਕਰਨ ਦਾ ਵਿਲੱਖਣ ਅਤੇ ਸਫਲਤਾਪੂਰਵਕ ਉਪਰਾਲਾ ਕੀਤਾ ਗਿਆ ਹੈ।

## ਸਾਰ ਤੇ ਸਥਾਪਨਾਵਾਂ

ਗੁਰਮਤਿ-ਕਾਵਿ ਮੱਧ-ਕਾਲੀਨ ਪੰਜਾਬੀ ਸਾਹਿਤ ਦੀ ਅਧਿਆਤਮਿਕ ਵਿਰਾਸਤ ਦਾ ਇੱਕ ਗੌਰਵਮਈ ਰੂਪ ਹੈ ਜੋ ਸੂਫ਼ੀ-ਕਾਵਿ, ਕਿੱਸਾ-ਕਾਵਿ ਅਤੇ ਬੀਰ-ਕਾਵਿ ਧਾਰਾਵਾਂ ਦੇ ਸਮਾਨਾਂਤਰ ਹੀ ਪ੍ਰਵਾਹਮਾਨ ਹੁੰਦਾ ਹੋਇਆ, ਆਪਣੇ ਵਿਸ਼ਿਸ਼ਟ ਗੁਣਾਂ ਅਤੇ ਆਪਣੇ ਉਦੇਸ਼-ਸੰਦੇਸ਼ ਕਰ ਕੇ ਨਿਵੇਕਲਾ ਤੇ ਵਿਲੱਖਣ ਸਥਾਨ ਸਥਾਪਿਤ ਕਰਦਾ ਹੈ। ਗੁਰਮਤਿ ਕਾਵਿ ਜਿੱਥੇ ਮਨੁੱਖ ਦੇ ਆਦਰਸ਼ ਦੇ ਨਿਰਮਾਣ ਦੀ ਸੰਭਾਵਨਾਵਾਂ ਪੈਦਾ ਕਰਦਾ ਹੈ; ਰੂਹਾਨੀ ਵਿਕਾਸ ਲਈ ਵਚਨਬੱਧ ਹੁੰਦਾ ਹੈ; ਉੱਥੇ ਉਸਦੀ ਸਮਾਜਕ ਹੋਂਦ ਦੀ ਪ੍ਰਮਾਣਿਕਤਾ ਲਈ ਵੀ ਪ੍ਰਤੀਬੱਧ ਹੁੰਦਾ ਹੈ; ਅਰਥਾਤ ਗੁਰਮਤਿ ਧਾਰਾ ਵਿੱਚ ਅਧਿਆਤਮਿਕਤਾ ਅਤੇ ਦਾਰਸ਼ਨਿਕਤਾ ਸਮਾਜਿਕ ਸੰਦਰਭ ਵਿੱਚ ਅਰਥਵਾਨ ਹੁੰਦੀਆਂ ਹਨ। ਗੁਰਮਤਿ-ਕਾਵਿ ਵਿੱਚ ਹੱਕ, ਸੱਚ ਅਤੇ ਨਿਆਂ ਉੱਤੇ ਪਹਿਰਾ ਦਿੰਦਿਆਂ ਗੁਰੂਆਂ, ਭਗਤਾਂ, ਸੂਫ਼ੀਆਂ ਅਤੇ ਸੰਤਾਂ ਨੇ ਜੀਵ, ਜਗਤ ਅਤੇ ਬ੍ਰਹਮ ਦੇ ਸੰਬੰਧਾਂ ਨੂੰ ਸਮਝਣ ਲਈ ਭਾਵਨਾ ਦੇ ਨਾਲ-ਨਾਲ ਬੁੱਧ-ਬਿਬੇਕ ਨੂੰ ਵੀ ਸਾਧਿਆ। ਪੰਜਾਬੀ ਸਾਹਿਤ ਵਿੱਚ, ਉੱਤਮਤਾ ਅਤੇ ਵਿਲੱਖਣਤਾ ਕਾਰਨ ਹੀ ਗੁਰਮਤਿ ਕਾਵਿ ਇੱਕ ਵੱਖਰੀ ਸਾਹਿਤਕ ਧਾਰਾ ਵਾਂਗ ਉਗਮਿਆ ਅਤੇ ਵਿਗਮਿਆ ਹੈ। ਇਸ ਕਾਵਿ ਧਾਰਾ ਅਧੀਨ ਪਹਿਲੀ ਵਾਰ ਸਾਹਿਤ, ਸਮਾਜ, ਧਰਮ ਅਤੇ ਆਮ ਜੀਵਨ ਚੇਤੰਨ ਤੌਰ ਤੇ ਇੱਕ ਦੂਜੇ ਦੇ ਪੂਰਕ ਬਣਦੇ ਹਨ। ਇਸ ਵਿਲੱਖਣਤਾ ਦੇ ਪਿਛੋਕੜ ਵਿਚ ਕਾਰਜਸ਼ੀਲ ਗੁਰਬਾਣੀ ਰਚਣਹਾਰਿਆਂ ਦੀ ਭੂਮਿਕਾ ਬੜੀ ਸਾਰਥਕ ਅਤੇ ਅਰਥਭਰਪੂਰ ਰਹੀ ਹੈ। ਇਸ ਸੰਦਰਭ ਵਿਚ ਗੁਰੂ ਅਰਜਨ ਸਾਹਿਬ ਪੰਜਾਬੀ ਸਾਹਿਤ ਦੇ ਇੱਕ ਸਰਵੋਤਮ ਬਾਣੀਕਾਰ ਅਤੇ ਸੰਪਾਦਕ ਦੇ ਰੂਪ ਵਿਚ ਪੇਸ਼ ਹੁੰਦੇ ਹਨ। ਇਸ ਖੋਜ-ਪ੍ਰਬੰਧ ਵਿਚ ਗੁਰੂ ਅਰਜਨ ਦੇਵ ਜੀ ਦੀ ਸਮੁੱਚੀ ਗੁਰਬਾਣੀ ਵਿਚਲੀ ਵਿਲੱਖਣਤਾ, ਕਲਾਤਮਕਤਾ, ਸਿਰਜਨਾਤਮਕਤਾ ਅਤੇ ਸ਼ਿਲਪ-ਵਿਧਾਨ ਨਾਲ ਸੰਬੰਧਿਤ ਗੁਣਾਂ ਨੂੰ ਸਮਝਣ ਅਤੇ ਪਰਖਣ ਲਈ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ (ਰਸ, ਅਲੰਕਾਰ, ਧੁਨੀ, ਰੀਤੀ, ਵਕ੍ਰੋਕਤੀ ਅਤੇ ਔਚਿਤਯ) ਦੇ ਸੰਦਰਭ ਵਿਚ ਅਧਿਐਨ ਕਰਨ ਦਾ ਨਿਵੇਕਲਾ ਉਪਰਾਲਾ ਜਾਂ ਯਤਨ ਕੀਤਾ ਗਿਆ ਹੈ।

ਇਸ ਖੋਜ-ਕਾਰਜ ਨੂੰ ਇਕ ਸੁਚੱਜੇ ਪ੍ਰਬੰਧ ਵਿਚ ਬੰਨ੍ਹਣ ਲਈ ਖੋਜ-ਪ੍ਰਬੰਧ ਨੂੰ ਛੇ ਅਧਿਆਇਆਂ ਅਧੀਨ ਵੱਖ-ਵੱਖ ਭਾਗਾਂ ਅਤੇ ਉਪ-ਭਾਗਾਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਖੋਜ-ਕਾਰਜ : ਸਿਧਾਂਤਕ ਪਰਿਪੇਖ ਦੁਆਰਾ ਇਸ ਖੋਜ-ਪ੍ਰਬੰਧ ਦੇ ਵਿਸ਼ੇ, ਖੇਤਰ, ਸਾਰਥਿਕਤਾ, ਪੂਰਵ ਖੋਜ ਸਰਵੇਖਣ,

ਖੋਜ-ਵਿਧੀ ਜਾਂ ਪਹੁੰਚ ਵਿਧੀ, ਗੁਰੂ ਅਰਜਨ ਦੇਵ ਜੀ ਦੀ ਸ਼ਖ਼ਸੀਅਤ, ਬਾਣੀ-ਸੰਸਾਰ ਅਤੇ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ (ਰਸ, ਧੁਨੀ, ਅਲੰਕਾਰ, ਰੀਤੀ, ਵਕ੍ਰੋਕਤੀ, ਔਚਿਤਯ) ਬਾਰੇ ਸਿਧਾਂਤਕ ਜਾਣਕਾਰੀ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ। ਪਹਿਲੇ ਅਧਿਆਇ ਵਿਚ ਇਹ ਪ੍ਰਸਤੁਤ ਦਾ ਉਪਰਾਲਾ ਕੀਤਾ ਗਿਆ ਹੈ ਕਿ ਖੋਜ ਜਾਂ ਰਿਸਰਚ ਇਕ ਅਜਿਹੀ ਤਕਨੀਕ ਹੈ ਜਿਸ ਵਿਚ ਵੱਖ-ਵੱਖ ਨਿਯਮਾਂ, ਢੰਗਾਂ ਅਤੇ ਸਾਧਨਾਂ ਦੀ ਵਰਤੋਂ ਕਰਕੇ ਕਿਸੇ ਨਵੇਂ ਸੰਕਲਪ ਜਾਂ ਸਮੱਸਿਆ ਦਾ ਹੱਲ ਲੱਭਣ ਦਾ ਯਤਨ ਕੀਤਾ ਜਾਂਦਾ ਹੈ। ਖੋਜ-ਕਾਰਜ ਵਿਚ ਖੋਜਾਰਥੀ ਗਿਆਨ ਦੇ ਵੱਖ-ਵੱਖ ਸਰੋਤਾਂ ਅਤੇ ਵੱਖ-ਵੱਖ ਖੋਜ-ਢੰਗਾਂ ਰਾਹੀਂ ਖੋਜ ਨਾਲ ਸੰਬੰਧਿਤ ਤੱਥਾਂ ਨੂੰ ਇੱਕਠੇ ਕਰਦਾ ਹੈ ਤੇ ਫਿਰ ਘੋਖਵੀਂ ਜਾਂਚ, ਛਾਣ ਬੀਣ, ਤੁਲਨਾਤਮਕ ਅਧਿਐਨ ਅਤੇ ਪ੍ਰਮਾਣਿਕਤਾ ਦੁਆਰਾ ਸਿਧਾਂਤ ਜਾਂ ਸੰਕਲਪ ਨੂੰ ਪਾਠਕਾਂ ਜਾਂ ਸਮਾਜ ਦੇ ਸਾਹਮਣੇ ਪ੍ਰਸਤੁਤ ਕਰਦਾ ਹੈ। ਖੋਜ-ਕਾਰਜ ਲਈ ਚੁਣੇ ਗਏ ਵਿਸ਼ੇ ਦੇ ਨਿਵੇਕਲੇਪਣ ਅਤੇ ਮੌਲਿਕਤਾ ਲਈ ਹੁਣ ਤੱਕ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਿਤ ਪੂਰਵ ਖੋਜ-ਕਾਰਜਾਂ ਦਾ ਸਰਵੇਖਣ ਵੀ ਇਸੇ ਅਧਿਆਇ ਵਿਚ ਕੀਤਾ ਗਿਆ ਹੈ। ਇਸ ਉਪਰੰਤ ਇਸ ਅਧਿਆਇ ਵਿਚ ਇਸ ਖੋਜ-ਕਾਰਜ ਦੇ ਵਿਸ਼ੇ ਬਾਰੇ ਦੱਸਿਆ ਗਿਆ ਹੈ ਜੋ ਕਿ 'ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਅਧਿਐਨ' ਚੁਣਿਆ ਗਿਆ ਹੈ, ਜਿਸ ਰਾਹੀਂ ਇਹ ਅਧਿਐਨ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ (ਰਸ, ਧੁਨੀ, ਅਲੰਕਾਰ, ਰੀਤੀ, ਵਕ੍ਰੋਕਤੀ ਅਤੇ ਔਚਿਤਯ) ਦੀ ਕੀ ਉਪਯੋਗਤਾ ਹੈ ਤੇ ਇਹ ਸਿਧਾਂਤ ਗੁਰੂ ਅਰਜਨ ਦੇਵ ਜੀ ਦੀ ਸਮੁੱਚੀ ਬਾਣੀ ਦੀ ਵਰਤਮਾਨ ਸੰਚਾਰ ਪ੍ਰਕਿਰਿਆ ਵਿਚ ਕੀ ਮਹੱਤਵ ਰੱਖਦੇ ਹਨ? ਅਸੀਂ ਇਸ ਖੋਜ-ਕਾਰਜ ਦੁਆਰਾ ਇਹ ਪ੍ਰਮਾਣਿਤ ਕਰਨ ਦਾ ਯਤਨ ਕੀਤਾ ਗਿਆ ਹੈ ਕਿ ਗੁਰੂ ਜੀ ਦੀ ਬਾਣੀ ਵਿਚ ਵਰਤੇ ਗਏ ਅੱਖਰ, ਸ਼ਬਦ, ਵਾਕ, ਰਸ, ਅਲੰਕਾਰ, ਸ਼ਬਦ-ਸ਼ਕਤੀਆਂ, ਰੀਤੀ ਅਤੇ ਵਕ੍ਰੋਕਤੀ ਗੁਰਬਾਣੀ ਵਿਚਲੀ ਵਿਚਾਰਧਾਰਾ ਦੇ ਅਰਥਾਂ ਨੂੰ ਵਧੇਰੇ ਸਰਲ, ਰੌਚਕ, ਸਪੱਸ਼ਟ, ਵਿਲੱਖਣ, ਪ੍ਰਭਾਵਸ਼ਾਲੀ ਅਤੇ ਗ੍ਰਹਿਣਸ਼ੀਲ ਕਿਵੇਂ ਬਣਾਉਂਦੇ ਹਨ? ਇਸ ਖੋਜ-ਕਾਰਜ ਦੀ ਸਾਰਥਿਕਤਾ ਇਹ ਪ੍ਰਮਾਣਿਤ ਕਰਨ ਵਿਚ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਦੀ ਰਚਨਾ ਕਰਦੇ

ਸਮੇਂ ਆਪਣੇ ਭਾਵ ਜਾਂ ਸੰਕਲਪ ਦੇ ਅਰਥ ਨੂੰ ਵਧੇਰੇ ਸਪੱਸ਼ਟ, ਵਿਲੱਖਣ, ਦ੍ਰਿੜ੍ਹ ਅਤੇ ਗ੍ਰਹਿਣਯੋਗ ਬਣਾਉਣ ਲਈ ਕਿਹੋ ਜਿਹੀਆਂ ਕਲਾਤਮਕ ਜਾਂ ਸ਼ਿਲਪ-ਵਿਧਾਨ ਨਾਲ ਸੰਬੰਧਿਤ ਜੁਗਤਾਂ ਦੀ ਵਰਤੋਂ ਕੀਤੀ ਹੈ?

ਇਸ ਉਪਰੰਤ ਪਹਿਲੇ ਅਧਿਆਇ ਵਿਚ ਖੋਜ-ਕਾਰਜ ਦੇ ਉਦੇਸ਼ਾਂ ਬਾਰੇ ਜਾਣਕਾਰੀ ਪ੍ਰਸਤੁਤ ਕੀਤੀ ਗਈ ਹੈ। ਖੋਜ ਕਾਰਜ ਨੂੰ ਵਿਗਿਆਨਿਕ ਤੇ ਤਰਕਸੰਗਤ ਬਣਾਉਣ ਲਈ ਕਿਸੇ ਵਿਸ਼ੇਸ਼ ਖੋਜ-ਵਿਧੀ ਨੂੰ ਲਾਗੂ ਕਰਨਾ ਜ਼ਰੂਰੀ ਹੁੰਦਾ ਹੈ। ਇਸ ਅਧਿਆਇ ਵਿਚ ਖੋਜ-ਕਾਰਜ ਦੀਆਂ ਪਹੁੰਚ ਵਿਧੀਆਂ (ਪਾਠ ਮੁਲੰਕਣ ਵਿਧੀ, ਸਰਬਗਰਾਹੀ-ਉਦਾਰਚਿਤ) ਬਾਰੇ ਜਾਣਕਾਰੀ ਵੀ ਪ੍ਰਦਾਨ ਕੀਤੀ ਗਈ ਹੈ। ਇਸ ਉਪਰੰਤ ਗੁਰੂ ਅਰਜਨ ਦੇਵ ਜੀ ਦੇ ਜੀਵਨ, ਸ਼ਖ਼ਸੀਅਤ ਅਤੇ ਸਾਹਿਤਿਕ ਯੋਗਦਾਨ ਬਾਰੇ ਜਾਣਕਾਰੀ ਪ੍ਰਸਤੁਤ ਕੀਤੀ ਗਈ ਹੈ। ਇਸ ਖੋਜ-ਕਾਰਜ ਦਾ ਆਧਾਰ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ (ਰਸ, ਧੁਨੀ, ਅਲੰਕਾਰ, ਰੀਤੀ, ਵਕ੍ਰੋਕਤੀ ਅਤੇ ਔਚਿਤਯ) ਨੂੰ ਬਣਾਇਆ ਗਿਆ ਹੈ ਅਤੇ ਇਨ੍ਹਾਂ ਛੇ ਸਿਧਾਂਤਾਂ ਦੇ ਸਿਧਾਂਤਕ ਪਰਿਪੇਖ ਨੂੰ ਵੀ ਇਸੇ ਅਧਿਆਇ ਦੇ ਅੰਤ ਵਿਚ ਪ੍ਰਸਤੁਤ ਕੀਤਾ ਗਿਆ ਹੈ। ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤ ਕਿਉਂਕਿ ਖੋਜ-ਕਾਰਜ ਦੇ ਸਿਧਾਂਤਕ ਅਧਿਐਨ ਨਾਲ ਸੰਬੰਧਿਤ ਹਨ ਇਸ ਲਈ ਇਹ ਪਹਿਲੇ ਅਧਿਆਇ ਵਿਚ ਸਿਧਾਂਤਕ ਚਰਚਾ ਦਾ ਮੁੱਖ ਵਿਸ਼ਾ ਬਣਾਇਆ ਗਿਆ ਹੈ।

ਦੂਜੇ ਅਧਿਆਇ 'ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ : ਰਸ ਸੰਪਰਦਾਇ' ਦੁਆਰਾ ਗੁਰੂ ਅਰਜਨ ਦੇਵ ਜੀ ਦੀ ਸਮੁੱਚੀ ਬਾਣੀ ਦਾ ਰਸ ਸਿਧਾਂਤ, ਰਸ ਦੀ ਪ੍ਰਕਿਰਿਆ (ਵਿਭਾਵ, ਅਨੁਭਾਵ, ਸੰਚਾਰੀ ਭਾਵ, ਸਥਾਈ ਭਾਵ) ਅਤੇ ਰਸ ਦੀਆਂ ਵਿਭਿੰਨ ਕਿਸਮਾਂ ਦੇ ਸੰਦਰਭ ਵਿਚ ਰਸ ਸਿਧਾਂਤ ਦੀ ਭੂਮਿਕਾ ਤੇ ਸਾਰਥਿਕਤਾ ਦਾ ਅਧਿਐਨ ਕਰਨਾ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਵਰਤੇ ਗਏ ਵੱਖ-ਵੱਖ ਰਸਾਂ ਦੀ ਪੇਸ਼ਕਾਰੀ ਦੀ ਵਿਲੱਖਣਤਾ ਇਸ ਤੱਥ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਗੁਰੂ ਸਾਹਿਬ ਜੀ ਸਾਧਕ, ਸਰੋਤੇ ਜਾਂ ਪਾਠਕ ਦੀ ਅਭਿਵਿਅਕਤੀ ਨੂੰ ਮੋਹ ਲੈਂਦੇ ਹਨ ਅਤੇ ਉਨ੍ਹਾਂ ਦੇ ਅੰਦਰ ਵੀ ਉਹੀ ਅਨੁਭੂਤੀ ਪੈਦਾ ਹੋ ਜਾਂਦੀ ਹੈ ਜਿਸ ਦਾ ਅਹਿਸਾਸ ਉਸ ਸਮੇਂ ਗੁਰੂ ਜੀ ਨੂੰ ਹੋਇਆ ਸੀ। ਗੁਰੂ ਅਰਜਨ ਦੇਵ ਜੀ ਦੁਆਰਾ ਵਰਤੇ ਗਏ ਰਸਾਂ ਦਾ ਕਮਾਲ ਇਸ ਤੱਥ ਵਿਚ ਹੈ ਕਿ ਰਸਾਂ ਦੇ ਮਾਧਿਅਮ ਰਾਹੀਂ ਗੁਰੂ ਜੀ ਨੇ ਜੀਵਨ ਦੀਆਂ ਵਿਭਿੰਨ

ਪਰਿਸਥਿਤੀਆਂ ਨੂੰ ਨਿਵੇਕਲੇ ਢੰਗ ਨਾਲ ਪ੍ਰਸਤੁਤ ਕੀਤਾ ਹੈ ਪਰੰਤੂ ਰਸਾਂ ਦੀ ਵਰਤੋਂ ਦਾ ਪ੍ਰਯੋਜਨ ਕੇਵਲ ਮਨੁੱਖ ਦੀ ਸ਼ਖ਼ਸ਼ੀਅਤ ਦਾ ਅਧਿਆਤਮਕ ਵਿਕਾਸ ਕਰਨਾ ਹੈ। ਗੁਰੂ ਜੀ ਦੁਆਰਾ ਵਰਤੇ ਗਏ ਸਾਰੇ ਰਸ ਭਗਤੀ ਰਸ ਦਾ ਮੂਲ ਸਰੋਤ ਬਣ ਜਾਂਦੇ ਹਨ। ਗੁਰੂ ਜੀ ਨੇ ਕਲਾਤਮਕਤਾ ਅਤੇ ਸੁਹਜਾਤਮਕਤਾ ਦੀ ਪ੍ਰਮਾਣਿਤਾ ਨੂੰ ਪ੍ਰਸਤੁਤ ਕਰਦੇ ਹੋਏ ਵਿਭਾਵ, ਅਨੁਭਾਵ, ਸੰਚਾਰੀ ਤੇ ਸਥਾਈ ਭਾਵਾਂ ਦੀ ਬੜੀ ਹੀ ਯੋਗ ਅਤੇ ਸੁਚੱਜੀ ਵਰਤੋਂ ਨਾਲ ਰਸ ਦੀ ਉਤਪਤੀ ਕੀਤੀ ਹੈ ਅਤੇ ਆਪਣੇ ਵਿਚਾਰ ਨੂੰ ਸਰਲ, ਸਪੱਸ਼ਟ, ਦ੍ਰਿੜ ਅਤੇ ਵਧੇਰੇ ਗ੍ਰਹਿਣਯੋਗ ਬਣਾਇਆ ਹੈ।

ਗੁਰਬਾਣੀ ਹਿੰਮਤ, ਚਾਓ, ਭਗਤੀ, ਸਾਧਨਾ ਅਤੇ ਉਤਸ਼ਾਹ ਦਾ ਸਾਹਿਤ ਰਿਹਾ ਹੈ। ਇਸੇ ਤੱਥ ਨੂੰ ਗੁਰੂ ਸਾਹਿਬ ਜੀ ਨੇ ਧਿਆਨ ਵਿਚ ਰੱਖਦਿਆਂ ਹੋਇਆਂ ਸ਼੍ਰਿੰਗਾਰ ਰਸ ਨੂੰ ਵਰਤ ਕੇ ਦੁਨਿਆਵੀਂ ਪਰਿਸਥਿਤੀਆਂ ਰਾਹੀਂ ਅਧਿਆਤਮਕ ਆਦਰਸ਼ਾਂ ਦੀ ਪੂਰਤੀ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ। ਜੇਕਰ ਕਰੁਣਾ ਰਸ ਦੀ ਗੱਲ ਕਰੀਏ ਤਾਂ ਉਦਾਸੀ ਦਾ ਮਾਹੌਲ ਪੈਦਾ ਕਰਨ ਦੀ ਬਜਾਏ ਗੁਰੂ ਜੀ ਨੇ ਅਜਿਹੀਆਂ ਸਥਿਤੀਆਂ ਨੂੰ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ ਕਿ ਪਾਠਕਾਂ ਜਾਂ ਸਾਧਕਾਂ ਵਿਚ ਹਿੰਮਤ ਤੇ ਚਾਓ ਪੈਦਾ ਕੀਤਾ ਜਾ ਸਕੇ। ਗੁਰੂ ਅਰਜਨ ਦੇਵ ਜੀ ਦੁਆਰਾ ਵਰਤਿਆ ਗਿਆ ਵੀਭਤਸ ਰਸ ਘਿਰਣਾ ਜਾਂ ਘਿਣ ਪੈਦਾ ਕਰਨ ਦੀ ਬਜਾਏ ਇਕ ਆਦਰਸ਼ ਮਨੁੱਖ ਦੀ ਸਿਰਜਨਾ ਕਰਨ ਵਿਚ ਸਹਾਇਤਾ ਕਰਦਾ ਹੈ। ਗੁਰੂ ਜੀ ਦੁਆਰਾ ਵਰਤੇ ਗਏ ਹਰ ਰਸ ਦੀ ਉਤਪਤੀ ਪਿੱਛੇ ਕੋਈ ਨਾ ਕੋਈ ਵਿਚਾਰ ਕਾਰਜਸ਼ੀਲ ਹੁੰਦਾ ਦਿਖਾਈ ਦਿੰਦਾ ਹੈ। ਗੁਰੂ ਜੀ ਦੀ ਬਾਣੀ ਵਿਚਲੇ ਰਸਾਂ ਦਾ ਮੁੱਖ ਪ੍ਰਯੋਜਨ ਅਧਿਆਤਮਕ ਮੰਜਿਲਾਂ ਨੂੰ ਸਰ ਕਰਦੇ ਹੋਏ ਇਕ ਆਦਰਸ਼ਕ ਮਨੁੱਖ ਦੀ ਸਿਰਜਣਾ ਕਰਨਾ ਹੈ।

ਤੀਜੇ ਅਧਿਆਇ 'ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ : ਧੁਨੀ ਸੰਪਰਦਾਇ' ਦੁਆਰਾ ਗੁਰੂ ਅਰਜਨ ਦੇਵ ਜੀ ਦੀ ਸਮੁੱਚੀ ਬਾਣੀ ਵਿਚੋਂ ਅਭਿਧਾ, ਲਕਸ਼ਣਾਂ ਅਤੇ ਵਿਅੰਜਨਾ ਸ਼ਬਦ ਸ਼ਕਤੀਆਂ ਦਾ ਨਿਵੇਕਲੇ ਢੰਗ ਰਾਹੀਂ ਪ੍ਰਸਤੁਤੀਕਰਨ ਕੀਤਾ ਗਿਆ ਹੈ। ਧੁਨੀ ਸਿਧਾਂਤ ਦਾ ਸੰਬੰਧ ਸਿੱਧੇ ਰੂਪ ਵਿਚ ਸੰਚਾਰ-ਜੁਗਤਾਂ ਨਾਲ ਸੰਬੰਧਿਤ ਹੈ। ਕਵੀ ਦਾ ਸੰਚਾਰ ਉਦੋਂ ਹੀ ਸਫ਼ਲ ਮੰਨਿਆ ਜਾਂਦਾ ਹੈ ਜਦੋਂ ਉਸ ਦੀ ਪੇਸ਼ਕਾਰੀ

ਨਾਲ ਅਰਥਾਂ ਦਾ ਸਰਲ ਬੋਧ ਜਾਂ ਸਪੱਸ਼ਟੀਕਰਨ ਹੋਵੇ। ਭਾਰਤੀ ਕਾਵਿ-ਸ਼ਾਸਤਰ ਦੇ ਅਨੁਸਾਰ ਕਵੀ ਕਾਵਿ ਜਾਂ ਕਵਿਤਾ ਵਿਚਲੇ ਸ਼ਬਦਾਂ ਦੇ ਅਰਥ ਅਤੇ ਉਨ੍ਹਾਂ ਅਰਥਾਂ ਦੇ ਹੋਰ ਅਗਲੇਰੇ ਜਾਂ ਨਵੇਂ ਅਰਥ ਪ੍ਰਸਤੁਤ ਕਰਨ ਲਈ ਵੱਖ-ਵੱਖ ਸ਼ਬਦ ਸ਼ਕਤੀਆਂ (ਅਭਿਧਾ, ਲਕਸ਼ਣਾ, ਵਿਅੰਜਨਾਂ) ਦੀ ਵਰਤੋਂ ਕਰਦਾ ਹੈ। ਜਦੋਂ ਗੁਰੂ ਅਰਜਨ ਦੇਵ ਜੀ ਜਨ-ਸਾਧਾਰਨ ਜਾਂ ਜਨ-ਮਾਨਸ ਨਾਲ ਸੰਬੋਧਿਤ ਹੁੰਦੇ ਹਨ ਤਾਂ ਉੱਥੇ ਅਭਿਧਾ ਸ਼ਬਦ ਸ਼ਕਤੀ ਹਾਜ਼ਰ ਹੁੰਦੀ ਹੈ, ਕਿਉਂਕਿ ਇਸ ਸ਼ਕਤੀ ਰਾਹੀਂ ਸ਼ਬਦ ਆਪਣੇ ਸਿੱਧੇ ਜਾਂ ਕੋਸ਼ਗਤ ਰੂਪ ਵਿਚ ਪ੍ਰਸਤੁਤ ਹੁੰਦੇ ਹਨ। ਅਭਿਧਾ ਸ਼ਬਦ ਸ਼ਕਤੀ ਰਾਹੀਂ ਸ਼ਬਦ ਆਮ ਵਿਅਕਤੀ ਜਾਂ ਪਾਠਕ ਦੀ ਸਮਝ ਵਿਚ ਆ ਕੇ ਆਪਣਾ ਪ੍ਰਯੋਜਨ ਸਫ਼ਲ ਬਣਾਉਂਦੇ ਹਨ।

ਜਦੋਂ ਸ਼ਾਇਰ ਜਾਂ ਸਾਹਿਤਕਾਰ ਵਧੇਰੇ ਕਲਾਤਮਕਤਾ ਨਾਲ ਸ਼ਬਦਾਂ ਦੀ ਪੇਸ਼ਕਾਰੀ ਕਰਦਾ ਹੈ ਤਾਂ ਸ਼ਬਦ ਦਾ ਮੁਢਲਾ ਅਰਥ ਪਿੱਛੇ ਛਿਪ ਜਾਂਦਾ ਹੈ ਅਤੇ ਉਸ ਸ਼ਬਦ ਨਾਲ ਸੰਬੰਧਿਤ ਹੋਰ ਵੱਖ-ਵੱਖ ਅਰਥਾਂ ਦੀ ਪ੍ਰਤੀਤੀ ਹੋਣ ਲੱਗ ਪੈਂਦੀ ਹੈ, ਤਾਂ ਉੱਥੇ ਲਕਸ਼ਣਾ ਸ਼ਬਦ ਸ਼ਕਤੀ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਨੇ ਲਕਸ਼ਣਾ ਸ਼ਬਦ ਸ਼ਕਤੀ ਰਾਹੀਂ ਸ਼ਬਦਾਂ ਦੇ ਵੱਖ-ਵੱਖ ਅਰਥਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਜਾਂ ਨਿਵੇਕਲੇ ਢੰਗ ਰਾਹੀਂ ਪ੍ਰਸਤੁਤ ਕਰਨ ਦਾ ਵਿਲੱਖਣ ਉਪਰਾਲਾ ਕੀਤਾ ਹੈ। ਗੁਰੂ ਜੀ ਨੇ ਪੜ੍ਹੇ-ਲਿਖੇ ਬੁਧੀ-ਜੀਵੀਆਂ ਜਾਂ ਚਿੰਤਕਾਂ ਲਈ ਵਿਅੰਜਨਾਂ ਸ਼ਬਦ ਸ਼ਕਤੀ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਨਿਵੇਕਲੇ ਰੂਪ ਵਿਚ ਚਿਤਰਿਆ ਹੈ। ਵਿਅੰਜਨਾਂ ਸ਼ਬਦ ਸ਼ਕਤੀ ਰਾਹੀਂ ਅਰਥ ਅਗਾਂਹ ਤੋਂ ਅਗਾਂਹ ਹੋਰ ਨਿਕਲਣ ਲੱਗਦੇ ਹਨ ਭਾਵ ਹਾਜ਼ਰ ਅਰਥਾਂ ਤੋਂ ਅੱਗੇ ਦਾ ਅਰਥ ਦ੍ਰਿਸ਼ਟੀਗੋਚਰ ਹੁੰਦਾ ਹੈ। ਸੋ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਸ਼ਬਦਾਂ ਅਤੇ ਅਰਥਾਂ ਦੇ ਸੰਚਾਰ ਦੀ ਵਿਭਿੰਨਤਾ ਦੇਖਣ ਨੂੰ ਮਿਲਦੀ ਹੈ, ਜਿਸ ਲਈ ਗੁਰੂ ਜੀ ਨੇ ਬਹੁ-ਅਰਥੀ ਜਾਂ ਬਹੁ-ਪਰਤੀ ਸ਼ਬਦਾਂ ਅਤੇ ਅਰਥਾਂ ਦੀ ਵਰਤੋਂ ਕੀਤੀ ਗਈ ਹੈ ਪਰੰਤੂ ਕਿਤੇ ਵੀ ਕੋਈ ਸ਼ਬਦ ਜਾਂ ਅਰਥ ਭੁਲੇਖਾ ਨਹੀਂ ਸਿਰਜਦਾ ਹੈ। ਗੁਰੂ ਅਰਜਨ ਦੇਵ ਜੀ ਦੁਆਰਾ ਵਰਤੇ ਗਏ ਬਹੁ-ਅਰਥੀ, ਬਹੁ-ਪਰਤੀ ਸ਼ਬਦ ਅਤੇ ਅਰਥ ਅੱਜ ਦੇ ਪੰਜਾਬੀ ਕਾਵਿ-ਸ਼ਾਸਤਰ ਦੀ ਵਿਸ਼ੇਸ਼ ਪ੍ਰਾਪਤੀ ਹੈ। ਇਸ ਅਧਿਆਇ ਰਾਹੀਂ ਗੁਰੂ ਅਰਜਨ ਦੇਵ ਜੀ ਦੁਆਰਾ ਸ਼ਬਦ-ਸ਼ਕਤੀਆਂ (ਅਭਿਧਾ, ਲਕਸ਼ਣਾਂ, ਵਿਅੰਜਨਾਂ) ਦੀ ਯੋਗ ਵਰਤੋਂ ਨਾਲ

ਆਪਣੀ ਕਲਾਤਮਕਤਾ, ਰਚਨਾਤਮਕਤਾ ਅਤੇ ਸ਼ਿਲਪ-ਕਲਾ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਹੈ।

ਚੌਥੇ ਅਧਿਆਇ 'ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ : ਅਲੰਕਾਰ ਸੰਪਰਦਾਇ' ਦੁਆਰਾ ਗੁਰੂ ਅਰਜਨ ਦੇਵ ਜੀ ਦੀ ਸਮੁੱਚੀ ਬਾਣੀ ਵਿਚੋਂ ਸ਼ਬਦ ਅਲੰਕਾਰਾਂ, ਅਰਥ ਅਲੰਕਾਰਾਂ ਅਤੇ ਸ਼ਬਦਾਰਥ ਅਲੰਕਾਰਾਂ ਦੀ ਪੇਸ਼ਕਾਰੀ ਨੂੰ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ।ਜਦੋਂ ਅਧਿਆਤਮਕ ਕਾਵਿ ਜਾਂ ਕਵਿਤਾ ਵਿਚ ਕਵੀ ਨੂੰ ਆਪਣੀ ਜਿੰਦਗੀ ਦਾ ਅਨੁਭਵ ਜਿਗਿਆਸੂਆਂ ਨਾਲ ਸਾਂਝਾ ਕਰਨਾ ਪੈਂਦਾ ਹੈ ਤਾਂ ਉਸ ਅਨੁਭਵ ਨੂੰ ਪ੍ਰਸਤੁਤ ਕਰਨ ਲਈ ਵਸਤੂਆਂ ਦੇ ਉਪਮਾਨਾਂ ਦੀ ਲੋੜ ਪੈਂਦੀ ਹੈ। ਇਹ ਉਪਮਾਨ ਜਾਂ ਅਲੰਕਾਰ ਸਹਿਜ ਸੁਭਾਅ ਹੀ ਉਸ ਦੀ ਬਾਣੀ ਵਿਚ ਆ ਜਾਂਦੇ ਹਨ। ਇਕ ਕਵੀ ਦੇ ਰੂਪ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਵੀ ਭਾਵਾਂ ਦੇ ਪ੍ਰਕਾਸ਼ਨ ਲਈ, ਭਾਵਾਂ ਦੇ ਸਪੱਸ਼ਟੀਕਰਨ ਲਈ ਅਤੇ ਭਾਵਾਂ ਦੇ ਪ੍ਰਗਟਾਓ ਲਈ ਭਾਵਪੂਰਤ ਅਲੰਕਾਰਾਂ ਦੀ ਵਰਤੋਂ ਦੇਖਣ ਨੂੰ ਮਿਲਦੀ ਹੈ। ਅਲੰਕਾਰਾਂ ਦੀ ਵਰਤੋਂ ਨਾਲ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਉਨ੍ਹਾਂ ਦਾ ਰਹੱਸਵਾਦੀ ਅਨੁਭਵ ਬਹੁਤ ਉਘੜਿਆ ਹੈ ਅਤੇ ਮਨੁੱਖ ਦੀ ਮਾਨਸਿਕ ਸਥਿਤੀ ਵੀ ਸਪਸ਼ਟ ਹੋਈ ਹੈ। ਇਸ ਅਧਿਆਇ ਵਿਚ ਅਸੀਂ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਗੁਰੂ ਅਰਜਨ ਜੀ ਨੇ ਆਪਣੀ ਸੰਪੂਰਨ ਬਾਣੀ ਵਿਚ ਅਲੰਕਾਰਾਂ ਦੀ ਸਹਾਇਤਾ ਨਾਲ ਆਪਣੇ ਭਾਵਾਂ ਜਾਂ ਸੰਕਲਪਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਇਸ ਤਰ੍ਹਾਂ ਪ੍ਰਸਤੁਤ ਕੀਤਾ ਹੈ ਤਾਂ ਜੋ ਆਮ ਪਾਠਕ ਜਾਂ ਜਿਗਿਆਸੂ ਵੀ ਇਨ੍ਹਾਂ ਨੂੰ ਅਸਾਨੀ ਨਾਲ ਸਮਝ ਸਕਣ।

ਅਲੰਕਾਰਾਂ ਦੀ ਵਰਤੋਂ ਰਚਨਾ (ਕਵਿਤਾ ਜਾਂ ਕਾਵਿ) ਵਿਚ ਵਿਸ਼ੇ ਨੂੰ ਵਧੇਰੇ ਸਰਲ, ਸਪੱਸ਼ਟ, ਗ੍ਰਹਿਣਯੋਗ ਅਤੇ ਗ੍ਰਹਿਣਸ਼ੀਲ ਬਣਾਉਣ ਲਈ ਕੀਤੀ ਜਾਂਦੀ ਹੈ। ਅਲੰਕਾਰ ਰਚਨਾ ਦੇ ਵਿਸ਼ੇ ਦੇ ਅਰਥ ਨੂੰ ਸਪੱਸ਼ਟ ਕਰਨ ਵਿਚ ਸਹਾਇਤਾ ਕਰਦੇ ਹਨ, ਤਾਂ ਜੋ ਆਮ ਪਾਠਕ ਆਸਾਨੀ ਨਾਲ ਸਮਝ ਸਕਣ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਸ਼ਬਦ, ਅਰਥ ਅਤੇ ਸ਼ਬਦਾਰਥ ਅਲੰਕਾਰਾਂ ਦੀ ਵਰਤੋਂ ਬਹੁਤ ਹੀ ਸੁਚੱਜੇ ਅਤੇ ਢੁੱਕਵੇਂ ਢੰਗ ਨਾਲ ਹੋਈ ਹੈ। ਇਸ ਅਧਿਆਇ ਵਿਚ ਸ਼ਬਦ ਅਲੰਕਾਰਾਂ (ਅਨੁਪ੍ਰਾਸ, ਯਮਕ, ਸ਼ਲੇਸ, ਵੀਪਸਾ, ਪੁਨਰੋਕਤੀ,

ਧੁਨੀ ਚਿੱਤਰ, ਵਕ੍ਰੋਕਤੀ), ਅਰਥ ਅਲੰਕਾਰਾਂ (ਉਪਮਾ, ਰੂਪਕ, ਦ੍ਰਿਸ਼ਟਾਂਤ, ਅਤਿਕਥਨੀ, ਲੋਕੋਕਤੀ, ਵਿਰੋਧ, ਲੇਸ਼, ਲਲਿਤ, ਕਾਵਿ ਲਿੰਗ, ਪ੍ਰਤੀਪ, ਅਸੰਭਵ, ਵਚਿੱਤਰ, ਪ੍ਰਸ਼ਨ, ਉੱਤਰ, ਵਿਆਜ ਨਿੰਦਾ) ਅਤੇ ਸ਼ਬਦਾਰਥ ਅਲੰਕਾਰਾਂ (ਸਸ੍ਰਿਸ਼ਨੀ, ਸ਼ੰਕਰ) ਨੂੰ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਦੇ ਸੰਦਰਭ ਵਿਚ ਵਿਚਾਰਨ ਦਾ ਇਕ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਅਲੰਕਾਰਾਂ ਦੇ ਅਧਿਐਨ ਉਪਰੰਤ ਇਹ ਸਪੱਸ਼ਟ ਹੁੰਦਾ ਹੈ ਕਿ ਜਿੱਥੇ ਇਹ ਬਾਣੀ ਵਿਚਲੇ ਅਰਥਾਂ ਨੂੰ ਸਪੱਸ਼ਟ ਕਰਨ ਵਿਚ, ਭਾਵ ਜਾਂ ਸੰਕਲਪ ਨੂੰ ਵਧੇਰੇ ਗ੍ਰਹਿਣਸ਼ੀਲ ਅਤੇ ਪ੍ਰਭਾਵਸ਼ਾਲੀ ਬਣਾਉਣ ਵਿਚ ਸਹਾਈ ਹੁੰਦੇ ਹਨ, ਉੱਥੇ ਅਲੰਕਾਰ ਬਾਣੀ ਦੇ ਰਾਗਾਤਮਕ ਪ੍ਰਭਾਵ ਨੂੰ ਜਾਦੂਈ ਸ਼ਕਤੀ ਪ੍ਰਦਾਨ ਕਰਦੇ ਹਨ। ਗੁਰੂ ਜੀ ਦੁਆਰਾ ਵਰਤੇ ਗਏ ਅਲੰਕਾਰਾਂ ਦੀ ਚੋਣ ਸਮਾਜਿਕ ਚੌਗਿਰਦੇ ਅਤੇ ਪ੍ਰਕਿਰਤੀ ਵਿਚੋਂ ਹੋਣ ਕਰਕੇ ਇਤਨੇ ਘਰੋਗੀ ਹਨ ਕਿ ਸਾਧਾਰਨ ਸੂਝ ਵਾਲਾ ਵਿਅਕਤੀ ਵੀ ਗੁਰੂ ਜੀ ਦੇ ਭਾਵਾਂ ਵਿਚ ਜੋ ਉਪਦੇਸ਼ ਜਾਂ ਸਿੱਖਿਆ ਨੂੰ ਸਮਝ ਕੇ ਸੰਸਾਰਿਕ ਜੀਵਨ ਵਿਚ ਲਾਹਾ ਲੈ ਸਕਦਾ ਹੈ। ਗੁਰੂ ਜੀ ਨੇ ਗੁਰਬਾਣੀ ਵਿਚ ਅਲੰਕਾਰਾਂ ਦਾ ਖਿਲਾਰਾ ਨਹੀ ਪਾਇਆ ਹੈ, ਸਗੋਂ ਲੋੜ ਵੇਲੇ ਹੀ ਢੁਕਵੇਂ ਅਲੰਕਾਰਾਂ ਦੀ ਵਰਤੋਂ ਕੀਤੀ ਹੈ। ਗੁਰੂ ਜੀ ਦੁਆਰਾ ਵਰਤੇ ਗਏ ਅਲੰਕਾਰ ਸੰਵੇਦਨਾ (ਪਰਮਾਤਮਾ ਦੇ ਨਾਮ ਦੀ ਮਹਿਮਾ) ਪੈਦਾ ਕਰਨ ਵਾਲੇ ਹਨ। ਗੁਰੂ ਅਰਜਨ ਬਾਣੀ ਵਿਚ ਅਲੰਕਾਰ ਬਹੁਤ ਹੀ ਸਹਿਜ ਰੂਪ ਵਿਚ ਪੇਸ਼ ਹੋਏ ਹਨ ਅਤੇ ਆਮ ਪਾਠਕ ਬਹੁਤ ਹੀ ਆਸਾਨੀ ਨਾਲ ਵਿਸ਼ੇ ਦਾ ਭਾਵ ਜਾਂ ਅਰਥ ਸਮਝ ਸਕਦੇ ਹਨ। ਅਰਜਨ ਬਾਣੀ ਵਿਚ ਅਲੰਕਾਰਾਂ ਦੀ ਵਰਤੋਂ ਦਾ ਕਮਾਲ ਇਹ ਹੈ ਕਿ ਇਹ ਬਾਣੀ ਵਿਚ ਪ੍ਰਧਾਨ ਰੂਪ ਵਿਚ ਵਰਤੇ ਹੋਣ ਦੇ ਬਾਵਜੂਦ ਵੀ ਭਾਵ ਜਾਂ ਸੰਕਲਪ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਗ੍ਰਹਿਣਯੋਗ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ ਅਰਥਾਤ ਪੂਰੀ ਤਰ੍ਹਾਂ ਨਾਲ ਵਿਸ਼ੇ ਉੱਤੇ ਹੀ ਕੇਂਦਰਿਤ ਹਨ।

ਪੰਜਵੇਂ ਅਧਿਆਇ 'ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ : ਰੀਤੀ ਸੰਪਰਦਾਇ' ਵਿਚ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਵਿਚੋਂ ਵੱਖ-ਵੱਖ ਵੈਦਰਭੀ, ਗੌੜੀ ਅਤੇ ਪਾਂਚਾਲੀ ਰੀਤੀਆਂ ਦੇ ਸਰੂਪ ਦਾ ਅਧਿਐਨ ਕਰਨ ਦਾ ਵਿਲੱਖਣ ਉਪਰਾਲਾ ਕੀਤਾ ਗਿਆ ਹੈ। ਇਸ ਅਧਿਆਇ ਰਾਹੀਂ ਇਹ ਪ੍ਰਮਾਣਿਤ ਕਰਨ

ਦਾ ਉਪਰਾਲਾ ਕੀਤਾ ਗਿਆ ਹੈ ਕਿ ਗੁਰੂ ਅਰਜਨ ਦੇਵ ਜੀ ਇੱਕ ਉੱਤਮ-ਸ਼ੈਲੀਕਾਰ ਸਨ, ਕਿਉਂਕਿ ਉਨ੍ਹਾਂ ਦੀ ਗੁਰਬਾਣੀ ਵਿਚ ਸਹਿਜ, ਸੰਜਮ, ਠਰ੍ਹੰਮਾਂ, ਡੂੰਘਾਈ, ਸੰਕੋਚ, ਸਰਲਤਾ, ਨਾਟਕੀਪਨ, ਸੂਤਰਬੱਧਤਾ, ਸਪੱਸ਼ਟਤਾ, ਸੰਗੀਤਾਤਮਕਤਾ ਆਦਿ ਵਿਭਿੰਨ ਗੁਣ ਦ੍ਰਿਸ਼ਟਮਾਨ ਹਨ। ਗੁਰੂ ਜੀ ਦੀ ਸ਼ੈਲੀ ਵਿਚ ਬੁੱਧੀ, ਭਾਵ ਅਤੇ ਸੁਹਜ ਦਾ ਸੰਤੁਲਨ ਮਿਲਦਾ ਹੈ, ਕਿਉਂਕਿ ਗੁਰੂ ਜੀ ਨੇ ਅਧਿਆਤਮਕ ਜਾਂ ਰਹੱਸਵਾਦੀ ਵਿਚਾਰ ਨੂੰ ਭਾਵੁਕਤਾ ਦੀ ਥਾਂ ਸੋਚੇ-ਸਮਝੇ ਢੰਗ ਨਾਲ ਬਹੁਤ ਹੀ ਸੁਚੱਜੀ ਸ਼ੈਲੀ ਰਾਹੀਂ ਪ੍ਰਸਤੁਤ ਕੀਤਾ ਹੈ। ਗੁਰੂ ਅਰਜਨ ਦੇਵ ਜੀ ਦੀ ਗੁਰਬਾਣੀ ਵਿਚ ਵਿਸ਼ੇ ਅਤੇ ਰੂਪ ਪੱਖੋਂ ਵਿਸ਼ਾਲ ਵੰਨ-ਸੁਵੰਨਤਾ ਹੈ। ਗੁਰੂ ਜੀ ਦੀ ਬਾਣੀ ਵਿਚ ਇਕ ਬਜ਼ੁਰਗ ਵਾਲਾ ਦੁਹਰਾਓ, ਸਰਲਤਾ, ਸੁਗਮਤਾ, ਸੰਜਮਤਾ, ਰਾਗਬੱਧਤਾ, ਵਿਅੰਗਮਤਾ ਆਦਿ ਗੁਣ ਪਾਏ ਜਾਂਦੇ ਹਨ। ਗੁਰੂ ਜੀ ਨੇ ਸੰਪੂਰਨ ਬਾਣੀ ਨੂੰ ਰਵਾਨਗੀ, ਤੀਬਰਤਾ, ਪ੍ਰੇਮ, ਲੈਅ ਵਿਚ ਪ੍ਰਸਤੁਤ ਕਰਨ ਲਈ ਤੀਹ ਰਾਗਾਂ ਦੀ ਵਰਤੋਂ ਕੀਤੀ ਹੈ, ਜਿਸ ਨਾਲ ਗਾਇਨ ਸ਼ੈਲੀ ਦੀ ਸਾਰਥਿਕਤਾ ਨੂੰ ਪ੍ਰਮਾਣਿਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਗੁਰੂ ਜੀ ਨੇ ਆਪਣੀ ਗੁਰਬਾਣੀ ਰਾਹੀਂ ਕਿਸੇ ਅਸਭਯ ਜਾਂ ਚਰਿੱਤਰਹੀਣ ਵਿਅਕਤੀ ਦਾ ਨਹੀਂ ਸਗੋਂ ਸਭਯ ਅਤੇ ਆਦਰਸ਼ਕ ਵਿਅਕਤੀ ਦਾ ਚਰਿੱਤਰ ਉਭਾਰਨ ਦਾ ਨਿਵੇਕਲਾ ਯਤਨ ਜਾਂ ਉਪਰਾਲਾ ਕੀਤਾ ਹੈ। ਗੁਰੂ ਜੀ ਦੀ ਸੰਪੂਰਨ ਬਾਣੀ ਹਰੇਕ ਪਾਠਕ ਜਾਂ ਮਾਨਵ ਨੂੰ ਗਲਤ ਰਸਤੇ ਵਲੋਂ ਮੋੜ ਕੇ ਇਕ ਆਦਰਸ਼ਕ ਅਤੇ ਵਧੀਆ ਮਨੁੱਖ ਬਣਾਉਣ ਦੀ ਸਮਰਥਕ ਹੈ। ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਧਿਆਤਮਕ ਭਾਵਾਂ ਦੇ ਪ੍ਰਵਾਹ ਲਈ ਵਰਤੀ ਗਈ ਬੋਲੀ ਅਤੇ ਸ਼ੈਲੀ ਵਿਚ ਉੱਦਾਤ ਜਾਂ ਸ੍ਰੇਸ਼ਟ (Sublime) ਦੇ ਕਾਵਿ-ਗੁਣ ਦੇਖਣ ਨੂੰ ਮਿਲਦੇ ਹਨ। ਗੁਰੂ ਜੀ ਦੀ ਬਾਣੀ ਵਿਚ ਸ਼ਬਦ ਕਾਵਿ-ਗੁਣ (ਸ਼ਲੇਸ਼, ਪ੍ਰਸਾਦ, ਮਾਧੁਰਯ, ਸੁਕੁਮਾਰਤਾ, ਓਜ, ਕਾਂਤੀ), ਅਰਥ ਕਾਵਿ-ਗੁਣ (ਸਹਿਜਤਾ, ਦਰਸ਼ਨ (ਅਰਥਾਂ ਦੀ ਸਪੱਸ਼ਟਤਾ), ਅਗ੍ਰਾਮਕਰਤੱਤਵ (ਪੇਂਡੂ ਅਰਥਾਂ ਦਾ ਨਾ ਹੋਣਾ), ਵਿਮਲਤਾ (ਅਰਥਾਂ ਦੀ ਸ਼ੁੱਧਤਾ, ਪ੍ਰੋੜ੍ਹਤਾ (Maturity), ਅਰਥ-ਵਿਅਕਤੀ ਅਤੇ ਸ਼ੈਲੀ ਕਾਵਿ-ਗੁਣ (ਸਮਾਨਤਾ (ਸ਼ੈਲੀ ਦੀ ਇਕਰੂਪਤਾ), ਸਮਾਧੀ (ਸ਼ੈਲੀ ਦਾ ਉਤਾਰ-ਚੜ੍ਹਾਅ) ਅਤੇ ਉਦਾਰਤਾ (ਜਟਿਲ ਸ਼ੈਲੀ) ਭਰਪੂਰ ਮਾਤਰਾ ਵਿਚ ਦੇਖਣ ਨੂੰ ਮਿਲਦੇ ਹਨ।

ਛੇਵੇਂ ਅਧਿਆਇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ : ਵਕ੍ਰੋਕਤੀ ਅਤੇ ਔਚਿਤਯ ਸੰਪਰਦਾਇ ਦਾ ਮੁੱਖ ਉਦੇਸ਼ ਗੁਰੂ ਅਰਜਨ ਦੇਵ ਜੀ ਦੀ ਸਮੁੱਚੀ ਬਾਣੀ ਵਿਚ ਵਕ੍ਰੋਕਤੀ ਸਿਧਾਂਤ ਅਤੇ ਔਚਿਤਯ ਸਿਧਾਂਤ ਦਾ ਨਿਰੂਪਣ ਕਰਨਾ ਹੈ। ਇਸ ਅਧਿਆਇ ਵਿਚ ਗੁਰੂ ਅਰਜਨ ਬਾਣੀ ਨੂੰ ਵਕ੍ਰੋਕਤੀ ਸਿਧਾਂਤ ਦੇ ਵੱਖ-ਵੱਖ ਸੰਕਲਪਾਂ ਜਿਵੇਂ ਅੱਖਰਾਂ, ਸ਼ਬਦਾਂ, ਪਿਛੇਤਰਾਂ, ਵਾਕਾਂ, ਉਪਕਥਾਵਾਂ ਤੇ ਮਹਾਂਕਾਵਿ ਦੇ ਸੰਦਰਭ ਵਿਚ ਵਿਲੱਖਣ, ਅਲੌਕਿਕ ਅਤੇ ਵਿਚਿੱਤਰ ਵਰਨਣ ਸ਼ੈਲੀ ਦੇ ਗੌਰਵਸ਼ਾਲੀ ਰੂਪ ਨੂੰ ਨਿਵੇਕਲੇ ਢੰਗ ਰਾਹੀਂ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਸੇ ਅਧਿਆਇ ਵਿਚ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੇ ਗੌਰਵ ਅਤੇ ਮਰਿਯਾਦਾ ਦੀ ਉਚਿੱਚਤਾ ਨੂੰ ਪ੍ਰਮਾਣਿਤ ਕਰਨ ਲਈ ਸੰਪੂਰਨ ਬਾਣੀ ਨੂੰ ਔਚਿਤਯ ਸਿਧਾਂਤ ਦੇ ਵਿਭਿੰਨ ਭੇਦਾਂ ਜਿਵੇਂ ਪਦ ਜਾਂ ਸ਼ਬਦ ਸੰਬੰਧੀ ਔਚਿਤਯ, ਵਾਕ ਸੰਬੰਧੀ ਔਚਿਤਯ, ਕਿਰਿਆ ਸੰਬੰਧੀ ਔਚਿਤਯ, ਕਾਰਕ ਸੰਬੰਧੀ ਔਚਿਤਯ, ਲਿੰਗ ਸੰਬੰਧੀ ਔਚਿਤਯ, ਵਚਨ ਸੰਬੰਧੀ ਔਚਿਤਯ, ਵਿਸ਼ੇਸ਼ਣ ਸੰਬੰਧੀ ਔਚਿਤਯ, ਉਪਸਰਗ ਸੰਬੰਧੀ ਔਚਿਤਯ, ਨਿਪਾਤ ਸੰਬੰਧੀ ਔਚਿਤਯ, ਪ੍ਰਬੰਧ-ਅਰਥ ਸੰਬੰਧੀ ਔਚਿਤਯ, ਗੁਣ ਸੰਬੰਧੀ ਔਚਿਤਯ, ਅਲੰਕਾਰ ਸੰਬੰਧੀ ਔਚਿਤਯ, ਰਸ ਸੰਬੰਧੀ ਔਚਿਤਯ, ਸਾਰ-ਸੰਗ੍ਰਹ ਸੰਬੰਧੀ ਔਚਿਤਯ, ਤੱਤਵ ਸੰਬੰਧੀ ਔਚਿਤਯ, ਆਸ਼ੀਰਵਾਦ ਸੰਬੰਧੀ ਔਚਿਤਯ, ਨਾਮ ਸੰਬੰਧੀ ਔਚਿਤਯ, ਵ੍ਰਤ ਸੰਬੰਧੀ ਔਚਿਤਯ, ਸੱਤਵ ਸੰਬੰਧੀ ਔਚਿਤਯ, ਅਭਿਪ੍ਰਾਏ ਸੰਬੰਧੀ ਔਚਿਤਯ, ਸੁਭਾ ਸੰਬੰਧੀ ਔਚਿਤਯ, ਪ੍ਰਤਿਭਾ ਸੰਬੰਧੀ ਔਚਿਤਯ, ਵਿਚਾਰ ਸੰਬੰਧੀ ਔਚਿਤਯ, ਕਾਲ ਸੰਬੰਧੀ ਔਚਿਤਯ, ਦੇਸ਼ ਸੰਬੰਧੀ ਔਚਿਤਯ, ਕਾਲ ਸੰਬੰਧੀ ਔਚਿਤਯ, ਅਵਸਥਾ ਸੰਬੰਧੀ ਔਚਿਤਯ ਦੁਆਰਾ ਸਮਝਦਿਆਂ ਹੋਇਆਂ ਕਵਿਤਾ ਜਾਂ ਕਾਵਿ ਦੀ ਵਿਲੱਖਣ ਪ੍ਰਵਿਰਤੀ ਨੂੰ ਉਜਾਗਰ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਗੁਰੂ-ਕਵੀ ਜਾਂ ਸਾਹਿਤਕਾਰ ਦੇ ਰੂਪ ਵਿਚ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਵਿਚਲੇ ਹਰ ਇਕ ਭਾਵ ਨੂੰ ਪ੍ਰਗਟ ਜਾਂ ਸਪੱਸ਼ਟ ਕਰਨ ਲਈ, ਵਿਸ਼ੇ ਨੂੰ ਵਧੇਰੇ ਪ੍ਰਭਾਵਸ਼ਾਲੀ, ਗ੍ਰਹਿਣਯੋਗ ਬਣਾਉਣ ਲਈ ਅਤੇ ਉਹਨਾਂ ਭਾਵਾਂ ਦਾ ਸਰਲ ਤਰੀਕੇ ਨਾਲ ਪਾਠਕਾਂ ਤੱਕ ਸੰਚਾਰ ਕਰਨ ਲਈ ਵਕ੍ਰੋਕਤੀ ਅਤੇ ਔਚਿਤਯ ਦੀ ਵਰਤੋਂ ਕਿਸ ਪੱਧਰ ਤੱਕ ਕੀਤੀ ਹੈ, ਨੂੰ ਨਿਵੇਕਲੇ ਢੰਗ ਰਾਹੀਂ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਸਮੁੱਚੇ ਰੂਪ ਵਿਚ ਇਸ ਖੋਜ-ਕਾਰਜ ਦਾ ਉਦੇਸ਼ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੰਪੂਰਨ ਬਾਣੀ ਵਿਚ ਪ੍ਰਸਤੁਤ ਸੰਵਾਦ ਨੂੰ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤਾਂ (ਰਸ, ਧੁਨੀ, ਅਲੰਕਾਰ, ਰੀਤੀ, ਵਕ੍ਰੋਕਤੀ, ਔਚਿਤਯ) ਦੇ ਸੰਦਰਭ ਵਿਚ ਵਿਚਾਰਨ ਤੇ ਵਿਸ਼ਲੇਸ਼ਣ ਕਰਨ ਦਾ ਉਪਰਾਲਾ ਕਰਦਿਆਂ ਬਾਣੀ-ਰਚਨਾ ਦੇ ਪਿਛੋਕੜ ਵਿਚ ਕਾਰਜਸ਼ੀਲ ਸ਼ਿਲਪ-ਵਿਧਾਨ ਅਤੇ ਕਲਾਤਮਕ ਯੁਗਤਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ, ਜਿਸ ਰਾਹੀਂ ਗੁਰੂ-ਕਵੀ ਦਾ ਬਾਣੀ ਪ੍ਰਵਚਨ ਸਰਲ, ਸਪੱਸ਼ਟ ਅਤੇ ਪ੍ਰਭਾਵਸ਼ਾਲੀ ਰੂਪ ਵਿਚ ਪ੍ਰਸਤੁਤ ਹੋਇਆ ਹੈ। ਗੁਰੂ ਕਵੀ ਦੀ ਸਮੁੱਚੀ ਰਚਨਾ ਦਾ ਸੰਵਾਦ ਬੜ੍ਹੀ ਹੀ ਸੰਜਮਤਾ ਅਤੇ ਸਹਿਜਤਾ ਨਾਲ ਕੀਰਤਨ ਜਾਂ ਗਾਇਨ ਸ਼ੈਲੀ ਨੂੰ ਮੁੱਖ ਰੱਖ ਕੇ ਪ੍ਰਸਤੁਤ ਕੀਤਾ ਗਿਆ ਹੈ। ਇਸ ਖੋਜ-ਕਾਰਜ ਰਾਹੀਂ ਗੁਰੂ ਅਰਜਨ ਦੇਵ ਜੀ ਦੀ ਇਕ ਗੁਰੂ-ਕਵੀ ਜਾਂ ਸਾਹਿਤਕਾਰ ਦੇ ਰੂਪ ਵਿਚ ਵਿਸ਼ਿਸ਼ਟ ਤੇ ਵਿਲੱਖਣ ਪ੍ਰਤਿਭਾ ਉੱਭਰ ਕੇ ਦ੍ਰਿਸ਼ਟੀਗੋਚਰ ਹੁੰਦੀ ਹੈ ਅਤੇ ਰਚਨਾ ਵਿਧਾਨ ਆਪਣੀ ਯੋਗਤਾ, ਮੌਲਿਕਤਾ, ਸਾਰਥਿਕਤਾ ਅਤੇ ਪ੍ਰਭਾਵਸ਼ੀਲਤਾ ਕਰਕੇ ਗੌਰਵਸ਼ਾਲੀ ਤੇ ਸਦੀਵਤਾ ਗ੍ਰਹਿਣ ਕਰਦਾ ਹੈ।

## ਪੁਸਤਕ-ਸੂਚੀ

**(ਐਮ. ਐਲ. ਏ. ਅੱਠਵੇਂ ਸੰਸਕਰਨ ਦੇ ਅਨੁਸਾਰ)**

**ਪੰਜਾਬੀ ਪੁਸਤਕਾਂ**


ਪਿਆਰ ਸਿੰਘ (ਡਾ.). ***ਖੋਜ ਸਿਧਾਂਤ ਤੇ ਵਿਵਹਾਰ***. ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2019.

ਵਿਦਿਆਰਥੀ, ਦੇਵਿੰਦਰ ਸਿੰਘ (ਡਾ.). ***ਪੰਜਾਬੀ ਵਿਚ ਖੋਜ ਸੰਭਾਵਨਾ ਤੇ ਸ਼ੋਧ***. ਰਵੀ ਸਾਹਿਤ ਪ੍ਰਕਾਸਨ, 1979.

ਧਰਮ ਸਿੰਘ (ਡਾ.). ***ਪੰਜਾਬੀ ਖੋਜ ਸੰਦਰਭ***. ਰਵੀ ਸਾਹਿਤ ਪ੍ਰਕਾਸ਼ਨ, 2018.

ਧਾਲੀਵਾਲ, ਪ੍ਰੇਮ ਪ੍ਰਕਾਸ਼ ਸਿੰਘ (ਡਾ.). ***ਭਾਰਤੀ ਕਾਵਿ-ਸ਼ਾਸਤ੍ਰ***. ਮਦਾਨ ਪਬਲੀਕੇਸ਼ਨਜ਼, 2012.

---. ***ਕਾਵਿ ਦੇ ਤੱਤ***. ਲਾਹੌਰ ਬੁੱਕ ਸ਼ਾਪ, ਲੁਧਿਆਣਾ, 1970.

ਜੱਗੀ, ਗੁਰਸ਼ਰਨ ਕੌਰ (ਡਾ.). ***ਭਾਰਤੀ ਕਾਵਿ ਸ਼ਾਸਤ੍ਰ ਸਰੂਪ ਅਤੇ ਸਿਧਾਂਤ***. ਆਰਸੀ ਪਬਲਿਸ਼ਰਜ਼, 2008.

---. ***ਗੁਰੂ ਅਰਜਨ ਦੇਵ ਜੀਵਨ ਤੇ ਰਚਨਾ***. ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2013.

ਵੇਦੀ, ਭਗਤ ਸਿੰਘ (ਪ੍ਰਿੰ.). ***ਭਾਰਤੀ ਕਾਵਿ-ਸ਼ਾਸਤਰ***. ਯੂਨੀਸਟਾਰ ਪਬਲੀਕੇਸ਼ਨਜ਼, 2015.

ਸ਼ਰਮਾ, ਸ਼ੁਕਦੇਵ (ਪ੍ਰੋ.). ***ਭਾਰਤੀ ਕਾਵਿ-ਸ਼ਾਸਤਰ***. ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2017.

ਅੰਮ੍ਰਿਤ ਲਾਲ ਪਾਲ (ਡਾ.). ***ਗੁਰੂ ਅਰਜਨ ਦੇਵ ਜੀਵਨ ਤੇ ਬਾਣੀ***. ਸੰਗਮ ਪਬਲੀਕੇਸ਼ਨਜ਼, 2005.

ਬ੍ਰਹਮਜਗਦੀਸ਼ ਸਿੰਘ (ਪ੍ਰੋ.). ***ਗੁਰੂ ਅਰਜਨ ਦੇਵ ਜੀ ਜੀਵਨ ਅਤੇ ਬਾਣੀ***. ਵਾਰਿਸ ਸ਼ਾਹ ਫ਼ਾਉਂਡੇਸ਼ਨ ਪਬਲੀਕੇਸ਼ਨ, 2015.

---. ***ਸੁਖਮਨੀ ਸਾਹਿਬ ਪਾਠ ਅਤੇ ਵਿਵੇਚਨ***. ਵਾਰਿਸ ਸ਼ਾਹ ਫ਼ਾਉਂਡੇਸ਼ਨ, 2012.

ਗੁਰਨਾਮ ਸਿੰਘ (ਡਾ.). ***ਗੁਰੂ ਅਰਜਨ ਬਾਣੀ : ਰਾਗ ਰਤਨਾਕਰ***. ਗੁਰਮਤਿ ਪਬਲੀਕੇਸ਼ਨ, 2012.

ਸੈਣੀ, ਜਸਵਿੰਦਰ ਸਿੰਘ (ਡਾ.). ***ਪੱਛਮੀ ਕਾਵਿ-ਸਿਧਾਂਤ***. ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2018.

ਅੰਮ੍ਰਿਤਪਾਲ ਕੌਰ (ਡਾ.). ***ਗੁਰਬਾਣੀ ਦਾ ਕਾਵਿ ਸ਼ਾਸਤਰ***. ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2019.

ਗਿੱਲ, ਮਹਿੰਦਰ ਕੌਰ (ਡਾ.). ***ਗੁਰੂ ਅਰਜਨ ਦੇਵ : ਜੀਵਨ ਤੇ ਬਾਣੀ***. ਨੈਸ਼ਨਲ ਬੁਕ ਸ਼ਾਪ, 1975.

---. ***ਬਾਣੀ ਬੋਧ***. ਰੱਬੀ ਪ੍ਰਕਾਸ਼ਨ, ਵੈਸਟ ਮੁਕਰਜੀ ਨਗਰ ਨਵੀਂ ਦਿੱਲੀ, 1974.

ਢੀਂਡਸਾ, ਰਾਜਿੰਦਰਜੀਤ ਸਿੰਘ. ***ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਰਹੱਸਵਾਦ***. ਲਾਹੌਰ ਬੁਕ ਸ਼ਾਪ, 2000.

ਸਾਬਰ, ਜਸਬੀਰ ਸਿੰਘ (ਡਾ.). ***ਸਿੱਖ ਧਰਮ ਅਧਿਐਨ (ਮੁਢਲੀ ਜਾਣਕਾਰੀ)***. ਸਿੰਘ ਬ੍ਰਦਰਜ਼ ਪਬਲੀਕੇਸ਼ਨ, 2010.

ਜੋਧ ਸਿੰਘ (ਡਾ.). ***ਗੁਰੂ ਅਰਜਨ ਦੇਵ : ਸ਼ਹੀਦੀ ਅਤੇ ਰਚਨਾ***. ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2007.

ਬੈਨੀਪਾਲ, ਪਰਮਿੰਦਰ ਸਿੰਘ (ਡਾ.). ***ਗੁਰੂ ਨਾਨਕ ਬਾਣੀ ਦਾ ਕਵਿ-ਸ਼ਾਸਤਰੀ ਅਧਿਐਨ***. ਲੋਕ ਗੀਤ ਪ੍ਰਕਾਸ਼ਨ, ਚੰਡੀਗੜ, 2011.

ਸਾਹਿਬ ਸਿੰਘ (ਪ੍ਰੋ.). ***ਗੁਰਬਾਣੀ ਵਿਆਕਰਣ***. ਸਿੰਘ ਬ੍ਰਦਰਜ਼, ਅੰਮ੍ਰਿਤਸਰ, 2019.

---. ***ਗੁਰੂ ਅਰਜਨ ਦੇਵ***. ਸਿੰਘ ਬ੍ਰਦਰਜ਼, ਅੰਮ੍ਰਿਤਸਰ, 1967.

---. ***ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪਹਿਲੀ ਤੋਂ ਦਸ ਪੋਥੀਆਂ***. ਰਾਜ ਪਬਲਿਸ਼ਰਜ਼, ਜਲੰਧਰ.

ਤਲਵਾੜਾ, ਜੋਗਿੰਦਰ ਸਿੰਘ. ***ਗੁਰਬਾਣੀ ਦਾ ਸਰਲ ਵਿਆਕਰਣ-ਬੋਧ (ਜਲਦ 1)***. ਸਿੰਘ ਬ੍ਰਦਰਜ਼, ਅੰਮ੍ਰਿਤਸਰ, 2019.

---. ***ਗੁਰਬਾਣੀ ਦਾ ਸਰਲ ਵਿਆਕਰਣ-ਬੋਧ (ਜਲਦ 2)***. ਸਿੰਘ ਬ੍ਰਦਰਜ਼, ਅੰਮ੍ਰਿਤਸਰ, 2019.

ਸੂਰੀ, ਕਰਤਾਰ ਸਿੰਘ (ਡਾ.). ***ਗੁਰੂ ਅਰਜਨ ਦੇਵ ਤੇ ਸੰਤ ਦਾਦੂ ਦਿਆਲ***. ਪੰਜਾਬੀ ਲੇਖਕ ਸਦਨ, ਚੰਡੀਗੜ੍ਹ, 1969.

ਜੋਗਿੰਦਰ ਸਿੰਘ (ਡਾ.). ***ਸੁਖਮਨੀ ਸਾਹਿਬ ਦਾ ਦਾਰਸ਼ਨਿਕ ਅਧਿਐਨ***. ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1986.

ਸ਼ੇਰ ਸਿੰਘ (ਡਾ.). ***ਗੁਰਮਤਿ ਦਰਸ਼ਨ***. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1962.

ਤਾਰਨ ਸਿੰਘ (ਡਾ.). ***ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ***. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1968.

***ਵਾਰਾਂ ਭਾਈ ਗੁਰਦਾਸ***. *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ,* 1952.

ਨਗੇਂਦਰ (ਡਾ.)

ਸ਼ਾਸਤ੍ਰੀ, ਚਰਨ ਦਾਸ (ਡਾ.). ***ਰਸ-ਸਿਧਾਂਤ***. ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1988.

ਜਗਨਨਾਥ

ਭਾਰਦਵਾਜ, ਓਮ ਪ੍ਰਕਾਸ਼ (ਡਾ.). ***ਰਸ ਗੰਗਾਧਰ***. ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1997.

ਭਰਤਮੁਨੀ

ਜੀ.ਐਨ. ਰਾਜਗੁਰੂ (ਡਾ.). ***ਨਾਟਯ- ਸ਼ਾਸਤ੍ਰ***. ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1985.

ਆਨੰਦਵਰਧਨ

ਚਰਨ ਦਾਸ ਸ਼ਾਸਤ੍ਰੀ (ਡਾ.). ***ਧਵਨਿਆਲੋਕ***. ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1992

ਕਸ਼ੇਮੇਂਦ੍ਰ

ਸ਼ਾਸਤਰੀ, ਰਾਜਿੰਦਰ ਸਿੰਘ. ***ਔਚਿਤਯ ਵਿਚਾਰ ਚਰਚਾ***. ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1983.

ਮੰਮਟ

ਸ਼ਾਸਤਰੀ, ਰਾਜਿੰਦਰ ਸਿੰਘ. ***ਕਾਵਿ-ਪ੍ਰਕਾਸ਼***. ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1981.

**ਹਿੰਦੀ ਪੁਸਤਕਾਂ**

नगेन्द्र (डॉ.) *भारतीय काव्य-शास्त्र की भूमिका भाग-1 (रीति तथा वक्रोक्ति सिद्धान्त)*. ओरिएण्टल बुक डिपो, नई सडक, दिल्ली, 1955.

नगेन्द्र (डॉ.) ***भारतीय काव्य-शास्त्र की परम्परा***. नेशनल पब्लिशिंग हाउस, नई सडक, दिल्ली, 1956.

मिश्रा, भागीरथ (डॉ.) ***काव्यशास्त्र***. विश्वविद्यालय प्रकाशन, वाराणसी, 2019.

नरेश मिश्र (डॉ.) ***भारतीय काव्यशास्त्र***. संजय प्रकाशन, नई दिल्ली, 2021.

**ਅੰਗਰੇਜ਼ੀ ਪੁਸਤਕਾਂ**

Jodh Singh (Bhai). ***Some Studies in Sikhism***. Ludhiana, 1953.

Kohli, Surinder Singh. ***A Critical Study of Adi Granth***. New Delhi, 1961.

Khushwant Singh. ***A History of the Sikhs***. Princeton University Press, London, 1963

## ਕੋਸ਼/ਵਿਸ਼ਵਕੋਸ਼ ਪੁਸਤਕਾਂ

ਨਾਭਾ, ਭਾਈ ਕਾਨ੍ਹ ਸਿੰਘ. ***ਗੁਰੁਸ਼ਬਦ ਰਤਨਾਕਰ : ਮਹਾਨ ਕੋਸ਼***. ਨੈਸ਼ਨਲ ਬੁਕ ਸ਼ਾਪ, ਦਿੱਲੀ , 2006.

ਸਰਨਾ, ਜਸਬੀਰ ਸਿੰਘ (ਡਾ.). ***ਸ੍ਰੀ ਗੁਰੂ ਗ੍ਰੰਥ ਸਾਹਿਬ ਮੂਲ ਸੰਕਲਪ-ਕੋਸ਼***. ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2010.

ਜੱਗੀ, ਰਤਨ ਸਿੰਘ (ਡਾ.). ***ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਪਹਿਲਾ)***. ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2002.

ਗੁਰਚਰਨ ਸਿੰਘ (ਡਾ.). ***ਸ੍ਰੀ ਗੁਰੂ ਗ੍ਰੰਥ ਕੋਸ਼ ਗੁਰਮੁਖੀ ਤੋਂ ਗੁਰਮੁਖੀ***. ਗੁਰਮਤਿ ਟਰੱਸਟ, ਪਟਿਆਲਾ, 2000.

***ਸੰਸਕ੍ਰਿਤ ਪੰਜਾਬੀ ਕੋਸ਼.*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

***ਫਾਰਸੀ-ਪੰਜਾਬੀ ਕੋਸ਼.*** ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.

## ਅਪ੍ਰਕਾਸ਼ਿਤ ਖੋਜ-ਪ੍ਰਬੰਧ (ਥੀਸਿਸ)

ਨਵਦੀਪ ਸਿੰਘ (ਡਾ.). ***ਗੁਰੂ ਅਰਜਨ ਦੇਵ ਜੀ ਦੀ ਬਾਣੀ: ਕਿਰਿਆਂ-ਰੂਪਾਂ ਦੀ ਬਣਤਰ***. 2010. ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੀ.ਐੱਚ.ਡੀ. ਖੋਜ-ਪ੍ਰਬੰਧ.

ਜਸਕਿਰਨ ਕੌਰ (ਡਾ.). ***ਗੁਰੂ ਅਰਜਨ ਦੇਵ ਬਾਣੀ ਦਾ ਸੁਹਜ ਸ਼ਾਸਤਰੀ ਅਧਿਐਨ (ਬਾਰਹਮਾਹ, ਰੁਤੀ, ਥਿਤੀ, ਬਾਵਨ ਅਖਰੀ ਅਤੇ ਸੁਖਮਨੀ ਦੇ ਪ੍ਰਸੰਗ ਵਿਚ)***. 2014. ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੀ.ਐੱਚ.ਡੀ. ਖੋਜ-ਪ੍ਰਬੰਧ.

ਰਮਨੀ ਕੁਮਾਰੀ (ਡਾ.). ***ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀਆਂ ਭਾਸ਼ਾਈ ਸੰਚਾਰ ਜੁਗਤਾਂ***. 2011. ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੀ.ਐੱਚ.ਡੀ. ਖੋਜ-ਪ੍ਰਬੰਧ.

ਢੀਂਗਰਾ, ਅਮਰਜੀਤ (ਡਾ.). ***ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ-ਤੱਤ***. 1982.ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੀ.ਐੱਚ.ਡੀ. ਖੋਜ-ਪ੍ਰਬੰਧ.

ਕਾਹਲੋਂ, ਰਾਜਿੰਦਰਜੀਤ ਕੌਰ (ਡਾ.). ***ਗੁਰੂ ਅਰਜਨ ਦੇਵ ਜੀ ਦਾ ਰਹੱਸਵਾਦ***. 1975.ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੀ.ਐੱਚ.ਡੀ. ਖੋਜ-ਪ੍ਰਬੰਧ.

## ਰਸਾਲੇ/ਪੱਤ੍ਰਿਕਾਵਾਂ

***ਖੋਜ ਪੱਤ੍ਰਿਕਾ.*** (ਬਾਣੀ ਕਾਵਿ-ਰੂਪ ਵਿਸ਼ੇਸ਼ ਅੰਕ), ਪਬਲੀਕੇਸ਼ਨ ਬਿਊਰੋ, ਪਟਿਆਲਾ, ਪੰਜਾਬੀ ਯੂਨੀਵਰਸਿਟੀ, ਸਤੰਬਰ 2003.

***ਗੁਰਮਤਿ ਪ੍ਰਕਾਸ਼.*** (ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ).

***ਪੰਜਾਬੀ ਦੁਨੀਆ.*** (ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਨਵੰਬਰ 2003-ਫ਼ਰਵਰੀ 2004.

***ਪੰਜਾਬ ਸੌਰਭ*** (ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਨਵੰਬਰ *2003-*ਫ਼ਰਵਰੀ 2004.

***ਖੋਜ ਦਰਪਣ.*** (*ਸ੍ਰੀ* ਗੁਰੂ ਗ੍ਰੰਥ ਸਾਹਿਬ ਵਿਸ਼ੇਸ਼ ਅੰਕ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2000.

| S. no. | Title of paper with author names | Name of journal | Published | Issn no/ vol no, issue no | Indexing in Scopus/ Web of Science/UGC-CARE list (*please mention*) |
|---|---|---|---|---|---|
| 1. | ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀ ਰਚਨਾ ਪ੍ਰਕਿਰਿਆ ਵਿਚ ਰਸ ਵਿਧਾਨ ਦੀ ਭੂਮਿਕਾ (ਹਰਦਵਿੰਦਰ ਸਿੰਘ / ਹਰਪ੍ਰੀਤ ਸਿੰਘ) | Aabru | July-September 2021 | 2456-253X | UGC-CARE list |
| 2. | ਰੀਤੀ ਸਿਧਾਂਤ : ਇਕ ਅਧਿਐਨ (ਹਰਦਵਿੰਦਰ ਸਿੰਘ / ਹਰਪ੍ਰੀਤ ਸਿੰਘ) | Sheeraza | July-August 2021 | 2319-5053 | UGC-CARE list |

| S. no. | Title of paper with author names | Name of conference | Presentation date |
|---|---|---|---|
| 1. | ਭਾਰਤੀ ਕਾਵਿ-ਸ਼ਾਸਤਰ ਦੇ ਸੰਦਰਭ ਵਿਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਦਾ ਤੁਲਨਾਤਮਕ ਅਧਿਐਨ (‘ਬਾਰਹਮਾਹ’ ਤੁਖਾਰੀ ਅਤੇ ਮਾਝ ਦੇ ਸੰਦਰਭ ਵਿੱਚ) | ਲਾਇਲਪੁਰ ਖਾਲਸਾ ਕਾਲਜ ਫਾਰ ਵੋਮੈਨ ਜਲੰਧਰ ਦੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਅਤੇ ਪੰਜਾਬ ਕਲਾ ਪਰਿਸ਼ਦ, ਚੰਡੀਗੜ੍ਹ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਕ-ਰੋਜ਼ਾ ਰਾਸ਼ਟਰੀ ਸੈਮੀਨਾਰ। | 14 ਅਕਤੂਬਰ, 2019 ਨੂੰ ਪ੍ਰਸਤੁਤ ਕੀਤਾ ਗਿਆ ਸੀ। |
| 2. | ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਅਲੰਕਾਰ ਸਿਧਾਂਤ ਦਾ ਪ੍ਰਸਤੁਤੀਕਰਨ | ਪ੍ਰੇਮ ਚੰਦ ਮਾਰਕੰਡਾ ਐਸ. ਡੀ. ਕਾਲਜ ਫਾਰ ਵੋਮੈਨ ਜਲੰਧਰ ਅਤੇ ਗੁਰੂ ਨਾਨਕ ਸਟੱਡੀ ਸੈਂਟਰ ਐਂਡ ਪੰਜਾਬ ਭਵਨ ਸਰੀ, ਕਨੇਡਾ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਕ-ਰੋਜ਼ਾ ਰਾਸ਼ਟਰੀ ਸੈਮੀਨਾਰ। | 20 ਨਵੰਬਰ, 2019 ਨੂੰ ਪ੍ਰਸਤੁਤ ਕੀਤਾ ਗਿਆ ਸੀ। |

| | | | |
|---|---|---|---|
| 3. | ਗੁਰੂ ਅਰਜਨ ਦੇਵ ਜੀ ਦਾ ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿਤ ਨੂੰ ਸਾਹਿਤਿਕ ਯੋਗਦਾਨ | ਐੱਚ. ਐਮ. ਵੀ. ਕਾਲਜ ਫਾਰ ਵੋਮੈਨ ਜਲੰਧਰ ਦੇ ਪੰਜਾਬੀ ਵਿਭਾਗ ਵਲੋਂ ਕਰਵਾਏ ਗਏ ਸੈਮੀਨਾਰ। | 4-5 ਮਾਰਚ, 2020 ਨੂੰ ਪ੍ਰਸਤੁਤ ਕੀਤਾ ਗਿਆ ਸੀ। |
| 4. | ਗੁਰੂ ਨਾਨਕ ਕਾਵਿ-ਸ਼ਾਸਤਰ ਵਿਚ ਅਲੰਕਾਰਾਂ ਦੀ ਭੂਮਿਕਾ | ਦਯਾਲ ਸਿੰਘ ਕਾਲਜ, ਕਰਨਾਲ ਅਤੇ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ ਦੇ ਸਹਿਯੋਗ ਨਾਲ ਕਰਵਾਏ ਗਏ ਇਕ-ਰੋਜ਼ਾ ਬਹੁ-ਅਨੁਸ਼ਾਸਨੀ ਰਾਸ਼ਟਰੀ ਸੈਮੀਨਾਰ। | 16 ਅਪ੍ਰੈਲ, 2022 ਨੂੰ ਪ੍ਰਸਤੁਤ ਕੀਤਾ ਗਿਆ ਸੀ। |